
ਮਹਾਨ ਸ਼ਖਸੀਅਤ

# ਸੰਤ ਜਰਨੈਲ ਸਿੰਘ ਖਾਲਸਾ

# ਭਿੰਡਰਾਂ ਵਾਲੇ



"ਮੈਂ ਬੰਬ ਬਣਾਉਂਦਾ ਹਾਂ -
ਹਰ ਅੰਮ੍ਰਿਤਧਾਰੀ ਇਕੱਲਾ ਇਕੱਲਾ ਬੰਬ ਹੈ"

www.PunjabiLibrary.com - ਭਿੰਡਰਾਂਵਾਲਾ

Prof Dr. Harnam Singh Shan
Principal Project Investigator
U G C. Research Project on Sikhism
605, Sector 16, Chandigarh

Digitized by Panjab Digital Library | www.panjabdigilib.org

www.chamanar.blogspot.in

# ਮਹਾਨ ਹਸਤੀ
# ਸੰਤ ਜਰਨੈਲ ਸਿੰਘ ਖਾਲਸਾ
# ਭਿੰਡਰਾਂਵਾਲੇ

ਸੰਪਾਦਕ
ਤਾਰਾ ਸਿੰਘ ਹੇਅਰ
ਐਡੀਟਰ : ਇੰਡੋ - ਕਨੇਡੀਅਨ ਟਾਇਮਜ਼
(604)873-3592

Distributor:
International Sikh Centre
45 Kingsway, Ste. No. 10
Vancouver, B.C.
Canada. V5T 3H7
Phone (604)874-7744

ਪ੍ਰਕਾਸ਼ਕ:

ਇੰਡੋ - ਕਨੇਡੀਅਨ ਪਬਲਿਸ਼ਰਜ਼
14768 Halstead Place, Surrey, B.C.
Canada. V3R 6S5.

www.chamanar.blogspot.in

Digitized by Panjab Digital Library | www.panjabdigilib.org

## ਸਮਰਪਤ

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੂੰ,
ਜਿਨ੍ਹਾਂ ਸਿੱਖ ਕੌਮ ਦੀ ਗ਼ੈਰਤ ਮੁੜ ਚਮਕਾ ਦਿੱਤੀ
ਅਤੇ
ਉਨ੍ਹਾਂ ਮਹਾਨ ਸ਼ਹੀਦਾਂ ਨੂੰ, ਜਿਨ੍ਹਾਂ ਧਰਮ ਅਸਥਾਨਾਂ ਦੀ ਪਵਿੱਤ੍ਰਤਾ ਕਾਇਮ
ਰੱਖਣ ਖਾਤਰ ਜਾਨਾਂ ਕੁਰਬਾਨ ਕਰ ਦਿੱਤੀਆਂ

23 ਸਤੰਬਰ, 1984

www.cheemanoor.blogspot.in

## ਬੇਨਤੀ

ਇਸ ਕਿਤਾਬ ਦਾ ਨਾਂ ਪਹਿਲਾਂ 'ਅਮਰ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ' ਸੀ, ਪਰ ਕਿਉਂਕਿ ਸੰਤਾਂ ਦੀ ਸ਼ਹਾਦਤ ਪ੍ਰਤੀ ਇਸ ਸਮੇਂ ਵਾਦ ਵਿਵਾਦ ਚੱਲਿਆ ਹੋਇਆ ਹੈ, ਇਸ ਲਈ ਇਸ ਦਾ ਹੁਣ ਵਾਲਾ ਨਾਂ ਬਦਲ ਦਿੱਤਾ ਹੈ - ਸੰਪਾਦਕ

www.cheemanoor.blogspot.in
www.cheemanoor.blogspot.in

Digitized by Panjab Digital Library | www.panjabdigilib.org

# ਪ੍ਰਵੇਸ਼ਕਾ

ਸੰਤ ਭਿੰਡਰਾਂ ਦੀ ਜੀਵਨੀ ਸੰਬੰਧੀ ਸੰਪਾਦਕ ਕੀਤੀ ਇਹ ਪੁਸਤਕ ਸੰਤਾਂ ਪ੍ਰਤੀ ਸਿੱਖ ਕੌਮ ਨੂੰ ਸ਼ਰਧਾਂਜਲੀ ਵਜੋਂ ਅਰਪਨ ਹੈ। ਹਰਿਮੰਦਰ ਸਾਹਿਬ ਤੇ ਭਾਰਤੀ ਸਰਕਾਰ ਨੇ ਹਮਲਾ ਕਰਕੇ ਅਕਾਲ ਤਖਤ ਦੀ ਜੋ ਬੇਅਦਬੀ ਕੀਤੀ ਹੈ, ਉਸ ਨੂੰ ਸਿੱਖ ਕੌਮ ਪੀੜ੍ਹੀ ਦਰ ਪੀੜ੍ਹੀ ਯਾਦ ਰੱਖੇਗੀ। ਇਸ ਕੌਮ ਦੇ ਇਸ ਅਤੀ ਦੁੱਖ ਭਰੇ ਕਾਂਢ ਸਮੇਂ ਸਮੁੱਚੇ ਹਿੰਦੁਸਤਾਨ ਦੀ ਕਿਸੇ ਵੀ ਰਾਜਨੀਤਕ ਪਾਰਟੀ ਜਾਂ ਕਿਸੇ ਸਿੱਖ ਨੇ ਸਿੱਖਾਂ ਦੇ ਜ਼ਖਮਾਂ ਤੇ ਮਰ੍ਹਮ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿਚ ਸੰਤ ਭਿੰਡਰਾਂ ਦੀ ਸ਼ਹਾਦਤ ਤੋਂ ਖੁਸ਼ ਹੋ ਕੇ ਗ਼ੈਰ - ਸਿੱਖਾਂ ਨੇ ਲੱਡੂ ਵੰਡ ਕੇ ਸਿੱਖਾਂ ਦੇ ਜ਼ਖਮਾਂ 'ਤੇ ਨਿਮਕ ਤਾਂ ਜ਼ਰੂਰ ਛਿੜਕ ਦਿੱਤਾ।

ਇਸ ਹਮਲੇ ਨਾਲ ਜਿੱਥੇ ਹਿੰਦੁਸਤਾਨ ਦੀ ਸਰਕਾਰ, ਜਿਸ ਵਿਚ ਮਹਾਸ਼ਾ ਜ਼ਹਿਨੀਅਤ ਭਾਰੂ ਹੋ ਗਈ ਹੈ, ਨੇ ਇਕ ਸੰਗੀਨ ਗ਼ਲਤੀ ਕਰਕੇ ਹਿੰਦੁਸਤਾਨ ਦੇ ਟੁਕੜੇ ਕਰਨ ਦੀ ਨੀਂਹ ਰੱਖ ਦਿੱਤੀ ਹੈ, ਉਥੇ ਖਾਲਸਾ ਕੌਮ ਦੇ ਸੁੱਤੇ ਪਏ ਲੀਡਰਾਂ ਤੇ ਸਮੁੱਚੀ ਸਿੱਖ ਕੌਮ ਨੂੰ ਹਲੂਣ ਕੇ ਜਗਾ ਦਿੱਤਾ ਹੈ। ਅੱਜ ਹਰ ਸਿੱਖ ਦੀ ਜ਼ਬਾਨ ਤੇ 'ਰਾਜ ਬਿਨਾ ਨਹੀਂ ਧਰਮ ਚਲੇ ਹੈਂ' ਆ ਗਿਆ ਹੈ।

ਜਿਸ ਮਹਾਨ ਸ਼ਖਸੀਅਤ ਨੇ ਕੌਮ ਵਿਚ ਇਹ ਜਾਗਰਤੀ ਪੈਦਾ ਕੀਤੀ ਹੈ, ਉਹ ਹਨ ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲੇ।

2 ਜੂਨ ਤੋਂ ਲੈ ਕੇ 6 ਜੂਨ ਸਵੇਰੇ 10:20 ਵਜੇ ਤੱਕ ਹਰਿਮੰਦਰ ਸਾਹਿਬ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਜਿਸ ਤਰ੍ਹਾਂ ਮੁੱਠੀ ਭਰ ਸਿੰਘਾਂ ਨੇ ਭਾਰਤ ਦੀ ਸਰਕਾਰ ਦੀ ਤਿੰਨ ਲੱਖ ਫੌਜ ਨਾਲ ਲੋਹਾ ਲਿਆ, ਉਸ ਦੀ ਮਿਸਾਲ ਸਿੱਖ ਜਗਤ ਵਿਚ ਤਾਂ ਪਹਿਲਾਂ ਵੀ ਮਿਲਦੀ ਹੈ ਪਰ ਵਿਸ਼ਵ ਦੀ ਕਿਸੇ ਵੀ ਕੌਮ ਨੇ ਇਸ ਤਰ੍ਹਾਂ ਦਾ ਕ੍ਰਿਸ਼ਮਾ ਕਦੇ ਨਹੀਂ ਦਿਖਾਇਆ ਪੰਜਾਬ ਭਰ ਵਿਚ ਹਿੰਦੁਸਤਾਨ ਦੀ ਸਰਕਾਰ ਨੇ ਤਿੰਨ ਲੱਖ ਫੌਜ ਭੇਜੀ ਹੋਈ ਸੀ, ਜਿਸ ਨੇ 1 ਜੂਨ ਤੋਂ ਹੀ ਪੰਜਾਬ ਦੇ ਹਰ ਕਸਬੇ ਅਤੇ ਸ਼ਹਿਰ ਦੇ ਇਰਦ ਗਿਰਦ ਘੇਰਾ ਪਾ ਲਿਆ ਸੀ। ਇਥੋਂ ਤੱਕ ਕਿ, ਛੋਟੇ ਛੋਟੇ ਪਿੰਡਾਂ ਦੇ ਇਰਦ ਗਿਰਦ ਵੀ ਫੌਜ ਦੇ ਦਸਤੇ ਤਾਇਨਾਤ ਕਰ ਦਿੱਤੇ ਗਏ ਸਨ। ਤਿੰਨ ਲੱਖ ਫੌਜ ਤੋਂ ਬਿਨਾ 150 ਬਟਾਲੀਅਨਾਂ ਸਰਹੱਦੀ ਸੁਰੱਖਿਆ ਸੈਨਾ ਤੇ ਕੇਂਦਰੀ ਰੀਜ਼ਰਵ ਪੁਲਿਸ ਦੀਆਂ ਵੀ ਪੰਜਾਬ ਵਿਚ ਮੌਜੂਦ ਸਨ। ਜੇ ਪੰਜਾਬ ਪੁਲਿਸ ਦੀ ਗਿਣਤੀ ਵੀ ਵਿਚ ਪਾ ਲਈ ਜਾਵੇ ਤਾਂ 5 ਲੱਖ ਤੋਂ ਵੱਧ ਫੌਜ ਤੇ ਪੁਲਿਸ ਪੰਜਾਬ ਵਿਚ ਮੌਜੂਦ ਸੀ ਅਤੇ ਸੰਤ ਭਿੰਡਰਾਂ ਦੇ ਜਥੇ ਦੇ ਕੇਵਲ 251 ਸਿੰਘ ਸ੍ਰੀ ਅਕਾਲ ਤਖਤ ਸਾਹਿਬ ਵਿਚ ਮੌਜੂਦ ਸਨ। 20 - 25 ਦੇ ਕਰੀਬ ਸਿੰਘ ਬਬਰ ਖਾਲਸੇ ਦੇ ਅਤੇ 10 ਅਕਾਲੀ ਜਥੇਬੰਦੀ ਦੇ ਸਨ। ਅੰਮ੍ਰਿਤਸਰ ਸ਼ਹਿਰ ਵਿਚ 50 ਹਜ਼ਾਰ ਦੇ ਕਰੀਬ ਫੌਜ ਤਾਇਨਾਤ ਕੀਤੀ ਹੋਈ ਸੀ ਅਤੇ ਇਰਦ ਗਿਰਦ ਦੇ ਸ਼ਹਿਰਾਂ ਵਿਚ 50 ਹਜ਼ਾਰ ਹੋਰ ਫੌਜ ਨੇ ਸਾਰਾ ਇਲਾਕਾ ਘੇਰਿਆ ਹੋਇਆ ਸੀ। ਭਾਰਤੀ ਫੌਜ ਦੀ 25 ਹਜ਼ਾਰ ਦੀ ਭਾਰੀ ਨਫਰੀ ਤੋਪਾਂ, ਟੈਂਕਾਂ ਤੇ ਆਰਮਡ ਕਾਰਾਂ, ਨਾਲ ਲੈਸ ਹੋ ਕੇ ਹਰਿਮੰਦਰ ਸਾਹਿਬ ਤੇ ਹਮਲਾ ਕੀਤਾ। ਇਸ ਦੀ ਕਮਾਂਡ ਭਾਵੇਂ ਇਕ ਡਵੀਜ਼ਨ ਕਮਾਂਡਰ ਮਿਸਟਰ ਕੇ. ਐਸ. ਬਰਾੜ ਕੋਲ ਸੀ ਪਰ ਇਸ ਦੀ ਨਫਰੀ ਢਾਈ ਡਵੀਜ਼ਨਾਂ ਦੇ ਬਰਾਬਰ ਸੀ।



www.chaminoor.blogspot.in

Digitized by Panjab Digital Library | www.panjabdigilib.org

ਮਨਜੀਤ ਸਿੰਘ ਘੈਰਾ, ਐਡਵੋਕੇਟ ਦੇ ਬਿਆਨ ਅਨੁਸਾਰ 9 ਹਜ਼ਾਰ ਦੇ ਕਰੀਬ ਜੋੜੇ, ਹਰਿਮੰਦਰ ਸਾਹਿਬ ਦੇ ਜੋੜੇਖਾਨਾ ਵਿਚ ਪਏ ਹਨ, ਜਿਸ ਦਾ ਭਾਵ ਹੈ ਕਿ ਹਰਿਮੰਦਰ ਸਾਹਿਬ ਦੇ ਇਹਾਤੇ ਵਿਚ ਘੱਟੋ ਘੱਟ 15000 ਦੇ ਕਰੀਬ ਸਿੰਘ ਸ਼ਹੀਦ ਕੀਤੇ ਗਏ ਹਨ, ਕਿਉਂਕਿ ਜੋ ਸਿੰਘ ਸਥਾਈ ਤੌਰ ਤੇ ਉਥੇ ਰਹਿੰਦੇ ਸਨ, ਉਨ੍ਹਾਂ ਦੇ ਜੋੜੇ ਜੋੜਾ - ਖਾਨੇ ਵਿਚ ਨਹੀਂ ਹੁੰਦੇ। ਗੁਰੂ ਰਾਮਦਾਸ ਸਰਾਂ ਤੇ ਨਾਨਕ ਨਿਵਾਸ ਵਿਚ ਰਹਿਣ ਵਾਲੇ ਗਿਣ ਕੇ 16-17 ਹਜ਼ਾਰ ਲੋਕ ਸਨ। ਇੰਨੀ ਵੱਡੀ ਗਿਣਤੀ ਵਿਚ ਕੌਮ ਨੂੰ ਕੁਰਬਾਨੀ ਲਈ ਤਿਆਰ ਕਰਨਾ, ਭਿੰਡਰਾਂਵਾਲੇ ਵਰਗੇ ਮਹਾਨ ਆਗੂ ਦੀ ਹੀ ਦੇਣ ਹੈ।

ਕੌਮ ਦੇ ਵਿਚ ਖਾਲਸਾਈ ਸ਼ਾਨ ਭਰਨ ਵਾਲੇ ਇਸ ਮਹਾਨ ਲੀਡਰ ਦੀ ਜ਼ਿੰਦਗੀ ਬਾਰੇ ਜਾਣਕਾਰੀ ਦੇਣਾ ਇਸ ਸਮੇਂ ਅਤੀ ਜ਼ਰੂਰੀ ਹੈ। ਜੇ ਕੌਮ ਨੇ ਸਿੱਖ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਣਾ ਹੈ ਤੇ ਅਜ਼ਾਦੀ ਪ੍ਰਾਪਤ ਕਰਨੀ ਹੈ ਤਾਂ ਨਿਰੇ ਨਾਹਰਿਆਂ, ਜੈਕਾਰਿਆਂ ਤੇ ਜੋਸ਼ ਨੇ ਹੀ ਕੰਮ ਨਹੀਂ ਦੇਣਾ। ਗੰਭੀਰਤਾ ਨਾਲ ਆਪਣੇ ਨਾਲ ਹੋਏ ਅਨਿਆਂ ਅਤੇ ਉਸ ਦੇ ਹੱਲ ਬਾਰੇ ਪੜ੍ਹਨਾ ਵੀ ਅਤੀ ਜ਼ਰੂਰੀ ਹੈ।

ਭਿੰਡਰਾਂਵਾਲਿਆਂ ਪ੍ਰਤੀ ਜੋ ਕਿਤਾਬਾਂ ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ, ਉਨ੍ਹਾਂ ਵਿਚ ਅਗਸਤ 1983 ਤੋਂ ਜੂਨ 1984 ਤੱਕ ਦਾ ਸੰਤਾਂ ਦੀ ਜ਼ਿੰਦਗੀ ਵਿਚ ਜੋ ਅਤੀ ਮਹੱਤਵਪੂਰਨ ਸਮਾਂ ਸੀ, ਉਸ ਵਿਚ ਉਹ ਨਹੀਂ ਸੀ।

ਇਸ ਪੁਸਤਕ ਵਿਚ ਭਿੰਡਰਾਂਵਾਲੇ ਸੰਤਾਂ ਦੇ ਸਮੂਹਕ ਰੂਪ ਤੋਂ ਇਲਾਵਾ ਜੂਨ 1983 ਤੋਂ 6 ਜੂਨ 1984 ਤੱਕ ਦੀਆਂ ਘਟਨਾਵਾਂ ਵੀ ਹਨ ਕਿਉਂਕਿ ਸੰਤਾਂ ਬਾਰੇ ਪਹਿਲਾਂ ਲਿਖੀਆਂ ਪੁਸਤਕਾਂ ਆਪਣੇ ਆਪ ਵਿਚ ਤਾਂ ਭਾਵੇਂ ਸਪੂੰਰਨ ਹਨ ਪਰ ਸਮੂਹਕ ਰੂਪ ਵਿਚ ਕਈ ਜ਼ਰੂਰੀ ਜਾਣਕਾਰੀ ਤੋਂ ਊਣੀਆਂ ਹੋਣ ਕਾਰਨ ਲੋਕਾਂ ਨੂੰ ਜਾਣਕਾਰੀ ਦੇਣ ਤੇ ਕੌਮ ਨੂੰ ਲੰਮੇ ਸੰਘਰਸ਼ ਲਈ ਮਾਨਸਿਕ ਤੌਰ ਤੇ ਤਿਆਰ ਕਰਨ ਦੀ ਆਸ਼ਾ ਨਾਲ ਇਸ ਜਾਣਕਾਰੀ ਦਾ ਹੋਣਾ ਬਹੁਤ ਹੀ ਜ਼ਰੂਰੀ ਹੈ।

ਮੇਰੀ ਹਰ ਸਿੱਖ ਸਾਹਮਣੇ ਇਹ ਬੇਨਤੀ ਹੈ ਕਿ ਇਹ ਪੁਸਤਕ ਹਰ ਸੂਝਵਾਨ ਸਿੱਖ ਪਾਸ ਪੁੱਜਦੀ ਕਰੋ ਤਾਕਿ ਉਸ ਵਿਚ ਜਾਗਰਤੀ ਪੈਦਾ ਹੋ ਸਕੇ।

ਇਸ ਪੁਸਤਕ ਦਾ ਭਾਰਤ ਵਿਚ ਛਪਣਾ ਸੰਭਵ ਨਹੀਂ ਹੈ ਕਿਉਂਕਿ ਜਿਸ ਸਰਕਾਰ ਨੇ ਭਿੰਡਰਾਂਵਾਲਿਆਂ ਦੀਆਂ ਟੇਪਾਂ ਅਤੇ ਫੋਟੋਆਂ ਤੇ ਬੈਨ ਲਾ ਦਿੱਤਾ ਹੈ, ਉਹ ਕਿਤਾਬ ਕਿੱਥੋਂ ਛਪਣ ਦੇਣਗੇ? ਮੈਂ ਆਪਣੇ ਤਿੰਨਾਂ ਦੋਸਤਾਂ ਸਤਿੰਦਰਪਾਲ ਸਿੰਘ ਕਪੂਰ, ਸੁਰਜੀਤ ਜਾਲੰਧਰੀ ਤੇ ਹਰਵਿੰਦਰ ਸਿੰਘ ਖਾਲਸਾ ਦਾ ਅਤੀ ਧੰਨਵਾਦੀ ਹਾਂ, ਜੋ ਇਨ੍ਹਾਂ ਦੀ ਮਹਾਨ ਕਲਮ ਦੀ ਉਤਪਤੀ ਕੌਮ ਵਿਚ ਜਾਗਰਤੀ ਪੈਦਾ ਕਰਨ ਲਈ ਵਰਤੀ ਗਈ ਹੈ।

ਲਾਗਤ ਕੀਮਤ ਤੇ ਕੌਮ ਦੇ ਹਰ ਘਰ ਵਿਚ ਇਹ ਕਿਤਾਬ ਪਹੁੰਚਾਉਣ ਲਈ ਜੋ ਪ੍ਰੇਮੀ ਸਾਡਾ ਹੱਥ ਵਟਾਉਣ, ਉਨ੍ਹਾ ਦਾ ਅਤੀ ਧੰਨਵਾਦੀ ਹੋਵਾਂਗਾ।

ਸੰਤ ਭਿੰਡਰਾਂ ਨੂੰ ਸੱਚੀ ਸ਼ਰਧਾਂਜਲੀ, ਉਨ੍ਹਾਂ ਦੇ ਅਸੂਲਾਂ ਤੇ ਚੱਲਣਾ ਹੈ ਅਤੇ ਉਨ੍ਹਾਂ ਨੇ ਕੌਮ ਨੂੰ ਜੋ ਰਾਹ ਦਿਖਾਇਆ ਹੈ, ਉਸ 'ਤੇ ਚੱਲਦਿਆਂ ਉਸ ਨੂੰ ਪੂਰਾ ਕਰਨਾ ਹੈ। ਇਸ ਕੰਮ ਲਈ ਉਨ੍ਹਾਂ ਦੀ ਜੀਵਨੀ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ।



www.chamanan.blogspot.in

Digitized by Panjab Digital Library | www.panjabdigilib.org

## ਭੁਲੇਖਾ!

ਸੰਤਾਂ ਨੂੰ ਪ੍ਰੈਸ ਵਿਚ ਹਿੰਦੂਆਂ ਦੇ ਖਿਲਾਫ ਦਰਸਾਇਆ ਗਿਆ ਹੈ ਪਰ ਉਨ੍ਹਾਂ ਦੇ ਭਾਸ਼ਨਾਂ ਦੀਆਂ ਟੇਪਾਂ ਸੁਣਨ ਪਿੱਛੋਂ ਅਸਲੀਅਤ ਇਹ ਜਾਪਦੀ ਹੈ ਕਿ, ਉਹ ਕਿਸੇ ਦੇ ਖਿਲਾਫ ਨਹੀਂ ਸਨ ।

## ਧੰਨਵਾਦ


ਇਸ ਕਿਤਾਬ ਨੂੰ ਸੰਗਤਾਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਇੰਟਰਨੈਸ਼ਨਲ ਸਿੱਖ ਸੈਂਟਰ ਨੇ ਲਈ ਹੈ । ਜਿਸ ਕਰਕੇ ਮੈਂ ਉਨ੍ਹਾਂ ਦਾ ਅਤੀ ਧਨਵਾਦੀ ਹਾਂ ।

ਇਸ ਦੇ ਨਾਲ ਨਾਲ ਹੀ ਮੈਂ ਇਸ ਮਹਾਨ ਕਾਰਜ ਨੂੰ ਪੂਰਾ ਨਾ ਕਰ ਸਕਦਾ, ਜੇ ਮੈਨੂੰ ਅਨੇਕਾਂ ਦੋਸਤਾਂ ਤੇ ਸੰਸਥਾਵਾਂ ਦੇ ਸਹਿਯੋਗ ਦਾ ਭਰੋਸਾ ਨਾ ਹੁੰਦਾ ।



ਤਾਰਾ ਸਿੰਘ ਹੇਅਰ


ਐਡੀਟਰ 'ਇੰਡੋ - ਕਨੇਡੀਅਨ ਟਾਇਮਜ਼'

ਵੈਨਕੂਵਰ - ਬੀ. ਸੀ.

ਫੋਨ ਨੰਬਰ (604)873-3592

#6-45 Kingsway, Vancouver, B.C.


Canada. V5T 3H7.



Digitized by Panjab Digital Library | www.panjabdigilib.org

www.chaamanaan.blogspot.in



## ਭੂਮਿਕਾ

# ਮੋਹੇ ਮਰਨੇ ਕਾ ਚਾਉ ਹੈ ਮਰਉ ਤੇ ਹਰਿ ਕੇ ਦੁਆਰ

"ਸੰਤ ਸ਼ਹੀਦ ਜਰਨੈਲ ਸਿੰਘ ਭਿੰਡਰਾਂਵਾਲੇ" ਸੰਬੰਧੀ ਹੁਣ ਤੱਕ ਪ੍ਰਕਾਸ਼ਤ ਹੋਈ ਇਹ ਚੌਥੀ ਪੁਸਤਕ ਹੈ, ਜਿਸ ਦੀ ਸੰਪਾਦਨਾ ਸਿੱਖ - ਜਗਤ ਦੇ ਸਿਧਾਂਤਾਂ ਤੇ ਹਿੱਤਾਂ ਨਾਲ ਵਚਨ - ਬੱਧ ਕੈਨੇਡਾ ਦੇ ਪ੍ਰਸਿੱਧ ਅਤੇ ਸਿਰਮੌਰ ਪੱਤਰਕਾਰ ਸਰਦਾਰ ਤਾਰਾ ਸਿੰਘ ਹੇਅਰ ਨੇ ਕੀਤੀ ਹੈ।

ਇਸ ਤੋਂ ਪਹਿਲਾਂ ਸਤਿੰਦਰਪਾਲ ਸਿੰਘ ਕਪੂਰ ਦੀ 'ਸੰਤ ਭਿੰਡਰਾਂਵਾਲੇ', ਸੁਰਜੀਤ ਜਲੰਧਰੀ ਦੀ 'ਭਿੰਡਰਾਂਵਾਲੇ ਸੰਤ' ਅਤੇ ਹਰਵਿੰਦਰ ਸਿੰਘ ਖਾਲਸਾ ਦੀ 'ਕਾਂਗਰਸ ਬਨਾਮ ਅਤਿਵਾਦ ਬਨਾਮ ਧਰਮ ਯੁੱਧ' ਪੁਸਤਕਾਂ ਛਪ ਚੁੱਕੀਆਂ ਹਨ । ਇਹ ਤਿੰਨੇ ਪੁਸਤਕਾਂ ਅਗਸਤ, 1983 ਤੱਕ ਦੇ ਸਮੇਂ ਨੂੰ ਨਜਿੱਠਦੀਆਂ ਹਨ ।

ਹਥਲੀ ਪੁਸਤਕ ਦੀ ਸੰਪਾਦਨਾ ਵਿਉਂਤਣ ਸਮੇਂ ਤਾਰਾ ਸਿੰਘ ਹੇਅਰ ਨੇ ਜਿੱਥੇ ਇਸ ਵਿਚ ਉਪ੍ਰੋਕਤ ਤਿੰਨੇ ਪੁਸਤਕਾਂ ਸ਼ਾਮਲ ਕਰ ਲਈਆਂ ਹਨ, ਉਥੇ ਹਰਿਮੰਦਰ ਦੇ ਘੱਲੂਘਾਰੇ ਤੇ ਸੰਤ ਭਿੰਡਰਾਂਵਾਲੇ ਦੀ ਸ਼ਹੀਦੀ ਅਤੇ ਉਸ ਉਪ੍ਰੰਤ ਉਪਜੇ ਪ੍ਰਤੀਕਰਮਾਂ ਤੱਕ ਦੇ (ਅੱਜ ਤੱਕ ਦੇ) ਸਮੇਂ ਨੂੰ ਨਜਿੱਠਣ ਲਈ, ਆਪਣੀਆਂ ਲਿਖਤਾਂ ਨੂੰ ਵੀ ਸੰਮਿਲਤ ਕਰ ਲਿਆ ਹੈ ।

ਹੇਅਰ ਅਨੁਸਾਰ ਉਸਦੀਆਂ ਆਪਣੀਆਂ ਲਿਖਤਾਂ ਦਾ ਆਧਾਰ ਸੰਤ ਸ਼ਹੀਦ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਟੇਪਾਂ ਵਿਚ ਰੀਕਾਰਡ ਕੀਤੇ ਉਨ੍ਹਾਂ ਦੇ ਭਾਸ਼ਣ ਤੇ ਧਰਮ ਪਰਚਾਰ, ਅਖਬਾਰਾਂ ਵਿਚ ਛਪੇ ਇੰਟਰਵਿਊ ਤੇ ਬਿਆਨ, ਜਨਰਲ ਬ੍ਰੂਲਰ ਦੀ 'The Betrayal of the Sikhs' ਅਤੇ ਅਖਬਾਰਾਂ, ਰਸਾਲਿਆਂ ਵਿਚ ਛਪੇ ਹੋਰ ਵਿਦਵਾਨਾਂ, ਸਾਹਿਤਕਾਰਾਂ, ਖੋਜੀਆਂ, ਪੱਤਰਕਾਰਾਂ ਅਤੇ ਇਤਿਹਾਸਕਾਰਾਂ ਦੇ ਲੇਖ ਆਦਿ ਹਨ ।

ਉਤਰੀ ਅਮਰੀਕਾ ਦੇ ਸਿਰਮੌਰ ਸਪਤਾਹਕ ਪੰਜਾਬੀ ਸਮਾਚਾਰ ਪੱਤਰ 'ਇੰਡੋ - ਕਨੇਡੀਅਨ ਟਾਇਮਜ਼', ਜਿਸ ਦਾ ਉਹ ਮਾਲਕ ਅਤੇ ਸੰਪਾਦਕ ਹੈ, ਵਿਚ ਉਪ੍ਰੋਕਤ ਸੋਮਿਆਂ ਤੋਂ ਪ੍ਰਾਪਤ ਤੱਥਾਂ ਦੇ ਆਧਾਰ ਤੇ ਲਿਖੇ ਆਪਣੇ ਸੰਪਾਦਕੀ ਵੀ ਉਸ ਨੇ ਏਸ ਪੁਸਤਕ ਵਿਚ ਸ਼ਾਮਿਲ ਕਰ ਲਏ ਤਾਂਕਿ ਸਮਕਾਲੀ ਇਤਿਹਾਸ ਦੀ ਪੇਸ਼ਕਾਰੀ ਵਿਚ ਉਸਦਾ ਆਪਣਾ ਦ੍ਰਿਸ਼ਟੀਕੋਨ ਤੇ ਮੱਤ ਵੀ ਪ੍ਰਸਤੁਤ ਹੋ ਸਕੇ । ਇਸ ਤਰ੍ਹਾਂ ਇਹ ਪੁਸਤਕ ਜਿਥੇ ਸੰਤ ਸ਼ਹੀਦ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜਨਮ ਸਮੇਂ ਤੋਂ ਲੈ ਕੇ ਉਨ੍ਹਾਂ ਦੀ ਸ਼ਹਾਦਤ ਤੱਕ ਦੇ ਸਮੇਂ ਨਾਲ ਦੋ ਚਾਰ ਹੁੰਦੀ ਹੈ, ਉਥੇ ਉਨ੍ਹਾਂ ਦੇ ਸਿਧਾਂਤ, ਪਰਚਾਰ, ਸੰਕਲਪ, ਕਥਨ, ਕਰਮ, ਪ੍ਰਾਪਤੀ ਅਤੇ ਕਾਰਜ - ਪ੍ਰਣਾਲੀ ਦੀ ਦਿਸ਼ਾ ਤੇ ਆਧਾਰ ਦੀ ਗਤੀ ਵਿਧੀ ਨੂੰ ਵੀ, ਭਾਰਤ ਦੀ ਕੇਂਦਰੀ ਸਰਕਾਰ ਦੀ ਰਾਜਨੀਤੀ ਦੇ ਪ੍ਰਸੰਗ ਵਿਚ, ਪੰਜਾਬ ਦੇ ਸਮਕਾਲੀ ਤੇ ਰਾਜਨੀਤਕ ਇਤਿਹਾਸ ਦੁਆਰਾ, ਪ੍ਰਸਤੁਤ ਕਰਦੀ ਹੋਈ ਇਕ ਮਹੱਤਵਪੂਰਨ ਇਤਿਹਾਸਿਕ ਦਸਤਾਵੇਜ਼ ਹੋ ਨਿਬੜਦੀ ਹੈ ।

ਸਮਸਾਮਿਅਕ ਇਤਿਹਾਸ ਦੀ ਰਚਨਾ ਕਰਨੀ ਅਤੇ ਇਸ ਨੂੰ ਟਕਸਾਲੀ ਰੂਪ ਦੇਣਾ, ਤੇ ਉਹ ਵੀ ਨਿਰਪੱਖ ਰੂਪ ਵਿਚ, ਇਕ ਬੜਾ ਹੀ ਮੁਸ਼ਕਿਲ ਕੰਮ ਹੈ । ਤੱਥਾਂ ਦੀ ਪੁਣ ਛਾਣ ਕਰਕੇ ਵਿਆਪਕ ਇਤਿਹਾਸਿਕ ਸਿੱਟੇ ਸਥਾਪਤ ਕਰਦੇ ਸਮੇਂ ਸਹਿਵਨ ਹੀ ਅਚੇਤ, ਸੁਚੇਤ ਜਾਂ



Digitized by Panjab Digital Library | www.panjabdigilib.org

ਨਿਮਨਚੇਤ ਰੂਪ ਵਿਚ ਲੇਖਕ ਇਨ੍ਹਾਂ ਨੂੰ ਆਪਣੇ ਨਜ਼ਰੀਏ ਤੇ ਆਪਣੀ ਨਿੱਜੀ ਰਾਏ ਦੀ ਰੰਗਣ ਵੀ ਦੇ ਜਾਂਦਾ ਹੈ ਤੇ ਜਦੋਂ ਅਜਿਹਾ ਇਤਿਹਾਸ ਵੇਲੇ ਦੀਆਂ ਮਹਾਨ ਪ੍ਰਭਾਵਸ਼ਾਲੀ ਅਤੇ ਹੋਰ ਮਹੱਤਵਪੂਰਨ ਸੱਤਾਧਾਰੀ ਸ਼ਖਸੀਅਤਾਂ ਨਾਲ ਸੰਬੰਧਤ ਹੋਵੇ, ਤਾਂ ਲੇਖਕ ਲਈ ਸੱਚ ਦੀ ਪਹਿਚਾਣ ਅਤੇ ਉਸ ਦਾ ਪ੍ਰਸੰਗਕ ਪ੍ਰਸਤੁਤੀਕਰਨ ਹੋਰ ਵੀ ਵਧੇਰੇ ਕਠਨ ਹੋ ਜਾਂਦਾ ਹੈ। ਏਥੇ ਤਾਂ ਗੱਲ ਹੋਰ ਵੀ ਵਧੇਰੇ ਕਠਨ ਹੈ, ਕਿਉਂਕਿ ਹਰਿਮੰਦਰ ਦੇ ਸਾਕੇ ਉਪ੍ਰੰਤ ਪ੍ਰਾਪਤ ਤੱਥ ਆਪਣੇ ਆਪ ਵਿਚ ਅਧੂਰੇ, ਇਕ ਪੱਖੀ ਅਤੇ ਬਹੁਤ ਵਾਰੀ ਇਕ ਹੀ ਇਕਾਂਗਿਕ ਨਜ਼ਰੀਏ ਦਾ ਸੈਂਸਰਬੱਧ ਪਰਚਾਰ ਹੀ ਹੋ ਨਿੱਬੜਦੇ ਹਨ।

ਫਿਰ ਵੀ ਇਹ ਜਰੂਰੀ ਹੈ ਕਿ ਇਨ੍ਹਾਂ ਤੱਤਕਾਲੀਨ ਪ੍ਰਭਾਵਾਂ ਵਿਚ ਰੰਗੀ ਇਤਿਹਾਸਿਕ ਸਾਮਗਰੀ ਦੀ ਸੰਭਾਲ ਕੀਤੀ ਜਾਵੇ ਤਾਕਿ ਧੁੰਦ ਛਟਣ ਬਾਅਦ ਜਿੱਥੇ ਇਹ ਸੱਚ ਦੇ ਵਿਸ਼ਲੇਸ਼ਣ ਤੇ ਉਸ ਦੀ ਸਹੀ ਪਹਿਚਾਣ ਕਰਨ ਵਿਚ ਸਹਾਈ ਹੋਣ, ਉੱਥੇ ਭਵਿੱਖ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਲਈ ਵੀ ਇਹ ਯਥਾ ਯੋਗ ਧਰਾਤਲ ਤੇ ਲੋੜੀਂਦੀ ਸਾਮਗਰੀ ਮੁਹੱਈਆ ਕਰ ਸਕਣ।

ਸੰਤ ਭਿੰਡਰਾਂਵਾਲੇ ਦੀ ਸਮੁੱਚੀ ਸ਼ਖਸੀਅਤ ਨੂੰ ਸਮਕਾਲੀ ਪ੍ਰਸੰਗ ਵਿਚ ਵੇਖੀਏ ਤਾਂ ਤਿੰਨ ਕਿਸਮ ਦੇ ਨਿੱਖੜਵੇਂ ਪ੍ਰਭਾਵ ਉੱਘੜ ਕੇ ਸਾਹਮਣੇ ਆਉਂਦੇ ਹਨ। ਪਹਿਲਾ ਇਹ ਕਿ ਉਨ੍ਹਾਂ ਦਾ ਨਾਮ ਕਾਂਗਰਸ ਪਾਰਟੀ ਦੇ ਸ੍ਰੀ ਦਰਬਾਰਾ ਸਿੰਘ ਤੇ ਗਿਆਨੀ ਜ਼ੈਲ ਸਿੰਘ ਨਾਲ, ਅਕਾਲੀ ਪਾਰਟੀ ਦੇ ਸੰਤ ਲੌਂਗੋਵਾਲ ਤੇ ਗੁਰਚਰਨ ਸਿੰਘ ਟੌਹੜਾ ਨਾਲ, ਅਤੇ ਇਨ੍ਹਾਂ ਤੋਂ ਬਿਨਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਆਦਿ ਨਾਲ ਇਕ ਜਾਂ ਦੂਜੇ ਪ੍ਰਸੰਗ ਵਿਚ ਸੰਬੰਧਤ ਕੀਤਾ ਜਾਂਦਾ ਰਿਹਾ ਹੈ।

ਦੂਜਾ ਇਹ ਕਿ 'ਨਿਰੰਕਾਰੀ ਬਾਬੇ', ਲਾਲਾ ਜਗਤ ਨਾਰਾਇਣ ਤੇ ਪੰਜਾਬ ਵਿਚ ਵਾਪਰੀਆਂ ਹੋਰ ਹਿੰਸਾਤਮਕ ਘਟਨਾਵਾਂ ਦੇ ਪ੍ਰਸੰਗ ਵਿਚ ਉਨ੍ਹਾਂ ਨੂੰ ਅਤਿਵਾਦ ਨਾਲ ਜੋੜਿਆ ਗਿਆ ਹੈ।

ਤੀਜਾ ਪਹਿਲੂ ਜੋ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਨਿੱਖਰ ਕੇ ਸਾਹਮਣੇ ਆਇਆ ਹੈ, ਉਹ ਉਨ੍ਹਾਂ ਨੂੰ ਸੱਚੇ, ਸੁੱਚੇ, ਸੁਹਿਰਦ, ਕਹਿਣੀ ਤੇ ਕਰਨੀ ਦੇ ਪੂਰੇ, ਦ੍ਰਿੜ੍ਹ ਇਰਾਦੇ ਵਾਲੇ, ਅਣਖੀਲੇ, ਹੱਕਾਂ ਲਈ ਲੜਨ ਮਰਨ ਵਾਲੇ ਅਤੇ ਸਿੱਖ ਸਿਧਾਂਤਾਂ ਅਨੁਕੂਲ ਮਰਯਾਦਾ ਨਾਲ ਪੂਰਨ ਭਾਂਤ ਵਚਨਬੱਧ ਇਕ ਮਹੱਤਵਪੂਰਨ, ਧਾਰਮਿਕ ਤੇ ਚੇਤੰਨ ਸ਼ਖਸੀਅਤ ਅਤੇ ਇੰਜ ਇਕ ਯੁੱਗ - ਪੁਰਸ਼ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ। ਐਸੀ ਸ਼ਖਸੀਅਤ, ਜੋ ਚੁਫੇਰੇ ਦੇ ਵਿਸ਼ੈਲੇ ਰਾਜਨੀਤਕ ਮਾਹੌਲ ਦੇ ਅਣਮਨੁੱਖੀ ਵਤੀਰੇ, ਚੂਹੇ ਦੌੜ, ਸੱਤਾ - ਸੰਘਰਸ਼ ਅਤੇ ਲਾਈ ਬੁਝਾਈ ਦੇ ਸੁਆਰਥੀ ਕੂੜ ਪਾਸਾਰੇ ਤੋਂ ਨਿਰਲੇਪ ਰਹਿੰਦੀ ਹੋਈ ਸੱਚ, ਹੱਕ ਤੇ ਨਿਆਂ ਲਈ ਆਵਾਜ਼ ਬੁਲੰਦ ਕਰਕੇ - ਆਪਣੇ ਇਸੇ ਵਿਸ਼ਵਾਸ ਲਈ ਜੂਝ ਮਰਨ ਵਾਲੇ ਮਹਾਂਪੁਰਸ਼ ਵਿਚ ਕਾਇਆਕਲਪਤ ਹੋ ਜਾਂਦੀ ਹੈ।

ਆਪਣੇ ਜੀਵਨ - ਕਾਲ ਵਿਚ ਜਿੱਥੇ ਸੰਤ ਭਿੰਡਰਾਂਵਾਲੇ ਉਪ੍ਰੋਕਤ ਤੇ ਐਸੇ ਹੀ ਹੋਰ ਮਿਲੇ ਜੁਲੇ ਪ੍ਰਸੰਗਾਂ ਵਿਚ ਇਕ ਵਿਵਾਦ - ਗ੍ਰਸਿਤ ਹਸਤੀ ਦੇ ਰੂਪ ਵਿਚ ਇਕੋ ਸਮੇਂ ਆਪਣੇ ਹਿਮੈਤੀਆਂ, ਵਿਰੋਧੀਆਂ, ਦੋਖੀਆਂ ਤੇ ਨਿਰਦਲੀਆਂ ਦੇ ਧਿਆਨ ਦਾ ਕੇਂਦਰ ਬਣੇ ਰਹੇ, ਉਥੇ ਧਰਮ ਅਤੇ ਵਿਸ਼ਵਾਸ ਲਈ ਜੂਝ ਕੇ, ਉਨ੍ਹਾਂ ਨੇ ਆਪਣੀ ਜਾਨ ਵਾਰ ਕੇ ਆਪਣੇ ਆਪ ਨੂੰ ਇਤਿਹਾਸ ਵਿਚ ਇਕ ਸ਼ਹੀਦ ਦੇ ਰੂਪ ਵਿਚ ਸਥਾਪਤ ਕੀਤਾ ਅਤੇ ਸਮਕਾਲੀ ਬੁੱਧੀਵਾਨਾਂ, ਲੇਖਕਾਂ ਤੇ ਪੱਤਰਕਾਰਾਂ ਨੂੰ ਏਸ ਸੰਬੰਧ ਵਿਚ ਕਲਮ ਚੁੱਕਣ ਦੀ ਪ੍ਰੇਰਣਾ ਵੀ ਦਿੱਤੀ ਤਾਕਿ ਘੱਟਗਿਣਤੀਆਂ ਦੇ ਹੱਕਾਂ ਦੀ ਏਸ ਜੰਗ ਦਾ ਕਾਂਡ ਏਥੇ ਹੀ ਸਮਾਪਤ ਨਾਂ ਹੋ ਜਾਏ, ਸਗੋਂ



Digitized by Panjab Digital Library / www.panjabdigilib.org

ਦੁਨੀਆਂ ਦੇ ਹਰ ਦੇਸ਼ ਵਿਚ, ਹਰ ਸਮੇਂ ਜਾਰੀ ਰਹੇ ।

ਇਥੇ ਨਿਮਨ ਲਿਖਤ ਹਵਾਲੇ ਦੇਣੇ ਪ੍ਰਕਰਣ ਤੋਂ ਬਾਹਰੀ ਗੱਲ ਨਹੀਂ ਹੋਵੇਗੀ ।

1 "ਅਸਲ ਵਿਚ ਭ੍ਰਿਸ਼ਟ ਭਾਰਤ ਵਿਚ ਭਿੰਡਰਾਂਵਾਲੇ ਬੜੇ ਹੀ ਸਵੱਛ ਚਰਿੱਤਰ ਵਾਲਾ ਬੰਦਾ ਸੀ । ਉਹ ਗੁਰਮਤ ਦਾ ਗਿਆਤਾ ਹੀ ਨਹੀਂ ਸੀ, ਉਹ ਆਪਣੀ ਕਥਨੀ ਤੇ ਕਰਨੀ ਵਿਚ ਬੇਦਾਗ ਗੁਰਸਿੱਖ ਸੀ । ਉਹ ਬੋਲ ਤੋਲ ਵਿਚ ਪੂਰਾ ਅਤੇ ਉਹਦਾ ਚਰਿਤ੍ਰ ਕੁੰਦਨ ਵਰਗਾ ਖਰਾ ਸੀ । ਇਸ ਦੇ ਮੁਕਾਬਲੇ ਕਾਂਗਰਸੀ ਜਾਂ ਅਕਾਲੀ ਸਾਰੇ ਹੀ ਲੀਡਰਾਂ ਦੇ ਚਰਿਤਰ ਭ੍ਰਿਸ਼ਟ ਅਤੇ ਡਬਖੜੱਬੇ ਸਨ । ਉਹ ਗੁਰਦੁਆਰਿਆਂ ਦਾ ਕਬਜ਼ਾ ਚਾਹੁਣ ਜਾਂ ਸਰਕਾਰ ਦਾ, ਸੁਆਰਥ - ਸਿੱਧੀ, ਉਨ੍ਹਾਂ ਦਾ ਮੁਖ ਨਿਸ਼ਾਨਾ ਸੀ । ਸਿੱਟੇ ਵਜੋਂ ਲੋਕਾਂ ਵਿਚ ਭਿੰਡਰਾਂਵਾਲੇ ਦੀ ਚੜ੍ਹਤ ਹੁੰਦੀ ਗਈ ਤੇ ਹਰ ਰੰਗ ਦੇ ਅਕਾਲੀ ਅਤੇ ਕਾਂਗਰਸੀ ਉਨ੍ਹਾਂ ਤੋਂ ਤ੍ਰਹਿਣ ਲੱਗੇ । ਭਿੰਡਰਾਂਵਾਲੇ ਕਿਸੇ ਵੀ ਲੀਡਰ ਦੀ ਨਿਸ਼ੰਗ ਟੀਕਾ - ਟਿੱਪਣੀ ਕਰ ਸਕਦੇ ਸਨ, ਪਰ ਆਪਣੇ ਔਗੁਣਾਂ ਤੋਂ ਜਾਣੂ ਕੋਈ ਵੀ ਲੀਡਰ ਉਸ ਉਪਰ ਉਂਗਲੀ ਧਰਨ ਦੇ ਯੋਗ ਨਹੀਂ ਸੀ । ਕਪਟੀਆਂ ਦੰਭੀਆਂ ਵਿਚ ਉਹ ਨਿਹਕਲੰਕ ਵਾਂਗੂੰ ਵਿਚਰਿਆ । ਕੁਝ ਲੋਕਾਂ ਦਾ ਖਿਆਲ ਹੈ ਕਿ ਉਹ ਆਪਣੇ ਅਤਿਵਾਦ ਕਾਰਨ ਭੈਅ ਦਾ ਚਿਹਨ ਬਣ ਗਿਆ, ਦੂਜਿਆਂ ਦਾ ਖਿਆਲ ਹੈ ਕਿ ਲੋਕਾਂ ਨੂੰ ਉਹਦੀ ਸਵੱਛਤਾ ਤੋਂ ਹੀ ਡਰ ਆਉਂਦਾ ਸੀ । ਉਹਦੇ ਕੋਲ ਖਲੋਤੇ ਲੋਕਾਂ ਨੂੰ ਆਪਣਾ ਆਪ ਮੈਲਾ ਮੈਲਾ ਲਗਦਾ ਸੀ ।

ਸਰਕਾਰ ਦੱਸਦੀ ਹੈ ਕਿ ਉਹ ਫੌਜ ਵਿਰੁੱਧ ਲੜਦਾ ਲੜਦਾ ਮਾਰਿਆ ਗਿਆ ਸ਼ਰਧਾਲੂ ਸਿੰਘਾਂ ਦਾ ਕਹਿਣਾ ਹੈ, ਉਹ ਸ਼ਹੀਦ ਹੋ ਗਿਆ । ਬਹੁਤ ਸਾਰੇ ਸਿੱਖ ਉਸ ਦੇ ਅਤਿਵਾਦ ਨਾਲ ਸਹਿਮਤ ਨਹੀਂ, ਉਸ ਤੋਂ ਡਰਦੇ ਕੁਸਕਦੇ ਨਹੀਂ ਸਨ, ਉਸ ਦੀ ਕਾਰਜ - ਸ਼ੈਲੀ ਨੂੰ ਪਸੰਦ ਨਹੀਂ ਸਨ ਕਰਦੇ । ਭਿੰਡਰਾਂਵਾਲੇ ਦੀ ਸ਼ਹੀਦੀ ਨਾਲ ਸਾਰਾ ਮਤਭੇਦ ਯਕਲਖ਼ਤ ਸਮਾਪਤ ਹੋ ਗਿਆ ਹੈ । ਸਾਰਾ ਖਾਲਸਾ ਪੰਥ ਬਿਨਾ ਵਿਵਾਦ ਦੇ ਜਾਂ ਸ਼ੰਕੇ ਦੇ, ਭਿੰਡਰਾਂਵਾਲੇ ਦੀ ਕਰਨੀ ਦੀ ਜੈ ਜੈਕਾਰ ਕਰ ਰਿਹਾ ਹੈ । ਭਿੰਡਰਾਂਵਾਲੇ ਦੇ ਪ੍ਰਭਾਵ ਨੂੰ ਬਹੁਤ ਲੰਮੇ ਸਮੇਂ ਲਈ ਨਕਾਰਨਾ ਸੰਭਵ ਨਾ ਹੋ ਸਕੇਗਾ । ਉਹਨੇ ਸਿੱਖਾਂ ਨੂੰ ਨਵੀਂ ਅਣਖ - ਚੇਤਨਾ ਦਿੱਤੀ । ਕੋਈ ਅਨਿਆਂ ਕਰੇ ਤਾਂ ਕਮਜ਼ੋਰਾਂ ਵਾਂਗ ਗੈਂ - ਗੈਂ ਕਰਦੇ ਸ਼ਿਕਾਇਤ ਨਾ ਕਰੋ, ਬਹਾਦਰਾਂ ਵਾਂਗ ਉਹਦੇ ਵਿਰੁੱਧ ਲੜੋ । ਜੇ ਕੋਈ ਵਧੀਕੀ ਕਰਦਾ ਹੈ ਤਾਂ ਉਹਦਾ ਬਦਲਾ ਲਵੋ ।"

('ਯੁੱਗ ਪੁਰਸ਼ ਸੰਤ ਭਿੰਡਰਾਂਵਾਲੇ' - 'ਅਕਸ' - ਪੰਨਾ 25 - ਅਗਸਤ 1984)

2 "ਪਰ ਫੌਜੀ ਕਾਰਵਾਈ ਕਰਨ ਵਾਲਿਆਂ ਵਿਚੋਂ ਵੀ ਦੋ ਚਾਰ ਤਾਂ ਅਜਿਹੇ ਹੋਣਗੇ ਹੀ, ਜਿਨ੍ਹਾਂ ਦਾ ਕਲੇਜਾ ਮੌਤ ਦੇ ਏਨੇ ਭਿਆਨਕ ਤਾਂਡਵ ਨੂੰ ਦੇਖ ਕੇ ਕੰਬ ਗਿਆ ਹੋਵੇਗਾ ਉਨ੍ਹਾਂ ਵਿਚੋਂ ਹੀ ਕਿਸੇ ਅਫਸਰ ਨੇ ਖੁਸ਼ਵੰਤ ਨੂੰ ਦੱਸਿਆ ਏ ਕਿ ਅਕਾਲ ਤਖਤ ਦੀ ਛੱਤ ਨੂੰ ਤਾਂ ਦੂਰੋਂ ਹੀ ਆਰਮਰਡ ਟੈਂਕਾਂ ਨਾਲ ਉਡਾ ਦਿੱਤਾ ਗਿਆ ਸੀ ਤੇ ਫੇਰ ਅੰਦਰ ਸ਼ਾਇਦ ਅੱਗ ਲੱਗ ਗਈ ਸੀ । ਸੰਤ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਸੇਵਕ, ਜਿੰਨੇ ਵੀ ਅੰਦਰ ਸਨ, ਬਾਹਰ ਨਿਕਲ ਆਏ । ਜਿਹੜੀ ਵੀ ਲੜਾਈ ਹੋਈ, ਉਹ ਅਕਾਲ ਤਖਤ ਦੇ ਸਾਹਮਣੇ, ਬਾਹਰ ਖੁੱਲ੍ਹੀ ਪ੍ਰਕਰਮਾ ਵਿਚ ਹੋਈ । ਪਹਿਲੋਂ ਪਹਿਲ ਮਰਨ ਵਾਲਿਆਂ ਵਿਚ ਸੰਤ ਭਿੰਡਰਾਂਵਾਲੇ ਵੀ ਸਨ ।

ਉਹਨੇ ਇਹ ਵੀ ਦੱਸਿਆ ਏ ਕਿ ਸਾਰੇ ਜਣੇ ਸ਼ਬਦ ਗਾਉਂਦੇ ਹੋਏ ਸ਼ਹੀਦ ਹੋਏ।



Digitized by Panjab Digital Library | www.panjabdigilib.org

ਹਾਂ ਦੋਸਤੋ! ਇਸ ਤਰ੍ਹਾਂ ਮਰਦਾਂ ਵਾਂਗੂੰ, ਮੌਤ ਦਾ ਮਖੌਲ ਉਡਾਉਂਦਿਆਂ ਹੋਇਆਂ ਤੇ ਟੈਂਕਾਂ ਦੇ ਗੋਲਿਆਂ ਦੀ ਵਾਛੜ ਦੇ ਸਾਹਮਣੇ ਸ਼ਬਦ ਗਾਉਂਦਿਆਂ ਹੋਇਆਂ ਮਰਨ ਵਾਲਿਆਂ ਨੂੰ ਸ਼ਹੀਦ ਹੀ ਆਖਿਆ ਜਾਂਦਾ ਏ ।"

- ਅਜੀਤ ਕੌਰ -
('ਲਹੂ ਦੇ ਬੁਲਬੁਲੇ' - 'ਆਰਸੀ' - ਅਗਸਤ, 1984)

3 "ਸੰਤ ਭਿੰਡਰਾਂਵਾਲੇ ਦਾ ਮੇਰੇ ਮਨ ਵਿਚ ਡੂੰਘਾ ਸਤਿਕਾਰ ਰਿਹਾ, ਜੋ ਕਿ ਮੇਰੀਆਂ ਪਿਛਲੀਆਂ ਲਿਖਤਾਂ ਤੋਂ ਵੀ ਪ੍ਰਤੱਖ ਹੈ ਪਰ ਵਿਚਾਰਾਂ ਨਾਲ ਇਖਤਲਾਫ ਦੇ ਬਾਵਜੂਦ ਸਤਿਕਾਰ ਇਸ ਲਈ ਸੀ ਕਿ ਉਹ ਬਤੌਰ ਇਨਸਾਨ ਦੇ ਨਿਰਛੱਲ ਤੇ ਸੱਚੇ ਸੁੱਚੇ ਸਨ, ਬੇਬਾਕ ਸਨ, ਬਾਇਖਲਾਕ ਸਨ, ਸਿੱਖੀ ਲਈ ਬਚਨਬੱਧ ਸਨ ਤੇ ਪੰਥ ਦੀ ਚੜ੍ਹਦੀ ਕਲਾ ਲਈ ਮਰ ਮਿਟਣ ਦਾ ਨਿਸਚਾ ਕਰੀ ਬੈਠੇ ਸਨ। ਉਨ੍ਹਾਂ ਮੈਨੂੰ ਇਕ ਤੋਂ ਵੱਧ ਵੇਰਾਂ ਕਿਹਾ ਕਿ, ਅਸਾਂ ਆਪਾ ਵਾਰ ਸ਼ਹੀਦੀ ਪਾ ਜਾਣੀ ਹੈ। ਮੈਂ ਹਰ ਵੇਰਾਂ ਵਿਰੋਧਤਾ ਕੀਤੀ ਅਤੇ ਸੁਝਾਓ ਦਿੱਤਾ ਕਿ ਦਮਦਮੀ ਟਕਸਾਲ ਦਾ ਵਰਤਮਾਨ ਮਿਸ਼ਨ ਬੜਾ ਮਹਾਨ ਹੈ, ਤੁਸੀਂ ਜੋ ਆਉਂਦੀ ਪਨੀਰੀ ਨੂੰ ਪਿਉਂਦ ਲਾ ਰਹੇ ਹੋ, ਇਹ ਕੁਝ ਵਰ੍ਹਿਆਂ ਬਾਅਦ ਪੰਥ ਦੀ ਸਮਰਥਾ ਬਣੇਗੀ ਅਤੇ ਬਣ ਰਹੀ ਹੈ। ਪੰਥ ਦੀ ਚੜ੍ਹਦੀ ਕਲਾ ਲਈ ਇਹ ਸੇਵਾ ਉਸ ਸੇਵਾ ਨਾਲੋਂ ਮਹਾਨ ਹੈ ਜੋ ਕੁਝ ਰਾਜਨੀਤਕ ਲੀਡਰ ਆਪਣੀਆਂ ਗਰਜ਼ਾਂ ਲਈ ਤੁਹਾਥੋਂ ਲੈਣੀ ਲੋਚਦੇ ਹਨ। ਪ੍ਰੰਤੂ ਆਪ ਹਰ ਵੇਰਾਂ ਮੈਨੂੰ ਤਸੱਲੀ ਦਿੰਦੇ ਰਹੇ ਕਿ ਮੈਂ ਰਾਜਨੀਤਕ ਹਰਗਿਜ਼ ਨਹੀਂ ਬਣਨਾ, ਤੁਸੀਂ ਆਪਣੇ ਪ੍ਰਧਾਨ ਲੌਂਗੋਵਾਲ ਨੂੰ ਵਿਸ਼ਵਾਸ ਦੁਆ ਦਿਓ। ਮੇਰਾ ਉਤਰ ਸੀ ਕਿ ਮੈਂ ਸਮਝਾ ਸਮਝਾ ਕੇ ਥੱਕ ਚੁੱਕਾ ਹਾਂ। ਤੁਹਾਨੂੰ ਐਕਸਪਲਾਇਟ ਕਰਨ ਵਾਲੇ ਇਹ ਵਿਸ਼ਵਾਸ ਬੱਝਣ ਨਹੀਂ ਦਿੰਦੇ, ਕਿਉਂਕਿ ਉਨ੍ਹਾਂ ਦਾ ਮਨੋਰਥ ਇਕ ਸੰਤ ਨੂੰ ਦੂਜੇ ਸਨਮੁਖ ਖੜ੍ਹਾ ਵਿਖਾ, ਦੋਹਾਂ ਨੂੰ ਵਰਤਣਾ ਅਤੇ ਆਪਣਾ ਉੱਲੂ ਸਿੱਧਾ ਕਰਨਾ ਹੈ।

ਉਨ੍ਹਾਂ ਨੂੰ ਸ਼ਹਾਦਤ ਤੋਂ ਲੱਗਭੱਗ 5-6 ਹਫਤੇ ਪਹਿਲਾਂ ਮੈਂ ਫੇਰ ਮਿਲਿਆ। ਦਿੱਲੀ ਵਿਚ ਵਾਪਰੀਆਂ ਕੁਝ ਵਾਰਦਾਤਾਂ ਦੱਸੀਆਂ, ਵਜ਼ੀਰਾਂ ਨਾਲ ਹੋਈਆਂ ਖੁਫੀਆਂ ਮੁਲਾਕਾਤਾਂ ਦੱਸੀਆਂ। ਰਾਜੀਵ ਗਾਂਧੀ ਨਾਲ ਹੋਏ ਵਚਨ ਬਿਲਾਸ ਦੱਸੇ ਤੇ ਸਵਾਲ ਕੀਤਾ। ਹੁਣ ਕੁਝ ਮੇਰੀ ਵਿਆਖਿਆ ਸੱਚੀ ਹੁੰਦੀ ਜਾਪਦੀ ਹੈ?

ਕਹਿਣ ਲੱਗੇ, ਤੁਸੀਂ ਬਹੁਤ ਕੁਝ ਸੱਚ ਕਹਿੰਦੇ ਸੀ ਅਤੇ ਜੋ ਦੱਸ ਰਹੇ ਹੋ, ਬਹੁਤ ਕੁਝ ਸੱਚ ਹੈ ਪਰ ਹੁਣ ਪਾਣੀ ਸਿਰ ਤੋਂ ਲੰਘ ਚੁੱਕਾ ਹੈ। ਅਸੀਂ ਸ਼ਹਾਦਤ ਦੇ ਜਾਣੀ ਹੈ। ਪੰਥ ਆਪੇ ਫੈਸਲਾ ਕਰ ਲਵੇਗਾ ਕਿ ਗਦਾਰ ਕੌਣ ਸੀ ਅਤੇ ਸਰਕਾਰੀਆ ਕੌਣ ਹੈ।

ਮੈਂ ਫੇਰ ਹਾੜ੍ਹਾ ਕੱਢਿਆ, ਸੰਤ ਜੀ! ਇਉਂ ਬੇਈਮਾਨ ਸਿਆਸਤਦਾਨਾਂ ਸਿਰ ਚੜ੍ਹ ਕੇ ਏਡੀ ਵੱਡੀ ਕੁਰਬਾਨੀ ਨਾ ਕਰੋ। ਤੁਸੀਂ ਬਹੁਤ ਕੁਝ ਕਰ ਸਕਦੇ ਹੋ, ਬਹੁਤ ਕੁਝ ਕਰ ਵਿਖਾ ਚੁੱਕੇ ਹੋ, ਵਕਤ ਦੀ ਉਡੀਕ ਲਾਜ਼ਮੀ ਹੈ।

ਉਤਰ ਸੀ, ਮੈਨੂੰ ਕਮਜ਼ੋਰੀ ਵੱਲ ਲੈ ਜਾਣ ਵਾਲੀਆਂ ਗੱਲਾਂ ਨਾ ਕਰੋ। ਸਾਡਾ ਨਿਸਚਾ ਅਟੱਲ ਹੈ, ਗਦਾਰਾਂ ਦੀ ਗਦਾਰੀ ਦੀ ਕੀਮਤ ਦੇਣੀ ਪਵੇਗੀ। ਮੈਂ ਕਿਹਾ, ਅਤੇ ਕੌਮ ਨੂੰ? "ਕੌਮ ਸਰਬੰਸ ਦਾਨੀ ਦੀ ਸਿਰਜੀ ਹੋਈ ਹੈ, ਇਸ ਦਾ ਕੁਝ ਨਹੀਂ ਵਿਗੜਨਾ।" ਮੈਂ ਸਮਝ ਗਿਆ ਕਿ ਅਟੱਲ ਨਿਸਚੇ ਤੇ ਸੋਧੀ ਅਰਦਾਸ ਅੱਗੇ ਦਲੀਲਾਂ ਦਾ ਕੋਈ ਅਰਥ ਨਹੀਂ। ਇਹ ਮੇਰੀ ਸੰਤ ਭਿੰਡਰਾਂਵਾਲਿਆਂ ਨਾਲ਼ ਆਖਰੀ



Digitized by Panjab Digital Library / www.panjabdigilib.org

ਮੁਲਾਕਾਤ ਸੀ।"

- ਰਾਜਿੰਦਰ ਸਿੰਘ 'ਕੌਮੀ ਏਕਤਾ' -

('ਸੰਤ ਭਿੰਡਰਾਂਵਾਲਿਆਂ ਨਾਲ ਵਿਸ਼ਵਾਸਘਾਤ' - 'ਦੇਸ ਪ੍ਰਦੇਸ (ਯੂ. ਕੇ.) 31 ਅਗਸਤ, 1984)

4 "ਉਹ (ਭਿੰਡਰਾਂਵਾਲਾ) ਪੰਜਾਬ ਦੀ ਜੁੱਰਅਤ, ਬਹਾਦਰੀ, ਦਲੇਰੀ, ਅਣਖ, ਆਨ ਦੀ ਨਵੀਂ ਸ਼ਕਲ ਏ। ਆਉਣ ਵਾਲੀਆਂ ਨਸਲਾਂ ਉਹਦੇ ਤੇ ਫ਼ਖਰ ਕਰਨਗੀਆਂ। ਪੰਜਾਬ ਤੇ ਸਿੱਖੀ ਸਦਾ ਉਹਦੀ ਦੇਣਦਾਰ ਰਹੇਗੀ।"

- ਅਫ਼ਜ਼ਲ ਅਹਿਸਨ ਰੰਧਾਵਾ (ਪਾਕਿਸਤਾਨ) -

(ਇੰਡੋ - ਕਨੇਡੀਅਨ ਟਾਈਮਜ਼ - ਜੁਲਾਈ 1984 ਵਿਚ ਛਪੀ ਚਿੱਠੀ ਵਿਚੋਂ)

ਅੰਤ ਵਿਚ ਮੈਂ ਇਤਿਹਾਸਕਾਰਾਂ ਤੇ ਖੋਜੀਆਂ ਦਾ ਧਿਆਨ ਏਸ ਤੱਥ ਵੱਲ ਦੁਆਉਣਾ ਚਾਹੁੰਦਾ ਹਾਂ ਕਿ, ਨਾ ਹੀ ਹਰਿਮੰਦਰ ਤੇ ਨਾ ਹੀ ਪੰਜਾਬ ਤੇ ਪੰਜਾਬੀਆਂ (ਸਿੱਖਾਂ ਤੇ ਗ਼ੈਰ - ਸਿੱਖਾਂ) ਉੱਤੇ ਵਾਪਰਿਆ ਇਸ ਕਿਸਮ ਦਾ ਇਹ ਪਹਿਲਾ ਵਾਕਿਆ ਹੈ। ਅੰਗਰੇਜ਼ ਸਾਮਰਾਜ ਸਮੇਂ 'ਜਲ੍ਹਿਆਂਵਾਲੇ ਬਾਗ਼ ਦਾ ਸਾਕਾ' ਕਿਸੇ ਨੂੰ ਅਜੇ ਤੱਕ ਵਿਸਰਿਆ ਨਹੀਂ ਤੇ ਨਾ ਹੀ ਅਬਦਾਲੀ ਦੇ ਹੱਲੇ ਤੇ ਮੁਗ਼ਲ ਸਾਮਰਾਜ ਸਮੇਂ ਵਾਪਰੇ ਅਜਿਹੇ ਹੀ ਹੋਰ ਸਾਕੇ ਸਾਡੇ ਚੇਤੇ 'ਚੋਂ ਵਿਸਰੇ ਹਨ।

ਫ਼ਰਕ ਸਿਰਫ਼ ਏਨਾ ਹੈ ਕਿ ਉਹ ਹੋਣੀਆਂ ਤੇ ਉਹ ਸਾਕੇ ਵਿਦੇਸ਼ੀ ਸਰਕਾਰਾਂ ਜਾਂ ਰਾਜਾਂ ਦੇ ਰਾਜ ਅਧਿਕਾਰ ਸਮੇਂ ਤੇ ਜਾਂ ਵਿਦੇਸ਼ੀ ਹੱਲਿਆਂ ਸਮੇਂ ਵਾਪਰੇ ਸਨ ਅਤੇ ਇਹ ਹੁਣ ਵਾਲਾ ਸਾਕਾ ਲੋਕਾਂ ਦੁਆਰਾ ਚੁਣੀ ਉਨ੍ਹਾਂ ਦੀ ਆਪਣੀ ਸਰਕਾਰ ਦੇ ਰਾਜ - ਅਧਿਕਾਰ ਸਮੇਂ ਵਾਪਰਿਆ ਹੈ, ਲੋਕਤੰਤ੍ਰ ਵਿਚ ਵਾਪਰਿਆ ਹੈ। ਏਸ ਪ੍ਰਸੰਗ ਵਿਚ ਹੀ ਸਾਡੇ ਇਤਿਹਾਸਕਾਰਾਂ ਨੂੰ ਪੁਣ ਛਾਣ, ਸਮਝ ਸੋਚ ਤੇ ਨਿਰਖ ਪਰਖ ਕੇ ਇਤਿਹਾਸਿਕਤਾ ਦੀ ਪ੍ਰਮਾਣਿਕ ਵਿਆਪਕਤਾ ਨੂੰ ਖੋਜਣਾ ਪਵੇਗਾ ਤਾਕਿ ਹਰਿਮੰਦਰ ਕੰਪਲੈਕਸ ਅਤੇ ਪੰਜਾਬ ਵਿਚ 1 ਜੂਨ, 1984 ਤੋਂ 6 ਜੂਨ, 1984 ਤੱਕ ਜੋ ਦੁਖਾਂਤਕ ਤੇ ਤ੍ਰਾਸਦਿਕ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਪ੍ਰਤੀ ਕਿਸੇ ਨਿਰਣੇ ਤੇ ਪੁੱਜਿਆ ਜਾ ਸਕੇ। ਉਨ੍ਹਾਂ ਪਿਛਲੀ ਗਤੀ ਵਿਧੀ, ਤੇ ਉਨ੍ਹਾਂ ਦੇ ਸੰਚਾਲਕ ਮਨੋਰਥਾਂ ਦੀ ਨਿਕਾਬ - ਕਿਸ਼ਾਈ ਲਈ ਨਿਰਪੱਖ ਨਜ਼ਰੀਏ ਦੀ ਲੋੜ ਹੈ। ਲੋੜ ਹੈ ਕਿ, ਏਸ ਘੱਲੂਘਾਰੇ ਤੋਂ ਪਹਿਲਾਂ ਤੇ ਬਾਅਦ ਦੇ ਸਮੇਂ ਉਤੇ ਵੀ ਆਲੋਚਨਾਤਮਕ ਝਾਤ ਮਾਰੀ ਜਾਵੇ।

ਇਹ ਕੁਝ ਲਿਖਦਿਆਂ 'ਆਰਸੀ' ਦੇ ਅਗਸਤ, 1984 ਦੇ ਅੰਕ ਵਿਚ ਛਪੇ ਅਜੀਤ ਕੌਰ ਦੇ ਲੇਖ 'ਲਹੂ ਦੇ ਚੁਬੱਚੇ' ਦਾ ਹੇਠ ਲਿਖਿਆ ਵਾਕ ਬਾਰ ਬਾਰ ਮੇਰੀ ਸਿਮਰਤੀ ਵਿਚ ਉੱਭਰ ਰਿਹਾ ਹੈ ਤੇ ਅਨੇਕਾਂ ਪ੍ਰਸ਼ਨ - ਚਿੰਨ੍ਹ ਖੜ੍ਹੇ ਕਰ ਰਿਹਾ ਹੈ:

"ਇਹ ਕਿਹੋ ਜਿਹੀ ਰਾਜਨੀਤੀ ਏ, ਹਕੂਮਤ ਦਾ ਇਹ ਕਿਹੋ ਜਿਹਾ ਨਸ਼ਾ ਏ, ਜਿਹੜਾ ਬੰਦੇ ਨੂੰ ਲਾਸ਼ਾਂ ਦੇ ਉਤੋਂ ਦੀ ਤੋਰ ਕੇ ਲੈ ਜਾਂਦਾ ਏ ਤੇ ਉਹਦੀ ਜ਼ਮੀਰ ਖਾਮੋਸ਼ ਰਹਿੰਦੀ ਏ!"

(ਅਜੀਤ ਕੌਰ)

ਪੰਜਾਬ ਦੇ ਸਮਕਾਲੀ ਇਤਿਹਾਸ ਦੀ ਸੰਭਾਲ ਲਈ ਤਾਰਾ ਸਿੰਘ ਹੇਅਰ ਵਲੋਂ ਕੀਤੇ ਗਏ ਇਸ ਮੁੱਢਲੇ ਯਤਨ ਨੂੰ ਮੈਂ ਜੀ ਆਇਆਂ ਕਹਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਸਾਡੇ ਆਗਾਮੀ ਇਤਿਹਾਸਕਾਰ ਏਸ ਘੱਲੂਘਾਰੇ ਦੇ, ਕਾਲੇ ਘੇਰੇ ਵਿਚ ਘਿਰੇ, ਪ੍ਰਮਾਣਿਕ ਇਤਿਹਾਸ ਨੂੰ ਵਰਣਬੱਧ ਕਰਨ ਸਮੇਂ ਆਪਣੀ ਜ਼ਮੀਰ ਦੀ ਅਵਾਜ਼ ਨੂੰ ਵੀ ਸੁਣਨਗੇ ਤੇ ਅਣਮਨੁੱਖੀ ਤੇ ਦਲੀਲ - ਰਹਿਤ ਇਕ - ਪਾਸੜ ਵਤੀਰਾ ਵੀ ਨਹੀਂ ਅਪਨਾਉਣਗੇ।

ਰਵਿੰਦਰ ਰਵੀ

ਸਤੰਬਰ 1, 1984



Digitized by Panjab Digital Library | www.panjabdigilib.org

# ਕੋਈ ਕਹੇ 'ਖੁਮੀਨੀ'
# ਕੋਈ ਆਖੇ 'ਨਲਵਾ'...

ਰਵਾਇਤ ਹੈ ਕਿ ਚਹੁੰ ਅੰਨ੍ਹਿਆਂ ਨੇ ਹਾਥੀ ਦੇਖਿਆ ਲੇਕਿਨ ਦੇਖਿਆ ਹੱਥਾਂ ਰੂਪੀ ਅੱਖਾਂ ਨਾਲ। ਹਰ ਕਿਸੇ ਨੇ ਹੱਥਾਂ ਦੀ ਟੋਹ ਨਾਲ ਹਾਥੀ ਦੇ ਵੱਖੋ ਵੱਖ ਅੰਗਾਂ ਨੂੰ ਜਿਵੇਂ ਮਹਿਸੂਸ ਕੀਤਾ, ਤਿਵੇਂ ਬਿਆਨ ਕਰ ਦਿੱਤਾ। ਇਹੀ ਹਾਲ ਭਿੰਡਰਾਂਵਾਲੇ ਸੰਤਾਂ ਦੀ ਸ਼ਖਸੀਅਤ ਬਾਰੇ ਬਹੁਤ ਸਾਰੇ ਪੱਤਰਕਾਰਾਂ, ਵਿਦਵਾਨਾਂ, ਵਿਸ਼ੇਸ਼ ਵਿਅਕਤੀਆਂ ਤੇ ਆਮ ਲੋਕਾਂ ਦਾ ਹੈ।

ਕਈ ਉਸ ਨੂੰ 'ਸਿੱਖਾਂ' ਦਾ ਖੁਮੀਨੀ ਕਹਿਣ ਲੱਗ ਪਏ ਹਨ। ਉਹ ਭਿੰਡਰਾਂਵਾਲੇ ਸੰਤਾਂ ਦੀ ਤੁਲਨਾ ਈਰਾਨ ਦੇ ਮੁਸਲਮਾਨ ਸੰਤ ਆਇਤੁੱਲਾ ਖੁਮੀਨੀ ਨਾਲ ਕਰਦੇ ਹਨ, ਜੋ ਆਪਣੇ ਮੁਲਕ ਵਿਚ ਇਸਲਾਮ ਦੀ ਪੁਨਰ - ਜਾਗਰਤੀ ਦੀ ਤਹਿਰੀਕ ਦੀ ਰਾਹਨੁਮਾਈ ਕਰ ਰਿਹਾ ਹੈ ਪ੍ਰਸਿੱਧ ਲੇਖਕ ਤੇ ਮਸ਼ਹੂਰ ਪੱਤਰਕਾਰ ਸਰਦਾਰ ਖੁਸ਼ਵੰਤ ਸਿੰਘ ਸਾਬਕਾ ਐਡੀਟਰ 'ਇਲੱਸਟ੍ਰੇਟਿਡ ਵੀਕਲੀ' ਨੇ 'ਪੰਜਾਬ ਦੇ ਖੁਮੀਨੀ' ਦੀ ਈਰਾਨ ਦੇ ਖੁਮੀਨੀ ਨਾਲ ਸਮਰੂਪਤਾ ਇਨ੍ਹਾਂ ਸ਼ਬਦਾਂ ਨਾਲ ਬਿਆਨ ਕੀਤੀ ਹੈ:

ਦੋਨੋਂ ਦਸਤਾਰ ਪਹਿਨਦੇ ਹਨ ਤੇ ਲੰਮੀਆਂ, ਖੁੱਲ੍ਹੀਆਂ ਦਾੜ੍ਹੀਆਂ ਰੱਖਦੇ ਹਨ। ਦੋਨੋਂ ਆਪਣੇ ਪਿਤਾ - ਪੁਰਖੀ ਧਰਮਾਂ 'ਸਿੱਖ ਤੇ ਇਸਲਾਮ' ਦਾ ਪਰਚਾਰ ਕਰਦੇ ਹਨ। ਦੋਨੋਂ ਹੀ ਪਰਚਾਰਕ ਹਨ ਤੇ ਬਲਵਾਨ ਸਿਆਸੀ ਸ਼ਖਸੀਅਤਾਂ ਬਣ ਗਏ ਹਨ।

— ਆਇਤੁੱਲਾ ਸ਼ਹੀਆ ਮੁਸਲਮਾਨਾਂ ਲਈ ਤੇ ਭਿੰਡਰਾਂਵਾਲਾ ਪੰਜਾਬ ਦੇ ਸਿੱਖਾਂ ਲਈ, ਦੋਨੋਂ ਹੀ ਮੰਚ ਤੇ ਪਰਗਟ ਹੋਣ ਤੋਂ ਪਹਿਲਾਂ ਅਗਿਆਤ ਵਿਅਕਤੀ ਸਨ ਅਤੇ ਦੋਹਾਂ ਉਤੇ ਹੀ ਉਨ੍ਹਾਂ ਦੇ ਦੋਖੀਆਂ ਵਲੋਂ ਹਿੰਸਕਾਂ ਨੂੰ ਪਨਾਹ ਦੇਣ ਤੇ ਅਤਿਆਰਿਆਂ ਨੂੰ ਖਿਮਾ ਕਰਨ ਦੇ ਦੂਸ਼ਣ ਲਾਏ ਗਏ ਹਨ।"

ਕਈ ਲੋਕਾਂ ਨੇ ਭਿੰਡਰਾਂਵਾਲੇ ਸੰਤਾਂ ਨੂੰ 'ਅੱਜ ਦਾ ਹਰੀ ਸਿੰਘ ਨਲਵਾ' ਕਹਿਣਾ ਸ਼ੁਰੂ ਕਰ ਦਿੱਤਾ ਹੈ, ਕਿਉਂਕਿ ਜਿਸ ਤਰ੍ਹਾਂ ਸਿੱਖ ਇਤਿਹਾਸ ਦੀ ਮਹਾਨ ਹਸਤੀ ਸਰਦਾਰ ਹਰੀ ਸਿੰਘ ਨਲਵਾ ਦੇ ਜੰਗੀ ਕਾਰਨਾਮਿਆਂ ਦੀ ਧਾਂਕ ਪਠਾਣਾਂ ਅਤੇ ਪਠਾਣੀਆਂ ਦੇ ਦਿਲਾਂ ਤੇ ਬੈਠ ਗਈ ਸੀ, ਐਨ੍ਹ ਉਸੇ ਤਰ੍ਹਾਂ ਦੀ ਦਹਿਸ਼ਤ ਅੱਜ ਭਿੰਡਰਾਂਵਾਲੇ ਦੇ 'ਮੋਟਰ ਸਾਈਕਲਾਂ' ਦੀ ਪੰਜਾਬ ਦੇ ਹਿੰਦੂਆਂ ਅਤੇ ਹਿੰਦਵਾਣੀਆਂ ਦੇ ਮਨਾਂ 'ਤੇ ਪੈ ਚੁੱਕੀ ਹੈ। ਹਰੀ ਸਿੰਘ ਨਲਵਾ ਪਠਾਣਾਂ ਲਈ ਇਕ ਹਊਆ ਬਣ ਗਏ ਸਨ ਤੇ ਪਠਾਣੀਆਂ ਨੇ ਆਪਣੇ ਬੱਚਿਆਂ ਨੂੰ ਇਹ ਕਹਿ ਕੇ ਸੁਆਉਣਾ ਸ਼ੁਰੂ ਕਰ ਦਿੱਤਾ ਸੀ ਕਿ "ਸੌਂ ਜਾ ਬੇਟਾ, ਨਲਵਾ ਆਇਆ।" ਕੁਝ ਇਸੇ ਤਰ੍ਹਾਂ ਦੀ ਹਾਲਤ ਅੱਜ ਪੰਜਾਬ ਵਾਸੀ ਹਿੰਦੂਆਂ ਦੀ ਹੋ ਚੁੱਕੀ ਹੈ ਤੇ ਭਿੰਡਰਾਂਵਾਲੇ ਦੇ ਨਾਂ ਨੇ ਉਨ੍ਹਾਂ ਦੀ ਨੀਂਦ ਹਰਾਮ ਕਰ ਕੇ ਰੱਖ ਦਿੱਤੀ ਹੈ। ਜਨਤਾ ਪਾਰਟੀ ਦੇ ਹਰਮਨ ਪਿਆਰੇ ਨੇਤਾ ਸ੍ਰੀ ਰਾਜ ਨਾਰਾਇਣ ਜੀ ਨੂੰ ਸਰਦਾਰ ਹਰੀ ਸਿੰਘ ਨਲਵੇ ਦੀ ਇਤਿਹਾਸਕ ਮਹਾਨਤਾ ਭਾਵੇਂ ਪਤਾ ਹੋਵੇ ਜਾ ਨਾ ਪਰ ਅਜੋਕੇ ਪੰਜਾਬ ਦੀ ਸਹੀ ਸਥਿਤੀ ਨੂੰ ਨੇੜੇ ਹੋ ਕੇ ਦੇਖਦਿਆਂ ਉਨ੍ਹਾਂ ਨੇ ਵੀ ਇਹ ਮਹਿਸੂਸ ਕੀਤਾ ਹੈ ਕਿ ਪੰਜਾਬ ਦੇ ਹਿੰਦੂ ਡਰੇ ਅਤੇ ਸਹਿਮੇ ਹੋਏ ਹਨ। ਜੁਲਾਈ 1983 ਦੇ ਆਰੰਭ ਵਿਚ ਉਹ



Digitized by Panjab Digital Library | www.panjabdigilib.org

ਮੌਕਾ ਦੇਖ ਕੇ ਹਾਲਤ ਦਾ ਜਾਇਜ਼ਾ ਲੈਣ ਲਈ ਪੰਜਾਬ ਆਏ ਸਨ। 'ਨੇਤਾ ਜੀ' ਨੇ ਅੰਮ੍ਰਿਤਸਰ ਪਹੁੰਚ ਕੇ 'ਧਰਮ ਯੁੱਧ' ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਲਗਭਗ ਤਿੰਨ ਘੰਟੇ ਗੱਲਬਾਤ ਕੀਤੀ। ਗੱਲਬਾਤ ਦੌਰਾਨ 'ਨੇਤਾ ਜੀ' ਨੇ ਇਹ ਗੱਲ ਸੰਤ ਲੌਂਗੋਵਾਲ ਦੇ ਧਿਆਨ ਵਿਚ ਲਿਆਂਦੀ ਕਿ 'ਇਥੇ ਹਿੰਦੂਆਂ ਵਿਚ ਏਨੀ ਦਹਿਸ਼ਤ ਹੈ ਕਿ ਉਹ ਰਾਤ ਨੂੰ ਚੰਗੀ ਤਰ੍ਹਾਂ ਸੌਂ ਵੀ ਨਹੀਂ ਸਕਦੇ; ਸ਼ਾਮ ਨੂੰ ਸਾਢੇ ਛੇ ਵਜੇ ਦੁਕਾਨਾਂ ਬੰਦ ਕਰ ਦਿੰਦੇ ਹਨ। ਕਈ ਹਿੰਦੂ ਵਪਾਰੀ ਡਰਦੇ ਮਾਰੇ ਆਪਣਾ ਕੀਮਤੀ ਸਮਾਨ ਬਾਹਰ ਭੇਜ ਰਹੇ ਹਨ।'

ਇਕ ਹੋਰ ਨੇਤਾ ਜੀ ਵੀ ਹਨ, ਜਿਨ੍ਹਾਂ ਨੂੰ ਭਿੰਡਰਾਂਵਾਲੇ ਸੰਤਾਂ 'ਚੋਂ ਰੱਬ ਦੀ ਝਲਕ ਦਿਖਾਈ ਦਿੱਤੀ। ਸਰਦਾਰ ਭਰਪੂਰ ਸਿੰਘ ਬਲਬੀਰ, ਐਡੀਟਰ 'ਅਕਾਲੀ ਪੱਤ੍ਰਕਾ' ਜਲੰਧਰ ਨੇ ਸੰਤ ਜੀ ਨੂੰ ਰੱਬ ਵਰਗਾ ਦਰਜ਼ਾ ਦਿੰਦਿਆਂ ਲਿਖਿਆ ਹੈ:

"ਸਿੱਖ ਸੰਸਾਰ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਪ੍ਰਤੀ ਅਥਾਹ ਸ਼ਰਧਾ ਹੈ ਅਤੇ ਸਾਡੀ ਸੋਚੇ ਇਸ ਸ਼ਰਧਾ ਦਾ ਆਧਾਰ ਇਸ਼ਕ ਹੈ ਅਤੇ ਇਸ਼ਕ ਹੀ ਖ਼ੁਦਾ ਦੀ ਸ਼ਾਨ ਹੈ ਅਤੇ ਸ਼ਾਨ ਦੀ ਤਾਰੀਫ਼ ਹੀ ਖ਼ੁਦਾ ਦੀ ਤਾਰੀਫ਼ ਹੈ।

ਇਸ ਲਈ ਇਸ ਸਿਰਜਣਹਾਰੇ ਦੀ ਤਾਰੀਫ਼ ਕਰਨ ਨੂੰ ਜੀਅ ਕਰਦਾ ਹੈ। ਇਸ ਲਈ ਅਸੀਂ ਉਸੇ ਨਾਲ ਇਸ਼ਕ ਕਰਨਾ ਯੋਗ ਸਮਝਦੇ ਹਾਂ, ਜਿਸ ਨਾਲ ਕਿ 'ਉਸ' ਭਾਵ ਸਿਰਜਣਹਾਰੇ ਨੂੰ ਇਸ਼ਕ ਹੈ ਅਤੇ ਜਿਹੜਾ ਇਸ਼ਕ ਹੀ ਉਸ ਦੀ ਸ਼ਾਨ ਹੈ। ਇਹ ਇਸ਼ਕ ਹੀ ਹੈ ਜੋ ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਪ੍ਰਤੀ ਸਾਥੋਂ ਅਤੇ ਤੁਹਾਥੋਂ ਕਿਸੇ ਵਜਦ ਵਿਚ ਕਿਸੇ ਮਸਤੀ ਵਿਚ ਆਪ - ਮੁਹਾਰੇ ਕਹਿਲਵਾ ਰਿਹਾ ਹੈ:

"ਖ਼ੁਦਾ ਤੁਮ ਕੋ ਨਹੀਂ ਕਹਿਤੇ  
ਮਗਰ ਸ਼ਾਨੇ ਖ਼ੁਦਾ ਤੁਮ ਹੋ!"

ਇਕ ਲੇਖਕ ਜੀ ਜਦ ਭਿੰਡਰਾਂਵਾਲੇ ਸੰਤਾਂ ਬਾਰੇ ਕਿਤਾਬ ਲਿਖਣ ਲੱਗੇ ਤਾਂ ਉਨ੍ਹਾਂ ਨੂੰ 'ਭਿੰਡਰਾਂਵਾਲੇ' ਦਮਦਮੀ ਟਕਸਾਲ ਦੇ ਰੂਪ ਵਿਚ ਹੀ ਦਿਖਾਈ ਦਿੱਤੇ। ਸੋ ਉਨ੍ਹਾਂ ਨੇ ਸੰਤ ਜੀ ਦੇ ਜੀਵਨ ਤੇ ਦਰਸ਼ਨ ਬਾਰੇ ਕੁਝ ਲਿਖਣ ਦੀ ਥਾਂ ਦਮਦਮੀ ਟਕਸਾਲ ਦਾ ਇਤਿਹਾਸ ਹੀ ਲਿਖ ਮਾਰਿਆ।

ਇਹ ਸੀ ਸੰਤਾਂ ਦੇ ਪ੍ਰਸ਼ੰਸਕਾਂ ਦਾ ਦ੍ਰਿਸ਼ਟੀਕੋਣ, ਪਰ ਬਹੁਤ ਸਾਰੇ ਅਜਿਹੇ ਲੋਕ ਵੀ ਹਨ, ਜੋ ਰੰਗ ਬਿਰੰਗੀਆਂ ਐਨਕਾਂ ਲਾ ਕੇ ਸੰਤ ਜੀ ਨੂੰ ਦੇਖਦੇ ਹਨ ਤੇ ਕਹਿੰਦੇ ਇਹ ਹਨ ਉਨ੍ਹਾਂ ਵਲੋਂ ਸੰਤ ਜੀ ਦਾ ਜੋ ਚਰਿੱਤਰ ਪੇਸ਼ ਕੀਤਾ ਜਾ ਰਿਹਾ ਹੈ, ਉਹ ਅੱਖੀਂ ਡਿੱਠਾ ਸੱਚ ਹੈ।

ਦੇਸੀ ਪ੍ਰੈਸ ਵਲੋਂ ਸੰਤ ਜੀ ਨੂੰ 'ਅੱਤਵਾਦੀ' ਤੇ 'ਵੱਖਵਾਦੀ' ਲਿਖਿਆ ਜਾਣਾ ਇਕ ਆਮ ਵਰਗੀ ਗੱਲ ਬਣ ਗਈ ਹੈ ਲੇਕਿਨ ਪਰਦੇਸੀ ਪ੍ਰੈਸ ਵੀ ਸੰਤ ਜੀ ਨੂੰ ਸਿੱਖਾਂ ਦੀ ਵੱਖਵਾਦੀ ਲਹਿਰ ਦਾ ਜਵਾਂ - ਮਰਦ ਆਗੂ ਲਿਖਕੇ ਹੀ ਪ੍ਰਚਾਰਦਾ ਹੈ। ਇਸ ਲਈ ਸਵਾਲ ਪੈਦਾ ਹੁੰਦਾ ਹੈ ਕਿ, ਕੀ ਭਿੰਡਰਾਂਵਾਲੇ ਸੰਤ ਸਚਮੁਚ ਹੀ ਅੱਤਵਾਦੀ ਹਨ? ਕੀ ਉਹ ਦੇਸ਼ ਨਾਲੋਂ ਅਲੱਗ ਹੋਣਾ ਚਾਹੁੰਦੇ ਹਨ? ਇਸ ਪੁਸਤਕ ਵਿਚ ਇਨ੍ਹਾਂ ਸਵਾਲਾਂ ਦਾ ਹੱਲ ਢੂੰਡਣ ਦੀ ਕੋਸ਼ਿਸ਼ ਕੀਤੀ ਗਈ ਹੈ।

ਸੰਤਾਂ ਬਾਰੇ ਸੰਤਾਂ ਦੇ ਸਿਆਸੀ ਮੁਖ਼ਾਲਿਫ਼ਾਂ ਦੀ ਰਾਏ ਵੀ ਅਲੱਗ ਅਲੱਗ ਹੈ। ਸ਼੍ਰੋਮਣੀ ਅਕਾਲੀ ਦਲ ਦਾ ਇਕ ਧੜਾ ਸੰਤ ਜੀ ਨੂੰ 'ਕਾਂਗਰਸ ਦਾ ਏਜੰਟ' ਕਹਿੰਦਾ ਹੈ। ਇੰਕਾ ਦਾ ਇਕ ਧੜਾ ਸੰਤਾਂ ਨੂੰ ਚਿੱਟੀਆਂ ਪੱਗਾਂ ਵਾਲੇ ਅਕਾਲੀਆਂ ਦੀ 'ਲੱਭਤ' ਦੱਸਦਾ ਹੈ। ਸੱਜੂ ਖੱਬੂ ਤੇ ਹਰ



Digitized by Panjab Digital Library | www.panjabdigilib.org

ਸ਼ੇਡ ਦੇ ਕਾਮਰੇਡ ਮਾਰਕਸਵਾਦ ਦੇ ਜਮਾਤੀ ਵਿਸ਼ਲੇਸ਼ਣ ਦੇ ਆਧਾਰ ਤੇ ਸੰਤ ਜੀ ਨੂੰ 'ਪਿੱਛੇ ਖਿੱਚੂ ਤਾਕਤਾਂ ਦੀ ਪੈਦਾਵਾਰ' ਦੱਸਦੇ ਹਨ। ਭਾਰਤੀ ਜਨਤਾ ਪਾਰਟੀ ਨੂੰ ਸੰਤ ਜੀ ਰਾਸ਼ਟਰ - ਵਿਰੋਧੀ ਨਜ਼ਰ ਆਉਂਦੇ ਹਨ। ਜਦ ਕਿ ਹਕੀਕਤ ਇਹ ਹੈ ਕਿ ਭਿੰਡਰਾਂਵਾਲੇ ਸੰਤ ਨਿਰੋਲ ਧਾਰਮਿਕ ਵਿਅਕਤੀ ਹਨ। ਸਿੱਖੀ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਸ਼ੁੱਧ ਪਾਠ ਸਿਖਾਉਣਾ ਤੇ ਲੋਕਾਂ ਨੂੰ ਮੰਦੇ ਕੰਮਾਂ ਤੇ ਨਸ਼ਿਆਂ ਤੋਂ ਬਚਾਉਣਾ ਉਨ੍ਹਾਂ ਦੀ ਜ਼ਿੰਦਗੀ ਦਾ ਮਿਸ਼ਨ ਹੈ। ਉਹ ਕਿਸੇ ਸਿਆਸੀ ਪਾਰਟੀ ਦੇ ਅਸਰ ਹੇਠ ਨਹੀਂ ਤੇ ਨਾ ਹੀ ਕਿਸੇ ਰਾਜਸੀ ਆਗੂ ਪਾਸੋਂ ਹਦਾਇਤਾਂ ਲੈ ਕੇ ਚਲਦੇ ਹਨ। ਉਨ੍ਹਾਂ ਦਾ ਪ੍ਰੇਰਨਾ ਸਰੋਤ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ ਤੇ ਉਨ੍ਹਾਂ ਲਈ ਮਾਰਗ - ਦਰਸ਼ਕ ਜੋਤ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਦੇ ਬਾਵਜੂਦ ਸਿੱਖ ਹੋਣ ਦੇ ਨਾਤੇ ਤੇ ਸਿੱਖਾਂ ਦਾ 'ਧਰਮ ਤੇ ਸਿਆਸਤ' ਇਕ ਹੋਣ ਨਾਤੇ ਉਹ ਸਿੱਖ ਪੰਥ ਦੀ ਪ੍ਰਤੀਨਿਧ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਨੇੜੇ ਜ਼ਰੂਰ ਹਨ।

ਲੰਮੇ ਝੰਮੇ, ਪਤਲੇ ਸਰੀਰ ਵਾਲੇ, ਲੰਮੇ ਚੋਲੇ ਵਾਲੇ, ਸੰਤ ਸਟਾਈਲ ਦੀ ਕਾਲੀ ਦਸਤਾਰ ਵਾਲੇ, ਖੁਲ੍ਹੀ ਦਰਸ਼ਨੀ ਦਾੜ੍ਹੀ ਵਾਲੇ, ਤਿਰਛੀ ਨਜ਼ਰ ਵਾਲੇ, ਬਿਨ ਕਮਾਨੇ ਤੀਰ ਵਾਲੇ, ਪੰਜ ਕਕਾਰਾਂ ਦੇ ਧਾਰਨੀ, ਰਹਿਤਵਾਨ, ਸੰਪੂਰਨ ਗੁਰਸਿੱਖ, ਪੂਰਨ ਬ੍ਰਹਮ - ਗਿਆਨੀ, ਪਹੁੰਚੇ ਹੋਏ ਸੰਤ, ਭਿੰਡਰਾਂ ਜਥੇ ਦੇ ਮੁਖੀ ਤੇ ਸਿੱਖਾਂ ਦੇ ਨੌਜਵਾਨ ਧਾਰਮਿਕ ਆਗੂ ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਸੰਬੰਧੀ ਅਖ਼ਬਾਰਾਂ ਰਾਹੀਂ ਅਨੇਕ ਪ੍ਰਕਾਰ ਦੀਆਂ ਗ਼ਲਤਫ਼ਹਿਮੀਆਂ ਫੈਲਾਈਆਂ ਜਾ ਰਹੀਆਂ ਹਨ ਤੇ ਕੋਝੇ ਤਰੀਕਿਆਂ ਨਾਲ ਸੰਤਾਂ ਦਾ ਸੁਭਾਅ ਚਿੱਤ੍ਰਣ ਕੀਤਾ ਜਾ ਰਿਹਾ ਹੈ। ਸੰਤ ਜੀ ਨੂੰ ਕੋਈ ਅਖ਼ਬਾਰ ਤੰਗ ਨਜ਼ਰ ਸਿੱਖ ਸੰਤ ਲਿਖਦਾ ਹੈ, ਕੋਈ ਫਿਰਕਾਪ੍ਰਸਤ 'ਜਨੂੰਨੀ ਆਗੂ' ਕਰਾਰ ਦਿੰਦਾ ਹੈ, ਕੋਈ 'ਹਿੰਦੂ ਧਰਮ ਤੇ ਹਿੰਦੂ ਰਾਸ਼ਟਰ ਦਾ ਵਿਰੋਧੀ' ਦੱਸਦਾ ਹੈ ਤੇ ਕੋਈ ਛਾਪਦਾ ਹੈ ਕਿ 'ਭਿੰਡਰਾਂਵਾਲੇ ਸੰਤ ਸਿੱਖ ਪੁਨ - ਸੁਰਜੀਤੀ ਲਹਿਰ ਦੇ ਆਲਮ - ਬਰਦਾਰ ਹਨ।' ਇਕ ਪਰਚੇ ਨੇ ਲਿਖਿਆ ਕਿ ਸੰਤ ਜੀ ਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ, ਸੰਤ ਜੀ ਆਪਣੇ ਆਪ ਵਿਚ ਹੀ ਕਾਨੂੰਨ ਹਨ। ਇਹ ਵੀ ਲਿਖਿਆ ਗਿਆ ਕਿ ਸੰਤ ਜੀ ਸਾਫ ਸਾਫ ਗੱਲਾਂ ਕਰਨ ਵਾਲੇ ਵਿਅਕਤੀ ਭਾਵੇਂ ਨਹੀਂ ਪਰ ਦਿਲ ਦੇ ਸਾਫ ਹਨ। ਇਕ ਨੇ ਦੇਖਿਆ ਕਿ ਗੁੱਸੇਖੋਰ ਦਿਖਾਈ ਦਿੰਦੇ ਹਨ, ਦੂਜੇ ਨੂੰ ਨਜ਼ਰ ਆਇਆ ਕਿ ਥੱਕੇ ਹੋਏ ਨਜ਼ਰ ਆਉਂਦੇ ਹਨ। ਮੁੱਕਦੀ ਗੱਲ ਇਹ ਕਿ, ਇਨ੍ਹਾਂ ਲੋਕਾਂ ਨੇ 'ਜਿੰਨੇ ਮੂੰਹ ਓਨੀਆਂ ਗੱਲਾਂ' ਦੀ ਕਹਾਵਤ ਸੱਚ ਕਰਕੇ ਦਿਖਾ ਦਿੱਤੀ ਹੈ।

ਬੰਬਈ ਤੋਂ ਛਪਦੇ ਇਕ ਬਹੁ - ਚਰਚਿਤ ਸਪਤਾਹਿਕ ਪੱਤਰ ਨੇ ਸੰਤਾਂ ਦੀ ਨਿੰਦਿਆ ਕਰਦਿਆਂ ਇਹ ਦੋਸ਼ ਲਾਇਆ ਕਿ ਭਿੰਡਰਾਂਵਾਲੇ ਸੰਤ ਹਰ ਚੀਜ਼ ਸਿੱਖ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ, ਉਹ ਆਪਣੀ ਦਲੀਲ ਦੂਜਿਆਂ ਤੇ ਠੋਸਣ ਦਾ ਯਤਨ ਕਰਦੇ ਹਨ ਤੇ ਜੇ ਕੋਈ ਉਨ੍ਹਾਂ ਨਾਲ ਸਹਿਮਤ ਨਹੀਂ ਹੁੰਦਾ, ਉਸ ਵਿਚ ਏਨੀ ਦਲੇਰੀ ਨਹੀਂ ਹੁੰਦੀ ਕਿ ਸੰਤਾਂ ਅੱਗੇ ਮੂੰਹ ਖੋਲ੍ਹ ਸਕੇ। ਇਸ ਸਿਲਸਿਲੇ ਵਿਚ ਮਜ਼ੇਦਾਰ ਗੱਲ ਇਹ ਹੈ ਕਿ ਜਦ ਇਸ ਅਖ਼ਬਾਰ ਦਾ ਨੁਮਾਇੰਦਾ ਸੰਤ ਜੀ ਦਾ ਇੰਟਰਵਿਊ ਲੈਣ ਲਈ ਅੰਮ੍ਰਿਤਸਰ ਆਇਆ ਤਾਂ ਉਸ ਨੇ ਕਈ ਉਲਟੇ ਸਿੱਧੇ ਸਵਾਲ ਕੀਤੇ ਤੇ ਪੱਤਰਕਾਰਾਂ ਵਾਲੀ ਚਲਾਕੀ ਵਰਤ ਕੇ ਕਈ ਵਚਨ ਸੰਤਾਂ ਦੇ ਮੂੰਹੋਂ ਕਢਾਉਣੇ ਚਾਹੇ, ਇਹ ਦੇਖ ਕੇ ਸੰਤ ਜੀ ਨੇ ਦੋਭਾਸ਼ੀਏ ਰਾਹੀਂ ਹੁਕਮ ਦਿੱਤਾ ਕਿ "ਇਹਨੂੰ ਕਹਿ ਦੇ ਕਿ ਉਹ ਜਾ ਸਕਦਾ ਹੈ ਤੇ ਜੋ ਜੀ ਆਵੇ ਲਿਖ ਸਕਦਾ ਹੈ। ਮੈਂ ਕਿਸੇ ਦਾ ਵਕੀਲ ਨਹੀਂ ਤੇ ਨਾ ਮੈਂ ਸਰਕਾਰ ਦਾ ਹੱਥਠੋਕਾ ਹਾਂ।"

ਬਾਅਦ ਵਿਚ ਉਸ ਨੁਮਾਇੰਦੇ ਨਾਲ ਸੰਬੰਧਤ 'ਹਫਤੇਵਾਰ' ਨੇ ਮੋਟੀ ਸੁਰਖੀ ਹੇਠ



Digitized by Panjab Digital Library | www.panjabdigilib.org

ਇਕ ਇੰਟਰਵਿਊ ਛਾਪਿਆ, ਜਿਸ ਦਾ ਸਿਰਲੇਖ ਸੀ "ਭਿੰਡਰਾਂਵਾਲਾ ਸੰਤ ਇਕ ਬੁਲਬੁਲਾ ਹੈ, ਜੋ ਛੇਤੀ ਹੀ ਫਟ ਜਾਏਗਾ।" ਸੰਤ ਜੀ ਨੂੰ ਅਜਿਹੀਆਂ ਲਿਖਤਾਂ ਦੀ ਕੋਈ ਪ੍ਰਵਾਹ ਨਹੀਂ। ਉਨ੍ਹਾਂ ਵਿਚ ਸਭ ਤੋਂ ਵੱਡੀ ਸਿਫਤ ਵੀ ਇਹੀ ਹੈ ਕਿ ਉਹ ਦੇਖ ਕੇ ਅਣਡਿੱਠ ਕਰ ਦਿੰਦੇ ਹਨ। ਉਨ੍ਹਾਂ ਬਾਰੇ ਕੋਈ ਕੁਝ ਲਿਖਦਾ ਰਹੇ, ਕੋਈ ਕੁਝ ਛਾਪਦਾ ਰਹੇ, ਉਹ ਤਰਦੀਦਾਂ ਦੇ ਚੱਕਰ ਵਿਚ ਨਹੀਂ ਪੈਂਦੇ।

ਸੰਤ ਜੀ ਦਾ ਅਕਾਲ ਪੁਰਖ ਤੇ ਦ੍ਰਿੜ੍ਹ ਨਿਸਚਾ ਹੈ। ਸਵਰਗਵਾਸੀ ਸੰਤ ਬਾਬਾ ਫਤਹਿ ਸਿੰਘ ਜੀ ਵਾਂਗ ਉਨ੍ਹਾਂ ਦਾ ਵੀ ਗੁਰਬਾਣੀ ਦੇ ਇਸ ਮਹਾਂਵਾਕ ਉਤੇ ਪੱਕਾ ਵਿਸ਼ਵਾਸ਼ ਹੈ ਕਿ:

ਜਿਸ ਕਾ ਸਾਹਿਬ ਡਾਹਢਾ ਹੋਇ ॥
ਤਿਸਿ ਕੋ ਮਾਰ ਨਾ ਸਾਕੈ ਕੋਇ ॥



Digitized by Panjab Digital Library | www.panjabdigilib.org

# ਜਨਮ: 13 ਅਪ੍ਰੈਲ 1978

ਖ਼ੂਨ! ਖ਼ੂਨ! ਖ਼ੂਨ!

ਲੋਹਗੜ੍ਹ ਦਰਵਾਜ਼ੇ ਤੋਂ ਬਾਹਰ ਧਰਤੀ ਲਹੂਓ ਲੁਹਾਨ ਹੋਈ ਪਈ ਹੈ!

ਰੇਲਵੇ ਕਾਲੋਨੀ ਤੋਂ ਲੋਹਗੜ੍ਹ ਵੱਲ ਜਾਂਦੀ ਸੜਕ ਤੇ ਖ਼ੂਨ ਦਾ ਦਰਿਆ ਵੱਗ ਰਿਹਾ ਹੈ!

ਲਾਸ਼ਾਂ ਖਿੱਲਰੀਆਂ ਪਈਆਂ ਹਨ!

ਜ਼ਖਮੀ ਹਸਪਤਾਲ ਪਹੁੰਚਾਏ ਜਾ ਰਹੇ ਹਨ।

13 ਅਪ੍ਰੈਲ 1978 ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਦੁਪਹਿਰ ਪਿੱਛੋਂ ਦੋ ਵਜੇ ਦੇ ਕਰੀਬ ਇਹ ਖਬਰ ਜੰਗਲ ਦੀ ਅੱਗ ਵਾਂਗ ਅੰਮ੍ਰਿਤਸਰ ਸ਼ਹਿਰ ਦੀਆਂ ਗਲ੍ਹੀਆਂ, ਬਜ਼ਾਰਾਂ ਤੇ ਘਰਾਂ ਤੱਕ ਪਹੁੰਚ ਗਈ। ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਜਿਥੇ ਹਮੇਸ਼ਾਂ ਦੀ ਤਰ੍ਹਾਂ ਇਸ ਸਾਲ ਵੀ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾ ਰਿਹਾ ਸੀ, ਸੋਗ ਦੀ ਲਹਿਰ ਦੌੜ ਗਈ। ਟੋਲੀਆਂ ਦੀ ਸ਼ਕਲ ਵਿਚ ਜਗ੍ਹਾ ਜਗ੍ਹਾ ਖੜ੍ਹੇ ਲੋਕ ਇਸ ਖ਼ੂਨੀ ਸਾਕੇ ਦੀ ਚਰਚਾ ਕਰ ਰਹੇ ਸਨ। ਕਈ ਜਗ੍ਹਾ ਇਹ ਕਿਹਾ ਜਾ ਰਿਹਾ ਸੀ ਕਿ ਅੱਜ ਪੂਰੇ 29 ਸਾਲ ਪਿੱਛੋਂ ਜਲ੍ਹਿਆਂਵਾਲੇ ਬਾਗ਼ ਦਾ ਖ਼ੂਨੀ ਕਾਂਡ ਮੁੜ ਦੁਹਰਾਇਆ ਗਿਆ ਹੈ। ਠੀਕ ਏਸੇ ਦਿਨ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ਵਿਚ ਹੋ ਰਹੇ ਪੁਰਅਮਨ ਜਲਸੇ ਉਤੇ ਜਨਰਲ ਡਾਇਰ ਨੇ ਅੰਨ੍ਹੇ ਵਾਹ ਗੋਲੀ ਚਲਾ ਕੇ ਲੋਕਾਂ ਨੂੰ ਭੁੰਨ ਕੇ ਰੱਖ ਦਿੱਤਾ ਸੀ। ਕਈ ਗੁਰਮੁਖ ਪਿਆਰੇ ਇਹ ਕਹਿ ਰਹੇ ਸਨ ਕਿ ਅੱਜ ਦੀ ਖ਼ੂਨੀ ਵਿਸਾਖੀ ਨੇ 1921 ਦੀ ਯਾਦ ਤਾਜ਼ਾ ਕਰ ਦਿੱਤੀ ਹੈ ਜਦ ਸ੍ਰੀ ਨਨਕਾਣਾ ਸਾਹਿਬ ਵਿਚ ਮਹੰਤ ਨਰੈਣ ਦਾਸ ਨੇ ਸ਼ਾਂਤਮਈ ਸਿੰਘਾਂ ਦਾ ਕਤਲੇਆਮ ਕੀਤਾ ਸੀ ਤੇ ਜਥੇਦਾਰ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ ਸਾੜ ਦਿੱਤਾ ਸੀ। ਚਰਚਾ ਕੀਤੀ ਜਾ ਰਹੀ ਸੀ ਕਿ ਮਹੰਤ ਨਰੈਣ ਦਾਸ ਦੀ ਰੂਹ ਨਿਰੰਕਾਰੀ ਬਾਬੇ ਵਿਚ ਆ ਗਈ ਹੈ ਤੇ ਅੱਜ ਉਹ ਸਿੰਘਾਂ ਦੇ ਖ਼ੂਨ ਨਾਲ ਹੋਲੀ ਖੇਡ ਕੇ ਨਵਾਂ ਨਰੈਣੂ ਬਣ ਗਿਆ ਹੈ।

ਵਿਸਾਖੀ ਦੇ ਰੰਗ ਵਿਚ ਭੰਗ ਪੈਣ ਤੋਂ ਕੁਝ ਸਮਾਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਇਰਦ ਗਿਰਦ ਬੜੀ ਗਹਿਮਾ ਗਹਿਮ ਸੀ। ਸੰਗਤਾਂ ਹੁੰਮ ਹੁੰਮਾ ਕੇ ਸ੍ਰੀ ਦਰਬਾਰ ਸਾਹਿਬ ਦਾ ਦਰਸ਼ਨ ਕਰਨ ਜਾ ਰਹੀਆਂ ਸਨ। ਪ੍ਰਕਰਮਾ ਵਿਚ ਬੇਅੰਤ ਭੀੜ ਸੀ। ਅਣਗਿਣਤ ਲੋਕ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਦਿਖਾਈ ਦੇ ਰਹੇ ਸਨ।

ਮੰਜੀ ਸਾਹਿਬ ਦੀਵਾਨ ਹਾਲ ਵਿਚ ਬੜਾ ਭਾਰੀ ਦੀਵਾਨ ਸਜਿਆ ਹੋਇਆ ਸੀ। ਅਕਾਲੀ ਨੇਤਾ ਉਸ ਦੀਵਾਨ ਨੂੰ ਸੰਬੋਧਨ ਕਰ ਰਹੇ ਸਨ। ਉਸ ਵਕਤ ਦੇ ਮਾਲ ਮੰਤਰੀ ਤੇ ਉੱਘੇ ਅਕਾਲੀ ਆਗੂ ਜਥੇਦਾਰ ਜੀਵਣ ਸਿੰਘ ਉਮਰਾਨੰਗਲ ਨੇ ਵੀ ਦੀਵਾਨ ਨੂੰ ਸੰਬੋਧਨ ਕੀਤਾ। ਏਨੇ ਵਿਚ ਭਿੰਡਰਾਂਵਾਲੇ ਸੰਤਾਂ ਦੇ ਕੁਝ ਸੇਵਕਾਂ ਨੇ ਸੰਤਾਂ ਨੂੰ ਇਹ ਖਬਰ ਪਹੁੰਚਾਈ ਕਿ ਸ਼ਹਿਰ ਵਿਚ ਨਿਰੰਕਾਰੀਆਂ ਵਲੋਂ ਬੜਾ ਭਾਰੀ ਜਲੂਸ ਕੱਢਿਆ ਜਾ ਰਿਹਾ ਹੈ, ਜਿਸ ਦੀ



Digitized by Panjab Digital Library | www.panjabdigilib.org

ਹਾਜ਼ਰੀ 50,000 ਤੋਂ ਉਪਰ ਹੈ ਤੇ ਨਿਰੰਕਾਰੀ ਬਾਬੇ ਦੇ ਘਰਵਾਲੀ ਬੀਬੀ ਕੁਲਵੰਤ ਕੌਰ ਪਾਲਕੀ ਵਿਚ ਸਵਾਰ ਹੈ। ਜਲੂਸ ਵਿਚ ਸ਼ਾਮਿਲ ਲੋਕਾਂ ਵਲੋਂ ਸਿੱਖੀ ਵਿਰੁੱਧ ਹਰਕਤਾਂ ਕੀਤੀਆਂ ਜਾ ਰਹੀਆਂ ਹਨ ਤੇ ਸਿੱਖਾਂ ਪ੍ਰਤੀ ਬੋਲ - ਕਬੋਲ ਕੀਤਾ ਜਾ ਰਿਹਾ ਹੈ। ਸੰਤਾਂ ਦੇ ਸੇਵਕਾਂ ਨੇ ਜਥੇਦਾਰ ਉਮਰਾਨੰਗਲ ਪਾਸੋਂ ਇਹ ਮੰਗ ਕੀਤੀ ਕਿ ਨਿਰੰਕਾਰੀਆਂ ਵਲੋਂ ਸਿੱਖ ਹਿਰਦਿਆਂ ਨੂੰ ਸੱਟ ਮਾਰਨ ਵਾਲੀਆਂ ਗੱਲਾਂ ਰੋਕੀਆਂ ਜਾਣ। ਜਥੇਦਾਰ ਉਮਰਾਨੰਗਲ ਨੇ ਸਾਰੀਆਂ ਗੱਲਾਂ ਸੁਣਨ ਪਿੱਛੋਂ ਮਾਈਕ ਤੇ ਆ ਕੇ ਇਹ ਜਵਾਬ ਦਿੱਤਾ ਕਿ "ਨਿਰੰਕਾਰੀਆਂ ਦਾ ਜਲੂਸ ਖਤਮ ਹੋ ਚੁੱਕਾ ਹੈ ਤੇ ਹੁਣ ਕੁਝ ਕਰਨ ਦਾ ਕੋਈ ਲਾਭ ਨਹੀਂ।" ਇਹ ਸੁਣ ਕੇ ਭਿੰਡਰਾਂਵਾਲੇ ਸੰਤਾਂ ਨੇ ਉਮਰਾਨੰਗਲ ਨੂੰ ਕਿਹਾ ਕਿ ਸਰਕਾਰ ਸਿੱਖਾਂ ਦੀ ਹੈ। ਇਸ ਲਈ ਉਹ ਨਿਰੰਕਾਰੀ ਸਮਾਗਮ ਵਿਚ ਸਿੱਖੀ - ਵਿਰੋਧੀ ਪ੍ਰਚਾਰ ਤੇ ਤਾਂ ਪਾਬੰਦੀ ਲਾ ਸਕਦੀ ਹੈ। ਜਥੇਦਾਰ ਉਮਰਾਨੰਗਲ ਨੇ ਆਖਿਆ ਕਿ, ਸਰਕਾਰ ਕੁਝ ਨਹੀਂ ਕਰ ਸਕਦੀ, ਨਿਰੰਕਾਰੀ ਸਮਾਗਮ ਸਰਕਾਰ ਤੋਂ ਬਾਕਾਇਦਾ ਮਨਜ਼ੂਰੀ ਲੈ ਕੇ ਕੀਤਾ ਜਾ ਰਿਹਾ ਹੈ। ਭਿੰਡਰਾਂਵਾਲੇ ਸੰਤ ਟਕੇ ਵਰਗਾ ਜਵਾਬ ਸੁਣ ਕੇ ਰੋਸ ਵਜੋਂ ਆਪਣੇ ਸੇਵਕਾਂ ਸਮੇਤ ਸਟੇਜ ਤੋਂ ਉਠ ਕੇ ਸ੍ਰੀ ਗੁਰੂ ਰਾਮਦਾਸ ਸਰਾਂ ਵਿਚ ਚਲੇ ਗਏ, ਜਿਥੇ ਉਨ੍ਹਾਂ ਦਾ ਆਪਣਾ ਭਿੰਡਰਾਂ ਜਥਾ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦਾ ਅਖੰਡ ਕੀਰਤਨੀ ਜਥਾ ਠਹਿਰਿਆ ਹੋਇਆ ਸੀ।

ਭਿੰਡਰਾਂਵਾਲੇ ਸੰਤਾਂ ਨੇ ਸੰਗਤ ਦੇ ਹਜ਼ੂਰ ਖੜ੍ਹੇ ਹੋ ਕੇ ਬੇਨਤੀ ਕੀਤੀ ਕਿ "ਸਾਧ ਸੰਗਤ ਜੀ, ਮੈਨੂੰ ਆਗਿਆ ਦਿਓ, ਮੈਂ ਸ਼ਾਂਤਮਈ ਜਥੇ ਦੀ ਅਗਵਾਈ ਕਰਦਿਆਂ ਨਿਰੰਕਾਰੀ ਸਮਾਗਮ ਰੋਕਣ ਲਈ ਆਪ ਜਾਣਾ ਚਾਹੁੰਦਾ ਹਾਂ।" ਸੰਤ ਜੀ ਜਲਾਲ ਵਿਚ ਆ ਚੁੱਕੇ ਸਨ। ਸੰਗਤ ਉਨ੍ਹਾਂ ਨੂੰ ਜਾਣ ਤੋਂ ਵਰਜ ਰਹੀ ਸੀ ਕਿਉਂਕਿ ਉਹ ਜਾਣਦੀ ਸੀ ਕਿ ਸੰਤ ਜੀ ਗਰਮ ਸੁਭਾਅ ਦੇ ਹਨ; ਉਨ੍ਹਾਂ ਦੇ ਜਾਣ ਨਾਲ ਝਗੜਾ ਖਤਮ ਹੋਣ ਦੀ ਥਾਂ ਹੋਰ ਵਧ ਜਾਏਗਾ। ਜਦ ਜ਼ੋਰ ਪਾਉਣ ਤੇ ਵੀ ਸੰਤ ਜੀ ਆਪਣਾ ਇਰਾਦਾ ਬਦਲਦੇ ਦਿਖਾਈ ਨਾ ਦਿੱਤੇ ਤਾਂ ਸੰਗਤ ਨੇ ਆਖਿਆ, "ਸੰਤ ਜੀ, ਜੇ ਤੁਸੀਂ ਸਾਡੀ ਬੇਨਤੀ ਪ੍ਰਵਾਨ ਨਹੀਂ ਕਰਨੀ ਤਾਂ ਅਸੀਂ ਪੰਜ ਪਿਆਰਿਆਂ ਦੀ ਸ਼ਕਲ ਵਿਚ ਗੁਰੂ ਰੂਪ ਧਾਰਨ ਕਰਕੇ ਆਪ ਨੂੰ ਹੁਕਮ ਦੇ ਕੇ ਰੋਕਾਂਗੇ।" ਸੰਗਤ ਸਾਹਮਣੇ ਜ਼ੋਰ ਚਲਦਾ ਨਾ ਦੇਖ ਕੇ ਸੰਤ ਜੀ ਨੇ ਆਪਣਾ ਇਰਾਦਾ ਤਰਕ ਕਰ ਦਿੱਤਾ। ਫੈਸਲਾ ਇਹ ਹੋਇਆ ਕਿ ਸੇਵਕ ਹੀ ਜਥਾ ਲੈ ਕੇ ਜਾਣਗੇ ਤੇ ਸੇਵਕ ਹੀ ਅਗਵਾਈ ਕਰਨਗੇ। ਸਰਬ ਸੰਮਤੀ ਨਾਲ ਕੀਤੇ ਗਏ ਫ਼ੈਸਲੇ ਅਨੁਸਾਰ ਜਥੇ ਦੀ ਅਗਵਾਈ ਲਈ ਭਿੰਡਰਾਂਵਾਲੇ ਜਥੇ ਤੇ ਅਖੰਡ ਕੀਰਤਨੀ ਜਥੇ ਵਲੋਂ ਪੰਜ ਪੰਜ ਸਿੰਘ ਚੁਣ ਦਿੱਤੇ ਗਏ। ... ਅਤੇ ਅਰਦਾਸ ਕਰਨ ਉਪਰੰਤ ਦਸਾਂ ਸਿੰਘਾਂ ਦੀ ਅਗਵਾਈ ਹੇਠ ਡੇਢ ਸੌ ਦੇ ਕਰੀਬ ਮਰਜੀਵੜੇ ਸਿੱਖਾਂ ਨੇ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਜਾਪ ਕਰਦਿਆਂ ਰੇਲਵੇ ਕਾਲੋਨੀ ਵੱਲ ਚਾਲੇ ਪਾ ਦਿੱਤੇ; ਜਿੱਥੇ ਨਿਰੰਕਾਰੀ ਸਮਾਗਮ ਚਾਲੂ ਸੀ।

ਸ਼ਾਂਤਮਈ ਤੇ ਬੇ - ਹਥਿਆਰੇ ਸਿੰਘਾਂ ਦਾ ਜਥਾ ਲੋਹਗੜ੍ਹ ਦਰਵਾਜ਼ੇ ਰਾਹੀਂ ਨਿਰੰਕਾਰੀ ਸਮਾਗਮ ਵੱਲ ਅੱਗੇ ਵਧਣਾ ਸ਼ੁਰੂ ਹੋ ਗਿਆ। ਜਦ ਫ਼ਾਸਲਾ ਤਿੰਨ ਚਾਰ ਸੌ ਗਜ਼ ਬਾਕੀ ਰਹਿ ਗਿਆ ਤਾਂ ਨਿਰੰਕਾਰੀ ਸਮਾਗਮ ਦੀ ਸੁਰੱਖਿਆ ਲਈ ਨਿਯੁਕਤ ਕੀਤੀ ਗਈ ਪੁਲਿਸ ਨੇ ਉਸ ਨੂੰ ਹੋਰ ਅੱਗੇ ਜਾਣ ਤੋਂ ਰੋਕ ਦਿੱਤਾ। ਪੁਲਿਸ ਬੰਦੋਬਸਤ ਸਿਟੀ ਇਨਸਪੈਕਟਰ ਅਨੂਪ ਸਿੰਘ ਤੇ ਡੀ. ਐਸ. ਪੀ. ਆਨ ਡੀਊਟੀ ਸ੍ਰੀ ਜੋਸ਼ੀ ਦੀ ਨਿਗਰਾਨੀ ਹੇਠ ਕੀਤਾ ਗਿਆ ਸੀ। ਜਥੇ ਦੇ ਆਗੂਆਂ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਸ਼ਾਤਮਈ ਰੋਸ ਦਾ ਪ੍ਰਗਟਾਵਾ ਕਰਨ ਦਾ ਸੰਵਿਧਾਨਿਕ ਹੱਕ ਪ੍ਰਾਪਤ ਹੈ; ਉਹ ਝਗੜਾ ਕਰਨ ਲਈ ਨਹੀਂ ਜਾ ਰਹੇ ਬਲਕਿ ਨਿਰੰਕਾਰੀ ਮੁਖੀ ਅੱਗੇ ਇਹ ਬੇਨਤੀ ਕਰਨ ਲਈ ਜਾ ਰਹੇ ਹਨ ਕਿ ਉਹ ਸਿੱਖੀ - ਵਿਰੋਧੀ



Digitized by Panjab Digital Library | www.panjabdigilib.org

ਪਰਚਾਰ ਨਾ ਕਰਨ ਤੇ ਸਿੱਖ ਹਿਰਦਿਆਂ ਨੂੰ ਠੇਸ ਨਾ ਪਹੁੰਚਾਉਣ। ਇਹ ਗੱਲ ਅਜੇ ਚੱਲ ਹੀ ਰਹੀ ਸੀ ਕਿ ਅਚਾਨਕ ਨਿਰੰਕਾਰੀ ਸਮਾਗਮ ਦੇ ਪੰਡਾਲ ਵਲੋਂ ਗੋਲੀਆਂ ਦੀ ਵਾਛੜ ਸ਼ੁਰੂ ਹੋ ਗਈ। ਜਾਪਦਾ ਸੀ ਕਿ, ਇਹ ਕਿਸੇ ਇਸ਼ਾਰੇ ਬਾਅਦ ਹੀ ਹੋਈ ਸੀ ਤੇ ਪੁਲਿਸ ਦੀ ਵਰਦੀ ਵਿਚ ਵੀ ਨਿਰੰਕਾਰੀ ਮੱਤ ਨੂੰ ਮੰਨਣ ਵਾਲੇ ਮੌਜੂਦ ਸਨ। ਮਿੰਟਾਂ ਸਕਿੰਟਾਂ ਵਿਚ ਹੀ ਕੁਹਰਾਮ ਮਚ ਗਿਆ ਤੇ ਲਹੂ ਲੁਹਾਨ ਹੋਈ ਜ਼ਖਮੀਆਂ ਦਾ ਚੀਕ ਚਿਹਾੜਾ ਪੈ ਗਿਆ। ਬਹੁਤ ਸਾਰੇ ਸਿੰਘ ਦਮ ਤੋੜਦੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ ਨਜ਼ਰ ਆ ਰਹੇ ਸਨ ਤੇ ਅਣਗਿਣਤ ਸਹਿਕਦੇ ਦਿਖਾਈ ਦੇ ਰਹੇ ਸਨ। ਇਕ ਚਸ਼ਮ - ਦੀਦ ਗਵਾਹੀ ਅਨੁਸਾਰ ਪੁਲਿਸ ਅਫਸਰ ਜੋਸ਼ੀ ਨੇ ਅਖੰਡ ਕੀਰਤਨੀ ਜਥੇ ਦੇ ਸਿਰਕੱਢ ਮੁਖੀ ਸਰਦਾਰ ਫੌਜਾ ਸਿੰਘ ਨੂੰ ਵੰਗਾਰਿਆ ਤੇ ਗੋਲੀ ਦਾ ਨਿਸ਼ਾਨਾ ਬਣਾਉਂਦੇ ਹੋਏ ਇਹ ਆਖਿਆ, ਕਿ "ਤੂੰ ਹੀ ਸਾਰੇ ਪੁਆੜੇ ਦੀ ਜੜ੍ਹ ਏਂ।"

ਅਕਾਲ ਪੁਰਖ ਦਾ ਭਾਣਾ ਵਰਤ ਚੁੱਕਾ ਸੀ। 13 ਸਿੰਘ ਸ਼ਹੀਦ ਹੋ ਚੁੱਕੇ ਸਨ। ਇਨ੍ਹਾਂ ਤੋਂ ਬਿਨਾਂ ਤਿੰਨ ਹੋਰ ਬੰਦੇ ਵੀ ਮਰ ਚੁੱਕੇ ਸਨ, ਜਿਨ੍ਹਾਂ ਵਿਚੋਂ ਇਕ ਦੋਧੀ, ਇਕ ਹਾਤੋ ਤੇ ਇਕ ਰਿਕਸ਼ੇਵਾਲਾ ਸੀ। 78 ਬੰਦੇ ਸਖਤ ਜ਼ਖਮੀਂ ਹੋ ਚੁੱਕੇ ਸਨ।

ਹੈਰਾਨੀ ਦੀ ਗੱਲ ਸੀ ਕਿ, ਇਸ ਖ਼ੂਨੀ ਸਾਕੇ ਦੇ ਐਨ ਲਾਗੇ ਹੋ ਰਹੇ ਨਿਰੰਕਾਰੀ ਸਮਾਗਮ ਤੇ ਕੋਈ ਅਸਰ ਨਾ ਪਿਆ ਜੋ ਕਿ 'ਮਾਨਵ ਏਕਤਾ' ਦੇ ਪੜਪੰਚ ਹੇਠ ਕੀਤਾ ਜਾ ਰਿਹਾ ਸੀ। ਮਾਨਵਤਾ ਦਾ ਕਤਲ ਕਰਨ ਤੋਂ ਬਾਅਦ ਦੋ ਘੰਟੇ ਤੱਕ ਅਖੌਤੀ ਮਾਨਵਤਾਵਾਦੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਆਪਣਾ 'ਪ੍ਰਵਚਨ' ਜਾਰੀ ਰੱਖਿਆ ਤੇ ਸਮਾਗਮ ਮਿਥੇ ਗਏ ਪ੍ਰੋਗਰਾਮ ਮੁਤਾਬਿਕ ਪੂਰੇ 4 ਵਜੇ ਸਮਾਪਤ ਕੀਤਾ ਗਿਆ।

ਇਹ ਗੱਲ ਵੀ ਵਰਨਣ ਯੋਗ ਹੈ ਕਿ, ਸਮਾਗਮ ਦੀ ਸਮਾਪਤੀ ਉਪਰੰਤ ਆਪਣੀ ਜਾਨ ਖਤਰੇ ਵਿਚ ਮਹਿਸੂਸ ਕਰਕੇ ਨਿਰੰਕਾਰੀ ਬਾਬਾ ਗੁਰਬਚਨ ਸਿੰਘ ਹਵਾਈ ਜਹਾਜ਼ ਰਾਹੀਂ ਉਡਾਰੀ ਮਾਰ ਕੇ ਦਿੱਲੀ ਦੌੜ ਗਿਆ। ਉਸ ਨੂੰ ਰਾਜਾਸਾਂਸੀ ਹਵਾਈ ਅੱਡੇ ਤੱਕ ਪਹੁੰਚਾਉਣ ਲਈ ਪੁਲਿਸ ਨੇ ਤਕੜੇ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

ਵਿਸਾਖੀ ਦੇ ਦੁਖਾਂਤ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਂ ਅਤੇ ਐਡਰੈਸ ਅੱਗੇ ਦਿੱਤੇ ਜਾ ਰਹੇ ਹਨ:

1 ਸ. ਫੌਜਾ ਸਿੰਘ, ਖੇਤੀ ਬਾੜੀ ਇਨਸਪੈਕਟਰ ਅੰਮ੍ਰਿਤਸਰ
ਮਾਰਫਤ ਗਿਆਨੀ ਜਸਵੰਤ ਸਿੰਘ,
542 - ਈਸਟ ਮੋਹਨ ਨਗਰ,
ਅੰਮ੍ਰਿਤਸਰ

2 ਸਰਦਾਰ ਗੁਰਦਿਆਲ ਸਿੰਘ ਮੋਦੇ
ਪਿੰਡ ਤੇ ਡਾਕਖਾਨਾ ਮੋਦੇ, ਬਰਾਸਤਾ ਅਟਾਰੀ,
ਜ਼ਿਲ੍ਹਾ ਅੰਮ੍ਰਿਤਸਰ।

3 ਭਾਈ ਅਵਤਾਰ ਸਿੰਘ ਕੁਰਾਲਾ
ਪਿੰਡ ਤੇ ਡਾਕਖਾਨਾ ਕੁਰਾਲਾ
ਜ਼ਿਲ੍ਹਾ ਹੁਸ਼ਿਆਰਪੁਰ

4 ਸਰਦਾਰ ਰਘਬੀਰ ਸਿੰਘ ਨਡਾਲਾ
ਮਾਰਫਤ ਪੰਜਾਬ ਐਂਡ ਸਿੰਧ ਬੈਂਕ
ਨਡਾਲਾ (ਜ਼ਿਲ੍ਹਾ ਕਪੂਰਥਲਾ)



Digitized by Panjab Digital Library | www.panjabdigilib.org

5 ਭਾਈ ਕੇਵਲ ਸਿੰਘ ਪ੍ਰੇਮਗੜ੍ਹ
ਪ੍ਰੇਮਗੜ੍ਹ, ਹੁਸ਼ਿਆਰਪੁਰ

6 ਸਰਦਾਰ ਹਰੀ ਸਿੰਘ
3285/26 - ਕੋਟ ਰਲਿਆ ਰਾਮ,
ਬੰਦ ਗਲ੍ਹੀ, ਅੰਮ੍ਰਿਤਸਰ

7 ਸਰਦਾਰ ਹਰਭਜਨ ਸਿੰਘ
ਪਿੰਡ ਤੇ ਡਾਕਖਾਨਾ ਭੱਟੀਆਂ
ਜ਼ਿਲ੍ਹਾ ਗੁਰਦਾਸਪੁਰ ।

8 ਸਰਦਾਰ ਗੁਰਚਰਨ ਸਿੰਘ
ਵੀਰ ਪ੍ਰਵਾਰ, 3290 ਨਵਾਂ ਮਾਡਲ ਟਾਊਨ,
ਲੁਧਿਆਣਾ ।

9 ਭਾਈ ਧਰਮਵੀਰ ਸਿੰਘ
2 - ਅਜੀਤ ਨਗਰ, ਅੰਮ੍ਰਿਤਸਰ

10 ਜਥੇਦਾਰ ਰਣਬੀਰ ਸਿੰਘ ਥਰਾਜ
ਪਿੰਡ ਤੇ ਡਾਕਖਾਨਾ ਥਰਾਜ,
ਜ਼ਿਲ੍ਹਾ ਫਰੀਦਕੋਟ ।

11 ਭਾਈ ਅਮਰੀਕ ਸਿੰਘ
ਪਿੰਡ ਤੇ ਡਾਕਖਾਨਾ ਖੁਜਾਲਾ
ਜ਼ਿਲ੍ਹਾ ਅੰਮ੍ਰਿਤਸਰ ।

12 ਸਰਦਾਰ ਪਿਆਰਾ ਸਿੰਘ
ਪਿੰਡ ਤੇ ਡਾਕਖਾਨਾ ਭੁੰਗਰਨੀ
ਜ਼ਿਲ੍ਹਾ ਹੁਸ਼ਿਆਰਪੁਰ

13 ਭਾਈ ਦਰਸ਼ਨ ਸਿੰਘ,
ਮਾਰਫਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼,
ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ ।

ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਦਾ ਅਜੇ ਸਸਕਾਰ ਵੀ ਨਹੀਂ ਸੀ ਕੀਤਾ ਗਿਆ ਕਿ ਭਿੰਡਰਾਂਵਾਲੇ ਸੰਤਾਂ ਦੇ ਦੋਖੀਆਂ ਨੇ ਭਿੰਡਰਾਂਵਾਲੇ ਜਥੇ ਦੇ ਮੁਕਾਬਲੇ ਤੇ ਅਖੰਡ ਕੀਰਤਨੀ ਜਥੇ ਨੂੰ ਖੜ੍ਹਾ ਕਰਨ ਲਈ ਇਹ ਪਰਚਾਰ ਆਰੰਭ ਦਿੱਤਾ ਕਿ ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਕੇਵਲ ਤਿੰਨ ਭਿੰਡਰਾਂਵਾਲੇ ਜਥੇ ਦੇ ਸਨ ਤੇ ਬਾਕੀ ਦਸਾਂ ਦਾ ਸੰਬੰਧ ਅਖੰਡ ਕੀਰਤਨੀ ਜਥੇ ਨਾਲ ਸੀ । ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਤੇ ਇਸ ਪਰਚਾਰ ਦਾ ਕੋਈ ਅਸਰ ਨਾ ਹੋ ਸਕਿਆ ਕਿਉਂਕਿ ਮੇਰ ਤੇਰ ਦਾ ਪ੍ਰਚਾਰ ਕਰਨ ਵਾਲੇ ਲੋਕ ਦਸਮ ਪਾਤਸ਼ਾਹ ਦੀ ਅੰਮ੍ਰਿਤ ਫਿਲਾਸਫੀ ਤੋਂ ਕੋਰੇ ਸਨ । ਅਜਿਹਾ ਪ੍ਰਚਾਰ ਕਰਨ ਲੱਗਿਆਂ ਉਨ੍ਹਾਂ ਇਹ ਨਹੀਂ ਸੀ ਸੋਚਿਆ ਕਿ ਜਿਹੜੇ ਸਿੱਖ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਸਿੰਘ ਸਜਦੇ ਹਨ, ਉਹ ਗੁਰਭਾਈ ਬਣ ਜਾਂਦੇ ਹਨ, ਓਸੇ ਦਿਨ ਤੋਂ ਉਹ ਦਸਵੇਂ ਪਾਤਸ਼ਾਹ ਦੇ ਪੁੱਤਰ ਅਖਵਾਉਣ ਲੱਗ ਪੈਂਦੇ ਹਨ ਤੇ



Digitized by Panjab Digital Library | www.panjabdigilib.org

ਵੱਖੋ ਵੱਖ ਥਾਵਾਂ ਤੇ ਜੰਮੇ ਪਲ਼ੇ ਹੋਣ ਦੇ ਬਾਵਜੂਦ ਆਨੰਦਪੁਰ ਸਾਹਿਬ ਦੇ 'ਵਾਸੀ' ਅਖਵਾਏ ਜਾਂਦੇ ਹਨ ।

ਅਕਾਲ ਪੁਰਖ ਦੀ ਮਹਿਮਾ ਬਹੁਤ ਹੀ ਨਿਆਰੀ ਹੈ। 1978 ਦੀ ਵਿਸਾਖੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦੀਆਂ ਜੋ 13 ਲਾਸ਼ਾਂ ਸਸਕਾਰ ਨਮਿਤ ਪਈਆਂ ਸਨ, ਉਨ੍ਹਾਂ ਵਿਚ ਇਕ ਹੋਰ ਲਾਸ਼ ਦਾ ਵੀ ਵਾਧਾ ਹੋ ਸਕਦਾ ਸੀ । ਉਹ ਲਾਸ਼ ਹੋਣੀ ਸੀ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤੇ ਇਹ ਦਿਨ ਬਣ ਜਾਣਾ ਸੀ ਭਿੰਡਰਾਂਵਾਲੇ ਜਥੇ ਦੇ 31 ਸਾਲਾਂ ਦੇ ਨੌਜਵਾਨ ਸੰਤ ਦਾ ਸ਼ਹੀਦੀ ਦਿਨ!

... ਪਰ ਸੱਚੇ ਪਾਤਸ਼ਾਹ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਵਿਸਾਖੀ ਦੀ ਸਵੇਰ ਨੂੰ ਗੁਰੂਡਮ ਦੇ ਹਨੇਰ ਵਿਚ ਭਿੰਡਰਾਂਵਾਲੇ ਸੰਤ ਚੜ੍ਹਦੇ ਸੂਰਜ ਵਾਂਗ ਪ੍ਰਗਟ ਹੋਏ। ਮੰਜੀ ਸਾਹਿਬ ਦੀਵਾਨ ਹਾਲ ਦੀ ਸਟੇਜ ਤੇ ਆ ਕੇ ਉਨ੍ਹਾਂ ਨੇ ਵਕਤ ਦੇ ਹਾਕਮ ਅਕਾਲੀਆਂ ਦੀ ਨਿਰੰਕਾਰੀਆਂ - ਪੱਖੀ ਨੀਤੀ ਤੇ ਨਰਮ ਪਾਲਿਸੀ ਨੂੰ ਵੰਗਾਰਿਆ। ਸਿੱਖ ਪੰਥ ਦੇ ਮੰਚ ਤੇ ਉਹ ਦੇਹਧਾਰੀ ਗੁਰੂ ਪ੍ਰਣਾਲੀ ਦੇ ਖਿਲਾਫ਼ ਜਹਾਦੀ ਬਣ ਕੇ ਉਭਰੇ। ਅੱਜ ਤੋਂ ਪਹਿਲਾਂ ਉਨ੍ਹਾਂ ਦੀ ਪਛਾਣ ਭਿੰਡਰਾਂਵਾਲੇ ਜਥੇ ਤੇ ਉਸ ਦੀ ਸਿੱਖੀ ਸੇਵਕੀ ਤੱਕ ਹੀ ਸੀਮਿਤ ਸੀ, ਲੇਕਿਨ ਅੱਜ ਉਨ੍ਹਾਂ ਦੇ ਨਾਂ ਦਾ ਜ਼ਿਕਰ ਸਿੱਖ ਸੰਸਾਰ ਵਿਚ ਛਿੜਿਆ। ਅੱਜ ਉਨ੍ਹਾਂ ਦੇ ਨਾਂ ਦੀ ਚਰਚਾ ਗਲ਼ੀ ਗਲ਼ੀ ਵਿਚ ਚੱਲੀ ਤੇ ਅੱਜ ਦਾ ਦਿਨ 13 ਅਪ੍ਰੈਲ 1978 ਲੋਕ - ਜੀਵਨ ਵਿਚ ਉਨ੍ਹਾਂ ਦਾ ਜਨਮ ਦਿਨ ਬਣਿਆ ।



Digitized by Panjab Digital Library | www.panjabdigilib.org

# ਉਮਰ : 5 ਸਾਲ

1983 ਦੀ ਵਿਸਾਖੀ ਨੂੰ ਸੰਤ ਜਰਨੈਲ ਸਿੰਘ ਦੀ ਆਵਾਮੀ ਜ਼ਿੰਦਗੀ ਦੇ 5 ਵਰ੍ਹੇ ਹੋਏ ਤੇ ਛੇਵਾਂ ਵਰ੍ਹਾਂ ਸ਼ੁਰੂ ਹੋ ਗਿਆ ।

ਬੀਤੇ ਪੰਜਾਂ ਸਾਲਾਂ ਵਿਚ ਸੰਤ ਜੀ ਸ਼ੋਹਰਤ ਦੀ ਸ਼ਾਹਰਾਹ ਉਤੇ ਛੜੱਪੇ ਮਾਰ ਕੇ ਅੱਗੇ ਵਧਦੇ ਰਹੇ ਹਨ ਤੇ ਉਨ੍ਹਾਂ ਨੇ ਕੇਵਲ ਪੰਜਾਂ ਸਾਲਾਂ ਵਿਚ ਹੀ ਅੱਧੀ ਸਦੀ ਜਿੱਡਾ ਲੰਮਾ ਸਫ਼ਰ ਮੁਕਾ ਲਿਆ ਹੈ । ਉਨ੍ਹਾਂ ਨੂੰ ਅੱਗੇ ਲਿਜਾਣ ਵਿਚ ਸਮੇਂ ਦੇ ਬਲਵਾਨ ਵੇਗ ਨੇ ਬੜਾ ਸਾਥ ਦਿੱਤਾ ਹੈ । ਜਹਾਦੀ ਜਜ਼ਬੇ ਨਾਲ ਤੁਰਨ ਦੀ ਆਦਤ ਉਨ੍ਹਾਂ ਵਿਚ ਬਚਪਨ ਤੋਂ ਹੀ ਸੀ ਪਰ ਬੀਤੇ ਕੁਝ ਸਾਲਾਂ ਵਿਚ ਕੁਝ ਅਜਿਹੀਆਂ ਘਟਨਾਵਾਂ ਵੀ ਵਾਪਰੀਆਂ, ਜਿਨ੍ਹਾਂ ਉਤੇ ਕਾਠੀ ਪਾ ਕੇ ਉਹ ਆਪਣੇ ਸਮਕਾਲੀ ਸਿਆਸੀ, ਸਮਾਜੀ ਤੇ ਧਾਰਮਿਕ ਸਿੱਖ ਆਗੂਆਂ ਨੂੰ ਪਛਾੜ ਕੇ ਅੱਗੇ ਲੰਘ ਗਏ । ਵਿਸ਼ੇਸ਼ ਘਟਨਾਵਾਂ, ਜਿਨ੍ਹਾਂ ਸਦਕਾ ਸੰਤ ਜੀ ਸਿੱਖ ਜਗਤ ਵਿਚ ਖਾਸ ਕਰਕੇ ਤੇ ਭਾਰਤ ਸਮੇਤ ਸਾਰੀ ਦੁਨੀਆਂ ਵਿਚ ਆਮ ਤੌਰ ਤੇ ਚਰਚਾ ਦਾ ਵਿਸ਼ਾ ਬਣੇ, ਦੀ ਸੰਖੇਪ ਰੀਪੋਰਟ ਅੱਗੇ ਦਿੱਤੀ ਜਾ ਰਹੀ ਹੈ ।

## ਮਾਤਮੀ ਮਾਹੌਲ ਵਿਚ ਤੋਹਮਤਬਾਜ਼ੀ

1978 ਦੀ ਵਿਸਾਖੀ ਨੂੰ ਦੁਪਹਿਰੋਂ ਬਾਅਦ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਚਾਰੇ ਪਾਸੇ ਮਾਤਮ ਹੀ ਮਾਤਮ ਛਾਇਆ ਹੋਇਆ ਸੀ । ਸ੍ਰੀ ਦਰਬਾਰ ਸਾਹਿਬ ਦੇ ਇਲਾਕੇ ਵਿਚ ਸੋਗੀ ਵਾਤਾਵਰਨ ਪੈਦਾ ਹੋ ਚੁੱਕਾ ਸੀ । ਇਸ ਦੁਖਦਾਈ ਘੜੀ ਵਿਚ ਇਸ ਜਗ੍ਹਾ ਸਿਵਾਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਸਿੱਖਾਂ ਨੂੰ ਹੌਸਲਾ ਦੇਣ ਵਾਲਾ ਹੋਰ ਕੋਈ ਨਹੀਂ ਸੀ । ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਮੁਚੀ ਅਕਾਲੀ ਲੀਡਰਸ਼ਿਪ ਗ਼ੈਰ - ਹਾਜ਼ਰ ਸੀ । ਅਕਾਲੀ ਆਗੂ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ, ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ, ਬਾਬਾ ਸੰਗ ਢੇਸੀਆਂ (ਜਲੰਧਰ) ਤੇ ਕਰਤਾਰਪੁਰ ਜ਼ਿਲ੍ਹਾ ਜਲੰਧਰ ਆਦਿ ਇਤਿਹਾਸਕ ਅਸਥਾਨਾਂ ਤੇ ਵਿਸਾਖੀ ਦੇ ਮੌਕੇ ਤੇ ਕੀਤੇ ਜਾ ਰਹੇ ਧਾਰਮਿਕ ਸਮਾਗਮਾਂ ਵਿਚ ਹਿੱਸਾ ਲੈਣ ਲਈ ਜਾ ਚੁੱਕੇ ਸਨ । ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੋ ਕਿ ਉਸ ਵਕਤ ਪੰਜਾਬ ਦੇ ਮੁਖ ਮੰਤਰੀ ਸਨ, ਪੰਜਾਬੀ ਐਸੋਸੀਏਸ਼ਨ ਦੇ ਸੱਦੇ ਉਪਰ ਵਿਸਾਖੀ ਦੀ ਰੰਗੀਨ ਸ਼ਾਮ ਮਨਾਉਣ ਲਈ ਬੰਬਈ ਪਹੁੰਚੇ ਹੋਏ ਸਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਿੱਜੀ ਸਹਾਇਕ ਸਰਦਾਰ ਅਬਿਨਾਸ਼ੀ ਸਿੰਘ ਨੇ ਟੈਲੀਫੋਨ ਕਰਕੇ ਜਥੇਦਾਰ ਟੌਹੜਾ ਤੇ ਸਰਦਾਰ ਬਾਦਲ ਨੂੰ ਅੰਮ੍ਰਿਤਸਰ ਦੇ ਦੁਖਾਂਤ ਤੋਂ ਜਾਣੂ ਕਰਵਾਇਆ ।

ਅਕਾਲੀ ਆਗੂਆਂ ਵਿਚੋਂ ਉਸ ਦਿਨ ਅੰਮ੍ਰਿਤਸਰ ਵਿਚ ਜੇ ਕੋਈ ਮੌਜੂਦ ਸੀ ਤਾਂ ਉਹ ਸੀ ਜਥੇਦਾਰ ਜੀਵਣ ਸਿੰਘ ਉਮਰਾਨੰਗਲ । ਉਹ ਤੇ ਉਨ੍ਹਾਂ ਦੇ ਸਾਥੀ ਵਕਤ ਦੀ ਨਜ਼ਾਕਤ ਤੇ ਪੰਥ ਉਤੇ ਆਏ ਸੰਕਟ ਦੀ ਉੱਕਾ ਹੀ ਕੋਈ ਪ੍ਰਵਾਹ ਨਾ ਕਰਦਿਆਂ ਇਸ ਮਾਤਮੀ ਮਾਹੌਲ ਵਿਚ ਵੀ ਤੋਹਮਤਬਾਜ਼ੀ ਤੋਂ ਬਾਜ਼ ਨਾ ਆਏ ਉਨ੍ਹਾਂ ਵਲੋਂ ਇਹ ਪ੍ਰਚਾਰਿਆ ਜਾਣ ਲੱਗ ਪਿਆ ਕਿ ਅੱਜ ਦੇ ਖ਼ੂਨ ਖਰਾਬੇ ਲਈ ਸੰਤ ਜਰਨੈਲ ਸਿੰਘ ਜ਼ਿੰਮੇਵਾਰ ਹਨ ਕਿਉਂਕਿ ਗਰਮ ਸੁਭਾਅ ਦੇ



Digitized by Panjab Digital Library | www.panjabdigilib.org

ਹੋਣ ਕਰਕੇ ਉਹ ਆਪਣੇ ਐਂਟੀ - ਨਿਰੰਕਾਰੀ ਜਜ਼ਬੇ ਤੇ ਕਾਬੂ ਨਹੀਂ ਰੱਖ ਸਕੇ ਤੇ ਆਪਣੇ ਸੇਵਕਾਂ ਅਤੇ ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਨੂੰ ਨਿਰੰਕਾਰੀ ਸਮਾਗਮ ਦੀ ਜਗ੍ਹਾ ਵੱਲ ਜਾਣ ਤੋਂ ਰੋਕ ਨਹੀਂ ਸਕੇ। ਉਨ੍ਹਾਂ ਵਿਚੋਂ ਕਈ ਇਹ ਇਲਜ਼ਾਮ ਲਾਉਂਦੇ ਸੁਣੇ ਗਏ ਕਿ, ਭਿੰਡਰਾਂਵਾਲੇ ਸੰਤਾਂ ਨੇ ਖੁਦ ਹੀ ਸਿੱਖ ਸੰਗਤਾਂ ਨੂੰ ਉਕਸਾ ਕੇ ਨਿਰੰਕਾਰੀ ਜਲਸਾ ਤੋੜਨ ਲਈ ਭੇਜਿਆ; ਜੇ ਸੰਤ ਅਜਿਹਾ ਨਾ ਕਰਦੇ ਤਾਂ ਖੂਨ ਖਰਾਬਾ ਟਲ ਸਕਦਾ ਸੀ। ਦੂਜੇ ਪਾਸੇ ਸੰਤਾਂ ਦੇ ਸੇਵਕ ਖੂਨੀ ਸਾਕੇ ਦੀ ਪੂਰੀ ਜ਼ਿੰਮੇਵਾਰੀ ਜਥੇਦਾਰ ਜੀਵਣ ਸਿੰਘ ਤੇ ਸੁੱਟਦੇ ਸਨ। ਉਹ ਕਹਿ ਰਹੇ ਸਨ ਕਿ ਜਥੇਦਾਰ ਜੀਵਣ ਸਿੰਘ ਉਮਰਾਨੰਗਲ ਪੰਜਾਬ ਸਰਕਾਰ ਦਾ ਨੁਮਾਇੰਦਾ ਸੀ, ਜੇ ਉਹ ਸਰਕਾਰੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਡੀ. ਸੀ. ਨੂੰ ਹੁਕਮ ਦੇ ਕੇ ਨਿਰੰਕਾਰੀ ਸੰਮੇਲਨ ਤੇ ਪਾਬੰਦੀ ਲਗਵਾ ਦਿੰਦਾ ਤਾਂ ਸਿੱਖਾਂ ਦੇ ਕਤਲੇਆਮ ਦਾ ਸਵਾਲ ਹੀ ਪੈਦਾ ਨਹੀਂ ਸੀ ਹੋਣਾ। ਉਮਰਾਨੰਗਲ ਨੂੰ ਦੋਸ਼ੀ ਠਹਿਰਾਉਂਦੇ ਹੋਏ ਉਹ ਇਹ ਵੀ ਕਹਿੰਦੇ ਸਨ ਕਿ ਜੀਉਣ ਸਿੰਘ ਦੇ ਨਿਰੰਕਾਰੀ ਪੱਖੀ ਨਰਮ ਰਵਈਏ ਕਾਰਨ ਹੀ ਸਿੰਘਾਂ ਦਾ ਲਹੂ ਡੁੱਲ੍ਹਿਆ ਤੇ ਸਿੱਖਾਂ ਦਾ ਸਿਰ ਨੀਵਾਂ ਹੋਇਆ।

## ਸਿੱਖ - ਨਿਰੰਕਾਰੀ ਸਾਕਾ

13 ਅਪ੍ਰੈਲ 1978 ਈ: ਦਾ ਦਿਨ ਸਿੱਖ ਇਤਿਹਾਸ ਵਿਚ 'ਸਿੱਖ - ਨਿਰੰਕਾਰੀ ਸਾਕਾ' ਦਿਵਸ ਅਥਵਾ 'ਖੂਨੀ ਵੈਸਾਖੀ' ਦੇ ਨਾਂ ਨਾਲ ਯਾਦ ਕੀਤਾ ਜਾਏਗਾ। 'ਸੰਤ ਨਿਰੰਕਾਰੀ ਮੰਡਲ' ਨੇ ਜਦੋਂ ਇਸ ਦਿਨ ਅੰਮ੍ਰਿਤਸਰ ਵਿਖੇ ਸਾਲਾਨਾ ਸਮਾਗਮ ਕਰਨ ਦਾ ਐਲਾਨ ਕੀਤਾ ਤਾਂ ਉਨ੍ਹਾਂ ਦਾ ਵਿਚਾਰ ਸੀ ਕਿ ਸੰਤ ਕਰਤਾਰ ਸਿੰਘ 'ਖਾਲਸਾ' ਦੇ ਅਕਾਲ ਚਲਾਣੇ ਉਪਰੰਤ ਉਹ ਖੁੱਲ੍ਹੇ ਤੌਰ ਤੇ ਸਮਾਗਮ ਕਰ ਸਕਣਗੇ ਅਤੇ ਉਨ੍ਹਾਂ ਨੂੰ ਆਪਣੇ ਪ੍ਰਚਾਰ ਵਿਚ ਰੁਕਾਵਟ ਨਹੀਂ ਆਏਗੀ। ਇਸ ਦੇ ਬਾਵਜੂਦ ਉਨ੍ਹਾਂ ਨੂੰ ਡਰ ਵੀ ਸੀ ਕਿ ਬੀਤੇ ਸਮੇਂ ਵਿਚ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਹੋਈਆਂ ਸਿੱਖ - ਨਿਰੰਕਾਰੀ ਝੜਪਾਂ ਅੰਤਮ ਨਹੀਂ ਸਮਝਣੀਆਂ ਚਾਹੀਦੀਆਂ ਅਤੇ ਭਵਿੱਖ ਵਿਚ ਵੀ ਅਜਿਹੀ ਝੜਪ ਹੋ ਸਕਦੀ ਹੈ। ਇਹੋ ਕਾਰਨ ਹੈ ਕਿ 'ਸੰਤ ਨਿਰੰਕਾਰੀ ਮੰਡਲ' ਵਲੋਂ ਆਪਣੇ ਅਨਆਈਆਂ ਨੂੰ ਉਪਰੋਕਤ ਸਮਾਗਮ ਵਿਚ ਸ਼ਾਮਲ ਹੋਣ ਲਈ ਲਾਇਸੰਸੀ ਅਤੇ ਗੈਰ - ਲਾਇਸੰਸੀ ਹਥਿਆਰ ਲਿਆਉਣ ਦੀ ਹਦਾਇਤ ਕੀਤੀ ਗਈ ਸੀ।

ਸੰਤ ਕਰਤਾਰ ਸਿੰਘ 'ਖਾਲਸਾ' ਦੀ ਅਗਵਾਈ ਹੇਠ ਨਿਰੰਕਾਰੀਆਂ ਦਾ ਭਾਵੇਂ ਸਮੁੱਚੇ ਸਿੱਖ ਜਗਤ ਵਲੋਂ ਵਿਰੋਧ ਕੀਤਾ ਗਿਆ ਸੀ ਪ੍ਰੰਤੂ ਮੁੱਖ ਤੌਰ ਤੇ ਇਹ ਵਿਰੋਧਤਾ ਭਿੰਡਰਾਂ ਜਥੇ ਅਤੇ 'ਸੰਤ ਨਿਰੰਕਾਰੀਆਂ' ਵਿਚਕਾਰ ਹੀ ਕੇਂਦ੍ਰਿਤ ਹੋ ਗਈ ਸੀ।

ਜਦੋਂ ਜ਼ਿਲ੍ਹਾ ਪ੍ਰਸ਼ਾਸਨ ਵਿਚ 'ਸੰਤ ਨਿਰੰਕਾਰੀ ਮੰਡਲ' ਦੇ ਪ੍ਰਚਾਰਕ ਅਫਸਰਾਂ ਦੇ ਦਬਦਬਾ ਕਰਨ ਉਨ੍ਹਾਂ ਨੂੰ ਸੀ. ਆਈ. ਡੀ. ਰੀਪੋਰਟ ਵਿਰੁੱਧ ਵੈਸਾਖੀ ਦੇ ਅਵਸਰ ਤੇ ਅੰਮ੍ਰਿਤਸਰ ਵਿਖੇ ਸਾਲਾਨਾ ਸਮਾਗਮ ਕਰਨ ਦੀ ਆਗਿਆ ਮਿਲ ਗਈ ਤਾਂ 'ਸੰਤ ਨਿਰੰਕਾਰੀਆਂ' ਦੇ ਹੌਂਸਲੇ ਵਧ ਗਏ ਅਤੇ ਉਨ੍ਹਾਂ ਨੇ ਸਮਾਗਮ ਦੀ ਸਫਲਤਾ ਲਈ ਪ੍ਰਚਾਰ ਆਰੰਭ ਕਰ ਦਿੱਤਾ ਅਤੇ ਸਮਾਗਮ ਵਿਚ ਸ਼ਾਮਲ ਹੋਣ ਲਈ ਲਾਲਾ ਜਗਤ ਨਾਰਾਇਣ, ਮੁੱਖ ਸੰਪਾਦਕ, ਹਿੰਦ ਸਮਾਚਾਰ, ਜਲੰਧਰ ਅਤੇ ਜਨਤਾ ਪਾਰਟੀ ਦੇ ਮੰਤਰੀ ਸ੍ਰੀ ਹਿਤ ਅਭਿਲਾਸ਼ੀ ਅਤੇ ਸ੍ਰੀ ਬਲਰਾਮ ਜੀ ਦਾਸ ਟੰਡਨ ਨੂੰ ਵੀ ਸੱਦਾ ਦਿੱਤਾ। ਨਿਰੰਕਾਰੀ ਸਮਾਗਮ ਦੀ ਸਫਲਤਾ ਲਈ ਅਖਬਾਰਾਂ ਵਿਚ ਇਸ਼ਤਿਹਾਰ ਛਪਵਾਏ ਗਏ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਥਾਂ ਪਰ ਥਾਂ ਪੋਸਟਰ ਲਾਏ ਗਏ। ਕਿਹਾ ਜਾਂਦਾ ਹੈ ਕਿ ਕੁਝ ਪੋਸਟਰ ਗੁਰੂ ਰਾਮਦਾਸ ਸਰਾਂ ਦੇ ਬਾਹਰ ਵੀ ਲੱਗੇ ਵੇਖੇ ਗਏ। ਇਸ ਦੇ ਨਾਲ ਹੀ 'ਸੰਤ ਨਿਰੰਕਾਰੀਆਂ' ਵਲੋਂ ਭਿੰਡਰਾਂ ਜਥੇ ਵਲੋਂ ਕੀਤੇ ਜਾਣ



Digitized by Panjab Digital Library | www.panjabdigilib.org

ਵਾਲੇ ਸੰਭਾਵਿਤ ਰੋਸ ਵਿਖਾਵੇ ਨਾਲ 'ਨਿਪਟਣ' ਲਈ ਵੀ ਪੂਰੀ ਤਿਆਰੀ ਕੀਤੀ ਗਈ। ਪੰਡਾਲ ਜਾਂ ਕੈਂਪ ਲਾਉਣ ਲਈ ਕੰਮ ਕਰਨ ਵਾਲੇ ਵਿਅਕਤੀ 2-3 ਦਿਨ ਪਹਿਲਾਂ ਭੇਜੇ ਗਏ ਜੋ ਮੁੰਡਾਸੇ ਮਾਰ ਕੇ ਰੱਖਦੇ ਸਨ ਅਤੇ ਉਨ੍ਹਾਂ ਕੋਲ ਬੰਦੂਕਾਂ, ਪਸਤੌਲ, ਬਰਛੇ ਅਤੇ ਹੋਰ ਅਸਲ੍ਹਾ ਹੁੰਦਾ ਸੀ। ਇਹ ਲੋਕ 'ਸੰਤ ਨਿਰੰਕਾਰੀ ਸੇਵਾ ਦਲ' ਦੇ ਮੈਂਬਰ ਦੱਸੇ ਜਾਂਦੇ ਸਨ (ਸੰਤ ਨਿਰੰਕਾਰੀ ਸੇਵਾ ਦਲ 'ਸੰਤ ਨਿਰੰਕਾਰੀ ਮੰਡਲ' ਦੀ ਨੀਮ ਫੌਜੀ ਸੰਸਥਾ ਹੈ। ਅਵਤਾਰ ਸਿੰਘ ਨੇ ਇਹ ਸੰਸਥਾ ਸਿੱਖਾਂ ਵਲੋਂ ਵਿਰੋਧ ਵਧਣ ਤੇ ਕਾਇਮ ਕੀਤੀ, ਜਿਸ ਦੀ ਗਿਣਤੀ ਇਸ ਵੇਲੇ 7 ਹਜ਼ਾਰ ਤੋਂ ਵੱਧ ਹੈ। ਸੇਵਾ ਦਲ ਨੂੰ ਕੰਟਰੋਲ ਕਰਨ ਵਾਲੀ ਪ੍ਰਮੁੱਖ ਸੰਸਥਾ ਸੇਵਾ ਦਲ ਬੋਰਡ ਹੈ, ਜੋ 'ਸੰਤ ਨਿਰੰਕਾਰੀ ਮੰਡਲ' ਨਾਲ ਤਾਲਮੇਲ ਰੱਖਦੀ ਹੈ। ਰਾਸ਼ਟਰੀ ਸਵਯਮ ਸੇਵਕ ਸੰਘ ਵਾਂਗ ਸੇਵਾ ਦਲ ਦੇ ਵਲੰਟੀਅਰਾਂ ਕੋਲ ਵੀ ਹਥਿਆਰ ਹੁੰਦੇ ਹਨ। ਇਸ ਦਾ ਪ੍ਰਬੰਧ ਕੇਂਦਰੀ ਸੇਵਾ ਦਲ ਅਧਿਕਾਰੀਆਂ ਰਾਹੀਂ ਹੁੰਦਾ ਹੈ)।

ਵੈਸਾਖੀ ਵਾਲੇ ਦਿਨ ਸੰਤ ਜਰਨੈਲ ਸਿੰਘ 'ਖਾਲਸਾ' ਸਵੇਰੇ ਮਾਝੇ ਦੇ ਪਿੰਡਾਂ ਵਿਚ ਪ੍ਰਚਾਰ ਉਪਰੰਤ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ ਗੁਰੂ ਰਾਮ ਦਾਸ ਨਿਵਾਸ ਵਿਖੇ ਟਿਕਾਣਾ ਕੀਤਾ। ਇਥੇ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ, 'ਸੰਤ ਨਿਰੰਕਾਰੀ ਸਮਾਗਮ' ਦੇ ਇਸ਼ਤਿਹਾਰ ਗੁਰੂ ਰਾਮਦਾਸ ਨਿਵਾਸ ਤੱਕ ਵੀ ਪਹੁੰਚੇ ਹਨ। ਗੁਰੂ ਰਾਮਦਾਸ ਨਿਵਾਸ ਤੋਂ ਮੰਜੀ ਸਾਹਿਬ ਨੂੰ ਆਉਂਦੇ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਮੈਨੇਜਰ ਮਿਲੇ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਮੈਨੇਜਰ ਤੋਂ ਅਜਿਹੇ ਇਸ਼ਤਿਹਾਰ ਲੱਗਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ, "ਪਤਾ ਨਹੀਂ, ਪਤਾ ਕਰਕੇ ਦੱਸਾਂਗੇ।" ਇਸੇ ਦੌਰਾਨ ਕਿਸੇ ਸਿੱਖ ਨੇ ਆਣ ਕੇ ਖਬਰ ਦਿੱਤੀ ਕਿ, 'ਸੰਤ ਨਿਰੰਕਾਰੀ' ਸ਼ਹਿਰ ਵਿਚ ਜਲੂਸ ਕੱਢ ਰਹੇ ਹਨ ਅਤੇ ਮੁਖੀ ਗੁਰਬਚਨ ਸਿੰਘ ਅਤੇ ਉਸ ਦੀ ਪਤਨੀ ਕੁਲਵੰਤ ਕੌਰ ਪਾਲਕੀ ਵਿਚ ਬੈਠੀ ਹੈ ਇਹ ਜਲੂਸ ਸਵੇਰੇ 7 ਵਜੇ ਆਰੰਭ ਹੋਇਆ ਸੀ ਅਤੇ ਇਸ ਵਿਚ ਲਗਭਗ 50 ਹਜ਼ਾਰ ਲੋਕ ਸ਼ਾਮਲ ਹੋਏ ਸਨ। ਸੰਤ ਜਰਨੈਲ ਸਿੰਘ 'ਖਾਲਸਾ' ਸਿੱਧੇ ਮੰਜੀ ਸਾਹਿਬ ਗਏ, ਜਿਥੇ ਵੈਸਾਖੀ ਦੇ ਅਵਸਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮਾਗਮ ਹੋ ਰਿਹਾ ਸੀ। ਉਸ ਵੇਲੇ ਦੇ ਮੁਖ ਮੰਤ੍ਰੀ ਸ. ਪ੍ਰਕਾਸ਼ ਸਿੰਘ ਬਾਦਲ ਪੰਜਾਬੀ ਐਸੋਸੀਏਸ਼ਨ, ਬੰਬਈ ਦੇ ਸੱਦੇ ਤੇ ਬੰਬਈ ਗਏ ਹੋਏ ਸਨ ਅਤੇ ਹੋਰ ਅਕਾਲੀ ਨੇਤਾ ਵੀ ਆਪੋ ਆਪਣੇ ਪ੍ਰੋਗਰਾਮ ਅਨੁਸਾਰ ਆਨੰਦਪੁਰ ਸਾਹਿਬ ਅਤੇ ਹੋਰ ਇਤਿਹਾਸਕ ਅਸਥਾਨਾਂ ਤੇ ਗਏ ਹੋਏ ਸਨ। ਇਸ ਲਈ ਅੰਮ੍ਰਿਤਸਰ ਦੇ ਪ੍ਰੋਗਰਾਮ ਦਾ ਇੰਚਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਜਨਰਲ ਸਕੱਤਰ ਹੋਣ ਦੇ ਨਾਤੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਥਾਪਿਆ ਗਿਆ ਸੀ, ਜੋ ਉਸ ਵੇਲੇ ਪੰਜਾਬ ਦੇ ਮਾਲ ਮੰਤਰੀ ਵੀ ਸਨ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਉਠ ਕੇ ਮੰਗ ਕੀਤੀ ਕਿ 'ਸੰਤ ਨਿਰੰਕਾਰੀ' ਜਲੂਸ ਵਿਚ ਸਿੱਖ ਮੱਤ ਵਿਰੋਧੀ ਪ੍ਰਚਾਰ ਹੋ ਰਿਹਾ ਹੈ, ਉਸ ਨੂੰ ਰੋਕਿਆ ਜਾਵੇ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਕਿਹਾ ਕਿ, ਨਿਰੰਕਾਰੀਆਂ ਨੂੰ ਬਾਕਾਇਦਾ ਸਰਕਾਰੀ ਆਗਿਆ ਅਨੁਸਾਰ ਸਮਾਗਮ ਕਰਨ ਦਿੱਤਾ ਜਾ ਰਿਹਾ ਹੈ ਅਤੇ ਉਹ ਇਸ ਨੂੰ ਰੋਕ ਨਹੀਂ ਸਕਦੇ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਮੁੜ ਉਠ ਕੇ ਕਿਹਾ ਕਿ, ਜੇ ਸਮਾਗਮ ਰੋਕਿਆ ਨਹੀਂ ਜਾ ਸਕਦਾ ਤਾਂ ਜ਼ਿਲ੍ਹਾ ਅਧਿਕਾਰੀ ਉਨ੍ਹਾਂ ਨੂੰ ਸਿੱਖੀ ਵਿਰੋਧੀ ਪ੍ਰਚਾਰ ਕਰਨ ਤੋਂ ਤਾਂ ਰੋਕ ਸਕਦੇ ਹਨ। ਜਥੇਦਾਰ ਜੀਵਨ ਸਿੰਘ ਨੇ ਉਤਰ ਦਿੱਤਾ ਕਿ, ਉਨ੍ਹਾਂ ਦੀ ਗੱਲ ਈ ਕੋਈ ਨਹੀਂ ਮੰਨਦਾ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਮੁੜ ਕਿਹਾ ਕਿ, "ਜੇ ਮੰਤ੍ਰੀ ਹੁੰਦਿਆਂ ਜ਼ਿਲ੍ਹਾ ਅਫਸਰ ਤੁਹਾਡੀ ਗੱਲ ਨਹੀਂ ਮੰਨਦੇ ਤਾਂ ਸਮਾਂ ਆਵੇਗਾ, ਤੁਹਾਡਾ ਕਿਹਾ ਪਟਵਾਰੀ ਵੀ ਨਹੀਂ ਮੰਨਣਗੇ। ਪਰ ਅਸੀਂ ਸਿੱਖੀ ਵਿਰੋਧੀ ਜਲੂਸ ਨੂੰ ਰੋਕਣ ਲਈ ਜਾ ਰਹੇ ਹਾਂ।"



Digitized by Panjab Digital Library | www.panjabdigilib.org

ਸੰਤ ਜਰਨੈਲ ਸਿੰਘ 'ਖਾਲਸਾ' ਮੰਜੀ ਸਾਹਿਬ ਦੀਵਾਨ ਵਿਚੋਂ ਉਠ ਕੇ ਮੁੜ ਗੁਰੂ ਰਾਮਦਾਸ ਨਿਵਾਸ ਵਿਖੇ ਆ ਗਏ ਅਤੇ ਜਥੇ ਦੇ ਸੇਵਕਾਂ ਨਾਲ ਸਲਾਹ ਮਸ਼ਵਰਾ ਕਰਨ ਉਪ੍ਰੰਤ ਸਮਾਗਮ ਅਤੇ ਜਲੂਸ ਰੋਕਣ ਲਈ ਆਪ ਜਥੇ ਦੀ ਅਗਵਾਈਕਰਨ ਦੀ ਇੱਛਾ ਪ੍ਰਗਟ ਕੀਤੀ ਪ੍ਰੰਤੂ ਅੰਤ ਵੱਡੇ ਟਕਰਾਅ ਨੂੰ ਰੋਕਣ ਲਈ ਫੈਸਲਾ ਹੋਇਆ ਕਿ ਜਥੇ ਦੀ ਅਗਵਾਈ ਸੰਤਜਰਨੈਲ ਸਿੰਘ 'ਖਾਲਸਾ' ਨਾ ਕਰਨ। ਸੰਤ ਜਰਨੈਲ ਸਿੰਘ 'ਖਾਲਸਾ' ਵਲੋਂ ਜ਼ਿਦ ਕਰਨ ਤੇ ਜਥੇ ਦੇ ਸੇਵਕਾਂ ਨੇ ਕਿਹਾ ਕਿ ਉਹ ਪੰਜ ਪਿਆਰਿਆਂ ਦੇ ਰੂਪ ਵਿਚ ਉਨ੍ਹਾਂ ਨੂੰ ਹੁਕਮ ਦੇ ਦੇਣਗੇ ਕਿ ਉਹ ਜਥੇ ਦੀ ਅਗਵਾਈ ਆਪ ਨਾ ਕਰਨ। ਇਸ ਲਈ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਸਮਾਗਮ ਅਤੇ ਜਲੂਸ ਰੋਕਣ ਦਾ ਆਪਣਾ ਇਰਾਦਾ ਤਿਆਗਣਾ ਪਿਆ। ਉਪਰੰਤ ਇਹ ਨਿਰਣਾ ਹੋਇਆ ਕਿ ਜਥੇ ਦੇ ਸੇਵਕ ਹੀ 'ਸੰਤ ਨਿਰੰਕਾਰੀਆਂ' ਨੂੰ ਸਿੱਖੀ ਵਿਰੁੱਧ ਪ੍ਰਚਾਰ ਤੋਂ ਵਰਜਣ।

ਇਸ ਵੇਲੇ ਅਖੰਡ ਕੀਰਤਨੀ ਜਥੇ ਵਲੋਂ ਵੈਸਾਖੀ ਦਾ ਵਾਰਸ਼ਿਕ ਸਮਾਗਮ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਵੀ ਅੰਮ੍ਰਿਤਸਰ ਵਿਖੇ ਹੀ ਮਨਾਈ ਜਾ ਰਹੀ ਸੀ। ਇਹ ਸਮਾਗਮ ਸੁਲਤਾਨਵਿੰਡ ਦਰਵਾਜ਼ੇ ਦੇ ਬਾਹਰ ਅਜੀਤ ਨਗਰ ਵਿਖੇ ਹੋ ਰਿਹਾ ਸੀ। ਭਾਈ ਕੇਸਰ ਸਿੰਘ ਰਾਹੀਂ ਇਸ ਸਮਾਗਮ ਵਿਚ ਪਤਾ ਲੱਗਾ ਕਿ 'ਸੰਤ ਨਿਰੰਕਾਰੀ' ਮੁਖੀ ਗੁਰਬਚਨ ਸਿੰਘ ਵਲੋਂ ਅੰਮ੍ਰਿਤਸਰ ਵਿਚ ਜਲੂਸ ਕੱਢਿਆ ਜਾ ਰਿਹਾ ਸੀ, ਜਿਸ ਵਿਚ ਸਦਾ ਵਾਂਗ ਨਿਰੰਕਾਰੀਆਂ ਵਲੋਂ ਸਿੱਖ ਗੁਰੂ ਸਾਹਿਬਾਨ ਵਿਰੁੱਧ ਕੁਬੋਲ ਬੋਲੇ ਜਾ ਰਹੇ ਸਨ। ਭਾਈ ਕੇਸਰ ਸਿੰਘ ਨੇ ਅਖੰਡ ਕੀਰਤਨੀ ਜਥੇ ਦੇ ਦੀਵਾਨ ਵਿਚ ਕਿਹਾ ਕਿ ਇਸ ਜਲੂਸ ਨੂੰ ਰੋਕੇ ਜਾਣ ਦੀ ਲੋੜ ਸੀ। ਕੀਰਤਨੀ ਜਥੇ ਦੇ ਗਿਆਨੀ ਹਜ਼ਾਰਾ ਸਿੰਘ, ਰਿਟਾਇਰਡ ਡੀ. ਐਸ. ਪੀ. ਨੇ ਦੀਵਾਨ ਵਿਚ ਐਲਾਨ ਕਰ ਦਿੱਤਾ, "ਖਾਲਸਾ ਜੀ! ਬਿਰਧ ਤੇ ਬੱਚਿਆਂ ਨੂੰ ਛੱਡ ਕੇ ਬਾਕੀ ਤੁਰ ਪਓ।" ਇਸ ਤਰ੍ਹਾਂ ਅਖੰਡ ਕੀਰਤਨੀ ਜਥੇ ਦੇ ਸਿੰਘ ਵੀ ਗੁਰੂ ਰਾਮ ਦਾਸ ਨਿਵਾਸ ਪੁੱਜ ਗਏ। ਇਸਸਮੇਂ ਤੱਕ ਜਲੂਸ ਖਤਮ ਹੋ ਚੁੱਕਾ ਸੀ। ਇਸ ਲਈ ਫੈਸਲਾ ਕੀਤਾ ਗਿਆ ਕਿ ਸ਼ਾਂਤਮਈ ਢੰਗ ਨਾਲ ਨਿਰੰਕਾਰੀਆਂ ਦੇ ਪੰਡਾਲ ਵਿਚ ਪੁੱਜ ਕੇ ਗੁਰ - ਨਿੰਦਾ ਵਿਰੁੱਧ ਰੋਸ ਪ੍ਰਗਟ ਕੀਤਾ ਜਾਏ। ਇਸ ਮੌਕੇ ਉਤੇ ਭਿੰਡਰਾਂ ਵਾਲੇ ਅਤੇ ਕੀਰਤਨੀ ਜਥੇ ਦੇ 5-5 ਸਿੰਘਾਂ ਨੂੰ ਜਥੇ ਦੀ ਅਗਵਾਈ ਸੌਂਪੀ ਗਈ। ਉਪਰੰਤ ਦੋਹਾਂ ਜਥਿਆਂ ਦੇ ਸਿੰਘ ਉਥੇ ਹੀ ਅਰਦਾਸ ਸੋਧ ਕੇ 'ਸੰਤ ਨਿਰੰਕਾਰੀ' ਸਮਾਗਮ (ਰੇਲਵੇ ਸਟੇਸ਼ਨ ਦੇ ਨੇੜੇ) ਵੱਲ ਤੁਰ ਪਏ। ਇਹ ਜਥਾ ਲੋਹਗੜ੍ਹ ਦਰਵਾਜ਼ੇ ਦੇ ਬਾਹਰ ਕਿਲ੍ਹੇ ਦੀ ਪ੍ਰੇਡ ਗਰਾਊਂਡ ਅਤੇ ਰੇਲਵੇ ਕਾਲੋਨੀ ਕੋਲ 'ਸੰਤ ਨਿਰੰਕਾਰੀ' ਸਮਾਗਮ ਅਸਥਾਨ ਤੋਂ 3-4 ਸੌ ਗਜ਼ ਦੇ ਫਾਸਲੇ ਤੇ ਪੁੱਜ ਗਿਆ। ਜਥੇ ਨੂੰ ਪੁਲਿਸ ਅਧਿਕਾਰੀਆਂ ਨੇ ਰੋਕਿਆ ਅਤੇ ਅੱਗੇ ਜਾਣ ਦਾ ਮੰਤਵ ਪੁੱਛਿਆ। ਜਥੇ ਦੇ ਆਗੂਆਂ ਨੇ ਦੱਸਿਆ ਕਿ ਨਿਰੰਕਾਰੀ ਜਲੂਸ ਅਤੇ ਸਮਾਗਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਗੁਰੂ ਸਾਹਿਬਾਨ ਪ੍ਰਤੀ ਨਿੰਦਨੀਯ ਸ਼ਬਦ ਵਰਤੇ ਜਾ ਰਹੇ ਹਨ ਅਤੇ ਜਥੇ ਦਾ ਪ੍ਰਯੋਜਨ ਨਿਰੰਕਾਰੀ ਮੁਖੀਆਂ ਨੂੰ ਅਜਿਹਾ ਕਰਨ ਤੋਂ ਰੋਕਣਾ ਸੀ। ਇਸ ਤੇ ਇਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਉਹ ਆਪ ਜਾ ਕੇ ਇਹ ਮੰਗ ਪੂਰੀ ਕਰਵਾ ਸਕਦੇ ਹਨ। ਜਥੇ ਨੂੰ ਉਥੇ ਹੀ ਰੁਕਣ ਲਈ ਕਿਹਾ ਗਿਆ। ਉਪਰੋਕਤ ਅਧਿਕਾਰੀ ਸਮਾਗਮ ਦੇ ਪੰਡਾਲ ਵੱਲ ਚਲਾ ਗਿਆ ਅਤੇ ਜਥਾ ਅੱਧੇ ਘੰਟੇ ਤੱਕ ਰੁਕਿਆ ਰਿਹਾ। ਵਾਪਸੀ ਤੇ ਉਸ ਨਾਲ ਹੋਰ ਪੁਲਿਸ ਅਧਿਕਾਰੀ ਵੀ ਸਨ। ਮੌਕੇ ਤੇ ਤਾਇਨਾਤ ਸਿਟੀ ਇੰਸਪੈਕਟਰ ਅਨੂਪ ਸਿੰਘ ਅਤੇ ਡੀ. ਐਸ. ਪੀ. ਓ. ਜੋਸ਼ੀ ਨੇ ਜਥੇ ਨੂੰ ਪਰਤ ਜਾਣ ਲਈ ਕਿਹਾ ਅਤੇ ਦੱਸਿਆ ਕਿ ਜਲਸਾ ਤਾਂ ਖਤਮ ਹੋ ਗਿਆ ਹੈ। ਪਰ ਉਸ ਸਮੇਂ ਤੱਕ ਲਾਊਡ ਸਪੀਕਰ ਤੇ ਭੜਕਾਊ ਭਾਸ਼ਨਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਜਥਾ ਅੱਗੇ



Digitized by Panjab Digital Library | www.panjabdigilib.org

ਵਧਿਆ ਅਤੇ ਪੁਲਿਸ ਨੇ ਜਥੇ ਨੂੰ ਰੋਕਣ ਲਈ ਗੋਲੀ ਚਲਾਈ । ਸ਼ਾਇਦ ਇਹ 'ਸੰਤ ਨਿਰੰਕਾਰੀ ਸੇਵਾ ਦਲ' ਵਲੰਟੀਅਰਾਂ ਅਤੇ ਹਥਿਆਰਬੰਦ ਨਿਰੰਕਾਰੀਆਂ ਲਈ ਇਸ਼ਾਰਾ ਸੀ । ਅੱਖ ਝਪਕਦੇ ਹੀ ਬਾਵਰਦੀ ਵਲੰਟੀਅਰਾਂ ਅਤੇ ਹਥਿਆਰਬੰਦ ਨਿਰੰਕਾਰੀਆਂ ਨੇ ਸਿੱਖਾਂ ਦੇ ਸ਼ਾਂਤਮਈ ਜਥੇ ਤੇ ਗੋਲੀਆਂ ਦੀ ਬੁਛਾੜ ਆਰੰਭ ਕਰ ਦਿੱਤੀ । ਅੱਗੇ ਨਿਰੰਕਾਰੀਆਂ ਦੀਆਂ ਗੋਲੀਆਂ ਸਨ ਅਤੇ ਪਿੱਛੇ ਪੁਲਿਸ ਦੀਆਂ । ਇਸ ਘੱਲੂਘਾਰੇ ਵਿਚ 13 ਸਿੱਖ ਸ਼ਹੀਦ ਅਤੇ 78 ਫੱਟੜ ਹੋਏ । ਆਮ ਚਰਚਾ ਹੈ ਅਤੇ ਗਿਆਨੀ ਪ੍ਰਤਾਪ ਸਿੰਘ, ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਵੀ ਲਿਖਿਆ ਹੈ ਕਿ ਡੀ. ਐਸ. ਪੀ. ਓ. ਡੀ. ਜੋਸ਼ੀ ਨੇ ਅਖੰਡ ਕੀਰਤਨੀ ਜਥੇ ਦੇ ਭਾਈ ਫੌਜਾ ਸਿੰਘ ਤੇ ਗੋਲੀ ਚਲਾਈ, ਜਿਸ ਨਾਲ ਉਹ ਸ਼ਹੀਦ ਹੋਏ ।

ਪੁਲਿਸ ਤੇ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਸਾਕੇ ਦੌਰਾਨ ਅਦਾ ਕੀਤੀ ਭੂਮਿਕਾ ਨਿੰਦਨੀਯ ਸੀ । ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਮੁਰਦੇਖਾਨੇ ਲਿਜਾਈਆਂ ਗਈਆਂ ਅਤੇ ਫੱਟੜ ਸਿੰਘ ਹਸਪਤਾਲ ਪਹੁੰਚਾਏ ਗਏ । ਭਾਈ ਫੌਜਾ ਸਿੰਘ ਅਤੇ ਕੁਝ ਹੋਰ ਸਿੰਘ, ਜੋ ਮੌਕੇ ਤੇ ਸ਼ਹੀਦ ਨਹੀਂ ਸਨ, ਪ੍ਰੰਤੂ ਗੰਭੀਰ ਰੂਪ ਵਿਚ ਫੱਟੜ ਸਨ, ਨੂੰ ਲਾਸ਼ਾਂ ਵਾਲੇ ਟਰੱਕ ਵਿਚ ਹੀ ਪਾ ਕੇ ਪਹਿਲਾਂ ਮੁਰਦੇਖਾਨੇ ਲਿਜਾਇਆ ਗਿਆ ਅਤੇ ਦੋ ਢਾਈ ਘੰਟੇ ਪਿੱਛੋਂ ਹਸਪਤਾਲ ਪਹੁੰਚਾਇਆ ਗਿਆ ਪ੍ਰੰਤੂ ਉਦੋਂ ਤੱਕ ਇਹ ਫੱਟੜ ਸਿੰਘ ਸ਼ਹੀਦੀ ਪ੍ਰਾਪਤ ਕਰ ਚੁੱਕੇ ਸਨ ਇਹ ਭਿਆਨਕ ਖੂਨੀ ਸਾਕਾ ਵਰਤਣ ਪਿੱਛੋਂ ਸਾਢੇ ਤਿੰਨ ਘੰਟੇ ਤੱਕ ਨਿਰੰਕਾਰੀ ਸਮਾਗਮ ਚੱਲਦਾ ਰਿਹਾ ਅਤੇ ਸ਼ਾਮ 5 ਵਜੇ ਖਤਮ ਹੋਇਆ । ਸਮਾਗਮ ਵਿਚ ਗੁਰਬਚਨ ਸਿੰਘ ਨੇ ਵੀ ਭਾਸ਼ਨ ਕੀਤਾ । ਪ੍ਰੰਤੂ 'ਮਾਨਵ ਏਕਤਾ ਦਿਵਸ' ਤੇ ਹੋਏ ਸੰਮੇਲਨ ਵਿਚ ਇਸ ਖੂਨੀ ਸਾਕੇ ਦੌਰਾਨ ਗਈਆਂ ਮਨੁੱਖੀ ਜਾਨਾਂ ਬਾਰੇ ਇਕ ਸ਼ਬਦ ਵੀ ਨਾ ਬੋਲਿਆ । ਇਸ ਪਿੱਛੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਕੇ. ਐਸ. ਜੰਜੂਆ ਗੁਰਬਚਨ ਸਿੰਘ ਨੂੰ ਆਪ ਜਲੰਧਰ ਤੱਕ ਛੱਡ ਕੇ ਆਏ । ਸ਼ਹੀਦਾਂ ਦੇ ਪੋਸਟ ਮਾਰਟਮ ਲਈ ਸਰਕਾਰ ਨੇ ਕੁਝ ਡਾਕਟਰਾਂ ਦਾ ਪੈਨਲ ਬਣਾਇਆ ਪ੍ਰੰਤੂ ਦੱਸਿਆ ਜਾਂਦਾ ਹੈ ਕਿ ਡਿਪਟੀ ਕਮਿਸ਼ਨਰ ਦੇ ਹੁਕਮ ਨਾਲ ਪੋਸਟ ਮਾਰਟਮ ਇਕੋ ਡਾਕਟਰ ਪਾਸੋਂ ਹੀ ਕਰਵਾਇਆ ਗਿਆ । ਨਿਰੰਕਾਰੀਆਂ ਦੇ 'ਮਾਨਵ ਏਕਤਾ ਸੰਮੇਲਨ' ਵਿਚ ਇਕ ਦਰਜਨ ਤੋਂ ਵੱਧ ਵਿਅਕਤੀ ਰਾਈਫਲਾਂ ਲਈ ਕਿਉਂ ਬੈਠੇ ਸਨ, ਇਹ ਅੱਜ ਤੱਕ ਇਕ ਬੁਝਾਰਤ ਹੀ ਹੈ ।

14 ਅਪ੍ਰੈਲ ਨੂੰ ਖੂਨੀ ਸਾਕੇ ਦੇ ਸ਼ਹੀਦਾਂ ਦੀਆਂ ਲਾਸ਼ਾਂ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਪ੍ਰਾਪਤ ਕੀਤੀਆਂ ਅਤੇ ਰਾਤ ਇਨ੍ਹਾਂ ਨੂੰ ਗੁਰੂ ਰਾਮ ਦਾਸ ਨਿਵਾਸ ਵਿਖੇ ਹੀ ਰੱਖਿਆ ਗਿਆ । 15 ਅਪ੍ਰੈਲ 1978 ਈ: ਨੂੰ ਸਵੇਰੇ ਸ਼ਹੀਦੀ ਜਲੂਸ ਕੱਢ ਕੇ ਸ਼ਹੀਦ ਸਿੰਘਾਂ ਦੀਆਂ ਅਰਥੀਆਂ ਬਿਬੇਕਸਰ ਵੱਲ ਲਿਜਾਈਆਂ ਜਾ ਰਹੀਆਂ ਸਨ ਕਿ ਰਸਤੇ ਵਿਚ 'ਬੀ' ਡਵੀਜ਼ਨ ਥਾਣੇ ਦੇ ਬਾਹਰ ਪੁਲਿਸ ਨਾਲ ਝੜਪ ਹੋਈ, ਜਿਸ ਦੇ ਸਿੱਟੇ ਵਜੋਂ ਇਕ ਵਿਅਕਤੀ ਸੁਰਿੰਦਰ ਸਿੰਘ ਦੀ ਮੌਤ ਹੋ ਗਈ । ਸ਼ਹੀਦਾਂ ਦੀਆਂ ਦੇਹਾਂ ਦਾ ਸਸਕਾਰ ਕਰਨ ਵੇਲੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਚਿਖਾ ਨੂੰ ਅਗਨੀ ਦਿਖਾਈ । ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਸਵਰਗੀ ਗਿਆਨੀ ਅਜਮੇਰ ਸਿੰਘ ਅਤੇ ਗਿਆਨੀ ਸੋਹਣ ਸਿੰਘ ਜੀ, ਹੈਡ ਗਰੰਥੀ ਦਰਬਾਰ ਸਾਹਿਬ, ਅੰਮ੍ਰਿਤਸਰ ਵੀ ਸਨ, ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸਮੂਹ ਸਿੱਖ ਜਥੇਬੰਦੀਆਂ ਤੋਂ ਛੁੱਟ ਸਿੱਖ ਸੰਪ੍ਰਦਾਵਾਂ ਦੇ ਮੁਖੀ, ਸੰਤ ਮਹਾਤਮਾ ਅਤੇ ਅਕਾਲੀ ਨੇਤਾ ਵੀ ਪੁੱਜੇ ਹੋਏ ਸਨ ।

ਵੈਸਾਖੀ ਦੀ ਘਟਨਾ ਨਾਲ ਜਿਥੇ ਸੰਗਤਾਂ ਵਿਚ ਸੰਤ ਜਰਨੈਲ ਸਿੰਘ



Digitized by Panjab Digital Library | www.panjabdigilib.org

'ਖਾਲਸਾ' ਇਕ ਨਾਇਕ ਵਜੋਂ ਉਭਰੇ, ਉਥੇ ਅਕਾਲੀ ਨੇਤਾ ਇਸ ਘਟਨਾ ਤੋਂ ਉਤਪੰਨ ਹੋਏ ਖਿਚਾਅ - ਪੂਰਨ ਹਾਲਾਤਅਤੇ ਅਕਾਲੀ ਸਰਕਾਰ ਦੀ ਸਿੱਖਾਂ ਵਿਚ ਸਾਖ ਘਟਣ ਕਾਰਨ ਪ੍ਰੇਸ਼ਾਨ ਹੋ ਗਏ। ਇਸ ਲਈ ਉਨ੍ਹਾਂ ਨੇ ਨਾ ਕੇਵਲ ਅੰਦਰੋ ਅੰਦਰ, ਸਗੋਂ ਸਪੱਸ਼ਟ ਤੌਰ ਤੇ ਵੀ ਸੰਤ ਜਰਨੈਲ ਸਿੰਘ 'ਖਾਲਸਾ' ਦੀ ਵਿਰੋਧਤਾ ਆਰੰਭ ਕਰ ਦਿੱਤੀ। 16 ਅਪ੍ਰੈਲ ਸਵੇਰ ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੱਦਿਆ। ਸੰਤ ਜਰਨੈਲ ਸਿੰਘ 'ਖਾਲਸਾ' ਉਥੇ ਪਹੁੰਚ ਕੇ ਲਗਭਗ ਇਕ ਘੰਟਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਾਹਮਣੇ ਬੈਠੇ ਰਹੇ, ਪ੍ਰੰਤੂ ਉਨ੍ਹਾਂ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨਾਲ ਕੋਈ ਗੱਲ ਨਾ ਕੀਤੀ। ਇਕ ਘੰਟੇ ਪਿੱਛੋਂ ਸੰਤ ਜਰਨੈਲ ਸਿੰਘ 'ਖਾਲਸਾ' ਫਤਿਹ ਬੁਲਾ ਕੇ ਗੁਰੂ ਰਾਮਦਾਸ ਨਿਵਾਸ ਪਰਤ ਆਏ। ਇਹ ਚੁੱਪ ਮੁਲਾਕਾਤ ਸਪੱਸ਼ਟ ਸੰਕੇਤ ਸੀ ਕਿ, ਅਕਾਲੀ ਨੇਤਾ ਸੰਤ ਜਰਨੈਲ ਸਿੰਘ 'ਖਾਲਸਾ' ਦੀਆਂ ਕਾਰਵਾਈਆਂ ਨੂੰ ਪਾਰਟੀ ਹਿਤਾਂ ਦੇ ਅਨੁਕੂਲ ਨਹੀਂ ਸਨ ਸਮਝਦੇ ਪ੍ਰੰਤੂ ਸੰਤ ਜਰਨੈਲ ਸਿੰਘ 'ਖਾਲਸਾ' ਤਾਂ ਪਾਰਟੀ ਅਨੁਸ਼ਾਸਨ ਅਤੇ ਹਿਤਾਂ ਦੇ ਪਾਬੰਦ ਨਹੀਂ ਸਨ। ਉਹ ਤਾਂ ਸਿੱਖੀ ਵਿਰੋਧੀ ਪ੍ਰਚਾਰ ਬ੍ਰਦਾਸ਼ਤ ਨਹੀਂ ਸਨ ਕਰਦੇ। ਇਸ ਲਈ ਉਨ੍ਹਾਂ ਨੇ ਇਸ ਵਿਰੋਧਤਾ ਦੀ ਪ੍ਰਵਾਹ ਨਾ ਕੀਤੀ ਅਤੇ ਨਾ ਕੇਵਲ ਨਿਰੰਕਾਰੀਆਂ ਵਿਰੁੱਧ ਪਰਚਾਰ ਹੀ ਜਾਰੀ ਰੱਖਿਆ ਸਗੋਂ ਸ਼ਹੀਦਾਂ ਲਈ ਇਨਸਾਫ਼ ਪ੍ਰਾਪਤੀ ਲਈ ਵੀ ਆਵਾਜ਼ ਉਠਾਉਣੀ ਜਾਰੀ ਰੱਖੀ।

ਜਲੰਧਰ ਦੇ ਕਈ ਅਖਬਾਰਾਂ ਨੇ ਨਿਰੰਕਾਰੀਆਂ ਅਤੇ ਸਿੱਖ ਵਿਰੋਧੀ ਸ਼ਕਤੀਆਂ ਦੀ ਪਿੱਠ ਠੋਕਣ ਦੀ ਨੀਤੀ ਅਪਨਾਉਂਦੇ ਹੋਏ ਖੂਨੀ ਸਾਕੇ ਦੇ ਪਿਛੋਕੜ ਵੱਲ ਧਿਆਨ ਨਾ ਦੇ ਕੇ ਇਸ ਨੂੰ ਅਖਾਉਤੀ 'ਘੱਟ ਗਿਣਤੀ ਦੇ ਧਾਰਮਿਕ ਕੰਮਾਂ ਵਿਚ ਦਖਲ' ਦਾ ਮਸਲਾ ਬਣਾ ਕੇ ਉਛਾਲਣਾ ਆਰੰਭ ਕਰ ਦਿੱਤਾ ਸੀ। ਪੰਜਾਬ ਦੀ ਅਕਾਲੀ - ਜਨਤਾ ਸਰਕਾਰ ਵਿਚ ਹਿੰਦੂ ਵਰਗ ਦੀ ਪ੍ਰਤੀਨਿਧਤਾ ਜਨਤਾ ਪਾਰਟੀ ਹੀ ਕਰਦੀ ਸੀ ਅਤੇ ਜਨਤਾ ਪਾਰਟੀ ਨੇ ਵੀ ਜਲੰਧਰ ਦੀਆਂ ਕੁਝ ਅਖਬਾਰਾਂ ਵਾਂਗ ਨਿਰੰਕਾਰੀਆਂ ਦੀ ਪਿੱਠ ਠੋਕਣੀ ਆਰੰਭ ਕਰ ਦਿੱਤੀ, ਜਿਸ ਕਾਰਨ ਅਕਾਲੀ ਦਲ ਕੁੜਿੱਕੀ ਵਿਚ ਫਸ ਗਿਆ। ਅਕਾਲੀ ਦਲ ਨੂੰ ਹਾਕਮ ਪਾਰਟੀ ਵਜੋਂ ਆਪਣੀ ਭਾਈਵਾਲ ਜਨਤਾ ਪਾਰਟੀ ਦੀ ਵੀ ਤਸੱਲੀ ਕਰਾਉਣੀ ਪੈਂਦੀ ਸੀ ਅਤੇ ਦੂਜੇ ਪਾਸੇ ਆਪਣੇ ਜਨਤਕ ਆਧਾਰ, ਸ਼ਰਧਾਵਾਨ ਸਿੱਖਾਂ ਦੇ ਜਜ਼ਬਾਤਾਂ ਅਤੇ ਉਮੰਗਾਂ ਦੀ ਪੂਰਤੀ ਵੀ ਕਰਨੀ ਪੈ ਰਹੀ ਸੀ। ਅਕਾਲੀ ਦਲ ਦੁਬਿਧਾ ਵਿਚ ਸੀ ਕਿ ਇਸ ਗੁੱਥੀ ਨੂੰ ਕਿਵੇਂ ਸੁਲਝਾਇਆ ਜਾਵੇ, ਜਿਸ ਨਾਲ ਜਨਤਾ ਪਾਰਟੀ ਅਤੇ ਸਿੱਖ ਹਿਰਦੇ ਸ਼ਾਂਤ ਹੋ ਸਕਣ। ਇਸੇ ਦੁਬਿਧਾ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਨੂੰ ਆਪਣੇ ਹੀ ਫੈਸਲੇ ਇਕ ਦੋ ਦਿਨਾਂ ਵਿਚ ਬਦਲਣੇ ਪਏ। ਇਨ੍ਹਾਂ ਦਿਨਾਂ ਵਿਚ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਅੰਮ੍ਰਿਤਸਰ ਵਿਖੇ ਮੀਟਿੰਗ ਹੋਈ, ਜਿਸ ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਰਜੀਤ ਸਿੰਘ ਬਰਨਾਲਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਸਵਰਗੀ ਜਥੇਦਾਰ ਮੋਹਣ ਸਿੰਘ ਤੁੜ ਅਤੇ ਸ. ਜਸਵਿੰਦਰ ਸਿੰਘ ਬਰਾੜ ਸ਼ਾਮਲ ਨਾ ਹੋਏ। ਵਰਕਿੰਗ ਕਮੇਟੀ ਨੇ ਮੰਗ ਕੀਤੀ ਕਿ



Digitized by Panjab Digital Library / www.panjabdigilib.org

ਖੂਨੀ ਸਾਕੇ ਦੀ ਅਦਾਲਤੀ ਜਾਂਚ ਕਰਵਾਈ ਜਾਵੇ ਪ੍ਰੰਤੂ 17 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਮੰਤ੍ਰੀ ਮੰਡਲ ਨੇ ਫੈਸਲਾ ਕਰ ਦਿੱਤਾ ਕਿ ਅਦਾਲਤੀ ਜਾਂਚ ਨਾ ਕਰਕੇ ਫੌਜਦਾਰੀ ਕਾਰਵਾਈ ਕੀਤੀ ਜਾਏ ਅਤੇ ਜਾਂਚ ਇਕ ਮਹੀਨੇ ਵਿਚ ਮੁਕੰਮਲ ਕਰ ਲਈ ਜਾਏ। ਡੀ. ਆਈ. ਜੀ. ਜਲੰਧਰ ਰੇਂਜ ਸ: ਡੀ. ਐਸ. ਮਾਂਗਟ (ਇਹੋ ਡੀ. ਆਈ. ਜੀ. ਸਤੰਬਰ 1981 ਵਿਚ ਚੰਦੋਕਲਾਂ ਵਿਖੇ ਹੋਈਆਂ ਘਟਨਾਵਾਂ ਲਈ ਜ਼ਿੰਮੇਵਾਰ ਪੁਲਿਸ ਟੋਲੇ ਦਾ ਮੁਖੀ ਸੀ) ਨੂੰ ਜਾਂਚ ਲਈ ਨਿਯੁਕਤ ਕੀਤਾ ਗਿਆ ਅਤੇ 60 ਵਿਅਕਤੀ ਗ੍ਰਿਫਤਾਰ ਕਰ ਲਏ ਗਏ, ਜਿਨ੍ਹਾਂ ਵਿਚ ਨਿਰੰਜਣ ਸਿੰਘ, ਆਈ. ਏ. ਐਸ. ਵੀ ਸ਼ਾਮਲ ਸੀ। ਇਸੇ ਦੌਰਾਨ ਜੋ ਮੁੱਢਲੀ ਜਾਂਚ ਰੀਪੋਰਟ ਦਰਜ ਕਰਵਾਈ ਗਈ, ਉਸ ਵਿਚ ਵੀ ਇਹੋ ਕਿਹਾ ਗਿਆ ਕਿ ਪਹਿਲਾਂ ਨਿਰੰਕਾਰੀਆਂ ਵਲੋਂ ਹੀ ਗੋਲੀ ਚਲਾਈ ਗਈ। ਅਕਾਲੀ ਦਲ ਦੀ ਇਸ ਦੋਚਿੱਤੀ ਕਾਰਨ ਸਰਕਾਰ ਵਿਚ ਸ਼ਾਮਲ ਅਕਾਲੀ ਮੰਤ੍ਰੀ ਕੋਈ ਅਜੇਹਾ ਕਦਮ ਨਹੀਂ ਸਨ ਚੁੱਕਣਾ ਚਾਹੁੰਦੇ, ਜਿਸ ਕਾਰਨ ਹਿੰਦੂ ਉਨ੍ਹਾਂ ਨੂੰ ਅਸਹਿਨਸ਼ੀਲ ਜਾਂ ਕੱਟੜ ਵਰਦਾਨ ਸਕਣ ਪ੍ਰੰਤੂ ਫੇਰ ਵੀ ਡੀ. ਐਸ. ਪੀ. ਓ. ਜੋਸ਼ੀ ਨੂੰ 14 ਅਪ੍ਰੈਲ ਨੂੰ ਮੁਅੱਤਲ ਅਤੇ ਡਿਪਟੀ ਕਮਿਸ਼ਨਰ ਨੂੰ ਅਗਲੇ ਦਿਨ ਤਬਦੀਲ ਕਰ ਦਿੱਤਾ ਗਿਆ।

ਦੂਜੇ ਪਾਸੇ ਇਸ ਸਾਰੀ ਕਾਰਵਾਈ ਨਾਲ ਸੰਤ ਜਰਨੈਲ ਸਿੰਘ 'ਖਾਲਸਾ' ਉਨ੍ਹਾਂ ਦੇ ਸਹਿਯੋਗੀ ਅਤੇ ਅਖੰਡ ਕੀਰਤਨੀ ਜਥੇ ਵਾਲੇ ਸੰਤੁਸ਼ਟ ਨਹੀਂ ਸਨ। ਇਹਨੀਂ ਦਿਨੀਂ ਅੰਮ੍ਰਿਤਸਰ ਦੇ ਰੈਸਟ ਹਾਊਸ ਵਿਚ ਉੱਚ ਅਕਾਲੀ ਨੇਤਾਵਾਂ ਦੀ ਮੀਟਿੰਗ ਹੋਈ, ਜਿਸ ਦਾ ਮੰਤਵ ਇਹ ਸੀ ਕਿ ਕਿਸੇ ਤਰ੍ਹਾਂ ਸੰਤ ਜਰਨੈਲ ਸਿੰਘ 'ਖਾਲਸਾ' ਉਨ੍ਹਾਂ ਦੇ ਸਹਿਯੋਗੀਆਂ ਨੂੰ ਸੰਤੁਸ਼ਟ ਕੀਤਾ ਜਾਏ, ਪ੍ਰੰਤੂ ਇਹ ਮੰਤਵ ਤਾਂ ਪੂਰਾ ਨਾ ਹੋ ਸਕਿਆ, ਸਗੋਂ ਸ਼੍ਰੋਮਣੀ ਅਕਾਲੀ ਦਲ ਦੇ ਵਜ਼ਾਰਤੀ ਧੜੇ ਅਤੇ ਸੰਤ ਜਰਨੈਲ ਸਿੰਘ 'ਖਾਲਸਾ' ਵਿਚਕਾਰ ਕੁੜਿੱਤਣ ਵਧ ਗਈ। ਉਪਰੋਕਤ ਮੀਟਿੰਗ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਵੀ ਸੱਦਿਆ ਗਿਆ। ਜਦੋਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਅਦਾਲਤੀ ਜਾਂਚ ਨਾਲੋਂ ਫੌਜਦਾਰੀ ਕਾਰਵਾਈ ਦੀ ਵਕਾਲਤ ਕੀਤੀ ਤਾਂ ਸੰਤ ਜਰਨੈਲ ਸਿੰਘ 'ਖਾਲਸਾ' ਨੇ ਫੌਜਦਾਰੀ ਕਾਰਵਾਈ ਵਿਚ ਮੁਦੱਈ ਬਨਣ ਦਾ ਸੁਝਾਅ ਰੱਦ ਕਰ ਦਿੱਤਾ ਅਤੇ ਕਿਹਾ, "ਤੁਹਾਡੇ ਕੋਲੋਂ ਇਨ੍ਹਾਂ ਮੁਲਜ਼ਮਾਂ ਨੂੰ ਇਕ ਦਿਨ ਦੀ ਸਜ਼ਾ ਵੀ ਨਹੀਂ ਦੁਆਈ ਜਾਣੀ।" ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਤੇ ਉਤੇਜਿਤ ਹੋ ਕੇ ਕਿਹਾ, "ਤੁਸੀਂ ਨਜੂਮੀ ਹੋ, ਜੋ ਇਸ ਤਰ੍ਹਾਂ ਕਹਿੰਦੇ ਹੋ?" ਸੰਤ ਜਰਨੈਲ ਸਿੰਘ 'ਖਾਲਸਾ' ਨੇ ਉਤਰ ਦਿੱਤਾ, "ਮੈਂ ਨਜੂਮੀ ਤਾਂ ਨਹੀਂ ਪਰ ਤੁਹਾਡੇ ਲੱਛਣ ਦੱਸ ਰਹੇ ਹਨ। ਜੋ ਇਕ ਕਾਤਲ 13 ਸਿੰਘਾਂ ਦਾ ਕਤਲ ਕਰਕੇ ਸਾਢੇ ਤਿੰਨ ਘੰਟੇ ਤੱਕ ਮੌਕੇ ਤੇ ਰਹਿ ਕੇ ਚਲਾ ਜਾਏ ਤੇ ਪੁਲਿਸ ਉਸ ਨੂੰ ਫੜ ਨਾ ਸਕੇ ਤੇ ਅਫਸਰ ਆਪ ਛੱਡਣ ਜਾਣ ਤਾਂ ਤੁਸੀਂ ਭਲਾ ਸਜ਼ਾ ਕਿੱਥੋਂ ਦੁਆ ਲਓਗੇ? ਕਾਤਲ ਮੌਕੇ ਤੋਂ ਭੱਜ ਜਾਏ ਤਾਂ ਗੱਲ ਹੋਰ ਹੈ।"

ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਸੰਗਤਾਂ ਨੂੰ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ 22 ਅਪ੍ਰੈਲ ਨੂੰ ਸਮੂੰਹ ਗੁਰਦੁਆਰਿਆਂ ਵਿਚ ਅਖੰਡਪਾਠਾਂ ਦੇ ਭੋਗ ਪਾਉਣ ਦਾ ਸੱਦਾ ਦਿੱਤਾ ਅਤੇ ਮੁਖ ਸ਼ਰਧਾਂਜਲੀ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਇਆ। ਇਸ ਸਮਾਗਮ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਨੇ ਭਾਸ਼ਨ ਦਿੰਦੇ ਹੋਏ ਕਿਹਾ, "ਅਕਾਲੀ ਲੀਡਰਸ਼ਿਪ ਨੇ ਸਮਾਂ ਮੰਗਿਆ ਸੀ ਅਤੇ ਭਰੋਸਾ ਦੁਆਇਆ ਸੀ ਕਿ ਸ਼ਹੀਦਾਂ ਦੀ ਮੌਤ ਅਜਾਈਂ ਨਹੀਂ ਜਾਏਗੀ ਅਤੇ ਨਿਆਂ ਦਿੱਤਾ ਜਾਏਗਾ। ਅਸੀਂ ਸਮਾਂ ਦੇ ਦਿੱਤਾ ਹੈ। ਅਸੀਂ ਨਕਲੀ ਨਿਰੰਕਾਰੀਆਂ ਨਾਲ ਲੜਨ ਨਹੀਂ ਸਾਂ ਗਏ, ਜੇ ਲੜਨ ਜਾਂਦੇ ਤਾਂ ਉਹ ਬਚ ਕੇ ਨਾ ਨਿਕਲਦੇ। ਜੇ ਸਾਨੂੰ ਨਿਆਂ ਨਾ ਮਿਲਿਆ ਤਾਂ ਸਭ ਤੋਂ ਪਹਿਲਾਂ ਨਿਆਂ ਪ੍ਰਾਪਤੀ ਲਈ ਮੈਂ ਕੁਰਬਾਨੀ ਦਿਆਂਗਾ।" ਸੰਤ ਜਰਨੈਲ ਸਿੰਘ 'ਖਾਲਸਾ' ਦਾ ਇਹ ਪਹਿਲਾ



Digitized by Panjab Digital Library | www.panjabdigilib.org

ਅਜਿਹਾ ਭਾਸ਼ਨ ਸੀ, ਜਿਸ ਨੂੰ ਉਨ੍ਹਾਂ ਦੇ ਵਿਰੋਧੀਆਂ ਨੇ 'ਸਿਆਸੀ ਤੇ ਧਮਕੀ ਭਰਿਆ' ਅਤੇ ਹਮਾਇਤੀਆਂ ਨੇ 'ਇਤਿਹਾਸਕ ਅਤੇ ਚੇਤਾਵਨੀ ਭਰਪੂਰ' ਕਹਿ ਕੇ ਪ੍ਰਚਾਰਿਆ। ਇਸ ਪ੍ਰਕਾਰ ਸੰਤ ਜਰਨੈਲ ਸਿੰਘ 'ਖਾਲਸਾ' ਦੀ ਸ਼ਖਸੀਅਤ ਬਦੋਬਦੀ ਵਿਵਾਦ - ਗ੍ਰਸਤ ਬਣ ਗਈ। ਭਾਵੇਂ ਇਸ ਸਮਾਗਮ ਵਿਚ ਕੁਝ ਹੋਰ ਬੁਲਾਰਿਆਂ ਨੇ ਸੰਤ ਜਰਨੈਲ ਸਿੰਘ 'ਖਾਲਸਾ' ਤੋਂ ਵੀ ਸਖਤ ਸ਼ਬਦ ਵਰਤੇ ਪ੍ਰੰਤੂ ਜਲੰਧਰ ਦੀ ਪ੍ਰੈਸ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਹੀ ਆਪਣੀ ਆਲੋਚਨਾ ਦਾ ਕੇਂਦਰ ਬਿੰਦੂ ਬਣਾ ਲਿਆ।

ਇਸੇ ਸਮਾਗਮ ਵਿਚ ਹੀ ਸ. ਕਪੂਰ ਸਿੰਘ, ਸਾਬਕ ਆਈ. ਸੀ. ਐਸ. ਦੀ ਤਜਵੀਜ਼, ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਤਾਈਦ ਅਤੇ ਸਵਰਗੀ ਸ. ਅਮਰ ਸਿੰਘ ਦੁਸਾਂਝ ਦੀ ਪ੍ਰੋੜ੍ਹਤਾ ਨਾਲ ਹੇਠ ਲਿਖਿਆ ਸ਼ਰਧਾਂਜਲੀ ਮਤਾ ਪਾਸ ਹੋਇਆ:

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸਮੁੱਚੇ ਸਿੱਖ ਪੰਥ ਦਾ ਇਹ ਮਹਾਨ ਪ੍ਰਤੀਨਿਧ ਸਜਿਆ ਇਕੱਠ ਗੁਰੂ ਪਿਆਰੇ ਭਾਈ ਫੌਜਾ ਸਿੰਘ ਤੇ ਉਨ੍ਹਾਂ ਦੇ 12 ਹੋਰ ਨਾਮ ਰਸੀਏ, ਸਿੱਖੀ ਜਜ਼ਬਿਆਂ ਨਾਲ ਸਰਸ਼ਾਰ ਸਿੰਘਾਂ ਦੇ, ਵਿਸਾਖੀ ਦੇ ਪਾਵਨ ਗੁਰਪੁਰਬ ਸਮੇਂ, ਸ੍ਰੀ ਅੰਮ੍ਰਿਤਸਰ ਵਿਚ 13 - 4 - 1978 ਨੂੰ ਜੁਗੋ ਜੁਗ ਅਟੱਲ ਸ਼ਬਦ ਅਵਤਾਰ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ - ਪਦ ਦੀ ਮਹਾਨ ਵਡਿਆਈ, ਗੌਰਵਤਾ ਅਤੇ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਦੀ ਰਾਖੀ ਲਈ, ਨਕਲੀ ਨਿਰੰਕਾਰੀ ਗੁਰਬਚਨ ਸਿੰਘ ਦੀ ਸ਼ਹਿ ਅਤੇ ਹੁਕਮ ਨਾਲ ਨਿਹੱਥੇ, ਪੂਰਨ ਸ਼ਾਂਤਮਈ ਰਹਿੰਦਿਆਂ, ਖਿੜੇ ਮੱਥੇ, ਉਸ ਦੇ ਅਖੌਤੀ ਚਾਟੜਿਆਂ ਹੱਥੋਂ, ਗੋਲੀਆਂ ਨਾਲ ਭੁੰਨੇ ਜਾਣ ਅਤੇ ਆਪਣੀਆਂ ਛਾਤੀਆਂ ਨੂੰ ਛਾਨਣੀ ਕਰਵਾ ਕੇ ਸ਼ਹੀਦੀ - ਪਦ ਪ੍ਰਾਪਤ ਕਰਨ ਉਤੇ, ਉਨ੍ਹਾਂ ਨੂੰ ਹਾਰਦਿਕ, ਡੂੰਘੀ ਅਤੇ ਭਰਪੂਰ ਸ਼ਰਧਾਂਜਲੀ ਭੇਟ ਕਰਦਾ ਹੈ। ਇਹ ਮਹਾਨ ਇਕੱਠ ਅਨੁਭਵ ਕਰਦਾ ਹੈ ਕਿ, ਇਨ੍ਹਾਂ ਵੀਰ ਸ਼ਹੀਦਾਂ ਨੇ ਸਿੱਖ ਪੰਥ ਦੇ ਸ਼ਹੀਦੀ ਖਜ਼ਾਨੇ ਵਿਚ ਨਿਰਸੰਦੇਹ, ਨਾ ਕੇਵਲ ਇਕ ਭਾਰੀ ਵਾਧਾ ਕੀਤਾ ਹੈ, ਸਗੋਂ ਆਪਣੀਆਂ ਗੌਰਵਮਈ ਸ਼ਹੀਦੀਆਂ ਨਾਲ ਸਿੱਖ ਪੰਥ ਨੂੰ ਇਕ ਬਹੁਮੁੱਲਾ ਵਿਰਸਾ ਪ੍ਰਦਾਨ ਕਰਕੇ ਇਕ ਹਲੂਣਾ ਦਿੱਤਾ ਹੈ।

"ਸਮੁੱਚੇ ਸਿੱਖ ਪੰਥ ਦਾ ਇਹ ਇਤਿਹਾਸਕ ਇਕੱਠ ਸਰਕਾਰ ਤੋਂ ਮੰਗ ਕਰਦਾ ਹੈ ਕਿ, ਪਾਪੀ ਗੁਰਬਚਨ ਸਿੰਘ ਤੇ ਇਸ ਦੇ ਸਾਥੀ ਸਹਿਯੋਗੀ ਕਾਤਲਾਂ ਵਿਰੁੱਧ ਤੁਰੰਤ ਮੁਕੱਦਮੇ ਚਲਾਏ ਜਾਣ ਤੇ ਮਾਨਵਤਾ, ਧਰਮ ਅਤੇ ਸਦਾਚਾਰ ਦੇ ਇਨ੍ਹਾਂ ਦੁਸ਼ਮਣਾਂ, ਦੋਖੀਆਂ, ਹਤਿਆਰਿਆਂ ਤੇ ਪਾਖੰਡੀਆਂ ਨੂੰ ਕਰੜਾ ਦੰਡ ਦਿੱਤਾ ਜਾਏ, ਕਿਉਂਕਿ ਇਨ੍ਹਾਂ ਨੇ 'ਧਰਮ' ਦੇ ਪਵਿਤਰ ਨਾਮ ਨੂੰ ਕਲੰਕਿਤ ਕੀਤਾ ਹੈ। ਇਹ ਇਕੱਠ ਸਰਕਾਰ ਤੋਂ ਇਹ ਵੀ ਮੰਗ ਕਰਦਾ ਹੈ ਕਿ ਇਨ੍ਹਾਂ ਦੇ ਵਿਦੇਸ਼ ਨੂੰ ਭੱਜ ਜਾਣ ਦੇ ਨਾਪਾਕ ਇਰਾਦੇ ਨੂੰ ਅਸਫਲ ਬਣਾ ਦਿੱਤਾ ਜਾਏ।

"ਇਹ ਮਹਾਨ ਸਮਾਗਮ ਬੜੇ ਦੁਖਿਤ ਹਿਰਦੇ ਨਾਲ ਅਨੁਭਵ ਕਰਦਾ ਹੈ



Digitized by Panjab Digital Library | www.panjabdigilib.org

ਕਿ ਅਖੌਤੀ ਨਿਰੰਕਾਰੀ ਗੁਰਬਚਨ ਸਿੰਘ ਨੇ ਆਪਣੀ ਪੁਸਤਕ 'ਅਵਤਾਰ ਬਾਣੀ' ਵਿਚ ਸਿੱਖ ਧਰਮ, ਅਥਵਾ ਦੂਜੇ ਪ੍ਰਮਾਣੀਕ ਧਰਮਾਂ ਵਿਰੁੱਧ ਜ਼ਹਿਰੀਲਾ ਤੇ ਘਿਰਣਾ ਭਰਪੂਰ ਪ੍ਰਚਾਰ ਕਰਕੇ ਮਹਾਨ ਨਿਰਾਦਰ ਤੇ ਘੋਰ ਪਾਪ ਕੀਤਾ ਹੈ, ਇਸ ਲਈ ਇਹ ਮਹਾਨ ਸਮਾਗਮ ਇਸ ਦੀ ਕਰੜੀ ਨਿਖੇਧੀ ਅਤੇ ਇਸ ਨੂੰ ਫਿਟਕਾਰਿਤ ਕਰਦਾ ਹੈ ਅਤੇ ਸਰਕਾਰ ਪਾਸੋਂ 'ਅਵਤਾਰ ਬਾਣੀ' ਪੁਸਤਕ ਅਤੇ ਅਜਿਹੇ ਹੋਰ ਸਖ਼ਤ ਇਤਰਾਜ਼ ਯੋਗ ਲਿਟਰੇਚਰ ਨੂੰ ਤੁਰੰਤ ਜ਼ਬਤ ਕਰਨ ਦੀ ਮੰਗ ਕਰਦਾ ਹੈ।

"ਇਹ ਮਹਾਨ ਇਕੱਠ ਇਨ੍ਹਾਂ ਅਣਖੀਲੇ, ਜਾਂ - ਬਾਜ਼, ਸ਼ਹੀਦ ਪਰਵਾਰਾਂ ਨਾਲ ਹਾਰਦਿਕ ਤੇ ਆਦਰ ਭਰੀ ਸਮਵੇਦਨਾ ਪ੍ਰਗਟ ਕਰਦਾ ਹੈ ਤੇ ਸਮੁੱਚੇ ਸਿੱਖ ਪੰਥ ਨੂੰ ਅਪੀਲ ਕਰਦਾ ਹੈ ਕਿ ਇਨ੍ਹਾਂ ਸ਼ਹੀਦਾਂ ਦਾ ਭੂਰਪੂਰ ਸਤਿਕਾਰ ਕਰਦਿਆਂ ਇਨ੍ਹਾਂ ਦੀ ਢੁਕਵੀਂ ਯਾਦਗਾਰ ਸਥਾਪਤ ਕੀਤੀ ਜਾਏ।

"ਪੰਥ ਦਾ ਵਾਲੀ ਸਤਿਗੁਰ ਆਪਣੇ ਲਾਡਲੇ ਪੰਥ ਦੀ ਸਹਾਇਤਾ ਤੇ ਅਗਵਾਈ ਕਰੇ।"

ਉਪਰੋਕਤ ਮਤੇ ਰਾਹੀਂ ਭਿੰਡਰਾਂ ਵਾਲੇ ਜਥੇ ਤੇ ਦਮਦਮੀ ਟਕਸਾਲ ਅਤੇ ਇਸ ਦੇ ਮੁਖੀ ਸੰਤ ਜਰਨੈਲ ਸਿੰਘ 'ਖਾਲਸਾ' ਵਲੋਂ ਨਿਰੰਕਾਰੀਆਂ ਦੇ ਸਿੱਖੀ - ਵਿਰੋਧੀ ਪ੍ਰਚਾਰ ਨੂੰ ਖਤਮ ਕਰਨ ਲਈ ਚੁੱਕਿਆ ਬੀੜਾ ਸਮੁੱਚੇ ਸਿੱਖ ਪੰਥ ਨੇ ਆਪਣੇ ਜ਼ਿੰਮੇ ਲੈ ਲਿਆ।

ਵੈਸਾਖੀ ਦੇ ਸ਼ਹੀਦੀ ਸਾਕੇ ਦਾ ਰੰਜ ਸਿੱਖ ਜਗਤ ਵਿਚ ਨਿਰੰਤਰ ਕਾਇਮ ਸੀ ਅਤੇ ਇਸ ਦੇ ਪ੍ਰਤੀਕਰਮ ਵਜੋਂ ਵੱਖ ਵੱਖ ਥਾਵਾਂ ਤੇ ਨਿਰੰਕਾਰੀਆਂ ਵਿਰੁੱਧ ਰੋਸ ਵਿਖਾਵੇ ਹੋ ਰਹੇ ਸਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਅਕਾਲੀ ਦਲ ਨੇ 14 ਮਈ ਨੂੰ ਦਿੱਲੀ ਵਿਖੇ ਵਿਸ਼ਾਲ ਰੋਸ ਵਿਖਾਵਾ ਕੀਤਾ ਅਤੇ ਪ੍ਰਧਾਨ ਮੰਤ੍ਰੀ ਸ੍ਰੀ ਮੁਰਾਰਜੀ ਦੇਸਾਈ ਨੂੰ ਇਕ ਯਾਦ ਪੱਤਰ ਦੇਣ ਵੀ ਗਏ ਪ੍ਰੰਤੂ ਸ੍ਰੀ ਦੇਸਾਈ ਇਹ ਯਾਦ ਪੱਤਰ ਪ੍ਰਾਪਤ ਕਰਨ ਨਾ ਆਏ, ਜਿਸ ਨਾਲ ਸਿੱਖਾਂ ਵਿਚ ਰੋਸ ਹੋਰ ਵੀ ਵਧ ਗਿਆ। 17 ਮਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਿੱਖ ਕਨਵੈਨਸ਼ਨ ਸੱਦ ਲਈ, ਜਿਸ ਵਿਚ ਨਿਰੰਕਾਰੀਆਂ ਵਿਰੁੱਧ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਨਿਰਣਾ ਕੀਤਾ ਗਿਆ। ਕਨਵੈਨਸ਼ਨ ਨੇ ਗੰਭੀਰਤਾ ਨਾਲ ਸੋਚ ਵਿਚਾਰ ਉਪਰੰਤ ਗੁਰਮਤਾ ਕੀਤਾ ਕਿ ਨਿਰੰਕਾਰੀਆਂ ਵਿਰੁੱਧ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਤੋਂ ਹੁਕਮਨਾਮਾ ਜਾਰੀ ਕੀਤਾ ਜਾਏ। ਅਜਿਹੇ ਹੁਕਮਨਾਮੇ ਇਕੋ ਦਿਨ ਹੀ ਬਾਕੀ ਤਖਤ ਸਾਹਿਬਾਨ ਤੋਂ ਵੀ ਜਾਰੀ ਕੀਤੇ ਜਾਣ। ਹੁਕਮਨਾਮਾ ਤਿਆਰ ਕਰਨ ਲਈ ਇਕ 7 ਮੈਂਬਰੀ ਕਮੇਟੀ ਕਾਇਮ ਕੀਤੀ ਗਈ, ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ, ਸਾਬਕ ਜਥੇਦਾਰ ਗਿਆਨੀ ਪ੍ਰਤਾਪ ਸਿੰਘ, ਗਿਆਨੀ ਲਾਲ ਸਿੰਘ, ਸਾਬਕ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਗਿਆਨੀ ਗੁਰਦਿਤ ਸਿੰਘ, ਪ੍ਰੋਫੈਸਰ ਪ੍ਰਕਾਸ਼ ਸਿੰਘ, 'ਸਰਦਾਰ ਕਪੂਰ ਸਿੰਘ, ਸਾਬਕ ਆਈ. ਸੀ. ਐਸ. ਅਤੇ ਪ੍ਰਿੰਸੀਪਲ ਸਤਿਬੀਰ ਸਿੰਘ ਨੂੰ ਸ਼ਾਮਲ ਕੀਤਾ ਗਿਆ। ਕਮੇਟੀ ਨੇ ਹੁਕਮਨਾਮੇ ਦੀ ਸ਼ਬਦਾਵਲੀ ਨੂੰ ਅੰਤਮ ਰੂਪ ਦੇ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ ਨੂੰ ਬੇਨਤੀ ਕੀਤੀ ਕਿ, ਉਹ ਹੁਕਮਨਾਮਾ ਜਾਰੀ ਕਰਨ। 10 ਜੂਨ 1978 ਈ: ਦੇ ਦਿਨ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਅਤੇ ਬਾਕੀ ਤਖਤ ਸਾਹਿਬਾਨ ਤੋਂ 35 ਲਾਈਨਾਂ ਦਾ



Digitized by Panjab Digital Library | www.panjabdigilib.org

ਹੁਕਮਨਾਮਾ ਜਾਰੀ ਕਰ ਦਿੱਤਾ, ਜਿਸ ਵਿਚ ਕਿਹਾ ਗਿਆ ਕਿ ਹਰ ਸਿੱਖ ਦਾ ਫਰਜ਼ ਹੈ ਕਿ ਉਹ (ਨਕਲੀ) ਨਿਰੰਕਾਰੀਆਂ ਦੇ ਸਿੱਖੀ ਵਿਰੋਧੀ ਪ੍ਰਚਾਰ ਨੂੰ ਬੰਦ ਕਰਵਾਏ ਅਤੇ ਉਹ (ਨਕਲੀ) ਨਿਰੰਕਾਰੀਆਂ ਦੀਆਂ ਸਦਾਚਾਰ ਵਿਰੋਧੀ ਗੱਲਾਂ ਕਾਰਨ ਉਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਖ਼ਤਮ ਕਰੇ ।

ਭਾਵੇਂ ਨਿਰੰਕਾਰੀਆਂ ਦਾ ਸਿੱਖੀ ਵਿਰੁੱਧ ਪ੍ਰਚਾਰ ਬੰਦ ਕਰਵਾਉਣ ਲਈ ਹੁਕਮਨਾਮਾ ਜਾਰੀ ਹੋ ਗਿਆ ਸੀ ਅਤੇ ਹੋਰ ਵੀ ਯਤਨ ਜਾਰੀ ਸਨ, ਪ੍ਰੰਤੂ ਵੈਸਾਖੀ ਦੇ ਸਾਕੇ ਦੇ ਦੋਸ਼ੀਆਂ ਵਿਰੁੱਧ ਫੌਜਦਾਰੀ ਕਾਰਵਾਈ ਵਿਚ ਪ੍ਰਗਤੀ ਨਹੀਂ ਸੀ ਹੋਈ । ਭਾਵੇਂ ਗੁਰਬਚਨ ਸਿੰਘ ਦੇ ਪੰਜਾਬ ਸਰਕਾਰ ਵਲੋਂ ਵਾਰੰਟ ਜਾਰੀ ਕੀਤੇ ਗਏ ਸਨ ਪ੍ਰੰਤੂ ਉਹ ਵੱਖ ਵੱਖ ਅਦਾਲਤਾਂ ਵਿਚ ਪਹੁੰਚ ਕਰਕੇ ਪੇਸ਼ਗੀ ਜ਼ਮਾਨਤ ਕਰਵਾਉਣ ਵਿਚ ਸਫਲ ਹੋ ਗਿਆ ਸੀ । ਅਦਾਲਤ ਵਲੋਂ ਜਾਰੀ ਵਾਰੰਟਾਂ ਤੇ ਅਗਲੀ ਕਾਰਵਾਈ ਕਰਨ ਵਿਚ ਦਿੱਲੀ ਪ੍ਰਸ਼ਾਸਨ ਨੇ ਪੰਜਾਬ ਪੁਲਿਸ ਦੀ ਕੋਈ ਮਦਦ ਨਹੀਂ ਸੀ ਕੀਤੀ ਅਤੇ ਤਿੰਨ ਦੋਸ਼ੀਆਂ ਜੋਗਿੰਦਰ ਸਿੰਘ ਖੁਰਾਣਾ, ਪ੍ਰਤਾਪ ਸਿੰਘ ਅਤੇ ਤਾਰਾ ਸਿੰਘ ਦੇ ਨਿਰੰਕਾਰੀ ਭਵਨ ਵਿਚ ਲੁਕੇ ਹੋਣ ਬਾਰੇ ਪਤਾ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਾ ਕੀਤੀ ਜਾ ਸਕੀ, ਜਿਸ ਕਾਰਨ ਪੰਜਾਬ ਪੁਲਿਸ ਅਤੇ ਸਰਕਾਰ ਬੇਵੱਸ ਹੋ ਗਈ ਸੀ । ਗੁਰਬਚਨ ਸਿੰਘ ਭਾਰੀ ਪੁਲਿਸ ਪਹਿਰੇ ਹੇਠ ਜਾਂਚ ਵਿਚ ਸ਼ਾਮਲ ਹੋਣ ਲਈ ਹੀ ਅੰਮ੍ਰਿਤਸਰ ਆਇਆ ਸੀ । 22 ਜੂਨ ਨੂੰ ਸੁਪਰੀਮ ਕੋਰਟ ਨੇ ਕੇਸ ਦੀ ਕਾਰਵਾਈ ਤੇ ਸਟੇਅ ਜਾਰੀ ਕਰਕੇ ਕੇਸ ਅੰਮ੍ਰਿਤਸਰ ਤੋਂ ਕਰਨਾਲ ਤਬਦੀਲ ਕਰਨ ਦਾ ਹੁਕਮ ਦਿੱਤਾ ਸੀ । ਅਜਿਹੀ ਸਥਿਤੀ ਵਿਚ ਸੰਤ ਜਰਨੈਲ ਸਿੰਘ 'ਖਾਲਸਾ', ਉਨ੍ਹਾਂ ਦੇ ਸਹਿਯੋਗੀਆਂ ਅਤੇ ਸਿੱਖਾਂ ਵਿਚ ਬੇਚੈਨੀ ਫੈਲਣੀ ਕੁਦਰਤੀ ਸੀ ।

ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਹੋਣ ਪਿੱਛੋਂ ਹੁਕਮਨਾਮੇ ਨੂੰ ਲਾਗੂ ਕਰਾਉਣ ਦੀ ਸਮੱਸਿਆ ਸੀ । ਆਮ ਸਿੱਖ ਸੰਗਤਾਂ ਨੇ ਤਾਂ ਇਸ ਨੂੰ ਪ੍ਰਵਾਨ ਕਰ ਕੇ ਉਨ੍ਹਾਂ ਨਾਲ 'ਰੋਟੀ ਬੇਟੀ ਦੀ ਸਾਂਝ' ਖ਼ਤਮ ਕਰ ਦਿੱਤੀ ਸੀ ਅਤੇ ਕਈਆਂ ਨੇ ਤਾਂ ਰਿਸ਼ਤੇਦਾਰੀਆਂ ਵੀ ਤੋੜ ਦਿੱਤੀਆਂ ਸਨ; ਪ੍ਰੰਤੂ ਹੁਕਮਨਾਮੇ ਨੇ ਪੰਜਾਬ ਸਰਕਾਰ ਵਿਚ ਸ਼ਾਮਲ ਅਕਾਲੀ ਪ੍ਰਤੀਨਿਧਾਂ ਲਈ ਸੰਕਟ ਖੜ੍ਹਾ ਕਰ ਦਿੱਤਾ । ਗਿਆਨੀ ਪ੍ਰਤਾਪ ਸਿੰਘ, ਸਾਬਕ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਹੁਕਮਨਾਮਾ ਜਾਰੀ ਹੁੰਦੇ ਸਾਰ ਹੀ ਹੁਕਮਨਾਮੇ ਦੀ ਵਿਆਖਿਆ ਕਰ ਦਿੱਤੀ ਸੀ ਪ੍ਰੰਤੂ ਇਸ ਦੇ ਬਾਵਜੂਦ ਸਰਕਾਰ ਵਿਰੋਧੀ ਪ੍ਰਤਿਕੂਲ ਪ੍ਰਚਾਰ ਤੋਂ ਡਰ ਕੇ ਪੰਜਾਬ ਮੰਤ੍ਰੀ ਮੰਡਲ ਨੇ ਹੁਕਮਨਾਮੇ ਪ੍ਰਤੀ ਪੈਂਤੜਾ ਸਪੱਸ਼ਟ ਕਰਨ ਲਈ ਹੁਕਮਨਾਮੇ ਦੀ ਵਿਆਖਿਆ ਕਰਨ ਦਾ ਯਤਨ ਕੀਤਾ । 17 ਜੂਨ 1978 ਈ: ਨੂੰ ਪੰਜਾਬ ਮੰਤ੍ਰੀ ਮੰਡਲ ਦੀ ਮੀਟਿੰਗ ਵਿਚ ਇਹ ਸਪੱਸ਼ਟ ਕੀਤਾ ਗਿਆ ਕਿ "ਅਕਾਲ ਤਖਤ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਉਨ੍ਹਾਂ ਸਿੱਖਾਂ ਲਈ ਹੈ, ਜਿਨ੍ਹਾਂ ਦਾ ਅਕਾਲ ਤਖਤ ਸਾਹਿਬ ਤੇ ਵਿਸ਼ਵਾਸ਼ ਹੈ । ਦੂਸਰੇ ਲੋਕਾਂ ਤੇ ਸਰਕਾਰੀ ਕੰਮਾਂ ਕਾਜਾਂ ਤੇ ਇਸ ਦਾ ਕੋਈ ਅਸਰ ਨਹੀਂ ਪਵੇਗਾ ।" (ਅਕਾਲੀ ਪੱਤ੍ਰਕਾ - 17 ਜੂਨ 1978) ਇਸ ਦੌਰਾਨ ਹਿੰਦੂਆਂ ਦੀ ਪ੍ਰਤੀਨਿਧ ਸਿਆਸੀ ਜਥੇਬੰਦੀ ਜਨਤਾ ਪਾਰਟੀ ਨੇ ਸਰਕਾਰ ਵਿਚ ਭਾਈਵਾਲ ਹੋਣ ਕਾਰਨ ਅਕਾਲੀ ਦਲ ਅਤੇ ਉਸ ਦੇ ਮੰਤ੍ਰੀਆਂ ਉਤੇ ਆਪਣਾ ਦਬਾਅ ਕਾਇਮ ਰੱਖਿਆ ਅਤੇ ਉਨ੍ਹਾਂ ਨੂੰ ਨਰਾਜ਼ ਨਾ ਕਰਨ ਦੀ ਗਰਜ਼ ਨਾਲ ਕਈ ਥਾਵਾਂ ਤੇ ਕੁਝ ਅਕਾਲੀ ਮੰਤ੍ਰੀਆਂ ਨੇ ਆਪਣੇ ਧਾਰਮਿਕ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਵੀ ਉਨ੍ਹਾਂ ਦੀ ਸਹਾਇਤਾ ਕੀਤੀ । ਅਜਿਹੇ ਧੁੰਦਲੇ ਰਾਜਸੀ ਵਾਤਾਵਰਨ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਹੀ ਇਕ ਅਜਿਹੇ ਧਾਰਮਿਕ ਨੇਤਾ ਵਜੋਂ ਉਭਰੇ, ਜਿਨ੍ਹਾਂ ਨੇ ਸਖਤੀ ਨਾਲ ਹੁਕਮਨਾਮੇ ਤੇ ਅਮਲ ਨਾ ਕਰਨ ਵਾਲੇ ਮੰਤ੍ਰੀਆਂ ਦੀ ਵਿਰੋਧਤਾ ਕੀਤੀ ।



Digitized by Panjab Digital Library / www.panjabdigilib.org

ਸ਼ਰਧਾਵਾਨ ਅਤੇ ਸਿਧਾਂਤਵਾਦੀ ਸਿੱਖਾਂ ਲਈ ਹੁਕਮਨਾਮੇ ਦੀ ਵਿਆਖਿਆ ਸਰਕਾਰ ਵਲੋਂ ਕੀਤੇ ਜਾਣ ਅਤੇ ਉਸ ਨੂੰ ਕੇਵਲ ਅਜਿਹੇ ਸਿੱਖਾਂ ਲਈ ਜਾਰੀ ਹੋਇਆ ਦੱਸਣ "ਜਿਨ੍ਹਾਂ ਦਾ ਅਕਾਲ ਤਖਤ ਵਿਚ ਵਿਸ਼ਵਾਸ਼ ਹੈ", ਦੀ ਕਾਰਵਾਈ ਹੁਕਮਨਾਮੇ ਨੂੰ ਗਲਤ ਰੰਗਤ ਦੇਣ ਅਤੇ ਉਸ ਦੀ ਉਲੰਘਣਾ ਕਰਨ ਦੇ ਤੁਲ ਸੀ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਅਜਿਹੇ ਸ਼ਰਧਾਵਾਨ ਸਿੱਖਾਂ ਦੀ ਅਗਵਾਈ ਸੰਭਾਲੀ ਅਤੇ ਹੁਕਮਨਾਮੇ ਦੀ ਭਾਵਨਾ ਨੂੰ ਨਿਰੰਕਾਰੀ ਭਵਨਾਂ ਨੂੰ ਬੰਦ ਕਰਵਾਉਣਾ ਦਰਸਾਇਆ। ਕਿਉਂਕਿ ਸਿੱਖ ਵਿਰੋਧੀ ਨਿਰੰਕਾਰੀ ਪ੍ਰਚਾਰ ਬੰਦ ਹੀ ਤਾਂ ਕਰਵਾਇਆ ਜਾ ਸਕਦਾ ਸੀ, ਜੇ ਉਨ੍ਹਾਂ ਦੇ ਕੇਂਦਰੀ ਸ਼ਕਤੀ ਸ੍ਰੋਤ ਬੰਦ ਕਰਵਾਏ ਜਾਂਦੇ 16 ਅਗਸਤ 1978 ਈ: ਨੂੰ ਸੰਤ ਕਰਤਾਰ ਸਿੰਘ 'ਖਾਲਸਾ' ਦੀ ਬਰਸੀ ਉਤੇ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਅਕਾਲੀ ਨੇਤਾਵਾਂ ਦੀ ਹਾਜ਼ਰੀ ਵਿਚ ਐਲਾਨ ਕਰ ਦਿੱਤਾ ਕਿ ਉਹ 20 ਅਗਸਤ ਤੋਂ ਆਪਣੀ ਨਿਰੰਕਾਰੀ ਭਵਨ ਬੰਦ ਕਰਵਾਉਣ ਦੀ ਮੁਹਿੰਮ ਦਾ ਆਰੰਭ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਬੰਦ ਕਰਵਾ ਕੇ ਕਰਨਗੇ। ਸੰਤ ਜਰਨੈਲ ਸਿੰਘ 'ਖਾਲਸਾ' ਵਲੋਂ ਇਹ ਐਲਾਨ ਕਰਨ ਦੀ ਦੇਰ ਸੀ ਕਿ, ਅਕਾਲੀ ਨੇਤਾਵਾਂ ਅਤੇ ਮੰਤ੍ਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੁਝ ਕੁ ਅਕਾਲੀ ਮੰਤ੍ਰੀਆਂ ਨੇ ਤਾਂ ਇਸ ਕਦਮ ਨੂੰ ਸ਼ਾਂਤੀ ਭੰਗ ਕਰਨ ਦਾ ਅਜਿਹਾ ਹਥਿਆਰ ਦੱਸਿਆ ਜੋ ਕਿਸੇ ਸਿਆਸੀ ਇਸ਼ਾਰੇ ਤੇ ਚੁੱਕਿਆ ਜਾ ਰਿਹਾ ਸੀ। ਸਿਆਸੀ ਇਸ਼ਾਰੇ ਤੋਂ ਸਪੱਸ਼ਟ ਸੰਕੇਤ ਕਾਂਗਰਸ ਪਾਰਟੀ ਵੱਲ ਸੀ ਕਿਉਂਕਿ ਉਹ ਉਸ ਵੇਲੇ ਰਾਜ ਵਿਚ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਸੀ। ਅਜਿਹੀ ਸਥਿਤੀ ਵਿਚ ਹੀ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕਰਨ ਦੀ ਵੀ ਗੋਂਦ ਗੁੰਦੀ ਗਈ।

ਸੰਤ ਜਰਨੈਲ ਸਿੰਘ 'ਖਾਲਸਾ' ਭਵਨ ਬੰਦ ਕਰਾਉਣ ਦੀ ਮੁਹਿੰਮ ਦਾ ਵੱਧ ਤੋਂ ਵੱਧ ਪ੍ਰਚਾਰ ਕਰਕੇ ਸਿੱਖ ਸੰਗਤਾਂ ਦੀ ਹਿਮਾਇਤ ਪ੍ਰਾਪਤ ਕਰਨ ਦੇ ਇੱਛਕ ਸਨ। ਇਸ ਲਈ ਉਨ੍ਹਾਂ ਨੇ 17 ਤੋਂ 20 ਅਗਸਤ ਦਰਮਿਆਨ ਹਰ ਸਿੱਖ ਸਟੇਜ ਤੇ ਇਹ ਪ੍ਰਚਾਰ ਕਰਨ ਦਾ ਨਿਰਣਾ ਕਰ ਲਿਆ। 17 ਅਗਸਤ ਨੂੰ ਹੀ ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਦਾ ਮੇਲਾ ਸੀ। ਇਸ ਮੌਕੇ ਤੇ ਭਾਰੀ ਅਕਾਲੀ ਕਾਨਫਰੰਸ ਆਯੋਜਿਤ ਕੀਤੀ ਗਈ। ਸੰਤ ਜਰਨੈਲ ਸਿੰਘ 'ਖਾਲਸਾ' ਵੀ ਇਥੇ ਪੁੱਜ ਗਏ ਅਤੇ ਉਨ੍ਹਾਂ ਨੇ 20 ਅਗਸਤ ਨੂੰ ਨਿਰੰਕਾਰੀ ਭਵਨ ਬੰਦ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਤੇ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਵੀ ਹਾਜ਼ਰ ਸਨ। ਸਰਕਾਰ ਨੂੰ ਇਸ ਮੌਕੇ ਤੇ ਗੜਬੜ ਦਾ ਪਹਿਲਾਂ ਹੀ ਖਤਰਾ ਸੀ ਅਤੇ ਅਧਿਕਾਰੀ ਅਤੇ ਸਿਆਸੀ ਪੱਧਰ ਤੇ ਇਹ ਫੈਸਲਾ ਵੀ ਕੀਤਾ ਜਾ ਚੁੱਕਾ ਸੀ ਕਿ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਭਾਸ਼ਨ ਉਪਰੰਤ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕਰ ਲਿਆ ਜਾਵੇ। ਇਸ ਵੇਲੇ ਤੱਕ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਆਪਣਾ ਨਿੱਜੀ ਦੁਸ਼ਮਣ ਸਮਝਣ ਲੱਗ ਪਏ ਸਨ। ਇਸ ਤੋਂ ਛੁੱਟ ਦੋਹਾਂ ਵਿਚ ਮਤਭੇਦ ਵੀ ਸਨ। ਸੰਤ ਜਰਨੈਲ ਸਿੰਘ 'ਖਾਲਸਾ' ਇਹ ਸਮਝਦੇ ਸਨ ਕਿ, ਜੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ 13 ਅਪ੍ਰੈਲ 1978 ਈ: ਨੂੰ ਨਿਰੰਕਾਰੀ ਸਮਾਗਮ ਰੁਕਵਾ ਦਿੰਦੇ ਤਾਂ ਸਿੱਖ - ਨਿਰੰਕਾਰੀ ਸਾਕਾ ਟਲ ਸਕਦਾ ਸੀ। ਦੂਜੇ ਪਾਸੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦਾ ਮੱਤ ਸੀ ਕਿ, ਜੇ ਸੰਤ ਜਰਨੈਲ ਸਿੰਘ 'ਖਾਲਸਾ' ਨਿਰੰਕਾਰੀ ਸਮਾਗਮ ਰੁਕਵਾਉਣ ਲਈ ਜੱਥਾ ਨਾ ਭੇਜਦੇ ਤਾਂ ਪੰਜਾਬ ਵਿਚ ਅਮਨ ਕਾਇਮ ਰਹਿ ਸਕਦਾ ਸੀ। ਸੰਤ ਜਰਨੈਲ ਸਿੰਘ 'ਖਾਲਸਾ' ਵਲੋਂ ਕਾਨਫਰੰਸ ਵਿਚ ਨਿਰੰਕਾਰੀ ਭਵਨ ਬੰਦ ਕਰਵਾਉਣ ਦੇ ਐਲਾਨ ਨੂੰ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਜ਼ਾਤੀ ਚੈਲੰਜ ਸਮਝਿਆ ਅਤੇ ਉਠ ਕੇ ਹੇਠ ਲਿਖਿਆ ਭਾਸ਼ਨ ਕੀਤਾ:



Digitized by Panjab Digital Library | www.panjabdigilib.org

"ਸੁਣ ਲਓ ਭਰਾਵੋ! ਮੇਰੇ ਸ਼ੈਲਰ ਤੇ ਸਾਧ ਆਏ। ਮੈਨੂੰ ਉਨ੍ਹਾਂ ਕਿਹਾ ਉਮਰਾਨੰਗਲ ਮੰਗ ਲਾ ਕੁਝ! ਮੈਂ ਕਿਹਾ ਮੈਨੂੰ ਤੁਹਾਡੇ ਵਰਗੇ ਸਾਧਾਂ ਤੋਂ ਕੁਝ ਮੰਗਣ ਦੀ ਲੋੜ ਨਹੀਂ, ਮੇਰੇ ਸ਼ੈਲਰ ਤੋਂ ਚਲੇ ਜਾਓ। ਉਨ੍ਹਾਂ ਫੇਰ ਕਿਹਾ ਕਿ ਕੁਝ ਨਾ ਕੁਝ ਮੰਗ ਲੈ। ਤਾਂ ਮੈਂ ਉਨ੍ਹਾਂ ਨੂੰ ਧੱਕੇ ਮਾਰ ਕੇ ਕੱਢ ਦਿੱਤਾ। ਉਸੇ ਤਰ੍ਹਾਂ ਹੀ ਅੱਜ ਵੀ ਕਈ ਲੋਕ ਇਸੇ ਤਰ੍ਹਾਂ ਕਹਿੰਦੇ ਹਨ ਕਿ ਅਸੀਂ ਭਵਨ ਬੰਦ ਕਰਵਾਉਣਾ ਹੈ। ਪਰ ਮੈਂ ਜਰਨੈਲ ਸਿੰਘ ਨੂੰ ਕਹਿਨਾਂ ਕਿ ਤੂੰ ਭਵਨ ਬੰਦ ਕਰਾਵੀਂ, ਮੈਂ ਭਵਨ ਖੁਲ੍ਹਾਵਾਂਗਾ ਤੇ ਗੋਲੀਆਂ ਨਾਲ ਉਡਾਵਾਂਗਾ ...... ।"

ਉਪਰੋਕਤ ਭਾਸ਼ਨ ਸੁਣਨ ਦੀ ਦੇਰ ਸੀ ਕਿ ਸੰਗਤ ਵਿਚੋਂ ਕੁਝ ਵਧੇਰੇ ਉਤਸ਼ਾਹੀ ਲੋਕ ਸਟੇਜ ਤੇ ਆ ਚੜ੍ਹੇ ਅਤੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਤੇ ਸਰੀਰਕ ਬਲ ਦਾ ਪ੍ਰਯੋਗ ਕਰਨ ਲੱਗੇ। ਸਟੇਜ ਤੇ ਗੜਬੜ ਵੇਖ ਕੇ ਸੰਤ ਜਰਨੈਲ ਸਿੰਘ 'ਖਾਲਸਾ' ਮੁੜ ਲਾਊਡ ਸਪੀਕਰ ਤੇ ਆ ਕੇ ਬੋਲਣ ਲੱਗੇ ਤਾਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਉਸ ਸਮੇਂ ਦੇ ਨਿੱਜੀ ਸਹਾਇਕ ਸ. ਮੇਜਰ ਸਿੰਘ ਉਬੋਕੇ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਬਾਂਹ ਤੋਂ ਪਕੜ ਕੇ ਧੱਕਾ ਦੇ ਕੇ ਕਿਹਾ, "ਜਾਹ ਓ ਪਰ੍ਹੇ ਬਹਿ ਜਾ ਯਾਰ! ਤੂੰ ਰੌਲਾ ਈ ਪੁਆ ਦਿੱਤਾ।" ਸ. ਮੇਜਰ ਸਿੰਘ ਉਬੋਕੇ ਦੇ ਇਹ ਸ਼ਬਦ ਸੁਣ ਕੇ ਸੰਤ ਜਰਨੈਲ ਸਿੰਘ 'ਖਾਲਸਾ' ਮੁੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਚੌਰ ਫੜ ਕੇ ਆਣ ਬੈਠੇ। ਸੰਗਤ ਵਿਚ ਮੁੜ ਰੌਲਾ ਪੈ ਗਿਆ, ਜੋ ਸਟੇਜ ਪ੍ਰਬੰਧਕਾਂ ਦੇ ਕਾਬੂ ਤੋਂ ਬਾਹਰ ਹੋ ਰਿਹਾ ਸੀ। ਸ. ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਸਟੇਜ ਤੇ ਬੈਠੇ ਹੋਏ ਸਨ। ਸ. ਪ੍ਰਕਾਸ਼ ਸਿੰਘ ਬਾਦਲ ਨੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਕਿਹਾ ਕਿ ਉਹ 'ਸੰਤਾਂ' (ਸੰਤ ਜਰਨੈਲ ਸਿੰਘ 'ਖਾਲਸਾ') ਨੂੰ ਕਹਿਣ ਕਿ ਉਹ ਸਟੇਜ ਤੇ ਜਾ ਕੇ ਰੌਲਾ ਬੰਦ ਕਰਵਾਉਣ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਆਪਣੇ ਪ੍ਰਸਿੱਧ ਜਟਕਾ ਅੰਦਾਜ਼ ਵਿਚ ਕਿਹਾ, "ਤੂੰ ਕਹਿ ਦੇ ਖਾਂ।" ਇਸ ਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਬੇਨਤੀ ਕੀਤੀ, "ਸੰਤ ਜੀ! ਅੱਜ ਤੁਹਾਡੇ ਰੱਖਣ ਤੇ ਹੈ। ਚਾਹੇ ਮਰਵਾ ਦਿਓ, ਚਾਹੇ ਰੱਖ ਲਓ। ਸੰਤ ਜਰਨੈਲ ਸਿੰਘ 'ਖਾਲਸਾ' ਫੇਰ ਸਟੇਜ ਤੇ ਗਏ ਅਤੇ ਸੰਗਤਾਂ ਨੂੰ ਸੰਬੋਧਨ ਕਰਕੇ ਕਿਹਾ, "ਕੋਈ ਕਿੰਨਾ ਵੀ ਰੌਲਾ ਕਿਉਂ ਨਾ ਪਾਵੇ, ਉਸ ਦੀ ਗੱਲ ਜ਼ਰੂਰ ਸੁਣਨੀ ਚਾਹੀਦੀ ਹੈ। ਮਹਾਰਾਜ ਦੀ ਹਜ਼ੂਰੀ ਵਿਚ ਇਹ ਗੱਲ ਠੀਕ ਨਹੀਂ। ਜਥੇਦਾਰ ਉਮਰਾਨੰਗਲ ਪੰਜ ਮਿੰਟ ਹੋਰ ਬੋਲ ਲੈਣ।" ਇਸ ਤੇ ਸੰਗਤ ਸ਼ਾਂਤ ਤਾਂ ਹੋ ਗਈ ਪਰ ਉਸ ਨੇ ਜਥੇਦਾਰ ਉਮਰਾਨੰਗਲ ਨੂੰ ਮੁੜ ਬੋਲਣ ਨਾ ਦਿੱਤਾ। ਇਸ ਹਫੜਾ ਦਫੜੀ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕਰਨ ਦੀ ਸਕੀਮ ਧਰੀ ਦੀ ਧਰੀ ਰਹਿ ਗਈ ਅਤੇ ਚਿੱਟ ਕੱਪੜੀਏ ਪੁਲਸੀਏ ਪੰਡਾਲ ਵਿਚੋਂ ਭੱਜ ਕੇ ਦੂਰ ਸੜਕ ਤੇ ਜਾ ਪੁੱਜੇ।

ਸੰਤ ਜਰਨੈਲ ਸਿੰਘ 'ਖਾਲਸਾ ਨੇ ਐਲਾਨ ਅਨੁਸਾਰ 20 ਅਗਸਤ 1978 ਈ: ਨੂੰ ਚਾਰ ਹੋਰ ਸੰਤਾਂ ਨਾਲ ਅੰਮ੍ਰਿਤਸਰ ਦੇ ਨਿਰੰਕਾਰੀ ਭਵਨ ਦੇ ਤਾਲੇ ਬੰਦ ਹੋਣ ਦੀ ਜਾਂਚ ਕੀਤੀ। ਸੰਤ ਜਰਨੈਲ ਸਿੰਘ 'ਖਾਲਸਾ' ਨਾਲ ਉਸ ਵੇਲੇ ਸੰਤ ਉਤਮ ਸਿੰਘ ਖਡੂਰ ਸਾਹਿਬ, ਸੰਤ ਦਇਆ ਸਿੰਘ ਬਿਧੀ ਚੰਦੀਏ, ਬਾਬਾ ਬੀਰ ਬਿਕ੍ਰਮਾਜੀਤ ਸਿੰਘ, ਅੰਮ੍ਰਿਤਸਰ ਅਤੇ ਜਥੇਦਾਰ ਮੋਹਣ ਸਿੰਘ ਤੁੜ (ਸਾਬਕ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ) ਵੀ ਨਿਰੰਕਾਰੀ ਭਵਨ ਬੰਦ ਹੋਣ



Digitized by Panjab Digital Library | www.panjabdigilib.org

ਸੰਬੰਧੀ ਤਸੱਲੀ ਕਰਨ ਗਏ। ਨਿਰੰਕਾਰੀ ਭਵਨ ਅੱਗੇ ਐਸ. ਐਸ. ਪੀ. ਸ੍ਰੀ ਗੁਰਬਚਨ ਜਗਤ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਬੂਹੇ ਅੰਦਰ ਦੀ ਲਕੀਰ ਨਾ ਟੱਪਣ ਲਈ ਬੇਨਤੀ ਕੀਤੀ ਪ੍ਰੰਤੂ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਸੰਤ ਦਇਆ ਸਿੰਘ ਜੀ ਅੰਦਰ ਤੱਕ ਗਏ ਅਤੇ ਭਵਨ ਦੇ ਬੰਦ ਹੋਣ ਦੀ ਤਸੱਲੀ ਕਰਕੇ ਹੀ ਪਰਤੇ। ਨਾ ਕੇਵਲ ਅੰਮ੍ਰਿਤਸਰ, ਸਗੋਂ ਹੋਰ ਵੀ ਬਹੁਤ ਥਾਵਾਂ ਤੇ ਨਿਰੰਕਾਰੀ ਇਕੱਠ ਰੋਕੇ ਗਏ।

20 ਅਗਸਤ ਦੀ ਨਿਰੰਕਾਰੀ ਭਵਨ ਬੰਦ ਕਰਵਾਉਣ ਦੀ ਘਟਨਾ ਨੂੰ ਜਲੰਧਰ ਦੀਆਂ ਕੁਝ ਅਖ਼ਬਾਰਾਂ ਨੇ ਖੂਬ ਉਛਾਲਿਆ ਅਤੇ ਇਸ ਨੂੰ 'ਧੱਕੇਸ਼ਾਹੀ ਅਤੇ ਧਰਮ ਵਿਚ ਦਖਲ' ਕਰਾਰ ਦਿੱਤਾ ਅਤੇ ਉਹ ਜਨਤਾ ਮੰਤ੍ਰੀਆਂ ਨੂੰ ਪ੍ਰਭਾਵਿਤ ਕਰਨ ਵਿਚ ਸਫਲ ਵੀ ਹੋ ਗਈਆਂ। ਜਨਤਾ ਪਾਰਟੀ ਦੇ ਮੰਤਰੀਆਂ ਦੇ ਦਬਾਅ ਕਾਰਨ 25 ਅਗਸਤ ਨੂੰ ਸਰਕਾਰੀ ਤੌਰ ਤੇ ਐਲਾਨ ਕਰ ਦਿੱਤਾ ਗਿਆ ਕਿ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਉਨ੍ਹਾਂ ਦੇ 'ਹਥਿਆਰਬੰਦ ਸਾਥੀਆਂ' ਨੂੰ ਰਾਜ ਵਿਚ ਕਾਨੂੰਨ ਹੱਥ ਵਿਚ ਲੈਣ ਦੀ ਆਗਿਆ ਨਹੀਂ ਦਿੱਤੀ ਜਾਏਗੀ। ਸਰਕਾਰੀ ਪੱਧਰ ਤੇ ਅਕਾਲੀ ਮੰਤਰੀ ਦਬਾਅ ਹੇਠ ਆ ਰਹੇ ਸਨ ਅਤੇ ਪਾਰਟੀ ਪੱਧਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਿੱਖ ਜਜ਼ਬਾਤ ਨੂੰ ਸ਼ਾਂਤ ਕਰਨ ਦਾ ਕੋਈ ਵਿਚਲਾ ਰਸਤਾ ਲੱਭਣ ਦਾ ਯਤਨ ਕਰ ਰਹੇ ਸਨ। ਅੰਮ੍ਰਿਤਸਰ ਦੇ ਜਨਸੰਘੀ ਵਿਧਾਇਕ ਹਰਬੰਸ ਲਾਲ ਖੰਨਾ ਦੀ ਸ਼ਹਿ ਤੇ ਨਿਰੰਕਾਰੀਆਂ ਨੇ 27 ਅਗਸਤ ਨੂੰ ਇਕੱਠ ਕਰਨ ਦਾ ਐਲਾਨ ਕੀਤਾ ਸੀ ਅਤੇ ਦੂਜੇ ਪਾਸੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਇਸ ਨੂੰ ਰੋਕਣ ਦਾ ਐਲਾਨ ਕਰ ਦਿੱਤਾ ਸੀ। ਸਿੱਟੇ ਵਜੋਂ 27 ਅਗਸਤ ਨੂੰ ਵੱਡੀ ਪੱਧਰ ਤੇ ਅਮਨ ਭੰਗ ਹੋਣ ਦਾ ਖਤਰਾ ਸੀ। ਇਨ੍ਹਾਂ ਹੀ ਦਿਨਾਂ ਵਿਚ ਇਕ ਵੇਰ ਫੇਰ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕਰਨ ਦੀ ਯੋਜਨਾ ਬਣਾਈ ਗਈ। ਸਰਕਾਰੀ ਪੱਧਰ ਤੇ ਇਹ ਯੋਜਨਾ ਤਿਆਰ ਹੋ ਰਹੀ ਸੀ ਪਰ ਦੂਜੇ ਪਾਸੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਜਿਹੀ ਸਥਿਤੀ ਨੂੰ ਟਾਲਣ ਲਈ ਸੰਤ ਜਰਨੈਲ ਸਿੰਘ 'ਖਾਲਸਾ' ਨਾਲ ਵਿਚਾਰ ਵਟਾਂਦਰਾ ਕਰਕੇ ਕੋਈ ਰਸਤਾ ਕੱਢਣ ਦੇ ਇੱਛਕ ਸਨ, ਕਿਉਂਕਿ ਉਹ ਜਾਣਦੇ ਸਨ ਕਿ, ਸੰਤ ਜਰਨੈਲ ਸਿੰਘ 'ਖਾਲਸਾ' ਦੀ ਗ੍ਰਿਫਤਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ ਸੰਗਤਾਂ ਤੋਂ ਅਲੱਗ ਥਲੱਗ ਕਰ ਸਕਦੀ ਹੈ। ਗ੍ਰਿਫਤਾਰੀ ਦੀ ਇਸ ਯੋਜਨਾ ਸੰਬੰਧੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਚਾਰ ਵਟਾਂਦਰਾ ਕਰਨ ਲਈ ਸ. ਕਪੂਰ ਸਿੰਘ, ਸਾਬਕ ਆਈ. ਸੀ. ਐਸ. ਨੂੰ ਮਿਲੇ ਅਤੇ ਉਨ੍ਹਾਂ ਤੋਂ ਪੁੱਛਿਆ ਕਿ, ਜੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕੀਤਾ ਜਾਏ ਤਾਂ ਇਸ ਦਾ ਕੀ ਪ੍ਰਤੀਕਰਮ ਹੋਵੇਗਾ? ਸ. ਕਪੂਰ ਸਿੰਘ ਨੇ ਗੰਭੀਰ ਵਿਚਾਰ ਉਪ੍ਰੰਤ ਉਤਰ ਦਿੱਤਾ, "ਸੰਤ ਜਰਨੈਲ ਸਿੰਘ 'ਖਾਲਸਾ' ਨਾਲ ਹਜ਼ਾਰਾਂ ਸਿੱਖ ਗ੍ਰਿਫਤਾਰੀ ਦੇਣਗੇ; ਜੇ ਅਜਿਹਾ ਨਾ ਹੋਇਆ ਤਾਂ ਘੱਟੋ ਘੱਟ ਉਸ ਦੇ ਜਥੇ ਦੇ ਸਿੱਖ ਗ੍ਰਿਫਤਾਰੀ ਦੇਣਗੇ; ਜੇ ਇਹ ਵੀ ਨਾ ਹੋਇਆ ਤਾਂ ਉਨ੍ਹਾਂ ਦਾ ਗੜਵਈ ਤਾਂ ਜ਼ਰੂਰ ਨਾਲ ਗ੍ਰਿਫਤਾਰੀ ਦੇਵੇਗਾ ਅਤੇ ਜੇ ਉਸ ਨੇ ਵੀ ਨਾ ਦਿੱਤੀ ਤਾਂ ਮੈਂ ਤਾਂ ਜ਼ਰੂਰ 'ਸੰਤਾਂ' ਨਾਲ ਗ੍ਰਿਫਤਾਰੀ ਦਿਆਂਗਾ।" ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸ. ਕਪੂਰ ਸਿੰਘ ਦੇ ਇਸ ਉਤਰ ਨਾਲ ਸੰਤ ਜਰਨੈਲ ਸਿੰਘ 'ਖਾਲਸਾ' ਦੀ ਵਿਓਂਤੀ ਗ੍ਰਿਫਤਾਰੀ ਦੇ ਹੋਣ ਵਾਲੇ ਪ੍ਰਤੀਕਰਮ ਦਾ ਪਤਾ ਲੱਗ ਗਿਆ ਸੀ। ਇਸ ਲਈ ਉਨ੍ਹਾਂ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਲੁਧਿਆਣਾ ਵਿਖੇ ਸੱਦ ਲਿਆ। ਇਸ ਮੀਟਿੰਗ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਦੋਹਾਂ ਪਰਧਾਨਾਂ ਨੇ ਭਰੋਸਾ ਦੁਆਇਆ ਕਿ, ਨਿਰੰਕਾਰੀ ਭਵਨ 27 ਅਗਸਤ ਨੂੰ ਖੁੱਲ੍ਹਣ ਨਹੀਂ ਦਿੱਤਾ ਜਾਵੇਗਾ।



Digitized by Panjab Digital Library | www.panjabdigilib.org

ਪ੍ਰੰਤੂ ਉਹ ਭਵਨ ਬੰਦ ਹੋਣ ਦੀ ਤਸਦੀਕ ਕਰਨ ਲਈ ਆਪ ਉਥੇ ਨਾ ਜਾਣ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਕਿਹਾ ਕਿ, ਉਨ੍ਹਾਂ ਨੂੰ ਵਿਸ਼ਵਾਸ਼ ਨਹੀਂ ਕਿ, ਨਿਰੰਕਾਰੀ ਭਵਨ ਬੰਦ ਰਹੇਗਾ। ਇਸ ਤੇ ਦੋਹਾਂ ਪ੍ਰਧਾਨਾਂ ਨੇ ਸੰਹੁ ਚੁੱਕੀ ਕਿ, ਉਨ੍ਹਾਂ ਤੇ ਇਤਬਾਰ ਕੀਤਾ ਜਾਏ, ਉਹ ਭਵਨ ਨਹੀਂ ਖੁੱਲ੍ਹਣ ਦੇਣਗੇ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਉਤਰ ਵਿਚ ਕਿਹਾ ਕਿ, ਜੇ ਇਹ ਗੱਲ ਹੈ ਤਾਂ ਉਹ 27 ਅਗਸਤ ਨੂੰ ਨਿਰੰਕਾਰੀ ਭਵਨ ਤਾਂ ਕੀ, ਅੰਮ੍ਰਿਤਸਰ ਵੀ ਨਹੀਂ ਜਾਣਗੇ।

ਇਸੇ ਦੌਰਾਨ ਸ. ਪ੍ਰਕਾਸ਼ ਸਿੰਘ ਬਾਦਲ ਨੇ 25 ਅਗਸਤ ਨੂੰ ਜਾਰੀ ਕੀਤੇ ਬਿਆਨ ਵਿਚ ਕਿਹਾ: "ਅਸੀਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਪੱਸ਼ਟ ਹਦਾਇਤਾਂ ਭੇਜ ਦਿੱਤੀਆਂ ਹਨ ਕਿ, ਸਰਕਾਰ ਦਾ ਵਕਾਰ ਕਾਇਮ ਰੱਖਿਆ ਜਾਵੇ; ਭਾਵੇਂ ਕਿੰਨੀ ਵੀ ਸਖਤ ਕਾਰਵਾਈ ਕਿਉਂ ਨਾ ਕਰਨੀ ਪਵੇ। ਵੱਡੇ ਤੋਂ ਵੱਡੇ ਲੀਡਰ ਨੂੰ ਵੀ ਗ੍ਰਿਫਤਾਰ ਕਰਨਾ ਪਵੇ ਤਾਂ ਕਰ ਲਿਆ ਜਾਵੇ।" (ਟ੍ਰਿਬਿਊਨ 26 ਅਗਸਤ, 1978) ਸਰਕਾਰ ਨੇ ਵੱਡੀ ਪੱਧਰ ਤੇ ਪੁਲਿਸ ਪ੍ਰਬੰਧ ਕਰ ਲਏ ਸਨ। ਆਈ. ਜੀ. ਸ. ਭਗਵਾਨ ਸਿੰਘ ਦਾਨੇਵਾਲੀਆ ਨੂੰ ਛੁੱਟੀ ਤੋਂ ਬੁਲਾ ਲਿਆ ਗਿਆ ਸੀ ਅਤੇ ਕਮਿਸ਼ਨਰ ਜਲੰਧਰ ਡਵੀਜ਼ਨ ਨੇ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਸੱਦ ਕੇ ਸਮਾਗਮ ਕਰਵਾਉਣ ਦੀ ਹਦਾਇਤ ਕੀਤੀ। ਇਸ ਤਰ੍ਹਾਂ 27 ਅਗਸਤ ਨੂੰ ਸਰਕਾਰੀ ਪ੍ਰਬੰਧਾਂ ਹੇਠ ਨਿਰੰਕਾਰੀ ਸਮਾਗਮ ਕਰਵਾਏ ਗਏ। ਅੰਮ੍ਰਿਤਸਰ ਵਿਖੇ ਹਰਬੰਸ ਲਾਲ ਖੰਨਾ ਨੇ ਆਪ ਜਾ ਕੇ ਨਿਰੰਕਾਰੀ ਭਵਨ ਖੁੱਲ੍ਹਵਾਇਆ।

ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਕੀਤੇ ਆਪਣੇ ਕੌਲ ਅਨੁਸਾਰ ਸੰਤ ਜਰਨੈਲ ਸਿੰਘ 'ਖਾਲਸਾ' ਨੇ ਆਪਣਾ ਪ੍ਰੋਗਰਾਮ ਬਦਲ ਲਿਆ ਸੀ ਅਤੇ ਉਹ ਫਤਹਿਗੜ੍ਹ ਸਾਹਿਬ ਪਹੁੰਚ ਗਏ ਸਨ। ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਰਾਜਸੀ ਚਾਲ ਵਿਚ ਫਸਾਇਆ ਗਿਆ ਸੀ ਕਿ, ਉਹ 27 ਅਗਸਤ ਨੂੰ ਅੰਮ੍ਰਿਤਸਰ ਵੀ ਨਾ ਪਹੁੰਚਣ ਅਤੇ ਦੂਸਰੇ ਉਨ੍ਹਾਂ ਵਿਰੁੱਧ ਇਹ ਪ੍ਰਚਾਰ ਵੀ ਕੀਤਾ ਜਾ ਸਕੇ ਕਿ, ਉਹ "ਗ੍ਰਿਫਤਾਰੀ ਦੇ ਡਰੋਂ ਅੰਮ੍ਰਿਤਸਰ ਨਹੀਂ ਆਏ।" 28 ਅਗਸਤ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਫਤਹਿਗੜ੍ਹ ਸਾਹਿਬ ਵਿਖੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਮਿਲੇ ਅਤੇ ਖਿਮਾ ਯਾਚਨਾ ਕਰਦੇ ਹੋਏ ਕਿਹਾ ਕਿ, ਉਨ੍ਹਾਂ ਨੇ ਬਹੁਤ ਯਤਨ ਕੀਤਾ ਪਰ "ਬਾਦਲ ਨਹੀਂ ਮੰਨਿਆ।" ਸੰਤ ਜਰਨੈਲ ਸਿੰਘ 'ਖਾਲਸਾ' ਨੇ ਕਿਹਾ ਕਿ, ਉਨ੍ਹਾਂ ਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਭਵਨ ਬੰਦ ਨਹੀਂ ਰਹੇਗਾ।

27 ਅਗਸਤ ਨੂੰ ਨਿਰੰਕਾਰੀ ਭਵਨ ਖੁੱਲ੍ਹਣ ਕਾਰਨ ਸਿੱਖਾਂ ਵਿਚ ਕਾਫੀ ਰੋਸ ਸੀ ਅਤੇ ਰਾਜਸੀ ਪੱਧਰ ਤੇ ਇਸ ਰੋਸ ਦੀ ਪ੍ਰਤੀਨਿਧਤਾ ਕਰਦੇ ਹੋਏ ਸ. ਸੁਖਜਿੰਦਰ ਸਿੰਘ (ਸਾਬਕ ਸਿੱਖਿਆ ਮੰਤ੍ਰੀ), ਸ. ਬਸੰਤ ਸਿੰਘ 'ਖਾਲਸਾ' ਐਮ. ਐਲ. ਏ. ਅਤੇ ਸ. ਸੁਰਜਨ ਸਿੰਘ ਠੇਕੇਦਾਰ ਨੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ ਅਸਤੀਫੇ ਦੇ ਦਿੱਤੇ, ਜੋ ਬਾਅਦ ਵਿਚ ਕਾਫੀ ਰਾਜਸੀ ਖਿੱਚ - ਧੂਹ ਤੋਂ ਪਿੱਛੋਂ ਵਾਪਸ ਲਏ ਗਏ।

ਸੰਤ ਜਰਨੈਲ ਸਿੰਘ 'ਖਾਲਸਾ' ਦੀ 'ਸੰਤ ਨਿਰੰਕਾਰੀ' ਭਵਨ ਬੰਦ ਕਰਵਾਉਣ ਦੀ ਮੁਹਿੰਮ ਦਾ ਪੰਜਾਬ ਤੋਂ ਬਾਹਰਲੇ ਰਾਜਾਂ ਤੇ ਵੀ ਪ੍ਰਭਾਵ ਪਿਆ ਅਤੇ ਯੂ. ਪੀ. ਦੇ ਸਿੱਖਾਂ ਨੇ ਫੈਸਲਾ ਕਰ ਲਿਆ ਸੀ ਕਿ, ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਯੂ. ਪੀ. ਦੇ ਕਿਸੇ ਵੀ ਸ਼ਹਿਰ ਵਿਚ ਸਤਿਸੰਗ ਨਹੀਂ ਕਰਨ ਦਿੱਤਾ ਜਾਏਗਾ। ਇਸੇ ਫੈਸਲੇ ਅਨੁਸਾਰ ਸਿੱਖਾਂ ਨੇ 25 ਸਤੰਬਰ 1978 ਨੂੰ ਗੁਰਬਚਨ ਸਿੰਘ ਨੂੰ ਆਜ਼ਮਗੜ੍ਹ ਅਤੇ ਅਲਾਹਾਬਾਦ ਵਿਖੇ 'ਸਤਿਸੰਗ' ਨਾ ਕਰਨ ਦਿੱਤਾ।



Digitized by Panjab Digital Library | www.panjabdigilib.org

26 ਸਤੰਬਰ ਨੂੰ ਗੁਰਬਚਨ ਸਿੰਘ ਨੇ ਨਿਰੰਕਾਰੀ ਭਵਨ, ਕਾਨ੍ਹਪੁਰ ਵਿਖੇ ਭਾਸ਼ਣ ਕਰਨਾ ਸੀ, ਪ੍ਰੰਤੂ ਸਿੱਖਾਂ ਨੇ ਜ਼ੋਰਦਾਰ ਰੋਸ ਪ੍ਰਗਟ ਕਰਨ ਦਾ ਫੈਸਲਾ ਕਰ ਲਿਆ। ਸਿੱਟੇ ਵਜੋਂ ਸਿੱਖ - ਨਿਰੰਕਾਰੀ ਮੁਠਭੇੜ ਵਿਚ 9 ਸਿੱਖ ਅਤੇ ਇਕ ਬੀਬੀ ਸ਼ਹੀਦ ਹੋਈ। ਇਸ ਸਾਕੇ ਦਾ ਪੰਜਾਬ ਵਿਚ ਪ੍ਰਤੀਕ੍ਰਮ ਹੋਣਾ ਸੁਭਾਵਿਕ ਸੀ। ਇਸ ਲਈ ਪੰਜਾਬ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਦੀ ਅਗਵਾਈ ਵਿਚ ਇਹ ਮੰਗ ਜ਼ੋਰ ਫੜ ਗਈ ਕਿ, ਗੁਰਬਚਨ ਸਿੰਘ ਦੇ ਪੰਜਾਬ ਦਾਖਲੇ ਤੇ ਪਾਬੰਦੀ ਲਾਈ ਜਾਏ ਅਤੇ ਨਿਰੰਕਾਰੀਆਂ ਦੀਆਂ ਪੁਸਤਕਾਂ 'ਯੁਗ ਪੁਰਸ਼' ਅਤੇ 'ਅਵਤਾਰ ਬਾਣੀ' ਨੂੰ ਜ਼ਬਤ ਕੀਤਾ ਜਾਏ। ਪੰਜਾਬ ਸਰਕਾਰ ਨੇ 28 ਸਤੰਬਰ ਨੂੰ ਗੁਰਬਚਨ ਸਿੰਘ ਦੇ ਪੰਜਾਬ ਦਾਖਲੇ ਤੇ ਪਾਬੰਦੀ ਲਾ ਦਿੱਤੀ ਅਤੇ 30 ਸਤੰਬਰ ਨੂੰ ਨਿਰੰਕਾਰੀ ਪੁਸਤਕਾਂ ਜ਼ਬਤ ਕਰਨ ਦਾ ਮਾਮਲਾ ਕੇਂਦਰ ਸਰਕਾਰ ਦੇ ਸਪੁਰਦ ਕਰ ਦਿੱਤਾ। 30 ਸਤੰਬਰ ਨੂੰ ਹੀ ਦਿੱਲੀ ਦੇ ਸਿੱਖਾਂ ਵਲੋਂ ਕਾਰਜਕਾਰੀ ਰਾਸ਼ਟਰਪਤੀ ਸ੍ਰੀ ਬੀ. ਡੀ. ਜੱਤੀ ਨੂੰ ਇਕ ਯਾਦ ਪੱਤਰ ਦਿੱਤਾ ਗਿਆ, ਜਿਸ ਵਿਚ ਨਿਰੰਕਾਰੀ ਜਲੂਸਾਂ, ਜਲਸਿਆਂ ਅਤੇ ਪੁਸਤਕਾਂ ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈ ਸੀ।

ਗੁਰਬਚਨ ਸਿੰਘ ਨੇ ਸੁਪਰੀਮ ਕੋਰਟ ਵਿਚ ਅਰਜ਼ੀਆਂ ਦੇ ਕੇ ਪੰਜਾਬ ਸਰਕਾਰ ਵਲੋਂ ਪੰਜਾਬ ਦਾਖਲੇ ਤੇ ਲਾਈ ਪਾਬੰਦੀ ਰੱਦ ਕਰਵਾ ਲਈ; ਪ੍ਰੰਤੂ ਸਿੱਖ ਜਜ਼ਬਾਤਾਂ ਨੂੰ ਸ਼ਾਂਤ ਕਰਨ ਲਈ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡਿਸਾਈ ਨੇ ਜਲੰਧਰ ਦੇ ਇਕ ਵਕੀਲ ਸ੍ਰੀ ਲਾਲ ਚੰਦ ਸਭਰਵਾਲ, ਜੋ ਉਸ ਵੇਲੇ ਪੰਜਾਬ ਜਨਤਾ ਪਾਰਟੀ ਦੇ ਇਕ ਆਹੁਦੇਦਾਰ ਵੀ ਸਨ, ਨੂੰ ਕਿਹਾ ਕਿ, ਉਹ ਆਪਣਾ ਪ੍ਰਭਾਵ ਵਰਤਣ ਅਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਤੋਂ ਬਿਆਨ ਦੁਆਉਣ ਕਿ, ਉਹ ਸਿਹਤ ਦੇ ਕਾਰਨਾਂ ਕਰਕੇ ਨਿਕਟ ਭਵਿੱਖ ਵਿਚ ਆਪ ਹੀ ਪੰਜਾਬ ਨਹੀਂ ਜਾਏਗਾ। ਸ੍ਰੀ ਸਭਰਵਾਲ ਆਪਣਾ ਨਿੱਜੀ ਰਸੂਖ ਵਰਤ ਕੇ ਗੁਰਬਚਨ ਸਿੰਘ ਤੋਂ ਅਜੇਹਾ ਬਿਆਨ ਦੁਆਉਣ ਵਿਚ ਸਫਲ ਵੀ ਹੋ ਗਏ।

ਇਸੇ ਦੌਰਾਨ 26, 27 ਅਤੇ 28 ਅਕਤੂਬਰ ਨੂੰ ਲੁਧਿਆਣਾ ਵਿਖੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਇਕ ਵਿਸ਼ਾਲ ਅਕਾਲੀ ਕਾਨਫਰੰਸ ਹੋਈ। ਇਸ ਕਾਨਫਰੰਸ ਤੋਂ ਪਹਿਲਾਂ 26 ਅਕਤੂਬਰ ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ. ਸੁਰਜਨ ਸਿੰਘ ਠੇਕੇਦਾਰ ਨੂੰ ਹਾਥੀ ਤੇ ਬਿਠਾ ਕੇ ਅੱਗੇ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਲਾ ਕੇ ਸ਼ਾਨਦਾਰ ਜਲੂਸ ਕੱਢਿਆ ਗਿਆ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਇਸ ਦਾ ਬੁਰਾ ਮਨਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਤੋਂ ਬਿਨਾਂ ਕੋਈ ਵਿਅਕਤੀ ਹਾਥੀ ਤੇ ਚੜ੍ਹ ਕੇ ਅੱਗੇ ਪੰਜ ਪਿਆਰੇ ਲਾ ਕੇ ਜਲੂਸ ਕਢਵਾਏ। ਅਗਲੇ ਦਿਨ ਅਕਾਲੀ ਕਾਨਫਰੰਸ ਦੀ ਅਗਵਾਈ ਚੱਲ ਰਹੀ ਸੀ ਕਿ, ਸੰਤ ਜਰਨੈਲ ਸਿੰਘ 'ਖਾਲਸਾ' ਸਟੇਜ 'ਤੇ ਜਾ ਚੜ੍ਹੇ ਅਤੇ ਸਿੱਖ ਮਰਯਾਦਾ ਦੀ ਉਲੰਘਣਾ ਵਿਰੁੱਧ ਪ੍ਰਚਾਰ ਆਰੰਭ ਕਰ ਦਿੱਤਾ। ਇਸ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਕਾਨਫਰੰਸ ਵਿਚ ਰੌਲਾ ਪੈ ਗਿਆ ਅਤੇ ਲੋਕਾਂ ਨੇ ਇਸ ਕਾਰਵਾਈ ਦੀ ਨਿਖੇਧੀ ਕਰਨੀ ਆਰੰਭ ਕਰ ਦਿੱਤੀ। ਇਸੇ ਹੀ ਮੌਕੇ ਤੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਨਿਰੰਕਾਰੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ ਅਤੇ ਅਕਾਲੀ ਨੇਤਾਵਾਂ ਨੂੰ ਅਪੀਲ ਕੀਤੀ ਕਿ, ਉਹ ਕਾਨਫਰੰਸ ਵਿਚ ਕੇਵਲ ਸਿਆਸੀ ਮਤੇ ਹੀ ਪਾਸ ਕਰਕੇ ਨਾ ਉਠ ਜਾਣ, ਸਗੋਂ ਨਿਰੰਕਾਰੀਆਂ ਵਿਰੁੱਧ ਕੋਈ ਠੋਸ ਕਦਮ ਚੁੱਕਣ ਦਾ ਫੈਸਲਾ ਕਰਨ। ਕਾਨਫਰੰਸ ਵਿਚ ਪਏ ਰੌਲੇ ਨੂੰ ਦੂਰ ਕਰਨ ਲਈ ਸਵਰਗੀ ਸ. ਅਮਰ ਸਿੰਘ ਦੁਸਾਂਝ ਨੂੰ ਸਟੇਜ ਤੇ ਲਿਆਂਦਾ ਗਿਆ ਅਤੇ ਉਨ੍ਹਾਂ ਨੇ ਸਿੱਖ ਨੌਜੁਆਨਾਂ ਦੇ ਜਜ਼ਬਾਤਾਂ ਨੂੰ ਸ਼ਾਂਤ ਕਰਨ ਲਈ ਟੁੰਬਵਾਂ ਭਾਸ਼ਨ ਕਰਕੇ ਮਾਹੌਲ ਕਾਬੂ ਵਿਚ ਲਿਆਂਦਾ। ਸੰਤ ਜਰਨੈਲ ਸਿੰਘ 'ਖਾਲਸਾ' ਦਾ ਕਾਫੀ ਵਿਰੋਧ ਕੀਤਾ



FREE DOWNLOAD BOOKS LIKE THIS
IN PDF VISIT
www.cheemahar.blogspot.in

ਗਿਆ ਅਤੇ ਅਜਿਹੀਆਂ ਘਟਨਾਵਾਂ ਕਾਰਨ ਉਨ੍ਹਾਂ ਨੂੰ ਗਰਮ - ਖਿਆਲੀਏ ਗਰਦਾਨਿਆ ਜਾਣ ਲੱਗਾ ਪ੍ਰੰਤੂ ਉਹ ਤਾਂ ਸਿੱਖ ਭਾਵਨਾਵਾਂ ਦੇ ਪਹਿਰੇਦਾਰ ਬਣ ਗਏ ਸਨ। ਸੰਗਤਾਂ ਨੇ ਵੀ ਸੰਤ ਜਰਨੈਲ ਸਿੰਘ 'ਖਾਲਸਾ' ਵਿਰੁੱਧ ਪ੍ਰਚਾਰ ਦਾ ਵਿਸ਼ਵਾਸ਼ ਨਾ ਕੀਤਾ। ਸੰਤ ਜਰਨੈਲ ਸਿੰਘ 'ਖਾਲਸਾ' ਵਲੋਂ ਅਕਾਲੀ ਕਾਨਫਰੰਸ ਵਿਚ ਨਿਰੰਕਾਰੀ ਸਮੱਸਿਆ ਨੂੰ ਧਿਆਨ ਗੋਚਰੇ ਲਿਆਉਣ ਦਾ ਇਹ ਲਾਭ ਹੋਇਆ ਕਿ, ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਨਿਰੰਕਾਰੀਆਂ ਦੇ ਖੁੱਲ੍ਹੇ ਪ੍ਰਚਾਰ, ਜਲੂਸ ਅਤੇ ਪੁਸਤਕਾਂ ਉਤੇ ਪਾਬੰਦੀ ਲਾਉਣ ਦਾ ਮਤਾ ਪੇਸ਼ ਕਰ ਦਿੱਤਾ, ਜੋ ਸਰਬ ਸੰਮਤੀ ਨਾਲ ਪਾਸ ਹੋ ਗਿਆ।

ਅਕਾਲੀ ਕਾਨਫਰੰਸ ਦੇ ਨਿਰੰਕਾਰੀਆਂ ਸੰਬੰਧੀ ਉਪਰੋਕਤ ਮਤੇ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ, ਨਿਰੰਕਾਰੀਆਂ ਨੇ 4, 5 ਅਤੇ 6 ਨਵੰਬਰ ਨੂੰ ਰਾਮ ਲੀਲ੍ਹਾ ਮੈਦਾਨ ਦਿੱਲੀ ਵਿਚ ਸਮਾਗਮ ਕਰਨ ਦਾ ਫੈਸਲਾ ਕਰ ਲਿਆ। ਦਿੱਲੀ ਦੇ ਸਿੱਖਾਂ ਅਤੇ ਅਕਾਲੀ ਦਲ ਨੇ ਇਹ ਸਮਾਗਮ ਖੁੱਲ੍ਹੀ ਥਾਂ ਨਾ ਕਰਨ ਦੇਣ ਦੀ ਬਥੇਰੀ ਮੰਗ ਕੀਤੀ ਪ੍ਰੰਤੂ ਮੁਰਾਰਜੀ ਡਿਸਾਈ ਕੇਵਲ ਜਲੂਸ ਤੇ ਪਾਬੰਦੀ ਲਾਉਣ ਅਤੇ ਰਾਮ ਲੀਲ੍ਹਾਮੈਦਾਨ ਤੋਂ ਸਥਾਨ ਬਦਲ ਕੇ ਇੰਡੀਆ ਗੇਟ ਰੱਖਣ ਤੇ ਹੀ ਰਾਜ਼ੀ ਹੋਏ। 4 ਨਵੰਬਰ ਨੂੰ ਸਮਾਗਮ ਆਰੰਭ ਹੋਇਆ ਅਤੇ 5 ਨਵੰਬਰ ਨੂੰ ਸਿੱਖ ਨਿਰੰਕਾਰੀ ਸਮਾਗਮ ਵਿਰੁੱਧ ਰੋਸ ਪ੍ਰਗਟ ਕਰਨ ਜਾ ਰਹੇ ਸਨ ਕਿ, ਪੁਲਿਸ ਦੀ ਲਾਠੀਚਾਰਜ, ਅਥਰੂ ਗੈਸ ਅਤੇ ਗੋਲੀ ਕਾਰਨ 3 ਸਿੱਖ ਸ਼ਹੀਦੀ ਪ੍ਰਾਪਤ ਕਰ ਗਏ ਅਤੇ ਦਰਜਨਾਂ ਫੱਟੜ ਹੋਏ। ਸ਼ਹੀਦੀ ਪ੍ਰਾਪਤ ਕਰਨ ਵਾਲਿਆਂ ਵਿਚ ਜਥੇਦਾਰ ਅਵਤਾਰ ਸਿੰਘ ਕੋਹਲੀ, ਪ੍ਰਧਾਨ ਅਕਾਲੀ ਦਲ ਦਿੱਲੀ ਵੀ ਸ਼ਾਮਲ ਸਨ।

ਇਸ ਸ਼ਹੀਦੀ ਸਾਕੇ ਦਾ ਪੰਜਾਬ ਦੀ ਸਿਆਸਤ ਤੇ ਅਸਰ ਹੋਣਾ ਕੁਦਰਤੀ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲੀ ਵੇਰ ਇਹ ਅਹਿਸਾਸ ਹੋਇਆ ਕਿ ਕੇਂਦਰੀ ਸਰਕਾਰ ਵਿਚ ਭਾਈਵਾਲ ਬਣ ਕੇ ਵੀ ਉਹ ਸਿੱਖੀ ਜਜ਼ਬਾਤਾਂ ਦੀ ਕਦਰ ਨਾ ਕਰਨ ਵਾਲੀ ਬਹੁਗਿਣਤੀ ਅੱਗੇ ਬੇਵੱਸ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਵਿਚੋਂ ਆਪਣੇ ਮੰਤ੍ਰੀ ਵਾਪਸ ਬੁਲਾਉਣ ਦਾ ਫੈਸਲਾ ਕਰ ਲਿਆ ਅਤੇ ਸ. ਸੁਰਜੀਤ ਸਿੰਘ ਬਰਨਾਲਾ ਅਤੇ ਸ. ਧੰਨਾ ਸਿੰਘ ਗੁਲਸ਼ਨ ਨੇ ਅਸਤੀਫੇ ਦੇ ਦਿੱਤੇ ਪ੍ਰੰਤੂ ਬਾਅਦ ਵਿਚ ਸ੍ਰੀ ਜਗਜੀਨ ਰਾਮ, ਸ੍ਰੀ ਚੰਦਰ ਸ਼ੇਖਰ ਅਤੇ ਸ੍ਰੀ ਬੀਜੂ ਪਟਨਾਇਕ ਦੇ ਦਖਲ ਤੇ ਵਾਪਸ ਲੈ ਲਏ ਗਏ।

1978 ਈ: ਦੀ ਵੈਸਾਖੀ ਤੋਂ ਆਰੰਭ ਹੋਏ ਸਿੱਖ - ਨਿਰੰਕਾਰੀ ਖ਼ੂਨੀ ਸਾਕਿਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਵਿਚ ਅਕਾਲੀ ਦਲ ਦੇ ਪ੍ਰਤੀਨਿਧ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਉਨ੍ਹਾਂ ਦੇ ਜਥੇ ਨੂੰ ਨਿਰੰਤਰ ਸਿਰਦਰਦ ਸਮਝਣ ਲੱਗ ਪਏ ਸਨ; ਪ੍ਰੰਤੂ ਸੰਤ ਜਰਨੈਲ ਸਿੰਘ 'ਖਾਲਸਾ' ਨੇ ਇਸ ਦੀ ਪ੍ਰਵਾਹ ਨਾ ਕਰਦੇ ਹੋਏ ਨਿਰੰਕਾਰੀਆਂ ਵਿਰੁੱਧ ਆਪਣਾ ਪ੍ਰਚਾਰ ਜਾਰੀ ਰੱਖਿਆ। 20-21 ਜਨਵਰੀ 1979 ਨੂੰ ਜਦੋਂ ਨਿਰੰਕਾਰੀਆਂ ਨੇ ਬੰਬਈ ਵਿਖੇ ਸਾਲਾਨਾ ਪ੍ਰੋਗਰਾਮ ਰੱਖਣ ਦਾ ਐਲਾਨ ਕੀਤਾ ਤਾਂ ਸੰਤ ਜਰਨੈਲ ਸਿੰਘ 'ਖਾਲਸਾ' ਦੇ ਨਿਕਟਵਰਤੀ ਸਿੱਖਾਂ ਅਤੇ ਬੰਬਈ ਦੀ ਸੰਗਤ ਨੇ ਇਸ ਦਾ ਏਨਾ ਜ਼ਬਰਦਸਤ ਵਿਰੋਧ ਕੀਤਾ ਕਿ ਮਹਾਂਰਾਸ਼ਟਰ ਸਰਕਾਰ ਨੂੰ ਨਿਰੰਕਾਰੀਆਂ ਦੇ ਸਮਾਗਮ ਅਤੇ ਜਲੂਸ ਤੇ ਪਾਬੰਦੀ ਲਾਉਣੀ ਪਈ। ਇਸ ਦੌਰਾਨ ਸੰਤ ਜਰਨੈਲ ਸਿੰਘ 'ਖਾਲਸਾ' ਨੇ ਪੰਜਾਬ ਤੋਂ ਬਾਹਰ ਦੇ ਪ੍ਰਾਂਤਾਂ, ਜਿਹਾ ਕਿ ਮਹਾਂਰਾਸ਼ਟਰ, ਮੱਧ ਪ੍ਰਦੇਸ਼ ਆਦਿ ਵਿਚ ਵਿਚਰ ਕੇ ਪ੍ਰਚਾਰ ਕਰਨ ਦੀ ਨੀਤੀ ਅਪਨਾ ਲਈ।



Digitized by Panjab Digital Library | www.panjabdigilib.org

# ਸਸਕਾਰ ਤੋਂ 'ਜਲ - ਪ੍ਰਵਾਹ' ਤੱਕ

15.4.78 ਨੂੰ ਸ਼ਹੀਦ ਸਿੰਘਾਂ ਦੇ ਮਿਰਤਕ ਸਰੀਰਾਂ ਦਾ ਸਸਕਾਰ ਕਰਨ ਲਈ ਅਰਥੀਆਂ ਦਾ ਮਾਤਮੀ ਜਲੂਸ ਕੱਢਿਆ ਗਿਆ ਜਿਸ ਵਿਚ ਹਜ਼ਾਰਾਂ ਸਿੱਖ ਸ਼ਾਮਲ ਹੋਏ। ਇਹ ਜਲੂਸ ਦਰਵਾਜ਼ਾ ਘਿਉ ਮੰਡੀ ਵਲੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਬਿਬੇਕ ਸਰ ਦੇ ਨਾਲ ਲਗਵੀਂ ਗਰਾਊਂਡ ਵਿਚ ਪੁੱਜਾ ਜੋ ਕਿ ਸ੍ਰੀ ਦਰਬਾਰ ਸਾਹਿਬ ਕਮੇਟੀ ਦੀ ਮਲਕੀਅਤ ਹੈ। ਇਸ ਜਗ੍ਹਾ 13 ਸ਼ਹੀਦ ਸਿੰਘਾਂ ਦਾ ਸਾਂਝਾ ਅੰਗੀਠਾ ਬਣਾ ਕੇ ਗੁਰਮਰਯਾਦਾ ਅਨੁਸਾਰ ਸਸਕਾਰ ਕੀਤਾ ਗਿਆ। ਇਸ ਮੌਕੇ ਤੇ ਉੱਘੇ ਅਕਾਲੀ ਆਗੂਆਂ ਤੋਂ ਇਲਾਵਾ ਭਿੰਡਰਾਂ ਜਥੇ ਦੇ ਮੁਖੀ ਸੰਤ ਜਰਨੈਲ ਸਿੰਘ ਜੀ ਤੇ ਅਖੰਡ ਕੀਰਤਨੀ ਜਥੇ ਵਲੋਂ ਬੀਬੀ ਹਰਸ਼ਰਨ ਕੌਰ ਵੀ ਹਾਜ਼ਿਰ ਸਨ। ਇਥੇ ਇਹ ਗੱਲ ਵਰਨਣ ਯੋਗ ਹੈ ਕਿ, ਸ਼ਹੀਦ ਹੋਏ ਸਾਰੇ ਸਿੰਘ ਇਨ੍ਹਾਂ ਦੋਹਾਂ ਜਥਿਆਂ ਨਾਲ ਹੀ ਸੰਬੰਧ ਰੱਖਦੇ ਸਨ।

ਸਸਕਾਰ ਪਿੱਛੋਂ ਮੰਜੀ ਸਾਹਿਬ ਦੀਵਾਨ ਹਾਲ ਵਿਚ ਇਕ ਵਿਸ਼ਾਲ ਸ਼ੋਕਮਈ ਦੀਵਾਨ ਸਜਾਇਆ ਗਿਆ, ਜਿਸ ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਨੇ ਆਖਿਆ: "ਮੈਂ ਇਨ੍ਹਾਂ ਸ਼ਹੀਦੀਆਂ ਨੂੰ ਅਜਾਈਂ ਨਹੀਂ ਜਾਣ ਦਿਆਂਗਾ ... ਤੇ ਭਵਿੱਖ ਵਿਚ ਅਸੀਂ ਨਿਰੰਕਾਰੀਆਂ ਨੂੰ ਜਲੂਸ ਕੱਢਣ ਦੀ ਆਗਿਆ ਨਹੀਂ ਦੇਵਾਂਗੇ ਕਿਉਂਕਿ ਨਿਰੰਕਾਰੀ ਜੁੱਗੋ - ਜੁੱਗ ਅਟੱਲ ਤੇ ਦਸ ਗੁਰੂ ਸਾਹਿਬਾਨ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਦੇ ਹਨ। ਕੋਈ ਵੀ ਸਿੱਖ ਅਜਿਹਾ ਅਪਮਾਨ ਸਹਿ ਨਹੀਂ ਸਕਦਾ।"

16.4.78 ਨੂੰ ਸੰਤ ਜੀ ਨੇ ਇਕ ਭੇਤ ਭਰਿਆ ਤੇ ਸਨਸਨੀ ਪੂਰਨ ਲਿਖਤੀ ਬਿਆਨ ਜਾਰੀ ਕੀਤਾ, ਜਿਸ ਵਿਚ ਇਹ ਇੰਕਸ਼ਾਫ਼ ਕੀਤਾ ਗਿਆ ਸੀ ਕਿ, ਵਿਸਾਖੀ ਵਾਲੇ ਦਿਨ ਸਿੱਖਾਂ ਉਤੇ ਗੋਲੀ ਚਲਾਉਣ ਦਾ ਹੁਕਮ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੇ ਆਪ ਸਟੇਜ ਤੋਂ ਦਿੱਤਾ। ਉਸ ਨੇ ਖੁਦ ਮਾਈਕ ਤੋਂ ਇਹ ਗੱਲ ਆਖੀ ਸੀ ਕਿ, ਸਿੱਖਾਂ ਉਤੇ ਗੋਲੀ ਚਲਾ ਦਿੱਤੀ ਜਾਏ। ਉਸ ਦੀ ਇਹ ਆਵਾਜ਼ ਲਾਊਡ ਸਪੀਕਰ ਰਾਹੀਂ ਪੰਡਾਲ ਤੋਂ ਬਾਹਰ ਵੀ ਦੂਰ ਦੂਰ ਤੱਕ ਲੋਕਾਂ ਨੇ ਸੁਣੀ। ਸੰਤ ਜੀ ਦੇ ਇਸ ਬਿਆਨ ਵਿਚ ਦਰਜ ਹੈ ਕਿ:

"ਨਿਰੰਕਾਰੀ ਮੁਖੀ ਗੁਰਬਚਨ ਸਿੰਘ ਵਲੋਂ ਹੁਕਮ ਮਿਲਦਿਆਂ ਹੀ ਇਨ੍ਹਾਂ ਦੀ ਨਕਲੀ ਫੌਜ ਦੇ ਕਮਾਂਡਰ - ਇਨ - ਚੀਫ ਪ੍ਰਤਾਪ ਸਿੰਘ ਨੇ ਗੋਲੀ ਚਲਾਈ। ਏਨਾ ਹੀ ਨਹੀਂ, ਹੋਰ ਨਿਰੰਕਾਰੀ ਗੁਰਬਖ਼ਸ਼ ਸਿੰਘ ਤੇ ਨਿਰੰਜਣ ਸਿੰਘ ਆਦਿ ਵੀ ਹਮਲਾਵਰਾਂ ਨੂੰ ਉਤਸ਼ਾਹਿਤ ਕਰ ਰਹੇ ਸਨ। ਸਿੰਘਾਂ ਨੇ ਕੁਰਬਾਨੀ ਦੇ ਕੇ ਸ੍ਰੀ ਨਨਕਾਣਾ ਸਾਹਿਬ ਤੇ ਸ੍ਰੀ ਪੰਜਾ ਸਾਹਿਬ ਆਦਿ ਦੇ ਸਾਕੇ ਨੂੰ ਦੁਹਰਾਇਆ। ਨਵੇਂ ਨਰੈਣੂ ਗੁਰਬਚਨ ਸਿੰਘ ਵਲੋਂ ਕੀਤੀ ਜਾ ਰਹੀ ਦਸ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਨੂੰ ਨਾ ਸਹਾਰਦੇ ਹੋਏ ਸਿੰਘਾਂ ਨੇ ਆਪਣੇ ਸੀਸ ਕੁਰਬਾਨ ਕੀਤੇ ਹਨ। ਦਸਮ ਪਾਤਸ਼ਾਹ ਜੀ ਨੇ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਿਰਜਨਾ ਕੀਤੀ ਸੀ ਪਰ ਦੰਭੀ ਗੁਰਬਚਨ ਸਿੰਘ ਨੇ ਇਸ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਤੇ ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ, ਭਾਈ ਮਤੀ ਦਾਸ, ਭਾਈ ਦਿਆਲ ਦਾਸ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਦਿ ਗੁਰਸਿੱਖਾਂ ਦੇ ਨਾਵਾਂ 'ਤੇ ਆਪਣੇ ਚੇਲਿਆਂ ਦੇ ਨਾਂ ਰੱਖੇ ਹਨ। ਦੰਭੀ ਗੁਰਬਚਨ ਸਿੰਘ ਨੇ 'ਅਵਤਾਰ ਬਾਣੀ' ਨਾਮੀ ਪੁਸਤਕ



Digitized by Panjab Digital Library | www.panjabdigilib.org

ਵਿਚ ਲਿਖਿਆ ਹੈ ਕਿ, 'ਇਹ ਮਾਲਕ ਮੀਰੀ ਪੀਰੀ ਦਾ, ਇਹ ਮਾਲਕ ਸਾਰੀ ਤਾਕਤ ਦਾ', ਇਹ ਗੱਲਾਂ ਖਾਲਸਾ ਪੰਥ ਕਦੇ ਸਹਿਣ ਨਹੀਂ ਕਰ ਸਕਦਾ।''

17.4.78 ਨੂੰ ਸ਼ਹੀਦ ਸਿੰਘਾਂ ਦਾ ਅੰਗੀਠਾ ਸੰਤੋਖਿਆ ਗਿਆ ਤੇ ਉਨ੍ਹਾਂ ਦੀਆਂ ਅਸਥੀਆਂ ਪੰਜਾਬ ਦੀ ਅਕਾਲੀ ਸਰਕਾਰ ਵਲੋਂ ਕੀਤੇ ਤਕੜੇ ਸੁਰੱਖਿਆ ਪ੍ਰਬੰਧਾਂ ਹੇਠ ਬਿਆਸ ਦਰਿਆ ਵਿਚ ਜਲ - ਪਰਵਾਹ ਕਰ ਦਿੱਤੀਆਂ ਗਈਆਂ। ਇਸ ਮੌਕੇ ਤੇ ਸ਼ਰਧਾਂਜਲੀਆਂ ਅਰਪਣ ਕਰਨ ਵਾਲਿਆਂ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਧਾਰਮਿਕ ਤੇ ਰਾਜਸੀ ਨੇਤਾ ਸ਼ਾਮਲ ਸਨ।

ਜਦ ਕੋਈ ਸਿੱਖ ਅਕਾਲ ਚਲਾਣਾ ਕਰ ਜਾਏ ਤਾਂ ਸਿੱਖੀ ਮਰਯਾਦਾ ਮੁਤਾਬਿਕ ਉਸ ਦੀਆਂ ਅਸਥੀਆਂ ਕਿਸੇ ਜਗ੍ਹਾ ਵੀ ਜਲ - ਪਰਵਾਹ ਕੀਤੀਆਂ ਜਾ ਸਕਦੀਆਂ ਹਨ। ਲੇਕਿਨ ਕਾਫੀ ਲੰਮੇ ਸਮੇਂ ਤੋਂ ਚਲੀ ਆ ਰਹੀ ਪਰੰਪਰਾ ਅਨੁਸਾਰ ਸਿੱਖ ਮਿਰਤਕਾਂ ਦੀਆਂ ਅਸਥੀਆਂ 'ਪਾਤਾਲ ਪੁਰੀ' ਸ੍ਰੀ ਕੀਰਤਪੁਰ ਵਿਖੇ ਜਲ ਪਰਵਾਹ ਕੀਤੀਆਂ ਜਾਂਦੀਆਂ ਹਨ। ਸਿੱਖ ਜਗਤ ਵਿਚ 'ਪਾਤਾਲ ਪੁਰੀ' ਨੂੰ ਹਿੰਦੂਆਂ ਦੇ 'ਹਰਦੁਆਰ' ਵਰਗਾ ਦਰਜਾ ਪ੍ਰਾਪਤ ਹੋ ਚੁੱਕਾ ਹੈ। ਗੁਰਮਤਿ ਨੂੰ ਮੰਨਣ ਵਾਲੇ ਆਮ ਸਿੱਖ ਤਾਂ ਪਾਤਾਲਪੁਰੀ ਅਸਤ ਪਾਉਣ ਜਾਂਦੇ ਹੀ ਹਨ ਪਰ ਸਿੱਖ ਪੰਥ ਦੀਆਂ ਮਹਾਨ ਹਸਤੀਆਂ ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਸੰਤ ਬਾਬਾ ਫਤਹਿ ਸਿੰਘ, ਸੰਤ ਬਾਬਾ ਚੰਨਣ ਸਿੰਘ ਆਦਿ ਦੀਆਂ ਅਸਥੀਆਂ ਏਸੇ ਇਤਿਹਾਸਕ ਅਸਥਾਨ ਤੇ ਹੀ ਜਲ ਸਪੁਰਦ ਕੀਤੀਆਂ ਗਈਆਂ ਸਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਪਣੇ ਹੱਥੀਂ 'ਵੱਡੇ' ਤੇ 'ਛੋਟੇ' ਦੋਹਾਂ ਸਿਆਸੀ 'ਸੰਤਾਂ' ਦੇ ਫੁੱਲ ਏਸੇ ਜਗ੍ਹਾ ਵਹਾ ਕੇ ਆਏ ਸਨ। ਇਸ ਲਈ ਬਹੁਤ ਸਾਰੇ ਸਿੱਖ ਹੈਰਾਨ ਹੋ ਕੇ ਇਹ ਸੋਚਣ ਲੱਗ ਪਏ ਕਿ ਵਿਸਾਖੀ ਦੇ ਸ਼ਹੀਦਾਂ ਦੀਆਂ ਅਸਥੀਆਂ 'ਪਤਾਲਪੁਰੀ' ਦੀ ਥਾਂ ਬਿਆਸ ਦਰਿਆ ਵਿਚ ਕਿਉਂ ਰੋੜ੍ਹੀਆਂ? ਸ਼ਹੀਦਾਂ ਨਾਲ ਇਹ ਵਿਤਕਰਾ ਕਿਉਂ? ਕੀ ਬਾਦਲ ਸਰਕਾਰ ਦਾ ਇੰਤਜ਼ਾਮੀਆ ਢਾਂਚਾ ਏਨਾ ਕਮਜ਼ੋਰ ਸੀ ਕਿ ਉਸ ਨੂੰ ਕੀਰਤਪੁਰ ਸਾਹਿਬ ਤੱਕ ਅਸਥੀਆਂ ਪਹੁੰਚਾਏ ਜਾਣ ਤੋਂ ਡਰ ਲਗਦਾ ਸੀ? ਕੀ ਸਰਦਾਰ ਬਾਦਲ ਏਨੇ ਬੁਜ਼ਦਿਲ ਸਨ ਕਿ ਉਨ੍ਹਾਂ ਅਫਸਰਸ਼ਾਹੀ ਦੇ ਦਬਾਅ ਹੇਠ ਆ ਕੇ ਸ਼ਹੀਦਾਂ ਦੇ ਫੁੱਲ ਕੀਰਤਪੁਰ ਸਾਹਿਬ ਪਾਉਣ ਦਾ ਇਰਾਦਾ ਬਦਲਿਆ? ਜੇ ਨਹੀਂ ਤਾਂ ਉਨ੍ਹਾਂ ਨੇ ਪ੍ਰੰਪਰਾ ਭੰਗ ਕਰਨ ਦੀ ਗੁਸਤਾਖੀ ਕਿਉਂ ਕੀਤੀ? ਸਿੱਖ ਸੰਗਤਾਂ ਵਿਚ ਪੈਦਾ ਹੋਏ ਇਹ ਸ਼ੰਕੇ ਸਰਦਾਰ ਬਾਦਲ ਹੀ ਨਵਿਰਤ ਕਰ ਸਕਦੇ ਸਨ ਕਿ, ਉਨ੍ਹਾਂ ਦੀ ਕੀ ਮਜ਼ਬੂਰੀ ਸੀ?

21.4.78 ਨੂੰ ਸੰਤ ਜਰਨੈਲ ਸਿੰਘ ਨੇ ਪ੍ਰੈਸ ਦੇ ਨਾਂ ਇਕ ਲਿਖਤੀ ਬਿਆਨ ਜਾਰੀ ਕੀਤਾ, ਜਿਸ ਵਿਚ ਲਿਖਿਆ ਕਿ,

''ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਜਾਂ ਇਸ਼ਟ ਹਨ। ਕੋਈ ਵੀ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਨਿਰੰਕਾਰੀ ਗੁਰਬਚਨ ਸਿੰਘ ਵਰਗੇ ਕਈ ਵਿਅਕਤੀ ਸਿੱਖਾਂ ਨੂੰ ਚਿੜਾਉਣ ਲਈ ਆਪਣੇ ਆਪ ਨੂੰ ਗੁਰੂ ਅਖਵਾਉਂਦੇ ਹਨ। ......

......ਅੰਮ੍ਰਿਤਸਰ ਵਿਚ ਹੋਈਆਂ ਸ਼ਹੀਦੀਆਂ ਸਦਕਾ ਸਿੱਖ ਕੌਮ ਜਾਗ ਪਈ ਹੈ।

......ਗੁਰਬਾਣੀ ਦੀ ਓਟ ਲੈ ਕੇ ਗੁਰਬਾਣੀ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਮਾਫ ਨਹੀਂ ਕੀਤਾ ਜਾਏਗਾ। ਜੇਕਰ ਨਿਰੰਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਪਰਚਾਰ ਕਰਨੋਂ ਨਾ ਹਟੇ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ।'' ਇਸ ਤੋਂ ਇਲਾਵਾ ਇਹ ਵੀ ਕਿਹਾ ਕਿ,



Digitized by Panjab Digital Library | www.panjabdigilib.org

ਨਿਰੰਕਾਰੀ ਗੁਰਬਚਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਏ ਤੇ ਪੰਜਾਬ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਜਜ਼ਬਿਆਂ ਨੂੰ ਸਮਝਣ ਦਾ ਯਤਨ ਕਰੇ ।

## ਯਾਦ ਸ਼ਹੀਦਾਂ ਦੀ

22.4.78 ਨੂੰ ਪੰਜਾਬ ਵਿਚ ਜਗ੍ਹਾ ਜਗ੍ਹਾ ਤੇ ਦੁਨੀਆ ਭਰ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਵਿਸਾਖੀ ਦੇ ਸ਼ਹੀਦਾਂ ਨਮਿਤ ਆਖੰਡਪਾਠਾਂ ਦੇ ਭੋਗ ਪਾਏ ਗਏ । ਮੁਖ ਸਮਾਗਮ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਚ ਕੀਤਾ ਗਿਆ, ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ਼ਾਮਿਲ ਹੋਈਆਂ । ਇਸ ਇਕੱਠ ਵਿਚ ਪੰਥਕ ਆਗੂਆਂ ਨੇ ਸ਼ਹੀਦਾਂ ਨੂੰ ਭਾਵ ਭਰੀਆਂ ਤੇ ਪਰਭਾਵ ਭਰੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ । ਸੰਤ ਜਰਨੈਲ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਆਖਿਆ:

"ਸਾਧ ਸੰਗਤ ਜੀ! ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਹਾਲ ਕਰਾਉਣ ਲਈ 13 ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ ਹਨ । ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਇਸ਼ ਬਾਰੇ ਪ੍ਰੋਗਰਾਮ ਉਲੀਕਣਗੇ, ਅਸੀਂ ਉਨ੍ਹਾਂ ਨੂੰ ਦੇਖਾਂਗੇ, ਘੋਖਾਂਗੇ ਤੇ ਕੋਈ ਕਦਮ ਕਾਹਲੀ ਵਿਚ ਨਹੀਂ ਚੁੱਕਾਂਗੇ ।"

ਨਕਲੀ ਨਿਰੰਕਾਰੀ ਆਗੂ ਨੇ ਵਿਸਾਖੀ ਵਾਲੇ ਦਿਨ ਸੱਤ ਸਿਤਾਰੇ ਸਾਜਣ ਦਾ ਐਲਾਨ ਕੀਤਾ ਸੀ । ਇਹ 'ਸ਼ਹੀਦ' ਨਿਰੰਕਾਰੀਆਂ ਨੂੰ ਸਮਝਾਉਣ ਵਾਸਤੇ ਗਏ ਸਨ; ਉਨ੍ਹਾਂ ਨਾਲ ਲੜਨ ਵਾਸਤੇ ਨਹੀਂ । ਉਨ੍ਹਾਂ ਦੀ ਕੋਈ ਵੀ ਗੋਲੀ ਉਸ ਸਮੇਂ ਹੋਏ ਇਕੱਠ ਦੇ ਕਿਸੇ ਵਿਅਕਤੀ ਨੂੰ ਨਹੀਂ ਲੱਗੀ । ਜਥੇ ਵਿਚ ਕੇਵਲ 150 ਸਿੰਘ ਸਨ । ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਸਨ ।

ਸਾਡੀ ਇਹ ਪ੍ਰਤਿੱਗਿਆ ਹੈ ਕਿ ਅਸੀਂ ਸ਼ਹੀਦਾਂ ਦਾ ਖ਼ੂਨ ਅਜਾਈਂ ਨਹੀਂ ਜਾਣ ਦਿਆਂਗੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹਰਗਿਜ਼ ਨਹੀਂ ਸਹਾਰਾਂਗੇ ।

ਅਸੀਂ ਸਰਦਾਰ ਬਾਦਲ ਅਤੇ ਸਰਦਾਰ ਟੌਹੜਾ ਆਦਿ ਅਕਾਲੀ ਲੀਡਰਾਂ ਨਾਲ ਵਿਚਾਰਾਂ ਕੀਤੀਆਂ ਹਨ । ਅਸੀਂ ਉਨ੍ਹਾਂ ਨੂੰ ਭਰੋਸਾ ਦਿਵਾਇਆ ਹੈ ਕਿ ਕਾਹਲੀ ਵਿਚ ਕੋਈ ਕਦਮ ਨਹੀਂ ਚੁੱਕਾਂਗੇ । ਪਰ ਇਸ ਦੇ ਨਾਲ ਹੀ ਅਸੀਂ ਉਨ੍ਹਾਂ ਨੂੰ ਇਹ ਵੀ ਕਹਿ ਦਿੱਤਾ ਹੈ ਕਿ, ਸਮਾਂ ਐਵੇਂ ਨਾ ਲੰਘ ਜਾਏ ।

ਅਸੀਂ ਮੰਗ ਕਰਦੇ ਹਾਂ ਕਿ ਪਖੰਡੀ ਨਿਰੰਕਾਰੀ ਮਿਸ਼ਨ ਤੇ ਪਾਬੰਦੀ ਲਾਈ ਜਾਏ, ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਉਨ੍ਹਾਂ ਦਾ ਸਾਥ ਦੇਣ ਵਾਲੇ ਵਿਅਕਤੀਆਂ ਨੂੰ ਵੀ ਮਾਫ ਨਾ ਕੀਤਾ ਜਾਏ ।

ਮੈਨੂੰ ਆਸ ਹੈ ਕਿ ਸੰਗਤਾਂ ਪੰਜਾਬ ਸਰਕਾਰ ਵਲੋਂ ਦਿਵਾਏ ਗਏ ਭਰੋਸੇ ਤੇ ਯਕੀਨ ਕਰਨਗੀਆਂ । ਫਿਰ ਵੀ ਮੈਂ ਚਿਤਾਵਨੀ ਦਿੰਦਾ ਹਾਂ ਕਿ ਜੇ ਸਰਕਾਰ ਨੇ ਸਮਾਂ ਲੈ ਕੇ ਵੀ ਕੁਝ ਨਾ ਕੀਤਾ ਤਾਂ ਅਸੀਂ ਸੰਗਤਾਂ 'ਤੇ ਕਾਬੂ ਨਹੀਂ ਪਾ ਸਕਾਂਗੇ ।

ਗੁਰੂ ਪਿਆਰੀ ਸਾਧ ਸੰਗਤ ਜੀ, ਜਿਸ ਦਿਨ ਤੋਂ ਇਹ ਸਾਕਾ ਹੋਇਆ ਹੈ, ਮੈਂ ਆਪਣੇ ਆਪ ਨੂੰ ਮਰਿਆ ਸਮਝਦਾ ਹਾਂ, ਜੀਉਂਦਾ ਨਹੀਂ ।

ਸਿੱਖ ਨਿਰੰਕਾਰੀ ਮਸਲੇ ਬਾਰੇ ਸਾਰੀਆਂ ਸੰਗਤਾਂ ਤੇ ਸਿੱਖ ਸੰਪਰਦਾਵਾਂ ਇਕੱਠੀਆਂ ਹਨ ।



Digitized by Panjab Digital Library | www.panjabdigilib.org

ਸਾਨੂੰ ਆਸ ਹੈ ਕਿ ਸਰਕਾਰ ਤੇ ਅਕਾਲੀ ਦਲ ਸਾਨੂੰ ਨਿਆਂ ਦਿਵਾਉਣਗੇ। ਪਰ ਜੇਕਰ ਇਨਸਾਫ ਨਾ ਮਿਲਿਆ ਤਾਂ ਅਸੀਂ ਕੁਫ਼ਰ ਵਿਰੁੱਧ ਜਹਾਦ ਸ਼ੁਰੂ ਕਰ ਦਿਆਂਗੇ ਤੇ ਪਹਿਲੀ ਸ਼ਹੀਦੀ ਮੈਂ ਆਪ ਦਿਆਂਗਾ।"

## ਚੁੱਪ ਜਲੂਸ ਦਾ ਸੱਦਾ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦਿੱਲੀ ਅਕਾਲੀ ਦਲ ਨੇ 14 ਮਈ 1983 ਨੂੰ ਨਿਰੰਕਾਰੀਆਂ ਵਿਰੁੱਧ ਦਿੱਲੀ ਵਿਚ ਵਿਸ਼ਾਲ ਖਾਮੋਸ਼ ਜਲੂਸ ਕੱਢਣ ਦਾ ਸੱਦਾ ਦੇ ਦਿੱਤਾ। ਇਸ ਜਲੂਸ ਨੂੰ ਸਫਲ ਬਣਾਉਣ ਲਈ ਭਿੰਡਰਾਂਵਾਲੇ ਸੰਤਾਂ ਨੇ ਵੀ ਜ਼ੋਰ ਸ਼ੋਰ ਨਾਲ ਤਿਆਰੀ ਆਰੰਭ ਕਰ ਦਿੱਤੀ। ਹੁਮ ਹੁਮਾ ਕੇ ਦਿੱਲੀ ਚਲੋ, ਦਾ ਸੰਦੇਸ਼ ਘਰ ਘਰ ਤੱਕ ਪਹੁੰਚਾਉਣ ਲਈ ਸੰਤ ਜਰਨੈਲ ਸਿੰਘ ਨੇ 11.5.78 ਨੂੰ ਸਿੱਖ ਸੰਗਤਾਂ ਦੇ ਨਾਂ ਇਕ ਦਸਖ਼ਤੀ ਅਪੀਲ ਜਾਰੀ ਕੀਤੀ, ਜੋ ਇਨ੍ਹਾਂ ਸ਼ਬਦਾਂ ਵਿਚ ਸੀ:

"ਸੰਗਤਾਂ ਪਾਸ ਮੇਰੀ ਬੇਨਤੀ ਹੈ ਕਿ ਦਿੱਲੀ 14 ਮਈ ਨੂੰ ਨਿਕਲ ਰਹੇ ਚੁਪ ਜਲੂਸ ਵਿਚ ਹੁਮ ਹੁਮਾ ਕੇ ਸ਼ਾਮਲ ਹੋਣ। ਹਰ ਪਿੰਡ ਤੋਂ ਘੱਟੋ ਘੱਟ ਇਕ ਟਰੱਕ ਜਾਂ ਬੱਸ ਜ਼ਰੂਰ ਹੋਣੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਣ ਲਈ ਸਿੰਘਾਂ ਨੇ ਜੋ ਸ਼ਹੀਦੀਆਂ ਦਿੱਤੀਆਂ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਿੰਘ ਤੇ ਸਿੰਘਣੀਆਂ 14 ਮਈ ਨੂੰ ਦਿੱਲੀ ਪੁੱਜਣ ਤਾਂ ਜੋ ਦੁਨੀਆਂ ਨੂੰ ਦੱਸਿਆ ਜਾ ਸਕੇ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ ਪੰਥ ਇਕਮੁੱਠ ਹੈ।

ਗੁਰੂ ਪੰਥ ਦਾ ਦਾਸ:
ਜਰਨੈਲ ਸਿੰਘ 'ਖਾਲਸਾ'

## ਬੇਮਿਸਾਲ ਖਾਮੋਸ਼ ਜਲੂਸ

14.5.78 ਨੂੰ ਦਿੱਲੀ ਵਿਚ ਸਿੱਖਾਂ ਦੇ ਰੋਸ ਦਾ ਹੜ੍ਹ ਵਗਿਆ, ਇਹ ਰੋਸ ਅੰਮ੍ਰਿਤਸਰ ਦੇ ਖੂਨੀ ਸਾਕੇ ਬਾਰੇ ਪਰਗਟ ਕੀਤਾ ਜਾ ਰਿਹਾ ਸੀ। ਇਹ ਰੋਸ ਇਕ ਖਾਮੋਸ਼ ਜਲੂਸ ਦੀ ਸ਼ਕਲ ਵਿਚ ਸੀ, ਜਿਸ ਵਿਚ 5 ਲੱਖ ਤੋਂ ਉਪਰ ਸਿੱਖ ਸੰਗਤਾਂ ਸ਼ਾਮਿਲ ਹੋਈਆਂ। ਇਹ ਬੇਮਿਸਾਲ ਸ਼ਾਂਤਮਈ ਜਲੂਸ ਵਕਤ ਦੇ ਹਾਕਮ ਪਰਧਾਨ ਮੰਤਰੀ ਸ੍ਰੀ ਮੁਰਾਰਜੀ ਡਿਸਾਈ ਨੂੰ ਯਾਦ ਪੱਤਰ ਦੇਣ ਲਈ ਉਨ੍ਹਾਂ ਦੀ ਕੋਠੀ ਪਹੁੰਚਿਆ ਪਰ ਸਿੰਘਾਂ ਦੇ ਖਾਮੋਸ਼ ਤੂਫਾਨ ਤੋਂ ਸਹਿਮ ਕੇ ਉਹ ਗਾਇਬ ਹੋ ਚੁੱਕਾ ਸੀ। ਜਲੂਸ ਦੇ ਪ੍ਰਬੰਧਕਾਂ ਨੇ, ਜਿਨ੍ਹਾਂ ਵਿਚ ਸੰਤ ਜਰਨੈਲ ਸਿੰਘ ਤੇ ਜਥੇਦਾਰ ਸੰਤੋਖ ਸਿੰਘ ਸ਼ਾਮਲ ਸਨ, ਜਲੂਸ ਦਾ ਮੂੰਹ ਰਾਸ਼ਟਰਪਤੀ ਭਵਨ ਵੱਲ ਮੋੜ ਲਿਆ। ਰਸਤੇ ਵਿਚ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੋਠੀਓਂ ਬਾਹਰ ਆ ਕੇ ਜਲੂਸ ਦੇ ਪ੍ਰਬੰਧਕਾਂ ਦਾ ਸਵਾਗਤ ਕੀਤਾ। ਇਸ ਤੋਂ ਪਿੱਛੋਂ ਜਲੂਸ ਦੇ ਮੁਖੀਆਂ ਨੇ ਰਾਸ਼ਟਰਪਤੀ ਭਵਨ ਪਹੁੰਚ ਕੇ ਰਾਸ਼ਟਰਪਤੀ ਨੂੰ ਮੈਮੋਰੰਡਮ ਦਿੱਤਾ। ਫਿਰ ਇਹ ਜਲੂਸ ਗੁਰਦਵਾਰਾ ਰਕਾਬ ਗੰਜ ਆ ਕੇ ਇਕ ਵਿਸ਼ਾਲ ਪੰਥਕ ਇਕੱਠ ਦੀ ਸ਼ਕਲ ਵਿਚ ਬਦਲ ਗਿਆ। ਇਸ ਇਕੱਠ ਵਿਚ ਬੋਲਦਿਆਂ ਭਿੰਡਰਾਂਵਾਲੇ ਸੰਤਾਂ ਨੇ ਕਿਹਾ: "ਸਿੱਖੀ ਦਾ ਜੋ ਅਪਮਾਨ ਕੀਤਾ ਗਿਆ ਹੈ, ਉਸ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।" ਅਕਾਲੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਟਿੱਪਣੀ ਕਰਦਿਆਂ ਸੰਤਾਂ ਨੇ ਫੁਰਮਾਇਆ ਕਿ "ਮੁੱਖ ਮੰਤਰੀ ਸਰਦਾਰ ਬਾਦਲ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਦੋਸ਼ੀ ਨਿਰੰਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਏਗੀ ਪਰ ਹਾਲਾਂ ਤੱਕ ਅਸੀਂ ਸੰਤੁਸ਼ਟ ਨਹੀਂ ਹੋਏ।"



Digitized by Panjab Digital Library | www.panjabdigilib.org

## ਹੁਕਮਨਾਮੇ ਦਾ ਫੈਸਲਾ

17.4.78 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਸਿੱਖ ਵਿਦਵਾਨਾਂ ਦੀ ਇਕ ਕਨਵੈਨਸ਼ਨ ਬੁਲਾਈ। ਇਸ ਕਨਵੈਨਸ਼ਨ ਵਿਚ ਸਿੱਖਾਂ ਦੀਆਂ ਸਭ ਸੰਪਰਦਾਵਾਂ ਤੇ ਵਿਚਾਰਾਂ ਦੇ ਮੁਖੀ ਸ਼ਾਮਲ ਹੋਏ। ਸਮੂੰਹ ਸਿੱਖ ਸੰਗਤ ਦੇ ਇਸ ਪ੍ਰਤੀਨਿਧ ਇਕੱਠ ਵਿਚ ਸਰਬ ਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ ਕਿ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ 10 ਜੂਨ 1978 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਦੇ ਮੌਕੇ ਤੇ ਸਿੱਖਾਂ - ਨਿਰੰਕਾਰੀਆਂ ਦੇ ਸੰਬੰਧਾਂ ਬਾਰੇ ਇਕ ਹੁਕਮਨਾਮਾ ਜਾਰੀ ਕੀਤਾ ਜਾਏ। ਫੈਸਲਾ ਕੀਤਾ ਗਿਆ ਕਿ ਇਹ ਹੁਕਮਨਾਮਾ ਜਿਸ ਵਕਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਵੇ, ਐਨ ਓਸ ਵਕਤ ਦੂਜੇ ਤਖਤ ਸਾਹਿਬਾਨ ਦੇ ਜਥੇਦਾਰ ਵੀ ਇਸ ਦੀ ਕਾਪੀ ਜਾਰੀ ਕਰਨ। ਇਹ ਫ਼ੈਸਲਾ ਵੀ ਹੋਇਆ ਕਿ ਹੁਕਮਨਾਮੇ ਦੀਆਂ ਕਾਪੀਆਂ 10 ਜੂਨ ਤੋਂ ਪਹਿਲਾਂ ਪਹਿਲਾਂ ਦੁਨੀਆਂ ਭਰ ਵਿਚ ਸਿੱਖ ਗੁਰਦੁਆਰਿਆਂ ਨੂੰ ਪਹੁੰਚਾ ਦਿੱਤੀਆਂ ਜਾਣ ਤਾਂ ਜੋ ਇਕੋ ਸਮੇਂ ਸ਼ਹੀਦੀ ਗੁਰਪੁਰਬ ਮਨਾ ਰਹੀਆਂ ਸਿੱਖ ਸੰਗਤਾਂ ਵਿਚ ਪੜ੍ਹ ਕੇ ਸੁਣਾਈਆਂ ਜਾ ਸਕਣ।

ਸਿੱਖ ਵਿਦਵਾਨਾਂ ਤੇ ਵਿਚਾਰਵਾਨਾਂ ਦੇ ਇਸ ਸੰਮੇਲਨ ਵਿਚ ਹੁਕਮਨਾਮੇ ਦਾ ਖਰੜਾ ਤਿਆਰ ਕਰਨ ਲਈ ਸੱਤ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਗਈ, ਜਿਸ ਦੇ ਮੈਂਬਰ ਇਹ ਸਨ:

1 ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਭੌਰਾ
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
2 ਗਿਆਨੀ ਪ੍ਰਤਾਪ ਸਿੰਘ ਜੀ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
3 ਸਿਰਦਾਰ ਕਪੂਰ ਸਿੰਘ ਆਈ. ਸੀ. ਐਸ.
ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ
4 ਗਿਆਨੀ ਲਾਲ ਸਿੰਘ ਜੀ
ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ
5 ਪ੍ਰਿੰਸੀਪਲ ਸਤਿਬੀਰ ਸਿੰਘ
6 ਗਿਆਨੀ ਗੁਰਦਿਤ ਸਿੰਘ
7 ਪ੍ਰੋਫੈਸਰ ਪ੍ਰਕਾਸ਼ ਸਿੰਘ

ਉਪਰੋਕਤ ਸੰਮੇਲਨ ਵਿਚ ਅਕਾਲੀ ਆਗੂਆਂ, ਸਿੱਖ ਵਿਦਵਾਨਾਂ ਤੇ ਵੱਖੋ ਵੱਖ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੇ ਵਿਚਾਰ ਪੇਸ਼ ਕੀਤੇ। ਭਿੰਡਰਾਂਵਾਲੇ ਜਥੇ ਵਲੋਂ ਨਿਰੰਕਾਰੀ ਦੰਭੀਆਂ ਤੇ ਪਖੰਡੀਆਂ ਦਾ ਕੱਚਾ ਚਿੱਠਾ ਸੰਤ ਜਰਨੈਲ ਸਿੰਘ ਨੇ ਬਿਆਨ ਕੀਤਾ।

## 'ਹੁਕਮ' ਅਕਾਲ ਦਾ

ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਨੂੰ ਸਿੱਖ ਜਗਤ ਦੀ ਸੁਪਰੀਮ ਕੋਰਟ ਦਾ ਦਰਜਾ ਪ੍ਰਾਪਤ ਹੈ। ਸਿੱਖ ਪੰਥ ਦੀ ਇਸ ਸਰਵ - ਉੱਚ ਅਦਾਲਤ ਨੂੰ ਗੁਰਮਤਿ ਦੀ ਉਲੰਘਣਾ ਕਰਨ ਵਾਲੇ ਸਿੱਖਾਂ ਨੂੰ ਤਖਤ ਸਾਹਿਬ ਤੇ ਬੁਲਾ ਕੇ ਸਜ਼ਾ ਦੇਣ ਦੇ ਅਧਿਕਾਰ ਪ੍ਰਾਪਤ ਹਨ, ਜਿਸ



Digitized by Panjab Digital Library | www.panjabdigilib.org

ਨੂੰ ਅਕਾਲ ਤਖਤ ਦੀ ਅਦਾਲਤੀ ਭਾਸ਼ਾ ਵਿਚ 'ਤਨਖਾਹ ਲਾਉਣੀ' ਕਿਹਾ ਜਾਂਦਾ ਹੈ। ਸਿੱਖਾਂ ਦੀ ਇਸ ਸਭ ਤੋਂ ਉੱਚੀ ਅਦਾਲਤ ਵਲੋਂ ਸਮੇਂ ਸਮੇਂ ਸਿੱਖ ਪੰਥ ਦੇ ਨਾਂ 'ਹੁਕਮਨਾਮੇ' ਜਾਰੀ ਕਰਨ ਦੀ ਪ੍ਰੰਪਰਾ ਵੀ ਚਲੀ ਆਉਂਦੀ ਹੈ। ਇਨ੍ਹਾਂ ਹੁਕਮਨਾਮਿਆਂ ਨੂੰ ਸਮੂਹ ਸੰਗਤਾਂ ਵਲੋਂ ਅਕਾਲ ਪੁਰਖ ਦਾ ਹੁਕਮ ਅਥਵਾ ਇਲਾਹੀ ਹੁਕਮ ਸਮਝ ਕੇ ਮਾਣਤਾ ਦਿੱਤੀ ਜਾਂਦੀ ਹੈ ਤੇ ਇਸ ਤੇ ਅਮਲ ਕੀਤਾ ਜਾਂਦਾ ਹੈ।

10 ਜੂਨ 1978 ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਮੌਕੇ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕੀਤਾ ਗਿਆ, ਜਿਸ ਨੂੰ ਸਿੰਘ ਸਾਹਿਬ ਜਥੇਦਾਰ ਸਾਧੂ ਸਿੰਘ ਭੌਰਾ ਨੇ ਭਰੇ ਦੀਵਾਨ ਵਿਚ ਪੜ੍ਹ ਕੇ ਸੁਣਾਇਆ। ਇਹ ਹੁਕਮਨਾਮਾ ਸੱਤ ਮੈਂਬਰੀ ਕਮੇਟੀ ਵਲੋਂ ਤਿਆਰ ਕੀਤੇ ਗਏ ਖਰੜੇ ਦੇ ਆਧਾਰ ਤੇ ਜਾਰੀ ਕੀਤਾ ਗਿਆ। ਇਸ ਨੂੰ ਦੂਜੇ ਤਖਤ ਸਾਹਿਬਾਨ ਤੇ ਸੰਸਾਰ ਭਰ ਦੇ ਸਿੱਖ ਗੁਰਦੁਆਰਿਆਂ ਵਿਚ ਇਕੋ ਸਮੇਂ ਸਿੱਖ ਸੰਗਤਾਂ ਨੂੰ ਸੁਣਾਇਆ ਗਿਆ। ਹੁਕਮਨਾਮੇ ਦਾ ਅੱਖਰ ਅੱਖਰ ਹੇਠਾਂ ਦਿੱਤਾ ਜਾ ਰਿਹਾ ਹੈ:

> ੧ਓ ਵਾਹਿਗੁਰੂ ਜੀ ਕੀ ਫਤਹਿ ॥
> ਸ੍ਰੀ ਅਕਾਲ ਜੀ ਸਹਾਇ ॥
> ਹੁਕਮਨਾਮਾ
> ਸ੍ਰੀ ਅਕਾਲ ਤਖਤ ਸਾਹਿਬ
> ਦੇਗ ਤੇਗ ਫਤਹ ਨੁਸਰਤ ਬੇ ਦਰੰਗ ॥
> ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਸਰਬੱਤ ਖਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਣ ਸ੍ਰੀ ਗੁਰੂ ਅਕਾਲ ਪੁਰਖ ਦੇ ਹੁਕਮ ਨੂੰ ਸਵੀਕਾਰ ਕਰਨ ਵਿਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਇਆ ਨਿਧੀ ਹੈ, ਅਤੇ ਉਸ ਦੀ ਰਜ਼ਾ ਵਿਚ ਸਰਬ ਸੁਖ ਦਾਤਾ, ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ - ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮੱਤ ਦਾ ਪ੍ਰਕਾਸ਼ ਹੋਇਆ ਹੈ, ਅਤੇ ਖਾਲਸੇ ਦਾ ਬਿਰਦ ਹੈ:

> ਧਰਮ ਚਲਾਵਨ ਸੰਤ ਉਬਾਰਨ ॥
> ਦੁਸਟ ਸਭਨ ਕੋ ਮੂਲ ਉਪਾਰਨ ॥

ਕੁਝ ਸਮੇਂ ਤੋਂ ਸਾਡੇ ਦੇਸ਼ ਵਿਚ ਅਖੌਤੀ 'ਨਿਰੰਕਾਰੀ ਦਿੱਲੀ' ਦੀ ਸੰਗਿਆ ਹੇਠ ਚੱਲ ਰਹੀ ਲਹਿਰ, ਜਿਸ ਦਾ ਮੁਖੀ ਗੁਰਬਚਨ ਸਿੰਘ ਹੈ, ਉਸ ਦਾ ਨਿਸ਼ਾਨਾ ਧਰਮ ਤੇ ਸਦਾਚਾਰ ਨੂੰ ਵਿਨਾਸ਼ ਕਰਨਾ ਤਾਂ ਹੈ ਹੀ, ਪਰ ਉਹ ਸਿੱਖੀ ਤੇ ਖਾਲਸੇ ਦੇ ਸਿਧਾਂਤਾਂ, ਰਹੁ - ਰੀਤਾਂ ਤੇ ਗੌਰਵ ਉਤੇ ਵਿਸ਼ੇਸ਼ ਕਰਕੇ ਪਰਚੰਡ ਹਮਲੇ ਕਰ ਰਿਹਾ ਹੈ। ਜਿਸ ਦੇ ਪ੍ਰਣਾਮ ਕਾਰਨ ਦੇਸ਼ ਵਿਚ ਕਈ ਥਾਵਾਂ ਉਤੇ ਗੰਭੀਰ ਫਸਾਦ ਹੋ ਚੁੱਕੇ ਹਨ ਅਤੇ ਪਿਛਲੀ ਵਿਸਾਖੀ 13 ਅਪ੍ਰੈਲ ਸੰਨ 1978 ਨੂੰ ਇਸੇ ਕਾਰਨ ਸ੍ਰੀ ਅੰਮ੍ਰਿਤਸਰ ਵਿਚ ਅਨੇਕਾਂ ਸਿੰਘ ਧਰਮ ਹੇਤ ਜ਼ਖਮੀਂ ਤੇ ਸ਼ਹੀਦ ਹੋਏ।

ਧਰਮ ਤੇ ਸਿੱਖੀ ਦੇ ਇਹ ਸ਼ਤਰੂ ਆਪਣੇ ਆਪ ਨੂੰ 'ਸੰਤ ਨਿਰੰਕਾਰੀ' ਕਹਾਉਂਦੇ ਹਨ ਅਤੇ ਇਨ੍ਹਾਂ ਦਾ ਆਗੂ ਗੁਰਬਚਨਸਿੰਘ ਈਸ਼ਵਰ ਦਾ ਅਵਤਾਰ ਹੋਣ ਦਾ ਦਾਹਵਾ ਕਰਦਾ ਹੈ। ਇਹ ਸਰੀਰਕ ਤ੍ਰਿਪਤੀਆਂ ਤੇ ਸੁੱਖਾਂ ਨੂੰ ਮਨੁੱਖਾ ਜਨਮ ਦਾ ਮੁੱਖ ਮੰਤਵ ਸਮਝਦੇ ਹਨ। ਇਹ ਧਰਮ ਦੇ ਉਚਤਮ ਸਿਧਾਂਤ ਸ਼ਬਦ ਗੁਰੂ ਤੋਂ ਮੁਨਕਰ ਹੋ ਕੇ ਦੇਹਧਾਰੀ ਮਨੁੱਖਾਂ ਦੀ ਪੂਜਾ ਦਾ ਪ੍ਰਚਾਰ ਕਰਦੇ ਹਨ ਅਤੇ ਸਦਾਚਾਰ ਦਾ ਵਿਰੋਧ, ਇਹ ਕਹਿ ਕੇ ਕਰਦੇ ਹਨ ਕਿ, ਪਾਪ ਤੇ ਪੁੰਨ ਐਵੇਂ ਮਨੋਕਲਪਤ ਹਨ। ਜਿਨ੍ਹਾਂ ਦਾ ਇਹ ਪ੍ਰਚਾਰ ਸੰਸਾਰ ਭਰ ਦੇ ਧਰਮਾਂ, ਅਤੇ ਸਦਾਚਾਰਕ



Digitized by Panjab Digital Library | www.panjabdigilib.org

ਵਿਧਾਨਾਂ ਵਾਸਤੇ ਇਕ ਮਾਰੂ ਹਮਲਾ ਹੈ। ਸਿੱਖ ਪੰਥ ਇਸ ਚੈਲੰਜ ਨੂੰ ਚੁਣੌਤੀ ਦਿੱਤੇ ਬਿਨਾਂ ਬਚ ਨਹੀਂ ਸਕਦਾ।

ਸ੍ਰੀ ਅਕਾਲ ਤਖਤ ਸਾਹਿਬ ਦੀ ਮੋਹਰ ਅਧਿਕਾਰ ਹੇਠਾਂ ਇਹ ਹੁਕਮ ਹਰ ਸਿੱਖ ਮਾਈ ਭਾਈ ਅਤੇ ਹਰ ਇਕ ਪ੍ਰਾਣੀ ਮਾਤਰ ਲਈ ਹੈ, ਇਸ ਧਰਮ - ਸ਼ਤਰੂ ਅਤੇ ਮਨੁੱਖ ਮਾਤਰ ਲਈ ਹਾਨੀਕਾਰਕ ਟੋਲੇ ਦਾ ਹਰ ਯੋਗ ਤਰੀਕੇ ਨਾਲ ਵਿਰੋਧ ਕੀਤਾ ਜਾਵੇ, ਅਤੇ ਇਸ ਨੂੰ ਸਮਾਜ ਅਤੇ ਸੰਸਾਰ ਵਿਚ ਵਧਣ ਫੈਲਣ ਨਾ ਦਿੱਤਾ ਜਾਵੇ। ਜੋ ਸਿੱਖ ਇਸ ਦੰਭੀ ਅਤੇ ਪਾਖੰਡੀ ਆਖੌਤੀ ਨਿਰੰਕਾਰੀ ਸੰਸਥਾ ਦਾ ਅੰਗ ਬਣ ਚੁੱਕੇ ਹਨ, ਉਨ੍ਹਾਂ ਅਤੇ ਉਨ੍ਹਾਂ ਦੇ ਆਗੂ ਗੁਰਬਚਨ ਸਿੰਘ ਨਾਲ, ਖਾਲਸਾ ਪੰਥ ਹਰ ਤਰ੍ਹਾਂ ਦਾ ਮੇਲ ਜੋਲ ਅਤੇ ਸੰਸਾਰਕ ਸੰਬੰਧ ਅਤੇ ਰੋਟੀ ਬੇਟੀ ਦੀ ਸਾਂਝ ਬੰਦ ਕਰੇ।

ਇਹ ਸ੍ਰੀ ਅਕਾਲ ਤਖਤ ਸਾਹਿਬ ਦਾ
ਹੁਕਮਨਾਮਾ ਹੈ। ਜੋ ਮੰਨੇਗਾ, ਉਸ ਦਾ ਲੋਕ
ਪ੍ਰਲੋਕ ਦੋਹੀਂ ਥਾਈਂ ਭਲਾ ਹੋਵੇਗਾ।
ਗੁਰ ਕੀ ਆਗਿਆ:
ਪੂਜਾ ਅਕਾਲ ਪੁਰਖ ਕੀ ॥
ਪਰਚਾ ਸ਼ਬਦ ਕਾ ॥
ਦਰਸ਼ਨ ਖਾਲਸੇ ਕਾ ॥

(ਮੋਹਰ ਸ੍ਰੀ ਅਕਾਲ
ਤਖਤ ਸਾਹਿਬ)

ਸਾਧੂ ਸਿੰਘ
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸ੍ਰੀ ਅੰਮ੍ਰਿਤਸਰ

ਮਿਤੀ 28 ਜੇਠ
ਸੰਮਤ, ਨਾਨਕਸ਼ਾਹੀ 509
10 ਜੂਨ 1978

ਇਹ ਹੁਕਮਨਾਮਾ ਜਾਰੀ ਹੋਣ ਤੇ ਭਿੰਡਰਾਂਵਾਲੇ ਸੰਤਾਂ ਦੇ ਅਸੰਤੁਸ਼ਟ ਮਨ ਨੂੰ ਕੁਝ ਸ਼ਾਤੀ ਪ੍ਰਾਪਤ ਹੋਈ, ਇਹ ਸੋਚ ਕੇ ਕਿ, ਜੇ ਅਕਾਲੀ ਸਰਕਾਰ ਨੇ ਨਿਰੰਕਾਰੀਆਂ ਵਿਰੁੱਧ ਕੋਈ ਸਖਤ ਕਾਰਵਾਈ ਨਹੀਂ ਕੀਤੀ ਤਾਂ ਉਸ ਦੀ ਕੋਈ ਮਜਬੂਰੀ ਹੋ ਸਕਦੀ ਹੈ ਪਰ ਸਿੱਖ ਧਰਮ ਦੀ ਸਭ ਤੋਂ ਉੱਚੀ ਅਦਾਲਤ ਨੇ ਤਾਂ ਆਪਣਾ ਫਰਜ਼ ਪਛਾਣ ਹੀ ਲਿਆ ਹੈ।

## ਬਰਸੀ ਸੰਤ ਕਰਤਾਰ ਸਿੰਘ ਜੀ ਦੀ

16.8.78 ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਚ ਸੰਤ ਕਰਤਾਰ ਸਿੰਘ ਜੀ 'ਖਾਲਸਾ' ਦੀ ਬਰਸੀ ਮਨਾਈ ਗਈ। ਇਸ ਮੌਕੇ ਤੇ ਭਿੰਡਰਾਂਵਾਲੇ ਜਥੇ ਦੀ ਸ਼ਰਧਾਲੂ ਸਿੱਖ ਸੰਗਤ ਨੇ ਤਾਂ ਪਹੁੰਚਣਾ ਸੀ, ਇਲਾਕੇ ਦੇ ਸਿੱਖ ਵੀ ਹਜ਼ਾਰਾਂ ਦੀ ਗਿਣਤੀ ਵਿਚ ਮੌਜੂਦ ਸਨ ਅਤੇ ਅਕਾਲੀ ਲੀਡਰ ਵੀ ਆਏ ਹੋਏ ਸਨ। ਅਕਾਲੀ ਨੇਤਾਵਾਂ ਦੀ ਮੌਜੂਦਗੀ ਵਿਚ ਏਸ ਪੰਥਕ ਇਕੱਠ ਵਿਚ ਇਹ ਫੈਸਲਾ ਕੀਤਾ ਗਿਆ ਕਿ 20 ਅਗਸਤ ਤੋਂ ਪੰਜਾਬ ਭਰ ਵਿਚ ਨਿਰੰਕਾਰੀ ਭਵਨ ਬੰਦ ਕਰਵਾ ਦਿੱਤੇ ਜਾਣਗੇ। ਪ੍ਰੋਗਰਾਮ ਦਾ ਐਲਾਨ ਵੀ ਕਰ ਦਿੱਤਾ ਗਿਆ ਕਿ 20 ਅਗਸਤ ਨੂੰ ਸੰਤ ਜਰਨੈਲ ਸਿੰਘ ਸਵੇਰੇ ਦਸ ਵਜੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਦੀਵਾਨ ਸਜਾਉਣਗੇ, ਫਿਰ ਸਿੱਖ ਸੰਗਤਾਂ ਵਿਚ ਆਪਣੇ ਵਿਚਾਰ ਪੇਸ਼ ਕਰਨਗੇ ਅਤੇ ਬਾਅਦ ਵਿਚ ਅਰਦਾਸਾ ਸੋਧ ਕੇ ਜਥੇ ਦੀ ਅਗਵਾਈ ਕਰਦਿਆਂ ਨਿਰੰਕਾਰੀ ਭਵਨ ਬੰਦ ਕਰਾਉਣ ਲਈ ਚਾਲੇ ਪਾਉਣਗੇ। ਸੰਤਾਂ ਵਲੋਂ 'ਭਵਨ ਬੰਦ ਕਰਾਉਣ ਦੀ ਤਹਿਰੀਕ' ਦਾ ਐਲਾਨ ਹੁੰਦਿਆਂ ਹੀ ਅਕਾਲੀ ਲੀਡਰਸ਼ਿਪ ਸ਼ਸ਼ੋਪੰਜ ਵਿਚ ਪੈ ਗਈ ਕਿ ਹੁਣ ਕੀ ਕੀਤਾ



Digitized by Panjab Digital Library | www.panjabdigilib.org

ਜਾਏ? ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਦਿਨੇ ਤਾਰੇ ਦਿਖਾਈ ਦੇਣ ਲੱਗ ਪਏ ਤੇ ਉਸ ਦੀਆਂ ਰਾਤਾਂ ਦੀ ਨੀਂਦ ਹਰਾਮ ਹੋ ਗਈ। ਸਰਦਾਰ ਬਾਦਲ ਦਾ ਖਿਆਲ ਸੀ ਕਿ ਸੰਤਾਂ ਨੂੰ ਵਰਗਲਾ ਕੇ ਇਹ 'ਸ਼ਰਾਰਤ' ਕਾਂਗਰਸ (ਆਈ) ਵਲੋਂ ਕਰਵਾਈ ਗਈ ਹੈ ਤਾਂ ਜੋ ਬਾਦਲ ਸਰਕਾਰ ਨੂੰ ਪਰੇਸ਼ਾਨ ਕੀਤਾ ਜਾ ਸਕੇ। ਸਰਦਾਰ ਬਾਦਲ ਨੂੰ ਇਹ ਡਰ ਸੀ ਕਿ ਕਿਧਰੇ ਭਿੰਡਰਾਂਵਾਲੇ ਸੰਤਾਂ ਦੀ ਇਸ ਮੁਹਿੰਮ ਦੇ ਸਫਲ ਹੋ ਜਾਣ ਨਾਲ ਕੇਂਦਰ ਦੀ ਮੁਰਾਰਜੀ ਸਰਕਾਰ ਨਾਰਾਜ਼ ਨਾ ਹੋ ਜਾਏ, ਇਸ ਲਈ 'ਭਵਨ ਬੰਦ ਕਰਾਊ ਅੰਦੋਲਨ' ਫੇਲ੍ਹ ਕਰਨ ਲਈ ਸਕੀਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਅਕਾਲੀ ਲੀਡਰਾਂ ਨੇ ਬਾਦਲ ਸਾਹਿਬ ਨੂੰ ਇਹ ਮਸ਼ਵਰਾ ਵੀ ਦਿੱਤਾ ਕਿ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜਾਏ ਪਰ ਉਨ੍ਹਾਂ ਨੇ ਇਸ ਤਜਵੀਜ਼ ਨੂੰ ਠੁਕਰਾ ਦਿੱਤਾ ਕਿ ਅਜਿਹਾ ਕਰਨ ਨਾਲ ਸਿੱਖ ਲੋਕ - ਰਾਏ ਉਨ੍ਹਾਂ ਦੇ ਖਿਲਾਫ ਹੋ ਜਾਏਗੀ।

ਭਵਨ ਬੰਦ ਕਰਾਉਣ ਦੀ ਮੁਹਿੰਮ ਚਾਲੂ ਕਰਨ ਲਈ ਮਿਥੀ ਗਈ 20 ਅਗਸਤ ਦੀ ਤਰੀਕ ਬਹੁਤ ਨੇੜੇ ਸੀ। ਇਸ ਲਈ ਸੰਤ ਜਰਨੈਲ ਸਿੰਘ ਨੇ ਮੁਹਿੰਮ ਨੂੰ ਸਫਲ ਬਣਾਉਣ ਲਈ ਮਾਝੇ ਦਾ ਹੰਗਾਮੀ ਦੌਰਾ ਸ਼ੁਰੂ ਕਰ ਦਿੱਤਾ।



Digitized by Panjab Digital Library | www.panjabdigilib.org

# ਗੁਰਦੁਆਰਾ ਸੁਧਾਰ ਦਾ ਮੁੱਦਈ

'ਸੰਤ ਨਿਰੰਕਾਰੀਆਂ' ਵਲੋਂ ਸਿੱਖਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਖਾਲਸੇ ਦੇ ਜਨਮ ਦਿਵਸ, ਵੈਸਾਖੀ ਵਾਲੇ ਦਿਨ ਸ਼ਾਂਤਮਈ, ਸ਼ਰਧਾਲੂ ਸਿੱਖਾਂ ਦੇ ਸਮੂਹਕ ਕਤਲ ਨੇ ਸਮੁੱਚੀ ਸਿੱਖ ਕੌਮ ਨੂੰ ਝੰਜੋੜ ਦਿੱਤਾ । ਸਿੱਖਾਂ ਵਿਚਕਾਰ ਤਿੱਖੇ ਪ੍ਰਤੀਕਰਮ ਨੇ ਨਿਰੰਕਾਰੀ ਮੁਖੀ ਦੇ ਖੁਲ੍ਹਮ ਖੁਲ੍ਹੇ ਪ੍ਰਚਾਰ ਨੂੰ ਅਸੰਭਵ ਬਣਾ ਦਿੱਤਾ ਭਾਵੇਂ ਇਸ ਲਈ ਸਿੱਖਾਂ ਨੂੰ ਅੰਮ੍ਰਿਤਸਰ ਤੋਂ ਛੁੱਟ ਦਿੱਲੀ ਅਤੇ ਕਾਨ੍ਹਪੁਰ ਵਿਖੇ ਵੀ ਸ਼ਹੀਦੀਆਂ ਦੇਣੀਆਂ ਪਈਆਂ । ਅਜਿਹੇ ਹਾਲਾਤ ਵਿਚ ਨਿਰੰਕਾਰੀ - ਸਿੱਖ ਬਖੇੜੇ ਦਾ ਪ੍ਰਛਾਵਾਂ ਪੰਜਾਬ ਦੀ ਹਰ ਘਟਨਾ ਤੇ ਰਹਿਣਾ ਸੁਭਾਵਿਕ ਸੀ। ਸ਼੍ਰੋਮਣੀ ਅਕਾਲੀ ਦਲ ਸਭ ਤੋਂ ਵੱਧ ਦੁਬਿਧਾ ਵਿਚ ਸੀ । ਇਕ ਪਾਸੇ ਪੰਥ ਦੀ ਇਹ ਸ਼੍ਰੋਮਣੀ ਜਥੇਬੰਦੀ ਨਿਸਚੇ ਹੀ 'ਸੰਤ ਨਿਰੰਕਾਰੀ' ਖਤਰੇ ਨੂੰ ਭਾਂਪ ਕੇ ਮੁਹਰੈਲ ਬਣ ਕੇ ਉਨ੍ਹਾਂ ਵਿਰੁੱਧ ਸੰਘਰਸ਼ ਕਰਨ ਲਈ ਤਤਪਰ ਸੀ ਪਰ ਦੂਜੇ ਪਾਸੇ ਹਾਕਮ ਪਾਰਟੀ ਵਜੋਂ ਉਹ ਸਿੱਖ ਪ੍ਰੰਪਰਾਵਾਂ ਅਨੁਸਾਰ ਰਾਜ ਦੀ ਤਰਜ਼ ਸਹਿਨਸ਼ੀਲ ਰੱਖਣ ਲਈ ਵੀ ਪੂਰੇ ਤੌਰ ਤੇ ਗੰਭੀਰ ਸੀ। ਆਮ ਸਿੱਖ ਜਨਤਾ ਸ਼੍ਰੋਮਣੀ ਅਕਾਲੀ ਦਲ ਦੀ ਇਸ ਦੁਬਿਧਾ ਤੋਂ ਅਨਜਾਣ, ਨਤੀਜਿਆਂ ਦੀ ਇੱਛਕ ਸੀ, ਜਿਸ ਦਾ ਤੁਰੰਤ ਉਤਰ ਨਾ ਪੰਜਾਬ ਸਰਕਾਰ ਕੋਲ ਸੀ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਕੋਲ। ਸ਼੍ਰੋਮਣੀ ਅਕਾਲੀ ਦਲ ਦੀ ਇਸ ਦੁਬਿਧਾ ਭਰਪੂਰ ਸਥਿਤੀ ਦਾ ਪ੍ਰਗਟਾਵਾ ਉਸ ਵੇਲੇ ਦੇ ਮਾਲ ਮੰਤ੍ਰੀ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਤੌਰ ਤਰੀਕੇ ਤੋਂ ਭਲੀਭਾਂਤ ਹੋ ਜਾਂਦਾ ਹੈ । ਉਨ੍ਹਾਂ ਨੇ ਸਿੱਖ - ਨਿਰੰਕਾਰੀ ਝਗੜੇ ਦਾ ਘੇਰਾ ਸੌੜਾ ਕਰਨ ਲਈ ਵੈਸਾਖੀ ਵਾਲੀ ਘਟਨਾ ਲਈ ਸੰਤ ਜਰਨੈਲ ਸਿੰਘ 'ਖਾਲਸਾ' ਦੀ ਕਾਰਵਾਈ ਨੂੰ 'ਬੇ - ਮੌਕਾ, ਬੇ - ਲੋੜੀ ਅਤੇ ਬੇ - ਜੁਗਤੀ ਭਰਪੂਰ' ਦਰਸਾਉਣਾ ਆਰੰਭ ਕਰ ਦਿੱਤਾ ਅਤੇ ਇਹ ਪ੍ਰਚਾਰ ਵੀ ਆਰੰਭ ਦਿੱਤਾ ਕਿ, ਇਸ ਘਟਨਾ ਲਈ ਕੇਵਲ ਸੰਤ ਜਰਨੈਲ ਸਿੰਘ 'ਖਾਲਸਾ' ਹੀ ਜ਼ਿੰਮੇਵਾਰ ਸਨ। ਦੂਜੇ ਪਾਸੇ ਸੰਤ ਜਰਨੈਲ ਸਿੰਘ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਮੰਤ੍ਰੀ ਦੇ ਤੌਰ ਤੇ ਇਸ ਮਾਮਲੇ ਵਿਚ ਦਖਲ ਦੇਣ ਤੋਂ ਕੰਨੀਂ ਕਤਰਾਉਣ ਲਈ ਇਸ ਖੂਨੀ ਸਾਕੇ ਲਈ ਜ਼ਿੰਮੇਵਾਰ ਸਮਝਦੇ ਸਨ । ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਸੰਤ ਜਰਨੈਲ ਸਿੰਘ 'ਖਾਲਸਾ' ਦੀ ਬੇਖੌਫ ਅਤੇ ਸੁਦ੍ਰਿੜ ਵਿਅਕਤੀਗਤ ਆਪਣੇ ਰਾਜਨੀਤਕ ਭਵਿਖ ਲਈ ਖਤਰਾ ਪ੍ਰਤੀਤ ਹੋ ਰਹੀ ਸੀ ਕਿਉਂਕਿ ਉਨ੍ਹਾਂ ਦੇ ਹਲਕੇ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਸਥਿਤ ਸੀ ਅਤੇ ਸੰਤ ਜਰਨੈਲ ਸਿੰਘ ਦੀ ਵਧਦੀ ਹੋਈ ਸਾਖ ਉਨ੍ਹਾਂ ਲਈ ਚੁਨੌਤੀ ਬਣ ਸਕਦੀ ਸੀ। ਇਸੇ ਲਈ ਉਨ੍ਹਾਂ ਨੇ ਧਰਮ ਨਿਰਪੇਖਤਾ ਦੇ ਮੁੱਦਈ ਹੋਣਦਾ ਵੀ ਦਾਅਵਾ ਕੀਤਾ ਅਤੇ ਨਿਰੰਕਾਰੀ ਭਵਨ ਖੋਲ੍ਹਣ ਦੀ ਆਗਿਆ ਦੇਣ ਦੀ ਵੀ ਹਿਮਾਇਤ ਕੀਤੀ। ਇਸ ਪ੍ਰਕਾਰ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਸੰਤ ਜਰਨੈਲ ਸਿੰਘ ਦੇ ਨਿਰੰਕਾਰੀ ਖਤਰੇ ਵਿਰੁੱਧ ਜੋਸ਼ੀਲੇ ਪ੍ਰਚਾਰ ਨੂੰ ਬੇਲੋੜਾ ਦਰਸਾਇਆ । ਅਜਿਹੇ ਵਾਤਾਵਰਨ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਦੇ ਪ੍ਰਚਾਰ ਵੱਲ ਸਿੱਖ ਕੌਮ ਦਾ ਰੁਝਾਨ ਵਧ ਗਿਆ ਅਤੇ ਉਹ ਜਿੱਥੇ ਵੀ ਜਾਂਦੇ, ਸਿੱਖ ਸੰਗਤਾਂ ਉਨ੍ਹਾਂ ਵੱਲ ਸ਼ਰਧਾ ਅਤੇ ਆਸ ਦੀਆਂ ਨਜ਼ਰਾਂ ਲਾਈ ਬੈਠੀਆਂ ਹੁੰਦੀਆਂ ।

ਪੰਜਾਬ ਸਰਕਾਰ ਨੇ ਅਪ੍ਰੈਲ 1979 ਵਿਚ ਗੁਰਦੁਆਰਾ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਅਤੇ ਉਪਰੋਕਤ ਵਾਤਾਵਰਨ ਵਿਚ ਇਨ੍ਹਾਂ ਚੋਣਾਂ ਦੀ ਉਚੇਚੀ ਮਹੱਤਤਾ



Digitized by Panjab Digital Library | www.panjabdigilib.org

ਬਣ ਗਈ। ਵੈਸੇ ਇਹ ਚੋਣਾਂ 13 ਸਾਲ ਪਿੱਛੋਂ ਹੋ ਰਹੀਆਂ ਸਨ ਕਿਉਂਕਿ ਪੰਜਾਬੀ ਸੂਬਾ ਬਨਣ ਉਪਰੰਤ ਕੇਂਦਰੀ ਸਰਕਾਰ ਗੁਰਦੁਆਰਾ ਚੋਣਾਂ ਨੂੰ ਅੰਤਰ - ਰਾਜੀ ਮਸਲਾ ਦਰਸਾ ਕੇ ਟਾਲਦੀ ਰਹੀ ਸੀ। ਸ਼ਾਇਦ ਇਸੇ ਬਹਾਨੇ ਉਹ ਗੁਰਦੁਆਰਾ ਐਕਟ ਨੂੰ ਬੇਅਸਰ ਬਣਾਉਣਾ ਚਾਹੁੰਦੀ ਸੀ। ਸੰਤ ਜਰਨੈਲ ਸਿੰਘ ਨੇ ਇਸ ਮਸਲੇ ਵੱਲ ਧਿਆਨ ਦੇਣਾ ਉਚਿਤ ਸਮਝਿਆ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਮੰਗ ਕੀਤੀ ਕਿ, **ਗੁਰਦੁਆਰਾ ਚੋਣਾਂ ਵਿਚ ਉਨ੍ਹਾਂ ਉਮੀਦਵਾਰਾਂ ਨੂੰ ਟਿਕਟ ਦਿੱਤੇ ਜਾਣ, ਜੋ ਪੱਕੇ ਰਹਿਤੀਏ ਸਿੱਖ ਹੋਣ ਅਤੇ ਨਾਲ ਹੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ 'ਸੰਤ ਨਿਰੰਕਾਰੀਆਂ' ਵਿਰੁੱਧ ਜਾਰੀ ਕੀਤੇ ਗਏ ਹੁਕਮਨਾਮੇ ਦੇ ਪੂਰੇ ਪਾਬੰਦ ਹੋਣ।** ਇਸ ਤੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਵਜ਼ਾਰਤੀ ਧੜੇ ਵਲੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਖੜ੍ਹਾ ਕਰਨ ਦੀ ਜ਼ਿੱਦ ਕੀਤੀ ਗਈ ਤਾਂ ਸੰਤ ਜਰਨੈਲ ਸਿੰਘ ਨੇ ਚੋਣ ਵਿਚ ਉਨ੍ਹਾਂ ਦਾ ਮੁਕਾਬਲਾ ਕਰਨ ਦਾ ਫੈਸਲਾ ਕਰ ਲਿਆ ਅਤੇ ਭਾਈ ਅਮਰੀਕ ਸਿੰਘ (ਸਪੁੱਤਰ ਸਚਖੰਡ ਵਾਸੀ ਸੰਤ ਕਰਤਾਰ ਸਿੰਘ 'ਖਾਲਸਾ') ਨੂੰ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਮੁਕਾਬਲੇ ਖੜ੍ਹੇ ਹੋਣ ਲਈ ਕਿਹਾ। **ਇਸ ਤੋਂ ਛੁੱਟ** ਉਨ੍ਹਾਂ ਹੋਰ ਵੀ 34 ਹਲਕਿਆਂ ਵਿਚ ਰਹਿਤ ਧਾਰਨੀ ਸਿੱਖ ਖੜ੍ਹੇ ਕਰਨ ਦਾ ਐਲਾਨ ਕਰ ਦਿੱਤਾ। ਉਸ ਵੇਲੇ ਦੇ ਮੁੱਖ ਮੰਤ੍ਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੇ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੂੰ ਸੰਤ ਜਰਨੈਲ ਸਿੰਘ 'ਖਾਲਸਾ' ਪਾਸ ਭੇਜਿਆ ਕਿ ਭਾਈ ਅਮਰੀਕ ਸਿੰਘ ਨੂੰ ਮੁਕਾਬਲੇ ਵਿਚੋਂ ਹਟਾ ਲਿਆ ਜਾਏ। ਸ. ਪ੍ਰਕਾਸ਼ ਸਿੰਘ ਬਾਦਲ ਨੇ ਸ. ਉਜਾਗਰ ਸਿੰਘ ਸੇਖਵਾਂ ਹੱਥ ਇਹ ਵੀ ਸੁਨੇਹਾ ਭੇਜਿਆਕਿ ਸੰਤ ਜੀ! ਪੰਥ ਨਾਲ ਜੋ ਟਕਰਾਇਆ ਹੈ, ਚੂਰ ਚੂਰ ਹੋ ਗਿਆ ਹੈ।" ਸੰਤ ਜਰਨੈਲ ਸਿੰਘ 'ਖਾਲਸਾ' ਨੇ ਉਤਰ ਵਿਚ ਕਿਹਾ, "**ਅਸੀਂ ਪੰਥ ਵਿਰੋਧੀ ਨਹੀਂ, ਪੰਥ ਹਿਤੂ ਹਾਂ। ਸਾਡਾ ਤਾਂ ਸਿਧਾਂਤ ਦਾ ਰੌਲਾ ਹੈ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਤੁਸੀਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਬਿਠਾ ਕੇ ਕਿਸੇ ਰਹਿਤੀਏ ਤੇ ਹੁਕਮਨਾਮੇ ਦੇ ਪਾਬੰਦ ਸਿੰਘ ਨੂੰ ਖੜ੍ਹਾ ਕਰ ਦਿਓ, ਅਸੀਂ ਅਮਰੀਕ ਸਿੰਘ ਨੂੰ ਬਿਠਾ ਕੇ ਸੀਟ ਜਿੱਤ ਕੇ ਪੰਥ ਦੀ ਝੋਲੀ ਪਾ ਦਿਆਂਗੇ। ਇਸ ਲਈ ਕੋਈ ਖਰਚਾ ਕਰਨ ਦੀ ਵੀ ਲੋੜ ਨਹੀਂ।**" ਇਸ ਤੋਂ ਛੁੱਟ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਜਥੇਦਾਰ ਉਜਾਗਰ ਸਿੰਘ ਸੇਖਵਾਂ ਵਿਚਕਾਰ ਹੇਠ ਲਿਖੇ ਪ੍ਰਸ਼ਨ - ਉਤਰ ਵੀ ਹੋਏ:

**ਸੰਤ ਜਰਨੈਲ ਸਿੰਘ** - ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਪ੍ਰਾਪਤ ਕਰਨ ਲਈ ਉਮੀਦਵਾਰ ਬਿਨੇ ਪੱਤਰ ਤੇ ਤੁਸੀਂ ਛਾਪਿਆ ਹੈ ਕਿ ਉਮੀਦਵਾਰ ਦਾ ਸਾਰਾ ਪਰਵਾਰ ਅੰਮ੍ਰਿਤਧਾਰੀ ਹੋਵੇ। ਕੀ ਤੁਸੀਂ ਸਾਰੇ ਅੰਮ੍ਰਿਤਧਾਰੀਆਂ ਨੂੰ ਟਿਕਟਾਂ ਦਿੱਤੀਆਂ ਹਨ?

**ਜਥੇਦਾਰ ਸੇਖਵਾਂ** - ਸਾਰੇ ਅੰਮ੍ਰਿਤਧਾਰੀ ਨਹੀਂ।

**ਸੰਤ ਜਰਨੈਲ ਸਿੰਘ** - ਕਿਉਂ?

**ਜਥੇਦਾਰ ਸੇਖਵਾਂ** - ਸਾਰੇ ਅੰਮ੍ਰਿਤਧਾਰੀ ਮਿਲਦੇ ਨਹੀਂ।

**ਸੰਤ ਜਰਨੈਲ ਸਿੰਘ** - ਜੇ 56 ਸਾਲ ਵਿਚ ਤੁਸੀਂ 140 ਅੰਮ੍ਰਿਤਧਾਰੀ ਸਿੰਘ ਪੈਦਾ ਨਹੀਂ ਕਰ ਸਕੇ ਤਾਂ ਕੁਰਸੀਆਂ ਛੱਡ ਕੇ ਘਰਾਂ ਨੂੰ ਜਾਓ। (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ



Digitized by Panjab Digital Library | www.panjabdigilib.org

140 ਸੀਟਾਂ ਹਨ, ਜਿਨ੍ਹਾਂ ਲਈ ਸਿੱਧੀ ਚੋਣ ਹੁੰਦੀ ਹੈ ।)

ਜਥੇਦਾਰ - ਤੁਹਾਡੇ ਕੋਲ 140 ਅੰਮ੍ਰਿਤਧਾਰੀ ਸਿੰਘ ਹਨ?

ਸੰਤ ਜਰਨੈਲ ਸਿੰਘ - ਹਾਂ, ਮੈਂ ਵੱਖੋ ਵੱਖ ਹਲਕਿਆਂ ਵਿਚੋਂ ਇਕ ਇਕ ਅੰਮ੍ਰਿਤਧਾਰੀ ਸਿੰਘ ਭਾਲ ਦਿਆਂਗਾ ਪਰ ਤੁਸੀਂ ਉਸ ਨੂੰ ਪੰਥਕ ਟਿਕਟ (ਤੱਕੜੀ ਚੋਣ ਨਿਸ਼ਾਨ) ਦਿਓਗੇ? ਜੇ ਦਿਓਗੇ ਤਾਂ ਮੈਂ ਗਰੰਟੀ ਨਾਲ ਕਹਿੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੈਸਾ ਖਰਚਣ ਦੀ ਲੋੜ ਨਹੀਂ । ਤੁਸੀਂ ਰਹਿਤੀਏ ਸਿੰਘਾਂ ਨੂੰ ਟਿਕਟਾਂ ਦਿਓ, ਮੈਂ ਸਾਰੀਆਂ ਸੀਟਾਂ ਜਿੱਤ ਕੇ ਪੰਥ (ਭਾਵ ਸ਼੍ਰੋਮਣੀ ਅਕਾਲੀ ਦਲ) ਦੀ ਝੋਲੀ ਪਾ ਦਿਆਂਗਾ ।

ਜਥੇਦਾਰ ਸੇਖਵਾਂ - ਮਜ਼ਬੂਰੀ ਹੈ ।

ਸੰਤ ਜਰਨੈਲ ਸਿੰਘ - ਜੇ ਮਜ਼ਬੂਰੀ ਹੈ ਤਾਂ ਕਹੋ ਕਿ ਕੁਰਸੀ ਲਈ ਲੜ ਰਹੇ ਹਾਂ, ਗੁਰਦੁਆਰਾ ਪ੍ਰਬੰਧ ਲਈ ਨਹੀਂ ।

ਉਪਰੋਕਤ ਸਥਿਤੀ ਦਾ ਰਾਜਸੀ ਪਾਰਟੀਆਂ, ਵਿਸ਼ੇਸ਼ ਕਰਕੇ ਕਾਂਗਰਸ ਨੇ ਲਾਭ ਉਠਾਉਣਾ ਚਾਹਿਆ ਅਤੇ ਅਕਾਲੀ ਦਲ ਵਿਰੁੱਧ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਸਹਾਇਤਾ ਦੇਣ ਦੀ ਪੇਸ਼ਕਸ਼ ਵੀ ਕੀਤੀ । ਸਾਬਕ ਕਾਂਗਰਸੀ ਮੰਤ੍ਰੀ ਜਥੇਦਾਰ ਸੋਹਣ ਸਿੰਘ ਜਲਾਲ - ਉਸਮਾਂ ਨੇ ਨੇ ਵੀ ਅਜਿਹੀ ਪੇਸ਼ਕਸ਼ ਕੀਤੀ ਕਿ ਭਾਈ ਅਮਰੀਕ ਸਿੰਘ ਦੀ ਸਹਾਇਤਾ ਬਦਲੇ ਦਰਸ਼ਨ ਸਿੰਘ ਈਸਾਪੁਰੀ ਦੀ ਸਹਾਇਤਾ ਸੰਤ ਜਰਨੈਲ ਸਿੰਘ 'ਖਾਲਸਾ' ਕਰਨ, ਪ੍ਰੰਤੂ ਸੰਤ ਜਰਨੈਲ ਸਿੰਘ 'ਖਾਲਸਾ' ਨੇ ਸਪਸ਼ਟ ਕਿਹਾ ਕਿ, ਉਹ ਸਿਰਫ ਰਹਿਤੀਏ ਤੇ ਹੁਕਮਨਾਮੇ ਦੇ ਪਾਬੰਦ ਸਿੱਖਾਂ ਦੀ ਸਹਾਇਤਾ ਕਰਨ ਲਈ ਵਚਨਬੱਧ ਹਨ, ਭਾਵੇਂ ਇਸ ਬਦਲੇ ਭਾਈ ਅਮਰੀਕ ਸਿੰਘ ਦੀ ਸਹਾਇਤਾ ਕੀਤੀ ਜਾਵੇ ਜਾਂ ਨਾ । ਸੰਤ ਜਰਨੈਲ ਸਿੰਘ 'ਖਾਲਸਾ' ਦੀ ਲੜਾਈ ਅਸੂਲੀ ਸੀ ।

ਜਿਉਂ ਜਿਉਂ ਚੋਣ ਮੈਦਾਨ ਭਖਣ ਲੱਗਾ, ਹਲਕਾ ਬਿਆਸ ਵਿਚ ਭਾਈ ਅਮਰੀਕ ਸਿੰਘ ਅਤੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦਾ ਚੋਣ ਘੋਲ ਵਕਾਰੀ ਹੁੰਦਾ ਗਿਆ । ਮੁਖ ਮੰਤ੍ਰੀ ਸ. ਪ੍ਰਕਾਸ਼ ਸਿੰਘ ਬਾਦਲ ਆਪ ਚੋਣ ਪ੍ਰਚਾਰ ਲਈ ਗਏ ਅਤੇ ਖੁਲ੍ਹੇ ਤੌਰ ਤੇ ਇਹ ਪ੍ਰਗਟਾਇਆ ਗਿਆ ਕਿ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਮੁੜ ਵਜ਼ੀਰ ਲਏ ਜਾਣਗੇ ਅਤੇ ਇਕ ਆਹੁਦਾ ਵਧਾਇਆ ਜਾਏਗਾ (ਸੰਕੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਦੇ ਅਹੁਦੇ ਵੱਲ ਸੀ ।) ਇਹ ਪ੍ਰਚਾਰ ਵੀ ਕੀਤਾ ਗਿਆ ਕਿ ਸੰਤ ਜਰਨੈਲ ਸਿੰਘ 'ਖਾਲਸਾ' ਸ਼੍ਰੋਮਣੀ ਅਕਾਲੀ ਦਲ ਵਿਰੁੱਧ ਲੜਨ ਲਈ ਕਾਂਗਰਸ ਤੋਂ ਧਨ ਪ੍ਰਾਪਤ ਹੋ ਰਿਹਾ ਹੈ। ਨਾ ਕੇਵਲ ਅਕਾਲੀ ਮੰਤ੍ਰੀ ਹੀ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਹੱਕ ਵਿਚ ਪ੍ਰਚਾਰ ਕਰਨ ਬਿਆਸ ਹਲਕੇ ਵਿਚ ਆਏ, ਸਗੋਂ ਹਿੰਦੂ ਅਤੇ ਅਨੁਸੂਚਿਤ ਜਾਤੀ ਦੇ ਲੋਕਾਂ ਦੀਆਂ ਵੋਟਾਂ ਨੂੰ ਪ੍ਰਭਾਵਿਤ ਕਰਨ ਲਈ ਸ੍ਰੀ ਹਿਤ ਅਭਿਲਾਸ਼ੀ, ਸ੍ਰੀ ਬਲਰਾਮ ਜੀ ਦਾਸ ਟੰਡਨ ਅਤੇ ਸ੍ਰੀ ਧਰਮ ਪਾਲੋ (ਸਾਰੇ ਜਨਤਾ ਪਾਰਟੀ ਦੇ ਮੰਤ੍ਰੀ) ਨੂੰ ਵੀ ਲਿਆਂਦਾ ਗਿਆ । ਸਰਕਾਰ ਖੁਲ੍ਹੇ ਤੌਰ ਤੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੀ ਪਿੱਠ ਤੇ ਸੀ । ਮੰਦੇ ਭਾਗੀਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਇਸ ਗੁਰਦੁਆਰਾ ਚੋਣ ਵਿਚ ਸਿੱਖ ਸਰੂਪ ਦੇ ਰਾਧਾ ਸੁਆਮੀਆਂ ਅਤੇ 'ਸੰਤ ਨਿਰੰਕਾਰੀਆਂ' ਦੇ ਵੋਟ ਹਥਿਆਉਣ



Digitized by Panjab Digital Library | www.panjabdigilib.org

ਲਈ ਦੂਸ਼ਨਬਾਜ਼ੀ ਤੋਂ ਵੀ ਸੰਕੋਚ ਨਾ ਕੀਤਾ ਅਤੇ ਰੋਜ਼ਾਨਾ 'ਜੱਗਬਾਣੀ' ਦੇ ਪੱਤਰਕਾਰ ਨੂੰ ਇਕ ਇੰਟਰਵਿਊ ਵਿਚ ਕਿਹਾ ਕਿ ਵੈਸਾਖੀ ਵਾਲੇ ਦਿਨ ਭਿੰਡਰਾਂ ਵਾਲੇ ਦੇ ਸੇਵਕਾਂ ਨੇ 'ਮੇਰੇ ਸਾਹਮਣੇ ਬੰਦੂਕਾਂ ਵਿਚ ਕਾਰਤੂਸ ਪਾਏ। ਮੈਂ ਰੋਕਦਾ ਰਿਹਾ ਪਰ ਮੇਰੀ ਨਾ ਸੁਣੀ। ਅੰਮ੍ਰਿਤਸਰ ਖ਼ੂਨੀ ਕਾਂਡ ਦਾ ਜ਼ਿੰਮੇਵਾਰ ਭਿੰਡਰਾਂਵਾਲਾ ਹੈ।'

(ਰੋਜ਼ਾਨਾ 'ਜੱਗਬਾਣੀ' ਮਾਰਚ 24, 1979 - ਇਸ ਇੰਟਰਵਿਊ ਦੇ ਆਧਾਰ ਤੇ ਅਖ਼ਬਾਰ ਵਿਚ ਛਪੀ ਰੀਪੋਰਟ ਦੀਆਂ ਫੋਟੋ ਕਾਪੀਆਂ ਕਰਨਾਲ ਵਿਖੇ ਚੱਲੇ ਇਸ ਹੱਤਿਆ ਕਾਂਡ ਦੇ ਮੁਕੱਦਮੇ ਵਿਚ ਪੇਸ਼ ਹੋਈਆਂ ਅਤੇ 'ਸੰਤ ਨਿਰੰਕਾਰੀਆਂ' ਦੇ ਬਰੀ ਹੋਣ ਦਾ ਕਾਰਨ ਬਣੀਆਂ। ਪਰਤਾਪ ਸਿੰਘ, ਨ ਨਕਲੀ ਨਿਰੰਕਾਰੀ, ਪੰਨਾ 245)

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ. ਆਤਮਾ ਸਿੰਘ ਨੇ ਵੀ ਲਗਭਗ ਇਹੋ ਜਿਹੇ ਹੀ ਵਿਚਾਰ ਪ੍ਰਗਟਾਏ।

ਚੋਣਾਂ ਤੋਂ ਕੁਝ ਚਿਰ ਪਹਿਲਾਂ ਹੀ ਇਹ ਵਿਵਾਦ ਚੱਲ ਪਿਆ ਸੀ ਕਿ 'ਸੰਤ ਨਿਰੰਕਾਰੀ' ਸਿੱਖੀ ਦੇ ਵਿਰੋਧੀ ਹਨ, ਇਸ ਲਈ ਇਨ੍ਹਾਂ ਨੂੰ ਗੁਰਦੁਆਰਾ ਚੋਣਾਂ ਵਿਚ ਵੋਟਰ ਨਾ ਬਣਨ ਦਿੱਤਾ ਜਾਏ। ਪੰਜਾਬ ਦੇ ਸਿਹਤ ਵਿਭਾਗ ਦੇ ਸਾਬਿਕ ਡਾਇਰੈਕਟਰ ਸ. ਸੋਹਣ ਸਿੰਘ ਨੇ ਇਸ ਮੰਤਵ ਲਈ 21 ਫਰਵਰੀ 1979 ਈ: ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਅਰਜ਼ੀ ਵੀ ਦਿੱਤੀ ਪ੍ਰੰਤੂ ਉਹ ਇਸ ਕਾਰਨ ਰੱਦ ਹੋ ਗਈ ਕਿ ਉਸ ਵੇਲੇ ਚੋਣ ਕਾਰਜ ਆਰੰਭ ਹੋ ਚੁੱਕਾ ਸੀ। ਬਿਆਸ ਹਲਕੇ ਵਿਚ ਵਿਸ਼ੇਸ਼ ਤੌਰ ਤੇ ਸਿੱਖੀ ਸਰੂਪ ਵਾਲੇ ਰਾਧਾ ਸੁਆਮੀਆਂ ਅਤੇ 'ਸੰਤ ਨਿਰੰਕਾਰੀਆਂ' ਨੂੰ ਵੀ ਵੋਟਰ ਬਣਾਇਆ ਗਿਆ। ਜਥੇਦਾਰ ਜੀਵਨ ਸਿੰਘ ਉਮਰਾਨੰਗਲ ਕਿਸੇ ਵਿਚੋਲੇ ਰਾਹੀਂ ਕਰਨਾਲ ਵੀ ਗਏ ਅਤੇ ਜੇਲ੍ਹ ਵਿਚੋਂ 'ਸੰਤ ਨਿਰੰਕਾਰੀ ਮੰਡਲ' ਦੇ ਸੀਨੀਅਰ ਮੈਂਬਰ ਗੋਬਿੰਦ ਸਿੰਘ ਵਲੋਂ ਬਿਆਸ ਹਲਕੇ ਦੇ ਨਿਰੰਕਾਰੀਆਂ ਦੇ ਨਾਂ ਚਿੱਠੀ ਵੀ ਲਿਆਏ ਜਿਸ ਕਾਰਨ ਉਨ੍ਹਾਂ ਨੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੂੰ ਵੋਟਾਂ ਦਿੱਤੀਆਂ।

ਚੋਣ ਵਿਚ ਸਰਕਾਰੀ ਦਖ਼ਲ ਦੀ ਚਰਚਾ ਹਲਕੇ ਵਿਚ ਥਾਂ ਪਰ ਥਾਂ ਸੀ। ਕਿਹਾ ਜਾਂਦਾ ਹੈ ਕਿ, ਇਲਾਕੇ ਦੇ ਪੈਟਰੋਲ ਪੰਪਾਂ ਨੂੰ ਡੀਜ਼ਲ - ਪੈਟਰੋਲ ਦੀ ਸਪਲਾਈ ਰੋਕੀ ਗਈ ਤਾਂ ਜੋ ਭਾਈ ਅਮਰੀਕ ਸਿੰਘ ਦੇ ਚੋਣ ਪ੍ਰਚਾਰ ਲਈ ਖੁੱਲ੍ਹਾ ਪੈਟਰੋਲ ਤੇ ਡੀਜ਼ਲ ਨਾ ਮਿਲ ਸਕੇ, ਪ੍ਰੰਤੂ ਸੰਤ ਜਰਨੈਲ ਸਿੰਘ 'ਖਾਲਸਾ' ਨੇ ਟੈਂਕਰ ਦਾ ਹੀ ਪ੍ਰਬੰਧ ਕਰ ਲਿਆ, ਜਿਸ ਨਾਲ ਨਾ ਕੇਵਲ ਡੀਜ਼ਲ ਦੀ ਕਿੱਲਤ ਦੂਰ ਹੋਈ, ਸਗੋਂ ਪ੍ਰਚਾਰ ਵੀ ਕਾਫੀ ਹੋਇਆ। ਚੋਣ ਅਫਸਰ ਵਲੋਂ ਸਾਢੇ 10 ਹਜ਼ਾਰ ਵੋਟਾਂ ਕੱਟਣੀਆਂ ਅਤੇ ਵੋਟਾਂ ਪਾਉਣ ਵਾਲੇ ਦਿਨ ਤੱਕ ਵੋਟਰ ਸੂਚੀ ਵਿਚ ਨਾਂ ਦਰਜ ਕਰਾਉਣ ਦੀ ਆਗਿਆ ਦੇਣੀ ਵੀ ਸ਼ਾਇਦ ਨਿਯਮਾਂ ਦੀ ਉਲਾਰ - ਵਿਆਖਿਆ ਹੀ ਸੀ। ਭਾਈ ਅਮਰੀਕ ਸਿੰਘ ਚੋਣ ਤਾਂ ਹਾਰ ਗਏ ਪ੍ਰੰਤੂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਦੇ ਸੰਤ ਜਰਨੈਲ ਸਿੰਘ 'ਖਾਲਸਾ' ਦੇ ਉਮੀਦਵਾਰ ਵਿਰੁੱਧ ਚੋਣਾਂ ਲੜਨ ਨਾਲ ਗੁਰਦੁਆਰਾ ਚੋਣਾਂ ਦਾ ਮਾਹੌਲ ਗੰਦਲਾ ਹੋ ਗਿਆ ਅਤੇ ਅਕਾਲੀ ਦਲ ਦੇ ਵਜ਼ਾਰਤੀ ਅਤੇ ਜਥੇਬੰਦਕ ਧੜਿਆਂ ਵਿਚਕਾਰ ਤ੍ਰੇੜ ਮੋਕਲੀ ਹੋ ਗਈ ਅਤੇ ਸੰਤ ਜਰਨੈਲ ਸਿੰਘ ਸਿੱਖੀ ਭਾਵਨਾਵਾਂ ਦੇ ਮੁਦੱਈ ਬਣ ਕੇ ਨਿਖਰੇ।



Digitized by Panjab Digital Library | www.panjabdigilib.org

# ਨਿਰੰਕਾਰੀ ਬਾਬੇ ਦਾ ਅੰਤ

ਗੁਰਦੁਆਰਾ ਚੋਣਾਂ ਤੋਂ ਛੇਤੀ ਹੀ ਪਿੱਛੋਂ ਦੇਸ਼ ਵਿਚ ਘਟਨਾ - ਚੱਕਰ ਰਾਜਸੀ ਅਸਥਿਰਤਾ ਵੱਲ ਚੱਲਣ ਲੱਗਾ, ਜਿਸ ਦਾ ਸਿਖਰ ਮੱਧ - ਕਾਲੀ ਪਾਰਲੀਮਾਨੀ ਚੋਣਾਂ ਦੇ ਐਲਾਨ ਨਾਲ ਹੋਇਆ। 'ਸੰਤ ਨਿਰੰਕਾਰੀਆਂ' ਨੇ ਸਥਿਤੀ ਦਾ ਪੂਰਾ ਲਾਭ ਉਠਾਣ ਲਈ ਇੰਦਰਾ ਕਾਂਗਰਸ ਵੱਲ ਆਪਣਾ ਝੁਕਾਅ ਦਰਸਾਇਆ, ਜਿਸ ਦੇ ਸਿੱਟੇ ਵਜੋਂ ਗਿਆਨੀ ਜ਼ੈਲ ਸਿੰਘ (ਹੁਣ ਰਾਸ਼ਟਰਪਤੀ) ਨੇ ਵਿਸ਼ੇਸ਼ ਦੂਤ ਭੇਜ ਕੇ ਕਰਨਾਲ ਜੇਲ੍ਹ ਵਿਚ ਗੋਬਿੰਦ ਸਿੰਘ ਨਿਰੰਕਾਰੀ (ਜੋ 'ਸੰਤ ਨਿਰੰਕਾਰੀ ਮੰਡਲ' ਦੇ ਵਸ਼ਿਸ਼ਟ ਅਧਿਕਾਰੀਆਂ ਵਿਚੋਂ ਅਤੇ ਗੁਰਬਚਨ ਸਿੰਘ ਦਾ ਨਿਕਟ ਸਨਬੰਧੀ ਹੈ) ਤੋਂ ਹੁਸ਼ਿਆਰਪੁਰ ਪਾਰਲੀਮਾਨੀ ਹਲਕੇ ਵਿਚ ਨਿਰੰਕਾਰੀਆਂ ਦੀਆਂ ਵੋਟਾਂ ਬਦਲੇ 1978 ਈਸਵੀ ਦੇ ਅੰਮ੍ਰਿਤਸਰ ਕਤਲ ਕਾਂਡ ਦੇ ਮੁਕੱਦਮੇ ਨੂੰ ਖ਼ਤਮ ਕਰਵਾਉਣ ਅਤੇ ਅੱਗੋਂ ਅਪੀਲ ਨਾ ਕਰਨ ਦਾ ਵਿਸ਼ਵਾਸ ਦੁਆਇਆ। ਇਸ ਸਮੇਂ ਗੁਰਬਚਨ ਸਿੰਘ ਸਮੇਤ 64 ਨਿਰੰਕਾਰੀਆਂ ਉਪਰ ਉਪਰੋਕਤ ਕਤਲ ਕਾਂਡ ਦੇ ਮੁਕੱਦਮੇ ਚੱਲ ਰਹੇ ਸਨ। ਲੋਕ ਸਭਾ ਚੋਣਾਂ ਤੋਂ ਦੋ ਦਿਨ ਪਹਿਲਾਂ ਹੀ ਭਾਵ 4 ਜਨਵਰੀ 1980 ਈ: ਨੂੰ ਸ੍ਰੀ ਆਰ. ਐਸ. ਗੁਪਤਾ ਸੈਸ਼ਨ ਜੱਜ ਕਰਨਾਲ ਨੇ ਉਪਰੋਕਤ ਮੁਕਦਮੇ ਵਿਚੋਂ ਨਿਰੰਕਾਰੀ ਮੁਖੀ ਸਮੇਤ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਇਸ ਫੈਸਲੇ ਵਿਰੁੱਧ ਰਾਜ ਸਰਕਾਰ ਵਲੋਂ ਅਪੀਲ ਨਾ ਕੀਤੀ ਗਈ ਜਿਸ ਤੇ 'ਸੰਤ ਨਿਰੰਕਾਰੀ' ਸਿੱਖਾਂ ਦੇ ਸਨਮੁਖ ਫੇਰ ਆਕੀ ਬਣ ਗਏ ਅਤੇ ਸਿਖ ਜਨ - ਸਮੂਹ ਵਿਚ ਇਸ ਫੈਸਲੇ ਵਿਰੁੱਧ ਗੁੱਸਾ ਅਤੇ ਨਿਰਾਸ਼ਤਾ ਫੈਲੀ। ਜਿਸ ਦਿਨ 'ਸੰਤ ਨਿਰੰਕਾਰੀ' ਦੋਸ਼ੀਆਂ ਨੂੰ ਬਰੀ ਕਰਨ ਦਾ ਫੈਸਲਾ ਹੋਇਆ, ਉਸ ਦਿਨ ਸੰਤ ਜਰਨੈਲ ਸਿੰਘ 'ਖਾਲਸਾ' ਯੂ. ਪੀ. ਦੇ ਨਗਰ ਲਖੀਮਪੁਰ ਖੀਰੀ ਵਿਖੇ ਪ੍ਰਚਾਰ ਫੇਰੀ ਤੇ ਗਏ ਹੋਏ ਸਨ। ਅਗਲੇ ਦਿਨ ਨਿਰੰਕਾਰੀ ਜਗਤ ਵਿਚ ਇਸ ਫੈਸਲੇ ਦੀ ਖੁਸ਼ੀ ਮਨਾਈ ਗਈ ਅਤੇ ਕਈ ਇਕ ਨਿਰੰਕਾਰੀਆਂ ਨੇ ਸਿੱਖਾਂ ਨੂੰ ਚਿੜਾਉਣ ਲਈ ਇਹ ਪ੍ਰਚਾਰ ਕੀਤਾ ਕਿ, "ਸਿੱਖਾਂ ਦਾ ਗੁਰੂ 52 ਬੰਦੀ ਛੁਡਾ ਕੇ ਲਿਆਇਆ ਸੀ, ਸਾਡਾ ਗੁਰੂ 60 ਬੰਦੀਆਂ ਨੂੰ ਛੁਡਾ ਕੇ ਲਿਆਇਆ ਹੈ।" (ਕਰਨਾਲ ਕੇਸ ਵਿਚ ਕੁਲ 64 ਦੋਸ਼ੀ ਸਨ। ਗੁਰਬਚਨ ਸਿੰਘ ਦੀ ਜ਼ਮਾਨਤ ਹੋ ਗਈ ਸੀ। ਤਿੰਨ ਦੋਸ਼ੀ ਪ੍ਰਤਾਪ ਸਿੰਘ, ਜੋਗਿੰਦਰ ਸਿੰਘ ਖੁਰਾਣਾ ਅਤੇ ਤਾਰਾ ਸਿੰਘ ਭਗੌੜੇ ਸਨ ਅਤੇ 60 ਕਰਨਾਲ ਜੇਲ੍ਹ ਵਿਚ ਬੰਦ ਸਨ।)

ਅਜਿਹੀ ਸਥਿਤੀ ਤੋਂ ਸੰਤ ਜਰਨੈਲ ਸਿੰਘ 'ਖਾਲਸਾ' ਕੁਝ ਵਧੇਰੇ ਅਸੰਤੁਸ਼ਟ ਸਨ ਅਤੇ ਉਹ ਆਪਣੇ ਵਖਿਆਨਾਂ ਵਿਚ ਇਸ ਅਸੰਤੁਸ਼ਟਤਾ ਦਾ ਪ੍ਰਗਟਾਵਾ ਕਰਦੇ ਸਨ। ਕਰਨਾਲ ਕੇਸ ਅਸਫਲ ਹੋਣ ਦਾ ਇਕ ਮੁਖ ਕਾਰਨ ਇਹ ਸਮਝਿਆ ਜਾਂਦਾ ਹੈ ਕਿ, ਨਿਰੰਕਾਰੀਆਂ ਨੇ ਸਰਕਾਰੀ ਗੁਆਹਾਂ ਨੂੰ ਲਾਲਚ ਦੇ ਕੇ ਫੁਸਲਾ ਲਿਆ ਸੀ। ਇਸੇ ਲਈ ਸ਼ੈਸ਼ਨ ਜੱਜ, ਕਰਨਾਲ, ਸ੍ਰੀ ਆਰ. ਐਸ. ਗੁਪਤਾ ਨੇ ਫੈਸਲੇ ਵਿਚ ਕੇਵਲ ਪੁਲਿਸ ਅਧਿਕਾਰੀਆਂ ਵਿਰੁੱਧ ਹੀ ਨਹੀਂ ਸਗੋਂ ਰਾਜ ਸਰਕਾਰ ਵਿਰੁੱਧ ਵੀ ਅਣਸੁਖਾਵੀਂ ਟਿਪਣੀ ਕੀਤੀ ਹਾਲਾਂਕਿ ਗੁਰਬਚਨ ਸਿੰਘ ਨੇ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜਮਾਨਤ ਦੀ ਅਰਜ਼ੀ ਦਿੱਤੀ ਸੀ ਤਾਂ ਜਸਟਿਸ (ਹੁਣ ਚੀਫ ਜਸਟਿਸ) ਐਸ. ਐਸ. ਸੰਧਾਵਾਲੀਆ ਨੇ 9 ਮਈ 1978 ਨੂੰ ਇਹ ਅਰਜ਼ੀ ਰੱਦ ਕਰਦੇ ਹੋਏ ਕਿਹਾ ਸੀ ਕਿ" ਪਹਿਲੀ ਨਜ਼ਰੇ ਕੇਸ ਝੂਠਾ ਜਾਂ ਨਿਰਾਧਾਰ



Digitized by Panjab Digital Library | www.panjabdigilib.org

ਨਹੀਂ ਜਾਪਦਾ।" ਰਾਜ ਸਰਕਾਰ ਵਲੋਂ ਇਸ ਕੇਸ ਦੀ ਅਪੀਲ ਨਾ ਕੀਤੀ ਗਈ। ਇਸ ਲਈ ਸਿੱਖਾਂ ਵਿਚ ਰੋਹ ਅਤੇ ਬੇਚੈਨੀ ਕੁਦਰਤੀ ਸੀ। ਉਧਰ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਹੁਣ ਦੇਸ਼ ਭਰ ਦੇ ਵਿਜਈ ਦੌਰੇ ਤੇ ਨਿਕਲ ਤੁਰਿਆ। ਉਸ ਨੇ ਯੂ. ਪੀ. ਦੇ ਕੁਝ ਹਿੱਸੇ (ਜਿੱਥੇ ਸਿੱਖਾਂ ਵਲੋਂ ਵਿਰੋਧ ਦੀ ਆਸ ਨਹੀਂ ਸੀ); ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਮੱਧ ਪ੍ਰਦੇਸ਼, ਮਦਰਾਸ ਅਤੇ ਕਰਨਾਟਕ ਦਾ ਦੌਰਾ ਰੱਖ ਲਿਆ। ਜਦੋਂ ਗੁਰਬਚਨ ਸਿੰਘ ਆਜ਼ਮਗੜ੍ਹ ਪੁੱਜਾ ਤਾਂ ਉਥੇ ਸਿੱਖਾਂ ਨੇ ਰੋਸ ਵਿਖਾਵਾ ਕੀਤਾ। ਕਲਕੱਤੇ ਪੁੱਜਣ ਤੇ ਵੀ ਇਸੇ ਤਰ੍ਹਾਂ ਦਾ ਰੋਸ ਵਿਖਾਵਾ ਕੀਤਾ ਗਿਆ। ਇਸ ਤੋਂ ਉਪਰੰਤ ਗੁਰਬਚਨ ਸਿੰਘ ਆਪਣੀ ਪਤਨੀ ਨਾਲ ਕਾਰ ਵਿਚ ਬੈਠਾ 19 ਮਾਰਚ ਨੂੰ ਦੁਰਗ ਤੋਂ ਭਲਾਈ ਜਾ ਰਿਹਾ ਸੀ ਕਿ ਕਾਰ ਦੀ ਇਕ ਟਰੱਕ ਨਾਲ ਟੱਕਰ ਹੋ ਗਈ। ਇਸ ਵਿਚ 'ਸੰਤ ਨਿਰੰਕਾਰੀ ਮੰਡਲ', ਦਿੱਲੀ ਦੀ ਕਵਿਤ੍ਰੀ ਸ਼੍ਰੀਮਤੀ ਸੁਦੇਸ਼ ਨੀਲਮ ਹਲਾਕ ਹੋ ਗਈ। ਟਰੱਕ ਮਾਲਕ ਸ. ਅਵਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ।

(ਇਸ ਕੇਸ ਵਿਚ ਦੁਰਗ ਦੇ ਇਕ ਉਘੇ ਸਿੱਖ ਸ. ਸੁੱਚਾ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ। ਅਵਤਾਰ ਸਿੰਘ ਅਤੇ ਸੁੱਚਾ ਸਿੰਘ ਸਮੇਤ 15 ਸਿੱਖਾਂ ਉਤੇ ਮੁਕਦਮਾ ਚੱਲਿਆ ਪ੍ਰੰਤੂ ਇਕ ਤੋਂ ਬਿਨਾਂ ਬਾਕੀ ਸਭ ਬਾਇਜ਼ਤ ਬਰੀ ਹੋ ਗਏ।)

ਉਪਰੋਕਤ ਘਟਨਾ ਤੋਂ ਗੁਰਬਚਨ ਸਿੰਘ ਕਾਫੀ ਭੈਭੀਤ ਹੋ ਗਿਆ। ਸਿੱਖ ਪੰਥ ਦੇ ਸਮੂਹਕ ਰੋਸ ਤੋਂ ਧਿਆਨ ਲਾਂਭੇ ਕਰਾਉਣ ਅਤੇ ਆਪਣੀ ਸਾਖ ਬਹਾਲ ਕਰਨ ਲਈ ਨਿਰੰਕਾਰੀਆਂ ਨੇ ਸੰਤ ਜਰਨੈਲ ਸਿੰਘ 'ਖਾਲਸਾ ਵਿਰੁੱਧ ਇਹ ਪ੍ਰਚਾਰ ਆਰੰਭ ਦਿੱਤਾ ਕਿ ਉਹੋ ਹੀ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਵਾਰ ਹਨ। ਇਸੇ ਸਮੇਂ ਸ਼ਾਇਦ ਸਿੱਖ ਭਾਵਨਾਵਾਂ ਨੂੰ ਹੋਰ ਟੁੰਬਣ ਲਈ ਗੁਰਬਚਨ ਸਿੰਘ ਨੇ ਪੰਜਾਬ ਫੇਰੀ ਦਾ ਵੀ ਹੀਆ ਕੀਤਾ। ਪਹਿਲਾਂ ਅਕਾਲੀ ਸਰਕਾਰ ਵੇਲੇ ਉਸ ਦੇ ਪੰਜਾਬ ਦਾਖਲੇ ਤੇ ਛੇ ਮਹੀਨੇ ਦੀ ਪਾਬੰਦੀ ਲਾਈ ਗਈ ਸੀ ਅਤੇ ਇਸ ਤੋਂ ਪਿੱਛੋਂ ਉਹ ਆਪ ਹੀ ਪੰਜਾਬ ਨਹੀਂ ਸੀ ਆਇਆ। ਗੁਰਬਚਨ ਸਿੰਘ ਵਲੋਂ ਇਸ ਪੰਜਾਬ ਫੇਰੀ ਦਾ ਪ੍ਰਬੰਧ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵਲੋਂ ਪ੍ਰਵਾਨਗੀ ਸਹਿਤ ਕੀਤਾ ਗਿਆ ਸੀ ਇਸ ਲਈ ਪੰਜਾਬ ਸਰਕਾਰ ਵਲੋਂ ਉਸ ਦੀ ਸੁਰੱਖਿਆ ਦੇ ਉਚੇਚੇ ਪ੍ਰਬੰਧ ਕੀਤੇ ਗਏ ਸਨ। ਪੁਲਿਸ ਦੀਆਂ ਸੰਗੀਨਾਂ ਦੀ ਛਤਰ ਛਾਇਆ ਹੇਠ ਇਹ 'ਪ੍ਰਚਾਰਕ' ਦੌਰਾ ਤਾਂ ਸਫਲਤਾ ਸਹਿਤ ਨਿਭ ਗਿਆ ਪ੍ਰੰਤੂ ਇਸ ਤੋਂ ਛੇਤੀ ਹੀ ਪਿੱਛੋਂ 24 ਅਪ੍ਰੈਲ 1980 ਈ: ਨੂੰ ਵੀਰਵਾਰ ਦੀ ਰਾਤ ਨੂੰ 11:30 ਵਜੇ ਜਦੋਂ ਗੁਰਬਚਨ ਸਿੰਘ ਆਪਣੀ ਪਤਨੀ ਕੁਲਵੰਤ ਕੌਰ ਅਤੇ ਸੇਵਾ ਦਲ ਦੇ 'ਕਮਾਂਡਰ - ਇਨ - ਚੀਫ' ਪ੍ਰਤਾਪ ਸਿੰਘ ਸਮੇਤ ਨਿਰੰਕਾਰੀ ਭਵਨ ਦੇ ਅੱਗੇ, ਮੁਲਤਾਨੀ ਢਾਂਡਾ ਤੋਂ ਸਮਾਗਮ ਕਰਕੇ ਆਇਆ ਤਾਂ ਨਿਰੰਕਾਰੀ ਭਵਨ ਦੇ ਅੰਦਰਲੇ ਕਮਰਿਆਂ ਵਿਚੋਂ ਹੀ ਕਿਸੇ ਨੇ ਗੋਲੀਆਂ ਚਲਾਈਆਂ, ਜਿਸ ਕਾਰਨ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਅਤੇ ਪ੍ਰਤਾਪ ਸਿੰਘ ਮੌਕੇ ਤੇ ਮਾਰੇ ਗਏ ਅਤੇ ਗੋਲੀ ਚਲਾਉਣ ਵਾਲੇ ਪਿਛਲੇ ਪਾਸਿਓਂ ਬਾਹਰ ਨਿਕਲ ਕੇ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ।

ਨਿਰੰਕਾਰੀਆਂ ਨੇ ਇਸ ਕੇਸ ਵਿਚ ਸਿੱਖਾਂ ਦੀ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਦੋਸ਼ੀ ਠਹਿਰਾਉਣ ਦਾ ਪੂਰਾ ਪੂਰਾ ਯਤਨ ਕੀਤਾ ਅਤੇ ਸੀਨੀਅਰ ਨਿਰੰਕਾਰੀ ਨੇਤਾ ਗੋਬਿੰਦ ਸਿੰਘ ਨੇ ਮੁੱਢਲੀ ਜਾਂਚ ਰੀਪੋਰਟ ਵਿਚ ਖਾਸ ਤੌਰ ਤੇ ਲਿਖਵਾਇਆ ਕਿ ਸੰਤ ਜਰਨੈਲ ਸਿੰਘ 'ਭਿੰਡਰਾਂਵਾਲੇ' ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਹੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਨੂੰ ਕਤਲ ਕਰਵਾਇਆ ਸੀ। ਮੰਦੇ ਭਾਗਾਂ ਨੂੰ ਪੰਜਾਬ ਦੇ ਗ਼ੈਰ - ਸਿੱਖ ਦੇਸੀ ਭਾਸ਼ੀ ਪ੍ਰੈਸ ਨੇ ਵੀ ਰੱਜ ਕੇ ਇਸ ਮੱਤ ਦਾ ਪ੍ਰਚਾਰ ਕੀਤਾ ਕਿਉਂਕਿ ਉਹ ਸੰਤ ਜਰਨੈਲ ਸਿੰਘ ਨੂੰ ਸਿਧਾਂਤਵਾਦੀ ਅਤੇ ਕੱਟੜ - ਪੰਥੀ ਸਿੱਖ ਆਗੂ ਦਰਸਾਉਣ ਲੱਗ ਪਏ ਸਨ। ਪੰਜਾਬ ਦੇ ਗ਼ੈਰ -



Digitized by Panjab Digital Library | www.panjabdigilib.org

ਸਿੱਖ ਦੇਸੀ ਭਾਸ਼ੀ ਅਖ਼ਬਾਰਾਂ ਦਾ ਅਜਿਹਾ ਰਵੱਈਆ ਉਨ੍ਹਾਂ ਦੀ ਆਪਣੀ ਰਵਾਇਤੀ ਫਿਰਕਾ - ਪ੍ਰਸਤ ਜ਼ਹਿਨੀਅਤ ਸਦਕਾ ਸੀ, ਜੋ ਉਨ੍ਹਾਂ ਦੇ ਲਾਹੌਰੀ ਮਾਹੌਲ ਦੇ ਪਿਛੋਕੜ ਕਾਰਨ ਸੀ ਅਤੇ ਭਾਰਤ ਵਿਚ ਆ ਕੇ ਉਨ੍ਹਾਂ ਨੇ ਮੁਸਲਮਾਨਾਂ ਦੀ ਥਾਂ ਸਿੱਖਾਂ ਨੂੰ ਆਪਣੀ ਫਿਰਕਾਪ੍ਰਸਤੀ ਦਾ ਸ਼ਿਕਾਰ ਬਣਾ ਲਿਆ ਸੀ। ਦੂਸਰੇ ਪਾਸੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਆਪ ਵੀ ਨਿਝੱਕ ਹੋ ਕੇ ਨਿਰੰਕਾਰੀ ਮੁਖੀ ਦੇ ਕਤਲ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਹ ਨਿਰੰਕਾਰੀ ਮੁਖੀ ਦਾ ਕਤਲ ਕਰਨ ਵਾਲਿਆਂ ਦੀ ਸ਼ਲਾਘਾ ਕਰਨ ਲੱਗੇ ਕਿਹਾ ਕਰਦੇ ਸਨ ਕਿ "ਗੁਰਬਚਨ ਸਿੰਘ ਦੇ ਕਾਤਲਾਂ ਨੇ ਸਿੱਖ ਕੌਮ ਦੀ ਰੁਲਦੀ ਅਣਖ, ਡਿੱਗੀ ਹੋਈ ਮੁੱਛ ਅਤੇ ਆਪਣੀ ਮਾਤਾ ਦੇ ਚੁੰਘੇ ਹੋਏ ਦੁੱਧ ਨੂੰ ਸਫਲ ਕਰਨ ਵਾਸਤੇ ਧੌਣ ਤੇ ਗੋਡਾ ਰੱਖ ਕੇ ਸ਼ਹੀਦਾਂ ਦੇ ਡੁੱਲ੍ਹੇ ਹੋਏ ਖ਼ੂਨ ਦਾ ਬਦਲਾ ਲਿਆ ਹੈ।" ਪੰਜਾਬ ਦੀਆਂ ਭਾਸ਼ਾਈ ਅਖ਼ਬਾਰਾਂ ਵਿਚ ਹੁੰਦੇ ਪ੍ਰਚਾਰ ਅਤੇ ਸੰਤ ਜਰਨੈਲ ਸਿੰਘ 'ਖਾਲਸਾ ਵਲੋਂ ਨਿਰੰਕਾਰੀ ਮੁਖੀ ਦੇ ਕਤਲ ਦੀ ਵਾਰ ਵਾਰ ਕੀਤੀ ਜਾਂਦੀ ਪ੍ਰਸ਼ੰਸਾ ਨੇ ਸਥਿਤੀ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ।

ਨਿਰਸੰਦੇਹ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕਤਲ ਇਕ ਯੋਜਨਾਬੱਧ ਢੰਗ ਨਾਲ ਕੀਤਾ ਗਿਆ ਸੀ। ਇਸ ਲਈ ਉਸ ਦੀ ਸੂਹ ਕੱਢਣੀ ਲਗਭਗ ਅਸੰਭਵ ਹੀ ਸੀ; ਪ੍ਰੰਤੂ ਪੁਲਿਸ ਨੇ ਸੰਤੋਖ ਸਿੰਘ, ਅਵਤਾਰ ਸਿੰਘ ਅਤੇ ਕਈ ਹੋਰ ਸਿੱਖਾਂ ਨੂੰ ਅਜਾਈਂ ਹੀ ਫੜ ਲਿਆ। ਰਣਜੀਤ ਸਿੰਘ, ਕਾਬਲ ਸਿੰਘ, ਦਲਬੀਰ ਸਿੰਘ ਆਦਿ ਨੂੰ ਵੀ ਦੋਸ਼ੀ ਨਾਮਜ਼ਦ ਕੀਤਾ ਗਿਆ ਪ੍ਰੰਤੂ ਇਹ ਅਜੇ ਤੱਕ ਲੱਭ ਨਹੀਂ ਸਕੇ। ਜਦੋਂ ਕੋਈ ਗੱਲ ਨਾ ਬਣਦੀ ਦਿਸੀ ਤਾਂ ਕੇਸ ਹੋਰ ਜਾਂਚ ਲਈ ਜਾਂਚ ਬਿਓਰੋ ਦੇ ਹਵਾਲੇ ਕਰ ਦਿੱਤਾ ਗਿਆ। ਜਾਂਚ ਏਜੰਸੀ ਭਾਵੇਂ ਕੋਈ ਵੀ ਹੁੰਦੀ ਪ੍ਰੰਤੂ ਮੁਢਲੀ ਜਾਂਚ ਰੀਪੋਰਟ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਦਾ ਨਾਂ ਹੋਣ ਕਾਰਨ ਉਸ ਨੇ ਇਥੋਂ ਹੀ ਅੱਗੇ ਤੁਰਨਾ ਸੀ। ਕੇਂਦਰੀ ਜਾਂਚ ਬਿਓਰੋ ਨੇ ਵੀ ਜੋ ਕਹਾਣੀ ਤਿਆਰ ਕੀਤੀ, ਉਸ ਅਨੁਸਾਰ ਪੰਜਾਬ ਤੋਂ ਸੱਤ (ਸੰਤ ਜਰਨੈਲ ਸਿੰਘ 'ਖਾਲਸਾ' ਦੇ ਸੇਵਕ ਜਾਂ ਜਥੇ ਦੇ ਮੈਂਬਰ ਸਨ) ਅਤੇ ਦਿੱਲੀ ਤੋਂ ਤਿੰਨ ਵਿਅਕਤੀਆਂ ਨੇ ਗੁਰਬਚਨ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਨੂੰ ਰੂਪ ਦੇਣ ਅਤੇ ਨੇਪਰੇ ਚਾੜ੍ਹਨ ਵਿਚ ਹਿੱਸਾ ਪਾਇਆ। ਜਾਂਚ ਬਿਓਰੋ ਦੀ ਰੀਪੋਰਟ ਅਨੁਸਾਰ ਉਪਰੋਕਤ 7 ਵਿਅਕਤੀ ਜਲੰਧਰ ਤੋਂ ਖਰੀਦੀ ਇਕ ਨਵੀਂ ਐਂਬੈਸਡਰ ਕਾਰ ਵਿਚ ਅਸਲਾ ਲੈ ਕੇ ਦਿੱਲੀ ਪਹੁੰਚੇ। ਕਾਰ ਦੇ ਖਰੀਦਦਾਰ ਨੇ ਆਪਣਾ ਨਾਂ ਅਤੇ ਪਤਾ ਜਾਅਲੀ ਰੱਖਿਆ। ਰੀਪੋਰਟ ਅਨੁਸਾਰ ਜੋ ਕਾਰਬਾਈਨ ਬਰਾਮਦ ਹੋਈ, ਉਹ ਸੰਤ ਜਰਨੈਲ ਸਿੰਘ 'ਖਾਲਸਾ' ਦੇ ਭਰਾ ਜਗੀਰ ਸਿੰਘ ਦੇ ਨਾਂ ਤੇ ਦਰਜ ਸੀ (ਸਤਿੰਦਰ ਸਿੰਘ, ਖਾਲਿਸਤਾਨ, ਪੰਨਾ 92) ਇਸ ਤਰ੍ਹਾਂ ਭਿੰਡਰਾਂ ਜੱਥੇ ਦੇ ਕੁਲ 21 ਮੈਂਬਰਾਂ ਜਾਂ ਸੇਵਕਾਂ ਨੂੰ ਇਸ ਕੇਸ ਵਿਚ ਫਸਾ ਲਿਆ ਗਿਆ। ਕੇਂਦਰੀ ਜਾਂਚ ਬਿਓਰੋ ਦੇ ਡੀ. ਆਈ. ਜੀ. ਸ਼ੇਖਰ ਅਤੇ ਇਕ ਹੋਰ ਸੀਨੀਅਰ ਅਧਿਕਾਰੀ ਨੇ ਸੰਤ ਜਰਨੈਲ ਸਿੰਘ 'ਖਾਲਸਾ' ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਚ 5 ਮਈ 1980 ਨੂੰ ਪੁੱਛਗਿੱਛ ਕੀਤੀ। ਇਸ ਪੁੱਛਗਿੱਛ ਦੌਰਾਨ ਜਾਂਚ ਅਧਿਕਾਰੀਆਂ ਨੇ ਜੋ ਗੱਲਬਾਤ ਕੀਤੀ, ਉਸ ਵਿਚੋਂ ਕੁਝ ਦਿਲਚਸਪ ਪ੍ਰਸ਼ਨ - ਉਤਰ ਇਸ ਪ੍ਰਕਾਰ ਹਨ:

ਪ੍ਰਸ਼ਨ - ਤੁਹਾਡਾ ਮਿਲਾਪ ਕਿਸ ਕਿਸ ਨਾਲ ਹੈ?

ਉਤਰ - ਸੰਤ ਉਤਮ ਸਿੰਘ ਜੀ ਖਡੂਰ ਸਾਹਿਬ, ਸੰਤ ਖੜਕ ਸਿੰਘ ਜੀ, ਸੰਤ ਕ੍ਰਿਪਾਲ ਸਿੰਘ ਜੀ ਰੋਡੇ, ਸੰਤ ਬੀਰ ਬਿਕ੍ਰਮਾਜੀਤ ਸਿੰਘਜੀ, ਸੰਤ ਦੀਵਾਨ ਸਿੰਘ ਜੀ, ਸੰਤ ਤਾਰਾ ਸਿੰਘ ਜੀ,



Digitized by Panjab Digital Library | www.panjabdigilib.org

ਬਾਬਾ ਬਿਸ਼ਨ ਸਿੰਘ ਜੀ ....... (ਸੰਤ ਜਰਨੈਲ ਸਿੰਘ ਜੀ ਨੇ 32 ਸੰਤਾਂ ਦੇ ਨਾਂ ਲਏ ।)

ਪ੍ਰਸ਼ਨ - ਇਹ ਤਾਂ ਸਭ ਮਹਾਤਮਾ ਹਨ?

ਉੱਤਰ - ਹੋਰ ਬਲੈਕ ਤਾਂ ਮੈਂ ਕਰਦਾ ਨਹੀਂ ਜੋ ਕਿਸੇ ਬਲੈਕੀਏ, ਚੋਰ ਜਾਂ ਸਮਗਲਰ ਦਾ ਨਾਂ ਲਵਾਂ ।

ਪ੍ਰਸ਼ਨ - ਤੁਹਾਡੇ ਕੋਲ ਹਥਿਆਰ ਹਨ? ਕਾਰਬਾਈਨਾਂ ਹਨ?

ਉੱਤਰ - ਹਾਂ! ਪਰ ਮੇਰੇ ਨਾਂ ਕੋਈ ਨਹੀਂ ।

ਪ੍ਰਸ਼ਨ - ਕਿੰਨੀਆਂ ਕਾਰਬਾਈਨਾਂ ਹਨ?

ਉਤਰ - ਜਿੰਨੀਆਂ ਦੇ ਤੁਸੀਂ ਲਾਇਸੰਸ ਬਣਾਏ ਹਨ, ਸਾਰੀਆਂ ਸਾਡੀਆਂ ਹਨ। ਅਸੀਂ ਜਿਸ ਤੋਂ ਮੰਗ ਲਈਏ, ਕੋਈ ਨਾਂਹ ਨਹੀਂ ਕਰਦਾ ।

ਪ੍ਰਸ਼ਨ - ਰਣਜੀਤ ਸਿੰਘ ਨੂੰ ਜਾਣਦੇ ਹੋ?

ਉੱਤਰ - ਸਾਹਮਣੇ ਆਉਣ ਤੇ ਦੱਸ ਸਕਦਾ ਹਾਂ ਕਿਉਂਕਿ ਇਸ ਨਾਂ ਦਾ ਇਕੋ ਤਾਂ ਰਣਜੀਤ ਸਿੰਘ ਨਹੀਂ ।

ਪ੍ਰਸ਼ਨ - ਤੁਹਾਡੇ ਪੈਰੋਕਾਰ ਕਿੰਨੇ ਹਨ?

ਉੱਤਰ - ਮੇਰਾ ਕੋਈ ਪੈਰੋਕਾਰ ਨਹੀਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੈਰੋਕਾਰ ਹਨ ।

ਸਪਸ਼ਟ ਸੀ ਕਿ, ਨਾ ਤਾਂ ਕੇਂਦਰੀ ਜਾਂਚ ਬਿਓਰੋ ਤੇ ਨਾ ਹੀ ਕਿਸੇ ਹੋਰ ਏਜੰਸੀ ਨੂੰ ਗੁਰਬਚਨ ਸਿੰਘ ਦੇ ਕਾਤਲਾਂ ਦੀ ਉੱਘ ਸੁੱਘ ਮਿਲ ਸਕੀ ਪ੍ਰੰਤੂ ਨਿਰੰਕਾਰੀਆਂ ਅਤੇ ਪੰਜਾਬ ਦੀ ਗ਼ੈਰ - ਸਿੱਖ ਦੇਸੀ ਭਾਸ਼ੀ ਪ੍ਰੈਸ ਦੇ ਪ੍ਰਚਾਰ ਕਾਰਨ ਸਰਕਾਰ ਤੇ ਦਬਾਅ ਵਧ ਰਿਹਾ ਸੀ ਅਤੇ ਇਕ ਵੇਰ ਤਾਂ ਅਜਿਹਾ ਭਾਸਣ ਲੱਗਾ ਕਿ, ਸਰਕਾਰ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਹੱਥ ਪਾਉਣ ਹੀ ਲੱਗੀ ਹੈ। ਪੰਜਾਬ ਵਿਚ ਥਾਂ ਥਾਂ ਇਸ ਧਾਰਮਿਕ ਆਗੂ ਨੂੰ ਕਤਲ ਕੇਸ ਵਿਚ ਫਸਾਉਣ ਦੀ ਕੋਝੀ ਹਰਕਤ ਵਿਰੁੱਧ ਮੁਜ਼ਾਹਰੇ ਹੋਣ ਲੱਗੇ। ਇਥੋਂ ਤੱਕ ਕਿ ਦਿੱਲੀ ਦੇ ਸਿੱਖਾਂ ਨੇ ਵੀ ਇਕ ਰੋਸ ਜਲੂਸ ਕੱਢ ਕੇ ਪ੍ਰਧਾਨ ਮੰਤ੍ਰੀ ਨੂੰ ਮੈਮੋਰੈਂਡਮ ਪੇਸ਼ ਕੀਤਾ ਕਿ ਸਿੱਖਾਂ ਦੀ ਦਮਦਮੀ ਟਕਸਾਲ ਦੇ ਮੁਖ ਸੇਵਕ ਵਿਰੁੱਧ ਅਜਿਹੇ ਸ਼ੰਕੇ ਕਰਨੇ ਸਿੱਖਾਂ ਲਈ ਇਕ ਚੁਣੌਤੀ ਸੀ। ਸਿੱਖ ਜਨਤਾ ਵਲੋਂ ਇਹ ਖਤਰਾ ਮਹਿਸੂਸ ਕਰਨ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਮੁਹਰੈਲ ਸੀ ਅਤੇ ਉਸ ਨੇ 7 ਜੂਨ 1980 ਨੂੰ ਪਹਿਲਾ ਜਲੂਸ ਅੰਮ੍ਰਿਤਸਰ ਵਿਖੇ ਮਿਸਾਲਾਂ ਲੈ ਕੇ ਕੱਢਿਆ। ਇਸ ਜਲੂਸ ਨਾਲ ਸਮੂਹ ਸਿੱਖ ਸੰਗਤਾਂ ਨੂੰ ਜਾਗਰਤ ਕਰ ਦਿੱਤਾ ਗਿਆ ਕਿ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਕਰਨ ਦਾ ਭਾਵ ਦਮਦਮੀ ਟਕਸਾਲ ਨੂੰ ਬੰਦ ਕਰਵਾਉਣਾ ਹੈ, ਜਿਸ ਨੂੰ ਸਿੱਖ ਸੰਗਤਾਂ ਕਦੇ ਸਹਿਨ ਨਹੀਂ ਕਰਨਗੀਆਂ। ਫੈਡਰੇਸ਼ਨ ਨੇ ਬਾਅਦ ਵਿਚ ਪੱਟੀ, ਚੰਡੀਗੜ੍ਹ, ਜਲੰਧਰ, ਲੁਧਿਆਣਾ, ਪਟਿਆਲਾ, ਜੰਮੂ, ਬਾਬਾ ਬਕਾਲਾ, ਮੋਗਾ, ਤਰਨ ਤਾਰਨ, ਖੇਮ ਕਰਨ, ਗੁਰਦਾਸਪੁਰ, ਕਾਦੀਆਂ ਅਤੇ ਬਠਿੰਡਾ ਵਿਖੇ ਵੀ ਜਲੂਸ ਕੱਢਿਆ। 20 ਜੁਲਾਈ 1980 ਈ: ਨੂੰ ਸਮੂਹ ਸਿੱਖ ਜਗਤ ਵਲੋਂ ਦਿੱਲੀ ਵਿਖੇ ਇਕ ਵਿਸ਼ਾਲ



Digitized by Panjab Digital Library | www.panjabdigilib.org

ਜਲੂਸ ਕੱਢਿਆ ਗਿਆ ਜਿਸ ਵਿਚ ਮੰਗ ਕੀਤੀ ਗਈ ਕਿ, ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਗ੍ਰਿਫਤਾਰ ਨਾ ਕੀਤਾ ਜਾਏ ਕਿਉਂਕਿ ਉਨ੍ਹਾਂ ਦਾ ਨਿਰੰਕਾਰੀ ਮੁਖੀ ਦੇ ਕਤਲ ਨਾਲ ਕੋਈ ਸੰਬੰਧ ਨਹੀਂ। ਇਸ ਪ੍ਰਕਾਰ ਸਿੱਖਾਂ ਵਿਚ ਚੇਤੰਨਤਾ ਆ ਗਈ ਅਤੇ ਸਮੁੱਚਾ ਸਿੱਖ ਜਗਤ ਸੰਤ ਜਰਨੈਲ ਸਿੰਘ 'ਖਾਲਸਾ' ਦੀ ਪਿੱਠ 'ਤੇ ਆ ਖੜ੍ਹਾ ਹੋਇਆ। ਇਨ੍ਹਾਂ ਤਕੜੇ ਮੁਜ਼ਾਹਰਿਆਂ ਸਦਕਾ ਕੇਂਦਰੀ ਗ੍ਰਹਿ ਵਿਭਾਗ ਨੇ ਮੋਟੀਆਂ ਮੋਟੀਆਂ ਫਾਈਲਾਂ ਬਣਾਉਣ ਉਪਰੰਤ ਮਾਮਲਾ ਦਾਖਲ ਦਫਤਰ ਕਰਨਾ ਹੀ ਉਚਿਤ ਸਮਝਿਆ।

ਜੂਨ 1980 ਈ: ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਉਪਰੰਤ ਪੰਜਾਬ ਵਿਚ ਸ. ਦਰਬਾਰਾ ਸਿੰਘ ਦੀ ਅਗਵਾਈ ਹੇਠ ਸਰਕਾਰ ਕਾਇਮ ਹੋ ਗਈ। ਸ. ਦਰਬਾਰਾ ਸਿੰਘ ਅਤੇ ਕੇਂਦਰੀ ਗ੍ਰਹਿ ਮੰਤ੍ਰੀ ਗਿਆਨੀ ਜ਼ੈਲ ਸਿੰਘ ਦੀ ਆਪਸੀ ਰੱਸਾਕਸ਼ੀ ਕਾਰਨ ਦੋਵੇਂ ਹੀ ਨਿਰੰਕਾਰੀ ਮੁਖੀ ਕਤਲ ਕਾਂਡ ਦੇ ਕਥਿਤ ਦੋਸ਼ੀਆਂ (ਜਿਨ੍ਹਾਂ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਦੇ ਸਹਿਯੋਗੀ ਵੀ ਸ਼ਾਮਲ ਸਨ) ਨੂੰ ਗ੍ਰਿਫਤਾਰ ਕਰਨ ਦੀ ਜ਼ਿੰਮੇਵਾਰੀ ਇਕ ਦੂਜੇ ਉਤੇ ਸੁੱਟਦੇ ਰਹੇ ਪਰ ਕਿਸੇ ਨੇ ਕੋਈ ਕਾਰਵਾਈ ਨਾ ਕੀਤੀ ਅਤੇ ਜਦੋਂ ਜਾਂਚ ਦੌਰਾਨ ਕੁਝ ਨਾ ਮਿਲਿਆ ਤਾਂ ਗਿਆਨੀ ਜ਼ੈਲ ਸਿੰਘ ਨੂੰ ਕੇਂਦ੍ਰੀ ਗ੍ਰਹਿ ਮੰਤ੍ਰੀ ਵਜੋਂ ਲੋਕ ਸਭਾ ਵਿਚ ਇਕ ਧਿਆਨ ਦੁਆਊ ਮਤੇ ਦੇ ਉਤਰ ਵਿਚ ਇਹ ਕਹਿਣਾ ਪਿਆ ਕਿ "ਸੰਤ ਜਰਨੈਲ ਸਿੰਘ 'ਭਿੰਡਰਾਂਵਾਲੇ' ਦਾ ਨਿਰੰਕਾਰੀ ਮੁਖੀ ਦੇ ਕਤਲ ਨਾਲ ਕੋਈ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਿਆ। ਇਸ ਲਈ ਸੰਤ ਜਰਨੈਲ ਸਿੰਘ ਨਿਰਦੋਸ਼ ਹਨ ਅਤੇ ਸਰਕਾਰ ਦਾ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਕੋਈ ਇਰਾਦਾ ਨਹੀਂ ਅਤੇ ਉਹ ਭਾਰਤ ਦੇ ਕਿਸੇ ਵੀ ਕੋਨੇ ਵਿਚ ਪ੍ਰਚਾਰ ਕਰ ਸਕਦੇ ਹਨ।" ਗਿਆਨੀ ਜ਼ੈਲ ਸਿੰਘ ਨੇ ਲਗਭਗ ਇਨ੍ਹਾਂ ਹੀ ਸ਼ਬਦਾਂ ਨੂੰ ਲੋਕ ਸਭਾ ਅਤੇ ਰਾਜ ਸਭਾ ਵਿਚ ਕਈ ਪ੍ਰਸ਼ਨਾਂ ਦੇ ਉਤਰਾਂ ਦੌਰਾਨ ਕਈ ਵੇਰ ਦੁਹਰਾਇਆ।

ਇਸ ਪ੍ਰਕਾਰ ਸੰਤ ਜਰਨੈਲ ਸਿੰਘ ਭਾਵੇਂ ਕਾਨੂੰਨ ਅਤੇ ਸਰਕਾਰ ਦੀਆਂ ਨਜ਼ਰਾਂ ਵਿਚ ਤਾਂ ਨਿਰਦੋਸ਼ ਸਿੱਧ ਹੋ ਗਏ ਸਨ ਪ੍ਰੰਤੂ ਉਨ੍ਹਾਂ ਦੀ ਸਿੱਖਾਂ ਵਿਚਕਾਰ ਵਧ ਰਹੀ ਲੋਕ - ਪ੍ਰਿਯਤਾ ਅਤੇ ਨਿਰੰਕਾਰੀਆਂ ਵਿਰੁੱਧ ਖੁਲ੍ਹੇ ਪ੍ਰਚਾਰ ਸਦਕਾ ਪੰਜਾਬ ਦਾ ਗ਼ੈਰ - ਸਿੱਖ ਪ੍ਰੈਸ ਉਨ੍ਹਾਂ ਨੂੰ ਲਗਾਤਾਰ ਇਕ ਅਜਿਹੇ ਹਥਿਆਰਬੰਦ ਜਥੇ ਦੇ ਮੁਖੀ ਗਰਦਾਨਦਾ ਰਿਹਾ, ਜੋ ਅਸਲੋਂ 'ਅਤਿਵਾਦੀ' ਸਨ। ਇਸ ਪ੍ਰਚਾਰ ਦੇ ਸਿੱਟੇ ਵਜੋਂ ਸੰਤ ਜਰਨੈਲ ਸਿੰਘ ਸਿੱਖ ਨੌਜਵਾਨਾਂ ਵਿਚ ਵੀ ਪੁਨਰ - ਸੁਰਜੀਤੀ ਦਾ ਬਿੰਬ ਬਣ ਕੇ ਸਾਹਮਣੇ ਆਉਣ ਲੱਗੇ। ਉਨ੍ਹਾਂ ਦੀ ਪ੍ਰੇਰਨਾ ਨਾਲ ਹੁਣ ਸਿੱਖ ਅੰਮ੍ਰਿਤਪਾਨ ਕਰਦੇ, ਸ਼ਸ਼ਤ੍ਰ ਧਾਰਨ ਕਰਦੇ ਅਤੇ ਦਾਹੜੇ ਦਾ ਪ੍ਰਕਾਸ਼ (ਖੁਲ੍ਹੀ ਦਾਹੜੀ) ਕਰਨ ਵਿਚ ਗੌਰਵ ਮਹਿਸੂਸ ਕਰਨ ਲੱਗੇ। ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ, ਜੋ ਮਾਸਟਰ ਤਾਰਾ ਸਿੰਘ ਪਿੱਛੋਂ ਨਿਰਜੀਵ ਹੋ ਗਈ ਸੀ, ਦੇ ਨੇਤਾਵਾਂ ਵਿਚ ਇਕ ਵਾਰ ਫਿਰ ਪੁਨਰ ਜਾਗਰਤੀ ਆਉਣ ਲੱਗੀ ਅਤੇ ਉਨ੍ਹਾਂ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਆਦਰਸ਼ਕ ਨੇਤਾ ਵਜੋਂ ਪ੍ਰਵਾਨ ਕਰ ਲਿਆ। ਭਾਵੇਂ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿਚਕਾਰ ਰਸਮੀ ਤੌਰ ਤੇ ਕੋਈ ਸੰਬੰਧ ਨਹੀਂ ਸੀ, ਪ੍ਰੰਤੂ ਫਿਰ ਵੀ ਫੈਡਰੇਸ਼ਨ ਸੰਤ ਜਰਨੈਲ ਸਿੰਘ ਨੂੰ ਸਿੱਖ ਭਾਵਨਾਵਾਂ ਦਾ ਪ੍ਰਤੀਕ ਅਤੇ ਨੌਜਵਾਨ ਸਿੱਖਾਂ ਦੀਆਂ ਉਮੰਗਾਂ ਦੀ ਪੂਰਤੀ ਦਾ ਸਾਧਨ ਮੰਨਣ ਲੱਗ ਪਈ।

ਭਾਈ ਅਮਰੀਕ ਸਿੰਘ ਵਲੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਮਾਨ ਸੰਭਾਲਣ ਨਾਲ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਿਚਕਾਰ ਨੇੜਤਾ ਇਸ ਹੱਦ ਤੱਕ ਵਧ ਗਈ ਕਿ ਜਦੋਂ ਪੰਜਾਬ ਵਿਚ ਹਿੰਸਕ ਘਟਨਾਵਾਂ ਦਾ ਦੌਰ ਆਰੰਭ ਹੋਇਆ ਤਾਂ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਦੋਹਾਂ ਦੇ ਸਰਗਰਮ ਮੈਂਬਰਾਂ ਨੂੰ ਹਿੰਸਕ ਘਟਨਾਵਾਂ ਲਈ



Digitized by Panjab Digital Library | www.panjabdigilib.org

ਜ਼ਿੰਮੇਵਾਰ ਠਹਿਰਾਇਆ ਜਾਣ ਲੱਗਾ ।

ਫੈਡਰੇਸ਼ਨ ਨੇ ਸੰਤ ਜਰਨੈਲ ਸਿੰਘ 'ਖਾਲਸਾ' ਦੇ ਸਹਿਯੋਗ ਨਾਲ 13 ਅਪ੍ਰੈਲ 1980 ਨੂੰ 1978 ਦੀ ਵੈਸਾਖੀ ਵਾਲੇ ਸਾਕੇ ਦੇ ਅਸਥਾਨ ਤੇ ਸ਼ਹੀਦਾਂ ਦੀ ਯਾਦ ਵਿਚ ਇਕ ਯਾਦਗਾਰ ਕਾਇਮ ਕਰਨ ਦਾ ਐਲਾਨ ਕਰ ਦਿੱਤਾ ਅਤੇ ਇਕ ਨਵਾਂ ਨਾਅਰਾ ਲਾਇਆ:

"ਜਿੱਥੇ ਲਹੂ ਸਿੰਘਾਂ ਦਾ ਡੁੱਲ੍ਹ ॥
ਉਥੇ ਨਿਸ਼ਾਨ ਕੇਸਰੀ ਝੁੱਲ੍ਹ ॥"

24 ਅਪ੍ਰੈਲ 1980 ਨੂੰ ਇਸੇ ਅਸਥਾਨ ਤੇ 13 ਸ਼ਹੀਦ ਸਿੰਘਾਂ ਦੀ ਯਾਦ ਵਿਚ 13 ਫੁੱਟ ਲੰਬਾ ਅਤੇ 13 ਫੁੱਟ ਚੌੜਾ ਇਕ ਯਾਦਗਾਰੀ ਥੜ੍ਹਾ ਉਸਾਰਿਆ ਗਿਆ । ਦਿਲਚਸਪ ਗੱਲ ਇਹ ਹੈ ਕਿ ਇਸੇ ਰਾਤ ਨੂੰ ਹੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਅੰਤ ਹੋ ਗਿਆ।



Digitized by Panjab Digital Library | www.panjabdigilib.org

# ਸਿੱਖ ਹੱਕਾਂ ਦਾ ਪਹਿਰੇਦਾਰ

ਅਪ੍ਰੈਲ 1978 ਤੋਂ ਲੈ ਕੇ 1981 ਈ: ਤੱਕ ਦੇ ਤਿੰਨ ਸਾਲਾਂ ਦੇ ਥੋੜੇ ਜਿਹੇ ਅਰਸੇ ਵਿਚ ਹੀ ਸੰਤ ਜਰਨੈਲ ਸਿੰਘ ਸਿੱਖ ਉਮੰਗਾਂ ਦੀ ਪੂਰਤੀ ਦੇ ਪ੍ਰਤੀਕ ਹੋ ਨਿੱਤਰੇ ਸਨ। ਇਸੇ ਦੌਰਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੀਤੀ ਜਾ ਰਹੀ ਚਿਰੋਕੀ ਮੰਗ, ਕਿ ਅੰਮ੍ਰਿਤਸਰ ਸ਼ਹਿਰ ਵਿਚੋਂ ਪਾਨ ਬੀੜੀ ਦੀਆਂ ਦੁਕਾਨਾਂ ਬਾਹਰ ਕਢਵਾ ਕੇ ਸ਼ਹਿਰ ਨੂੰ ਉਸੇ ਤਰਜ਼ ਤੇ ਪਵਿੱਤਰ ਕਰਾਰ ਦਿੱਤਾ ਜਾਏ, ਜਿਸ ਤਰ੍ਹਾਂ ਹਿੰਦੂਆਂ ਦੇ ਤੀਰਥ ਅਸਥਾਨ ਹਰਦਵਾਰ ਅਤੇ ਕਾਸ਼ੀ ਆਦਿ ਦਿੱਤੇ ਗਏ ਸਨ, ਨੂੰ ਪੂਰਾ ਕਰਵਾਉਣ ਦਾ ਬੀੜਾ ਚੁੱਕਿਆ। ਇਸ ਮੰਤਵ ਲਈ 1 ਮਈ 1981 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਗ੍ਰਹਿ ਵਿਖੇ ਇਕ ਮੀਟਿੰਗ ਸੱਦੀ ਗਈ, ਜਿਸ ਵਿਚ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਤੋਂ ਛੁੱਟ ਸੰਤ ਜਰਨੈਲ ਸਿੰਘ 'ਖਾਲਸਾ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਅਤੇ ਜਨਰਲ ਸਕੱਤਰ ਸ. ਹਰਮਿੰਦਰ ਸਿੰਘ ਸੰਧੂ ਸ਼ਾਮਲ ਹੋਏ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਵਿਚਾਰ ਸੀ ਕਿ, ਇਸ ਮਾਮਲੇ ਨੂੰ ਫਿਰਕੂ ਰੰਗਤ ਦਿੱਤੇ ਬਿਨਾਂ ਹੱਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਲਈ ਇਹ ਸੁਝਾਅ ਦਿੱਤਾ ਗਿਆ ਕਿ ਇਸ ਮੰਤਵ ਦੁਰਗਿਆਨਾ ਕਮੇਟੀ ਅਤੇ ਹੋਰ ਗ਼ੈਰ - ਸਿੱਖ ਜਥੇਬੰਦੀਆਂ ਨੂੰ ਵੀ ਭਰੋਸੇ ਵਿਚ ਲਿਆ ਜਾਏ। ਮੀਟਿੰਗ ਵਿਚ ਅੰਮ੍ਰਿਤਸਰ ਦੀਆਂ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਵੀ ਨਾਲ ਲੈਣ ਦੀ ਵਿਉਂਤ ਬਣਾਈ ਗਈ। ਇਸ ਸੰਬੰਧੀ 3 ਮਈ ਨੂੰ ਮੀਟਿੰਗ ਸੱਦ ਲਈ ਗਈ। ਮੀਟਿੰਗ ਨੂੰ ਲਗਭਗ ਸਭ ਸਿੱਖ ਜਥੇਬੰਦੀਆਂ ਵਲੋਂ ਭਰਵਾਂ ਹੁੰਗਾਰਾ ਮਿਲਣ ਤੇ ਇਕ 11 ਮੈਂਬਰੀ ਕਮੇਟੀ ਕਾਇਮ ਕੀਤੀ ਗਈ, ਜਿਸ ਨੇ ਅੰਮ੍ਰਿਤਸਰ ਸ਼ਹਿਰ ਦੀ ਜੂਹ ਵਿਚੋਂ ਤੰਬਾਕੂ, ਬੀੜੀ ਖਤਮ ਕਰਵਾਉਣ ਲਈ ਪ੍ਰਬੰਧ ਕਰਨਾ ਸੀ। ਇਸ ਕਮੇਟੀ ਵਿਚ ਦੋਹਾਂ ਅਕਾਲੀ ਦਲਾਂ (ਤਲਵੰਡੀ ਅਤੇ ਲੌਂਗੋਵਾਲ), ਚੀਫ਼ ਖਾਲਸਾ ਦੀਵਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਲਏ ਗਏ। ਇਸ ਪਿੱਛੋਂ ਸੰਤ ਜਰਨੈਲ ਸਿੰਘ 'ਖਾਲਸਾ' ਇਹ ਮਾਮਲਾ ਫੈਡਰੇਸ਼ਨ ਦੇ ਨੇਤਾਵਾਂ ਭਾਈ ਅਮਰੀਕ ਸਿੰਘ ਅਤੇ ਹਰਮਿੰਦਰ ਸਿੰਘ ਸੰਧੂ ਤੇ ਛੱਡ ਕੇ ਜਥੇ ਸਮੇਤ ਹਜ਼ੂਰ ਸਾਹਿਬ ਲਈ ਰਵਾਨਾ ਹੋ ਗਏ। ਭਾਈ ਅਮਰੀਕ ਸਿੰਘ ਅਤੇ ਸ. ਹਰਮਿੰਦਰ ਸਿੰਘ ਸੰਧੂ ਨੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੁਆਉਣ ਲਈ ਸਰਕਾਰੀ ਅਤੇ ਸਿਆਸੀ ਪੱਧਰ ਤੇ ਚਿੱਠੀ ਪੱਤਰ ਕਰਕੇ ਸਿੱਖਾਂ ਦੀ ਇਸ ਧਾਰਮਿਕ ਮੰਗ ਨੂੰ ਧਰਮ ਨਿਰਪੇਖ ਢੰਗ ਨਾਲ ਪੇਸ਼ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਨਾਲ ਵੀ ਚਿੱਠੀ ਪੱਤਰ ਕੀਤਾ ਗਿਆ ਅਤੇ ਜ਼ਿਲ੍ਹਾ ਅਧਿਕਾਰੀਆਂ ਨੇ 2-3 ਮੀਟਿੰਗਾਂ ਵੀ ਸੱਦੀਆਂ ਤਾਂ ਜੋ ਮਸਲੇ ਦਾ ਸਥਾਨਕ ਪੱਧਰ ਤੇ ਹੱਲ ਲੱਭਿਆ ਜਾ ਸਕੇ। ਫੈਡਰੇਸ਼ਨ ਦੇ ਨੇਤਾਵਾਂ ਨੇ ਲੋਕ ਰਾਏ ਬਣਾਉਣ ਲਈ 11 ਮਈ ਨੂੰ ਅੰਮ੍ਰਿਤਸਰ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੁਆਉਣ ਦੀ ਮੰਗ ਨੂੰ ਲੈ ਕੇ 13 ਮਈ ਨੂੰ ਕੱਢੇ ਜਾ ਰਹੇ ਜਲੂਸ ਵਿਚ



Digitized by Panjab Digital Library | www.panjabdigilib.org

ਸ਼ਾਮਲ ਹੋਣ। 25 ਮਈ ਨੂੰ ਡਿਪਟੀ ਕਮਿਸ਼ਨਰ, ਸੀਨੀਅਰ ਪੁਲਿਸ ਕਪਤਾਨ, ਦੁਰਗਿਆਨਾ ਕਮੇਟੀ ਦੇ ਪ੍ਰਧਾਨ ਸ੍ਰੀ ਗੋਪੀ ਚੰਦ ਭਾਟੀਆ, ਆਰੀਆ ਸਭਾ ਦੇ ਸ੍ਰੀ ਭੋਲਾ ਨਾਥ ਦਿਲਾਵਰੀ, ਸ੍ਰੀ ਓ. ਪੀ. ਪ੍ਰਭਾਕਰ ਅਤੇ ਸ੍ਰੀ ਰਾਮ ਪ੍ਰਕਾਸ਼ ਸੇਠ ਤੋਂ ਛੁੱਟ ਭਾਈ ਅਮਰੀਕ ਸਿੰਘ ਅਤੇ ਸ. ਹਰਮਿੰਦਰ ਸਿੰਘ ਸੰਧੂ ਸ਼ਾਮਲ ਹੋਏ। ਇਸ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ ਇਹ ਮਾਮਲਾ ਨਿਰੋਲ ਧਾਰਮਿਕ ਹੈ ਅਤੇ ਇਸ ਨੂੰ ਫਿਰਕੂ ਰੰਗਤ ਨਹੀਂ ਦਿੱਤੀ ਜਾਣੀ ਚਾਹੀਦੀ। ਹਿੰਦੂ ਨੇਤਾਵਾਂ ਦੇ ਕਹਿਣ ਤੇ ਅੰਮ੍ਰਿਤਸਰ ਸ਼ਹਿਰ ਵਿਚੋਂ ਸਿਗਰਟ, ਬੀੜੀ ਦੇ ਨਾਲ ਮੀਟ ਵੀ ਬਾਹਰ ਕੱਢਣ ਲਈ ਫੈਡਰੇਸ਼ਨ ਦੇ ਨੇਤਾ ਸਹਿਮਤ ਹੋ ਗਏ। ਦੋ ਘੰਟੇ ਦੀ ਮੀਟਿੰਗ ਪਿੱਛੋਂ ਇਕ ਦਸਤਾਵੇਜ਼ ਤਿਆਰ ਕੀਤਾ ਗਿਆ, ਜਿਸ ਵਿਚ ਕਿਹਾ ਗਿਆ ਕਿ, ਅੰਮ੍ਰਿਤਸਰ ਸ਼ਹਿਰ ਦੀ ਪਵਿੱਤ੍ਰਤਾ ਨੂੰ ਧਿਆਨ ਵਿਚ ਰੱਖਦੇ ਹੋਏ "ਸ਼ਹਿਰ ਦੀ ਚਾਰ ਦੀਵਾਰੀ ਵਿਚੋਂ ਸਿਗਰਟ, ਬੀੜੀ, ਤੰਬਾਕੂ ਅਤੇ ਮੀਟ ਦੀ ਵਿਕਰੀ ਅਤੇ ਵਰਤੋਂ ਤੇ ਮੁਕੰਮਲ ਪਾਬੰਦੀ ਲਾਈ ਜਾਏ।" ਇਸ ਦਸਤਾਵੇਜ਼ ਰਾਹੀਂ ਇਹ ਵੀ ਕਿਹਾ ਗਿਆ ਕਿ, ਇਹ ਮੰਗ 'ਧਾਰਮਿਕ ਅਤੇ ਗ਼ੈਰ - ਫਿਰਕੂ ਹੈ ਅਤੇ ਇਹ ਕਮੇਟੀ ਸਾਂਝੇ ਰੂਪ ਵਿਚ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਅਜਿਹੀ ਪਾਬੰਦੀ ਦੀ ਮੰਗ ਕਰਦੀ ਹੈ।' ਇਸ ਤੋਂ ਛੁੱਟ ਇਹ ਵੀ ਫੈਸਲਾ ਹੋਇਆ ਕਿ 31 ਮਈ ਦੇ ਜਲੂਸ ਵਿਚ ਕੇਵਲ ਸਿੱਖ ਹੀ ਨਹੀਂ, ਸਗੋਂ ਹਿੰਦੂ ਵੀ ਸ਼ਾਮਲ ਹੋਣਗੇ। ਇਸ ਦਸਤਾਵੇਜ਼ ਉਤੇ ਮੀਟਿੰਗ ਵਿਚ ਸ਼ਾਮਲ ਸਿੱਖ ਅਤੇ ਗ਼ੈਰ - ਸਿੱਖ ਪ੍ਰਤੀਨਿਧਾਂ ਨੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ ਦੀ ਹਾਜ਼ਰੀ ਵਿਚ ਦਸਤਖਤ ਕੀਤੇ। ਫੈਡਰੇਸ਼ਨ ਦੇ ਨੇਤਾਵਾਂ ਨੇ, ਇਸ ਫੈਸਲੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਜਾਣੂ ਕਰਵਾਇਆ ਅਤੇ ਉਹ ਵੀ ਉਪਰੋਕਤ ਫੈਸਲੇ ਨਾਲ ਸਹਿਮਤ ਹੋ ਗਏ। ਬਾਅਦ ਵਿਚ ਗ਼ੈਰ - ਸਿੱਖ ਨੇਤਾਵਾਂ ਤੇ ਪਤਾ ਨਹੀਂ ਕੀ ਦਬਾਅ ਪਿਆ ਕਿ ਉਨ੍ਹਾਂ ਨੇ 27 ਮਈ ਨੂੰ ਐਲਾਨ ਕਰ ਦਿੱਤਾ ਕਿ, ਉਹ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਦੀ ਮੰਗ ਵਿਰੁੱਧ 29 ਮਈ ਨੂੰ ਜਲੂਸ ਕੱਢਣਗੇ।

29 ਮਈ ਨੂੰ ਅੰਮ੍ਰਿਤਸਰ ਦੇ ਹਿੰਦੂ ਨੇਤਾਵਾਂ ਵਲੋਂ ਮਿਥੇ ਪ੍ਰੋਗਰਾਮ ਅਨੁਸਾਰ ਜਲੂਸ ਕੱਢਿਆ ਗਿਆ, ਜਿਸ ਵਿਚ ਪਾਰਟੀ ਮਤਭੇਦਾਂ ਨੂੰ ਭੁੱਲ ਕੇ ਕਾਂਗਰਸ (ਇ), ਭਾਰਤੀ ਜਨਤਾ ਪਾਰਟੀ ਅਤੇ ਆਰੀਆ ਸਮਾਜ ਨਾਲ ਸੰਬੰਧਤ ਹਿੰਦੂ ਲੋਕਾਂ ਨੇ ਜਲੂਸ ਕੱਢਿਆ। ਇਸ ਜਲੂਸ ਵਿਚ 'ਸਿਗਰਟ ਬੀੜੀ ਪੀਏਂਗੇ, ਹਮ ਸ਼ਾਨ ਸੇ ਜੀਏਂਗੇ' ਆਦਿ ਵਰਗੇ ਭੜਕਾਊ ਨਾਹਰੇ ਲਾਏ ਗਏ। ਕੁਝ ਲੋਕਾਂ ਨੇ ਸੋਟੀਆਂ ਅਤੇ ਨੰਗੀਆਂ ਕਿਰਪਾਨਾਂ ਦੀਆਂ ਨੋਕਾਂ ਉਤੇ ਸਿਗਰਟਾਂ, ਬੀੜੀਆਂ ਦੇ ਪੈਕਟ ਟੰਗੇ ਹੋਏ ਸਨ। ਅੰਮ੍ਰਿਤਸਰ ਦੇ ਕਟੜਾ ਜੈਮਲ ਸਿੰਘ ਅਤੇ ਕਚਹਿਰੀ ਨੇੜੇ ਸਿੱਖਾਂ ਦੀਆਂ ਦੁਕਾਨਾਂ ਤੇ ਹੁੱਲੜਬਾਜ਼ੀ ਵੀ ਕੀਤੀ ਗਈ ਪ੍ਰੰਤੂ ਇਸ ਦੇ ਬਾਵਜੂਦ ਵੀ ਸਿੱਖ ਸ਼ਾਂਤ ਰਹੇ।

ਸੰਤ ਜਰਨੈਲ ਸਿੰਘ 'ਖਾਲਸਾ' ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਚੌਕ ਮਹਿਤਾ ਪੁੱਜੇ ਹੀ ਸਨ ਕਿ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾਵਾਂ ਨੇ ਅਜਿਹੇ ਖਿਚਾਅ ਪੂਰਨ ਹਾਲਾਤ ਵਿਚ ਉਨ੍ਹਾਂ ਦੀ ਅਗਵਾਈ ਪ੍ਰਾਪਤ ਕਰਨੀ ਯੋਗ ਸਮਝੀ। ਇਨ੍ਹੀਂ ਦਿਨੀਂ ਹੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਹੁਦੇਦਾਰਾਂ ਦੀ ਚੋਣ ਹੋ ਰਹੀ ਸੀ ਅਤੇ ਸਮੁੱਚੀ ਸਿੱਖ ਲੀਡਰਸ਼ਿਪ ਦਿੱਲੀ ਗਈ ਹੋਈ ਸੀ। ਸੰਤ ਜਰਨੈਲ ਸਿੰਘ 29 ਮਈ ਰਾਤ ਨੂੰ



Digitized by Panjab Digital Library | www.panjabdigilib.org

ਅੰਮ੍ਰਿਤਸਰ ਪੁੱਜੇ ਅਤੇ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਪਿੱਛੋਂ 31 ਮਈ ਦੇ ਜਲੂਸ ਦੀ ਕਮਾਨ ਸੰਭਾਲਣ ਦਾ ਫੈਸਲਾ ਕਰ ਲਿਆ। ਉਸੇ ਰਾਤ ਸੰਤ ਜਰਨੈਲ ਸਿੰਘ ਮਾਝੇ ਅਤੇ ਰਿਆੜਕੀ ਦੇ ਪਿੰਡਾਂ ਦੇ ਦੌਰੇ ਤੇ ਨਿਕਲ ਪਏ ਅਤੇ ਸਿੱਖ ਸੰਪ੍ਰਦਾਵਾਂ, ਸੰਤਾਂ, ਮਹਾਤਮਾ ਅਤੇ ਭਿੰਡਰਾਂ ਜੱਥੇ ਦੇ ਮਿਲਾਪੀਆਂ ਨੂੰ 31 ਮਈ ਦੇ ਜਲੂਸ ਨੂੰ ਸਫਲ ਬਣਾਉਣ ਦੀ ਪ੍ਰੇਰਨਾ ਕਰਦੇ 31 ਮਈ ਸਵੇਰ ਨੂੰ ਤੜਕਸਾਰ ਵਾਪਸ ਅੰਮ੍ਰਿਤਸਰ ਪੁੱਜੇ। ਜਲੂਸ ਤੋਂ ਪਹਿਲਾਂ 31 ਮਈ ਸਵੇਰ ਨੂੰ ਮੰਜੀ ਸਾਹਿਬ ਵਿਖੇ ਭਾਰੀ ਇਕੱਠ ਹੋਇਆ। ਸੰਤ ਜਰਨੈਲ ਸਿੰਘ 29 ਮਈ ਦੇ ਜਲੂਸ ਵਿਚ ਕੁਝ ਸ਼ਰਾਰਤੀ ਲੋਕਾਂ ਵਲੋਂ ਸਿੱਖਾਂ ਵਿਰੋਧੀ ਲਾਏ ਗਏ ਨਾਅਰਿਆਂ ਕਾਰਨ ਸਿੱਖਾਂ ਦੇ ਭੜਕੇ ਹੋਏ ਜਜ਼ਬਾਤਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ ਪ੍ਰੰਤੂ ਇਸ ਦੇ ਨਾਲ ਹੀ ਉਹ ਜਲੂਸ ਨੂੰ ਸ਼ਾਂਤਮਈ ਰੱਖਣ ਦੀ ਆਪਣੀ ਜ਼ਿੰਮੇਵਾਰੀ ਤੋਂ ਵੀ ਅਣਜਾਣ ਨਹੀਂ ਸਨ। ਸੰਤ ਜਰਨੈਲ ਸਿੰਘ ਨੇ ਇਸ ਮਹਾਨ ਇਕੱਠ ਨੂੰ ਸੰਬੋਧਨ ਕਰਦੇ ਹੋਏ ਸਿੱਖਾਂ ਨੂੰ ਆਪਣੀਆਂ ਸ਼ਾਨਦਾਰ ਰਵਾਇਤਾਂ ਅਨੁਸਾਰ ਸ਼ਾਂਤਮਈ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ, ਉਹ ਜਲੂਸ ਦੌਰਾਨ ਕਿਸੇ ਭੜਕਾਹਟ ਵਿਚ ਨਾ ਆਉਣ। ਜੇ ਕੋਈ ਵਿਅਕਤੀ ਇੱਟ ਜਾਂ ਇੱਥੋਂ ਤੱਕ ਕਿ, ਗੋਲੀ ਵੀ ਮਾਰੇ ਤਾਂ ਵੀ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਅੱਗੇ ਵਧਦੇ ਜਾਓ। ਕੇਵਲ ਮਕਾਨ ਦਾ ਨੰਬਰ ਨੋਟ ਕਰ ਲਿਆ ਜਾਏ ਤਾਂ ਜੋ ਬਾਅਦ ਵਿਚ ਕਾਰਵਾਈ ਕੀਤੀ ਜਾ ਸਕੇ। ਸੰਤ ਜਰਨੈਲ ਸਿੰਘ ਨੇ ਆਪ ਇਸ ਮਹਾਨ ਜਲੂਸ ਦੀ ਅਗਵਾਈ ਕੀਤੀ ਅਤੇ ਪ੍ਰਬੰਧ ਅਜਿਹੇ ਸ਼ਾਨਦਾਰ ਢੰਗ ਨਾਲ ਕੀਤਾ ਕਿ ਇਕ ਵੀ ਅਣਸੁਖਾਵੀਂ ਘਟਨਾ ਨਾ ਵਾਪਰੀ। ਇਸ ਸ਼ਾਨਦਾਰ ਪ੍ਰਬੰਧ ਲਈ ਸੀਨੀਅਰ ਪੁਲਿਸ ਕਪਤਾਨ ਸ੍ਰੀ ਗੁਰਬਚਨ ਜਗਤ ਨੇ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਏਡੇ ਵੱਡੇ ਜਲੂਸ ਦਾ ਪ੍ਰਬੰਧ ਤੁਸੀਂ ਹੀ ਕਰ ਸਕਦੇ ਸੀ ਕਿਉਂਕਿ ਜ਼ਰਾ ਜਿੰਨੀ ਵੀ ਗੜਬੜ ਹੋਣ ਤੇ ਇਹ ਮਸਲਾ ਨਿਰੋਲ ਅਮਲ ਕਾਨੂੰਨ ਦਾ ਨਹੀਂ ਸੀ ਰਹਿਣਾ।

ਇਸ ਮਹਾਨ ਜਲੂਸ ਦਾ ਪ੍ਰਭਾਵ ਇਹ ਪਿਆ ਕਿ, ਡਿਪਟੀ ਕਮਿਸ਼ਨਰ ਨੇ ਪਹਿਲੀ ਜੂਨ ਨੂੰ ਸ਼ਾਤਮਈ ਕਮੇਟੀ ਬਣਾਈ, ਜਿਸ ਵਿਚ ਧਾਰਮਿਕ, ਸਿਆਸੀ ਅਤੇ ਸਮਾਜਿਕ ਜਥੇਬੰਦੀਆਂ ਸ਼ਾਮਲ ਕੀਤੀਆਂ ਗਈਆਂ। ਜਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਤੀਨਿਧਾਂ ਨੇ ਪੁੱਛਿਆਂ ਕ 25 ਦੀ ਮੀਟਿੰਗ ਵਿਚ ਜਿਸ ਦਸਤਾਵੇਜ਼ ਤੇ ਦਸਤਖਤ ਕੀਤੇ ਗਏ ਸਨ, ਉਸ ਤੇ ਅਮਲ ਕਿਉਂ ਨਹੀਂ ਕੀਤਾ ਗਿਆ ਤਾਂ ਹਿੰਦੂ ਪ੍ਰਤੀਨਿਧ ਨਿਰੁਤਰ ਹੋ ਗਏ। ਡਿਪਟੀ ਕਮਿਸ਼ਨਰ ਨੇ 3 ਜੂਨ ਨੂੰ ਫੇਰ ਮੀਟਿੰਗ ਸੱਦ ਲਈ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਕਿਵੇਂ ਕਰਾਰ ਦਿੱਤਾ ਜਾ ਸਕਦਾ ਹੈ ਅਤੇ ਇਸ ਦੀ ਹੱਦਬੰਦੀ ਕਿਵੇਂ ਕੀਤੀ ਜਾਏ। ਹੱਦਬੰਦੀ ਦੇ ਮਾਮਲੇ ਤੇ ਅੜਿੱਕਾ ਪੈ ਗਿਆ ਅਤੇ ਆਰੀਆ ਸਭਾ ਦੇ ਸ੍ਰੀ ਭੋਲਾ ਨਾਥ ਦਿਲਾਵਰੀ ਅਤੇ ਪੰਡਤ ਕਿਸ਼ੋਰੀ ਲਾਲ ਨੇ ਇਹ ਦ੍ਰਿੜਾਇਆ ਕਿ, ਸਿਗਰਟ, ਬੀੜੀ, ਤੰਬਾਕੂ ਵੇਚਣ ਤੋਂ ਲੋਕਾਂ ਨੂੰ ਜ਼ਬਰਦਸਤੀ ਨਹੀਂ ਹਟਾਇਆ ਜਾ ਸਕਦਾ ਕਿਉਂਕਿ ਇਹ ਗੱਲ ਲੋਕਤੰਤ੍ਰੀ ਨਹੀਂ। ਉਨ੍ਹਾਂ ਨੇ ਇਸ ਸੰਬੰਧ ਵਿਚ ਰੋਸ ਪ੍ਰਗਟ ਕਰਨ ਦੀ ਧਮਕੀ ਦਿੱਤੀ। ਗਤੀ - ਰੋਧ ਨੂੰ ਦੂਰ ਕਰਨ ਲਈ ਸਿੱਖਾਂ ਅਤੇ ਹਿੰਦੂਆਂ ਦੇ ਪ੍ਰਤੀਨਿਧਾਂ ਦੀ ਇਕ ਸਾਂਝੀ ਉਪ - ਕਮੇਟੀ ਬਣਾਉਣ ਦਾ ਨਿਰਣਾ ਕੀਤਾ ਗਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਸ਼੍ਰੋਮਣੀ ਅਕਾਲੀ ਦਲ, ਚੀਫ ਖਾਲਸਾ ਦੀਵਾਨ ਅਤੇ ਹੋਰ ਸਭ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪ੍ਰਤੀਨਿਧ ਮੰਨ ਲਿਆ ਪ੍ਰੰਤੂ ਹਿੰਦੂ ਜਥੇਬੰਦੀਆਂ ਦੁਰਗਿਆਣਾ ਕਮੇਟੀ ਨੂੰ ਵੀ ਪ੍ਰਤੀਨਿਧ ਮੰਨਣ ਲਈ ਤਿਆਰ ਨਹੀਂ ਸਨ। 7 ਜੂਨ ਨੂੰ ਮੁੜ ਮੀਟਿੰਗ ਸੱਦੀ ਗਈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਵਜੋਂ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਉਦਾਰਤਾ ਪੂਰਵਕ ਢੰਗ ਨਾਲ ਇਸ ਮਸਲੇ ਨੂੰ



Digitized by Panjab Digital Library | www.panjabdigilib.org

ਨਜਿੱਠਣ ਦਾ ਯਤਨ ਵੀ ਕੀਤਾ ਪ੍ਰੰਤੂ ਅਸਫਲ ਰਹੇ ਅਤੇ ਇਹ ਮਾਮਲਾ ਨਿਰੋਲ ਧਾਰਮਿਕ ਨਾ ਰਹਿ ਕੇ ਸਿਆਸੀ ਬਣ ਗਿਆ। ਸੰਤ ਜਰਨੈਲ ਸਿੰਘ 'ਖਾਲਸਾ' ਨੇ ਜਿਸ ਮਸਲੇ ਨੂੰ ਨਿਰੋਲ ਧਾਰਮਿਕ ਢੰਗ ਨਾਲ ਅਤੇ ਫਿਰਕੂ ਮਾਹੌਲ ਵਿਗੜਨ ਤੋਂ ਬਿਨਾਂ ਹੱਲ ਕਰਨ ਦਾ ਯਤਨ ਕੀਤਾ ਸੀ, ਉਹ ਜ਼ਿਲ੍ਹਾ ਪ੍ਰਸ਼ਾਸਨ, ਸਿਆਸੀ ਦਬਾਅ ਅਤੇ ਗ਼ੈਰ - ਸਿੱਖ ਪ੍ਰਤੀਨਿਧਾਂ ਦੇ ਗ਼ੈਰ - ਜ਼ਿੰਮੇਵਾਰਾਨਾ ਰਵਈਏ ਕਾਰਨ ਫਿਰਕੂ ਖਿਚਾਅ ਦਾ ਰੂਪ ਧਾਰਨ ਕਰ ਗਿਆ।

31 ਮਈ ਦੇ ਜਲੂਸ ਵਿਚ ਪਹਿਲੀ ਵੇਰ ਸੰਤ ਜਰਨੈਲ ਸਿੰਘ ਆਪਣੇ ਜਥੇ ਦੇ ਸੇਵਕਾਂ ਸਮੇਤ ਗਠਿਤ ਰੂਪ ਵਿਚ ਸਾਹਮਣੇ ਆਏ ਸਨ ਅਤੇ ਜਥੇ ਦੇ ਸੇਵਕਾਂ ਕੋਲ ਲਾਇਸੰਸੀ ਹਥਿਆਰ ਸਨ ਜੋ 1978 ਈ: ਦੇ ਸਿੱਖ - ਨਿਰੰਕਾਰੀ ਸਾਕੇ ਪਿੱਛੋਂ ਉਨ੍ਹਾਂ ਪ੍ਰਾਪਤ ਕੀਤੇ ਸਨ। ਇਨ੍ਹਾਂ ਹਥਿਆਰਾਂ ਦਾ ਪ੍ਰਦਰਸ਼ਨ ਵੇਖ ਕੇ ਨਾ ਕੇਵਲ ਗ਼ੈਰ - ਸਿੱਖ ਲੋਕ ਸਗੋਂ ਸਰਕਾਰ ਵੀ ਚੁੰਧਿਆ ਗਈ ਅਤੇ ਉਨ੍ਹਾਂ ਨੂੰ ਇਹ ਹਥਿਆਰ ਅਖੜਨ ਲੱਗੇ। ਪਹਿਲੀ ਜੂਨ ਨੂੰ ਪੰਜਾਬ ਸਰਕਾਰ ਨੇ ਉਹ ਬਹੁ - ਚਰਚਿਤ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ, ਜਿਸ ਅਧੀਨ ਪੰਜਾਬ ਵਿਚ ਸਭ ਲਾਇਸੰਸੀ ਹਥਿਆਰ ਰੱਖਣ ਵਾਲੇ ਲੋਕਾਂ ਨੂੰ ਪੜਤਾਲ ਲਈ ਹਥਿਆਰ ਥਾਣਿਆਂ ਵਿਚ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ। ਪ੍ਰਤੱਖ ਤੌਰ ਤੇ ਇਹ ਸੰਤ ਜਰਨੈਲ ਸਿੰਘ 'ਖਾਲਸਾ' ਅਤੇ ਉਨ੍ਹਾਂ ਦੇ ਸੇਵਕਾਂ ਨੂੰ ਨਿਹੱਥੇ ਕਰਨ ਦੀ ਇਕ ਚਾਲ ਸੀ। ਸੰਤ ਜਰਨੈਲ ਸਿੰਘ ਨੇ ਨੋਟੀਫਿਕੇਸ਼ਨ ਦੇ ਉਤਰ ਵਿਚ ਐਲਾਨ ਕੀਤਾ ਕਿ ਉਨ੍ਹਾਂ ਦੇ ਜਥੇ ਦੇ ਸੇਵਕਾਂ ਨੇ ਹਥਿਆਰ ਸ੍ਵੈ - ਰੱਖਿਆ ਲਈ ਅਤੇ ਸਿੱਖ ਪ੍ਰੰਪਰਾਵਾਂ ਅਨੁਸਾਰ ਰੱਖੇ ਹੋਏ ਹਨ। ਇਸ ਲਈ ਉਹ ਇਹ ਹਥਿਆਰ ਸਰਕਾਰ ਪਾਸ ਜਮ੍ਹਾਂ ਨਹੀਂ ਕਰਵਾਉਣਗੇ। ਸੰਤ ਜਰਨੈਲ ਸਿੰਘ ਦੇ ਇਸ ਐਲਾਨ ਨੂੰ ਪੰਜਾਬ ਸਰਕਾਰ ਇਕ ਚੈਲੰਜ ਵੀ ਸਮਝਦੀ ਸੀ ਪ੍ਰੰਤੂ ਉਹ ਜੱਥੇ ਦੇ ਮੈਂਬਰਾਂ ਨੂੰ ਨਿਹੱਥੇ ਕਰਨ ਲਈ ਯੋਗ ਕਾਰਵਾਈ ਕਰਨ ਦਾ ਹੀਆ ਵੀ ਨਹੀਂ ਸੀ ਕਰ ਸਕਦੀ। ਇਸ ਲਈ ਅਜਿਹੀ ਬੇਬਸੀ ਦੀ ਹਾਲਤ ਵਿਚ ਪੰਜਾਬ ਸਰਕਾਰ ਅਤੇ ਸੰਤ ਜਰਨੈਲ ਸਿੰਘ ਵਿਚਕਾਰ ਦਰਾੜ ਵਧਦੀ ਗਈ ਅਤੇ ਸਰਕਾਰ ਸੰਤ ਜਰਨੈਲ ਸਿੰਘ ਨੂੰ ਕਿਸੇ ਨਾ ਕਿਸੇ ਕੁੜਿੱਕੀ ਵਿਚ ਫਸਾਉਣ ਦੀਆਂ ਚਾਲ੍ਹਾਂ ਚੱਲਣ ਲੱਗੀ।



Digitized by Panjab Digital Library | www.panjabdigilib.org

# ਮੇਲਾ ਰੱਖੜ ਪੁੰਨਿਆ

ਖੂਨੀ ਵਿਸਾਖੀ ਤੋਂ ਪਿੱਛੋਂ ਸੰਤ ਭਿੰਡਰਾਂਵਾਲੇ ਤੇ ਜਥੇਦਾਰ ਉਮਰਾਨੰਗਲ ਵਿਚ ਪਹਿਲੀ ਵਾਰ ਆਹਮੋ ਸਾਹਮਣਾ 'ਮੁਕਾਬਲਾ' ਬਾਬਾ ਬਕਾਲਾ ਵਿਚ ਅਕਾਲੀ ਸਟੇਜ ਤੇ 17. 8. 1978 ਨੂੰ ਹੋਇਆ। ਉਸ ਦਿਨ 'ਰੱਖੜ ਪੁੰਨਿਆ' ਦਾ ਮੇਲਾ ਸੀ। ਇਹ ਮੇਲਾ ਹਰ ਸਾਲ ਅਗਸਤ ਮਹੀਨੇ ਰੱਖੜੀ ਵਾਲੀ ਪੂਰਨਮਾਸ਼ੀ ਦੇ ਦਿਨ ਲਗਦਾ ਹੈ, ਇਸ ਲਈ ਆਮ ਲੋਕਾਂ ਵਿਚ ਇਸ ਦਾ ਨਾਂ 'ਰੱਖੜ ਪੁੰਨਿਆ ਦਾ ਮੇਲਾ' ਕਰਕੇ ਮਸ਼ਹੂਰ ਹੋ ਗਿਆ ਹੈ। ਇਹ ਮੇਲਾ ਦੇਖਣ ਲਈ ਮਾਝੇ ਦੇ ਕੋਨੇ ਕੋਨੇ 'ਚੋਂ ਹਜ਼ਾਰਾਂ ਲੋਕ ਆਉਂਦੇ ਹਨ। ਲੋਕਾਂ ਦੀ ਭਾਰੀ ਗਿਣਤੀ ਨੂੰ ਪ੍ਰਭਾਵਿਤ ਕਰਨ ਲਈ ਦੂਜੇ ਕੌਮੀ ਮੇਲਿਆਂ ਦੀ ਤਰ੍ਹਾਂ ਵੱਖੋ ਵੱਖ ਸਿਆਸੀ ਤੇ ਧਾਰਮਿਕ ਜਮਾਤਾਂ ਵਲੋਂ ਕਾਨਫਰੰਸਾਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਅਕਾਲੀ ਕਾਨਫਰੰਸ ਵੀ ਸ਼ਾਮਲ ਹੈ ਜਿਸ ਦਾ ਪ੍ਰਬੰਧ ਹਰ ਸਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤਾ ਜਾਂਦਾ ਹੈ।

ਇਸ ਸਾਲ 17. 8. 1978 ਨੂੰ ਜਿਸ ਵਕਤ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਸ਼ਸ਼ਤਰਧਾਰੀ ਸੇਵਕਾਂ ਸਮੇਤ ਅਕਾਲੀ ਸਟੇਜ ਤੇ ਆ ਬਿਰਾਜੇ ਤਾਂ ਅਕਾਲੀ ਲੀਡਰ ਹੱਕੇ ਬੱਕੇ ਰਹਿ ਗਏ। ਉਸ ਵਕਤ ਜਿਹੜੇ ਅਕਾਲੀ ਆਗੂ ਸਟੇਜ ਤੇ ਸੋਭ ਰਹੇ ਸਨ, ਉਨ੍ਹਾਂ ਵਿਚ ਵਰਨਣਯੋਗ ਇਹ ਹਨ: ਜਥੇਦਾਰ ਜਗਦੇਵ ਸਿੰਘ ਤਲਵੰਡੀ ਪਰਧਾਨ ਸ਼੍ਰੋਮਣੀ ਅਕਾਲੀ ਦਲ, ਜਥੇਦਾਰ ਜੀਵਨ ਸਿੰਘ ਉਮਰਾਨੰਗਲ ਮਾਲ ਮੰਤਰੀ ਪੰਜਾਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਪੰਜਾਬ ਤੇ ਬਾਦਲ ਸਾਹਿਬ ਦਾ ਪੀ. ਏ. ਸਰਦਾਰ ਮੇਜਰ ਸਿੰਘ ਉਬੋਕੇ ਆਦਿ। ਸੰਤ ਜਰਨੈਲ ਸਿੰਘ ਨੇ ਇਨ੍ਹਾਂ ਮਹਾਨ ਨੇਤਾਵਾਂ ਦੀ ਹਾਜ਼ਰੀ ਵਿਚ ਸਿੰਘਾਂ ਦਾ ਲਹੂ ਗਰਮਾਉਣ ਵਾਲੀ ਤਕਰੀਰ ਕਰਦਿਆਂ ਆਖਿਆ ਕਿ "ਗੁਰੂ ਦੀ ਪਵਿੱਤਰ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਐਤਵਾਰ 20 ਅਗਸਤ ਨੂੰ ਨਿਰੰਕਾਰੀਆਂ ਦਾ ਸਤਿਸੰਗ ਨਹੀਂ ਹੋਣ ਦਿੱਤਾ ਜਾਏਗਾ। ਇਸ ਦੇ ਲਈ 20 ਅਗਸਤ ਸਵੇਰੇ ਮੰਜੀ ਸਾਹਿਬ ਤੋਂ ਮੈਂ ਅਰਦਾਸਾ ਸੋਧ ਕੇ ਚੱਲਾਂਗਾ। ਜੇ ਮੈਨੂੰ ਹਥਕੜੀਆਂ ਵੀ ਲੱਗ ਜਾਣ ਤਾਂ ਸਿੱਖ ਸ਼ਾਂਤ ਰਹਿਣ। ਮੇਰੀ ਕੋਈ ਜ਼ਮਾਨਤ ਨਾ ਦੇਵੇ। ਮੇਰੇ ਮਗਰ ਕੋਈ ਨਾ ਆਵੇ। ਸਰਕਾਰ ਨੇ ਕਾਨੂੰਨ ਦਾ ਰਸਤਾ ਅਪਣਾਇਆ ਹੈ, ਅਸੀਂ ਕੁਰਬਾਨੀ ਦਾ ਰਸਤਾ ਅਪਣਾਵਾਂਗੇ।"

ਸੰਤਾਂ ਦੀ ਤਕਰੀਰ ਦੌਰਾਨ ਸਿੰਘਾਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਮਾਹੌਲ ਨੂੰ ਗਰਮ ਕਰ ਦਿੱਤਾ। ਸਿੰਘਾਂ ਦੇ ਜੋਸ਼ ਤੇ ਜੈਕਾਰਿਆਂ ਦੀ ਗੂੰਜ ਨਾਲ ਜਦ ਬਾਦਲ ਸਰਕਾਰ ਦਾ ਸਿੰਘਾਸਣ ਡੋਲਿਆ ਤਾਂ ਜਥੇਦਾਰ ਜੀਵਨ ਸਿੰਘ ਨੇ ਇਹ ਸਮਝਿਆ ਕਿ ਇਹ ਉਸ ਦੇ ਇਲਾਕੇ ਵਿਚ ਉਸ ਦੀ 'ਚੌਧਰ' ਨੂੰ ਚੈਲਿੰਜ ਹੈ, ਉਸ ਦੇ ਵਕਾਰ ਨੂੰ ਵੰਗਾਰ ਹੈ ਤੇ ਉਸ ਦੇ ਭਵਿੱਖ ਲਈ ਖਤਰੇ ਦਾ ਅਲਾਰਮ ਹੈ। ਇਸ ਭੁਲੇਖੇ ਨਾਲ ਭੈਭੀਤ ਹੋ ਕੇ ਜਥੇਦਾਰ ਉਮਰਾਨੰਗਲ ਦੇ ਸੱਤੀਂ ਕੱਪੜੀਂ ਅੱਗ ਲੱਗ ਉੱਠੀ। ਉਸ ਨੇ ਮਾਈਕ ਫੜ ਕੇ ਸੰਤ ਜਰਨੈਲ ਸਿੰਘ ਦੇ ਖਿਲਾਫ ਅਵਾ - ਤਵਾ ਬੋਲਣਾ ਸ਼ੁਰੂ ਕਰ ਦਿੱਤਾ। ਸੰਤ ਜੀ ਨੂੰ 'ਸਾਧ' ਕਹਿ ਕੇ ਸੰਬੋਧਨ ਕੀਤਾ ਤੇ ਹੋਰ ਵੀ ਕਈ ਮੰਦੇ ਵਚਨ ਬੋਲੇ। ਇਹ ਸੁਣਦੇ ਹੀ ਪੰਡਾਲ ਵਿਚ ਹਲਚਲ ਮਚ ਗਈ। ਸੰਤਾਂ ਦੇ ਗਰਮ ਖਿਆਲ ਸੇਵਕ ਸਟੇਜ ਤੇ ਆ ਚੜ੍ਹੇ। ਉਨ੍ਹਾਂ ਨੇ ਜਥੇਦਾਰ ਜੀਵਨ ਸਿੰਘ ਨੂੰ ਧੌਣੋਂ ਫੜ ਲਿਆ ਤੇ 'ਸੇਵਾ' ਕਰਨੀ ਸ਼ੁਰੂ ਕਰ ਦਿੱਤੀ। ਸਰਦਾਰ



Digitized by Panjab Digital Library / www.panjabdigilib.org

ਪ੍ਰਕਾਸ਼ ਸਿੰਘ ਬਾਦਲ ਨੇ ਦੁਹਾਈ ਪਾਈ; "ਸੰਤ ਜੀ ਬਚਾਓ, ਤੁਸੀਂ ਹੀ ਬਚਾਅ ਸਕਦੇ ਹੋ।" ਇਹ ਸੁਣ ਕੇ ਸੰਤ ਜੀ ਉੱਠੇ ਅਤੇ ਉਨ੍ਹਾਂ ਨੇ ਬੜੀ ਮੁਸ਼ਕਿਲ ਨਾਲ ਆਪਣੇ ਸੇਵਕਾਂ ਨੂੰ ਉਮਰਾਨੰਗਲ ਦੇ ਗਲੋਂ ਲਾਹਿਆ। ਪੰਡਾਲ ਵਿਚ ਦਸ ਪੰਦਰਾਂ ਮਿੰਟ ਤੱਕ ਹਫੜਾਦਫੜੀ ਮਚੀ ਰਹੀ। ਸੰਤ ਜਰਨੈਲ ਸਿੰਘ ਨੇ ਸਿੱਖ ਸੰਗਤਾਂ ਨੂੰ ਬਾਰ ਬਾਰ ਅਪੀਲ ਕਰਕੇ ਮਾਹੌਲ ਨੂੰ ਸ਼ਾਂਤ ਕੀਤਾ। ਸ਼ਾਂਤੀ ਵਰਤ ਜਾਣ ਪਿੱਛੋਂ ਸੰਤ ਜੀ ਨੇ ਆਖਿਆ, "ਸਾਧ ਸੰਗਤ ਜੀ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਇਹ ਗੱਲ ਸੋਭਦੀ ਨਹੀਂ। ਸ਼ਾਤ ਰਹਿ ਕੇ ਜਥੇਦਾਰ ਉਮਰਾਨੰਗਲ ਦੇ ਵਿਚਾਰ ਪੰਜ ਮਿੰਟ ਹੋਰ ਸੁਣ ਲਵੋ। ਚਾਹੇ ਕੋਈ ਕਿੰਨਾ ਵੀ ਖਿਲਾਫ ਕਿਉਂ ਨਾ ਬੋਲੇ, ਉਸ ਦੀ ਗੱਲ ਜ਼ਰੂਰ ਸੁਣਨੀ ਚਾਹੀਦੀ ਹੈ।" ਸੰਗਤ ਤੋਂ ਆਵਾਜ਼ਾਂ ਆਈਆਂ: "ਨਹੀਂ ਸੰਤ ਜੀ, ਨਹੀਂ, ਬਿਲਕੁਲ ਨਹੀਂ।" ਜਥੇਦਾਰ ਜੀਵਨ ਸਿੰਘ ਨੇ ਵੀ ਮਹਿਸੂਸ ਕੀਤਾ ਕਿ, ਸੰਗਤ ਉਸ ਨੂੰ ਸੁਣਨ ਲਈ ਤਿਆਰ ਨਹੀਂ। ਇਸ ਲਈ ਉਹ ਦੁਬਾਰਾ ਮਾਈਕ ਸਾਹਮਣੇ ਖਲੋਣ ਦੀ ਦਲੇਰੀ ਨਾ ਕਰ ਸਕਿਆ।



Digitized by Panjab Digital Library | www.panjabdigilib.org

# ਕਤਲ ਤੇ ਕਾਤਲ

ਲਾਹੌਰ ਦੀ ਗ਼ੈਰ - ਸਿੱਖ ਦੇਸੀ ਭਾਸ਼ੀ ਪ੍ਰੈਸ, ਜੋ ਆਜ਼ਾਦੀ ਪਿੱਛੋਂ ਜਲੰਧਰ ਆ ਟਿਕੀ ਸੀ, ਆਪਣੇ ਆਪ ਨੂੰ ਲਾਹੌਰੀ ਮਾਹੌਲ ਤੋਂ ਮੁਕਤ ਨਹੀਂ ਸੀ ਕਰ ਸਕੀ। ਲਾਹੌਰ ਵਿਚ ਜਾਇਦਾਦਾਂ ਛੱਡ ਕੇ ਆਉਣ ਪਿੱਛੋਂ ਉਨ੍ਹਾਂ ਲਈ ਮੁੱਖ ਪ੍ਰਸ਼ਨ ਸਥਾਪਤੀ ਅਤੇ ਪ੍ਰਾਪਤੀ ਦਾ ਸੀ। ਲਾਹੌਰ ਵਿਚ ਇਹ ਲੋਕ ਮੁਸਲਮਾਨਾਂ ਵਿਰੁੱਧ ਹਿੰਦੂ ਜਜ਼ਬਾਤ ਭੜਕਾ ਕੇ ਆਪਣੀ ਦੁਕਾਨਦਾਰੀ ਚਲਾਉਂਦੇ ਸਨ। ਆਜ਼ਾਦੀ ਪਿੱਛੋਂ ਪੰਜਾਬ ਵਿਚ ਮੁਸਲਿਮ ਆਬਾਦੀ ਦੀ ਅਣਹੋਂਦ ਕਾਰਨ ਇਨ੍ਹਾਂ ਨੂੰ ਜਿਥੇ ਅਜਿਹੀ ਕੌਮ ਦੀ ਭਾਲ ਸੀ, ਜਿਸ ਨੂੰ ਉਹ ਹਿੰਦੂਆਂ ਦੀ 'ਕੌਮਪ੍ਰਸਤੀ' ਉਜਾਗਰ ਕਰਨ ਲਈ ਬਲੀ ਦਾ ਬੱਕਰਾ ਬਣਾ ਸਕਦੇ। ਸਰਕਾਰੀ ਅਧਿਕਾਰੀਆਂ ਵਲੋਂ ਸਿੱਖ ਕੌਮ ਨੂੰ ਜਰਾਇਮ ਪੇਸ਼ਾ ਕਰਾਰ ਦੇਣ ਵਰਗੇ ਗਸ਼ਤੀ ਪੱਤਰ ਜਾਰੀ ਕਰਨ ਅਤੇ ਸਿੱਖਾਂ ਦੇ ਅਜਿਹੇ ਖਿੱਤੇ, ਜਿਸ ਵਿਚ ਸਿੱਖੀ ਦਾ ਬੋਲਬਾਲਾ ਹੋਵੇ, ਦੀ ਮੰਗ ਦੀ ਪੂਰਤੀ ਨਾ ਹੋਣ ਕਾਰਨ ਸਿੱਖਾਂ ਵਿਚ ਅਸੰਤੁਸ਼ਟਤਾ ਫੈਲ ਰਹੀ ਸੀ ਅਤੇ ਜਿਉਂ ਹੀ ਉਨ੍ਹਾਂ ਨੇ ਆਪਣੀ ਅਸੰਤੁਸ਼ਟਤਾ ਨੂੰ ਦ੍ਰਿਸ਼ਟਮਾਨ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਚਲਾਏ ਕਿਸੇ ਅੰਦੋਲਨ ਵਿਚ ਭਾਗ ਲੈਣਾ ਆਰੰਭ ਕੀਤਾ, ਤਿਉਂ ਹੀ ਜਲੰਧਰ ਦੀ ਗ਼ੈਰ - ਸਿੱਖ ਦੇਸੀ ਭਾਸ਼ੀ ਪ੍ਰੈਸ ਨੂੰ 'ਕੌਮਪ੍ਰਸਤ' ਹਿੰਦੂਆਂ ਦੇ ਜਜ਼ਬਾਤ ਨੂੰ ਟੁੰਬਣ ਲਈ ਬਲੀ ਦਾ ਬੱਕਰਾ ਸਿੱਖ ਕੌਮ ਦੇ ਰੂਪ ਵਿਚ ਮਿਲ ਗਿਆ। ਜਲੰਧਰ ਦੀ ਪ੍ਰੈਸ ਨੇ ਸਿੱਖ ਮੰਗਾਂ, ਜਜ਼ਬਿਆਂ ਅਤੇ ਅੰਦੋਲਨਾਂ ਦੀ ਭਰਪੂਰ ਵਿਰੋਧਤਾ ਆਰੰਭ ਕਰ ਦਿੱਤੀ। ਇਹ ਕ੍ਰਮ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਚੱਲ ਰਿਹਾ ਹੈ।

ਅਪ੍ਰੈਲ 1978 ਦੇ ਸਿੱਖ - ਨਿਰੰਕਾਰੀ ਸਾਕੇ ਪਿੱਛੋਂ ਵੀ ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਨੇ ਆਪਣੀ ਸਥਾਪਿਤ ਨੀਤੀ ਅਨੁਸਾਰ ਨਿਰੰਕਾਰੀਆਂ ਦੀ ਪਿੱਠ ਠੋਕੀ ਅਤੇ ਅਸਲੀਅਤ ਲੱਭਣ ਦੀ ਬਜਾਏ ਸਿੱਖਾਂ ਨੂੰ ਦੋਸ਼ੀ ਠਹਿਰਾਉਣਾ ਆਰੰਭ ਕਰ ਦਿੱਤਾ। 1980-1981 ਈ: ਵਿਚ ਕੁਝ ਕੁ ਵਧੇਰੇ ਉਤਸ਼ਾਹੀ ਸਿੱਖਾਂ ਵਲੋਂ ਖਾਲਿਸਤਾਨ ਦੀ ਮੰਗ ਕੀਤੀ ਜਾਣ ਲੱਗੀ ਤਾਂ ਗ਼ੈਰ - ਸਿੱਖ ਪ੍ਰੈਸ ਵਲੋਂ ਇਸ ਦਾ ਭਰਪੂਰ ਵਿਰੋਧ ਕੀਤਾ ਗਿਆ ਅਤੇ ਇਸ ਮੰਗ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ, ਜਿਵੇਂ ਕਿ ਇਹ ਮੰਗ ਸਮੁੱਚੇ ਸਿੱਖ ਜਗਤ ਅਤੇ ਵਿਸ਼ੇਸ਼ ਤੌਰ ਤੇ ਸਿੱਖਾਂ ਦੀ ਪ੍ਰਤੀਨਿਧ ਸਿਆਸੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਲੋਂ ਹੀ ਕੀਤੀ ਜਾ ਰਹੀ ਸੀ। ਅਪ੍ਰੈਲ 1980 ਵਿਚ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਕੇਸ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਦਾ ਨਾਂ ਆਉਣ ਤੇ ਗ਼ੈਰ - ਸਿੱਖ ਪ੍ਰੈਸ ਨੇ ਅਜਿਹਾ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ, ਸੰਤ ਜਰਨੈਲ ਸਿੰਘ ਨੇ ਹੀ ਗੁਰਬਚਨ ਸਿੰਘ ਦਾ ਕਤਲ ਕਰਵਾਇਆ ਸੀ, ਹਾਲਾਂਕਿ ਕੇਂਦਰੀ ਗ੍ਰਹਿ ਮੰਤਰੀ ਵਜੋਂ ਗਿਆਨੀ ਜ਼ੈਲ ਸਿੰਘ ਪਾਰਲੀਮੈਂਟ ਵਿਚ ਵਾਰ ਵਾਰ ਦੁਹਰਾ ਰਹੇ ਸਨ ਕਿ, ਸੰਤ ਜਰਨੈਲ ਸਿੰਘ ਅਤੇ ਗੁਰਬਚਨ ਸਿੰਘ ਦੇ ਕਤਲ ਵਿਚਕਾਰ ਸੰਬੰਧ ਸਥਾਪਿਤ ਨਹੀਂ ਕੀਤਾ ਜਾ ਸਕਿਆ। ਅਜਿਹਾ ਭੰਡੀ ਪ੍ਰਚਾਰ ਕਰਨ ਵਿਚ ਰੋਜ਼ਾਨਾ 'ਹਿੰਦ ਸਮਾਚਾਰ' (ਉਰਦੂ), 'ਪੰਜਾਬ ਕੇਸਰੀ' (ਹਿੰਦੀ) ਅਤੇ 'ਜੱਗਬਾਣੀ' (ਪੰਜਾਬੀ) ਦੇ ਮੁੱਖ ਸੰਪਾਦਕ ਲਾਲਾ ਜਗਤ ਨਾਰਾਇਣ ਮੋਹਰੀ ਸਨ। ਉਨ੍ਹਾਂ ਨੇ ਨਾ ਕੇਵਲ ਸਿੱਖ - ਨਿਰੰਕਾਰੀ ਸਾਕੇ ਦੌਰਾਨ ਨਿਰੰਕਾਰੀਆਂ ਦੀ ਪਿੱਠ ਹੀ ਠੋਕੀ ਸੀ, ਸਗੋਂ ਉਪਰੋਕਤ ਸਾਕੇ



Digitized by Panjab Digital Library | www.panjabdigilib.org

ਸੰਬੰਧੀ ਚੱਲੇ ਕਰਨਾਲ ਕੇਸ ਵਿਚ ਗੁਆਹੀ ਵੀ ਦਿੱਤੀ ਸੀ, ਜੋ ਦੋਸ਼ੀਆਂ ਨੂੰ ਬਰੀ ਕਰਵਾਉਣ ਵਿਚ ਸਹਾਇਕ ਸਿੱਧ ਹੋਈ ਸੀ। ਇਸ ਤੋਂ ਛੁੱਟ ਲਾਲਾ ਜਗਤ ਨਾਰਾਇਣ ਨੇ ਮਾਰਚ - ਅਪ੍ਰੈਲ 1981 ਦੌਰਾਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਉਨ੍ਹਾਂ ਦੀ ਖਾਲਿਸਤਾਨੀ ਨੇਤਾ ਡਾ. ਜਗਜੀਤ ਸਿੰਘ ਨਾਲ ਅਮਰੀਕਾ ਵਿਚ ਕਥਿਤ ਮਿਲਣੀ ਦੀ ਸੰਦੇਹੀ ਸੂਚਨਾ ਦੇ ਆਧਾਰ ਤੇ 'ਦੇਸ਼ ਦਾ ਗੱਦਾਰ' ਗਰਦਾਨਿਆ ਸੀ। ਲਾਲਾ ਜਗਤ ਨਰੈਣ ਦੀਆਂ ਅਜਿਹੀਆਂ ਭੜਕਾਊ ਲਿਖਤਾਂ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੀ ਸੀ। ਮਈ 1981 ਵਿਚ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਸੰਬੰਧੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੀਆਂ ਗਈਆਂ ਮੀਟਿੰਗਾਂ ਵਿਚ ਹਿੰਦੂ ਪ੍ਰਤੀਨਿਧਾਂ ਦੇ ਵਿਵਹਾਰ ਨੂੰ ਵੀ ਲਾਲਾ ਜਗਤ ਨਾਰਾਇਣ ਨੇ ਆਪਣੀਆਂ ਲਿਖਤਾਂ ਰਾਹੀਂ ਪ੍ਰਭਾਵਿਤ ਕੀਤਾ ਸੀ, ਜਿਸ ਦਾ ਸਿੱਟਾ 29 ਮਈ ਦੀ ਤੰਬਾਕੂ ਦੀ ਵਿਕਰੀ ਉਤੇ ਪਾਬੰਦੀ ਵਿਰੋਧੀ ਜਲੂਸ ਸੀ। ਇਸ ਪਿੱਛੋਂ ਵੀ ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੀ ਗਈ ਵਿਸ਼ਵ ਸਿੱਖ ਕਨਵੈਨਸ਼ਨ, ਇਸ ਵਿਚ ਪੇਸ਼ ਕੀਤਾ ਗਿਆ ਨੀਤੀ - ਪੱਤਰ, ਮੰਗ - ਪੱਤਰ ਅਤੇ ਅਕਾਲੀ ਦਲ ਵਲੋਂ 7 ਸਤੰਬਰ 1981 ਨੂੰ ਦਿੱਲੀ ਵਿਖੇ ਕੀਤੇ ਗਏ ਰੋਸ ਮਾਰਚ ਦਾ ਲਾਲਾ ਜਗਤ ਨਾਰਾਇਣ ਨੇ ਡੱਟ ਕੇ ਵਿਰੋਧ ਕੀਤਾ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਧੂਬਨ (ਕਰਨਾਲ ਨੇੜੇ) ਵਿਖੇ ਹੋਏ ਸ਼ਹੀਦਾਂ ਦੇ ਦਾਅਵੇ ਦਾ ਜ਼ੋਰਦਾਰ ਰੂਪ ਵਿਚ ਖੰਡਨ ਕੀਤਾ ਸੀ।

ਸੰਤ ਜਰਨੈਲ ਸਿੰਘ ਅਪ੍ਰੈਲ 1978 ਤੋਂ ਹੀ ਲਾਲਾ ਜਗਤ ਨਾਰਾਇਣ ਦੀਆਂ ਲਿਖਤਾਂ ਅਤੇ ਕਾਰਵਾਈਆਂ ਦਾ ਗੰਭੀਰ ਨੋਟਿਸ ਲੈ ਰਹੇ ਸਨ ਅਤੇ ਉਨ੍ਹਾਂ ਨੇ ਲਾਲਾ ਜਗਤ ਨਾਰਾਇਣ ਨੂੰ ਆਪਣੇ ਪ੍ਰਚਾਰ ਦੌਰਾਨ ਕਈ ਵੇਰ ਚੇਤਾਵਨੀ ਵੀ ਦਿੱਤੀ ਸੀ ਕਿ ਉਹ ਸਿੱਖਾਂ - ਵਿਰੋਧੀ ਪ੍ਰਚਾਰ ਤੋਂ ਸੰਕੋਚ ਕਰਨ। ਪ੍ਰੰਤੂ ਲਾਲਾ ਜਗਤ ਨਰਾਇਣ ਨੇ ਇਨ੍ਹਾਂ ਚੇਤਾਵਨੀਆਂ ਨੂੰ ਗੰਭੀਰਤਾ ਨਾਲ ਨਾ ਲੈ ਕੇ ਸਿੱਖੀ - ਵਿਰੋਧੀ ਪ੍ਰਚਾਰ ਜਾਰੀ ਰੱਖਿਆ ਸੀ। ਲਾਲਾ ਜਗਤ ਨਾਰਾਇਣ ਸਗੋਂ ਸੰਤ ਜਰਨੈਲ ਸਿੰਘ ਨੂੰ ਨਿੱਜੀ ਦੁਸ਼ਮਣ ਸਮਝਣ ਲੱਗ ਪਏ ਸਨ ਅਤੇ ਆਪਣੀ ਹਰ ਲਿਖਤ ਵਿਚ ਨਾ ਕੇਵਲ ਉਨ੍ਹਾਂ ਦਾ ਵਿਰੋਧ ਕਰਦੇ, ਸਗੋਂ ਉਨ੍ਹਾਂ ਨੂੰ ਇਕ ਅਜਿਹੇ ਹਥਿਆਰਬੰਦ ਜਥੇ ਦਾ ਮੁਖੀ ਦਰਸਾਉਣ ਦਾ ਯਤਨ ਕਰਦੇ, ਜਿਸ ਦਾ ਮਨੋਰਥ ਹੀ 'ਕਤਲ ਕਰਨਾ' ਅਤੇ 'ਡਾਕੇ ਮਾਰਨਾ' ਸੀ। ਸਿੱਖ ਸੰਗਤਾਂ ਨੂੰ ਦਮਦਮੀ ਟਕਸਾਲ ਦੇ ਮੁਖੀ ਅਤੇ ਸਿੱਖ ਹਿੱਤਾਂ ਦੇ ਰਖਿਅਕ ਵਿਰੁੱਧ ਅਜਿਹਾ ਪ੍ਰਚਾਰ ਰੜਕਣ ਲੱਗ ਪਿਆ ਸੀ ਅਤੇ ਕੁਝ ਕੁ ਨੌਜਵਾਨ ਸਿੱਖ ਅਜਿਹੇ ਪ੍ਰਚਾਰ ਵਿਰੁੱਧ ਰੋਸ ਦਾ ਪ੍ਰਗਟਾਵਾ ਲਾਲਾ ਜਗਤ ਨਰੈਣ ਦੇ ਸਮਾਚਾਰ ਪੱਤਰਾਂ ਦੇ ਅੰਮ੍ਰਿਤਸਰ ਸਥਿਤ ਪ੍ਰਤੀਨਿਧ ਰਾਮ ਕ੍ਰਿਸ਼ਨ ਸੈਣੀ ਦਾ ਘੇਰਾਓ ਕਰਕੇ ਵੀ ਕਰ ਚੁੱਕੇ ਸਨ। ਅਜਿਹੀ ਸਥਿਤੀ ਵਿਚ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਜਦੋਂ ਪਟਿਆਲਾ ਦੇ ਇਕ ਅੱਖਾਂ ਦੇ ਕੈਂਪ ਦਾ ਉਦਘਾਟਨ ਕਰਕੇ ਜਲੰਧਰ ਪਰਤ ਰਹੇ ਸਨ ਤਾਂ ਲੁਧਿਆਣੇ ਨੇੜੇ ਉਨ੍ਹਾਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

ਲਾਲਾ ਜਗਤ ਨਾਰਾਇਣ ਦੇ ਕਤਲ ਨਾਲ ਰਾਜ ਭਰ ਵਿਚ ਹਫੜਾ - ਦਫੜੀ ਮਚ ਗਈ ਕਿਉਂਕਿ ਪੰਜਾਬ ਵਿਚ ਕਾਫੀ ਚਿਰ ਪਿੱਛੋਂ ਕੋਈ ਸਿਆਸੀ ਜਾਂ ਅਜਿਹਾ ਕਤਲ ਹੋਇਆ ਸੀ, ਜਿਸ ਨੂੰ ਫਿਰਕੂ ਰੰਗਤ ਦਿੱਤੀ ਜਾ ਸਕਦੀ ਸੀ। ਇਹ ਕਤਲ ਲਗਭਗ 6:15 ਵਜੇ ਸ਼ਾਮ ਨੂੰ ਹੋਇਆ ਅਤੇ ਜਲੰਧਰ ਵਿਚ ਇਸ ਦਾ ਪਹਿਲਾ ਪ੍ਰਤੀਕਰਮ ਇਹ ਹੋਇਆ ਕਿ, ਕੁਝ ਕੁ ਸ਼ਰਾਰਤੀ ਲੋਕ ਇਕੱਠੇ ਹੋ ਕੇ ਰੋਜ਼ਾਨਾ 'ਅਕਾਲੀ ਪੱਤ੍ਰਕਾ' ਦੇ ਦਫਤਰ ਅੱਗੇ ਜਾ ਖਲੋਤੇ ਅਤੇ ਉਸ ਨੂੰ ਅੱਗ ਲਾਉਣ ਦਾ ਯਤਨ ਕੀਤਾ। ਲਗਭਗ 8 ਵਜੇ ਇਹ ਖਬਰ ਆਈ



Digitized by Panjab Digital Library | www.panjabdigilib.org

ਕਿ ਲਾਲਾ ਜਗਤ ਨਾਰਾਇਣ ਕਤਲ ਦਾ ਇਕ ਦੋਸ਼ੀ ਗ੍ਰਿਫਤਾਰ ਕਰ ਲਿਆ ਗਿਆ ਹੈ। ਰਾਤ 10 ਵਜੇ ਤੱਕ ਮੁਖ ਮੰਤ੍ਰੀ ਪੰਜਾਬ ਸ. ਦਰਬਾਰਾ ਸਿੰਘ ਨੇ ਇਹ ਬਿਆਨ ਦੇ ਦਿੱਤਾ ਕਿ, ਲਾਲਾ ਜਗਤ ਨਾਰਾਇਣ ਦੇ ਕਤਲ ਪਿੱਛੇ ਉਨ੍ਹਾਂ ਲੋਕਾਂ ਦਾ ਹੀ ਹੱਥ ਸੀ, ਜਿਨ੍ਹਾਂ ਨੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕਤਲ ਕੀਤਾ ਸੀ ਅਤੇ ਇਸ ਸੰਬੰਧ ਵਿਚ ਤਿੰਨ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਰਾਤ 12:30 ਵਜੇ ਇਹ ਖਬਰ ਆਈ ਕਿ, ਤਿੰਨ ਨਹੀਂ, ਕੇਵਲ ਇਕ ਹੀ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤਰ੍ਹਾਂ ਪੰਜਾਬ ਸਰਕਾਰ ਨੇ ਘਟਨਾ ਦੇ ਕੁਝ ਹੀ ਘੰਟਿਆਂ ਦੇ ਅੰਦਰ ਅੰਦਰ ਸਵੈ - ਵਿਰੋਧੀ ਬਿਆਨ ਦੇ ਕੇ ਕਤਲ ਅਤੇ ਸੰਭਾਵਿਤ ਪ੍ਰਤੀਕਰਮ ਸੰਬੰਧੀ ਰੌਲ ਘਚੋਲਾ ਪਾ ਦਿੱਤਾ। ਅੰਤ ਐਲਾਨ ਗਿਆ ਕਿ, ਇਕ ਕਥਿਤ ਦੋਸ਼ੀ ਨਛੱਤਰ ਸਿੰਘ ਵਾਸੀ ਪਿੰਡ ਰੋਡੇ (ਜ਼ਿਲ੍ਹਾ ਫਰੀਦਕੋਟ) ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਤੋਂ ਪੁੱਛਗਿੱਛ ਜਾਰੀ ਸੀ। ਦੋ ਦਿਨ ਦੀ ਜਾਂਚ ਅਤੇ ਪੁੱਛ ਪੜਤਾਲ ਉਪਰੰਤ ਐਲਾਨ ਕੀਤਾ ਗਿਆ ਕਿ ਦੋ ਹੋਰ ਕਥਿਤ ਦੋਸ਼ੀ ਸਵਰਨ ਸਿੰਘ (ਭਤੀਜਾ ਸੰਤ ਜਰਨੈਲ ਸਿੰਘ 'ਖਾਲਸਾ') ਅਤੇ ਦਲਬੀਰ ਸਿੰਘ ਦੋਸ਼ੀ ਨਾਮਜ਼ਦ ਕੀਤੇ ਗਏ ਸਨ ਅਤੇ ਸੰਤ ਜਰਨੈਲ ਸਿੰਘ 'ਖਾਲਸਾ' ਨੂੰ ਇਸ ਕਤਲ ਦੀ ਸਾਜ਼ਿਸ਼ ਤਿਆਰ ਕਰਨ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ।

9 ਸਤੰਬਰ 1981 ਨੂੰ ਸਵੇਰੇ ਸੰਤ ਜਰਨੈਲ ਸਿੰਘ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ ਅਤੇ ਉਥੋਂ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦਾ ਪਤਾ ਕਰਨ ਉਪਰੰਤ ਉਨ੍ਹਾਂ ਦੇ ਘਰ ਚਲੇ ਗਏ। ਉਥੇ ਉਨ੍ਹਾਂ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਦੱਸਿਆ ਕਿ ਉਨ੍ਹਾਂ ਨੇ ਇਕ ਸਾਲ ਤੱਕ ਪੰਜਾਬ ਤੋਂ ਬਾਹਰ ਰਹਿ ਕੇ ਪ੍ਰਚਾਰ ਕਰਨ ਦਾ ਪ੍ਰੋਗਰਾਮ ਬਣਾਇਆ ਸੀ ਅਤੇ ਉਹ ਉਸੇ ਦਿਨ, ਭਾਵ 9 ਸਤੰਬਰ ਨੂੰ ਹੀ ਸਿਰਸੇ ਜਾ ਰਹੇ ਸਨ, ਜਿੱਥੋਂ ਉਨ੍ਹਾਂ ਨੇ ਗੁਰਦੁਆਰਾ ਬੰਦੀ ਛੋੜ, ਗਵਾਲੀਅਰ ਅਤੇ ਉਥੋਂ ਬੰਬਈ ਜਾਣਾ ਸੀ। ਸੰਤ ਜਰਨੈਲ ਸਿੰਘ ਨੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਕੋਲ ਇਹ ਆਸ ਵੀ ਪ੍ਰਗਟ ਕੀਤੀ ਕਿ, ਉਹ ਸ਼ਾਇਦ ਦਸੰਬਰ ਮਹੀਨੇ ਵਿਚ ਨੰਗਲ ਸਰਾਵਾਂ ਵਿਖੇ ਉਨ੍ਹਾਂ ਨੂੰ ਮਿਲਣ। ਇਸ ਪ੍ਰਕਾਰ ਸੰਤ ਜਰਨੈਲ ਸਿੰਘ ਪੰਜਾਬ ਵਿਚ ਹੋਣ ਵਾਲੇ ਲਾਲਾ ਜਗਤ ਨਾਰਾਇਣ ਦੇ ਕਤਲ ਅਤੇ ਇਸ ਦੇ ਸੰਭਾਵਿਤ ਪ੍ਰਤੀਕਰਮ ਤੋਂ ਅਨਜਾਣ ਸਨ ਅਤੇ ਉਹ ਆਪਣੇ ਮਿਥੇ ਪ੍ਰੋਗਰਾਮ ਅਨੁਸ਼ਾਰ 9 ਸਤੰਬਰ ਨੂੰ ਹੀ ਸਿਰਸਾ (ਹਰਿਆਣਾ) ਵਿਖੇ ਚਲੇ ਗਏ।

12 ਸਤੰਬਰ ਨੂੰ ਪੰਜਾਬ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਉਸ ਨੂੰ ਸੰਤ ਜਰਨੈਲ ਸਿੰਘ ਦੀ ਲਾਲਾ ਕਤਲ ਕਾਂਡ ਵਿਚ ਭਾਲ ਸੀ ਅਤੇ ਉਨ੍ਹਾਂ ਦੇ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿੱਤੇ ਗਏ ਸਨ। ਲੁਧਿਆਣੇ ਦੇ ਸੀਨੀਅਰ ਪੁਲਿਸ ਕਪਤਾਨ ਸ੍ਰੀ ਡੀ. ਆਰ. ਭੱਟੀ ਨੇ ਦੱਸਿਆ ਕਿ, ਸੰਤ ਜਰਨੈਲ ਸਿੰਘ ਦੇ ਇਸ ਕਤਲ ਵਿਚ ਸੰਮਿਲਤ ਹੋਣ ਸੰਬੰਧੀ ਕਾਫੀ ਸਬੂਤ ਮਿਲ ਗਏ ਸਨ। ਸ੍ਰੀ ਭੱਟੀ ਨੇ ਇਹ ਵੀ ਦੱਸਿਆ ਕਿ, ਲਾਲਾ ਜਗਤ ਨਾਰਾਇਣ ਨੂੰ ਸੰਤ ਜਰਨੈਲ ਸਿੰਘ ਨੇ 26 ਜੁਲਾਈ ਦੇ ਇਕ ਭਾਸ਼ਨ ਵਿਚ ਚੇਤਾਵਨੀ ਦੇ ਕੇ ਕਿਹਾ ਸੀ ਕਿ, ਜੇ ਉਹ - ਸਿੱਖ ਵਿਰੋਧੀ ਲਿਖਤਾਂ ਤੋਂ ਬਾਜ਼ ਨਾ ਆਇਆ ਤਾਂ ਉਸ ਨੂੰ 'ਸਬਕ ਸਿਖਾਇਆ ਜਾਏਗਾ।' ਇਸ ਤੋਂ ਛੁੱਟ ਲਾਲਾ ਜਗਤ ਨਾਰਾਇਣ ਨੂੰ ਕੁਰੂਕਸ਼ੇਤਰ ਵਿਖੇ ਸੂਰਜ ਗ੍ਰਹਿਣ ਦੇ ਮੇਲੇ ਤੇ ਅਤੇ ਮਲੇਰਕੋਟਲਾ ਤੇ ਯਮੁਨਾ ਨਗਰ ਵਿਚ ਵੀ ਕਤਲ ਕਰਨ ਦੇ ਯਤਨਾਂ ਦੀ ਕਹਾਣੀ ਦੱਸੀ ਗਈ ਅਤੇ ਕਿਹਾ ਗਿਆ ਕਿ ਪਹਿਲਾਂ ਲਾਲਾ ਜਗਤ ਨਾਰਾਇਣ ਨੂੰ ਕਤਲ ਕਰਨ ਲਈ ਦੋ ਵਿਅਕਤੀਆਂ ਦੀ ਡਿਊਟੀ ਲਾਈ ਗਈ ਸੀ ਪ੍ਰੰਤੂ ਬਾਅਦ ਵਿਚ ਇਸ ਵਿਚ



Digitized by Panjab Digital Library | www.panjabdigilib.org

ਤੀਸਰਾ ਵਿਅਕਤੀ ਨਛੱਤਰ ਸਿੰਘ ਸ਼ਾਮਲ ਕੀਤਾ ਗਿਆ। ਜਿਸ ਤੀਸਰੇ ਵਿਅਕਤੀ ਨਛੱਤਰ ਸਿੰਘ ਦਾ ਨਾਂ ਲਿਆ ਗਿਆ ਸੀ, ਉਹ ਸੰਤ ਜਰਨੈਲ ਸਿੰਘ ਦੇ ਪਿੰਡ ਰੋਡੇ ਨਾਲ ਸੰਬੰਧ ਰੱਖਦਾ ਸੀ ਅਤੇ ਉਹ ਨਕਸਲੀ ਰਹਿ ਚੁੱਕਾ ਸੀ। ਐਮਰਜੈਂਸੀ ਦੌਰਾਨ ਉਸ ਨੇ ਜੇਲ੍ਹ ਕੱਟੀ ਸੀ ਅਤੇ ਉਸ ਨੂੰ ਸਾਬਕ ਮੁੱਖ ਮੰਤ੍ਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਮਾਣ ਪੱਤਰ ਵੀ ਦਿੱਤਾ ਸੀ। ਨਛੱਤਰ ਸਿੰਘ ਅਸਲੋਂ ਸਿਆਸੀ ਵਿਅਕਤੀ ਸੀ ਅਤੇ ਉਹ ਕੋਕਰੀ ਕਲਾਂ ਪਿੰਡ ਦੇ ਅਜਾਇਬ ਸਿੰਘ ਦੇ ਕਤਲ ਦੇ ਕੇਸ ਵਿਚੋਂ ਬਰੀ ਹੋ ਚੁੱਕਾ ਸੀ। ਇਸ ਤਰ੍ਹਾਂ ਪੁਲਿਸ ਨੇ ਅਜਿਹੀ ਕਹਾਣੀ ਘੜਨ ਦਾ ਯਤਨ ਕੀਤਾ ਸੀ, ਜਿਸ ਤੋਂ ਅਜਿਹਾ ਪ੍ਰਤੀਤ ਹੋਵੇ ਕਿ, ਸੰਤ ਜਰਨੈਲ ਸਿੰਘ ਵਾਕਈ ਇਸ ਕਤਲ ਕੇਸ ਵਿਚ ਸੰਮਿਲਤ ਦੋਸ਼ੀ ਸਨ।

ਸੰਤ ਜਰਨੈਲ ਸਿੰਘ 12 ਸਤੰਬਰ ਨੂੰ ਚੰਦੋਕਲਾਂ ਵਿਖੇ ਜਥੇ ਸਮੇਤ ਟਿਕਾਣਾ ਕਰ ਰਹੇ ਸਨ। ਉਨ੍ਹਾਂ ਨੂੰ ਸ਼ਾਮ ਨੂੰ ਪਤਾ ਲੱਗਾ ਕਿ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ। ਇਸੇ ਦੌਰਾਨ ਉਨ੍ਹਾਂ ਨੂੰ ਸਰਕਾਰ ਦੀ ਇਸ ਚਾਲ ਦਾ ਵੀ ਪਤਾ ਲੱਗ ਗਿਆ ਸੀ ਕਿ, ਉਹ ਚੰਦੋਕਲਾਂ ਵਿਖੇ ਹੀ ਪੁਲਿਸ ਮੁਕਾਬਲਾ ਬਣਾ ਕੇ ਉਨ੍ਹਾਂ ਨੂੰ ਖਤਮ ਕਰ ਦੇਣਾ ਚਾਹੁੰਦੀ ਸੀ। ਇਸ ਲਈ ਸੰਤ ਜਰਨੈਲ ਸਿੰਘ ਨੇ ਜਥੇ ਦੇ ਆਪਣੇ ਨਿਕਟਵਰਤੀਆਂ ਨਾਲ ਸਲਾਹ ਕੀਤੀ। ਸੰਤ ਜਰਨੈਲ ਸਿੰਘ ਦੇ ਨਿਕਟਵਰਤੀਆਂ ਦੀ ਰਾਏ ਸੀ ਕਿ ਸਰਕਾਰ ਦਮਦਮੀ ਟਕਸਾਲ ਬੰਦ ਕਰਵਾਉਣ ਲਈ ਹੀ ਇਹ ਸਾਰਾ ਝੰਜਟ ਖੜ੍ਹਾ ਕਰ ਰਹੀ ਹੈ ਅਤੇ ਸਰਕਾਰ ਦੀ ਇਸ ਚਾਲ ਦਾ ਮੁਕਾਬਲਾ ਕਰਨ ਦੀ ਲੋੜ ਸੀ। ਸੰਤ ਜਰਨੈਲ ਸਿੰਘ ਨੇ ਸਰਕਾਰ ਦੀ ਇਸ ਚਾਲ ਨੂੰ ਅਸਫਲ ਬਣਾਉਣ ਲਈ ਹੀ ਚੰਦੋਕਲਾਂ ਤੋਂ ਚੌਕ ਮਹਿਤੇ ਜਾਣ ਦਾ ਫੈਸਲਾ ਕੀਤਾ ਤਾਂ ਜੋ ਉਥੇ ਜਾ ਕੇ ਉਹ ਆਪਣੀ ਗ੍ਰਿਫਤਾਰੀ ਤੋਂ ਪਿੱਛੋਂ ਲਈ ਟਕਸਾਲ ਦੇ ਪ੍ਰਬੰਧ ਮੁਕੰਮਲ ਕਰ ਸਕਣ। ਸੰਤ ਜਰਨੈਲ ਸਿੰਘ ਕਿਸ ਰਸਤੇ ਅਤੇ ਕਿਸ ਸਵਾਰੀ ਰਾਹੀਂ 350 ਕਿਲੋਮੀਟਰ ਦਾ ਸਫਰ ਤੈਅ ਕਰਕੇ ਚੌਕ ਮਹਿਤੇ ਪੁੱਜੇ, ਇਹ ਅੱਜ ਤੱਕ ਭੇਤ ਬਣਿਆ ਹੋਇਆ ਹੈ। ਕਿਉਂਕਿ ਸਰਕਾਰ ਨੇ ਥਾਂ ਥਾਂ ਤੇ ਪੁਲਿਸ ਰੋਕਾਂ ਲਾਈਆਂ ਹੋਈਆਂ ਸਨ ਤਾਂ ਕਿ ਸੰਤ ਜਰਨੈਲ ਸਿੰਘ ਨੂੰ ਰਸਤੇ ਵਿਚ ਹੀ ਗ੍ਰਿਫਤਾਰ ਕੀਤਾ ਜਾ ਸਕੇ। ਪ੍ਰੰਤੂ ਸੰਤ ਜਰਨੈਲ ਸਿੰਘ ਕਿਸੇ ਵੀ ਤਰ੍ਹਾਂ ਆਪਣੇ ਹੈਡ ਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਪਹੁੰਚਣ ਵਿਚ ਸਫਲ ਹੋ ਗਏ। ਸੰਤ ਜਰਨੈਲ ਸਿੰਘ ਚੰਦੋਕਲਾਂ ਤੋਂ ਰਾਤ 9 ਵਜੇ ਚੌਕ ਮਹਿਤਾ ਲਈ ਰਵਾਨਾ ਹੋਏ ਸਨ, ਪ੍ਰੰਤੂ ਪੁਲਿਸ ਤੜਕਸਾਰ ਤਿੰਨ ਵਜੇ ਆ ਧਮਕੀ। ਇਸ ਪੁਲਿਸ ਪਾਰਟੀ ਦੇ ਇਨਚਾਰਜ ਪਟਿਆਲਾ ਰੇਂਜ ਦੇ ਡੀ. ਆਈ. ਜੀ. ਸ: ਡੀ. ਐਸ. ਮਾਂਗਟ ਸਨ ਅਤੇ ਉਨ੍ਹਾਂ ਨਾਲ ਲੁਧਿਆਣੇ ਦੇ ਐਸ. ਐਸ. ਪੀ. ਸ੍ਰੀ ਡੀ. ਆਰ. ਭੱਟੀ ਅਤੇ ਡੀ. ਐਸ. ਪੀ. ਸ: ਮਨੋਹਰ ਸਿੰਘ ਸਨ। ਇਸ ਤੋਂ ਛੁੱਟ ਹਰਿਆਣਾ ਪੁਲਿਸ ਦੀ ਇਕ ਟੁਕੜੀ ਵੀ ਉਨ੍ਹਾਂ ਨਾਲ ਸੀ। ਤੜਕੇ ਤਿੰਨ ਵਜੇ ਪੁਲਿਸ ਨੇ ਫਾਇਰਿੰਗ ਆਰੰਭ ਕਰ ਦਿੱਤੀ ਅਤੇ ਲਾਊਡ ਸਪੀਕਰਾਂ ਤੇ ਐਲਾਨ ਕਰ ਦਿੱਤਾ, "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸਾਡੇ ਹਵਾਲੇ ਕਰ ਦਿਓ, ਜੇ ਅਜੇਹਾ ਨਾ ਕੀਤਾ ਗਿਆ ਤਾਂ ਸਾਰਾ ਪਿੰਡ ਤਬਾਹ ਕਰ ਦਿੱਤਾ ਜਾਏਗਾ।" ਇਸ ਤੇ ਪਿੰਡ ਵਾਲਿਆਂ ਨੇ ਗੁਰਦੁਆਰੇ ਦੇ ਲਾਊਡ ਸਪੀਕਰ ਉਤੇ ਹੀ ਉਤਰ ਦਿੱਤਾ, "ਸੰਤ ਜੀ ਇਥੋਂ ਜਾ ਚੁੱਕੇ ਹਨ। ਜੇਕਰ ਪੁਲਿਸ ਤਲਾਸ਼ੀ ਲੈਣਾ ਚਾਹੁੰਦੀ ਹੈ ਤਾਂ ਸਾਡੇ ਘਰਾਂ ਦੀ ਤਲਾਸ਼ੀ ਲੈ ਸਕਦੀ ਹੈ।" ਚੰਦੋਕਲਾਂ ਵਿਖੇ ਜੰਗ ਦਾ ਨਜ਼ਾਰਾ ਨਜ਼ਰ ਆ ਰਿਹਾ ਸੀ। ਪੁਲਿਸ ਨੇ ਘਰਾਂ ਦੀ ਤਲਾਸ਼ੀ ਲੈਣ ਦਾ ਨ੍ਰਿਣਾ ਕੀਤਾ। ਘਰਾਂ ਵਿਚੋਂ ਗਹਿਣੇ, ਨਕਦੀ, ਟੇਪ ਰੀਕਾਰਡ, ਹੋਰ ਕੀਮਤੀ ਸਾਮਾਨ ਜਰਵਾਣਿਆਂ ਵਾਂਗ ਲੁੱਟ ਲਿਆ। ਜਦੋਂ ਸਾਰੇ ਪਿੰਡ ਦੀ



Digitized by Panjab Digital Library | www.panjabdigilib.org

ਤਲਾਸ਼ੀ ਪਿੱਛੋਂ ਕੁਝ ਨਾ ਲੱਭਾ ਤਾਂ ਗੁੱਸੇ ਵਿਚ ਆ ਕੇ ਪੁਲਿਸ ਨੇ ਜਥੇ ਦੀਆਂ ਦੋ ਬੱਸਾਂ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ, ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਵਲੋਂ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਕਥਾ ਦੀਆਂ ਟੇਪਾਂ, ਜੋ ਦਮਦਮੀ ਟਕਸਾਲ ਦਾ ਵਡਮੁਲਾ ਸਰਮਾਇਆ ਸਨ, ਸਾੜ ਦਿੱਤੀਆਂ। ਇਹ ਸਾਰੀ ਕਾਰਵਾਈ ਲੁਧਿਆਣੇ ਦੇ ਇਕ ਉਚ ਪੁਲਿਸ ਅਧਿਕਾਰੀ ਦੀ ਹਦਾਇਤ ਤੇ ਕੀਤੀ ਗਈ। ਇਸ ਪਿੱਛੋਂ ਜਥੇ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪ੍ਰੰਤੂ ਬਾਅਦ ਵਿਚ ਉਨ੍ਹਾਂ ਨੂੰ ਛੱਡ ਦਿੱਤਾ ਗਿਆ। ਹਰਿਆਣੇ ਦੇ ਐਸ. ਐਸ. ਪੀ. ਸ੍ਰੀ ਹਰੀ ਕਿਸ਼ਨ ਅਨੁਸਾਰ ਪੁਲਿਸ ਨੇ 70 ਰਾਊਂਡ ਫਾਇਰ ਕੀਤੇ ਅਤੇ 20 ਵਿਅਕਤੀ ਗ੍ਰਿਫਤਾਰ ਕੀਤੇ। ਜਿਸ ਪੁਲਿਸ ਪਾਰਟੀ ਨੇ ਚੰਦੋਕਲਾਂ ਵਿਖੇ ਘੇਰਾ ਘੱਤਿਆ ਸੀ, ਉਸ ਵਿਚ 6 ਪੁਲਿਸ ਕਪਤਾਨ, 12 ਉਪ ਪੁਲਿਸ ਕਪਤਾਨ, 500 ਪੁਲਸੀਏ ਅਤੇ ਡਾਕਟਰ ਨਾਲ ਸਨ। ਲੁਧਿਆਣੇ ਦੇ ਡੀ. ਐਸ. ਪੀ. ਸ: ਮਨੋਹਰ ਸਿੰਘ ਨੇ ਰਤੀਆ ਥਾਣੇ ਵਿਚ ਮੁਢਲੀ ਜਾਂਚ ਰੀਪੋਰਟ ਭਾਰਤੀ ਡੰਡਾਵਲੀ ਦੀਆਂ ਧਾਰਾਵਾਂ 307 ਅਤੇ 353 ਅਧੀਨ ਦਰਜ ਕਰਵਾਈ ਅਤੇ ਉਸ ਵਿਚ ਕਿਹਾ ਗਿਆ ਸੀ ਕਿ, ਪਿੰਡ ਵਾਲਿਆਂ ਨੇ ਪੁਲਿਸ ਪਾਰਟੀ 'ਤੇ ਫਾਇਰਿੰਗ ਕੀਤੀ।

(ਬਾਅਦ ਵਿਚ ਮੁਖ ਮੰਤ੍ਰੀ ਸ੍ਰੀ ਭਜਨ ਲਾਲ ਨੇ ਵਿਧਾਨ ਸਭਾ ਵਿਚ ਬਿਆਨ ਦੇ ਕੇ ਇਸ ਮੁਢਲੀ ਜਾਂਚ ਰੀਪੋਰਟ (ਐਫ. ਆਈ. ਆਰ.) ਨੂੰ ਝੂਠੀ ਤੇ ਗਲਤ ਸਾਬਤ ਕਰਾਰ ਦਿੱਤਾ)

ਚੰਦੋਕਲਾਂ ਦੀਆਂ ਘਟਨਾਵਾਂ ਜਿੱਥੇ ਸਿੱਖ ਜਗਤ ਲਈ ਦੁਖਦਾਈ ਸਨ, ਉਥੇ ਪੁਲਿਸ ਲਈ ਸ਼ਰਮਨਾਕ ਵੀ ਸਨ। ਸ. ਦਰਬਾਰਾ ਸਿੰਘ, ਉਨ੍ਹਾਂ ਦੀ ਸਰਕਾਰ ਅਤੇ ਉਚ ਪੁਲਿਸ ਅਧਿਕਾਰੀ ਕੇਂਦਰ ਸਰਕਾਰ ਨੂੰ ਇਸ ਗੱਲ ਦਾ ਜੁਆਬ ਦੇਣ ਵਿਚ ਅਸਮਰਥ ਸਨ ਕਿ, ਸੰਤ ਜਰਨੈਲ ਸਿੰਘ ਚੰਦੋਕਲਾਂ ਤੋਂ ਚੌਕ ਮਹਿਤਾ ਤੱਕ ਦਾ 350 ਕਿਲੋਮੀਟਰ ਦਾ ਸਫਰ ਬਿਨਾਂ ਰੋਕ ਟੋਕ, ਕਰਕੇ ਆਪਣੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਖੇ ਕਿਵੇਂ ਪਹੁੰਚ ਗਏ ਜਦੋਂ ਕਿ ਮਹਿਤੇ ਜਾਣ ਵਾਲੀਆਂ ਸਭ ਸੜਕਾਂ ਬੰਦ ਕੀਤੀਆਂ ਗਈਆਂ ਸਨ। ਦਿਲਚਸਪ ਗੱਲ ਇਹ ਸੀ ਕਿ, ਅਜੇ ਤੱਕ ਸੰਤ ਜਰਨੈਲ ਸਿੰਘ ਨੂੰ ਉਨ੍ਹਾਂ ਦੇ ਵਾਰੰਟ ਗ੍ਰਿਫਤਾਰੀ ਨਹੀਂ ਸਨ ਦਿਖਾਏ ਗਏ।

ਸੰਤ ਜਰਨੈਲ ਸਿੰਘ ਦੇ ਚੰਦੋਕਲਾਂ ਵਿਚੋਂ ਬਚ ਨਿਕਲਣ ਅਤੇ ਨਵੀਂ ਰਣ - ਨੀਤੀ ਤੈਅ ਕਰਨ ਲਈ ਸੰਤ ਖੜਕ ਸਿੰਘ ਜੀ, ਸੰਤ ਉਤਮ ਸਿੰਘ ਜੀ, ਖਡੂਰ ਸਾਹਿਬ, ਸੰਤ ਦੀਵਾਨ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੌਕ ਮਹਿਤਾ ਪੁੱਜੇ ਅਤੇ ਸੰਤ ਜਰਨੈਲ ਸਿੰਘ ਨੂੰ ਸਲਾਹ ਦਿੱਤੀ ਕਿ ਉਹ ਗ੍ਰਿਫਤਾਰੀ ਦੇਣ ਦਾ ਵਿਚਾਰ ਤਿਆਗ ਦੇਣ। ਕੌਮ ਆਪੇ ਇਸ ਮਸਲੇ ਨਾਲ ਨਿਪਟ ਲਵੇਗੀ। ਸੰਤ ਜਰਨੈਲ ਸਿੰਘ ਨੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅੱਗੇ ਕਿਰਪਾਨ ਨਾਲ ਲੀਕ ਖਿੱਚ ਦਿੱਤੀ ਅਤੇ ਪੁੱਛਿਆ ਕਿ, ਉਹ ਇਸ ਨੂੰ ਜਰਨੈਲ ਸਿੰਘ (ਸੰਤ)



Digitized by Panjab Digital Library | www.panjabdigilib.org

ਦਾ ਜ਼ਾਤੀ ਮਾਮਲਾ ਸਮਝਦੇ ਹਨ ਜਾਂ ਕੌਮ ਦਾ? ਜੇ ਕੌਮ ਦਾ ਮਸਲਾ ਸਮਝਦੇ ਹਨ ਤਾਂ ਲੀਕ ਟੱਪ ਆਉਣ ਅਤੇ ਜੇ ਨਹੀਂ ਤਾਂ ਉਥੇ ਖੜ੍ਹੇ ਰਹਿਣ। ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਲੀਕ ਟੱਪ ਆਏ ਤਾਂ ਸੰਤ ਜਰਨੈਲ ਸਿੰਘ ਨੇ ਕਿਹਾ ਕਿ, ਉਨ੍ਹਾਂ ਨੇ ਇਸ ਕੌਮੀ ਮਸਲੇ ਲਈ ਗ੍ਰਿਫਤਾਰੀ ਦੇਣ ਦਾ ਮਨ ਬਣਾ ਲਿਆ ਹੈ ਅਤੇ ਹੁਣ ਜੀਵਨ ਮਰਨ ਇਕ ਬਰਾਬਰ ਹੈ।

ਇਨ੍ਹੀਂ ਦਿਨੀਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਿਚ ਧੜੇਬੰਦੀ ਜ਼ੋਰਾਂ ਤੇ ਸੀ ਅਤੇ ਅਕਾਲੀ ਦਲ (ਤਲਵੰਡੀ) ਦਿੱਲੀ ਵਿਖੇ ਆਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਮੋਰਚੇ ਵਿਚ ਰੁੱਝਾ ਹੋਇਆ ਸੀ। ਸ. ਸੁਖਜਿੰਦਰ ਸਿੰਘ ਨੇ ਆਪਣਾ ਵੱਖਰਾ ਅਕਾਲੀ ਦਲ ਬਣਾ ਲਿਆ ਸੀ। ਖਾਲਿਸਤਾਨ ਦੇ ਨਾਅਰੇ ਲਾਉਣ ਕਾਰਨ ਉਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਉਹ ਜਲੰਧਰ ਜੇਲ੍ਹ ਵਿਚ ਬੰਦ ਸਨ। ਸਰਕਾਰ ਨੇ ਆਪਣੀ ਸਾਰੀ ਦੀ ਸਾਰੀ ਪ੍ਰਚਾਰ ਮਸ਼ੀਨਰੀ ਸੰਤ ਜਰਨੈਲ ਸਿੰਘ ਵਿਰੁੱਧ ਝੋਂਕ ਦਿੱਤੀ ਸੀ ਅਤੇ ਜਲੰਧਰ ਦੀਆਂ ਗ਼ੈਰ - ਸਿੱਖ ਅਖਬਾਰਾਂ ਇਸ ਕੰਮ ਵਿਚ ਸਰਕਾਰ ਦਾ ਪੂਰਾ ਪੂਰਾ ਸਾਥ ਦੇ ਰਹੀਆਂ ਸਨ। ਪ੍ਰਤੱਖ ਤੌਰ ਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ ਕਿ, ਸੰਤ ਜਰਨੈਲ ਸਿੰਘ ਨੇ ਹੀ ਲਾਲਾ ਜਗਤ ਨਾਰਾਇਣ ਦੇ ਕਤਲ ਦੀ ਵਿਓਂਤਬੰਦੀ ਕੀਤੀ ਸੀ ਅਤੇ ਇਸ ਲਈ ਉਹ ਹੀ ਦੋਸ਼ੀ ਸਨ। ਸਰਕਾਰ ਅਤੇ ਗ਼ੈਰ - ਸਿੱਖ ਅਖਬਾਰਾਂ ਦੇ ਪ੍ਰਚਾਰ ਸਦਕਾ ਹੀ ਪੰਜਾਬ ਦੀ ਗ਼ੈਰ - ਸਿੱਖ ਜਨਤਾ ਸਿੱਖਾਂ ਵਿਰੁੱਧ ਭੜਕ ਉੱਠੀ ਸੀ ਅਤੇ ਜਲੰਧਰ ਅਤੇ ਅੰਮ੍ਰਿਤਸਰ ਵਿਚ ਸਿੱਖਾਂ ਦੀ ਜਾਨ ਮਾਲ ਨੂੰ ਨੁਕਸਾਨ ਪਹੁੰਚਾਉਣ ਦੇ ਯਤਨ ਵੀ ਕੀਤੇ ਗਏ। ਅਜਿਹੀ ਸਥਿਤੀ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੁਬਿਧਾ ਵਿਚ ਸੀ ਕਿ, ਕਿਵੇਂ ਕੋਈ ਅਜੇਹਾ ਨਿਰਣਾ ਕੀਤਾ ਜਾਏ, ਜਿਸ ਨਾਲ ਦਮਦਮੀ ਟਕਸਾਲ ਨੂੰ ਬੰਦ ਕਰਵਾਉਣ ਲਈ ਕੀਤੇ ਇਸ ਹਮਲੇ ਦਾ ਟਾਕਰਾ ਵੀ ਕੀਤਾ ਜਾਏ ਅਤੇ ਪੰਜਾਬ ਦਾ ਫਿਰਕੂ ਮਾਹੌਲ ਵੀ ਖਰਾਬ ਨਾ ਹੋਵੇ। ਇਸ ਮਸਲੇ ਨੂੰ ਲੈ ਕੇ 15 ਸਤੰਬਰ 1981 ਈ: ਨੂੰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀ ਮੀਟਿੰਗ ਆਨੰਦਪੁਰ ਸਾਹਿਬ ਵਿਖੇ ਹੋਈ, ਜਿਸ ਵਿਚ ਚੰਦੋਕਲਾਂ ਘਟਨਾਵਾਂ ਦੀ ਨਿਖੇਧੀ ਕੀਤੀ ਗਈ ਅਤੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰੀ ਦੇਣ ਦੀ ਅਪੀਲ ਕੀਤੀ ਗਈ ਤਾਂ ਜੋ ਉਹ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰ ਸਕਣ ਅਤੇ ਪੰਜਾਬ ਦੇ ਫਿਰਕੂ ਮਾਹੌਲ ਵਿਚ ਖਿਚਾਅ ਪੈਦਾ ਨਾ ਹੋਵੇ।

ਪੁਲਿਸ ਨੇ ਚੰਦੋਕਲਾਂ ਵਿਖੇ ਮਿਲੀ ਨਿਰਾਸ਼ਾ ਦਾ ਬਦਲਾ ਲੈਣ ਲਈ 16 ਸਤੰਬਰ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਵਹਿਸ਼ੀਆਨਾ ਲਾਠੀਚਾਰਜ ਕੀਤਾ ਅਤੇ ਨਾ ਕੇਵਲ ਵਿਦਿਆਰਥੀਆਂ, ਸਗੋਂ ਪ੍ਰੋਫੈਸਰਾਂ ਨੂੰ ਵੀ ਮਾਰਿਆ ਕੁੱਟਿਆ ਗਿਆ। ਅਸਲ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਚੰਦੋ ਕਲਾਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਕਾਲਜ ਦੇ ਗੇਟ ਅੱਗੇ ਵਿਖਾਵਾ ਕੀਤਾ ਅਤੇ ਆਵਾਜਾਈ ਵਿਚ ਵਿਘਨ ਪਾਇਆ ਸੀ। ਇਸ ਤੇ ਪੁਲਿਸ ਨੇ ਕਾਲਜ ਦੇ ਅੰਦਰ ਜਾ ਕੇ ਲਾਠੀਚਾਰਜ ਕੀਤਾ। ਪੁਲਿਸ ਕਾਲਜ ਕੰਟੀਨ ਵਿਚ ਵੜ ਗਈ; ਨਾਭਾ ਹੋਸਟਲ ਤੇ ਹਮਲਾ ਕਰ ਦਿੱਤਾ ਅਤੇ ਕਮਰਿਆਂ ਵਿਚ ਬੈਠੇ ਵਿਦਿਆਰਥੀਆਂ ਨੂੰ ਮਾਰਿਆ ਕੁੱਟਿਆ। ਕਈ ਵਿਦਿਆਰਥੀਆਂ ਨੇ ਡਰ ਕੇ ਬਾਰੀਆਂ ਵਿਚੋਂ ਛਾਲਾਂ ਮਾਰ ਦਿੱਤੀਆਂ ਅਤੇ ਆਪਣੀਆਂ ਲੱਤਾਂ ਬਾਹਾਂ ਤੁੜਵਾ ਬੈਠੇ। ਪੁਲਿਸ ਨੇ ਸਟਾਫ ਰੂਮਾਂ ਵਿਚ ਜਾ ਕੇ ਪ੍ਰੋਫੈਸਰਾਂ ਉਤੇ ਵੀ ਸਰੀਰਕ ਬਲ ਦੀ ਵਰਤੋਂ ਕੀਤੀ ਅਤੇ ਕਾਰਜਕਾਰੀ ਪ੍ਰਿੰਸੀਪਲ ਸ੍ਰੀ ਐਸ. ਆਰ. ਕੌਹਲੀ ਨੂੰ ਵੀ ਮਾਰਿਆ ਕੁੱਟਿਆ। ਪੁਲਿਸ ਦਾ ਕਹਿਣਾ ਸੀ ਕਿ ਵਿਦਿਆਰਥੀ ਦੋ ਬੱਸਾਂ ਜ਼ਬਰਦਸਤੀ ਕਾਲਜ ਦੇ ਅਹਾਤੇ ਵਿਚ ਲੈ ਆਏ,



Digitized by Panjab Digital Library | www.panjabdigilib.org

ਪ੍ਰੰਤੂ ਵਿਦਿਆਰਥੀਆਂ ਦਾ ਕਹਿਣਾ ਸੀ ਕਿ, ਉਨ੍ਹਾਂ ਨੇ ਕੇਵਲ ਆਵਾਜਾਈ ਵਿਚ ਹੀ ਵਿਘਨ ਪਾਇਆ। ਇੰਜ ਲਗਦਾ ਸੀ ਕਿ, ਪੁਲਿਸ ਨੇ ਚੰਦੋਕਲਾਂ ਵਿਚ ਆਪਣਾ ਅਸਫਲਤਾ ਦਾ ਬਦਲਾ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀਆਂ ਤੋਂ ਲਿਆ ਸੀ।

ਇਸੇ ਦਿਨ ਸ਼ਾਮ ਨੂੰ ਸੰਤ ਜਰਨੈਲ ਸਿੰਘ ਦੇ ਨਿਕਟਵਰਤੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਐਲਾਨ ਕਰ ਦਿੱਤਾ ਕਿ, ਸੰਤ ਜਰਨੈਲ ਸਿੰਘ ਨੇ 20 ਸਤੰਬਰ ਨੂੰ ਬਾਅਦ ਦੁਪਹਿਰ ਦੋ ਵਜੇ ਗ੍ਰਿਫਤਾਰੀ ਦੇਣ ਦਾ ਫੈਸਲਾ ਕਰ ਲਿਆ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲਿਸ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਫਸਾ ਕੇ ਖਤਮ ਕਰਨਾ ਚਾਹੁੰਦੀ ਸੀ। ਇਸ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਸੰਤ ਉਤਮ ਸਿੰਘ ਜੀ, ਸੰਤ ਦੀਵਾਨ ਸਿੰਘ ਜੀ, ਸੰਤ ਖਜ਼ਾਨ ਸਿੰਘ ਜੀ, ਸੰਤ ਖੜਕ ਸਿੰਘ ਜੀ, ਸ. ਬਲਬੀਰ ਸਿੰਘ ਬਰਾੜ, ਸਕੱਤਰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਸ. ਮਨਜੀਤ ਸਿੰਘ, ਦਿੱਲੀ ਨਾਲ ਸਲਾਹ ਮਸ਼ਵਰਾ ਕੀਤਾ।

ਇਨ੍ਹੀਂ ਦਿਨੀਂ ਹੀ ਮੁੱਖ ਮੰਤ੍ਰੀ ਸ. ਦਰਬਾਰਾ ਸਿੰਘ ਨੇ ਇਕ ਹੋਰ ਚਰਚਾ ਛੇੜ ਦਿੱਤੀ ਕਿ, ਪੁਲਿਸ ਗੁਰਦਵਾਰਿਆਂ ਵਿਚ ਦਾਖਲ ਹੋਵੇ ਕਿ ਨਾ। ਸ. ਦਰਬਾਰਾ ਸਿੰਘ ਨੇ ਰੋਜ਼ ਬਿਆਨ ਦੇਣੇ ਆਰੰਭ ਕਰ ਦਿੱਤੇ ਕਿ ਗੁਰਦੁਆਰਿਆਂ ਵਿਚ ਮੁਜਰਮਾਂ ਨੂੰ ਪਨਾਹ ਨਹੀਂ ਦਿੱਤੀ ਜਾਣੀ ਚਾਹੀਦੀ। ਇਸ਼ਾਰਾ ਤਾਂ ਸਪੱਸ਼ਟ ਸੰਤ ਜਰਨੈਲ ਸਿੰਘ ਵੱਲ ਸੀ। ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਨੇ ਇਸ ਭੰਡੀ ਪ੍ਰਚਾਰ ਵਿਚ ਸ. ਦਰਬਾਰਾ ਸਿੰਘ ਦੀ ਪੂਰੀ ਤਰ੍ਹਾਂ ਪਿੱਠ ਠੋਕੀ। ਉਨ੍ਹੀਂ ਦਿਨੀਂ ਪੰਜਾਬ ਵਿਚ ਇਕੋ ਸੁਆਲ ਪੁੱਛਿਆ ਜਾਂਦਾ ਸੀ, "ਕੀ ਪੁਲਿਸ ਗੁਰਦੁਆਰੇ ਵਿਚ ਦਾਖਲ ਹੋਵੇਗੀ?" ਸੰਤ ਜਰਨੈਲ ਸਿੰਘ ਨੇ ਇਸ ਦਾ ਇਹ ਕਹਿ ਕੇ ਢੁਕਵਾਂ ਉੱਤਰ ਦਿੱਤਾ, ਕਿ ਜੇ ਸਿੱਖਾਂ ਤੇ ਝੂਠੇ ਕੇਸ ਬਣਾਏ ਜਾਣ ਤਾਂ ਉਹ ਗੁਰਦੁਆਰੇ ਵਿਚ ਨਹੀਂ ਤਾਂ ਹੋਰ ਕਿਸ ਥਾਂ ਪਨਾਹ ਲੈਣਗੇ? ਇਸ ਦੇ ਨਾਲ ਹੀ ਸੰਤ ਜਰਨੈਲ ਸਿੰਘ ਨੇ ਐਲਾਨ ਕਰ ਦਿੱਤਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਮੱਥਾ ਟੇਕ ਕੇ ਅਤੇ ਸ੍ਰੀ ਹਰਿਮੰਦਰ ਸਾਹਿਬ ਇਸ਼ਨਾਨ ਕਰਕੇ ਹੀ ਗ੍ਰਿਫਤਾਰੀ ਦੇਣਗੇ। ਇਸ ਨਾਲ ਸਥਿਤੀ ਹੋਰ ਵੀ ਗੁੰਝਲਦਾਰ ਹੋ ਗਈ ਕਿਉਂਕਿ ਪੁਲਿਸ ਦਾ ਵੱਕਾਰ ਅਜਿਹੀਆਂ ਘਟਨਾਵਾਂ ਨਾਲ ਦਿਨੋਂ ਦਿਨ ਡਿਗਦਾ ਜਾ ਰਿਹਾ ਸੀ। ਸੰਤ ਜਰਨੈਲ ਸਿੰਘ ਦੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿਖੇ ਇਸ਼ਨਾਨ ਕਰਨ ਸੰਬੰਧੀ ਖਬਰਾਂ ਵੀ ਛਪੀਆਂ ਅਤੇ ਕਾਫੀ ਦੇਰ ਬਾਅਦ ਤੱਕ ਇਨ੍ਹਾਂ ਖਬਰਾਂ ਦਾ ਖੰਡਨ ਨਾ ਕੀਤਾ ਗਿਆ। ਸੰਤ ਜਰਨੈਲ ਸਿੰਘ ਕਿਵੇਂ ਚੌਕ ਮਹਿਤਾ ਵਿਚੋਂ ਭਾਰੀ ਪੁਲਿਸ ਘੇਰੇ ਵਿਚੋਂ ਨਿਕਲ ਕੇ ਹਰਿਮੰਦਰ ਸਾਹਿਬ ਇਸ਼ਨਾਨ ਕਰ ਆਏ, ਇਹ ਗੱਲ ਅੱਜ ਤੱਕ ਬੁਝਾਰਤ ਬਣੀ ਹੋਈ ਹੈ।

19 ਸਤੰਬਰ ਰਾਤ ਨੂੰ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਨੂੰ ਮਿਲੇ ਅਤੇ ਨਵੀਂ ਰਣ - ਨੀਤੀ ਤੈਅ ਕਰਨ ਬਾਰੇ ਸਲਾਹ ਮਸ਼ਵਰੇ ਕੀਤੇ। ਇਸੇ ਰਾਤ ਸੰਤ ਜਰਨੈਲ ਸਿੰਘ ਦੇ ਮਿੱਤਰ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵੀ ਆ ਕੇ ਸੰਤ ਜਰਨੈਲ ਸਿੰਘ ਨੂੰ ਮਿਲੇ ਅਤੇ ਪੇਸ਼ਕਸ਼ ਕੀਤੀ ਕਿ ਜੇ ਉਹ (ਸੰਤ ਜਰਨੈਲ ਸਿੰਘ) ਚਾਹੁਣ ਤਾਂ ਗ੍ਰਿਫਤਾਰੀ ਦੇਣ ਤੋਂ ਬਿਨਾਂ ਹੀ ਚੌਕ ਮਹਿਤਾ ਬੈਠੇ ਜ਼ਮਾਨਤ ਕਰਵਾਈ ਜਾ ਸਕਦੀ ਹੈ। ਸੰਤ ਜਰਨੈਲ ਸਿੰਘ ਨੇ ਸਵਰਗੀ ਜਥੇਦਾਰ ਸੰਤੋਖ ਸਿੰਘ ਤੋਂ ਪੁੱਛਿਆ ਕਿ, ਉਹ ਨਿੱਜੀ ਮਿੱਤ੍ਰਤਾ ਕਾਰਨ ਚੌਕ ਮਹਿਤਾ ਆਏ ਸਨ ਜਾਂ ਸਰਕਾਰ ਦੇ ਏਲਚੀ ਵਜੋਂ? ਜਦੋਂ ਜਥੇਦਾਰ ਸੰਤੋਖ ਸਿੰਘ ਨੇ ਕਿਹਾ ਕਿ, ਉਹ ਸਰਕਾਰ ਵਲੋਂ ਨਹੀਂ ਆਏ ਤਾਂ ਸੰਤ ਜਰਨੈਲ ਸਿੰਘ



Digitized by Panjab Digital Library | www.panjabdigilib.org

ਨੇ ਕਿਹਾ ਕਿ, ਉਹ ਅਰਦਾਸ ਕਰ ਚੁੱਕੇ ਹਨ ਅਤੇ ਉਹ ਗ੍ਰਿਫਤਾਰੀ ਅਵੱਸ਼ ਦੇਣਗੇ। ਇਸ ਤੇ ਜਥੇਦਾਰ ਸੰਤੋਖ ਸਿੰਘ ਨੇ ਕਿਹਾ ਕਿ, ਉਹ ਤਾਂ ਪਤਾ ਲੈ ਰਹੇ ਸਨ ਕਿ, ਕਿਤੇ ਸੰਤ ਜਰਨੈਲ ਸਿੰਘ ਗ੍ਰਿਫਤਾਰੀ ਪਿੱਛੋਂ ਤਾਂ ਢਿੱਲਮਿਲ ਨਹੀਂ ਵਿਖਾਉਣਗੇ?

20 ਸਤੰਬਰ 1981, ਸੰਤ ਜਰਨੈਲ ਸਿੰਘ ਨੇ ਆਤਮ - ਸਮਰਪਨ ਲਈ ਨਿਸਚਿਤ ਕੀਤੀ ਸੀ, ਪ੍ਰੰਤੂ ਦੇਸ ਪ੍ਰਦੇਸ ਤੋਂ ਲੋਕ 18-19 ਸਤੰਬਰ ਤੋਂ ਹੀ ਚੌਂਕ ਮਹਿਤਾ ਇਕੱਠੇ ਹੋਣੇ ਆਰੰਭ ਹੋ ਗਏ ਸਨ ਅਤੇ 19 ਸਤੰਬਰ ਰਾਤ ਤੱਕ ਹੀ ਚੌਂਕ ਮਹਿਤਾ ਪਹੁੰਚਣ ਵਾਲਿਆਂ ਦੀ ਗਿਣਤੀ 25 ਤੋਂ 30 ਹਜ਼ਾਰ ਤੱਕ ਪਹੁੰਚ ਗਈ ਸੀ। ਹਰ ਸਿੱਖ ਦਮਦਮੀ ਟਕਸਾਲ ਨੂੰ ਬੰਦ ਕਰਵਾਉਣ ਲਈ ਸਰਕਾਰ ਵਲੋਂ ਕੀਤੇ ਇਸ ਯਤਨ ਦੀ ਨਿਖੇਧੀ ਕਰ ਰਿਹਾ ਸੀ ਅਤੇ ਇਸ ਦਾ ਡੱਟ ਕੇ ਮੁਕਾਬਲਾ ਕਰਨ ਦੇ ਹੱਕ ਵਿਚ ਸੀ; ਪ੍ਰੰਤੂ ਸੰਤ ਜਰਨੈਲ ਸਿੰਘ ਗ੍ਰਿਫਤਾਰੀ ਦੇਣ ਦਾ ਮਨ ਬਣਾ ਚੁੱਕੇ ਸਨ ਅਤੇ ਹੁਣ ਕੋਈ ਉਨ੍ਹਾਂ ਨੂੰ ਇਸ ਰਾਹ ਤੋਂ ਮੋੜ ਨਹੀਂ ਸੀ ਸਕਦਾ। ਉਧਰ ਪੁਲਿਸ ਵਲੋਂ ਸੰਤ ਜਰਨੈਲ ਸਿੰਘ ਦੇ ਆਤਮ - ਸਮਰਪਨ ਵੇਲੇ ਹੋਣ ਵਾਲੀ ਸੰਭਾਵਿਤ ਹਿੰਸਾ ਨੂੰ ਰੋਕਣ ਲਈ ਵੱਡੀ ਪੱਧਰ ਤੇ ਪ੍ਰਬੰਧ ਕਰ ਲਏ ਗਏ ਸਨ। ਸੀਮਾ ਸੁਰੱਖਿਆ ਦਲ ਦੀਆਂ 1200 ਨਫ਼ਰੀ ਦੀਆਂ ਦੋ ਬਟਾਲੀਅਨਾਂ, ਪੀ. ਏ. ਪੀ. ਦੇ 4500 ਜੁਆਨਾਂ ਤੋਂ ਛੁੱਟ ਪੰਜਾਬ ਪੁਲਿਸ ਦੇ ਅਣਗਿਣਤ ਸਿਪਾਹੀ ਚੌਂਕ ਮਹਿਤਾ ਵਿਖੇ ਰੱਖੇ ਗਏ ਸਨ। ਫੌਜ ਨੂੰ ਚੌਕਸ ਕੀਤਾ ਗਿਆ ਸੀ ਤਾਂ ਜੋ ਲੋੜ ਪੈਣ ਤੇ ਉਸ ਦੀ ਵੀ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਇਸ ਤੋਂ ਛੁੱਟ ਕੇਂਦਰੀ ਰਿਜ਼ਰਵ ਪੁਲਿਸ ਨੂੰ ਕਿਸੇ ਵੀ ਸਮੇਂ ਪੰਜਾਬ ਪਹੁੰਚਣ ਲਈ ਦਿੱਲੀ ਵਿਖੇ ਤਿਆਰ - ਬਰ - ਤਿਆਰ ਰੱਖਿਆ ਗਿਆ ਸੀ। ਪੁਲਿਸ ਹਲਕਿਆਂ ਵਿਚ ਆਖਰੀ ਸਮੇਂ ਤੱਕ ਇਹ ਪੁੱਛਿਆ ਜਾ ਰਿਹਾ ਸੀ, "ਸੰਤ ਗ੍ਰਿਫਤਾਰੀ ਦੇਣਗੇ?" ਸ਼ਾਇਦ ਉਹ ਇਸ ਗੱਲ ਤੋਂ ਅਣਜਾਣ ਸਨ ਕਿ ਸਿੱਖ ਦੀ ਅਰਦਾਸ ਵਾਪਸ ਨਹੀਂ ਲਈ ਜਾ ਸਕਦੀ।

ਗ੍ਰਿਫਤਾਰੀ ਤੋਂ ਪਹਿਲਾਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਜੋ ਭਾਸ਼ਨ ਦਿੱਤੇ ਗਏ, ਉਨ੍ਹਾਂ ਦੀ ਤਰਜ਼ ਇਕੋ ਸੀ ਕਿ, ਸਰਕਾਰ ਨੇ ਸਿੱਖ ਧਰਮ ਦਾ ਪ੍ਰਚਾਰ ਰੋਕਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ 'ਖਾਲਸਾ' ਕਤਲ ਕੇਸ ਵਿਚ ਫਸਾਉਣ ਦੀ ਸਾਜ਼ਿਸ਼ ਰਚੀ ਸੀ; ਸੰਤ ਜਰਨੈਲ ਸਿੰਘ 'ਖਾਲਸਾ' ਦੇ ਵਾਰੰਟ ਗ੍ਰਿਫਤਾਰੀ ਵਾਪਸ ਲੈ ਕੇ ਇਹ ਐਲਾਨ ਕੀਤਾ ਜਾਏ ਕਿ ਉਹ ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਮਿਲਤ ਨਹੀਂ ਸਨ ਅਤੇ ਪੁਲਿਸ ਨੂੰ ਉਨ੍ਹਾਂ ਦੀ ਕੋਈ ਲੋੜ ਨਹੀਂ ਅਤੇ ਜੇ ਸੰਤ ਜਰਨੈਲ ਸਿੰਘ 'ਖਾਲਸਾ' ਤੇ ਤਸ਼ੱਦਦ ਕੀਤਾ ਗਿਆ ਤਾਂ ਸਿੱਖ ਕੌਮ ਦਾ ਬੱਚਾ ਬੱਚਾ ਕੱਟ ਮਰੇਗਾ। ਅਜਿਹੇ ਭਾਸ਼ਨ ਕਰਨ ਵਾਲਿਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸ਼ਾਮਲ ਸਨ। ਅਕਾਲੀ ਦਲ (ਤਲਵੰਡੀ) ਵਲੋਂ ਸ. ਰਣਧੀਰ ਸਿੰਘ ਚੀਮਾ ਅਤੇ ਡਾ. ਗੁਰਨਾਮ ਸਿੰਘ ਤੀਰ ਨੇ ਵੀ ਅਜਿਹੇ ਹੀ ਭਾਸ਼ਨ ਕੀਤੇ। ਗੱਲ ਕੀ, ਸੰਤ ਜਰਨੈਲ ਸਿੰਘ ਨੂੰ ਕਤਲ ਦੇ ਕੇਸ ਵਿਚ ਫਸਾਉਣ ਦੀ ਸਾਜ਼ਿਸ਼ ਵਿਰੁੱਧ ਸਮੁੱਚਾ ਸਿੱਖ ਪੰਥ ਮਤਭੇਦਾਂ ਦੇ ਬਾਵਜੂਦ ਇਕ ਸਟੇਜ ਤੇ ਆਣ ਖਲੋਤਾ ਸੀ ਅਤੇ ਇਹ ਛੋਟੀ ਪ੍ਰਾਪਤੀ ਨਹੀਂ ਸੀ। ਸੰਤ ਜਰਨੈਲ ਸਿੰਘ ਨੇ ਸਭ ਤੋਂ ਪਿੱਛੋਂ ਆਪਣੇ ਭਾਸ਼ਨ ਵਿਚ ਇਕੱਠੀ ਹੋਈ ਸੰਗਤ ਨੂੰ ਵਾਰ ਵਾਰ ਇਹੋ ਅਪੀਲ ਕੀਤੀ ਕਿ ਉਹ ਆਤਮ - ਸਮਰਪਨ ਕਰਨ ਲਈ ਅਰਦਾਸਾ ਸੋਧ ਚੁੱਕੇ ਸਨ ਅਤੇ ਸੰਗਤ ਗ੍ਰਿਫਤਾਰੀ ਨਾ ਦੇਣ ਦੀ ਮੰਗ ਨਾ ਕਰੇ ਅਤੇ ਦੂਸਰੇ ਜਦੋਂ ਉਹ ਪੁਲਿਸ ਦੀ ਜੀਪ ਵਿਚ ਬੈਠ ਜਾਣ ਤਾਂ ਕੋਈ ਵਿਅਕਤੀ ਹਿੰਸਕ ਕਾਰਵਾਈ ਕਰਨ ਦਾ ਯਤਨ ਨਾ ਕਰੇ। ਉਨ੍ਹਾਂ ਕਿਹਾ ਕਿ "ਜੋ ਕੋਈ ਵੀ



Digitized by Panjab Digital Library | www.panjabdigilib.org

ਪੁਲਿਸ ਦੀਆਂ ਗੱਡੀਆਂ ਤੇ ਰੋੜਾ ਮਾਰੇਗਾ, ਉਹ ਰੋੜਾ ਜਰਨੈਲ ਸਿੰਘ ਨੂੰ ਵੱਜੇਗਾ; ਅਜਿਹਾ ਵਿਅਕਤੀ ਮੇਰੇ ਨਾਲ ਵੱਡੀ ਦੁਸ਼ਮਣੀ ਕਮਾਏਗਾ ।"

20 ਸਤੰਬਰ 1981 ਨੂੰ ਬਾਅਦ ਦੁਪਹਿਰ 2:30 ਵਜੇ ਸੰਤ ਜਰਨੈਲ ਸਿੰਘ ਪੁਲਿਸ ਅੱਗੇ ਆਤਮ - ਸਮਰਪਨ ਕਰਨ ਲਈ ਸਟੇਜ ਤੋਂ ਉਤਰ ਕੇ ਗੁਰਦੁਆਰੇ ਵਿਚੋਂ ਬਾਹਰ ਨਿਕਲ ਆਏ ਅਤੇ ਉਨ੍ਹਾਂ ਦੇ ਮਗਰ ਹੀ 50 ਹਜ਼ਾਰ ਤੋਂ ਵੱਧ ਸੰਗਤ ਉਠ ਕੇ ਗੁਰਦੁਆਰੇ ਦੇ ਸੱਜੇ ਪਾਸੇ ਦੇ ਗੇਟ ਵਿਚੋਂ ਬਾਹਰ ਨਿਕਲਣ ਲਈ ਉੱਠ ਤੁਰੀ । ਪ੍ਰੰਤੂ ਅਜਿਹੀ ਸਥਿਤੀ ਨੂੰ ਭਾਂਪਦੇ ਹੋਏ ਗੁਰਦੁਆਰੇ ਦਾ ਮੁੱਖ ਦਰਵਾਜ਼ਾ ਪ੍ਰਬੰਧਕਾਂ ਵਲੋਂ ਬੰਦ ਕੀਤਾ ਜਾ ਚੁੱਕਾ ਸੀ। ਭੀੜ ਵਲੋਂ ਏਨਾ ਦਬਾਅ ਪਾਇਆ ਜਾ ਰਿਹਾ ਸੀ ਕਿ ਇੰਜ ਲਗਦਾ ਸੀ ਕਿ, ਗੇਟ ਟੁੱਟ ਜਾਏਗਾ । ਇਸ ਲਈ ਗੇਟ ਖੋਲ੍ਹ ਦਿੱਤਾ ਗਿਆ ਅਤੇ ਭੀੜ ਲਗਭਗ ਇਕ ਫਰਲਾਂਗ ਤੇ ਜਾ ਕੇ ਸੰਤ ਜਰਨੈਲ ਸਿੰਘ ਨੂੰ ਜਾ ਮਿਲੀ। ਉਨ੍ਹਾਂ ਦੇ ਚਾਰੇ ਪਾਸੇ ਸੰਗਤ ਹੀ ਸੰਗਤ ਸੀ, ਜਿਸ ਵਿਚ ਨਿਹੰਗ ਸਿੰਘ ਵੀ ਸ਼ਾਮਲ ਸਨ । ਇਸੇ ਦੌਰਾਨ ਤਿੰਨ ਕਾਰਾਂ ਆਈਆਂ ਅਤੇ ਸਭ ਤੋਂ ਅਖੀਰਲੀ ਕਾਰ ਵਿਚ ਸੰਤ ਜਰਨੈਲ ਸਿੰਘ ਇਕ ਉਚ ਪੁਲਿਸ ਅਧਿਕਾਰੀ ਜਰਨੈਲ ਸਿੰਘ ਚਾਹਲ ਨਾਲ ਬੈਠ ਗਏ। ਸੰਗਤ ਵਿਚੋਂ ਕੁਝ ਜਜ਼ਬਾਤੀ ਲੋਕ ਕਾਰ ਦੀ ਛੱਤ ਉਤੇ ਆ ਕੇ ਬੈਠ ਗਏ ਅਤੇ ਕਾਰ ਦੀ ਬੋਨਟ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗੀ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਬੈਠ ਗਏ । ਜਿਵੇਂ ਕਿਵੇਂ ਇਨ੍ਹਾਂ ਲੋਕਾਂ ਨੂੰ ਕਾਰ ਤੋਂ ਪਰ੍ਹੇ ਹਟਾਇਆ ਗਿਆ ਅਤੇ ਕਾਰ ਲੁਧਿਆਣੇ ਵੱਲ ਚੱਲ ਪਈ। ਇਸ ਵੇਲੇ ਤੱਕ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਹੋਈ ।

ਤਿੰਨ ਵਜੇ ਅਚਾਨਕ ਪੁਲਿਸ ਅਤੇ ਨਿਹੰਗ ਸਿੰਘਾਂ ਦੇ ਇਕ ਜਥੇ ਵਿਚਕਾਰ ਮੁਠਭੇੜ ਹੋ ਗਈ ਅਤੇ ਆਪਸ ਵਿਚ ਪਥਰਾਓ ਆਰੰਭ ਹੋ ਗਿਆ। ਪੁਲਿਸ ਵਲੋਂ ਪਥਰਾਓ ਵੇਖ ਕੇ ਨਿਹੰਗ ਸਿੰਘਾਂ ਨੇ ਪੁਲਿਸ ਦੀ ਕਨਟੀਨ ਵੈਨ ਨੂੰ ਅੱਗ ਲਾ ਦਿੱਤੀ । ਇਸ ਵਿਚ ਸ਼ਾਇਦ ਅਸਲ੍ਹਾ ਪਿਆ ਸੀ, ਜੋ ਅੱਗ ਲੱਗਣ ਨਾਲ ਫਟਣਾ ਸ਼ੁਰੂ ਹੋ ਗਿਆ। ਪੁਲਿਸ ਕਰਮਚਾਰੀਆਂ ਨੇ ਸਮਝਿਆ ਕਿ, ਗੋਲੀ ਚੱਲਣ ਲੱਗ ਪਈ ਹੈ। ਇਸ ਲਈ ਉਨ੍ਹਾਂ ਨੇ ਡਰ ਅਤੇ ਗ਼ਲਤਫਹਿਮੀ ਕਾਰਨ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਅਤੇ ਗੋਲੀ ਚਲਾਉਣ ਦਾ ਹੁਕਮ ਕਿਸੇ ਅਧਿਕਾਰਿਤ ਅਧਿਕਾਰੀ ਵਲੋਂ ਨਾ ਦਿੱਤਾ ਗਿਆ। ਪਹਿਲਾਂ ਉਨ੍ਹਾਂ ਨੇ ਹਵਾ ਵਿਚ ਫਾਇਰ ਕੀਤੇ ਪ੍ਰੰਤੂ ਬਾਅਦ ਵਿਚ ਮਾਰਨ ਲਈ ਫਾਇਰ ਕੀਤੇ ਗਏ (ਇੰਡੀਅਨ ਐਕਸਪ੍ਰੈਸ - ਚੰਡੀਗੜ੍ਹ ਐਡੀਸ਼ਨ - ਸਤੰਬਰ 21 , 1981 - ਪੰਨਾ 1) । ਮੌਕੇ ਤੇ ਵੱਡੀ ਗਿਣਤੀ ਵਿਚ ਡਿਊਟੀ ਮੈਜਿਸਟ੍ਰੇਟ ਮੌਜੂਦ ਸਨ ਪ੍ਰੰਤੂ ਕਿਸੇ ਨੇ ਵੀ ਗੋਲੀ ਚਲਾਉਣ ਦੇ ਹੁਕਮ ਤੇ ਦਸਤਖਤ ਨਾ ਕੀਤੇ । ਬਾਅਦ ਵਿਚ ਰਾਜ ਸ੍ਰਕਾਰ ਨੇ ਬਾਬਾ ਬਕਾਲਾ ਸਬ - ਡਵੀਜ਼ਨ ਦੇ ਐਸ. ਡੀ. ਐਮ. ਪਾਸੋਂ ਦਸਤਖਤ ਕਰਵਾਉਣ ਦਾ ਯਤਨ ਕੀਤਾ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਇਸ ਘੱਲੂਘਾਰੇ ਵਿਚ 12 ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਅਤੇ ਕਈ ਲਾਪਤਾ ਹੋ ਗਏ ਜੋ ਲਾਸ਼ਾਂ ਸੰਗਤ ਲਿਜਾ ਸਕੀ, ਉਹ ਟਰਾਲੀਆਂ ਆਦਿ ਵਿਚ ਪਾ ਕੇ ਲੈ ਗਈ। ਪ੍ਰੰਤੂ ਬਾਕੀਆਂ ਦਾ ਪੁਲਿਸ ਨੇ ਆਪ ਸਸਕਾਰ ਕਰ ਦਿੱਤਾ ਅਤੇ ਵਾਰਸਾਂ ਨੂੰ ਲਾਸ਼ਾਂ ਨਾਂ ਦਿੱਤੀਆਂ ਗਈਆਂ। ਪੁਲਿਸ ਨੇ ਇਸ ਘੱਲੂਘਾਰੇ ਵਿਚ ਮਾਰਕ II ਅਤੇ ਮਾਰਕ III ਦੀਆਂ ਸਟੇਨਗੰਨਾਂ ਅਤੇ 7.62 ਐਮ. ਐਮ. ਦੀਆਂ ਫੌਜੀ ਗੰਨਾਂ ਦੀ ਵਰਤੋਂ ਕੀਤੀ। ਪੁਲਿਸ ਦਾ ਕਹਿਣਾ ਹੈ ਕਿ ਲਗਭਗ 30 ਨਿਹੰਗ ਸਿੰਘ ਨੰਗੀਆਂ ਤਲਵਾਰਾਂ ਲੈ ਕੇ ਉਨ੍ਹਾਂ ਵੱਲ ਵਧੇ ਅਤੇ ਪੁਲਿਸ ਕਰਮਚਾਰੀਆਂ ਤੇ ਹਮਲਾ ਕਰ ਦਿੱਤਾ । ਇਕ ਪੁਲਿਸ ਵਾਲੇ ਦੀ ਬਾਂਹ ਵੱਢੀ ਗਈ। ਇਸ ਕਾਰਨ ਪੁਲਿਸ ਨੇ ਸਵੈ - ਰੱਖਿਆ ਵਿਚ ਫਾਇਰਿੰਗ ਕੀਤੀ । ਪ੍ਰੰਤੂ ਇੰਜ ਲਗਦਾ ਹੈ ਕਿ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚੋਂ ਨਿਕਲੀ ਸੰਗਤ ਦੀ ਭਾਰੀ ਗਿਣਤੀ ਨੇ ਪੁਲਿਸ ਨੂੰ ਘਬਰਾਹਟ ਵਿਚ ਪਾ ਦਿੱਤਾ ਪੁਲਿਸ ਦਾ ਵਿਚਾਰ ਸੀ ਕਿ ਸੰਗਤ ਗੁੱਸੇ ਵਿਚ ਆ ਕੇ ਪੁਲਿਸ ਤੇ ਹਮਲਾ ਕਰਨ ਲੱਗੀ ਹੈ



Digitized by Panjab Digital Library | www.panjabdigilib.org

ਅਤੇ ਇਸੇ ਭਾਜੜ ਵਿਚ ਪੁਲਿਸ ਨੇ ਗੋਲੀ ਚਲਾਈ। ਚੌਕ ਮਹਿਤਾ ਵਿਚ ਗੋਲੀ ਕਾਂਡ ਵਿਚ ਅਨੇਕ ਸਿੱਖਾਂ ਦੇ ਫੱਟੜ ਅਤੇ 12 ਦੇ ਸ਼ਹੀਦ ਹੋਣ ਕਾਰਨ ਸਿੱਖ ਜਨਤਾ ਵਿਚ ਸਰਕਾਰ ਵਿਰੁੱਧ ਰੋਹ ਹੋਰ ਵੀ ਵਧ ਗਿਆ।

20 ਸਤੰਬਰ ਦੀ ਰਾਤ ਨੂੰ ਹੀ ਜਲੰਧਰ ਵਿਚ ਚੌਕ ਮਹਿਤਾ ਦੇ ਘੱਲੂਘਾਰੇ ਦੇ ਪ੍ਰਤੀਕਰਮ ਵਜੋਂ ਤਿੰਨ ਨੌਜੁਆਨ ਸਿੱਖ ਮੋਟਰ ਸਾਈਕਲ ਤੇ ਆਏ ਅਤੇ ਜਗੂ ਚੌਕ, ਲਾਲ ਬਾਜ਼ਾਰ, ਗੁੜ ਮੰਡੀ, ਫੁੱਟਬਾਲ ਚੌਕ ਆਦਿ ਦੇ ਰਸਤੇ ਹੁੰਦੇ ਹੋਏ ਸ਼ਹਿਰ ਵਿਚ ਗੋਲੀਆਂ ਚਲਾਉਂਦੇ ਚਲੇ ਗਏ। ਇਸ ਘਟਨਾ ਵਿਚ ਇਕ ਵਿਅਕਤੀ ਮੌਕੇ ਤੇ ਅਤੇ ਤਿੰਨ ਵਿਅਕਤੀ ਬਾਅਦ ਵਿਚ ਹਸਪਤਾਲ ਜਾ ਕੇ ਦਮ ਤੋੜ ਗਏ। ਇਸ ਤੋਂ ਅਗਲੇ ਦਿਨ ਰਾਤ ਨੂੰ ਕੁਝ ਕੁ ਜਜ਼ਬਾਤੀ ਸਿੱਖਾਂ ਨੇ ਤਰਨ ਤਾਰਨ ਵਿਖੇ ਗੋਲੀ ਚਲਾਈ, ਜਿਸ ਨਾਲ ਇਕ ਵਿਅਕਤੀ ਮਾਰਿਆ ਗਿਆ। ਪ੍ਰਤੱਖ ਤੌਰ ਤੇ ਇਹ ਘਟਨਾਵਾਂ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਕਾਰਨ ਸਿੱਖ ਸੰਗਤਾਂ ਵਿਚ ਪੈਦਾ ਹੋਏ ਰੋਹ ਦਾ ਸਿੱਟਾ ਸਨ। ਏਨਾ ਹੀ ਨਹੀਂ, ਇਹ ਘਟਨਾਵਾਂ ਇੱਕਾ ਦੁੱਕਾ ਪ੍ਰਤੀਤ ਨਹੀਂ ਸਨ ਹੁੰਦੀਆਂ, ਸਗੋਂ ਇਕ ਜਥੇਬੰਦ ਅਤੇ ਵਿਉਂਤਬੱਧ ਢੰਗ ਨਾਲ ਹੋਈਆਂ ਜਾਪਦੀਆਂ ਸਨ। ਇਨ੍ਹੀਂ ਹੀ ਦਿਨੀਂ ਰੇਲਵੇ ਲਾਈਨਾਂ ਦੀਆਂ ਜੋੜ ਪੱਟੀਆਂ ਉਖਾੜਨ ਅਤੇ ਰੇਲ ਹਾਦਸੇ ਕਰਵਾਉਣ ਦੇ ਯਤਨ ਵੀ ਕੀਤੇ ਗਏ। ਸਭ ਤੋਂ ਵੱਡਾ ਅਜੇਹਾ ਰੇਲ ਹਾਦਸਾ ਅੰਮ੍ਰਿਤਸਰ - ਜਲੰਧਰ ਲਾਈਨ ਤੇ ਹੋਣ ਤੋਂ ਬਚਿਆ, ਪ੍ਰੰਤੂ ਫਿਰ ਵੀ ਮਾਲ ਗੱਡੀ ਦੇ ਕਈ ਡੱਬੇ ਉਲਟ ਗਏ। ਇਹ ਘਟਨਾਵਾਂ 10 ਸਤੰਬਰ ਤੋਂ ਲੈ ਕੇ 20 ਸਤੰਬਰ ਤੱਕ ਪੰਜਾਬ ਦੇ ਗ਼ੈਰ - ਸਿੱਖ ਤਬਕੇ ਵਲੋਂ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕਰਵਾਉਣ ਦੇ ਯਤਨਾਂ ਦਾ ਪ੍ਰਤੀਕਰਮ ਵੀ ਸਨ ਅਤੇ ਸੰਤ ਜਰਨੈਲ ਸਿੰਘ ਦੀ ਬਿਨਾਂ ਸ਼ਰਤ ਰਿਹਾਈ ਲਈ ਦਬਾਅ ਪਾਉਣ ਦਾ ਸਾਧਨ ਵੀ। ਇਹੋ ਕਾਰਨ ਸੀ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਘਟਨਾਵਾਂ ਦੀ ਜਾਂਚ ਵੀ ਇਸ਼ ਪਰਿ - ਕਲਪਨਾ ਦੇ ਆਧਾਰ ਤੇ ਹੀ ਕੀਤੀ ਗਈ ਕਿ ਇਹ ਸੰਤ ਜਰਨੈਲ ਸਿੰਘ ਦੇ ਸਹਿਯੋਗੀਆਂ ਦੀਆਂ ਹੀ ਕਾਰਵਾਈਆਂ ਸਨ ਅਤੇ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਹੋਣ ਵਾਲੇ ਬੰਬ ਧਮਾਕਿਆਂ ਲਈ ਬੰਬ ਵੀ ਦਮਦਮੀ ਟਕਸਾਲ ਦੇ ਮੁੱਖ ਅਸਥਾਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਹੀ ਉਪਲਬਧ ਕਰਵਾਏ ਜਾਂਦੇ ਸਨ। ਪੰਜਾਬ ਸਰਕਾਰ ਵਲੋਂ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਗਿਆ ਕਿ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਵਿਖੇ ਦੇਸੀ ਬੰਬ ਬਣਾਉਣ ਦਾ ਕਾਰਖਾਨਾ ਲੱਗਾ ਹੋਇਆ ਸੀ।

1980 - 81 ਈ: ਵਿਚ ਪੰਜਾਬ ਵਿਚ ਖਾਲਿਸਤਾਨ ਲਹਿਰ ਦੇ ਸਮਰਥਕਾਂ ਨੇ ਆਪਣੀਆਂ ਸਰਗਰਮੀਆਂ ਤੇਜ਼ ਕੀਤੀਆਂ ਸਨ। ਇਸ ਮੰਤਵ ਲਈ ਵੱਖ ਵੱਖ ਜਥੇਬੰਦੀਆਂ ਕੰਮ ਕਰ ਰਹੀਆਂ ਸਨ। ਇਨ੍ਹਾਂ ਵਿਚੋਂ ਹੀ ਇਕ ਜਥੇਬੰਦੀ ਦਲ ਖਾਲਸਾ ਅਤੇ ਦੂਜੀ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਸੀ।

('ਦਲ ਖਾਲਸਾ' ਦੀ ਸਥਾਪਨਾ ਅਸਲ ਵਿਚ ਅਪ੍ਰੈਲ 1978 ਦੇ ਸਿੱਖ - ਨਿਰੰਕਾਰੀ ਸਾਕੇ ਪਿੱਛੋਂ ਚੰਡੀਗੜ੍ਹ ਦੇ 35 ਸੈਕਟਰ ਦੇ ਅਕਾਲਗੜ੍ਹ ਗੁਰਦੁਆਰੇ ਵਿਖੇ 6 ਅਗਸਤ, 1978 ਨੂੰ ਕੀਤੀ ਗਈ ਸੀ ਅਤੇ ਇਸ ਦੀ ਪੰਜ ਮੈਂਬਰੀ ਸੁਪਰੀਮ ਪੰਚਾਇਤ ਬਣਾਈ ਗਈ ਸੀ, ਜਿਸ ਨੇ ਜਥੇਬੰਦੀ ਦਾ ਸੰਚਾਲਨ ਕਰਨਾ ਸੀ। 20 ਮਾਰਚ 1981 ਨੂੰ ਆਨੰਦਪੁਰ ਸਾਹਿਬ ਵਿਖੇ ਇਕ ਕਨਵੈਨਸ਼ਨ ਕਰਕੇ ਦਲ ਖਾਲਸਾ ਨੇ ਖਾਲਿਸਤਾਨ ਦੇ 'ਝੰਡੇ' ਨੂੰ ਸਲਾਮੀ ਦਿੱਤੀ ਸੀ ਅਤੇ ਪ੍ਰਸਤਾਵਿਤ ਖਾਲਿਸਤਾਨ ਦਾ ਨਕਸ਼ਾ ਜਾਰੀ ਕੀਤਾ ਸੀ। ਇਸ ਜਥੇਬੰਦੀ ਤੇ ਇਹ ਦੋਸ਼ ਵੀ ਲਗਦਾ ਆਇਆ ਹੈ ਕਿ ਇਸ ਨੂੰ ਕਾਂਗਰਸ (ਇ) ਤੋਂ 1979 ਵਿਚ ਇਸ ਲਈ ਸਹਾਇਤਾ ਮਿਲੀ ਕਿ, ਰਾਜ ਵਿਚ ਸ਼੍ਰੋਮਣੀ ਅਕਾਲ ਦਲ ਦੀ ਅਗਵਾਈ ਵਿਚ ਪੰਜਾਬੀ ਹਿੰਦੂਆਂ ਦੀ ਪ੍ਰਤੀਨਿਧ ਜਨਤਾ ਪਾਰਟੀ ਦੀ ਭਾਈਵਾਲੀ ਨਾਲ ਚੱਲ ਰਹੀ ਸਰਕਾਰ ਨੂੰ ਪ੍ਰੇਸ਼ਾਨ ਕੀਤਾ ਜਾ ਸਕੇ। ਇਸ ਵੇਲੇ ਦਲ ਖਾਲਸਾ ਦੇ ਮੁਖ ਪੰਚ ਹਰਸਿਮਰਨ ਸਿੰਘ ਤਿਹਾੜ ਜੇਲ੍ਹ, ਦਿੱਲੀ ਵਿਖੇ



Digitized by Panjab Digital Library | www.panjabdigilib.org

ਨਜ਼ਰਬੰਦ ਹਨ ਅਤੇ ਜਥੇਬੰਦੀ ਉਤੇ ਪਾਬੰਦੀ ਲੱਗ ਚੁੱਕੀ ਹੈ।

'ਨੈਸ਼ਨਲ ਕੌਂਸਲ ਆਫ ਖਾਲਿਸਤਾਨ' ਡਾ. ਜਗਜੀਤ ਸਿੰਘ ਨੇ 1978 ਈ: ਵਿਚ ਸਥਾਪਿਤ ਕੀਤੀ ਸੀ ਅਤੇ ਸ. ਬਲਬੀਰ ਸਿੰਘ ਸੰਧੂ ਇਸ ਦੇ ਸਕੱਤਰ - ਜਨਰਲ ਥਾਪੇ ਗਏ ਸਨ। ਡਾਕਟਰ ਜਗਜੀਤ ਸਿੰਘ ਟਾਂਡਾ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਰਹਿਣ ਵਾਲੇ ਹਨ ਅਤੇ ਕਿੱਤੇ ਤੋਂ ਡਾਕਟਰ ਹਨ। ਉਹ ਆਰੰਭ ਤੋਂ ਹੀ ਕ੍ਰਾਂਤੀਕਾਰੀ ਸੁਭਾ ਦੇ ਹਨ। 1967 ਈ: ਵਿਚ ਪੰਜਾਬੀ ਸੂਬਾ ਬਨਣ ਉਪਰੰਤ ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਬਣੇ। ਇਸ ਉਪਰੰਤ ਸ. ਲਛਮਣ ਸਿੰਘ ਗਿੱਲ ਵਲੋਂ ਕਾਂਗ੍ਰਸ ਵਿਧਾਨਕਾਰਾਂ ਦੀ ਸਹਾਇਤਾ ਨਾਲ ਬਣਾਈ ਸਰਕਾਰ ਵਿਚ ਉਹ ਵਿਤ ਮੰਤਰੀ ਬਣੇ। ਡਾਕਟਰ ਜਗਜੀਤ ਸਿੰਘ, ਲਛਮਣ ਸਿੰਘ ਗਿੱਲ ਦੀ ਸਰਕਾਰ ਟੁੱਟਣ ਉਪਰੰਤ ਵੀ ਬਹੁਤੀ ਦੇਰ ਰਾਜਨੀਤਕ ਤੌਰ ਤੇ ਅਣਗੌਲੇ ਨਹੀਂ ਰਹੇ ਅਤੇ ਆਪਣੀ ਰਾਜਸੀ ਚਤੁਰਾਈ ਕਾਰਨ ਮੁੜ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਨਿਯੁਕਤ ਹੋ ਗਏ। 1971 ਈ: ਵਿਚ ਪੰਜਾਬ ਵਿਚ ਹੋਈ ਰਾਜਸੀ ਉਥਲ ਪੁਥਲ ਦੌਰਾਨ ਹੀ ਉਹ ਇੰਗਲੈਂਡ ਚਲੇ ਗਏ ਅਤੇ 'ਖਾਲਿਸਤਾਨ' ਦਾ ਪ੍ਰਚਾਰ ਆਰੰਭ ਕਰ ਦਿੱਤਾ। ਉਸ ਵੇਲੇ 'ਖਾਲਿਸਤਾਨ' ਦਾ ਨਾਅਰਾ ਦੇਣ ਵਾਲੇ ਉਹ ਆਪੇ ਬਣੇ ਇਕੱਲੇ ਨੇਤਾ ਸਨ। ਡਾਕਟਰ ਜਗਜੀਤ ਸਿੰਘ 1971 ਦੀ ਭਾਰਤ - ਪਾਕਿਸਤਾਨ ਜੰਗ ਦੌਰਾਨ ਪਾਕਿਸਤਾਨ ਵੀ ਗਏ। ਭਾਰਤ ਸਰਕਾਰ ਵਲੋਂ ਉਨ੍ਹਾਂ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ। 1972 ਤੋਂ 1977 ਤੱਕ ਉਹ ਭਾਰਤ ਅਤੇ ਪੰਜਾਬ ਦੀ ਰਾਜਨੀਤੀ ਵਿਚ ਭਾਵੇਂ ਆਪਣਾ ਬਹੁਤਾ ਪ੍ਰਭਾਵ ਨਾ ਛੱਡ ਸਕੇ ਪ੍ਰੰਤੂ ਕੌਮਾਂਤਰੀ ਪੱਧਰ ਉਤੇ ਉਨ੍ਹਾਂ ਨੇ ਆਪਣੇ ਸੰਪਰਕ ਵਿਚ ਵਾਧਾ ਜਾਰੀ ਰੱਖਿਆ। ਐਮਰਜੈਂਸੀ ਦੌਰਾਨ ਉਨ੍ਹਾਂ ਨੇ ਸ਼੍ਰੀਮਤੀ ਗਾਂਧੀ ਦੇ ਨਿਰੰਕੁਸ਼ ਸ਼ਾਸ਼ਨ ਦਾ ਪੱਛਮੀ ਦੇਸ਼ਾਂ ਵਿਚ ਡਟ ਕੇ ਵਿਰੋਧ ਕੀਤਾ, ਜਿਸ ਕਾਰਨ 1977 ਦੀਆਂ ਚੋਣਾਂ ਪਿੱਛੋਂ ਬਣੀ ਜਨਤਾ ਸਰਕਾਰ ਨੇ ਉਨ੍ਹਾਂ ਨੂੰ ਭਾਰਤ ਆਉਣ ਦੀ ਆਗਿਆ ਦੇ ਦਿੱਤੀ। ਪੰਜਾਬ ਆ ਕੇ ਉਨ੍ਹਾਂ ਨੇ 'ਖਾਲਿਸਤਾਨ' ਦੀ ਮੰਗ ਦਾ ਝੰਡਾ ਬੁਲੰਦ ਰੱਖਿਆ ਅਤੇ ਉਨ੍ਹਾਂ ਦਾ ਪ੍ਰਗਟ ਰੂਪ ਵਿਚ ਮੁਖ ਮਨੋਰਥ ਵੀ 'ਦਲ ਖਾਲਸਾ' ਵਾਂਗ ਰਾਜ ਵਿਚ ਸਿੱਖ ਜਜ਼ਬਾਤਾਂ ਨੂੰ ਟੁੰਬਣ ਵਾਲੇ ਨਾਅਰੇ ਲਾ ਕੇ ਸਿੱਖਾਂ ਦੇ ਜੁਝਾਰੂਪਣੇ ਨੂੰ ਪ੍ਰਗਟ ਕਰਨਾ ਸੀ ਤਾਂ ਜੋ ਪੰਜਾਬ ਦੇ ਹਿੰਦੂਆਂ ਵਿਚ ਇਹ ਪ੍ਰਭਾਵ ਦੇ ਕੇ ਉਨ੍ਹਾਂ ਨੂੰ ਅਕਾਲੀ ਦਲ ਤੋਂ ਦੂਰ ਕੀਤਾ ਜਾਏ ਕਿ ਅਕਾਲੀ ਸ਼ਾਸਨ ਵਿਚ ਸਿੱਖ ਜੁਝਾਰੂਪਣੇ ਨੂੰ ਕਾਬੂ ਵਿਚ ਨਹੀਂ ਰੱਖਿਆ ਜਾ ਸਕਦਾ। ਉਸ ਵੇਲੇ ਕਿਸੇ ਨੇ ਡਾਕਟਰ ਜਗਜੀਤ ਸਿੰਘ ਅਤੇ ਉਨ੍ਹਾਂ ਦੇ ਨਾਅਰੇ ਨੂੰ ਗੰਭੀਰਤਾ ਨਾਲ ਨਾ ਲਿਆ ਅਤੇ ਉਹ ਮੁੜ ਵਿਦੇਸ਼ੀ ਦੌਰੇ ਉਤੇ ਰਵਾਨਾ ਹੋ ਗਏ। ਅੱਜਕੱਲ ਡਾਕਟਰ ਜਗਜੀਤ ਸਿੰਘ ਲੰਡਨ ਵਿਖੇ ਪ੍ਰਵਾਸ ਕਰ ਰਹੇ ਹਨ ਅਤੇ ਭਾਰਤ ਸਰਕਾਰ ਨੇ ਉਨ੍ਹਾਂ ਦਾ ਪਾਸਪੋਰਟ ਮੁੜ ਜ਼ਬਤ ਕਰ ਰੱਖਿਆ ਹੈ।

ਸ. ਬਲਬੀਰ ਸਿੰਘ ਸੰਧੂ ਭੂਤਪੂਰਵ ਕੇਂਦ੍ਰੀ ਮੰਤਰੀ ਅਤੇ ਲੋਕ ਸਭਾ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਦੇ ਨਿਕਟਵਰਤੀ ਹਨ। ਉਹ ਕਈ ਸਾਲ ਤੱਕ ਭਾਰਤ ਸੇਵਕ ਸਮਾਜ ਦੇ ਸਰਗਰਮ ਸਦਸਯ ਅਤੇ ਪੰਜਾਬ ਪੰਚਾਇਤੀ ਰਾਜ ਟਰੇਨਿੰਗ ਕੇਂਦਰ, ਜਲੰਧਰ ਦੇ ਪ੍ਰਿੰਸੀਪਲ ਰਹੇ। ਸ. ਬਲਬੀਰ ਸਿੰਘ ਸੰਧੂ ਇਕ ਚੰਗੇ ਲੇਖਕ ਹਨ ਅਤੇ ਉਨ੍ਹਾਂ ਨੇ ਇਕ ਮਹਾਂ - ਕਾਵਿ ਸਮੇਤ ਕਈ ਪੁਸਤਕਾਂ, ਜਿਨ੍ਹਾਂ ਵਿਚ ਨਾਵਲ ਤੇ ਨਿਬੰਧ ਸ਼ਾਮਲ ਹਨ, ਰਚੀਆਂ। ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ 'ਤੇ ਧੂਲ ਉਡਦੀ ਰਹੀ', 'ਮੌਤ ਦੀ ਛਾਂ ਹੇਠ' ਅਤੇ 'ਜਬੈ ਬਾਣ ਲਾਗੈ' ਹਨ। ਤਰਨਤਾਰਨ ਦੇ ਵਸਨੀਕ ਸ. ਬਲਬੀਰ ਸਿੰਘ ਸੰਧੂ, ਡਾਕਟਰ ਜਗਜੀਤ ਸਿੰਘ ਨਾਲ ਸੰਪਰਕ 1950-60 ਦੇ ਦਹਾਕੇ ਵਿਚ ਹੋਣ ਦਾ ਦਾਅਵਾ ਕਰਦੇ ਹਨ ਪ੍ਰੰਤੂ ਪ੍ਰਤੱਖ ਤੌਰ ਤੇ ਉਨ੍ਹਾਂ ਦੀ ਆਪਸੀ ਨੇੜਤਾ 1978 ਵਿਚ ਵਧੀ, ਜਦੋਂ ਦੋਹਾਂ ਨੇ 'ਨੈਸ਼ਨਲ ਕੌਂਸਲ ਆਫ ਖਾਲਿਸਤਾਨ' ਦੇ ਨਾਂ ਹੇਠ ਦਿਲਕੁਸ਼ਾ ਮਾਰਕੀਟ, ਜਲੰਧਰ ਵਿਖੇ ਦਫਤਰ ਕਾਇਮ ਕੀਤਾ। ਡਾ. ਜਗਜੀਤ ਸਿੰਘ ਦੇ ਵਿਦੇਸ਼ ਜਾਣ ਪਿੱਛੋਂ ਸ. ਬਲਬੀਰ ਸਿੰਘ ਸੰਧੂ ਨੇ ਆਪਣੇ ਨਿਕਟਵਰਤੀਆਂ ਸ. ਰਾਮ ਸਿੰਘ ਬਿਆੜਾ ਅਤੇ ਮਾਸਟਰ ਹਜ਼ਾਰਾ ਸਿੰਘ ਨਾਲ ਮਿਲ ਕੇ 'ਖਾਲਿਸਤਾਨ' ਦਾ ਬਥੇਰਾ ਪ੍ਰਚਾਰ ਕੀਤਾ। ਇਸ ਜਥੇਬੰਦੀ ਦਾ ਕੋਈ ਵੀ ਮੈਂਬਰ ਗ੍ਰਿਫਤਾਰ ਨਹੀਂ ਹੋਇਆ। 'ਨੈਸ਼ਨਲ ਕੌਂਸਲ ਆਫ ਖਾਲਿਸਤਾਨ' ਉਤੇ 1982 ਵਿਚ 'ਦਲ ਖਾਲਸਾ' ਦੇ ਨਾਲ ਹੀ ਭਾਰਤ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ ਅਤੇ ਸ. ਬਲਬੀਰ ਸਿੰਘ ਸੰਧੂ ਰੂਪੋਸ਼ ਹੋ ਕੇ ਗੁਪਤ ਤੌਰ ਤੇ ਆਪਣੇ ਮਿਸ਼ਨ ਲਈ ਸਰਗਰਮ ਹਨ।)

ਸੰਤ ਜਰਨੈਲ ਸਿੰਘ ਨੂੰ ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਮਿਲਤ



Digitized by Panjab Digital Library | www.panjabdigilib.org

ਕਰਨ, ਉਨ੍ਹਾਂ ਦੀ ਗ੍ਰਿਫਤਾਰੀ ਅਤੇ ਉਸ ਪਿੱਛੋਂ ਹੋਈਆਂ ਘਟਨਾਵਾਂ ਕਾਰਨ ਸਿੱਖ ਜਨਤਾ ਵਿਚ ਧਾਰਮਿਕ ਜਾਗ੍ਰਿਤੀ ਅਤੇ ਪੁਨਰ - ਉਥਾਨ ਦੇ ਆਏ ਉਭਾਰ ਤੋਂ ਇਨ੍ਹਾਂ ਜਥੇਬੰਦੀਆਂ ਨੇ ਲਾਭ ਉਠਾਉਣਾ ਚਾਹਿਆ ਤਾਂ ਜੋ ਉਨ੍ਹਾਂ ਦੀ ਖਾਲਿਸਤਾਨ ਦੀ ਮੰਗ ਦਾ ਵੱਧ ਤੋਂ ਵੱਧ ਪ੍ਰਚਾਰ ਹੋ ਸਕੇ । ਪੰਜਾਬ ਵਿਚ ਅਣਜਾਨ ਸਰਕਾਰੀ ਅਧਿਕਾਰੀਆਂ ਅਤੇ ਗ਼ੈਰ - ਸਿੱਖ ਅਖ਼ਬਾਰਾਂ ਵਲੋਂ ਪਹਿਲਾਂ ਹੀ ਖਾਲਿਸਤਾਨ ਦੀ ਮੰਗ ਕਰ ਰਹੀਆਂ ਉਪਰੋਕਤ ਜਥੇਬੰਦੀਆਂ ਨੂੰ ਸਿੱਖ ਸਿਧਾਂਤਵਾਦ ਨਾਲ ਜੋੜਿਆ ਜਾ ਰਿਹਾ ਸੀ । ਇਸ ਦੇ ਨਾਲ ਹੀ ਆਮ ਸਿੱਖਾਂ ਦਾ ਵਿਚਾਰ ਸੀ ਕਿ, ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਨਾਲ ਸਿੱਖਾਂ ਦੇ ਆਤਮ - ਸਨਮਾਨ ਨੂੰ ਧੱਕਾ ਲੱਗਾ ਸੀ, ਜਿਸ ਨੂੰ ਬਹਾਲ ਕਰਵਾਉਣਾ ਜ਼ਰੂਰੀ ਸੀ । ਇਸ ਲਈ ਦਲ ਖਾਲਸਾ ਦੇ ਪੰਜ ਪ੍ਰਮੁੱਖ ਕਾਰਕੁੰਨਾਂ ਨੇ 29 ਸਤੰਬਰ ਨੂੰ ਦਿੱਲੀ ਤੋਂ ਸ੍ਰੀਨਗਰ ਬਰਾਸਤਾ ਅੰਮ੍ਰਿਤਸਰ ਜਾਂਦਾ ਹੋਇਆ ਇੰਡੀਅਨ ਏਅਰਲਾਈਨਜ਼ ਦਾ ਬੋਇੰਗ ਜਹਾਜ਼ ਅਗਵਾ ਕਰ ਲਿਆ ਅਤੇ ਉਸ ਦੇ ਚਾਲਕ ਨੂੰ ਹਵਾਈ ਜਹਾਜ਼ ਲਾਹੌਰ ਹਵਾਈ ਅੱਡੇ ਤੇ ਉਤਾਰਨ ਲਈ ਮਜ਼ਬੂਰ ਕਰ ਦਿੱਤਾ । ਇਹ ਪੰਜ ਸਿੱਖ ਗਜਿੰਦਰ ਸਿੰਘ, ਕਰਨ ਸਿੰਘ, ਤਜਿੰਦਰ ਪਾਲ ਸਿੰਘ, ਜਸਬੀਰ ਸਿੰਘ ਅਤੇ ਸਤਿਨਾਮ ਸਿੰਘ ਸਨ ।

(ਗਜਿੰਦਰ ਸਿੰਘ ਚੰਡੀਗੜ੍ਹ ਦਾ ਸਿੱਖਿਅਤ ਨੌਜਵਾਨ ਅਤੇ ਦਲ ਖਾਲਸਾ ਦਾ ਪੰਚ ਹੈ; ਗਜਿੰਦਰ ਸਿੰਘ ਇਕ ਚੰਗਾ ਲੇਖਕ ਵੀ ਹੈ ਅਤੇ ਉਸ ਨੇ 'ਪੰਜ ਤੀਰ ਹੋਰ', 'ਗੰਗੂ ਦੀ ਰੂਹ' ਅਤੇ 'ਵਸੀਅਤਨਾਮਾ' ਵਰਗੀਆਂ ਕ੍ਰਾਂਤੀਕਾਰੀ ਪੁਸਤਕਾਂ ਲਿਖੀਆਂ; ਜਿਨ੍ਹਾਂ ਉਤੇ ਸਰਕਾਰ ਨੇ ਪਾਬੰਦੀ ਲਾ ਦਿੱਤੀ । ਕਰਨ ਸਿੰਘ ਜੰਮੂ, ਤਜਿੰਦਰ ਪਾਲ ਸਿੰਘ ਜਲੰਧਰ ਅਤੇ ਸਤਿਨਾਮ ਸਿੰਘ ਪਾਉਂਟਾ ਸਾਹਿਬ ਨਾਲ ਸੰਬੰਧ ਰੱਖਦਾ ਹੈ; ਕੇਵਲ ਜਸਬੀਰ ਸਿੰਘ ਹੀ ਸਭ ਤੋਂ ਬਜ਼ੁਰਗ (ਆਯੂ 55 ਸਾਲ) ਹੈ ਅਤੇ ਉਹ ਪੰਜਾਬ ਐਂਡ ਸਿੰਧ ਬੈਂਕ, ਰੋਪੜ ਵਿਖੇ ਹਥਿਆਰਬੰਦ ਚੌਂਕੀਦਾਰ ਵਜੋਂ ਕੰਮ ਕਰਦਾ ਸੀ ।)

ਉਨ੍ਹਾਂ ਨੇ ਆਪਣੀਆਂ ਮੰਗਾਂ ਪਾਕਿਸਤਾਨੀ ਅਧਿਕਾਰੀਆਂ ਨੂੰ ਦੇ ਦਿੱਤੀਆਂ । ਇਧਰ ਉਸੇ ਦਿਨ ਸ਼ਾਮ ਨੂੰ ਦਲ ਖਾਲਸਾ ਦੇ ਮੁਖ ਪੰਚ ਸ. ਹਰਸਿਮਰਨ ਸਿੰਘ ਨੇ ਗੁਰੂ ਨਾਨਕ ਨਿਵਾਸ, ਅੰਮ੍ਰਿਤਸਰ ਵਿਖੇ ਇਕ ਪ੍ਰੈਸ ਕਾਨਫਰੰਸ ਕਰਕੇ ਹਵਾਈ ਜਹਾਜ਼ ਅਗਵਾ ਕਰਨ ਦੀ ਜ਼ਿੰਮੇਵਾਰੀ ਜਥੇਬੰਦੀ ਸਿਰ ਲੈ ਲਈ ਅਤੇ ਮੰਗਾਂ ਦਾ ਐਲਾਨ ਕਰ ਦਿੱਤਾ । ਹਵਾਈ ਜਹਾਜ਼ ਛੱਡਣ ਲਈ ਜੋ ਸ਼ਰਤਾਂ ਰੱਖੀਆਂ ਗਈਆਂ ਸਨ, ਉਨ੍ਹਾਂ ਵਿਚੋਂ ਪਹਿਲੀ ਇਹ ਸੀ ਕਿ, ਸੰਤ ਜਰਨੈਲ ਸਿੰਘ 'ਖਾਲਸਾ' ਨੂੰ 30 ਸਤੰਬਰ ਸਵੇਰੇ 8 ਵਜੇ ਬਿਨਾਂ ਸ਼ਰਤ ਰਿਹਾ ਕਰ ਦਿੱਤਾ ਜਾਏ; ਚੌਕ ਮਹਿਤਾ ਵਿਖੇ ਪੁਲਿਸ ਐਕਸ਼ਨ ਵਿਚ ਸ਼ਹੀਦ ਹੋਏ ਸਿੱਖਾਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਰੁਪਏ ਪ੍ਰਤੀ ਪਰਵਾਰ ਦੇ ਹਿਸਾਬ ਨਾਲ ਸਹਾਇਤਾ ਦਿੱਤੀ ਜਾਵੇ । ਇਸ ਤੋਂ ਛੁੱਟ ਉਨ੍ਹਾਂ ਨੇ ਖਾਲਿਸਤਾਨ ਦੀ ਸਥਾਪਤੀ ਲਈ ਭਾਰਤ ਸਰਕਾਰ ਨਾਲ ਪਾਕਿਸਤਾਨ ਦੇ ਪ੍ਰਧਾਨ ਜਨਰਲ ਜ਼ਿਆ - ਉਲ - ਹੱਕ ਰਾਹੀਂ ਗੱਲਬਾਤ ਕਰਨ ਦੀ ਵੀ ਮੰਗ ਕੀਤੀ ਸੀ । ਇਸ ਜਹਾਜ਼ ਵਿਚ ਅਮਲੇ ਦੇ 6 ਵਿਅਕਤੀਆਂ ਸਮੇਤ 117 ਯਾਤਰੂ ਸਨ । 30 ਸਤੰਬਰ ਸਵੇਰ ਨੂੰ ਪਾਕਿਸਤਾਨੀ ਛਾਪਾਮਾਰ ਸੈਨਿਕਾਂ ਨੇ ਦਲ ਖਾਲਸਾ ਦੇ ਇਨ੍ਹਾਂ ਕਾਰਕੁੰਨਾਂ ਦੇ ਹੱਥੋਂ ਹਵਾਈ ਜਹਾਜ਼ ਛੁਡਾ ਲਿਆ ਅਤੇ ਯਾਤਰੂ ਰਿਹਾ ਕਰਵਾ ਲਏ । ਭਾਰਤ ਅਤੇ ਪੰਜਾਬ ਸਰਕਾਰ ਵਲੋਂ ਅਜਿਹੀਆਂ ਸ਼ਰਤਾਂ ਅਧੀਨ ਸੰਤ ਜਰਨੈਲ ਸਿੰਘ ਨਾ ਤਾਂ ਬਿਨਾਂ ਸ਼ਰਤ ਰਿਹਾ ਕੀਤੇ ਜਾਣੇ ਸਨ ਅਤੇ ਨਾ ਹੀ ਕੀਤੇ ਗਏ; ਪ੍ਰੰਤੂ ਦਲ ਖਾਲਸਾ ਦੇ ਇਹ ਮੈਂਬਰ ਸੰਤ ਜਰਨੈਲ ਸਿੰਘ ਨੂੰ ਕਤਲ ਕੇਸ ਵਿਚ ਅਜਾਈਂ ਫਸਾਉਣ ਦੀ ਸਰਕਾਰ ਦੀ ਚਾਲ ਅਤੇ ਖਾਲਿਸਤਾਨ ਦੀ ਮੰਗ ਦੇ ਪ੍ਰਚਾਰ ਦਾ ਕੌਮਾਂਤ੍ਰੀਕਰਨ ਕਰਨ ਵਿਚ ਸਫਲ ਹੋ ਗਏ । ਇਹ ਵੱਖਰੀ ਗੱਲ ਹੈ ਕਿ ਇਸ ਘਟਨਾ ਨਾਲ ਖਾਲਿਸਤਾਨ ਦੀ ਲਹਿਰ ਨੂੰ ਉਤਸ਼ਾਹ ਮਿਲਿਆ ਪ੍ਰੰਤੂ ਭਾਰਤ ਅਤੇ ਪੰਜਾਬ ਸਰਕਾਰ ਦੀਆਂ ਨਜ਼ਰਾਂ ਵਿਚ ਸੰਤ ਜਰਨੈਲ ਸਿੰਘ ਨਾ ਕੇਵਲ ਸਿਧਾਂਤਵਾਦੀ ਲਹਿਰ ਦੇ ਮੁਖੀ ਰਹਿ ਗਏ, ਸਗੋਂ



Digitized by Panjab Digital Library | www.panjabdigilib.org

ਇਕ ਅਜਿਹੇ ਨੇਤਾ ਵਜੋਂ ਵੀ ਉਭਰੇ, ਜਿਨ੍ਹਾਂ ਵੱਲ ਖਾਲਿਸਤਾਨ ਦੀ ਮੰਗ ਕਰਨ ਵਾਲੇ ਆਸ ਭਰੀ ਨਜ਼ਰ ਨਾਲ ਵੇਖ ਸਕਦੇ ਸਨ। (ਸੰਤ ਜਰਨੈਲ ਸਿੰਘ ਨੇ ਕਦੇ ਵੀ ਖਾਲਿਸਤਾਨ ਦੀ ਮੰਗ ਦੀ ਹਮਾਇਤ ਜਾਂ ਨਿੰਦਾ ਨਹੀਂ ਕੀਤੀ)

ਇਕ ਪਾਸੇ ਸੰਤ ਜਰਨੈਲ ਸਿੰਘ ਦੀ ਰਿਹਾਈ ਲਈ ਉਪਰੋਕਤ ਸ਼ਾਂਤਮਈ ਰਾਹ ਤੋਂ ਦੂਰਵਰਤੀ ਯਤਨ ਹੋ ਰਹੇ ਸਨ ਪ੍ਰੰਤੂ ਦੂਜੇ ਪਾਸੇ ਕੇਸ ਦੀ ਕਾਰਵਾਈ ਚੱਲ ਰਹੀ ਸੀ। 21 ਸਤੰਬਰ ਨੂੰ ਸੰਤ ਜਰਨੈਲ ਸਿੰਘ ਦਾ ਬੱਸੀਆਂ ਰੈਸਟ ਹਾਊਸ ਵਿਚ ਅਦਾਲਤ ਲਾ ਕੇ 24 ਸਤੰਬਰ ਤੱਕ ਦਾ ਪੁਲਿਸ ਰਿਮਾਂਡ ਪ੍ਰਾਪਤ ਕੀਤਾ ਗਿਆ ਸੀ। ਉਸ ਪਿੱਛੋਂ 26 ਤੱਕ ਦਾ ਮੁੜ ਪੁਲਿਸ ਰਿਮਾਂਡ ਦਿੱਤਾ ਗਿਆ। ਇਸ ਪਿੱਛੋਂ 9 ਅਕਤੂਬਰ ਅਤੇ ਬਾਅਦ ਵਿਚ 15 ਅਕਤੂਬਰ ਤੱਕ ਦਾ ਅਦਾਲਤੀ ਰਿਮਾਂਡ ਦਿੱਤਾ ਗਿਆ। ਪੁਲਿਸ ਰਿਮਾਂਡ ਦੌਰਾਨ ਸੰਤ ਜਰਨੈਲ ਸਿੰਘ ਤੋਂ ਬੱਸੀਆਂ, ਗੜ੍ਹੀ ਅਤੇ ਸਿਧਵਾਂ ਰੈਸਟ ਹਾਊਸਾਂ ਵਿਚ ਪੁੱਛਗਿੱਛ ਕੀਤੀ ਗਈ ਜਦੋਂ ਕਿ ਅਦਾਲਤੀ ਰਿਮਾਂਡ ਦੌਰਾਨ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਵਿਖੇ ਰੱਖਿਆ ਗਿਆ। ਦਿਲਚਸਪ ਗੱਲ ਇਹ ਸੀ ਕਿ ਸੰਤ ਜਰਨੈਲ ਸਿੰਘ ਜਿਸ ਰੈਸਟ ਹਾਊਸ ਜਾਂ ਜੇਲ੍ਹ ਵਿਚ ਜਾਂਦੇ, ਉਸ ਦੇ ਬਾਹਰ ਹੀ ਸਿੱਖ ਸੰਗਤਾਂ ਕੀਰਤਨ ਪ੍ਰਵਾਹ ਆਰੰਭ ਕਰ ਦੇਂਦੀਆਂ ਅਤੇ ਇਹ ਕ੍ਰਮ ਦਿਨ ਰਾਤ ਚਲਦਾ ਰਿਹਾ। ਪਿੰਡਾਂ ਵਿਚੋਂ ਲੋਕ ਜੇਲ੍ਹ ਦੇ ਬਾਹਰ ਬੈਠੀ ਸੰਗਤ ਲਈ ਲੰਗਰ ਲੈ ਆਉਂਦੇ ਅਤੇ 24-24 ਘੰਟੇ ਕੀਰਤਨ ਅਤੇ ਲੰਗਰ ਜਾਰੀ ਰਹਿੰਦਾ।

ਪੁਲਿਸ ਨੇ ਸੰਤ ਜਰਨੈਲ ਸਿੰਘ ਤੋਂ ਲਾਲਾ ਜਗਤ ਨਾਰਾਇਣ ਕਤਲ ਕਾਂਡ, ਉਨ੍ਹਾਂ ਦੇ ਚੰਦੋਕਲਾਂ ਤੋਂ ਚੌਕ ਮਹਿਤਾ ਪੁੱਜਣ ਅਤੇ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਸੰਬੰਧੀ ਲਗਭਗ 450 ਸੁਆਲ ਪੁੱਛੇ। ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਰਾਹੀਂ ਵੀ ਸੰਤ ਜਰਨੈਲ ਸਿੰਘ ਦਾ ਸੰਬੰਧ ਲਾਲਾ ਜਗਤ ਨਾਰਾਇਣ ਜਾਂ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦੇ ਕਤਲ ਨਾਲ ਸਥਾਪਿਤ ਨਹੀਂ ਕੀਤਾ ਜਾ ਸਕਿਆ।

ਪੁਲਿਸ ਦੀ ਕਾਰਵਾਈ ਅਤੇ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਦੇ ਪਰਤਾਵੇਂ ਪ੍ਰਭਾਵ ਵਜੋਂ ਪੰਜਾਬ ਵਿਚ ਹੋ ਰਹੀਆਂ ਹਿੰਸਕ ਘਟਨਾਵਾਂ ਦੇ ਨਾਲ ਨਾਲ ਲਗਭਗ ਸਭ ਸਿੱਖ ਜਥੇਬੰਦੀਆਂ ਨੇ ਸੰਤ ਜਰਨੈਲ ਸਿੰਘ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਇਕ ਆਵਾਜ਼ ਹੋ ਕੇ ਕਰਨੀ ਆਰੰਭ ਕਰ ਦਿੱਤੀ। ਭਾਵੇਂ ਜਥੇਬੰਦੀਆਂ ਵਿਚੋਂ ਹਰ ਇਕ ਨੇ ਆਪੋ ਆਪਣੇ ਪ੍ਰਭਾਵ-ਖੇਤਰ ਅਨੁਸਾਰ ਪੰਜਾਬ ਵਿਚ ਲੋਕ ਰਾਏ ਕਾਇਮ ਕਰਨ ਵਿਚ ਯੋਗਦਾਨ ਪਾਇਆ ਪ੍ਰੰਤੂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦਾ ਪ੍ਰਭਾਵ ਖੇਤਰ ਸਿੱਖ ਜਨਤਾ ਵਿਚ ਵਧੇਰੇ ਹੋਣ ਕਾਰਨ ਉਸ ਨੇ ਇਸ ਕਾਰਜ ਵਿਚ ਪਹਿਲ ਕੀਤੀ ਅਤੇ ਉਸ ਦਾ ਯੋਗਦਾਨ ਵੀ ਬਾਕੀ ਜਥੇਬੰਦੀਆਂ ਤੋਂ ਵਧੇਰੇ ਰਿਹਾ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ, ਸਰਕਾਰ ਵਲੋਂ ਸਿੱਖੀ ਦਾ ਪ੍ਰਚਾਰ ਕਰਨ ਵਾਲੀ ਇਸ ਟਕਸਾਲ ਨੂੰ ਬੰਦ ਕਰਵਾਉਣ ਦੇ ਯਤਨਾਂ ਨੂੰ ਭਾਂਪ ਗਏ ਸਨ ਅਤੇ ਇਸੇ ਲਈ ਉਨ੍ਹਾਂ ਨੇ 20 ਸਤੰਬਰ ਨੂੰ ਹੀ ਚੌਂਕ ਮਹਿਤਾ ਵਿਖੇ ਸਿੱਖ ਸੰਗਤਾਂ ਨੂੰ ਸੱਦਾ ਦਿੱਤਾ ਕਿ ਉਹ ਸੰਤ ਜਰਨੈਲ ਸਿੰਘ ਦੀ ਚੜ੍ਹਦੀ ਕਲਾ ਲਈ ਪੰਜਾਬ ਦੇ ਹਰ ਪਿੰਡ, ਨਗਰ ਅਤੇ ਸ਼ਹਿਰ ਵਿਚ ਸਥਿਤ ਗੁਰਦੁਆਰੇ ਵਿਚ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਨ; 26 ਜੂਨ ਨੂੰ ਉਨ੍ਹਾਂ ਦਾ ਭੋਗ ਪਾਉਣ ਅਤੇ 27 ਸਤੰਬਰ ਨੂੰ ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਖੇ ਹੋਣ ਵਾਲੇ ਮਹਾਨ ਪੰਥਕ ਇਕੱਠ ਵਿਚ ਸ਼ਾਮਲ ਹੋਣ ਲਈ ਪਹੁੰਚ ਜਾਣ। ਇਸ ਪ੍ਰੋਗਰਾਮ ਦਾ ਪ੍ਰਯੋਜਨ ਪੰਜਾਬ ਅਤੇ ਦੇਸ਼ ਭਰ ਵਿਚ ਵਸਦੇ ਹਰ ਸਿੱਖ ਪਰਵਾਰ ਨੂੰ ਸਰਕਾਰ ਵਲੋਂ ਦਮਦਮੀ ਟਕਸਾਲ ਅਤੇ ਇਸ ਦੇ ਮੁਖੀ ਦਾ ਅੰਤ ਕਰਨ ਦੇ ਪ੍ਰੋਗਰਾਮ ਤੋਂ ਜਾਣੂੰ ਕਰਵਾਉਣਾ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਵਲੋਂ



Digitized by Panjab Digital Library | www.panjabdigilib.org

ਐਲਾਨੇ ਇਸ ਪ੍ਰੋਗਰਾਮ ਨੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਕਈ ਨਰਮ ਖਿਆਲੀ ਨੇਤਾਵਾਂ ਨੂੰ ਹੈਰਾਨ ਕਰ ਦਿੱਤਾ ਕਿਉਂਕਿ 15 ਸਤੰਬਰ ਨੂੰ ਪਾਰਟੀ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਉਹ ਲੀਡਰਸ਼ਿਪ ਨੂੰ ਢਿਲਮਿਲ ਦੀ ਨੀਤੀ ਅਪਨਾਉਣ ਲਈ ਰਜ਼ਾਮੰਦ ਕਰਨ ਵਿਚ ਸਫਲ ਹੋ ਗਏ ਸਨ। ਨਿਰਸੰਦੇਹ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੂਰ - ਦਰਸ਼ਤਾ ਤੋਂ ਕੰਮ ਲਿਆ ਸੀ ਅਤੇ ਕੇਂਦਰ ਸਰਕਾਰ ਨੂੰ ਦੱਸ ਦਿੱਤਾ ਸੀ ਕਿ, ਸਿੱਖ ਕੌਮ ਧਾਰਮਿਕ ਮਾਮਲੇ ਵਿਚ ਦਖਲ ਬਰਦਾਸ਼ਤ ਨਹੀਂ ਕਰੇਗੀ ਅਤੇ ਸਿੱਖੀ ਪ੍ਰਚਾਰਕ ਤਿਆਰ ਕਰਨ ਵਾਲੀ ਇਸ ਟਕਸਾਲ ਨੂੰ ਬੰਦ ਨਹੀਂ ਹੋਣ ਦਿੱਤਾ ਜਾਏਗਾ। 27 ਸਤੰਬਰ ਨੂੰ ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ ਵਿਖੇ ਇਕ ਮਹਾਨ ਇਕੱਠ ਹੋਇਆ। ਇਸ ਤੋਂ ਪਹਿਲਾਂ 26 ਸਤੰਬਰ ਨੂੰ ਗੁਰਦੁਆਰਾ ਆਲਮਗੀਰ, ਲੁਧਿਆਣਾ ਵਿਖੇ ਅਕਾਲੀ ਹਾਈ ਕਮਾਨ ਦੀ ਮੀਟਿੰਗ ਅਤੇ ਪੰਥਕ ਇਕੱਠ ਹੋਇਆ। ਇਸ ਇਕੱਠ ਵਿਚ ਵੀ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਉਸ ਨੇ ਸੰਤ ਜਰਨੈਲ ਸਿੰਘ ਨੂੰ ਰਿਹਾ ਨਾ ਕੀਤਾ ਤਾਂ ਇਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰ ਉਹ ਆਪ ਹੋਵੇਗੀ। 29 ਸਤੰਬਰ ਨੂੰ ਦਲ ਖਾਲਸਾ ਦੇ ਨੌਜਵਾਨਾਂ ਵਲੋਂ ਇੰਡੀਅਨ ਏਅਰਲਾਈਨਜ਼ ਦਾ ਬੋਇੰਗ ਜਹਾਜ਼ ਅਗਵਾ ਹੋਣ ਕਾਰਨ ਕੇਂਦਰ ਸਰਕਾਰ ਦੀਆਂ ਅੱਖਾਂ ਖੁੱਲ੍ਹ ਗਈਆਂ ਸਨ ਅਤੇ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ, ਜੋ ਉਸ ਦਿਨ ਕਾਮਨਵੈਲਥ ਦੇਸ਼ਾਂ ਦੇ ਪ੍ਰਧਾਨ ਮੰਤ੍ਰੀਆਂ ਦੀ ਕਾਨਫਰੰਸ ਵਿਚ ਭਾਗ ਲੈਣ ਲਈ ਆਸਟਰੇਲੀਆ ਗਏ ਹੋਏ ਸਨ, ਨੇ ਸਮਝ ਲਿਆ ਕਿ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਦੇ ਮਾਮਲੇ ਵਿਚ ਉਨ੍ਹਾਂ ਨੂੰ ਗਲਤ ਰਾਏ ਦਿੱਤੀ ਗਈ ਸੀ। ਪੰਜਾਬ ਵਿਚ ਨਿਤਾਪ੍ਰਤੀ ਹੋ ਰਹੇ ਵਿਸਫੋਟਕ ਧਮਾਕਿਆਂ ਤੋਂ ਵੀ ਸਰਕਾਰ ਤੰਗ ਆ ਗਈ ਸੀ ਅਤੇ ਸਥਿਤੀ ਖਿਚਾਅ - ਪੂਰਨ ਹੋ ਗਈ ਸੀ। ਪੰਜਾਬ ਕੰਢੇ ਤੇ ਖੜ੍ਹਾ ਸੀ ਅਤੇ ਸਥਿਤੀ ਨੂੰ ਕਾਬੂ ਵਿਚ ਕਰਨ ਲਈ ਸਪਰਸ਼ - ਸੰਵੇਦਨਾ ਦੀ ਲੋੜ ਸੀ। ਸ੍ਰੀਮਤੀ ਗਾਂਧੀ ਨੇ ਅਜਿਹੇ ਅਵਸਰ ਤੇ ਆਪ ਪੰਜਾਬ ਆ ਕੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨਾਲ ਗੱਲਬਾਤ ਆਰੰਭ ਕੀਤੀ। ਸ੍ਰੀਮਤੀ ਗਾਂਧੀ ਚੰਡੀਗੜ੍ਹ ਆਏ ਅਤੇ ਉਨ੍ਹਾਂ ਨੇ ਪੰਜਾਬ ਵਿਚ ਹਾਲਾਤ ਸ਼ਾਂਤਮਈ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਸਹਿਯੋਗ ਮੰਗਿਆ। ਇਸ ਅਵਸਰ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦ੍ਰਿੜ੍ਹਾਇਆ ਕਿ, ਅਕਾਲੀ ਦਲ ਉਦੋਂ ਤੱਕ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਨਹੀਂ ਕਰੇਗਾ ਜਦੋਂ ਤੱਕ ਕਿ ਸੰਤ ਜਰਨੈਲ ਸਿੰਘ ਨੂੰ ਬਿਨਾ ਸ਼ਰਤ ਰਿਹਾ ਨਹੀਂ ਕੀਤਾ ਜਾਂਦਾ। ਇਸ ਵੇਲੇ ਤੱਕ ਵਿਸ਼ਵਾਸਯੋਗ ਸਮਾਚਾਰ ਪੱਤਰਾਂ ਅਤੇ ਸਿੱਖ ਸੂਤਰਾਂ ਰਾਹੀਂ ਚੰਦੋ ਕਲਾਂ, ਖਾਲਸਾ ਕਾਲਜ, ਅੰਮ੍ਰਿਤਸਰ ਅਤੇ ਚੌਕ ਮਹਿਤਾ ਵਿਖੇ ਕ੍ਰਮਵਾਰ 12, 16 ਅਤੇ 20 ਸਤੰਬਰ ਨੂੰ ਪੁਲਿਸ ਵਲੋਂ ਕੀਤੀਆਂ ਗਈਆਂ ਵਧੀਕੀਆਂ ਦੇ ਵੇਰਵੇ ਵੀ ਸਾਹਮਣੇ ਆ ਚੁੱਕੇ ਸਨ। ਚੰਦੋ ਕਲਾਂ ਵਿਖੇ ਭਿੰਡਰਾਂ ਜਥੇ ਦੀਆਂ ਦੋ ਬੱਸਾਂ, ਜਿਨ੍ਹਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਅਤੇ ਸੰਤ ਗੁਰਬਚਨ ਸਿੰਘ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀਤੀ ਕਥਾ ਦੀਆਂ ਟੇਪਾਂ ਵੀ ਸਨ, ਸਾੜੀਆਂ ਗਈਆਂ ਸਨ; ਜਿਸ ਨਾਲ ਸਿੱਖ ਜਗਤ ਵਿਚ ਭਾਰੀ ਰੋਹ ਫੈਲਿਆ ਸੀ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਇਹ ਵੀ ਸ਼ਰਤ ਰੱਖ ਦਿੱਤੀ ਕਿ ਗੱਲਬਾਤ ਤੋਂ ਪਹਿਲਾਂ ਉਪਰੋਕਤ ਤਿੰਨਾਂ ਥਾਵਾਂ ਵਿਖੇ ਹੋਈਆਂ ਪੁਲਿਸ ਵਧੀਕੀਆਂ ਦੀ ਅਦਾਲਤੀ ਜਾਂਚ ਕਰਵਾਈ ਜਾਏ। ਪ੍ਰਧਾਨ ਮੰਤਰੀ ਵਲੋਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨਾਲ ਗੱਲਬਾਤ ਕਰਨ ਦਾ ਸੰਕੇਤ ਦੇਣ ਦੀ ਦੇਰ ਸੀ ਕਿ ਪ੍ਰਧਾਨ ਮੰਤਰੀ ਸਕਤਰੇਤ ਨੇ ਸਿੱਖ ਮੰਗਾਂ ਬਾਰੇ ਗੱਲਬਾਤ ਲਈ ਫਾਈਲਾਂ ਤਿਆਰ ਕਰਨੀਆਂ ਪ੍ਰਾਰੰਭ ਕਰ ਦਿੱਤੀਆਂ। ਇਹ ਸਿਹਰਾ ਸ੍ਰੀਮਤੀ ਗਾਂਧੀ ਨੂੰ ਜਾਂਦਾ ਹੈ ਕਿ, ਉਨ੍ਹਾਂ ਨੇ ਪਹਿਲੀ ਵੇਰ ਪੰਜਾਬ ਦੀ ਸਥਿਤੀ ਦੀ ਗੰਭੀਰਤਾ ਨੂੰ



Digitized by Panjab Digital Library | www.panjabdigilib.org

ਵਾਚਿਆ ਅਤੇ ਪਾਰਟੀ ਹਿਤਾਂ ਤੋਂ ਉਪਰ ਉਠ ਕੇ ਫੈਸਲਾ ਲੈਣ ਦਾ ਯਤਨ ਕੀਤਾ। ਪ੍ਰਤੱਖ ਤੌਰ ਤੇ ਇਹ ਸ੍ਰੀਮਤੀ ਗਾਂਧੀ ਦੇ ਨਿਰਦੇਸ਼ ਹੀ ਸਨ, ਜਿਸ ਕਾਰਨ ਸੰਤ ਜਰਨੈਲ ਸਿੰਘ ਨੂੰ 15 ਅਕਤੂਬਰ ਨੂੰ ਫਿਰੋਜ਼ਪੁਰ ਜੇਲ੍ਹ ਵਿਚੋਂ ਮੈਜਿਸਟ੍ਰੇਟ ਸ੍ਰੀ ਜੀ. ਕੇ. ਰਾਏ ਨੇ ਇਹ ਕਹਿ ਕੇ ਦੋਸ਼ - ਮੁਕਤ ਕਰ ਦਿੱਤਾ ਕਿ, ਪੁਲਿਸ ਨੂੰ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਉਨ੍ਹਾਂ ਦੀ ਲੋੜ ਨਹੀਂ। ਇਸ ਤੋਂ ਕੁਝ ਦਿਨ ਪਿੱਛੋਂ ਹੀ ਪੰਜਾਬ ਸਰਕਾਰ ਨੇ ਸ੍ਰੀਮਤੀ ਗਾਂਧੀ ਦੇ ਹੀ ਆਦੇਸ਼ ਤੇ ਚੌਂਕ ਮਹਿਤਾ ਵਿਖੇ 20 ਸਤੰਬਰ ਨੂੰ ਹੋਈ ਪੁਲਿਸ ਫਾਇਰਿੰਗ ਦੀ ਜਾਂਚ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਪ੍ਰੀਤਮ ਸਿੰਘ ਪੱਤੜ ਨੂੰ ਨਿਯੁਕਤ ਕਰਕੇ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸੇ ਤਰਜ਼ ਤੇ ਹੀ ਹਰਿਆਣਾ ਸਰਕਾਰ ਨੇ ਚੰਦੋ ਕਲਾਂ ਵਿਖੇ ਹੋਈਆਂ ਪੁਲਿਸ ਵਧੀਕੀਆਂ ਦੀ ਜਾਂਚ ਲਈ ਅਦਾਲਤੀ ਜਾਂਚ ਕਰਵਾਉਣ ਦਾ ਐਲਾਨ ਕਰ ਦਿੱਤਾ। ਇਹ ਵੱਖਰੀ ਗੱਲ ਹੈ ਕਿ ਇਹ ਦੋਵੇਂ ਜਾਂਚ ਕਮਿਸ਼ਨ, ਜਿਨ੍ਹਾਂ ਦੀ ਮਿਆਦ 3-3 ਮਹੀਨੇ ਮਿਥੀ ਗਈ ਸੀ, ਲਗਭਗ ਡੇਢ ਡੇਢ ਸਾਲ ਪਿੱਛੋਂ ਵੀ ਆਪਣਾ ਕੰਮ ਮੁਕੰਮਲ ਨਹੀਂ ਕਰ ਸਕੇ, ਜਿਸ ਕਾਰਨ ਪੀੜਤ ਧਿਰਾਂ ਨੂੰ ਸੰਤੁਸ਼ਟ ਨਹੀਂ ਕੀਤਾ ਜਾ ਸਕਿਆ। ਇਹ ਪਹਿਲੀ ਵੇਰ ਸੀ ਕਿ ਸਰਕਾਰ ਨੇ ਕਿਸੇ ਕੌਮ ਜਾਂ ਫਿਰਕੇ ਦੀ ਮੰਗ ਅੱਗੇ ਇਸ ਤਰ੍ਹਾਂ ਗੋਡੇ ਟੇਕੇ। ਇਸ ਪਿੱਛੋਂ ਪ੍ਰਧਾਨ ਮੰਤਰੀ ਸ੍ਰੀਮਤੀ ਗਾਂਧੀ, ਉਨ੍ਹਾਂ ਦੇ ਏਲਚੀ, ਉਨ੍ਹਾਂ ਦੇ ਮੰਤ੍ਰੀ ਮੰਡਲ ਦੇ ਸਹਿਯੋਗੀਆਂ ਅਤੇ ਵਿਰੋਧੀ ਧਿਰ ਨਾਲ ਜੋ ਵਾਰਤਾ ਹੋਈ, ਉਸ ਦੇ ਵੇਰਵੇ ਇਥੇ ਦੇਣ ਦੀ ਲੋੜ ਨਹੀਂ। ਪ੍ਰੰਤੂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਸੰਤ ਜਰਨੈਲ ਸਿੰਘ ਦੀ ਰਿਹਾਈ ਦੇ ਮਾਮਲੇ ਵਿਚ ਸਿੱਖ ਜਜ਼ਬਾਤ ਦੀ ਪ੍ਰਤੀਨਿਧਤਾ ਕਰਕੇ ਨਾ ਕੇਵਲ ਭਿੰਡਰਾਂ ਜੱਥੇ ਦੇ ਸ਼ਰਧਾਲੂਆਂ, ਸਗੋਂ ਸਮੁੱਚੀ ਸਿੱਖ ਕੌਮ ਦੀ ਕ੍ਰਿਤਗੱਤਾ ਪ੍ਰਾਪਤ ਕਰ ਲਈ ਸੀ।

ਪੰਜਾਬ ਵਿਚ ਮੁੱਖ ਮੰਤ੍ਰੀ ਸ. ਦਰਬਾਰਾ ਸਿੰਘ ਅਤੇ ਉਨ੍ਹਾਂ ਦੇ ਪੁਲਿਸ ਅਧਿਕਾਰੀ ਸੰਤ ਜਰਨੈਲ ਸਿੰਘ ਦੀ ਲਾਲਾ ਜਗਤ ਨਾਰਾਇਣ ਕਤਲ ਕੇਸ ਗ੍ਰਿਫਤਾਰੀ ਅਤੇ ਰਿਹਾਈ ਦੇ ਸੰਬੰਧ ਵਿਚ ਕੀਤੀ ਗਈ ਕੁਚੱਜੀ ਕਾਰਵਾਈ ਕਾਰਨ ਨਿਰਾਸ਼ ਸਨ ਅਤੇ ਉਹ ਸਮਝ ਰਹੇ ਸਨ ਕਿ ਕੇਂਦਰ ਸਰਕਾਰ ਨੇ ਸੰਤ ਜਰਨੈਲ ਸਿੰਘ ਦੀ ਬਿਨਾ ਸ਼ਰਤ ਰਿਹਾਈ ਕਰਵਾ ਕੇ ਅਤੇ ਚੰਦੋ ਕਲਾਂ ਅਤੇ ਚੌਂਕ ਮਹਿਤਾ ਵਿਖੇ ਹੋਈ ਪੁਲਿਸ ਵਧੀਕੀ ਦੀ ਅਦਾਲਤੀ ਜਾਂਚ ਦੇ ਹੁਕਮ ਦੇ ਕੇ ਉਨ੍ਹਾਂ ਦੀ ਜ਼ਾਤੀ ਤੌਰ ਤੇ ਹੇਠੀ ਕੀਤੀ ਸੀ, ਜਿਸ ਦਾ ਬਦਲਾ ਲਿਆ ਹੀ ਜਾਣਾ ਚਾਹੀਦਾ ਸੀ ਇਹੋ ਕਾਰਨ ਸੀ ਕਿ ਮੁਖ ਮੰਤ੍ਰੀ ਸ. ਦਰਬਾਰਾ ਸਿੰਘ ਅਤੇ ਉਚ ਪੁਲਿਸ ਅਧਿਕਾਰੀਆਂ ਨੇ ਇਹ ਸਾਬਤ ਕਰਨ ਲਈ ਪੂਰਾ ਤ੍ਰਾਣ ਲਾ ਦਿੱਤਾ ਕਿ ਸੰਤ ਜਰਨੈਲ ਸਿੰਘ ਨਾਂ ਕੇਵਲ ਲਾਲਾ ਜਗਤ ਨਾਰਾਇਣ ਕਤਲ ਕੇਸ ਦੀ ਸਾਜ਼ਿਸ਼ ਵਿਚ ਹੀ ਸ਼ਾਮਲ ਸਨ, ਸਗੋਂ ਪੰਜਾਬ ਵਿਚ ਹੋ ਰਹੀ ਹਰ ਹਿੰਸਕ ਕਾਰਵਾਈ ਪਿੱਛੇ ਵੀ ਉਨ੍ਹਾਂ ਦਾ ਗੁਪਤ ਹੱਥ ਸੀ। ਦੂਸਰਾ ਕਾਰਨ ਜਿਸ ਲਈ ਸ. ਦਰਬਾਰਾ ਸਿੰਘ ਦੁਖੀ ਸਨ, ਇਹ ਸੀ ਕਿ ਉਹ ਕੇਂਦਰ ਸਰਕਾਰ ਅਤੇ ਪ੍ਰਧਾਨ ਮੰਤ੍ਰੀ ਵਲੋਂ ਸੰਤ ਜਰਨੈਲ ਸਿੰਘ ਦੀ ਰਿਹਾਈ ਲਈ ਕੀਤੇ ਫੈਸਲੇ ਪਿੱਛੇ ਕੇਂਦ੍ਰੀ ਗ੍ਰਹਿ ਮੰਤ੍ਰੀ (ਹੁਣ ਰਾਸ਼ਟਰਪਤੀ) ਗਿਆਨੀ ਜ਼ੈਲ ਸਿੰਘ ਦਾ ਹੱਥ ਵੀ ਸਮਝਦੇ ਸਨ, ਕਿ ਉਨ੍ਹਾਂ ਨੇ ਹੀ ਸ. ਦਰਬਾਰਾ ਸਿੰਘ ਦੀ ਜਾਣਬੁੱਝ ਕੇ ਹੇਠੀ ਕਰਵਾਉਣ ਲਈ ਉਪਰੋਕਤ ਫੈਸਲਾ ਕਰਵਾਇਆ। ਅਜਿਹੀ ਪਿੱਠ ਭੂਮੀ ਦੇ ਸੰਦਰਭ ਵਿਚ ਪੰਜਾਬ ਵਿਚ ਹੋਈ ਹਰ ਹਿੰਸਕ ਘਟਨਾ ਦੀ ਜਾਂਚ ਹੀ ਇਨ੍ਹਾਂ ਪਰਿ - ਕਲਪਨਾਵਾਂ ਦੇ ਆਧਾਰ ਤੇ ਹੋਣ ਲੱਗੀ ਕਿ ਕਥਿਤ ਦੋਸ਼ੀਆਂ ਦਾ ਭਿੰਡਰਾਂ ਜਥੇ ਜਾਂ ਸੰਤ ਜਰਨੈਲ ਸਿੰਘ ਨਾਲ ਸਿੱਧਾ ਜਾਂ ਅਸਿੱਧਾ ਸੰਬੰਧ ਸੀ। ਉਨ੍ਹਾਂ ਨੂੰ ਆਰਥਿਕ ਅਤੇ ਹਥਿਆਰਾਂ ਦੀ ਸਹਾਇਤਾ ਸੰਤ ਜਰਨੈਲ ਸਿੰਘ ਤੋਂ ਪ੍ਰਾਪਤ ਹੁੰਦੀ ਸੀ ਅਤੇ ਚੌਂਕ ਮਹਿਤਾ ਵਿਖੇ ਅਸਲਾ ਫੈਕਟਰੀ ਲੱਗੀ ਹੋਈ ਸੀ।



Digitized by Panjab Digital Library | www.panjabdigilib.org

ਸੰਤ ਜਰਨੈਲ ਸਿੰਘ ਨੂੰ 15 ਅਕਤੂਬਰ ਨੂੰ ਰਿਹਾ ਕੀਤਾ ਗਿਆ ਸੀ ਅਤੇ 16 ਅਕਤੂਬਰ ਨੂੰ ਹੀ ਚੰਡੀਗੜ੍ਹ ਵਿਖੇ ਸਕੱਤਰੇਤ ਅੱਗੇ ਤਿੰਨ ਮੋਟਰ ਸਾਈਕਲ ਸਵਾਰਾਂ ਨੇ ਨਿਰੰਜਨ ਸਿੰਘ, ਆਈ. ਏ. ਐਸ. (ਜੋ ਸਿੱਖ - ਨਿਰੰਕਾਰੀ ਸਾਕੇ ਵਿਚ ਦੋਸ਼ੀ ਸੀ) ਉਤੇ ਗੋਲੀ ਚਲਾਈ। ਇਸ ਘਟਨਾ ਵਿਚ ਨਿਰੰਜਨ ਸਿੰਘ ਤਾਂ ਬਚ ਗਿਆ, ਪ੍ਰੰਤੂ ਉਸ ਦੇ ਛੋਟੇ ਭਰਾ ਦੀ ਮੌਤ ਹੋ ਗਈ। ਨਾ ਕੇਵਲ ਜਲੰਧਰ ਦੇ ਗ਼ੈਰ - ਸਿੱਖ ਸਮਾਚਾਰ ਪੱਤਰਾਂ ਨੇ, ਸਗੋਂ ਰਾਜ ਸਰਕਾਰ ਨੇ ਵੀ ਇਸ ਨੂੰ ਸੰਤ ਜਰਨੈਲ ਸਿੰਘ ਦੀ ਰਿਹਾਈ ਦਾ 'ਤੋਹਫ਼ਾ' ਹੀ ਕਰਾਰ ਦਿੱਤਾ। ਵਰਨਣ ਯੋਗ ਹੈ ਕਿ ਸੰਤ ਜਰਨੈਲ ਸਿੰਘ ਨੂੰ ਬਦਨਾਮ ਕਰਨ ਦੇ ਖੜਯੰਤਰ ਵਿਚ ਪੰਜਾਬ ਸਰਕਾਰ ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਨਾਲ ਪੂਰੀ ਤਰ੍ਹਾਂ ਭਾਈਵਾਲ ਸੀ, ਭਾਵੇਂ ਕਿ ਬਾਅਦ ਵਿਚ ਇਸ ਦਾ ਅਸਰ ਪੰਜਾਬ ਦਾ ਮਾਹੌਲ ਖਰਾਬ ਹੋਣ ਕਾਰਨ ਰਾਜ ਸਰਕਾਰ ਦੀ ਲੋਕਾਂ ਵਿਚ ਨਿਘਰ ਰਹੀ ਸਾਖ ਤੇ ਹੀ ਪਿਆ।

16 ਨਵੰਬਰ ਨੂੰ ਕਪੂਰਥਲਾ ਵਿਖੇ ਨਿਰੰਕਾਰੀ ਪ੍ਰਮੁਖ ਪ੍ਰਹਿਲਾਦ ਚੰਦ ਨੂੰ ਤਿੰਨ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਕੇ ਮਾਰ ਦਿੱਤਾ ਅਤੇ ਉਸ ਦਾ ਪੁੱਤਰ ਸਖਤ ਜ਼ਖਮੀ ਹੋਇਆ (ਜੋ ਬਾਅਦ ਵਿਚ ਚੰਡੀਗੜ੍ਹ ਵਿਖੇ ਪ੍ਰਾਣ ਤਿਆਗ ਗਿਆ) ਇਸ ਘਟਨਾ ਵਿਚ ਕਥਿਤ ਦੋਸ਼ੀ ਤਾਂ ਫਰਾਰ ਹੋ ਗਏ ਪ੍ਰੰਤੂ ਉਨ੍ਹਾਂ ਦਾ ਮੋਟਰ ਸਾਈਕਲ ਰਹਿ ਗਿਆ, ਜਿਸ ਕਾਰਨ ਜਾਂਚ ਵਿਚ ਕੁਝ ਪ੍ਰਗਤੀ ਹੋਈ। ਜਲੰਧਰ ਪੁਲਿਸ ਨੇ ਬਾਅਦ ਵਿਚ ਤਲਵਿੰਦਰ ਸਿੰਘ (ਅੱਜਕੱਲ੍ਹ ਕੈਨੇਡਾ ਵਿਚ ਰਹਿ ਰਹੇ ਹਨ), ਤਰਸੇਮ ਸਿੰਘ, ਵਧਾਵਾ ਸਿੰਘ ਆਦਿ ਦੋਸ਼ੀ ਨਾਮਜ਼ਦ ਕੀਤੇ ਅਤੇ ਇਨ੍ਹਾਂ ਦਾ ਸੰਬੰਧ ਵੀ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਜਥੇ ਨਾਲ ਹੀ ਜੋੜਨ ਦਾ ਯਤਨ ਕੀਤਾ। (ਪੁਲਿਸ ਦਾ ਦਾਅਵਾ ਹੈ ਕਿ ਉਸ ਨੇ ਤਲਵਿੰਦਰ ਸਿੰਘ ਦੇ ਸਾਥੀਆਂ ਸੁਰਜੀਤ ਸਿੰਘ, ਹਰਜਿੰਦਰ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ ਪ੍ਰੰਤੂ ਜਥੇ ਦੀ ਰੀੜ੍ਹ ਦੀ ਹੱਡੀ ਅਜੇ ਕਾਇਮ ਹੈ)

ਇਨ੍ਹਾਂ ਘਟਨਾਵਾਂ ਦੇ ਪ੍ਰਤਿਉਤਰ ਅਤੇ ਸਰਕਾਰ ਦੇ ਭੰਡੀ ਪ੍ਰਚਾਰ ਕਾਰਨ ਹੀ ਚੌਕ ਮਹਿਤਾ ਸਥਿਤ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਲੰਗਰ ਅਸਥਾਨ ਨੇੜੇ ਇਕ ਬੰਬ ਵਿਸਫੋਟ ਹੋਇਆ, ਜਿਸ ਵਿਚ ਜਥੇ ਦੇ ਤਿੰਨ ਸਿੰਘ ਸ਼ਹੀਦ ਹੋ ਗਏ ਅਤੇ ਕਈ ਫੱਟੜ ਹੋਏ। ਉਸ ਦਿਨ ਸੰਤ ਜਰਨੈਲ ਸਿੰਘ ਪ੍ਰਚਾਰ ਲਈ ਨੇੜੇ ਦੇ ਪਿੰਡਾਂ ਵਿਚ ਗਏ ਹੋਏ ਸਨ। ਘਟਨਾ ਦਾ ਪਤਾ ਲੱਗਣ ਉਤੇ ਸੰਤ ਜਰਨੈਲ ਸਿੰਘ ਤੁਰੰਤ ਚੌਕ ਮਹਿਤਾ ਪਰਤ ਆਏ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਅਤੇ ਭਿੰਡਰਾਂ ਜਥੇ ਦੇ ਆਦਰਨੀਯ ਮੈਂਬਰ ਬਾਬਾ ਥਾਹਰਾ ਸਿੰਘ ਨੇ ਥਾਣੇ ਵਿਚ ਰੀਪੋਰਟ ਲਿਖਵਾਈ। ਪੁਲਿਸ ਜਾਂਚ ਲਈ ਆਈ, ਪ੍ਰੰਤੂ ਬਜਾਏ ਇਸ ਦੇ ਕਿ ਜਾਂਚ ਸਹੀ ਢੰਗ ਨਾਲ ਕਰਨ ਦਾ ਯਤਨ ਕੀਤਾ ਜਾਂਦਾ, ਪੁਲਿਸ ਅਧਿਕਾਰੀਆਂ ਨੇ ਰੀਪੋਰਟ ਦੀ ਖਿੱਲੀ ਉਡਾਉਣੀ ਚਾਹੀ ਅਤੇ ਇਹੋ ਪ੍ਰਭਾਵ ਦੇਣ ਦਾ ਯਤਨ ਕੀਤਾ ਕਿ, ਗੁਰਦੁਆਰਾ ਸਾਹਿਬ ਵਿਚ ਬੰਬ ਤਿਆਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਵੱਖ ਵੱਖ ਭਾਗਾਂ ਵਿਚ ਵਿਸਫੋਟ ਕਰਨ ਲਈ ਉਪਲਬਧ ਕਰਾਇਆ ਜਾਂਦਾ ਸੀ। (ਦਿਲਚਸਪ ਗੱਲ ਇਹ ਹੈ ਕਿ ਬਾਬਾ ਥਾਹਰਾ ਸਿੰਘ ਨੂੰ ਹੀ ਜੁਲਾਈ 1982 ਵਿਚ ਨਾਜਾਇਜ਼ ਤੌਰ ਤੇ ਅਸਲਾ ਰੱਖਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ) ਇਕ ਦੋ ਦਿਨਾਂ ਪਿੱਛੋਂ ਉਚ ਪੁਲਿਸ ਅਧਿਕਾਰੀਆਂ ਨੇ ਇਹ ਬਿਆਨ ਵੀ ਦੇ ਦਿੱਤਾ ਕਿ ਗੁਰਦੁਆਰਾ ਸਾਹਿਬ ਦੇ ਲੰਗਰ ਅਸਥਾਨ ਵਿਖੇ ਜਿਸ ਬੰਬ ਦਾ ਵਿਸਫੋਟ ਹੋਇਆ ਸੀ, ਉਹ ਪੰਜਾਬ ਵਿਚ ਹੋਏ ਹੋਰ ਬੰਬ ਧਮਾਕਿਆਂ ਵਿਚ ਵਰਤੇ ਗਏ ਬੰਬਾਂ ਨਾਲ ਮਿਲਦਾ ਜੁਲਦਾ ਸੀ। ਪੁਲਿਸ ਅਧਿਕਾਰੀਆਂ ਦੇ ਵਤੀਰੇ ਤੋਂ ਸੰਤ ਜਰਨੈਲ ਸਿੰਘ ਪਹਿਲਾਂ ਹੀ ਚੇਤੰਨ ਸਨ। ਇਸ ਲਈ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪੋਸਟ ਮਾਰਟਮ



Digitized by Panjab Digital Library | www.panjabdigilib.org

ਲਈ ਪੁਲਿਸ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਪੇਸ਼ਕਸ਼ ਕੀਤੀ ਕਿ ਜੇ ਪੁਲਿਸ ਚਾਹੇ ਤਾਂ ਉਹ ਡਾਕਟਰਾਂ ਨੂੰ ਗੁਰਦੁਆਰਾ ਸਾਹਿਬ ਦੇ ਅਹਾਤੇ ਅੰਦਰ ਪੋਸਟ ਮਾਰਟਮ ਦੀ ਆਗਿਆ ਦੇ ਸਕਦੇ ਸਨ। ਇਸ ਲਈ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਦਾ ਪੋਸਟ ਮਾਰਟਮ ਵੀ ਚੌਕ ਮਹਿਤਾ ਗੁਰਦੁਆਰਾ ਸਾਹਿਬ ਦੇ ਅਹਾਤੇ ਵਿਚ ਹੀ ਕੀਤਾ ਗਿਆ। ਸਰਕਾਰ ਨੇ ਜਲੰਧਰ ਦੇ ਗ਼ੈਰ - ਸਿੱਖ ਸਮਾਚਾਰ ਪੱਤਰਾਂ ਨਾਲ ਮਿਲੀ ਭੁਗਤ ਕਰਕੇ ਇਸ ਘਟਨਾ ਨੂੰ ਵੀ ਸੰਤ ਜਰਨੈਲ ਸਿੰਘ ਵਿਰੁੱਧ ਭੰਡੀ ਪ੍ਰਚਾਰ ਲਈ ਉਛਾਲਿਆ।

ਸਤੰਬਰ 1981 ਤੋਂ ਲੈ ਕੇ ਦਸੰਬਰ ਤੱਕ ਦੇ ਅਰਸੇ ਦੌਰਾਨ ਨਿਰੰਕਾਰੀਆਂ ਦੇ ਹੋਏ ਕਤਲਾਂ, ਬੰਬ ਧਮਾਕਿਆਂ ਅਤੇ ਬੰਦੂਕ - ਬਾਜ਼ੀ ਦੀਆਂ ਹੋਈਆਂ ਘਟਨਾਵਾਂ ਕਾਰਨ ਨਿਰੰਕਾਰੀ - ਸਿੱਖ ਬਖੇੜੇ ਨੂੰ ਸਥਾਈ ਤੌਰ ਤੇ ਹੱਲ ਕਰਨ ਦੀ ਲੋੜ ਭਾਸਣ ਲੱਗ ਪਈ ਸੀ ਅਤੇ ਚੰਡੀਗੜ੍ਹ ਦੀਆਂ ਕੁਝ ਕੁ ਹਿਤਬੱਧ ਧਿਰਾਂ ਨੇ ਇਸ ਮਾਮਲੇ ਨੂੰ ਹੱਲ ਕਰਨ ਲਈ ਗੰਭੀਰ ਯਤਨ ਆਰੰਭ ਦਿੱਤੇ। ਇਨ੍ਹਾਂ ਯਤਨਾਂ ਵਿਚ ਨਾ ਕੇਵਲ ਚੰਡੀਗੜ੍ਹ ਦੇ ਪ੍ਰਸਿੱਧ ਵਕੀਲ ਸ. ਮਨਜੀਤ ਸਿੰਘ ਖਹਿਰਾ, ਸਗੋਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਵੀ ਅੱਗੇ ਸਨ। ਪੰਜਾਬ ਦੇ ਖਿਚਾਅ ਪੂਰਨ ਵਾਤਾਵਰਨ ਨੂੰ ਧਿਆਨ ਵਿਚ ਰੱਖਦੇ ਹੋਏ ਇਹੋ ਯੋਗ ਸਮਝਿਆ ਗਿਆ ਕਿ ਕਿਸੇ ਨਾ ਕਿਸੇ ਢੰਗ ਨਾਲ ਸਿੱਖ - ਨਿਰੰਕਾਰੀ ਬਖੇੜਾ ਖਤਮ ਕਰਵਾ ਦਿੱਤਾ ਜਾਏ। ਸ. ਮਨਜੀਤ ਸਿੰਘ ਖਹਿਰਾ ਨਵੇਂ ਨਿਰੰਕਾਰੀ ਮੁਖੀ ਹਰਦੇਵ ਸਿੰਘ ਪਾਸੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਵਰਗੀ ਸ. ਗੁਰਦਿਆਲ ਸਿੰਘ ਅਜਨੋਹਾ ਦੇ ਨਾਂ ਇਕ ਰਸਮੀ ਚਿੱਠੀ ਪ੍ਰਾਪਤ ਕਰਨ ਵਿਚ ਸਫਲ ਵੀ ਹੋ ਗਏ, ਜਿਸ ਵਿਚ 'ਸੰਤ ਨਿਰੰਕਾਰੀ ਮੰਡਲ' ਵਲੋਂ ਭਰੋਸਾ ਦੁਆਇਆ ਗਿਆ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਸਨ ਅਤੇ ਸੰਤ ਨਿਰੰਕਾਰੀ ਪੁਸਤਕਾਂ 'ਅਵਤਾਰ ਬਾਣੀ' ਅਤੇ 'ਯੁੱਗ ਪੁਰਸ਼' ਵਿਚ ਜੇਕਰ ਕੋਈ ਅਜਿਹੀ ਸਮਗਰੀ ਹੋਵੇ, ਜੋ ਸਿੱਖ ਜਜ਼ਬਾਤਾਂ ਨੂੰ ਟੁੰਬਦੀ ਹੋਵੇ, ਤਾਂ ਉਸ ਦੇ ਨਿਪਟਾਰੇ ਲਈ ਉਹ ਦੋਹਾਂ ਧਿਰਾਂ ਦੀ ਇਕ ਸਾਂਝੀ ਕਮੇਟੀ ਬਣਾਉਣ ਲਈ ਤਿਆਰ ਸਨ। ਇਕ ਪਾਸੇ ਨਿਰੰਕਾਰੀ ਇਸ ਬਖੇੜੇ ਨੂੰ ਹੱਲ ਕਰਨ ਲਈ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨਾਲ ਚਿੱਠੀ ਪੱਤਰ ਕਰ ਰਹੇ ਸਨ ਅਤੇ ਦੂਜੇ ਪਾਸੇ ਉਹ ਸੰਤ ਜਰਨੈਲ ਸਿੰਘ ਨੂੰ ਵੀ ਭਰੋਸੇ ਵਿਚ ਲੈਣਾ ਚਾਹੁੰਦੇ ਸਨ, ਤਾਂ ਜੋ ਉਨ੍ਹਾਂ ਦੀ ਸੰਤੁਸ਼ਟਤਾ ਕਰਵਾਈ ਜਾ ਸਕੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗੀ ਪ੍ਰਧਾਨ ਜਥੇਦਾਰ ਸੰਤੋਖ ਸਿੰਘ ਸਿੱਖ - ਨਿਰੰਕਾਰੀ ਬਖੇੜਾ ਹੱਲ ਕਰਨ ਲਈ ਇਕ ਸਮਝੌਤੇ ਦਾ ਖਰੜਾ ਵੀ ਲੈ ਕੇ ਆਏ, ਜਿਸ ਸੰਬੰਧੀ 'ਸੰਤ ਨਿਰੰਕਾਰੀ ਮੰਡਲ' ਦੇ ਮੁਖੀਆਂ ਨੇ ਇਹ ਕਿਹਾ ਸੀ ਕਿ ਜੇ ਸੰਤ ਜਰਨੈਲ ਸਿੰਘ ਇਸ ਖਰੜੇ ਨੂੰ ਮੌਖਿਕ ਪ੍ਰਵਾਨਗੀ ਵੀ ਦੇ ਦੇਣ ਤਾਂ ਉਨ੍ਹਾਂ ਦੀ ਸੰਤੁਸ਼ਟੀ ਹੋ ਜਾਵੇਗੀ। ਪ੍ਰੰਤੂ ਮੰਦੇ ਭਾਗੀਂ ਇਹ ਗੱਲਬਾਤ ਅਜੇ ਜਾਰੀ ਹੀ ਸੀ ਕਿ 21 ਦਸੰਬਰ 1981 ਈ: ਨੂੰ ਜਥੇਦਾਰ ਸੰਤੋਖ ਸਿੰਘ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੀ ਇਕ ਮੈਂਬਰ ਅਤੇ ਉਨ੍ਹਾਂ ਦੇ ਹਿਮਾਇਤੀ ਸੋਹਣ ਸਿੰਘ ਸੰਧੂ ਨੇ ਗੋਲੀ ਮਾਰ ਕੇ ਕਤਲ ਕਰ ਦੱਤਾ। ਸ. ਸੋਹਣ ਸਿੰਘ ਆਪ ਵੀ ਇਸ ਘਟਨਾ ਵਿਚ ਜਥੇਦਾਰ ਸੰਤੋਖ ਸਿੰਘ ਦੇ ਅੰਗ ਰਖਿਅਕ ਹੱਥੋਂ ਮਾਰੇ ਗਏ। ਇਸ ਤਰ੍ਹਾਂ ਇਹ ਪ੍ਰਸ਼ਨ ਕਿ, ਜਥੇਦਾਰ ਸੰਤੋਖ ਸਿੰਘ ਸੰਤ ਜਰਨੈਲ ਸਿੰਘ ਅਤੇ 'ਸੰਤ ਨਿਰੰਕਾਰੀਆਂ' ਵਿਚਕਾਰ ਕਿਸੇ ਸਮਝੌਤੇ ਦਾ ਆਧਾਰ ਤਿਆਰ ਕਰ ਸਕਦੇ ਜਾਂ ਨਾ, ਅਣ - ਉਤਰਿਤ ਹੀ ਰਹਿ ਗਿਆ। ਇਸ ਦੇ ਬਾਵਜੂਦ ਸੰਤ ਜਰਨੈਲ ਸਿੰਘ ਆਪ ਕਦੇ ਵੀ ਕੋਈ ਅਜਿਹਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਏ ਅਤੇ ਉਨ੍ਹਾਂ ਹਮੇਸ਼ਾ ਇਹੋ ਮੱਤ ਪ੍ਰਗਟ ਕੀਤਾ ਕਿ ਸਿੱਖ - ਨਿਰੰਕਾਰੀ ਮਸਲੇ ਉਤੇ ਰਾਇ ਦੇਣ ਦਾ ਅਧਿਕਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਹੀ ਹੈ ਕਿਉਂਕਿ ਇਸ ਸੰਬੰਧ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਸੀ।



Digitized by Panjab Digital Library | www.panjabdigilib.org

ਨਿਰੰਕਾਰੀ ਮੁਖੀ ਹਰਦੇਵ ਸਿੰਘ ਦੀ ਚਿੱਠੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਮਿਲਣ ਉਪਰੰਤ ਉਨ੍ਹਾਂ ਨੇ ਇਸ ਬਖੇੜੇ ਨੂੰ ਹੱਲ ਕਰਨ ਲਈ ਗੰਭੀਰਤਾ ਨਾਲ ਯਤਨ ਕੀਤੇ। ਉਨ੍ਹਾਂ ਨੇ ਪੰਜਾਬ ਭਰ ਵਿਚ ਬੁਧੀਜੀਵੀਆਂ ਪਾਸੋਂ ਇਸ ਸੰਬੰਧ ਵਿਚ ਰਾਇ ਮੰਗੀ। ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਸੰਬੰਧੀ ਬੁਧੀਜੀਵੀਆਂ ਦੇ ਵਿਚਾਰਾਂ ਵਿਚ ਭਿੰਨਤਾ ਸੀ। ਕੁਝ ਬੁਧੀਜੀਵੀ ਇਸ ਬਖੇੜੇ ਨੂੰ ਹੱਲ ਕਰਨ ਲਈ ਉਤਸਕ ਸਨ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਇਸ ਸੰਬੰਧੀ ਨਿਰਣਾ ਕਰਨ ਦਾ ਪੂਰਨ ਅਧਿਕਾਰ ਹੈ ਜਦੋਂ ਕਿ ਦੂਜੀ ਵਿਚਾਰਧਾਰਾ ਦੇ ਲੋਕਾਂ ਦਾ ਮੱਤ ਸੀ ਕਿ, ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਕੀਤਾ ਗਿਆ ਹੁਕਮਨਾਮਾ ਵਾਪਸ ਨਹੀਂ ਲਿਆ ਜਾ ਸਕਦਾ। 'ਸੰਤ ਨਿਰੰਕਾਰੀਆਂ' ਦੇ ਮੁਖੀ ਨੂੰ ਆਪ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆ ਕੇ ਭੁੱਲ ਬਖਸ਼ਾਉਣੀ ਅਤੇ ਤਨਖਾਹ ਲੁਆਉਣੀ ਚਾਹੀਦੀ ਹੈ। ਇਸ ਮਸਲੇ ਉਤੇ ਗੰਭੀਰ ਵਿਵਾਦ ਜਾਰੀ ਹੀ ਸੀ ਕਿ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਮਾਰਚ 1982 ਈ: ਵਿਚ ਸੁਰਗਵਾਸ ਹੋ ਗਏ। ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਸਿੱਖ - ਨਿਰੰਕਾਰੀ ਬਖੇੜੇ ਦੇ ਇਤਿਹਾਸ ਵਿਚ ਇਕ ਹੋਰ 'ਜੋ' ਦਾ ਵਾਧਾ ਹੋ ਗਿਆ। ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਆਪਣੇ ਪਿੱਛੇ ਇਕ ਵੱਡਾ ਪ੍ਰਸ਼ਨ ਚਿੰਨ੍ਹ ਛੱਡ ਗਏ ਸਨ।

ਉਪ੍ਰੰਤ ਸੰਤ ਜਰਨੈਲ ਸਿੰਘ ਨੇ ਵੱਡੀ ਪੱਧਰ ਉਤੇ ਦੇਸ਼ ਰਟਨ ਕਰਕੇ ਪ੍ਰਚਾਰ ਕਰਨ ਦਾ ਇਕ ਵਿਸ਼ਾਲ ਪ੍ਰੋਗਰਾਮ ਉਲੀਕਿਆ। ਇਸ ਪ੍ਰੋਗਰਾਮ ਦੌਰਾਨ ਸੰਤ ਜਰਨੈਲ ਸਿੰਘ ਨੇ ਸਿੱਖ ਕੌਮ ਨਾਲ ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਕੀਤੇ ਜਾ ਰਹੇ ਧੱਕਿਆਂ ਅਤੇ ਵਿਤਕਰਿਆਂ ਦਾ ਵਿਸ਼ੇਸ਼ ਤੌਰ ਤੇ ਵਰਨਣ ਕੀਤਾ ਅਤੇ ਸਮੁੱਚੀ ਸਿੱਖ ਕੌਮ ਨੂੰ ਆਪਣੇ ਗੌਰਵਮਈ ਇਤਿਹਾਸਕ ਵਿਰਸੇ ਦੇ ਪ੍ਰਸੰਗ ਵਿਚ ਜਾਗ੍ਰਤ ਕਰਨ ਦਾ ਮਨ ਬਣਾਇਆ। ਇਸ ਪ੍ਰਚਾਰ ਫੇਰੀ ਦੌਰਾਨ ਸੰਤ ਜਰਨੈਲ ਸਿੰਘ ਨੇ ਦਿੱਲੀ, ਰਾਜਸਥਾਨ, ਮਹਾਂਰਾਸ਼ਟਰ, ਪੱਛਮੀ ਬੰਗਾਲ ਅਤੇ ਬਿਹਾਰ ਦੀ ਯਾਤਰਾ ਕਰਨੀ ਸੀ ਅਤੇ ਵੱਡੀ ਪੱਧਰ ਤੇ ਗੁਰਮਤਿ ਅਤੇ ਅੰਮ੍ਰਿਤ ਪ੍ਰਚਾਰ ਕਰਨਾ ਸੀ। ਪ੍ਰੰਤੂ ਇਸੇ ਦੌਰਾਨ ਪੰਜਾਬ ਵਿਚ ਕੁਝ ਕੁ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨ੍ਹਾਂ ਦਾ ਸਿੱਧਾ ਅਸਰ ਸੰਤ ਜਰਨੈਲ ਸਿੰਘ ਦੀ ਪ੍ਰਚਾਰ ਫੇਰੀ ਤੇ ਵੀ ਪਿਆ। 26 ਅਪ੍ਰੈਲ 1982 ਨੂੰ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਕਰਾਰ ਦੇਣ ਦੀ ਮੰਗ ਪੂਰੀ ਨਾ ਹੋ ਸਕਣ ਕਾਰਨ 'ਦਲ ਖਾਲਸਾ' ਨਾਮ ਦੀ ਜਥੇਬੰਦੀ ਨੇ ਇਕ ਮਹੀਨਾ ਪਹਿਲਾਂ ਦਿੱਤੀ ਆਪਣੀ ਆਖਰੀ ਚੇਤਾਵਨੀ ਅਨੁਸਾਰ ਇਕ ਮੰਦਰ ਦੇ ਬਾਹਰ ਦੋ ਗਊਆਂ ਦੇ ਸਿਰ ਟੰਗ ਦਿੱਤੇ। ਇਸ ਦੇ ਨਾਲ ਹੀ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਮੰਦਰਾਂ ਵਿਚੋਂ ਕਿਤੇ ਗਊ ਦਾ ਕੰਨ, ਕਿਤੇ ਗਊ ਦੀ ਪੂਛ ਅਤੇ ਕਿਤੇ ਕੋਈ ਹੋਰ ਅੰਗ ਮਿਲਿਆ। ਇਸ ਦੇ ਪ੍ਰਤਿਉਤਰ ਵਜੋਂ ਸਿੱਖ ਗੁਰਧਾਮਾਂ ਦੀ ਵੀ ਬੇਹੁਰਮਤੀ ਕੀਤੀ ਜਾਣ ਲੱਗੀ ਅਤੇ ਕਿਸੇ ਗੁਰਦੁਆਰੇ ਵਿਚੋਂ ਸਿਗਰਟਾਂ, ਕਿਸੇ ਵਿਚੋਂ ਬੀੜੀਆਂ ਮਿਲਣ ਲੱਗੀਆਂ। ਇਸ ਤੋਂ ਛੁੱਟ ਕਈ ਅਸਥਾਨਾਂ ਤੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਅੱਗਾਂ ਲਾਉਣ ਦਾ ਵੀ ਯਤਨ ਕੀਤਾ ਗਿਆ। ਪੰਜਾਬ ਪੁਲਿਸ ਨੇ ਇਸ ਪਰਿਕਲਪਨਾ ਉਤੇ ਵੀ ਜਾਂਚ ਆਰੰਭ ਕੀਤੀ ਕਿ ਇਨ੍ਹਾਂ ਘਟਨਾਵਾਂ ਪਿੱਛੇ ਵੀ ਸੰਤ ਜਰਨੈਲ ਸਿੰਘ 'ਖਾਲਸਾ' ਦਾ ਹੀ ਹੱਥ ਸੀ ਅਤੇ ਉਨ੍ਹਾਂ ਦੇ ਨਿਕਟਵਰਤੀ ਹੀ ਅਜਿਹੇ ਕੰਮ ਕਰਵਾ ਰਹੇ ਸਨ। ਅਸਲ ਵਿਚ ਸਰਕਾਰ ਨੂੰ ਸੰਤ ਜਰਨੈਲ ਸਿੰਘ ਵਲੋਂ ਪੰਜਾਬ ਵਿਚ ਸਿੱਖਾਂ ਉਤੇ ਹੋ ਰਹੇ ਅਤਿਆਚਾਰਾਂ ਸੰਬੰਧੀ ਕੀਤਾ ਜਾ ਰਿਹਾ ਪ੍ਰਚਾਰ ਅਖੜਦਾ ਸੀ ਅਤੇ ਇਹੋ ਕਾਰਨ ਸੀ ਕਿ, ਉਹ ਦਮਦਮੀ ਟਕਸਾਲ ਦੇ ਇਸ ਮੁਖੀ ਦਾ ਮੂੰਹ ਬੰਦ ਕਰਵਾਉਣ ਉਤੇ ਤੁਲੀ ਹੋਈ ਸੀ। ਸੰਤ ਜਰਨੈਲ ਸਿੰਘ ਇਹਨੀਂ ਦਿਨੀਂ ਬੰਬਈ ਵਿਖੇ ਟਿਕਾਣਾ ਕਰ ਰਹੇ ਸਨ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਵਿਗੜੇ ਹੋਏ ਫਿਰਕੂ ਮਾਹੌਲ ਤੋਂ ਲਾਭ ਉਠਾ ਕੇ ਇਕ ਵਾਰ ਸੰਤ ਜਰਨੈਲ ਸਿੰਘ ਨੂੰ



Digitized by Panjab Digital Library | www.panjabdigilib.org

ਗ੍ਰਿਫਤਾਰ ਕਰਨ ਦੀ ਯੋਜਨਾ ਬਣਾਈ। ਸੰਤ ਜਰਨੈਲ ਸਿੰਘ ਨੇ 20 ਅਪ੍ਰੈਲ ਤੋਂ 5 ਮਈ ਤੱਕ ਬੰਬਈ ਰਹਿਣਾ ਸੀ ਅਤੇ ਮਿਥੇ ਪ੍ਰੋਗਰਾਮ ਅਨੁਸਾਰ ਉਥੋਂ ਪੂਨੇ, ਨਾਸਕ, ਕੋਪਰਗਾਓਂ ਅਤੇ ਸ੍ਰੀ ਹਜ਼ੂਰ ਸਾਹਿਬ ਜਾਣਾ ਸੀ; ਪ੍ਰੰਤੂ ਬੰਬਈ ਦੀ ਸੰਗਤ ਦੇ ਜ਼ਿੱਦ ਕਰਨ ਤੇ ਉਨ੍ਹਾਂ ਬੰਬਈ ਵਿਖੇ ਆਪਣੇ ਠਹਿਰਾਓ ਦੀ ਮਿਆਦ 10 ਮਈ ਤੱਕ ਵਧਾ ਦਿੱਤੀ ਅਤੇ 6 ਮਈ ਤੱਕ ਲਗਭਗ ਇਕ ਹਜ਼ਾਰ ਵਿਅਕਤੀਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਦੀ ਵਧਦੀ ਹੋਈ ਕੀਰਤੀ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਲਿਆ ਅਤੇ ਇਸ ਮੰਤਵ ਲਈ ਜ਼ਿਲ੍ਹਾ ਮੈਜਿਸਟ੍ਰੇਟ, ਅੰਮ੍ਰਿਤਸਰ ਕੋਲੋਂ ਕੌਮੀ ਸੁਰੱਖਿਆ ਕਾਨੂੰਨ ਅਧੀਨ ਨਜ਼ਰਬੰਦ ਕਰਨ ਲਈ ਵਾਰੰਟ ਵੀ ਜਾਰੀ ਕਰਵਾ ਦਿੱਤੇ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਸ਼੍ਰੀਮਤੀ ਗਾਂਧੀ ਨੂੰ ਦਿੱਤੀ ਆਪਣੀ ਰੀਪੋਰਟ ਵਿਚ ਕਿਹਾ ਕਿ ਸੰਤ ਜਰਨੈਲ ਸਿੰਘ 'ਦਲ ਖਾਲਸਾ' ਨਾਂ ਦੀ ਜਥੇਬੰਦੀ, ਜਿਸ ਉਤੇ ਸਰਕਾਰ ਨੇ ਪਾਬੰਦੀ ਲਗਾਈ ਸੀ, ਦੀ ਪੂਰੀ ਹਮਾਇਤ ਕਰ ਰਹੇ ਸਨ ਅਤੇ ਉਨ੍ਹਾਂ ਦੇ ਪ੍ਰਚਾਰ ਅਤੇ ਵਧ ਰਹੇ ਪ੍ਰਭਾਵ ਤੋਂ ਦੇਸ਼ ਦੀ ਅਖੰਡਤਾ ਨੂੰ ਖਤਰਾ ਸੀ। ਇਹ ਵੀ ਸਿਫਾਰਸ਼ ਕੀਤੀ ਗਈ ਕਿ ਸੰਤ ਜਰਨੈਲ ਸਿੰਘ ਨੂੰ ਪੰਜਾਬ ਤੋਂ ਬਾਹਰ ਹੀ ਗ੍ਰਿਫਤਾਰ ਕੀਤਾ ਜਾਏ ਕਿਉਂਕਿ ਪੰਜਾਬ ਵਿਚ ਗ੍ਰਿਫਤਾਰੀ ਹੋਣ ਨਾਲ ਉਥੇ ਗੜਬੜ ਦਾ ਖਤਰਾ ਸੀ। ਏਨੇ ਨੂੰ ਸੰਤ ਜਰਨੈਲ ਸਿੰਘ ਨੂੰ ਭਾਈ ਅਮਰੀਕ ਸਿੰਘ ਨੇ ਫੋਨ ਰਾਹੀਂ ਸੂਚਨਾ ਦਿੱਤੀ ਕਿ, ਉਨ੍ਹਾਂ (ਸੰਤ ਜਰਨੈਲ ਸਿੰਘ) ਦੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ ਸੀ। ਸੰਤ ਜਰਨੈਲ ਸਿੰਘ ਆਪਣਾ ਪ੍ਰਚਾਰ ਦੌਰਾ ਵਿਚੇ ਛੱਡ ਕੇ ਪੰਜਾਬ ਪਰਤ ਆਏ। ਜਿਸ ਥਾਂ ਤੇ ਜਥੇ ਸਮੇਤ ਉਨ੍ਹਾਂ ਟਿਕਾਣਾ ਕੀਤਾ ਹੋਇਆ ਸੀ, ਉਸ ਥਾਂ ਨੂੰ ਭਾਰੀ ਪੁਲਿਸ ਫੋਰਸ ਨੇ ਘੇਰ ਰੱਖਿਆ ਸੀ ਪ੍ਰੰਤੂ ਸੰਤ ਜਰਨੈਲ ਸਿੰਘ ਇਸ ਘੇਰੇ ਦੀ ਪ੍ਰਵਾਹ ਨਾ ਕਰਦੇ ਹੋਏ ਬੰਬਈ ਤੋਂ ਆਪਣੇ ਮੁਖ ਅਸਥਾਨ ਚੌਕ ਮਹਿਤਾ ਵਿਖੇ ਪਹੁੰਚ ਗਏ। ਰਸਤੇ ਵਿਚ ਸੰਤ ਜਰਨੈਲ ਸਿੰਘ ਨੂੰ ਕਈ ਪੁਲਿਸ ਅਧਿਕਾਰੀਆਂ ਨੇ ਰੋਕਿਆ ਪ੍ਰੰਤੂ ਇਸ ਦੇ ਬਾਵਜੂਦ ਉਹ ਉਨ੍ਹਾਂ ਦੇ ਹੱਥ ਨਾ ਆਏ ਅਤੇ ਬੰਬਈ ਤੋਂ ਚੌਕ ਮਹਿਤਾ ਦਾ ਸਫਰ ਉਨ੍ਹਾਂ ਸੜਕ ਰਾਹੀਂ 28 ਘੰਟਿਆਂ ਵਿਚ ਪੂਰਾ ਕੀਤਾ। ਬਾਅਦ ਵਿਚ ਇਹ ਵੀ ਪਤਾ ਲੱਗਾ ਕਿ ਪੰਜਾਬ ਸਰਕਾਰ ਨੇ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਪਿੱਛੋਂ ਪੁਲਿਸ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਬਣਾਈ ਸੀ ਪ੍ਰੰਤੂ ਇਹ ਸਿਰੇ ਨਾ ਚੜ੍ਹ ਸਕੀ। ਭਾਵੇਂ ਪੰਜਾਬ ਸਰਕਾਰ ਅਤੇ ਮੁਖ ਮੰਤ੍ਰੀ ਸ. ਦਰਬਾਰਾ ਸਿੰਘ ਵਲੋਂ ਪੁਲਿਸ ਦੀ ਨਾਕਾਮੀ ਉਤੇ ਪਰਦਾ ਪਾਉਣ ਲਈ ਇਸ ਖਬਰ ਦਾ ਖੰਡਨ ਕੀਤਾ ਗਿਆ ਕਿ ਰਾਜ ਸਰਕਾਰ ਨੇ ਕੌਮੀ ਸੁਰੱਖਿਆ ਐਕਟ ਅਧੀਨ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਨ ਲਈ ਉਨ੍ਹਾਂ ਦੇ ਵਾਰੰਟ ਕੱਢੇ ਸਨ ਪ੍ਰੰਤੂ ਮਹਾਂਰਾਸ਼ਟਰ ਦੇ ਮੁਖ ਮੰਤ੍ਰੀ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਸ. ਦਰਬਾਰਾ ਸਿੰਘ ਨੇ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਲਈ ਵਾਰੰਟ ਭੇਜੇ ਸਨ। ਸੰਤ ਜਰਨੈਲ ਸਿੰਘ ਦੇ ਬੰਬਈ ਤੋਂ ਚੌਕ ਮਹਿਤਾ ਪੁੱਜਣ ਪਿੱਛੋਂ ਵੀ ਸ੍ਰੀ ਗੁਰੂ ਸਿੰਘ ਸਭਾ, ਦਾਦਰ ਵਿਚ ਠਹਿਰੇ ਭਿੰਡਰਾਂ ਜਥੇ ਦੇ ਮੈਂਬਰਾਂ ਦੁਆਲੇ ਪੁਲਿਸ ਘੇਰਾ ਕਈ ਦਿਨਾਂ ਤੱਕ ਜਾਰੀ ਰਿਹਾ। ਜੱਥੇ ਦੇ ਮੈਂਬਰਾਂ ਤੇ ਜੱਥੇ ਦੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਕਿਉਂਕਿ ਪੰਜਾਬ ਸਰਕਾਰ ਵਲੋਂ ਪਹੁੰਚੇ ਹੁਕਮਾਂ ਅਨੁਸਾਰ ਜੱਥੇ ਦੇ ਮੈਂਬਰਾਂ ਦੇ ਸਾਰੇ ਅਸਲਾ ਲਾਇਸੰਸ ਰੱਦ ਕਰ ਦਿੱਤੇ ਗਏ ਸਨ; ਪ੍ਰੰਤੂ ਬਾਅਦ ਵਿਚ ਕੇਵਲ ਹਥਿਆਰਾਂ ਦੇ ਲਾਇਸੰਸਾਂ ਦੀ ਪੜਤਾਲ ਕਰਕੇ ਘੇਰਾ ਚੁੱਕ ਲਿਆ ਗਿਆ। ਇਹ ਦੂਸਰੀ ਵੇਰ ਸੀ ਕਿ ਸੰਤ ਜਰਨੈਲ ਸਿੰਘ ਪੁਲਿਸ ਘੇਰੇ ਵਿਚੋਂ ਨਿਕਲ ਕੇ ਲੰਮਾ ਸਫਰ ਤੈਅ ਕਰਕੇ ਚੌਕ ਮਹਿਤੇ ਜਾ ਪਹੁੰਚੇ ਸਨ ਤੇ ਪੁਲਿਸ ਦੀ ਉਨ੍ਹਾਂ ਨੂੰ ਝੂਠਾ ਮੁਕਾਬਲਾ ਬਣਾ ਕੇ ਖਤਮ ਕਰਨ ਦੀ ਯੋਜਨਾ ਧਰੀ ਦੀ ਧਰੀ ਰਹਿ ਗਈ ਸੀ।



Digitized by Panjab Digital Library / www.panjabdigilib.org

ਇਸ ਦੌਰਾਨ ਪੰਜਾਬ ਵਿਚ ਹਿੰਸਕ ਘਟਨਾਵਾਂ ਦਾ ਕ੍ਰਮ ਜਾਰੀ ਸੀ ਅਤੇ ਪੁਲਿਸ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸੰਤ ਜਰਨੈਲ ਸਿੰਘ ਨਾਲ ਨੇੜਤਾ ਕਾਰਨ ਉਸ ਦੇ ਸਰਗਰਮ ਮੈਂਬਰਾਂ ਉਤੇ ਕੇਸ ਬਣਾ ਰਹੀ ਸੀ । ਪੁਲਿਸ ਦੀ ਇਸ ਬਦਲਾ - ਲਊ ਨੀਤੀ ਦੀ ਇਕ ਉਦਾਹਰਣ ਇਸ ਗੱਲ ਤੋਂ ਮਿਲਦੀ ਹੈ ਕਿ ਫੈਡਰੇਸ਼ਨ ਦੇ ਜਥੇਬੰਧਕ ਸਕੱਤਰ ਸ. ਰਾਜਿੰਦਰ ਸਿੰਘ, ਮਹਿਤਾ ਦਾ ਨਾਂ ਵੀ 26 ਅਪ੍ਰੈਲ ਦੇ ਗਊ - ਹੱਤਿਆ ਕਾਂਡ ਵਿਚ ਘਸੋੜ ਦਿੱਤਾ ਗਿਆ, ਹਾਲਾਂਕਿ 'ਦਲ ਖਾਲਸਾ' ਨੇ ਖੁੱਲ੍ਹੇ ਤੌਰ ਤੇ ਇਸ ਕਾਰਵਾਈ ਲਈ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ । ਸ. ਰਾਜਿੰਦਰ ਸਿੰਘ, ਮਹਿਤਾ ਨੂੰ ਭਗੌੜਾ ਕਰਾਰ ਦੇ ਕੇ ਉਸ ਦੇ ਸਿਰ ਦਾ 25 ਹਜ਼ਾਰ ਰੁਪਏ ਦਾ ਮੁੱਲ ਵੀ ਰੱਖਿਆ ਗਿਆ, ਜੋ ਬਾਅਦ ਵਿਚ ਪੁੱਛ ਪੜਤਾਲ ਉਪ੍ਰੰਤ ਵਾਪਸ ਲੈ ਲਿਆ ਗਿਆ । ਸ. ਰਾਜਿੰਦਰ ਸਿੰਘ, ਮਹਿਤਾ ਤੋਂ ਛੁੱਟ ਸ. ਹਰਿਮੰਦਰ ਸਿੰਘ ਸੰਧੂ, ਸ. ਨਰਿੰਦਰ ਸਿੰਘ ਨਿੰਦੀ, ਸ. ਭੂਆ ਸਿੰਘ, ਸ. ਸਤਿੰਦਰਜੀਤ ਸਿੰਘ ਪੀ. ਟੀ. ਆਦਿ ਨੂੰ ਨਾ ਕੇਵਲ ਫੌਜਦਾਰੀ ਮਾਮਲਿਆਂ ਵਿਚ ਸਗੋਂ ਕੌਮੀ ਸੁਰੱਖਿਆ ਐਕਟ ਅਧੀਨ ਵੀ ਨਜ਼ਰਬੰਦ ਕਰ ਲਿਆ ਗਿਆ । ਇਸ ਤੋਂ ਇਲਾਵਾ ਸਿੱਖ ਨੌਜੁਆਨਾਂ ਨੂੰ ਗ੍ਰਿਫਤਾਰ ਕਰਕੇ, ਨਾਜਾਇਜ਼ ਪੁਲਿਸ ਹਿਰਾਸਤ ਵਿਚ ਰੱਖ ਕੇ ਉਨ੍ਹਾਂ ਉਤੇ ਤਸ਼ੱਦਦ ਕੀਤੀ ਜਾਂਦੀ ਅਤੇ ਕਈ ਮਾਮਲਿਆਂ ਵਿਚ ਤਾਂ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰ ਹੀ ਮੁਕਾਇਆ ਜਾਂਦਾ । ਬਾਅਦ ਵਿਚ ਉਨ੍ਹਾਂ ਦੀ ਮੌਤ ਕਥਿਤ ਪੁਲਿਸ ਮੁਕਾਬਲੇ ਵਿਚ ਹੋਈ ਦੱਸੀ ਜਾਂਦੀ ।

22 ਮਈ ਨੂੰ ਪੱਟੀ ਵਿਖੇ 4 - 5 ਵਿਅਕਤੀਆਂ ਨੇ ਬਾਜ਼ਾਰ ਵਿਚ ਖੁੱਲ੍ਹੇਆਮ ਗੋਲੀ ਚਲਾਈ ਅਤੇ ਇਸ ਗੋਲੀ ਕਾਂਡ ਵਿਚ ਤਿੰਨ ਵਿਅਕਤੀ ਮਾਰੇ ਗਏ ਅਤੇ 6 ਫੱਟੜ ਹੋਏ । ਇਹ ਘਟਨਾ ਪੁਲਿਸ ਥਾਣੇ ਦੇ ਕੋਲ ਹੋਈ ਸੀ ਅਤੇ ਬੰਦੂਕਧਾਰੀ ਹਨੇਰੇ ਦੀ ਆੜ ਲੈ ਕੇ ਪੈਦਲ ਹੀ ਦੌੜਨ ਵਿਚ ਸਫਲ ਹੋ ਗਏ ਸਨ । ਪੁਲਿਸ ਅਤੇ ਸਰਕਾਰ ਇਸ ਘਟਨਾ ਲਈ ਆਪਣੀ ਨਮੋਸ਼ੀ ਛੁਪਾਉਣਾ ਚਾਹੁੰਦੀ ਸੀ ਕਿਉਂਕਿ ਇਸ ਘਟਨਾ ਵਿਚ ਮ੍ਰਿਤਕ ਹਿੰਦੂ ਜਾਂ ਨਿਰੰਕਾਰੀ ਸਨ, ਇਸ ਲਈ ਪੁਲਿਸ ਇਸ ਪੂਰਵ - ਕਲਪਨਾ ਉਤੇ ਹੀ ਜਾਂਚ ਲਈ ਤੁਰੀ ਕਿ ਕਥਿਤ ਦੋਸ਼ੀਆਂ ਦਾ ਸੰਬੰਧ ਭਿੰਡਰਾਂ ਜਥੇ ਨਾਲ ਸੀ ਅਤੇ ਉਨ੍ਹਾਂ ਨੂੰ ਹਥਿਆਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ ਤੋਂ ਉਪਲਬਧ ਕਰਵਾਏ ਗਏ ਸਨ । ਸਰਕਾਰ ਅਤੇ ਪੁਲਿਸ ਰੌਹ ਵਿਚ ਆ ਕੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਕਾਤਲ ਸਮਝ ਕੇ, ਉਸ ਨੂੰ ਗ੍ਰਿਫਤਾਰ ਕਰ ਲੈਂਦੀ ਅਤੇ ਉਸ ਉਤੇ ਤਸ਼ੱਦਦ ਕੀਤਾ ਜਾਂਦਾ ਅਤੇ ਉਸ ਨੂੰ ਇਹ ਕਹਿਣ ਲਈ ਮਜ਼ਬੂਰ ਕੀਤਾ ਜਾਂਦਾ ਕਿ ਉਸ ਨੇ ਅਮਕਾ ਕਤਲ ਜਾਂ ਬੰਬ ਧਮਾਕਾ ਸੰਤ ਜਰਨੈਲ ਸਿੰਘ ਦੇ ਕਹਿਣ ਉਤੇ ਕੀਤਾ ਸੀ । ਪੱਟੀ ਗੋਲੀ ਕਾਂਡ ਵਿਚ ਵੀ ਅਜਿਹੇ ਹੀ ਕਿਸੇ ਅੰਮ੍ਰਿਤਧਾਰੀ ਸਿੱਖ ਨੂੰ ਬਲੀ ਦਾ ਬੱਕਰਾ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਸੀ । 27 ਮਈ ਨੂੰ ਨਾਗੋਕੇ ਪਿੰਡ ਦੇ ਭਾਈ ਕੁਲਵੰਤ ਸਿੰਘ ਖਲਚੀਆਂ ਵਿਖੇ ਟਰੈਕਟਰ ਠੀਕ ਕਰਵਾ ਰਹੇ ਸਨ ਕਿ ਪੁਲਿਸ ਨੇ ਉਨ੍ਹਾਂ ਨੂੰ ਰਹਿਤੀਏ ਸਿੱਖ ਹੋਣ ਕਾਰਨ ਆ ਦਬੋਚਿਆ । ਫੇਰ ਕੀ ਸੀ, ਭਾਈ ਕੁਲਵੰਤ ਸਿੰਘ ਤੇ ਤਸ਼ੱਦਦ ਦੀ ਝੜੀ ਲਾ ਦਿੱਤੀ ਗਈ । ਉਨ੍ਹਾਂ ਨੂੰ ਬੇਹੱਦ ਤਸੀਹੇ ਦਿੱਤੇ ਗਏ ਅਤੇ ਅੰਗ ਅੰਗ ਤੋੜ ਦਿੱਤਾ ਗਿਆ । 9 ਜੂਨ ਨੂੰ ਜਦੋਂ ਕੁਲਵੰਤ ਸਿੰਘ ਪੁਲਿਸ ਹਿਰਾਸਤ ਵਿਚ ਹੀ ਸੀ ਤਾਂ ਇਹ ਅਫਵਾਹ ਉਡਾਈ ਗਈ ਕਿ 8 ਜੂਨ ਦੀ ਰਾਤ ਨੂੰ ਕੁਲਵੰਤ ਸਿੰਘ ਪੁਲਿਸ ਹਿਰਾਸਤ ਵਿਚੋਂ ਦੌੜ ਗਿਆ ਹੈ । ਅਸਲ ਵਿਚ 9 ਜੂਨ ਦੀ ਸਵੇਰ ਨੂੰ ਭਾਈ ਕੁਲਵੰਤ ਸਿੰਘ ਦੀ ਤਰਨ ਤਾਰਨ ਅਦਾਲਤ ਵਿਚ ਪੇਸ਼ੀ ਸੀ ਪ੍ਰੰਤੂ ਉਹ ਪੁਲਿਸ ਤਸ਼ੱਦਦ ਕਾਰਨ ਬੇਹੋਸ਼ ਸੀ ਅਤੇ ਪੇਸ਼ ਨਹੀਂ ਸੀ ਹੋ ਸਕਦਾ । 10 ਜੂਨ ਨੂੰ ਸਵੇਰੇ ਮਹਿਤਾ ਰੋਡ ਤੇ ਉਸ ਨੂੰ ਫਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਗਿਆ ।

28 ਜੂਨ ਨੂੰ 'ਸੰਤ ਨਿਰੰਕਾਰੀ ਮੰਡਲ' ਅੰਮ੍ਰਿਤਸਰ ਦੇ ਪ੍ਰਮੁੱਖ ਨੇਤਾ ਜੋਗਿੰਦਰ ਸਿੰਘ ਸ਼ਾਂਤ ਉਤੇ ਕੁਝ ਅਣਪਛਾਤੇ ਲੋਕਾਂ ਨੇ ਗੋਲੀ ਚਲਾ ਦਿੱਤੀ । ਪੁਲਿਸ ਇਸ ਕੇਸ ਵਿਚ ਵੀ



Digitized by Panjab Digital Library | www.panjabdigilib.org

ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿਚ ਅਸਫਲ ਰਹੀ ਸੀ। ਅੰਮ੍ਰਿਤਧਾਰੀ ਸਿੱਖਾਂ ਉਤੇ ਪੁਲਿਸ ਤਸ਼ੱਦਦ ਦੇ ਮਾਮਲੇ ਤੇ ਸੰਤ ਜਰਨੈਲ ਸਿੰਘ ਸਰਕਾਰ ਉਤੇ ਏਨੇ ਸੁਚੱਜੇ ਢੰਗ ਨਾਲ ਆਪਣੇ ਪ੍ਰਚਾਰ ਦੌਰਾਨ ਹੀ ਹਮਲੇ ਕਰ ਰਹੇ ਸਨ ਕਿ ਸਰਕਾਰ ਲਈ ਕੋਈ ਦਲੀਲ ਦੇਣੀ ਔਖੀ ਹੋ ਰਹੀ ਸੀ। ਮੁਖ ਮੰਤ੍ਰੀ ਸ. ਦਰਬਾਰਾ ਸਿੰਘ ਨੇ ਇਹਨੀਂ ਦਿਨੀਂ ਹੀ ਆਪਣੀ ਪੁਰਾਣੀ ਦਲੀਲ ਦੀ ਮੁੜ ਰਟ ਲਾਉਣੀ ਆਰੰਭ ਕਰ ਦਿੱਤੀ ਕਿ, ਗੁਰਦੁਆਰਿਆਂ ਵਿਚ ਮੁਜਰਮ ਛੁਪੇ ਹੋਏ ਸਨ। ਸਰਕਾਰ ਵਲੋਂ ਵੱਖ ਵੱਖ ਹਿੰਸਕ ਘਟਨਾਵਾਂ ਦੇ ਦੋਸ਼ੀ ਨਾ ਲੱਭ ਸਕਣ ਦੀ ਉਨ੍ਹਾਂ ਕੋਲ ਸ਼ਾਇਦ ਇਹੋ ਦਲੀਲ ਰਹਿ ਗਈ ਸੀ ਅਤੇ ਉਹ ਇਕ ਤਰ੍ਹਾਂ ਨਾਲ ਆਪਣੀ ਬੇਬਸੀ ਦਾ ਪ੍ਰਗਟਾਵਾ ਕਰ ਰਹੇ ਸਨ। ਇਹ ਵਿਚਾਰ ਉਹ ਨਾ ਕੇਵਲ ਆਪਣੇ ਸਹਿਯੋਗੀ ਮੰਤ੍ਰੀਆਂ ਵਿਚ, ਸਗੋਂ ਕੇਂਦਰ ਸਰਕਾਰ ਕੋਲ ਵੀ ਵੇਚਣ ਵਿਚ ਸਫਲ ਹੋ ਗਏ ਸਨ।

1981-82 ਦੌਰਾਨ ਪੰਜਾਬ ਵਿਚ ਹੋਈਆਂ ਹਿੰਸਕ ਘਟਨਾਵਾਂ ਦੌਰਾਨ ਜਿੱਥੇ ਗਿਆਨੀ ਜ਼ੈਲ ਸਿੰਘ ਅਤੇ ਸ. ਦਰਬਾਰਾ ਸਿੰਘ ਵਿਚਕਾਰ ਮਤਭੇਦ ਉਭਰ ਕੇ ਆਏ ਸਨ, ਉਥੇ ਸ. ਦਰਬਾਰਾ ਸਿੰਘ ਕੇਂਦਰ ਸਰਕਾਰ ਨੂੰ ਇਹ ਪ੍ਰਭਾਵ ਦੇਣ ਵਿਚ ਸਫਲ ਹੋਏ ਸਨ ਕਿ ਪੰਜਾਬ ਵਿਚ ਉਹ ਇਕੱਲੇ ਹੀ ਕਾਂਗਰਸੀ ਸਨ, ਜੋ ਖਤਰਨਾਕ ਪ੍ਰਸਿਥੀਆਂ ਦੇ ਬਾਵਜੂਦ ਅਤਿਵਾਦੀਆਂ ਅਤੇ ਵੱਖਵਾਦੀਆਂ ਦਾ ਮੁਕਾਬਲਾ ਕਰ ਰਹੇ ਸਨ ਅਤੇ ਅਤਿਵਾਦੀਆਂ ਦੀ ਕਮਾਨ ਹੁਣ ਸੰਤ ਜਰਨੈਲ ਸਿੰਘ ਨੇ ਸੰਭਾਲ ਲਈ ਸੀ। ਸ. ਦਰਬਾਰਾ ਸਿੰਘ ਨੇ ਕੇਂਦਰ ਨੂੰ ਇਹ ਵੀ ਪ੍ਰਭਾਵ ਦਿੱਤਾ ਹੋਇਆ ਸੀ ਕਿ ਉਹ ਤਾਂ ਅਤਿਵਾਦੀਆਂ ਨਾਲ ਸਖਤੀ ਨਾਲ ਨਿਪਟਣ ਦੇ ਹੱਕ ਵਿਚ ਸਨ ਪ੍ਰੰਤੂ ਉਨ੍ਹਾਂ ਦੇ ਹਰ ਗੰਭੀਰ ਯਤਨ ਨੂੰ ਗਿਆਨੀ ਜ਼ੈਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਾਬੋਤਾਜ ਕਰ ਦੇਂਦੇ ਸਨ। ਪ੍ਰੰਤੂ ਗਿਆਨੀ ਜ਼ੈਲ ਸਿੰਘ ਦੇ ਜੁਲਾਈ 1982 ਈ: ਵਿਚ ਰਾਸ਼ਟਰਪਤੀ ਦੇ ਆਹੁਦੇ ਤੇ ਚੁਣੇ ਜਾਣ ਕਾਰਨ ਪ੍ਰਸਿਥੀਆਂ ਬਦਲ ਗਈਆਂ ਸਨ ਅਤੇ ਹੁਣ ਸ. ਦਰਬਾਰਾ ਸਿੰਘ ਕੋਲ ਬਲੀ ਦਾ ਬੱਕਰਾ ਬਣਾਉਣ ਲਈ ਕੋਈ ਨਹੀਂ ਸੀ ਰਿਹਾ। ਸ. ਦਰਬਾਰਾ ਸਿੰਘ ਦਾ ਰਾਜਨੀਤਕ ਵਜੋਂ ਇਹ ਖਾਸਾ ਹੈ ਕਿ, ਉਨ੍ਹਾਂ ਵਿਚ ਉਤਰਜੀਵਤਾ ਦੀ ਪ੍ਰਵਿਰਤੀ ਕੁਝ ਵਧੇਰੇ ਹੈ। ਉਨ੍ਹਾਂ ਨੇ ਸੋਚਿਆ ਕਿ ਗਿਆਨੀ ਜ਼ੈਲ ਸਿੰਘ ਉਨ੍ਹਾਂ ਨਾਲ ਤਾਕਤ ਦੀ ਦੌੜ ਵਿਚ ਕਾਫੀ ਅੱਗੇ ਲੰਘ ਗਏ ਸਨ ਅਤੇ ਹੁਣ ਉਨ੍ਹਾਂ ਕੋਲ ਕੋਈ ਅਜਿਹਾ ਵਿਅਕਤੀ ਨਹੀਂ, ਜਿਸ ਉਤੇ ਉਹ ਆਪਣੀ ਅਸਫਲਤਾ ਅਤੇ ਅਕੁਸ਼ਲਤਾ ਲਈ ਦੋਸ਼ ਆਰੋਪਣ ਕਰ ਸਕਣ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਜੋ ਰਾਜ ਵਿਚ ਸਭ ਤੋਂ ਵੱਧ ਪ੍ਰਭਾਵਸ਼ੀਲ ਪਾਰਟੀ ਸੀ, ਨਾਲ ਕੇਂਦਰ ਸਰਕਾਰ ਸਿੱਖ ਸ਼ਿਕਾਇਤਾਂ ਅਤੇ ਮੰਗਾਂ ਸੰਬੰਧੀ ਸਿੱਧੀ ਗੱਲਬਾਤ ਕਰ ਰਿਹਾ ਸੀ। ਇਸ ਤੋਂ ਛੁੱਟ ਅਕਾਲੀ ਦਲ (ਲੌਂਗੋਵਾਲ) ਵਲੋਂ ਰਾਸ਼ਟਰਪਤੀ ਦੇ ਆਹੁਦੇ ਲਈ ਸਿੱਖ ਉਮੀਦਵਾਰ ਵਜੋਂ ਗਿਆਨੀ ਜ਼ੈਲ ਸਿੰਘ ਨੂੰ ਵੋਟਾਂ ਪਾਉਣ ਕਾਰਨ ਪੈਦਾ ਹੋਈ — 'ਅਕਾਲੀ - ਕਾਂਗਰਸ ਸਦਭਾਵਨਾ ਦੇ ਸਿਆਸੀ ਖੇਤਰ ਵਿਚ ਉਪਯੋਗ ਹੋਣ ਦੀ ਆਸ ਸੀ। ਅਜਿਹੀ ਸਥਿਤੀ ਵਿਚ ਸ. ਦਰਬਾਰਾ ਸਿੰਘ ਅਜੋੜ ਜਿਹੇ ਪ੍ਰਤੀਤ ਹੋ ਰਹੇ ਸਨ। ਉਨ੍ਹਾਂ ਨੂੰ ਭਾਸਿਆ ਕਿ ਉਨ੍ਹਾਂ ਦੀ ਹੋਂਦ ਖਤਰੇ ਵਿਚ ਹੈ। ਉਪਰੋਕਤ ਪ੍ਰਸੰਗ ਵਿਚ ਉਨ੍ਹਾਂ ਨੂੰ ਇਹ ਯੋਗ ਪ੍ਰਤੀਤ ਹੋਇਆ ਕਿ ਉਹ ਸੰਤ ਜਰਨੈਲ ਸਿੰਘ ਜਾਂ ਉਨ੍ਹਾਂ ਦੇ ਜੱਥੇ ਨੂੰ ਹੱਥ ਪਾ ਕੇ ਲੰਮੇ ਸਮੇਂ ਲਈ ਆਪਣੀ ਹੋਂਦ ਸੁਰੱਖਿਅਤ ਰੱਖ ਸਕਦੇ ਸਨ। ਇਕ ਵੇਰ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰਕੇ ਸਰਕਾਰ ਆਪਣੀਆਂ ਉਂਗਲੀਆਂ ਸਾੜ ਚੁੱਕੀ ਸੀ ਅਤੇ ਉਨ੍ਹਾਂ ਨੂੰ ਮੁੜ ਹੱਥ ਪਾ ਕੇ, ਲੰਮੇ ਸਮੇਂ ਲਈ ਜੇਲ੍ਹ ਵਿਚ ਰੱਖ ਕੇ ਪੰਜਾਬ ਵਿਚ ਸ਼ਾਂਤੀ - ਵਿਵਸਥਾ ਦੀ ਕੀਮਤ ਉਤੇ ਕੇਵਲ ਗੱਦੀ ਹੀ ਕਾਇਮ ਰੱਖੀ ਜਾ ਸਕਦੀ ਸੀ। ਸ. ਦਰਬਾਰਾ ਸਿੰਘ ਕੇਂਦਰ ਸਰਕਾਰ ਨੂੰ ਪਹਿਲਾਂ ਵੀ ਇਹ ਸੁਝਾਅ ਦੇ ਚੁੱਕੇ ਸਨ ਕਿ ਸੰਤ ਜਰਨੈਲ ਸਿੰਘ ਨੂੰ ਕੌਮੀ ਸੁਰੱਖਿਆ ਕਾਨੂੰਨ ਅਧੀਨ ਨਜ਼ਰਬੰਦ ਕੀਤਾ ਜਾਵੇ। ਕੇਂਦਰ ਸਰਕਾਰ ਨੇ ਮੁੜ ਇਹ ਸੁਝਾਅ ਪ੍ਰਵਾਨ ਕਰਨਾ



Digitized by Panjab Digital Library | www.panjabdigilib.org

ਯੋਗ ਨਾ ਸਮਝਿਆ। ਇਸ ਉਤੇ ਸ. ਦਰਬਾਰਾ ਸਿੰਘ ਨੇ ਗਿਣਿਆ ਮਿਥਿਆ ਖਤਰਾ ਮੁੱਲ ਲੈਣਾ ਠੀਕ ਸਮਝਿਆ ਅਤੇ ਇਕ ਸਾਜ਼ਿਸ਼ ਅਧੀਨ ਸੰਤ ਜਰਨੈਲ ਸਿੰਘ ਦੇ ਨਿਕਟਵਰਤੀਆਂ ਨੂੰ ਵੱਖੋ ਵੱਖ ਫੌਜਦਾਰੀ ਮਾਮਲਿਆਂ ਵਿਚ ਫਸਾਉਣ ਦੀ ਯੋਜਨਾ ਬਣਾਈ। 17 ਜੁਲਾਈ ਨੂੰ ਭਿੰਡਰਾਂ ਜਥੇ ਦੇ ਮੈਂਬਰ ਜਗੀਰ ਸਿੰਘ, ਅਜਾਇਬ ਸਿੰਘ ਅਤੇ ਨਰਿੰਦਰ ਸਿੰਘ ਜਦੋਂ ਜੀਪ ਵਿਚ ਸੰਤ ਉਤਮ ਸਿੰਘ ਖਡੂਰ ਸਾਹਿਬ ਨੂੰ ਛੱਡ ਕੇ ਮਹਿਤੇ ਵਾਪਸ ਆ ਰਹੇ ਸਨ, ਤਾਂ ਬਾਬਾ ਬਕਾਲਾ ਕੋਲ ਇਕ ਥਾਣੇਦਾਰ ਨੇ ਜੀਪ ਰੋਕੀ ਅਤੇ ਜੀਪ ਦੇ ਕਾਗਜ਼, ਅਸਲਾ ਲਾਇਸੰਸ ਆਦਿ ਦਿਖਾਉਣ ਲਈ ਕਿਹਾ। ਜਦੋਂ ਉਪਰੋਕਤ ਵਿਅਕਤੀਆਂ ਨੇ ਲੋੜੀਂਦੇ ਕਾਗਜ਼ਾਤ ਦਿਖਾ ਦਿੱਤੇ ਤਾਂ ਥਾਣੇਦਾਰ ਨੇ ਉਨ੍ਹਾਂ ਨੂੰ ਡੀ. ਐਸ. ਪੀ. ਬਿਆਸ ਕੋਲ ਜਾਣ ਲਈ ਕਿਹਾ। ਜਦੋਂ ਇਹ ਲੋਕ ਬਿਆਸ ਪੁੱਜੇ ਤਾਂ ਇਨ੍ਹਾਂ ਉੱਤੇ, ਗੋਲੀ ਚਲਾ ਕੇ ਥਾਣੇਦਾਰ ਨੂੰ ਕਤਲ ਕਰਨ ਆਦਿ ਵਰਗੇ ਕੇਸ ਪਾ ਦਿੱਤੇ ਗਏ। 18 ਜੁਲਾਈ ਨੂੰ ਸੰਤ ਜਰਨੈਲ ਸਿੰਘ ਨੇ ਭਾਈ ਅਮਰੀਕ ਸਿੰਘ, ਭਾਈ ਰਛਪਾਲ ਸਿੰਘ, ਭਾਈ ਲੱਖਾ ਸਿੰਘ ਤੇ ਭਾਈ ਕੁਲਵੰਤ ਸਿੰਘ ਨੂੰ ਗ੍ਰਿਫਤਾਰ ਹੋਏ ਜਥੇ ਦੇ ਮੈਂਬਰਾਂ ਦੀ ਪੈਰਵਾਈ ਕਰਨ ਲਈ ਭੇਜਿਆ। ਉਸੇ ਦਿਨ ਪੰਜਾਬ ਦੇ ਸਾਬਿਕ ਰਾਜਪਾਲ ਡਾ: ਐਮ. ਚੈਨਾ ਰੈਡੀ ਅੰਮ੍ਰਿਤਸਰ ਆਏ ਹੋਏ ਸਨ। ਭਾਈ ਅਮਰੀਕ ਸਿੰਘ ਇਕ ਪ੍ਰਤੀਨਿਧ ਮੰਡਲ ਦੇ ਰੂਪ ਵਿਚ ਰਾਜਪਾਲ ਸ੍ਰੀ ਰੈਡੀ ਨੂੰ ਮਿਲੇ ਅਤੇ ਉਨ੍ਹਾਂ ਨੂੰ ਦੱਸਿਆ ਕਿ ਭਿੰਡਰਾਂ ਜਥੇ ਦੇ ਮੈਂਬਰਾਂ ਨੂੰ ਅਯੋਗ ਤੌਰ ਤੇ ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਸੀ। ਡਾ: ਚੈਨਾ ਰੈਡੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪ੍ਰਾਪਤ ਮਿਸਲ ਅਨੁਸਾਰ ਪੂਰਵ - ਨਿਰਧਾਰਿਤ ਧਾਰਨਾ ਅਧੀਨ ਭਾਈ ਅਮਰੀਕ ਸਿੰਘ ਦੀ ਗੱਲ ਵੀ ਸੁਣਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਦੋਸ਼ੀ ਗੁਰਦੁਆਰਿਆਂ ਵਿਚ ਜਾ ਵੜਦੇ ਸਨ ਅਤੇ ਪੁਲਿਸ ਲਈ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਔਖਾ ਹੁੰਦਾ ਸੀ। ਪੰਜਾਬ ਦੇ ਸਿੱਖਿਆ ਮੰਤ੍ਰੀ ਸ. ਹਰਚਰਨ ਸਿੰਘ ਅਜਨਾਲਾ ਵੀ ਇਸ ਮੌਕੇ ਤੇ ਹਾਜ਼ਰ ਸਨ ਅਤੇ ਭਾਈ ਅਮਰੀਕ ਸਿੰਘ ਅਤੇ ਸ. ਹਰਚਰਨ ਸਿੰਘ ਅਜਨਾਲਾ ਵਿਚਕਾਰ ਝੜਪਾਂ ਵੀ ਹੋਈਆਂ। ਅਗਲੇ ਹੀ ਦਿਨ ਰਾਜ ਸਰਕਾਰ ਦੀ ਸੁਨਿਸਚਿਤ ਹਦਾਇਤ ਤੇ, ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਨੇ ਭਾਈ ਅਮਰੀਕ ਸਿੰਘ (ਜਦੋਂ ਉਹ ਆਪਣੇ ਸਾਥੀਆਂ ਭਾਈ ਰਛਪਾਲ ਸਿੰਘ, ਭਾਈ ਲੱਖਾ ਸਿੰਘ ਅਤੇ ਭਾਈ ਕੁਲਵੰਤ ਸਿੰਘ ਨਾਲ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਵਿਖੇ ਜਥੇ ਦੇ ਗ੍ਰਿਫਤਾਰ ਹੋਏ ਮੈਂਬਰਾਂ ਦੀ ਪੈਰਵਾਈ ਕਰਨ ਗਏ) ਨੂੰ ਵੱਖ ਵੱਖ ਜੁਰਮਾਂ ਅਧੀਨ ਗ੍ਰਿਫਤਾਰ ਕਰ ਲਿਆ।

19 ਜੁਲਾਈ ਨੂੰ, ਜਿਸ ਦਿਨ ਭਾਈ ਅਮਰੀਕ ਸਿੰਘ ਤੇ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ, ਸੰਤ ਜਰਨੈਲ ਸਿੰਘ ਮਾਝੇ ਦੇ ਪਿੰਡਾਂ ਵਿਚ ਪ੍ਰਚਾਰ ਦੌਰੇ ਤੇ ਗਏ ਹੋਏ ਸਨ। ਜਦੋਂ ਉਨ੍ਹਾਂ ਨੂੰ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਦਾ ਪਤਾ ਲੱਗਾ ਤਾਂ ਉਹ ਤੁਰੰਤ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਪਹੁੰਚ ਗਏ ਅਤੇ ਜੱਥੇ ਦੇ ਮੈਂਬਰਾਂ ਨਾਲ ਸਲਾਹ ਉਪਰੰਤ ਭਾਈ ਅਮਰੀਕ ਸਿੰਘ ਅਤੇ ਜੱਥੇ ਦੇ ਗ੍ਰਿਫਤਾਰ ਮੈਂਬਰਾਂ ਦੀ ਬਿਨਾ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਪਹਿਲਾ ਅਜਿਹਾ ਮੋਰਚਾ ਸੀ, ਜਿਸ ਦਾ ਪ੍ਰਬੰਧ ਢਾਈ ਘੰਟੇ ਦੇ ਅੰਦਰ ਅੰਦਰ ਕੀਤਾ ਗਿਆ ਸੀ। ਸੰਤ ਜਰਨੈਲ ਸਿੰਘ ਨੇ 51-51 ਦਾ ਜੱਥਾ ਰੋਜ਼ਾਨਾ ਗ੍ਰਿਫਤਾਰੀ ਲਈ ਭੇਜਣ ਦਾ ਨਿਰਣਾ ਕਰ ਲਿਆ ਅਤੇ ਇਸ ਤਰ੍ਹਾਂ ਵਰਤਮਾਨ ਮੋਰਚੇ ਦਾ ਮੁੱਢ ਬੱਝ ਗਿਆ। ਅਗਲੇ ਦਿਨ ਹੀ ਭਿੰਡਰਾਂ ਜੱਥੇ ਦੇ ਆਦਰਨੀਯ ਸਦਸੱਯ ਬਾਬਾ ਥਾਹਰਾ ਸਿੰਘ ਜਦੋਂ ਜ਼ਿਲ੍ਹਾ ਕਚਹਿਰੀ ਵਿਚ ਭਾਈ ਅਮਰੀਕ ਸਿੰਘ ਅਤੇ ਜੱਥੇ ਦੇ ਹੋਰ ਮੈਂਬਰਾਂ ਦੀ ਪੈਰਵਾਈ ਕਰਨ ਗਏ ਤਾਂ ਉਨ੍ਹਾਂ ਨੂੰ ਅਤੇ ਜੱਥੇ ਦੇ ਇਕ ਹੋਰ ਮੈਂਬਰ ਜਥੇਦਾਰ ਰਾਮ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਸੰਤ ਜਰਨੈਲ ਸਿੰਘ ਨੇ ਦਮਦਮੀ ਟਕਸਾਲ ਅਤੇ ਭਿੰਡਰਾਂ ਜੱਥੇ ਦੇ ਮੈਂਬਰਾਂ ਉਤੇ ਹੋਏ ਇਕ ਹੋਰ ਹਮਲੇ ਦੇ ਮਸਲੇ ਉਤੇ ਗੰਭੀਰ ਵਿਚਾਰ ਲਈ 25



Digitized by Panjab Digital Library | www.panjabdigilib.org

ਜੁਲਾਈ ਨੂੰ ਮੰਜੀ ਸਾਹਿਬ ਦੀਵਾਨ ਹਾਲ, ਅੰਮ੍ਰਿਤਸਰ ਵਿਖੇ ਇਕ ਵਿਸ਼ਾਲ ਪੰਥਕ ਪ੍ਰਤੀਨਿਧ ਕਨਵੈਨਸ਼ਨ ਸੱਦ ਲਈ ।

ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਪੰਜਾਬ ਵਿਚ ਅੰਮ੍ਰਿਤਧਾਰੀ ਸਿੱਖਾਂ ਉਤੇ ਹੋ ਰਹੇ ਜ਼ੁਲਮ ਦਾ ਗੰਭੀਰਤਾ ਨਾਲ ਨੋਟਿਸ ਲੈ ਰਿਹਾ ਸੀ ਅਤੇ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਅਸਲ ਵਿਚ ਗ਼ੈਰ - ਹਾਜ਼ਰੀ ਵਿਚ ਕੀਤੀ ਗਈ ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਸੀ । ਸਰਕਾਰ ਤਾਂ ਇਹ ਵੇਖਣਾ ਚਾਹੁੰਦੀ ਸੀ ਕਿ, ਕੀ ਸਤੰਬਰ 1981 ਵਾਲਾ ਜੋਸ਼ ਅਜੇ ਸਿੱਖ ਜਨਤਾ ਵਿਚ ਕਾਇਮ ਹੈ ਜਾਂ ਨਹੀਂ । ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਇਸ ਮਾਮਲੇ ਤੇ ਵਿਚਾਰ ਕਰਨ ਲਈ 26 ਜੁਲਾਈ ਨੂੰ ਅੰਮ੍ਰਿਤਸਰ ਵਿਖੇ ਇਕ ਵੱਖਰੀ ਕਨਵੈਨਸ਼ਨ ਸੱਦ ਲਈ 25 ਜੁਲਾਈ ਨੂੰ ਸੰਤ ਜਰਨੈਲ ਸਿੰਘ ਵਲੋਂ ਸੱਦੀ ਗਈ ਕਨਵੈਨਸ਼ਨ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਸ਼ਾਮਲ ਹੋਏ ਅਤੇ ਉਨ੍ਹਾਂ ਦੀ ਰੀਪੋਰਟ ਉਤੇ ਹੀ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਸੰਤ ਜਰਨੈਲ ਸਿੰਘ ਵਲੋਂ ਲਾਇਆ ਮੋਰਚਾ ਅਪਨਾਉਣ ਅਤੇ 4 ਅਗਸਤ ਤੋਂ ਬਾਕਾਇਦਾ ਜਥੇ ਭੇਜਣ ਦਾ ਐਲਾਨ ਕਰ ਦਿੱਤਾ । ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) 5 ਅਪ੍ਰੈਲ ਨੂੰ ਪ੍ਰਧਾਨ ਮੰਤ੍ਰੀ ਸ਼੍ਰੀਮਤੀ ਗਾਂਧੀ ਨਾਲ ਵਾਰਤਾ ਟੁੱਟਣ ਉਪਰੰਤ ਕਪੂਰੀ (ਪਟਿਆਲਾ) ਵਿਖੇ ਅਤੇ ਸਿਵਲ ਨਾ - ਫੁਰਮਾਨੀ ਆਦਿ ਵਰਗੇ ਮੋਰਚੇ ਲਾ ਰਿਹਾ ਸੀ । ਕਪੂਰੀ ਵਿਖੇ ਮੋਰਚਾ ਚੱਲ ਹੀ ਰਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਨੇ ਇਸ ਮੋਰਚੇ ਨੂੰ ਅੰਮ੍ਰਿਤਸਰ ਤਬਦੀਲ ਕਰਨ ਦਾ ਐਲਾਨ ਕਰ ਦਿੱਤਾ । ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਨੇ 13 ਅਪ੍ਰੈਲ 1981 ਤੋਂ ਦਿੱਲੀ ਵਿਖੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਮੋਰਚਾ ਲਾ ਰੱਖਿਆ ਸੀ । ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਆਪਣੇ, ਸੰਤ ਜਰਨੈਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਵਲੋਂ ਲਾਏ ਮੋਰਚਿਆਂ ਦਾ ਇਕ ਤਰ੍ਹਾਂ ਏਕੀਕਰਨ ਕਰ ਲਿਆ ਸੀ ਕਿਉਂਕਿ ਉਨ੍ਹਾਂ ਨੇ ਆਪਣੀਆਂ ਮੰਗਾਂ ਵਿਚ ਨਾ ਕੇਵਲ ਕਥਿਤ ਪੁਲਿਸ ਮੁਕਾਬਲਿਆਂ ਦੀ ਜਾਂਚ ਦੀ ਮੰਗ ਰੱਖੀ ਸੀ, ਸਗੋਂ ਇਸ ਵਿਚ ਅੰਮ੍ਰਿਤਧਾਰੀ ਸਿੱਖਾਂ ਉਤੇ ਤਸ਼ੱਦਦ ਬੰਦ ਕਰਵਾਉਣ, ਭਾਈ ਅਮਰੀਕ ਸਿੰਘ, ਬਾਬਾ ਥਾਹਰਾ ਸਿੰਘ ਸਮੇਤ ਭਿੰਡਰਾਂ ਜੱਥੇ ਦੇ ਸਭ ਗ੍ਰਿਫਤਾਰ ਮੈਂਬਰਾਂ ਦੀ ਬਿਨਾ ਸ਼ਰਤ ਰਿਹਾਈ ਅਤੇ ਆਨੰਦਪੁਰ ਸਾਹਿਬ ਦੇ ਮਤੇ ਅਧੀਨ ਪੰਜਾਬ ਅਤੇ ਹੋਰ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਮੰਗ ਵੀ ਸ਼ਾਮਲ ਕਰ ਲਈ ਸੀ । ਇਸ ਤਰ੍ਹਾਂ ਭਿੰਡਰਾਂ ਜੱਥੇ ਦੇ ਮੈਂਬਰਾਂ ਉਤੇ ਹੋ ਰਹੇ ਜਬਰ ਦਾ ਟਾਕਰਾ ਕਰਨ ਦੀ ਜ਼ਿੰਮੇਵਾਰੀ ਇਕ ਵੇਰ ਫੇਰ ਸਮੁੱਚੀ ਸਿੱਖ ਕੌਮ ਨੇ ਸਾਂਭ ਲਈ ।

4 ਅਗਸਤ ਨੂੰ ਅਤੇ ਪਿੱਛੋਂ ਭਾਈ ਅਮਰੀਕ ਸਿੰਘ, ਬਾਬਾ ਥਾਹਰਾ ਸਿੰਘ ਸਮੇਤ ਜੱਥੇ ਦੇ ਸਭ ਗ੍ਰਿਫਤਾਰ ਮੈਂਬਰਾਂ ਦੀ ਰਿਹਾਈ, ਅੰਮ੍ਰਿਤਧਾਰੀ ਸਿੱਖਾਂ ਉਤੇ ਪੁਲਿਸ ਤਸ਼ੱਦਦ ਬੰਦ ਕਰਵਾਉਣ ਆਦਿ ਦੀਆਂ ਮੰਗਾਂ ਨੂੰ ਲੈ ਕੇ ਇੰਡੀਅਨ ਏਅਰਲਾਈਨਜ਼ ਦੇ ਦੋ ਜਹਾਜ਼ਾਂ ਨੂੰ ਦੋ ਵੇਰ ਅਗਵਾ ਕਰ ਕੇ ਲਾਹੌਰ ਲਿਜਾਣ ਦਾ ਯਤਨ ਕੀਤਾ ਗਿਆ ਪ੍ਰੰਤੂ ਦੋਵੇਂ ਵੇਰ ਹੀ ਅਸਫਲ ਰਿਹਾ । ਪਹਿਲੀ ਵੇਰ ਅਗਵਾਕਾਰ ਗੁਰਬਖਸ਼ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਪ੍ਰੰਤੂ ਦੂਜੀ ਵੇਰ ਅਗਵਾਕਾਰ ਮੁਸੀਬਤ ਸਿੰਘ ਉਰਫ ਮਨਜੀਤ ਸਿੰਘ ਨੂੰ ਅੰਮ੍ਰਿਤਸਰ ਹਵਾਈ ਅੱਡੇ ਉਤੇ ਹੀ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ ਗਿਆ ।

ਇਹਨੀਂ ਦਿਨੀਂ ਹੀ ਪੰਜਾਬ ਦੇ ਮੁੱਖ ਮੰਤ੍ਰੀ ਸ. ਦਰਬਾਰਾ ਸਿੰਘ ਨੇ ਇਕ ਨਵੀਂ ਚਰਚਾ ਛੇੜ ਦਿੱਤੀ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਤਾਂ ਪਵਿੱਤਰ ਅਸਥਾਨ ਹੈ ਪ੍ਰੰਤੂ ਉਸ ਨਾਲ ਲਗਦੀਆਂ ਸਰਾਵਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਆਦਿ ਪਵਿੱਤਰ



Digitized by Panjab Digital Library | www.panjabdigilib.org

ਅਸਥਾਨ ਨਹੀਂ; ਇਸ ਲਈ ਪੁਲਿਸ ਨੂੰ ਇਨ੍ਹਾਂ ਸਰਾਵਾਂ ਵਿਚ ਵੜਨ ਦੀ ਆਗਿਆ ਹੋਣੀ ਚਾਹੀਦੀ ਹੈ। ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਦੀ ਸਹਾਇਤਾ ਨਾਲ ਸ. ਦਰਬਾਰਾ ਸਿੰਘ ਨੇ ਆਪਣੀ ਇਸ ਨਵੀਂ ਦਲੀਲ ਦਾ ਹੱਦੋਂ ਵੱਧ ਪ੍ਰਚਾਰ ਕੀਤਾ ਅਤੇ ਇੱਥੋਂ ਤੱਕ ਕਿ ਸਾਬਿਕ ਰਾਜਪਾਲ ਡਾ. ਚੈਨਾ ਰੈਡੀ ਨੂੰ ਕਾਇਲ ਕਰ ਲਿਆ ਕਿ ਜੇ ਪੁਲਿਸ ਸ੍ਰੀ ਦਰਬਾਰ ਸਾਹਿਬ ਨਾਲ ਸੰਬੰਧਤ ਸਰਾਵਾਂ ਵਿਚ ਭੇਜ ਦਿੱਤੀ ਜਾਏ ਤਾਂ ਇਹ ਧਰਮ ਅਪਮਾਨ ਨਹੀਂ ਹੋਵੇਗਾ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਜਰਨੈਲ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਸੀ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਅਹਾਤਾ ਸੁਰੱਖਿਅਤ ਹੈ ਅਤੇ ਇਸ ਦਾ ਧਾਰਮਿਕ ਅਪਮਾਨ ਕਰਨ ਦੀ ਕਿਸੇ ਨੂੰ ਆਗਿਆ ਨਹੀਂ ਦਿੱਤੀ ਜਾ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਦਾ ਇਹ ਵੀ ਮੱਤ ਸੀ ਕਿ ਰਾਜ ਸਰਕਾਰ ਨੇ ਸਿੱਖ ਧਰਮ ਅਸਥਾਨਾਂ ਦੀ ਹੋਈ ਬੇਹੁਰਮਤੀ ਨੂੰ ਅਣਗੌਲਿਆ ਕਰ ਕੇ ਕੋਈ ਠੋਸ ਕਾਰਵਾਈ ਨਹੀਂ ਸੀ ਕੀਤੀ ਜਦੋਂ ਕਿ ਇਸ ਦੇ ਮੁਕਾਬਲੇ ਹਿੰਦੂ ਧਰਮ ਅਸਥਾਨਾਂ ਦੀ ਬੇਹੁਰਮਤੀ ਦੇ ਦੋਸ਼ ਵਿਚ ਸੈਂਕੜੇ ਅੰਮ੍ਰਿਤਧਾਰੀ ਸਿੱਖਾਂ ਨੂੰ ਜਬਰ ਦਾ ਸ਼ਿਕਾਰ ਬਣਾਇਆ ਗਿਆ ਸੀ। ਉਪਰੋਕਤ ਪ੍ਰਸੰਗ ਵਿਚ ਪੰਜਾਬ ਦੇ ਸਿਆਸੀ ਅਤੇ ਪੁਲਿਸ ਹਲਕਿਆਂ ਵਿਚ ਇਹ ਪ੍ਰਸ਼ਨ ਪੁੱਛਿਆ ਜਾ ਰਿਹਾ ਸੀ ਕਿ, ਕੀ ਪੁਲਿਸ ਗੁਰੂ ਨਾਨਕ ਨਿਵਾਸ ਵਿਚ ਦਾਖਲ ਹੋਵੇਗੀ? ਰਾਜ ਸਰਕਾਰ ਨੇ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਕਿ, ਗੁਰੂ ਨਾਨਕ ਨਿਵਾਸ ਵਿਚ ਅਸਲਾ ਫੈਕਟਰੀ ਲੱਗੀ ਹੋਈ ਸੀ ਅਤੇ ਇਥੋਂ ਹੀ ਅਸਲਾ ਕਥਿਤ ਅਤਿਵਾਦੀਆਂ ਨੂੰ ਉਪਲਬਧ ਕਰਵਾਇਆ ਜਾ ਰਿਹਾ ਸੀ। 20 ਅਗਸਤ 1982 ਨੂੰ ਜਦੋਂ ਰਾਹੋਂ ਵਿਖੇ ਮੁਖ ਮੰਤਰੀ ਸ. ਦਰਬਾਰਾ ਸਿੰਘ ਉਤੇ ਬੰਬ ਸੁੱਟਣ ਦਾ ਯਤਨ ਕੀਤਾ ਗਿਆ ਤਾਂ ਸ. ਦਰਬਾਰਾ ਸਿੰਘ ਨੇ ਖੁਲ੍ਹੇਆਮ 23 ਅਗਸਤ ਨੂੰ ਪ੍ਰੈਸ ਵਿਚ ਦੋਸ਼ ਲਾਇਆ ਕਿ ਇਸ ਬੰਬ ਧਮਾਕੇ ਪਿੱਛੇ ਵੀ ਸੰਤ ਜਰਨੈਲ ਸਿੰਘ ਦਾ ਹੀ ਹੱਥ ਸੀ ਅਤੇ ਇਹ ਸਾਜ਼ਿਸ਼ ਗੁਰੂ ਨਾਨਕ ਨਿਵਾਸ ਵਿਚ ਹੀ ਬਣਾਈ ਗਈ ਸੀ। ਇਕ ਵੇਰ ਫਿਰ ਮੁੱਖ ਮੰਤ੍ਰੀ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਸੀ ਕਿ ਸੰਤ ਜਰਨੈਲ ਸਿੰਘ ਦੀ ਲਾਲਾ ਜਗਤ ਨਾਰਾਇਣ ਕਤਲ ਕੇਸ ਵਿਚ ਗ੍ਰਿਫਤਾਰੀ ਸਹੀ ਸੀ ਅਤੇ ਜੇ ਕੇਂਦਰ ਸਰਕਾਰ ਦਬਾਅ ਨਾ ਪਾਉਂਦੀ ਤਾਂ ਉਹ ਇਸ ਕੇਸ ਵਿਚੋਂ ਕਦੇ ਨਾ ਬਚ ਸਕਦੇ। ਰਾਹੋਂ ਬੰਬ ਕੇਸ ਵਿਚ ਦਿਲਚਸਪ ਗੱਲ ਇਹ ਸੀ ਕਿ ਜਿਸ ਵਿਅਕਤੀ ਨੂੰ ਮੁੱਢਲੀ ਜਾਂਚ ਰੀਪੋਰਟ ਵਿਚ ਦੋਸ਼ੀ ਨਾਮਜ਼ਦ ਕਰਕੇ 'ਮੌਕੇ ਉਤੋਂ' ਫੜਿਆ ਗਿਆ ਸੀ, ਉਸੇ ਦੀ ਨਿਸ਼ਾਨਦੇਹੀ ਤੇ ਇਕ ਹੋਰ ਵਿਅਕਤੀ ਗੁਰਮੀਤ ਸਿੰਘ, ਫੂਲਕੋਟ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਬਾਅਦ ਵਿਚ ਤਸੀਹੇ ਦੇ ਕੇ ਮਾਰ ਦਿੱਤਾ ਗਿਆ ਸੀ। ਕਿਹਾ ਜਾਂਦਾ ਹੈ ਕਿ ਗੁਰਮੀਤ ਸਿੰਘ ਉਤੇ ਇਹੋ ਦਬਾਅ ਪਾਇਆ ਜਾਂਦਾ ਰਿਹਾ ਕਿ, ਉਹ ਇਹ ਬਿਆਨ ਦੇਵੇ ਕਿ ਸੰਤ ਜਰਨੈਲ ਸਿੰਘ ਦੇ ਇਸ਼ਾਰੇ ਉਤੇ ਹੀ ਉਸ ਨੇ ਮੁਖ ਮੰਤ੍ਰੀ ਸ. ਦਰਬਾਰਾ ਸਿੰਘ ਨੂੰ ਖਤਮ ਕਰਨ ਦਾ ਯਤਨ ਕੀਤਾ ਸੀ; ਪ੍ਰੰਤੂ ਇਸ ਮਰਜੀਵੜੇ ਨੇ ਅੰਗ ਅੰਗ ਤਾਂ ਨੋਚਵਾ ਲਿਆ ਪਰ ਇਹ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਅਗਲੇ ਦਿਨ ਗੁਰਮੀਤ ਸਿੰਘ ਨੂੰ ਕਥਿਤ ਪੁਲਿਸ ਮੁਕਾਬਲੇ ਵਿਚ ਮਰਿਆ ਕਰਾਰ ਦੇ ਦਿੱਤਾ ਗਿਆ, ਬਾਅਦ ਵਿਚ ਮੁੱਖ ਨਾਮਜ਼ਦ ਦੋਸ਼ੀ ਨੂੰ 'ਮਾਸੂਮ' ਜਾਣ ਕੇ ਰਿਹਾ ਕਰ ਦਿੱਤਾ ਗਿਆ।

ਪੰਜਾਬ ਪੁਲਿਸ ਨੇ ਭਿੰਡਰਾਂ ਵਾਲੇ ਜੱਥੇ ਦੇ ਮੈਂਬਰਾਂ ਅਤੇ ਸਹਿਯੋਗੀ ਸਿੱਖਾਂ ਨੂੰ ਆਪਣੇ ਜਬਰ ਦਾ ਨਿਸ਼ਾਨਾ ਬਣਾ ਲਿਆ ਸੀ ਅਤੇ ਉਹ ਚੁਣ ਚੁਣ ਕੇ ਹਰ ਸੰਬੰਧਤ ਸਿੱਖ ਉਤੇ ਕੇਸ ਪਾਈ ਜਾ ਰਹੀ ਸੀ। ਹਿੰਸਕ ਘਟਨਾਵਾਂ ਦੇ ਬਹੁਤੇ ਦੋਸ਼ੀਆਂ ਨੂੰ ਫੜਨ ਵਿਚ ਪੁਲਿਸ ਅਸਫਲ ਰਹੀ ਸੀ ਪ੍ਰੰਤੂ ਜਿਨ੍ਹਾਂ ਨੂੰ ਫੜ ਲੈਂਦੀ ਸੀ, ਉਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਬਣਾ ਕੇ ਖਤਮ ਕੀਤਾ ਜਾ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਵੀ ਪੁਲਿਸ ਦੀਆਂ



Digitized by Panjab Digital Library | www.panjabdigilib.org

ਅਜਿਹੀਆਂ ਕਾਰਵਾਈਆਂ ਵਿਰੁੱਧ ਰੋਸ ਪ੍ਰਗਟ ਕੀਤਾ ਜਾ ਰਿਹਾ ਸੀ । ਪੁਲਿਸ ਮੁਕਾਬਲਿਆਂ ਵਿਚ ਨੌਜੁਆਨ ਅੰਮ੍ਰਿਤਧਾਰੀ ਸਿੱਖਾਂ ਨੂੰ ਸ਼ਹੀਦ ਕਰਨ ਦਾ ਕ੍ਰਮ, ਜੋ ਭਾਈ ਕੁਲਵੰਤ ਸਿੰਘ ਨਾਗੋਕੇ ਤੋਂ ਆਰੰਭ ਹੋਇਆ ਸੀ, ਉਹ ਅਮਰਜੀਤ ਸਿੰਘ, ਦਰੇੜੂ, ਬਲਜੀਤ ਸਿੰਘ, ਗੁਰਮੀਤ ਸਿੰਘ ਫੂਲਕੋਟ, ਜਗਦੇਵ ਸਿੰਘ ਤੇ ਸੁਖਦੇਵ ਸਿੰਘ (ਦੋਵੇਂ ਕੋਟ ਈਸੇ ਖਾਂ), ਮੁਸੀਬਤ ਸਿੰਘ, ਭੋਲਾ ਸਿੰਘ ਅਤੇ ਕਸ਼ਮੀਰ ਸਿੰਘ ਤੱਕ ਆਣ ਪਹੁੰਚਿਆ ਅਤੇ ਅਜੇ ਵੀ ਜਾਰੀ ਹੈ ।

4 ਅਗਸਤ 1982 ਨੂੰ ਸਾਬਿਕ ਮੁੱਖ ਮੰਤ੍ਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਜੱਥੇ ਦੀ ਗ੍ਰਿਫਤਾਰੀ ਨਾਲ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਮੋਰਚੇ ਦਾ ਅਸਥਾਨ ਕਪੂਰੀ ਤੋਂ ਤਬਦੀਲ ਕਰਕੇ ਅੰਮ੍ਰਿਤਸਰ ਲਿਆਉਣ ਅਤੇ ਮੋਰਚੇ ਦੀਆਂ ਮੰਗਾਂ ਵਿਚ ਸੰਤ ਜਰਨੈਲ ਸਿੰਘ ਅਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀਆਂ ਮੰਗਾਂ ਸੰਮਿਲਤ ਕਰਨ ਨਾਲ ਅੰਮ੍ਰਿਤਸਰ ਤੋਂ ਇਕ ਵਿਸ਼ਾਲ ਮੋਰਚੇ ਦਾ ਪ੍ਰਾਰੰਭ ਹੋ ਗਿਆ ਸੀ । ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੇ ਇਸ ਪ੍ਰਕਾਰ ਸਭ ਵਿਚਾਰਧਾਰਾਵਾਂ ਦੇ ਸਿੱਖਾਂ ਨੂੰ ਇਕੋ ਝੰਡੇ ਹੇਠ ਲਿਆਉਣ ਦਾ ਯਤਨ ਕੀਤਾ ਸੀ, ਜਿਸ ਨਾਲ ਸੰਤ ਜਰਨੈਲ ਸਿੰਘ ਵਲੋਂ ਅਗਸਤ 1980 ਈ: ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਵੰਡ ਹੋਈ ਸੀ, ਤੋਂ ਹੀ ਕੀਤੇ ਜਾ ਰਹੇ ਏਕਤਾ ਯਤਨਾਂ ਦੇ ਸਫਲ ਹੋਣ ਦੀ ਆਸ ਬੱਝਣ ਲੱਗੀ ।



Digitized by Panjab Digital Library | www.panjabdigilib.org

# ਭਵਨਾਂ ਨੂੰ ਜੰਦਰੇ ਲਗਵਾਏ

20.8.78 ਨੂੰ ਨਿਸਚਿਤ ਪ੍ਰੋਗਰਾਮ ਅਨੁਸਾਰ ਮੰਜੀ ਸਾਹਿਬ ਦੀਵਾਨ ਹਾਲ ਦੀਵਾਨ ਸਜਿਆ। ਸੰਗਤਾਂ ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਨੇ ਕਿਹਾ ਕਿ "ਅਸੀਂ ਇਹ ਫੈਸਲਾ ਕੀਤਾ ਹੈ ਕਿ, ਨਿਰੰਕਾਰੀਆਂ ਨੂੰ ਕਿਸੇ ਕੀਮਤ ਤੇ ਸਤਿਸੰਗ ਨਹੀਂ ਕਰਨ ਦੇਵਾਂਗੇ।" ਸੰਤਾਂ ਦਾ ਦ੍ਰਿੜ ਸੰਕਲਪ ਦੇਖ ਕੇ ਸਰਕਾਰ ਭੱਜ ਗਈ। 'ਯਰਕਾਓ, ਯਰਕਾਓ, ਨਹੀਂ ਤਾਂ ਆਪ ਯਰਕ ਜਾਓ' ਦੇ ਅਸੂਲ ਤੇ ਚੱਲਦਿਆਂ ਬਾਦਲ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਕਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ ਉਸ ਦਿਨ ਨਿਰੰਕਾਰੀ ਸਤਿਸੰਗ ਨਾ ਹੋਣ ਦਿੱਤੇ ਜਾਣ ਤੇ ਨਿਰੰਕਾਰੀ ਭਵਨਾਂ ਨੂੰ ਜੰਦਰੇ ਮਾਰ ਦਿੱਤੇ ਜਾਣ। ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਬੰਦ ਕਰਨ ਉਪਰੰਤ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਗੁਰਬਚਨ ਐਸ. ਜਗਤ ਨੇ ਸੰਤ ਭਿੰਡਰਾਂ ਵਾਲਿਆਂ ਨੂੰ ਸੁਨੇਹਾ ਭੇਜਿਆ ਕਿ ਨਿਰੰਕਾਰੀ ਭਵਨ ਬੰਦ ਹੈ। ਇਸ ਲਈ ਭਵਨ ਬੰਦ ਕਰਾਉਣ ਲਈ ਆਉਣ ਖਾਤਿਰ ਉਨ੍ਹਾਂ ਨੂੰ ਕਸ਼ਟ ਕਰਨ ਦੀ ਲੋੜ ਨਹੀਂ। ਸੰਤ ਜੀ ਨੇ ਜਵਾਬ ਦਿੱਤਾ ਕਿ ਉਹ ਖੁਦ ਜਲੂਸ ਲੈ ਕੇ ਜਾਣਗੇ ਤੇ ਆਪ ਇਸ ਗੱਲ ਦੀ ਤਸਦੀਕ ਕਰਨਗੇ ਕਿ ਭਵਨ ਬੰਦ ਹੈ ਜਾਂ ਖੁੱਲ੍ਹਾ ਹੈ।

ਜਲੂਸ ਦੀ ਅਗਵਾਈ ਕਰਨ ਲਈ 'ਪੰਜ ਪਿਆਰੇ' ਥਾਪ ਦਿੱਤੇ ਗਏ, ਜਿਨ੍ਹਾਂ ਦੇ ਨਾਂ ਇਹ ਹਨ:

1 ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ
2 ਜਥੇਦਾਰ ਮੋਹਣ ਸਿੰਘ ਤੁੜ
3 ਬਾਬਾ ਬਿਕ੍ਰਮਜੀਤ ਸਿੰਘ ਜੀ
4 ਬਾਬਾ ਦਇਆ ਸਿੰਘ ਜੀ
5 ਸੰਤ ਉਤਮ ਸਿੰਘ ਜੀ

ਇਸ ਤੋਂ ਪਿੱਛੋਂ ਅਰਦਾਸਾ ਸੋਧਿਆ ਗਿਆ ਅਤੇ ਜਲੂਸ ਨੇ ਨਿਰੰਕਾਰੀ ਭਵਨ ਵੱਲ ਚਾਲੇ ਪਾ ਦਿੱਤੇ। ਪੁਲਿਸ ਦਾ ਕਾਫੀ ਬੰਦੋਬਸਤ ਸੀ। ਜਦ ਇਹ ਜਲੂਸ ਭਵਨ ਤੋਂ ਥੋੜੀ ਦੂਰ ਪਿੱਛੇ ਸੀ ਤਾਂ ਪੁਲਿਸ ਕਰਮਚਾਰੀਆਂ ਨੇ ਜਲੂਸ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪੁਲਿਸ ਅਫਸਰਾਂ ਨੇ ਸੰਤ ਭਿੰਡਰਾਂਵਾਲੇ ਅੱਗੇ ਬੇਨਤੀ ਕੀਤੀ ਕਿ, ਉਹ ਜਲੂਸ ਨੂੰ ਇਥੇ ਹੀ ਰੁਕਿਆ ਰਹਿਣ ਦੇਣ ਤੇ ਉਹ ਆਪਣੇ ਸਮੇਤ ਪੰਜ ਸਿੰਘ ਯਾਨੀ ਪੰਜ ਪਿਆਰੇ ਭਵਨ ਵਿਚ ਲਿਜਾ ਕੇ ਤਸਦੀਕ ਕਰ ਆਉਣ ਕਿ ਜੰਦਰੇ ਵੱਜੇ ਹੋਏ ਹਨ ਜਾਂ ਨਹੀਂ। ਸੰਤਾਂ ਨੇ ਇਹ ਬੇਨਤੀ ਪਰਵਾਨ ਕਰ ਲਈ। ਪੰਜ ਪਿਆਰਿਆਂ ਨੇ ਭਵਨ ਵਿਚ ਦਾਖਿਲ ਹੋ ਕੇ ਜੰਦਰਿਆਂ ਦੀ ਤਸਦੀਕ ਕੀਤੀ ਤੇ ਫਿਰ ਜਲੂਸ ਵਿਚ ਸ਼ਾਮਿਲ ਹੋ ਕੇ ਵਾਪਸੀ ਦੇ ਜੈਕਾਰੇ ਗਜਾ ਦਿੱਤੇ।

ਕੇਵਲ ਅੰਮ੍ਰਿਤਸਰ ਵਿਚ ਹੀ ਨਹੀਂ, ਉਸ ਦਿਨ ਪੰਜਾਬ ਦੇ ਕਿਸੇ ਵੀ ਨਿਰੰਕਾਰੀ ਭਵਨ ਸਿੰਘ ਸਿੰਘਾਂ ਨੇ 'ਸਤਿਸੰਗ' ਨਹੀਂ ਹੋਣ ਦਿੱਤਾ।



Digitized by Panjab Digital Library / www.panjabdigilib.org

## ਬਾਦਲ ਸਰਕਾਰ ਫੇਰ ਯਰਕੀ:

ਲੇਕਿਨ ਇਸ ਵਾਰ ਉਹ ਮੁਰਾਰਜੀ ਡਿਸਾਈ ਦੀ ਘੂਰੀ ਨੇ ਯਰਕਾਈ। ਪਰਧਾਨ ਮੰਤਰੀ ਸ੍ਰੀ ਡਿਸਾਈ ਨੇ ਪੰਜਾਬ ਸਰਕਾਰ ਵਲੋਂ 20 ਅਗਸਤ ਨੂੰ ਨਿਰੰਕਾਰੀ ਭਵਨ ਬੰਦ ਕਰਵਾਏ ਜਾਣ ਕਾਰਨ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਸਖਤ ਝਾੜ ਪਾਈ ਤੇ ਕਿਹਾ ਕਿ ਛੇਤੀ ਤੋਂ ਛੇਤੀ ਨਿਰੰਕਾਰੀ ਭਵਨ ਖੁਲ੍ਹਾਉਣ ਦਾ ਪ੍ਰਬੰਧ ਕੀਤਾ ਜਾਏ। ਸਰਦਾਰ ਬਾਦਲ ਨੇ ਮਹਿਸੂਸ ਕੀਤਾ ਕਿ, ਜੇ ਉਸ ਨੇ ਕੇਂਦਰ ਸਰਕਾਰ ਦੀ ਹੁਕਮ - ਅਦੂਲੀ ਕੀਤੀ ਤਾਂ ਕੁਰਸੀ ਕਾਇਮ ਨਹੀਂ ਰਹਿ ਸਕੇਗੀ। ਇਸ ਲਈ ਉਨ੍ਹਾਂ ਕੇਂਦਰੀ ਦਬਾਅ ਹੇਠ ਆ ਕੇ ਦੁਬਾਰਾ ਜ਼ਿਲ੍ਹਾ ਪ੍ਰਸ਼ਾਸਕਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਕਿ 27 ਤਰੀਕ ਨੂੰ ਪੁਲਿਸ ਬੰਦੋਬਸਤ ਹੇਠ ਹਰ ਹਾਲਤ ਵਿਚ 'ਭਵਨ' ਖੁਲ੍ਹਵਾਏ ਜਾਣ, ਬੇਸ਼ਕ ਅਜਿਹਾ ਕਰਨ ਲਈ ਵੱਡੇ ਤੋਂ ਵੱਡੇ ਆਗੂ ਨੂੰ ਗ੍ਰਿਫਤਾਰ ਕਿਉਂ ਨਾ ਕਰਨਾ ਪਏ ਜਾਂ ਤਾਕਤ ਦੀ ਵਰਤੋਂ ਵੀ ਕਰਨੀ ਪੈ ਜਾਏ। ਸਰਦਾਰ ਬਾਦਲ ਦਾ ਸਪੱਸ਼ਟ ਸੰਕੇਤ ਭਿੰਡਰਾਂਵਾਲੇ ਸੰਤਾਂ ਦੀ ਗ੍ਰਿਫਤਾਰੀ ਵੱਲ ਸੀ।

ਇਸ ਤੋਂ ਇਲਾਵਾ ਅੰਮ੍ਰਿਤਸਰ ਦੇ ਜਨਸੰਘੀ ਨੇਤਾ ਹਰਬੰਸ ਲਾਲ ਖੰਨਾ ਨੇ ਵੀ ਇਹ ਐਲਾਨ ਕੀਤਾ ਹੋਇਆ ਸੀ ਕਿ, ਉਹ 27 ਅਗਸਤ ਨੂੰ ਅੰਮ੍ਰਿਤਸਰ ਦਾ ਨਿਰੰਕਾਰੀ ਭਵਨ ਖੁਲ੍ਹਾਉਣ ਲਈ ਜਾਣਗੇ। ਇਹ ਦੇਖ ਕੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਪਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਸ ਵਿਚ ਸਲਾਹ ਮਸ਼ਵਰਾ ਕੀਤਾ ਕਿ, ਭਿੰਡਰਾਂਵਾਲੇ ਜਥੇ ਦਾ ਸਰਕਾਰ ਨਾਲ ਜਾਂ ਜਨਸੰਘੀਆਂ ਤੇ ਨਿਰੰਕਾਰੀਆਂ ਨਾਲ ਟਕਰਾਓ ਰੋਕਿਆ ਜਾਏ, ਨਹੀਂ ਤਾਂ ਵੱਡੀ ਪੱਧਰ ਤੇ ਖੂਨ ਖਰਾਬਾ ਹੋ ਸਕਦਾ ਹੈ ਤੇ 'ਵਿਸਾਖੀ ਕਾਂਡ' ਦੁਬਾਰਾ ਦੁਹਰਾਇਆ ਜਾ ਸਕਦਾ ਹੈ।

## ਆਗੂਆਂ ਦਾ ਵਿਸ਼ਵਾਸਘਾਤ

ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਨੇ ਇਹ ਸੋਚਿਆ ਕਿ ਕਿਸੇ ਨਾ ਕਿਸੇ ਤਰੀਕੇ ਸੰਤ ਜਰਨੈਲ ਸਿੰਘ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਨੂੰ 27 ਅਗਸਤ ਵਾਲੇ ਦਿਨ ਅੰਮ੍ਰਿਤਸਰ ਤੋਂ ਬਾਹਰ ਭੇਜ ਦਿੱਤਾ ਜਾਵੇ ਤਦ ਹੀ ਸੰਭਾਵਿਤ ਟਕਰਾਓ ਰੋਕਿਆ ਜਾ ਸਕਦਾ ਹੈ। ਇਹ ਸੋਚ ਕੇ ਦੋਹਾਂ ਪਰਧਾਨਾਂ ਨੇ ਸੰਤ ਜਰਨੈਲ ਸਿੰਘ ਨੂੰ ਸਲਾਹ ਮਸ਼ਵਰਾ ਕਰਨ ਦੇ ਬਹਾਨੇ ਲੁਧਿਆਣੇ ਬੁਲਾ ਲਿਆ। ਸੰਤ ਜੀ ਆਏ ਤਾਂ ਤਿੰਨਾਂ ਪੰਥਕ ਮੁਖੀਆਂ ਨੇ ਮੀਟਿੰਗ ਕੀਤੀ। ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਨੇ ਰਲ ਕੇ ਸੰਤ ਜੀ ਨੂੰ ਬੇਨਤੀ ਕੀਤੀ ਕਿ, ਉਹ 27 ਅਗਸਤ ਨੂੰ ਅੰਮ੍ਰਿਤਸਰ ਨਾ ਜਾਣ ਕਿਉਂਕਿ ਉਨ੍ਹਾਂ ਦੇ ਉਥੇ ਜਾਣ ਨਾਲ ਹਿੰਦੂ ਸਿੱਖ ਖਿਚਾਓ ਵਧ ਸਕਦਾ ਹੈ ਤੇ ਸ਼ਹਿਰ ਦਾ ਅਮਨ ਵੀ ਖਤਰੇ ਵਿਚ ਪੈ ਸਕਦਾ ਹੈ। ਇਸ ਦੇ ਨਾਲ ਹੀ ਅਕਾਲੀ ਮੁਖੀਆਂ ਨੇ ਸੰਤ ਜੀ ਨੂੰ ਇਹ ਆਖਿਆ ਕਿ ਜਿਥੋਂ ਤੱਕ ਨਿਰੰਕਾਰੀ ਭਵਨ ਬੰਦ ਰੱਖਣ ਦਾ ਸਵਾਲ ਹੈ, ਇਹ ਜ਼ਿੰਮੇਵਾਰੀ ਉਹ ਆਪਣੇ ਜ਼ਿੰਮੇ ਲੈਂਦੇ ਹਨ ਤੇ ਯਕੀਨ ਦਿਵਾਉਂਦੇ ਹਨ ਕਿ, ਕਿਸੇ ਹਾਲਤ ਵਿਚ ਵੀ ਉਹ ਨਿਰੰਕਾਰੀ ਭਵਨ ਦੇ ਬੂਹੇ ਖੁੱਲ੍ਹਣ ਨਹੀਂ ਦੇਣਗੇ। ਜਵਾਬ ਵਿਚ ਸੰਤਾਂ ਨੇ ਵਚਨ ਦਿੱਤਾ ਕਿ, ਉਨ੍ਹਾਂ ਦੀ ਜ਼ਬਾਨ ਤੇ ਯਕੀਨ ਕਰਦਿਆਂ ਉਹ ਉਸ ਦਿਨ ਅੰਮ੍ਰਿਤਸਰ ਹੀ ਨਹੀਂ ਜਾਣਗੇ।

ਆਪਣਾ ਵਚਨ ਨਿਭਾਉਣ ਲਈ ਭਿੰਡਰਾਂਵਾਲੇ ਸੰਤ 27.8.78 ਨੂੰ ਫਤਹਿਗੜ੍ਹ ਸਾਹਿਬ ਚਲੇ ਗਏ ਲੇਕਿਨ ਟੌਹੜਾ ਤੇ ਤਲਵੰਡੀ ਆਪਣਾ ਵਚਨ ਨਾ ਨਿਭਾ ਸਕੇ। ਉਸ ਦਿਨ



Digitized by Panjab Digital Library | www.panjabdigilib.org

ਤਕੜੇ ਪੁਲਿਸ ਪ੍ਰਬੰਧ ਹੇਠ ਜਗ੍ਹਾ ਜਗ੍ਹਾ ਨਿਰੰਕਾਰੀ ਭਵਨ ਖੁੱਲ੍ਹਵਾਏ ਗਏ ਤੇ ਨਿਰੰਕਾਰੀ ਸਤਿਸੰਗ ਕਰਵਾਏ ਗਏ। ਕਈ ਜਗ੍ਹਾ ਸਿੱਖਾਂ ਨੇ ਸਰਕਾਰ ਦੀ ਇਸ ਕਾਰਵਾਈ ਵਿਰੁੱਧ ਰੋਸ - ਮੁਜਾਹਰੇ ਕੀਤੇ ਅਤੇ ਗ੍ਰਿਫਤਾਰੀਆਂ ਦਿੱਤੀਆਂ।

ਫਤਹਿਗੜ੍ਹ ਸਾਹਿਬ ਪਹੁੰਚਣ ਤੋਂ ਪਿੱਛੋਂ ਸੰਤ ਜਰਨੈਲ ਸਿੰਘ ਜੀ ਨੂੰ ਇਹ ਗਿਆਨ ਹਾਸਿਲ ਹੋਇਆ ਕਿ, ਸਿਆਸੀ ਸ਼ਤਰੰਜ ਦੇ ਖਿਡਾਰੀ ਉਨ੍ਹਾਂ ਨਾਲ ਵੀ ਚਾਲ ਖੇਡ ਗਏ ਹਨ।

ਦੂਜੇ ਦਿਨ 28.8.78 ਨੂੰ ਜਥੇਦਾਰ ਟੌਹੜਾ ਤੇ ਜਥੇਦਾਰ ਤਲਵੰਡੀ ਦੋਨੋਂ ਫਤਹਿਗੜ੍ਹ ਸਾਹਿਬ ਪਹੁੰਚ ਕੇ ਸੰਤ ਜੀ ਨੂੰ ਮਿਲੇ ਅਤੇ ਮਾਫੀ ਮੰਗਦਿਆਂ ਕਹਿਣ ਲੱਗੇ, "ਸੰਤ ਜੀ, ਭਵਨ ਬੰਦ ਰਖਵਾਉਣ ਲਈ ਅਸੀਂ ਤਾਂ ਬੜਾ ਜ਼ੋਰ ਲਾਇਆ, ਪਰ ਬਾਦਲ ਨਹੀਂ ਮੰਨਿਆ।" ਸੰਤ ਜੀ ਨੇ ਮਹਿਸੂਸ ਕੀਤਾ ਕਿ, ਉਨ੍ਹਾਂ ਨਾਲ ਵਿਸ਼ਵਾਸਘਾਤ ਹੋਇਆ ਹੈ, ਫੇਰ ਵੀ ਉਨ੍ਹਾਂ ਨੇ ਸਭ ਕੁਝ ਅੱਖੀਂ ਦੇਖ ਕੇ ਅਣਡਿੱਠ ਕਰ ਦਿੱਤਾ ਤੇ ਪੰਥਕ ਮੁਖੀਆਂ ਦੀ ਮਾਫੀ ਪਰਵਾਨ ਕਰ ਲਈ।

## ਦੀਵਾਨ ਹਾਲ ਵਿਚ ਦੀਵਾਨ

ਬਾਦਲ ਸਰਕਾਰ ਨੇ ਜਦ ਇਹ ਦੇਖਿਆ ਕਿ, ਐਂਟੀ ਨਿਰੰਕਾਰੀ ਅੰਦੋਲਨ ਤੇਜ਼ ਹੁੰਦਾ ਜਾ ਰਿਹਾ ਹੈ ਤਾਂ ਉਹ ਫੇਰ ਝੁਕ ਗਈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਨਿਰੰਕਾਰੀ ਭਵਨ ਬੰਦ ਰੱਖੇ ਜਾਣਗੇ ਤੇ ਨਿਰੰਕਾਰੀ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁੱਗ ਪੁਰਸ਼' ਵਿਚੋਂ ਇਤਰਾਜ਼ਯੋਗ ਗੱਲਾਂ ਕਢਵਾ ਦਿੱਤੀਆਂ ਜਾਣਗੀਆਂ। ਸਰਕਾਰ ਵਲੋਂ ਦਿਵਾਏ ਗਏ ਇਸ ਭਰੋਸੇ ਪਿੱਛੋਂ 24.9.78 ਨੂੰ ਮੰਜੀ ਸਾਹਿਬ 'ਦੀਵਾਨ ਹਾਲ' ਅੰਮ੍ਰਿਤਸਰ ਵਿਖੇ ਫੇਰ ਇਕ ਬਹੁਤ ਭਾਰਾ ਦੀਵਾਨ ਸਜਿਆ, ਜਿਸ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਤੋਂ ਇਲਾਵਾ ਬਾਬਾ ਕਿਹਰ ਸਿੰਘ, ਬਾਬਾ ਕਰਤਾਰ ਸਿੰਘ, ਬਾਬਾ ਸੁਜਾਨ ਸਿੰਘ ਤੇ ਸਰਦਾਰ ਸੁਜਾਨ ਸਿੰਘ ਐਮ. ਐਲ. ਏ. ਨੇ ਸੰਬੋਧਨ ਕੀਤਾ। ਸੰਤ ਜਰਨੈਲ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਆਖਿਆ ਕਿ:

"ਸਰਕਾਰ ਨੇ ਨਿਰੰਕਾਰੀ ਭਵਨ ਬੰਦ ਕਰਨ ਦੀ ਸਾਡੀ ਮੰਗ ਮੰਨ ਲਈ ਹੈ। ਮੈਨੂੰ ਆਸ ਹੈ ਕਿ, ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁੱਗ ਪੁਰਸ਼' ਜ਼ਬਤ ਕਰਨ ਤੇ ਖੰਨੇ ਵਿਚ ਫੜੇ ਗਏ ਸਿੰਘਾਂ ਨੂੰ ਰਿਹਾ ਕਰਨ ਦੀ ਮੰਗ ਵੀ ਸਰਕਾਰ ਛੇਤੀ ਮੰਨ ਲਵੇਗੀ ...... ।

"ਬਾਦਲ ਸਰਕਾਰ ਸਾਡੀ ਆਪਣੀ ਬਣਾਈ ਹੋਈ ਹੈ। ਇਸ ਨੂੰ ਅਸੀਂ ਕਿਵੇਂ ਡੇਗ ਸਕਦੇ ਹਾਂ। ਅੰਮ੍ਰਿਤਸਰ ਵਿਚ ਨਿਰੰਕਾਰੀ ਭਵਨ ਦਾ ਬੰਦ ਹੋਣਾ ਤੇ ਸਤਿਸੰਗ ਨਾ ਹੋਣਾ, ਇਸ ਵਿਚ ਸਾਡੀ ਜਿੱਤ ਹੈ। ਇਹ ਰਾਜ ਭਾਗ ਆਪਣਾ ਹੈ ਤੇ ਇਸ ਨੂੰ ਕਾਇਮ ਰੱਖਣਾ ਹੈ। ਸਮੁੱਚੇ ਸਿੱਖ ਪੰਥ ਅੱਗੇ ਮੇਰੀ ਬੇਨਤੀ ਹੈ ਕਿ ਉਹ ਆਪਣੀ ਏਕਤਾ ਕਾਇਮ ਰੱਖੇ ਤੇ ਮੌਕਾ - ਪ੍ਰਸਤਾਂ ਤੋਂ ਬਚੇ ..... ।"

"ਦਰਬਾਰ ਸਾਹਿਬ ਤੋਂ ਸਾਡੇ ਸੰਸਾਰ ਨੂੰ ਆਤਮਿਕ ਰੋਸ਼ਨੀ ਮਿਲੀ ਹੈ। ਸਿੱਖ ਪੰਥ ਨੇ ਹਮੇਸ਼ਾਂ ਹੀ ਹਿੰਦੂਆਂ ਦੀ ਧਾਰਮਿਕ ਪਰੰਪਰਾ ਕਾਇਮ ਰੱਖਣ ਲਈ ਤੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਸਤਿਕਾਰ ਬਣਾਈ ਰੱਖਣ ਲਈ ਕੁਰਬਾਨੀਆਂ ਕੀਤੀਆਂ। ਜਿਸ ਵੇਲੇ ਇਨ੍ਹਾਂ ਲੋਕਾਂ ਤੇ ਜ਼ੁਲਮ ਹੁੰਦਾ ਸੀ, ਉਸ ਵੇਲੇ ਸਿੰਘਾਂ ਨੇ ਬਲੀਦਾਨ ਦੇ ਕੇ ਇਨ੍ਹਾਂ ਦੀ ਹਿਫਾਜ਼ਤ ਕੀਤੀ। ਅਸੀਂ ਹਰ ਧਰਮ ਦਾ ਵਧਣਾ ਫੁੱਲਣਾ ਦੇਖਣਾ ਚਾਹੁੰਦੇ ਹਾਂ ਲੇਕਿਨ ਸਿੱਖ ਪੰਥ ਤੇ ਕੋਈ ਹਮਲਾ ਕਰੇ ਤਾਂ



Digitized by Panjab Digital Library | www.panjabdigilib.org

ਅਸੀਂ ਬਿਲਕੁਲ ਬਰਦਾਸ਼ਤ ਨਹੀਂ ਕਰਾਂਗੇ ..... ।

"ਨਿਰੰਕਾਰੀ ਭਵਨ ਇਕ ਪਾਖੰਡ ਤੇ ਅਯਾਸ਼ੀ ਦਾ ਅੱਡਾ ਹੈ, ਜਿਥੇ ਧੀਆਂ ਭੈਣਾਂ ਦੀ ਇਜ਼ਤ ਨਹੀਂ ਬਚਦੀ । ਮੇਰੀ ਸਾਰੀਆਂ ਕੌਮਾਂ ਅੱਗੇ ਅਪੀਲ ਹੈ ਕਿ ਉਹ ਇਨ੍ਹਾਂ ਨਿਰੰਕਾਰੀਆਂ ਦੇ ਪਾਖੰਡ ਵਿਰੁੱਧ ਇਕ ਹੋ ਜਾਣ ਕਿਉਂਕਿ ਇਨ੍ਹਾਂ ਦੀ 'ਅਵਤਾਰ ਬਾਣੀ' ਵਿਚ ਸਾਰੇ ਧਰਮਾਂ ਦੀ ਵਿਰੋਧਤਾ ਕੀਤੀ ਗਈ ਹੈ ।

"ਕੁਝ ਲੋਕ ਆਖਦੇ ਹਨ ਕਿ ਸੰਤ ਭਿੰਡਰਾਂਵਾਲੇ ਕੁਰਸੀ ਦੇ ਲਾਲਚੀ ਹਨ । ਪਰ ਅਸੀਂ ਕੁਰਸੀ ਲੈਣੀ ਨਹੀਂ ਚਾਹੁੰਦੇ । ਇਨ੍ਹਾਂ ਲੋਕਾਂ ਨੂੰ ਪੰਥ ਨੇ ਰਾਜ ਭਾਗ ਲੈ ਦਿੱਤੇ ਹਨ । ਸਾਡਾ ਨਿਸ਼ਾਨਾ ਇਨ੍ਹਾਂ ਲੋਕਾਂ ਨੂੰ ਰਾਜ ਭਾਗ ਲੈ ਕੇ ਦੇਣਾ ਸੀ, ਆਪ ਰਾਜ ਕਰਨਾ ਨਹੀਂ । ਲੇਕਿਨ ਜੇ ਕੋਈ ਨੇਤਾ ਸਾਡੇ ਧਰਮ ਤੇ ਹਮਲਾ ਹੁੰਦਿਆਂ ਦੇਖ ਕੇ ਚੁੱਪ ਰਹੇ ਤਾਂ ਉਸ ਨੂੰ ਗੱਦੀ ਤੋਂ ਵੀ ਉਤਾਰ ਸਕਦੇ ਹਾਂ .....।

"ਖਾਲਸਾ ਜੀ, ਮੌਕਾ ਪ੍ਰਸਤ ਲੋਕਾਂ ਤੋਂ ਬਚੋ ਤੇ ਫੁੱਟ ਦਾ ਸ਼ਿਕਾਰ ਨਾ ਬਣੋ । ਪੰਥ ਵਿਚ ਏਕਤਾ ਕਾਇਮ ਰੱਖੋ । ਜਿਨ੍ਹਾਂ ਘਰਾਂ ਵਿਚ ਫੁੱਟ ਹੋਵੇ, ਉਹ ਘਰ ਤਬਾਹ ਹੋ ਜਾਂਦੇ ਹਨ ।"

## ਭਿੰਡਰਾਂਵਾਲਾ ਬਨਾਮ ਬਾਦਲ

ਉਪਰੋਕਤ ਦੀਵਾਨ ਦੀ ਸਮਾਪਤੀ ਪਿੱਛੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਪੰਜਾਬ ਨੂੰ ਡਿਪਟੀ ਕਮਿਸ਼ਨਰ ਸਾਹਿਬ ਅੰਮ੍ਰਿਤਸਰ ਰਾਹੀਂ ਇਕ ਯਾਦ ਪੱਤਰ ਦਿੱਤਾ, ਜਿਸ ਦਾ ਮਜ਼ਮੂਨ ਹੇਠਾਂ ਦਰਜ ਕੀਤਾ ਜਾ ਰਿਹਾ ਹੈ:

"ਸਿੱਖ ਧਰਮ ਸਰਬੱਤ ਦਾ ਭਲਾ ਲੋਚਣ ਵਾਲਾ ਕੇਵਲ ਇਕੋ ਇਕ ਧਰਮ ਹੈ, ਜਿਸ ਦੀ ਸਿਰਜਣਾ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਸਿਧਾਂਤ ਤੇ ਕੀਤੀ ਗਈ ਹੈ । ਪਰ ਬਦਕਿਸਮਤੀ ਦੀ ਗੱਲ ਇਹ ਹੈ ਕਿ ਕੁਝ ਮਨਮਤੀਏ ਗੁਰਸਿੱਖੀ ਦੀ ਪ੍ਰਫੁੱਲਤਾ ਨੂੰ ਨਾ ਸਹਾਰਦੇ ਹੋਏ ਈਰਖਾ ਦਾ ਸ਼ਿਕਾਰ ਹੋ ਕੇ ਦਸਾਂ ਸਤਿਗੁਰਾਂ ਤੇ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਪ੍ਰਤੀ ਮੰਦ ਭਾਸ਼ਾ ਵਰਤਦੇ ਹਨ ।"

"ਭਾਰਤ ਇਕ ਲੋਕ ਤੰਤਰ ਦੇਸ਼ ਹੈ । ਇਸ ਵਿਚ ਸਰਬ ਧਰਮਾਂ ਅਤੇ ਸਰਬ ਭਾਵਨਾਵਾਂ ਦੇ ਵਿਅਕਤੀਆਂ ਨੂੰ ਵਿਚਰਨ ਅਤੇ ਪੂਜਾ ਪ੍ਰਤਿਸ਼ਠਾ ਦੀ ਆਜ਼ਾਦੀ ਹੈ ਪਰ ਕਿਸੇ ਮਨੁੱਖ ਨੂੰ ਇਹ ਅਧਿਕਾਰ ਹਾਸਲ ਨਹੀਂ ਕਿ ਉਹ ਦੂਸਰੇ ਧਰਮਾਂ, ਧਾਰਮਿਕ ਰਹਿਬਰਾਂ ਤੇ ਬਜ਼ੁਰਗਾਂ ਪ੍ਰਤੀ ਹੇਠੀਜਨਕ ਸ਼ਬਦ ਵਰਤੇ । ਇਸ ਨੂੰ ਰੋਕਣਾ ਸਰਕਾਰ ਦਾ ਫਰਜ਼ ਹੁੰਦਾ ਹੈ ਪਰ ਬਦਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਗਿਆ ।"

"ਨਕਲੀ ਨਿਰੰਕਾਰੀ ਮੰਡਲ ਦਿੱਲੀ ਦੇ ਮੁਖੀ ਤੇ ਉਸ ਦੇ ਚੇਲਿਆਂ ਨੇ ਇਸ ਮੰਦ - ਭਾਵਨਾ ਅਤੇ ਸਿੱਖੀ ਵਿਰੋਧੀ ਰੁਚੀ ਨੂੰ ਪ੍ਰਗਟ ਕਰਦਿਆਂ 13 ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ ਸ਼ਾਂਤ - ਚਿਤ, ਗੁਰਬਾਣੀ ਤੇ ਕੀਰਤਨ ਦੇ ਰਸੀਏ 13 ਸਿੰਘਾਂ ਨੂੰ ਗੋਲੀ ਨਾਲ ਸ਼ਹੀਦ ਕਰ ਦਿੱਤਾ ਅਤੇ 78 ਸਿੰਘ ਜ਼ਖਮੀਂ ਕੀਤੇ । ਸਿੰਘਾਂ ਦਾ ਕਸੂਰ ਕੇਵਲ ਇਤਨਾ ਸੀ ਕਿ, ਉਹ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਪ੍ਰਤੀ ਸਤਿਕਾਰ ਅਤੇ ਸ਼ਰਧਾ ਪਰਗਟ ਕਰ ਰਹੇ ਸਨ ।"

"ਇਹ ਇਕੱਠ ਸਰਕਾਰ ਪਾਸੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਅਮਨ ਅਤੇ ਸ਼ਾਂਤੀ ਬਹਾਲ ਰੱਖਣ ਲਈ ਅਤੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਠਾਰਨ ਲਈ ਜ਼ਰੂਰੀ ਹੈ ਕਿ,



Digitized by Panjab Digital Library / www.panjabdigilib.org

ਅੰਮ੍ਰਿਤਸਰ ਦਾ ਨਕਲੀ ਨਿਰੰਕਾਰੀਆਂ ਦਾ ਭਵਨ ਅਦਾਲਤ ਦੇ ਫੈਸਲੇ ਤੱਕ ਬੰਦ ਕਰ ਦਿੱਤਾ ਜਾਵੇ ।"

"ਨਕਲੀ ਨਿਰੰਕਾਰੀਆਂ ਦੀਆਂ ਪੁਸਤਕਾਂ 'ਅਵਤਾਰ ਬਾਣੀ' ਤੇ 'ਯੁੱਗ ਪੁਰਸ਼', ਜਿਨ੍ਹਾਂ ਵਿਚ ਸਰਬ ਧਰਮ ਨਿੰਦਿਆ ਕੀਤੀ ਗਈ ਹੈ, ਅਤੇ ਸਿੱਖ ਗੁਰੂ ਸਾਹਿਬਾਨ ਤੇ ਸਿੱਖ ਸਿਧਾਂਤਾਂ ਪ੍ਰਤੀ ਨਿੰਦਣਯੋਗ ਸ਼ਬਦ ਵਰਤੇ ਹਨ, ਤੁਰੰਤ ਜ਼ਬਤ ਕੀਤੀਆਂ ਜਾਣ ।"

"ਨਕਲੀ ਨਿਰੰਕਾਰੀਆਂ ਦੇ ਕੁਸੱਤ - ਸੰਗ ਨੂੰ ਬੰਦ ਕਰਾਉਣ ਦੇ ਸੰਬੰਧ ਵਿਚ ਜੋ ਸਿੰਘ ਅਤੇ ਸਿੰਘਣੀਆਂ ਗ੍ਰਿਫਤਾਰ ਹੋਏ ਹਨ, ਉਨ੍ਹਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ ਅਤੇ ਮੁਕੱਦਮੇ ਵਾਪਸ ਲਏ ਜਾਣ ।"

(ਸਹੀ) ਜਰਨੈਲ ਸਿੰਘ ਭਿੰਡਰਾਂਵਾਲੇ
ਖਾਲਸਾ (ਸੰਤ)

## ਭਿੰਡਰਾਂਵਾਲਾ ਬਨਾਮ ਤਲਵੰਡੀ

ਇਹ ਘਟਨਾ ਹੈ ਅਕਤੂਬਰ 1978 ਦੀ, ਜਦ ਸੰਤ ਜਰਨੈਲ ਸਿੰਘ ਨੇ ਅਕਾਲੀ ਸਟੇਜ ਤੇ ਚੜ੍ਹ ਕੇ ਅਕਾਲੀ ਆਗੂਆਂ ਨਾਲ ਮੱਥਾ ਲਾਇਆ । ਇਸ ਦਾ ਵੇਰਵਾ ਇਸ ਪ੍ਰਕਾਰ ਹੈ ਕਿ 26-27-28 ਅਕਤੂਬਰ 1978 ਨੂੰ ਲੁਧਿਆਣਾ ਸ਼ਹਿਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਛਤਰ ਛਾਇਆ ਹੇਠ ਸਰਬ ਹਿੰਦ ਅਕਾਲੀ ਕਾਨਫਰੰਸ ਹੋਈ । ਕਾਨਫਰੰਸ ਦੇ ਆਰੰਭਕ ਦਿਹਾੜੇ 26 ਅਕਤੂਬਰ ਨੂੰ ਰਵਾਇਤੀ ਸ਼ਾਨ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਸ਼ਾਹਾਨਾ ਜਲੂਸ ਕੱਢਿਆ ਗਿਆ । ਜਲੂਸ ਵਿਚ ਸਭ ਤੋਂ ਅੱਗੇ ਕੇਸਰੀ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਸਨ । ਜਲੂਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ । ਸਾਈਕਲਾਂ, ਸਕੂਟਰਾਂ, ਜੀਪਾਂ, ਕਾਰਾਂ, ਬੱਸਾਂ, ਟਰੱਕਾਂ, ਟਰਾਲੀਆਂ, ਬੈਂਡ ਬਾਜਿਆਂ, ਗਤਕਾ ਪਾਰਟੀਆਂ, ਘੋੜ ਸਵਾਰਾਂ ਤੇ ਪੈਦਲ ਚੱਲਣ ਵਾਲਿਆਂ ਦਾ ਕੋਈ ਅੰਤ ਹਿਸਾਬ ਨਹੀਂ ਸੀ । ਅਕਾਲੀ ਦਲ ਦੇ ਮਹਾਨ ਆਗੂ ਬਾਦਲ, ਟੌਹੜਾ ਤੇ ਲੌਂਗੋਵਾਲ ਇਕ ਖੁੱਲ੍ਹੀ ਜੀਪ ਵਿਚ ਸਵਾਰ ਸਨ ਤੇ ਅਕਾਲੀ ਚੀਫ ਜਗਦੇਵ ਸਿੰਘ ਤਲਵੰਡੀ ਦੀ ਸਵਾਰੀ ਹਾਥੀ ਉਤੇ ਸੀ । ਗੁਰਸਿੱਖਾਂ ਦੇ ਹਿਰਦਿਆਂ ਨੂੰ ਜਲੂਸ ਵਿਚ ਜਿਹੜੀ ਘਾਟ ਰੜਕ ਰਹੀ ਸੀ, ਉਹ ਇਹ ਕਿ, ਜਲੂਸ ਵਿਚ ਕਿਤੇ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਵਾਰੀ ਨਜ਼ਰ ਨਹੀਂ ਸੀ ਆ ਰਹੀ । ਜਦ ਇਹ ਖਬਰ ਸੰਤ ਜਰਨੈਲ ਸਿੰਘ ਨੇ ਸੁਣੀ ਤਾਂ ਉਨ੍ਹਾਂ ਦਾ ਕਲੇਜਾ ਤੜਫ ਉਠਿਆ । ਇਸ ਤੋਂ ਪਹਿਲਾਂ ਕਿ ਸੰਤਾਂ ਦਾ ਇਰਾਦਾ ਲੁਧਿਆਣੇ ਜਾਣ ਦਾ ਨਹੀਂ ਸੀ ਪਰ ਇਹ ਖਬਰ ਮਿਲਣ ਤੇ ਉਨ੍ਹਾਂ ਨੇ ਸਿੱਖ ਮਿਸ਼ਨਰੀ ਹੋਣ ਦੇ ਨਾਤੇ ਆਪਣਾ ਇਹ ਕਰਤੱਵ ਸਮਝਿਆ ਕਿ ਕਾਨਫਰੰਸ ਵਿਚ ਸ਼ਾਮਲ ਸਿੱਖਾਂ ਨੂੰ ਸਿੱਖ ਧਰਮ ਦੇ ਇਸ਼ਟ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਜਾਏ । ਸੋ ਇਹ ਫੁਰਨਾ ਫੁਰਦਿਆਂ ਹੀ ਸੰਤ ਜੀ ਸ਼ਸ਼ਤਰਧਾਰੀ ਸੇਵਕਾਂ ਤੇ ਜਥੇ ਸਮੇਤ 28.10.78 ਨੂੰ ਲੁਧਿਆਣਾ ਪਹੁੰਚੇ ਤੇ ਅਕਾਲੀ ਕਾਨਫਰੰਸ ਦੀ ਸਟੇਜ ਤੇ ਜਾ ਬਿਰਾਜੇ । ਸੰਤ ਜੀ ਆਪਣੇ ਵਲਵਲੇ ਸਿੱਖ ਸੰਗਤਾਂ ਸਾਹਮਣੇ ਪੇਸ਼ ਕਰਨਾ ਚਾਹੁੰਦੇ ਸਨ ਪਰ ਸਟੇਜ ਸਕੱਤਰ ਵਲੋਂ ਬੋਲਣ ਵਾਸਤੇ ਸਮਾਂ ਨਹੀਂ ਸੀ ਦਿੱਤਾ ਜਾ ਰਿਹਾ । ਆਖਿਰ ਜਦ ਸੰਗਤਾਂ ਨੇ ਸੰਤਾਂ ਨੂੰ ਸੁਣਨ ਲਈ ਜ਼ੋਰ ਪਾਇਆ ਤਾਂ ਸਟੇਜ ਮੈਨੇਜਰ ਸੰਤ ਜੀ ਨੂੰ ਵਕਤ ਦੇਣ ਲਈ ਮਜ਼ਬੂਰ ਹੋ ਗਿਆ । ਸੰਤ ਜੀ ਨੇ ਸਟੇਜ ਤੇ ਆਪਣੇ ਮੁਖਾਲਿਫ ਅਕਾਲੀ ਆਗੂਆਂ ਦੀ ਗ਼ਲਤਫਹਿਮੀਆਂ ਦੂਰ ਕਰਨ ਲਈ ਆਖਿਆ ਕਿ "ਧਰਮ ਦੇ ਮਾਮਲੇ ਤੇ ਮੈਂ ਅਕਾਲੀ ਦਲ ਦੇ ਨਾਲ ਹਾਂ," ਪਰ ਇਸ ਦੇ ਨਾਲ ਹੀ ਸੰਤਾਂ ਨੇ ਅਕਾਲੀ ਦਲ ਦੇ ਕਿਰਦਾਰ ਤੋਂ ਪੜਦਾ ਹਟਾਉਂਦਿਆਂ ਕਿਹਾ ਕਿ "ਅਕਾਲੀ ਲੀਡਰਸ਼ਿਪ ਨੇ ਨਿਰੰਕਾਰੀਆਂ ਦੇ



Digitized by Panjab Digital Library | www.panjabdigilib.org

ਮਾਮਲੇ ਵਿਚ ਕੁਝ ਨਹੀਂ ਕੀਤਾ।" ਇਹ ਟਿੱਪਣੀ ਸੁਣਦਿਆਂ ਹੀ ਸਟੇਜ ਤੇ ਬੈਠੇ ਅਕਾਲੀ ਲੀਡਰ ਇਕ ਦੂਜੇ ਦੇ ਮੂੰਹ ਵੱਲ ਦੇਖਣ ਲੱਗ ਗਏ। ਅੱਗੇ ਚੱਲ ਕੇ ਜਦ ਭਿੰਡਰਾਂਵਾਲੇ ਸੰਤਾਂ ਨੇ ਇਹ ਫੁਰਮਾਇਆ ਕਿ "ਅਕਾਲੀ ਦਲ ਦੇ ਜਲੂਸ ਵਿਚ ਪਰਧਾਨ ਸਰਦਾਰ ਜਗਦੇਵ ਸਿੰਘ ਤਲਵੰਡੀ ਨੂੰ ਹਾਥੀ ਤੇ ਨਹੀਂ ਸੀ ਬੈਠਣਾ ਚਾਹੀਦਾ ਸਗੋਂ ਜਲੂਸ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਚਾਹੀਦਾ ਸੀ" ਤਾਂ ਇਹ ਸੁਣਦਿਆਂ ਸਾਰ ਸੰਤਾਂ ਦੇ ਦੋਖੀਆਂ ਨੇ ਕਾਨਫਰੰਸ ਵਿਚ ਰੌਲਾ ਪਾ ਦਿੱਤਾ ਅਤੇ ਸਟੇਜ ਪ੍ਰਬੰਧਕਾਂ ਨੇ ਸੰਤਾਂ ਨੂੰ ਬੋਲਣ ਤੋਂ ਹਟਾ ਦਿੱਤਾ। ਵਕਤ ਦੀ ਨਜ਼ਾਕਤ ਨੂੰ ਸਮਝਦਿਆਂ ਸੰਤ ਜੀ ਨੇ ਸੰਗਤ ਨੂੰ ਫਤਹਿ ਬੁਲਾਈ ਤੇ ਅਕਾਲੀ ਆਗੂਆਂ ਦੇ ਰਵੱਈਏ ਵਿਰੁੱਧ ਰੋਸ ਪਰਗਟ ਕਰਦਿਆਂ ਆਪਣੇ ਜਥੇ ਸਮੇਤ ਸਟੇਜ ਤੋਂ ਉੱਠ ਕੇ ਚਲੇ ਗਏ। ਸੰਤਾਂ ਦੇ ਚਲੇ ਜਾਣ ਪਿੱਛੋਂ ਅਕਾਲੀ ਦਲ ਦੇ ਪਰਧਾਨ ਜਥੇਦਾਰ ਜਗਦੇਵ ਸਿੰਘ ਨੇ ਸੰਤਾਂ ਦੇ ਵਿਚਾਰਾਂ ਦਾ ਖੰਡਨ ਕੀਤਾ, ਸਿਆਸੀ ਅਤੇ ਮਜ਼ਬੀ ਜਲੂਸਾਂ ਦਾ ਫਰਕ ਦੱਸਿਆ ਤੇ ਫਿਰ ਸ਼ਾਹੀ ਠਾਠ ਨਾਲ ਕਢਾਏ ਗਏ ਆਪਣੇ ਜਲੂਸ ਦੇ ਹੱਕ ਵਿਚ ਹੱਥ ਖੜ੍ਹੇ ਕਰਵਾਏ। ਇਸ ਦੇ ਬਾਵਜੂਦ ਵੀ ਜਥੇਦਾਰ ਤਲਵੰਡੀ ਉਸ ਚਰਚਾ ਨੂੰ ਨਾ ਰੋਕ ਸਕੇ, ਜੋ ਭਿੰਡਰਾਂਵਾਲੇ ਸੰਤ ਵਲੋਂ ਪ੍ਰਗਟਾਏ ਗਏ ਵਿਚਾਰਾਂ ਦੇ ਹੱਕ ਵਿਚ ਕਾਨਫਰੰਸ ਦੇ ਪੰਡਾਲ ਵਿਚ ਸ਼ੁਰੂ ਹੋ ਗਈ ਸੀ।

## ਤੇਰਾ ਪਿੱਛਾ ਨਹੀਂ ਛੱਡਣਾ

27.8.78 ਨੂੰ ਪੰਜਾਬ ਦੇ ਅਕਾਲੀ ਮੁਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਦੀ ਹਿੰਦੂ ਜਨਤਾ ਸਰਕਾਰ ਦੇ ਦਬਾਅ ਹੇਠ ਆ ਕੇ ਸੰਗੀਨਾਂ ਦੀ ਛਾਂ ਹੇਠ ਨਿਰੰਕਾਰੀ ਭਵਨ ਤਾਂ ਬੇਸ਼ਕ ਖੁਲ੍ਹਵਾ ਦਿੱਤੇ ਪਰ ਉਹ ਭਿੰਡਰਾਂਵਾਲੇ ਸੰਤਾਂ ਦੀ ਉਸ ਤਹਿਰੀਕ ਨੂੰ ਨਾ ਦਬਾਅ ਸਕਿਆਂ, ਜੋ ਨਿਰੰਕਾਰੀ ਕੁਸੱਤਸੰਗ ਬੰਦ ਕਰਾਉਣ ਲਈ ਤੇ ਨਰਕਧਾਰੀਆਂ ਦੇ ਕੁਫ਼ਰ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਚਲਾਈ ਗਈ ਸੀ। ਨਕਲੀ ਨਿਰੰਕਾਰੀਆਂ ਦੇ ਅਖੌਤੀ 'ਸਤਿਸੰਗ' ਦੇ ਖਿਲਾਫ ਸਿੱਖਾਂ ਦੇ ਪਰਦਰਸ਼ਨ ਪੰਜਾਬ ਵਿਚ ਤਾਂ ਰੁਕਣੇ ਹੀ ਕੀ ਸਨ, ਸਗੋਂ ਇਹ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿਚ ਹੋਣੇ ਸ਼ੁਰੂ ਹੋ ਗਏ। ਸਿੱਖਾਂ ਨੇ ਇਹ ਪ੍ਰਤਿੱਗਿਆ ਕਰ ਲਈ ਸੀ ਕਿ ਨਕਲੀ ਨਿਰੰਕਾਰੀ ਬਾਬਾ ਬੇਸ਼ਕ ਕਿਤੇ ਵੀ ਚਲਾ ਜਾਵੇ, ਉਹ ਉਸ ਦਾ ਪਿੱਛਾ ਨਹੀਂ ਛੱਡਣਗੇ; ਉਹ ਉਸ ਨੂੰ ਸਿੱਖੀ ਵਿਰੋਧੀ ਕੁਫ਼ਰ ਦਾ ਪਰਚਾਰ ਨਹੀਂ ਕਰਨ ਦੇਣਗੇ ਬੇਸ਼ਕ ਉਨ੍ਹਾਂ ਨੂੰ ਹਥਕੜੀਆਂ ਕਿਉਂ ਨਾ ਲੱਗਣ ਤੇ ਭਾਵੇਂ ਉਨ੍ਹਾਂ ਨੂੰ ਗੋਲੀਆਂ ਕਿਉਂ ਨਾ ਵੱਜਣ।

1978 ਦੇ ਸਤੰਬਰ ਮਹੀਨੇ ਵਿਚ ਬਾਬੇ ਗੁਰਬਚਨ ਸਿੰਘ ਨੇ ਯੂ. ਪੀ. ਦੇ ਵੱਡੇ ਵੱਡੇ ਸ਼ਹਿਰਾਂ ਵਿਚ ਮਨਮੱਤ ਦਾ ਪਰਚਾਰ ਕਰਨ ਲਈ ਪ੍ਰੋਗਰਾਮ ਬਣਾਇਆ ਸੀ। ਇਸ ਸਿਲਸਿਲੇ ਵਿਚ ਜਦ ਉਹ 25.9.78 ਨੂੰ ਆਜ਼ਮ ਗੜ੍ਹ ਤੇ ਅਲਾਹਾਬਾਦ ਗਿਆ ਤਾਂ ਇਨ੍ਹਾਂ ਥਾਵਾਂ ਤੇ ਸਿੱਖਾਂ ਨੇ ਉਸ ਦੇ ਖਿਲਾਫ ਏਡਾ ਜ਼ੋਰਦਾਰ ਵਿਖਾਵਾ ਕੀਤਾ ਕਿ ਉਹ ਬਿਨਾਂ 'ਕੁਕਰਮ' ਕਰਨ ਤੋਂ ਹੀ ਕਾਨਪੁਰ ਦੌੜ ਗਿਆ।

ਕਾਨਪੁਰ ਵਿਚ ਉਸ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਗੰਢਤੁਪ ਕਰ ਲਈ ਤੇ ਯੂ. ਪੀ. ਪੁਲਿਸ ਦੀਆਂ ਬੰਦੂਕਾਂ ਦੀ ਛਾਂ ਹੇਠ ਸਤਿਸੰਗ ਕਰਨ ਦੀ ਯੋਜਨਾ ਬਣਾ ਲਈ। ਦੂਜੇ ਪਾਸੇ ਕਾਨਪੁਰ ਦੇ ਸਿੱਖਾਂ ਨੇ ਸਹੁੰ ਚੁੱਕ ਲਈ ਸੀ ਕਿ ਉਹ ਇਸ ਜਗ੍ਹਾਂ ਪਖੰਡੀ ਬਾਬੇ ਦਾ ਪਖੰਡ ਨਹੀਂ ਚੱਲਣ ਦੇਣਗੇ।

26.9.78 ਨੂੰ ਕਾਨਪੁਰ ਦੇ ਨਿਰੰਕਾਰੀ ਭਵਨ ਦੇ ਮੇਨ ਗੇਟ ਅੱਗੇ ਪੁਲਿਸ ਹੀ



Digitized by Panjab Digital Library | www.panjabdigilib.org

ਪੁਲਿਸ ਦਿਖਾਈ ਦੇ ਰਹੀ ਸੀ, ਜੋ ਕਿ ਹਥਿਆਰਾਂ ਨਾਲ ਲੈਸ ਸੀ । ਸਤਿਸੰਗ ਸ਼ੁਰੂ ਹੋ ਗਿਆ । ਸਿੱਖ ਮਾਈ ਭਾਈ ਨੇ ਵੀ ਅਰਦਾਸਾ ਸੋਧ ਕੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਤੋਂ ਚਾਲੇ ਪਾ ਦਿੱਤੇ । ਇਨ੍ਹਾਂ ਦੀ ਅਗਵਾਈ ਯੂਥ ਕਾਂਗਰਸ ਲੀਡਰ ਸਰਦਾਰ ਕੁਲਵੰਤਜੀਤ ਸਿੰਘ ਗਿੱਲ ਕਰ ਰਹੇ ਸਨ । ਸਯੋਗ ਆਗੂ ਦੀ ਅਗਵਾਈ ਹੇਠ ਸਿੱਖਾਂ ਦਾ ਜਲੂਸ ਸਿੱਧੀ ਸੜਕੇ ਪੈ ਕੇ ਨਿਰੰਕਾਰੀ ਭਵਨ ਪਹੁੰਚਣ ਦੀ ਥਾਂ ਉਲਟੇ ਰਸਤੇ ਰਾਹੀਂ ਵਲ ਪਾਕੇ ਨਿਰੰਕਾਰੀ ਭਵਨ ਦੇ ਪਿਛਲੇ ਪਾਸੇ ਪਹੁੰਚ ਗਿਆ । ਉਥੇ ਪਹੁੰਚ ਕੇ ਸਿੰਘਾਂ ਨੇ ਜੰਗੀ ਜੈਕਾਰਾ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਬੁਲਾ ਕੇ ਭਵਨ ਦੇ ਵਾਗਲੇ ਦੀਆਂ ਕੰਧਾਂ ਟੱਪ ਕੇ ਭਵਨ ਵਿਚ ਧਾਵਾ ਬੋਲ ਦਿੱਤਾ ਜਿਥੇ ਕਿ 'ਕੁਸੱਤਸੰਗ' ਚਾਲੂ ਸੀ । ਸਿੰਘਾਂ ਨੇ ਕਿਰਪਾਨਾਂ ਤੇ ਮਾਰੂ ਹਥਿਆਰਾਂ ਨਾਲ ਵੱਢ ਵਢਾਂਗਾ ਸ਼ੁਰੂ ਕਰ ਦਿੱਤਾ । ਚਾਰ ਚੁਫੇਰੇ ਚੀਕ ਚਿਹਾੜਾ ਤੇ ਕੁਹਰਾਮ ਮਚ ਗਿਆ । ਬਾਬਾ ਗੁਰਬਚਨ ਸਿੰਘ 'ਸਤਿਸੰਗ' ਵਿਚੇ ਛੱਡ ਕੇ ਭੱਜ ਤੁਰਿਆ ਤੇ ਉਸ ਨੇ ਭਵਨ ਦੀਆਂ ਪੌੜੀਆਂ ਚੜ੍ਹ ਕੇ ਉਪਰਲੀ ਮੰਜਲ ਦਾ ਦਰਵਾਜ਼ਾ ਅੰਦਰੋਂ ਬੰਦ ਕਰਕੇ ਜਾਨ ਬਚਾਈ । ਏਨੇ ਵਿਚ ਯੂ. ਪੀ. ਪੁਲਿਸ ਵੀ ਭਵਨ ਅੰਦਰ ਆ ਪਹੁੰਚੀ ਪਰ 'ਭਈਆ' ਪੁਲਿਸ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ, ਆਪੋ ਵਿਚ ਲੜ ਰਹੇ ਪੰਜਾਬੀਆਂ ਵਿਚੋਂ ਕਿਹੜੇ ਸਿੱਖ ਹਨ ਤੇ ਕਿਹੜੇ ਨਿਰੰਕਾਰੀ ਹਨ । ਤਦ ਵੀ ਪੁਲਿਸ ਨੇ ਅੰਨ੍ਹੇਵਾਹ ਕਾਰਵਾਈ ਕੀਤੀ, ਅੱਥਰੂ ਗੈਸ ਛੱਡੀ, ਗੋਲੀ ਚਲਾਈ, ਜਿਸ ਦੌਰਾਨ 12 ਵਿਅਕਤੀ ਮਰੇ ਅਤੇ 80 ਜ਼ਖ਼ਮੀਂ ਹੋਏ । ਜਿਸ ਵਕਤ ਪੁਲਿਸ ਨੇ 'ਅਮਨ' ਬਹਾਲ ਕਰ ਦਿੱਤਾ ਤਾਂ ਬਾਬਾ ਗੁਰਬਚਨ ਸਿੰਘ ਅੰਮ੍ਰਿਤਸਰੋਂ ਭੱਜਣ ਵਾਂਗ ਹੀ ਹਵਾਈ ਜਹਾਜ਼ ਤੇ ਸਵਾਰ ਹੋ ਕੇ ਦਿੱਲੀ ਉਡਾਰੀ ਮਾਰ ਗਿਆ ।

ਕਾਨਪੁਰ ਦੀ ਘਟਨਾ ਤੋਂ ਇਹ ਹਕੀਕਤ ਵੀ ਉਘੜ ਕੇ ਸਾਹਮਣੇ ਆਈ ਕਿ, ਧਰਮ ਦੇ ਸਵਾਲ ਤੇ ਸਾਰੇ ਸਿੱਖ ਇਕੱਠੇ ਹਨ ਬੇਸ਼ਕ ਉਹ ਕਿਸੇ ਸਿਆਸੀ ਪਾਰਟੀ ਵਿਚ ਹੋਣ, ਅਕਾਲੀ ਦਲ ਵਿਚ, ਕਾਂਗਰਸ ਵਿਚ ਜਾਂ ਕਿਸੇ ਦੂਜੀ ਕੌਮ ਜਾਂ ਸੂਬਾਈ ਪਾਰਟੀ ਵਿਚ, ਸਿਵਾਏ ਕਮਿਊਨਿਸਟ 'ਰੱਬ, 'ਧਰਮ' ਨੂੰ ਮੰਨਦੇ ਹੀ ਨਹੀਂ । ਸਿੱਖਾਂ ਵਿਚੋਂ ਬਣੇ ਕਮਿਊਨਿਸਟ 'ਸਿੱਖ' ਨਹੀਂ 'ਭੇਖੀ' ਕਹੇ ਜਾ ਸਕਦੇ ਹਨ । ਪਰ ਦੂਜੇ ਸਾਰੇ ਸਿੱਖ, ਬੇਸ਼ਕ ਉਹ ਕਿਸੇ ਖਿਆਲ ਦੇ ਹੋਣ, 'ਸ਼ਬਦ ਗੁਰੂ' ਦੀ ਮਾਣਤਾ ਤੇ ਗੁਰੂਡੰਮ ਦੀ ਵਿਰੋਧਤਾ ਦੇ ਸਿਲਸਿਲੇ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲਿਆਂ ਵਲੋਂ ਕੀਤੇ ਗਏ ਮਾਰਗ - ਦਰਸ਼ਨ ਨੂੰ ਹੀ ਠੀਕ ਸਮਝਦੇ ਹਨ ।

30.9.78 ਨੂੰ ਦਿੱਲੀ ਦੇ ਸਿੱਖਾਂ ਨੇ ਕਾਨਪੁਰ ਦੇ ਸਾਕੇ ਨਮਿਤ ਇਕ ਵਿਸ਼ਾਲ ਜਲੂਸ ਕੱਢਿਆ । ਜਲੂਸ ਦੀ ਅਗਵਾਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਸ ਵਕਤ ਦੇ ਪਰਧਾਨ ਸਰਦਾਰ ਜਸਵੰਤ ਸਿੰਘ ਸੇਠੀ ਨੇ ਕੀਤੀ । ਦੂਜੇ ਮੋਹਰੀ ਆਗੂਆਂ ਵਿਚ ਜਥੇਦਾਰ ਸੰਤੋਖ ਸਿੰਘ, ਜਥੇਦਾਰ ਰਛਪਾਲ ਸਿੰਘ, ਪ੍ਰੋਫੈਸਰ ਜਸਵੰਤ ਸਿੰਘ ਫੁੱਲ ਤੇ ਰਾਮਗੜ੍ਹੀਆ ਆਗੂ ਸਰਦਾਰ ਕ੍ਰਿਪਾਲ ਸਿੰਘ ਸੰਗਤਪੁਰੀ ਸ਼ਾਮਲ ਸਨ । ਜਲੂਸ ਦੇ ਪ੍ਰਬੰਧਕਾਂ ਨੇ ਯੂ. ਪੀ. ਪੁਲਿਸ ਵਲੋਂ ਕਾਨਪੁਰ ਦੇ ਸਿੱਖਾਂ ਉਤੇ ਕੀਤੇ ਗਏ ਅਤਿਆਚਾਰ ਬਾਰੇ ਵਕਤ ਦੇ ਉਪ ਰਾਸ਼ਟਰਪਤੀ ਸ੍ਰੀ ਬੀ. ਡੀ. ਜੱਤੀ ਨੂੰ ਯਾਦ ਪੱਤਰ ਦਿੱਤਾ । ਨਕਲੀ ਨਿਰੰਕਾਰੀਆਂ ਨੇ 4 ਨਵੰਬਰ 1978 ਨੂੰ ਦਿੱਲੀ ਵਿਚ ਆਪਣੇ 'ਧੰਨ ਨਿਰੰਕਾਰ' ਬਾਬੇ ਗੁਰਬਚਨ ਸਿੰਘ ਦਾ ਸ਼ਾਹਾਨਾ ਜਲੂਸ ਕੱਢਣ ਦਾ ਤੇ ਅਗਲੇ ਦਿਨ ਰਾਮਲੀਲਾ ਗਰਾਊਂਡ ਵਿਚ ਜਲਸਾ ਤੇ 'ਜਸ਼ਨ' ਕਰਨ ਦਾ ਪ੍ਰੋਗਰਾਮ ਉਲੀਕ ਲਿਆ ਕਿਉਂਕਿ ਉਹ ਸਮਝਦੇ ਸਨ ਕਿ ਦੇਸ਼ ਦੀ ਰਾਜਧਾਨੀ ਹੋਣ ਕਰਕੇ ਇਥੇ ਉਨ੍ਹਾਂ ਦੇ ਸਮਾਗਮ ਨੂੰ ਸਰਕਾਰ ਵਲੋਂ ਸੰਪੂਰਨ ਸੁਰੱਖਿਆ ਮਿਲ ਸਕੇਗੀ । ਉਨ੍ਹਾਂ ਦਾ ਇਹ ਖਿਆਲ ਕਿਸੇ ਹੱਦ ਤੱਕ ਠੀਕ ਵੀ ਸੀ ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਵਲੋਂ ਜਗਾਏ ਗਏ



Digitized by Panjab Digital Library | www.panjabdigilib.org

ਸੁੱਤੇ ਸ਼ੇਰਾਂ ਨੇ ਏਥੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਣਾ ।

ਦਿੱਲੀ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਅਕਾਲੀ ਦਲ ਤੇ ਸਿੰਘ ਸਭਾਵਾਂ ਨੇ ਕੇਂਦਰੀ ਸਰਕਾਰ ਤੋਂ ਮੰਗ ਕੀਤੀ ਕਿ, ਨਿਰੰਕਾਰੀਆਂ ਨੂੰ ਅਜਲਾਸ ਕਰਨ ਦੀ ਆਗਿਆ ਨਾ ਦਿੱਤੀ ਜਾਏ ਪਰ ਉਸ ਵੇਲੇ ਦਾ ਪਰਧਾਨ ਮੰਤਰੀ ਮੁਰਾਰਜੀ ਡਿਸਾਈ ਪਰਲੇ ਦਰਜੇ ਦਾ ਅੜਬ, ਅਖੌਤੀ ਅਸੂਲ - ਪ੍ਰਸਤ, ਨਿਰੰਕਾਰੀਆਂ ਦਾ ਹਾਮੀ ਤੇ ਸਿੱਖਾਂ ਦਾ ਦੋਖੀ ਸੀ। ਉਸ ਦੀ ਵਜਾਰਤ ਵਿਚ ਅਕਾਲੀ 'ਭਾਈਵਾਲ' ਸਨ। ਇਸ 'ਭਾਈਵਾਲੀ' ਦਾ ਖਿਆਲ ਕਰਦਿਆਂ ਉਸ ਨੇ ਦਿੱਲੀ ਨਿਵਾਸੀ ਸਿੱਖਾਂ ਦੀ ਮੰਗ ਅੱਧੀ ਪ੍ਰਚੱਧੀ ਪਰਵਾਨ ਕਰ ਲਈ । ਨਿਰੰਕਾਰੀਆਂ ਨੂੰ ਜਲੂਸ ਕੱਢਣ ਤੋਂ ਰੋਕ ਦਿੱਤਾ ਤੇ ਅਜਲਾਸ ਦੀ ਜਗ੍ਹਾ 'ਰਾਮਲੀਲਾ' ਗਰਾਊਂਡ ਤੋਂ ਬਦਲ ਕੇ 'ਇੰਡੀਆ ਗੇਟ' ਦੀ ਗਰਾਊਂਡ ਕਰ ਦਿੱਤੀ। ਜੇ ਕੇਂਦਰੀ ਮੰਤਰੀ ਮੰਡਲ ਵਿਚ ਅਕਾਲੀ ਮੰਤਰੀ ਨਾ ਹੁੰਦੇ ਤਾਂ ਹੋ ਸਕਦਾ ਹੈ ਕਿ ਇਹ ਗੱਲ ਵੀ ਨਾ ਕੀਤੀ ਜਾਂਦੀ ।

ਨਿਰੰਕਾਰੀ ਅਜਲਾਸ ਸ਼ੁਰੂ ਹੋਣ ਤੋਂ ਦੂਜੇ ਦਿਨ ਸਿੱਖ ਸੰਗਤਾਂ ਨੇ ਸ਼ਾਂਤਮਈ ਰੋਸ ਪ੍ਰਗਟਾਵੇ ਦਾ ਪ੍ਰੋਗਰਾਮ ਬਣਾ ਲਿਆ। 5 ਨਵੰਬਰ 1978 ਨੂੰ ਦਿੱਲੀ ਦੇ ਸਿੱਖ ਹੁਮ ਹੁਮਾ ਕੇ ਗੁਰਦੁਆਰਾ ਬੰਗਲਾ ਸਾਹਿਬ ਪੁੱਜੇ ਤੇ ਅਰਦਾਸ ਕਰਕੇ ਪੁਰ ਅਮਨ ਜਲੂਸ ਦੀ ਸ਼ਕਲ ਵਿਚ ਇੰਡੀਆ ਗੇਟ ਵੱਲ ਤੁਰ ਪਏ । ਦਿੱਲੀ ਪੁਲਿਸ ਨੇ ਇਸ ਜਲੂਸ ਨੂੰ ਰੋਕਿਆ, ਲਾਠੀਆਂ ਵਰ੍ਹਾਈਆਂ ਤੇ ਅੰਨ੍ਹੇਵਾਹ ਅੱਥਰੂ ਗੈਸ ਦੇ ਗੋਲਿਆਂ ਦੀ ਵਰਖਾ ਕੀਤੀ। ਦਿੱਲੀ ਪੁਲਿਸ ਨੇ ਦਿੱਲੀ ਅਕਾਲੀ ਦਲ ਦੇ ਪਰਧਾਨ ਜਥੇਦਾਰ ਅਵਤਾਰ ਸਿੰਘ ਕੋਹਲੀ ਨੂੰ ਗ੍ਰਿਫਤਾਰ ਕਰਕੇ ਪੁਲਿਸ ਵੈਨ ਵਿਚ ਬਿਠਾ ਲਿਆ। ਇਨੇ ਵਿਚ ਪੁਲਿਸ ਵਲੋਂ ਸੁੱਟਿਆ ਗਿਆ ਇਕ ਗੈਸ ਗੋਲਾ ਜਥੇਦਾਰ ਕੋਹਲੀ ਦੀ ਹਿੱਕ ਵਿਚ ਆ ਕੇ ਵੱਜਾ ਅਤੇ ਉਹ ਉਸੇ ਵੇਲੇ ਦਮ ਤੋੜ ਕੇ ਸ਼ਹੀਦੀ ਪ੍ਰਾਪਤ ਕਰ ਗਏ। ਪੁਲਿਸ ਅੱਤਿਆਚਾਰ ਦਾ ਸ਼ਿਕਾਰ ਹੋ ਕੇ ਦੋ ਹੋਰ ਸਿੱਖ ਵੀ ਸ਼ਹੀਦ ਹੋ ਗਏ ।

ਇਸ ਤੋਂ ਬਾਅਦ ਨਿਰੰਕਾਰੀ 'ਨਕਲੀਏ' ਨੇ 20-21 ਜਨਵਰੀ 1979 ਨੂੰ ਬੰਬਈ ਵਿਚ ਸਮਾਗਮ ਕਰਕੇ ਸਿੱਖਾਂ ਦੀਆਂ ਨਕਲਾ ਲਾਉਣ ਦਾ ਪ੍ਰੋਗਰਾਮ ਬਣਾਇਆ ਪਰ ਬੰਬਈ ਦੇ ਸਿੱਖਾਂ ਨੇ ਇਸ ਦਾ ਜ਼ੋਰਦਾਰ ਵਿਰੋਧ ਕਰ ਕੇ ਮਹਾਂਰਾਸ਼ਟਰ ਸਰਕਾਰ ਨੂੰ ਨਿਰੰਕਾਰੀ ਜਲੂਸ ਅਤੇ ਸਮਾਗਮ ਉਤੇ ਪਾਬੰਦੀ ਲਾਉਣ ਲਈ ਮਜ਼ਬੂਰ ਕਰ ਦਿੱਤਾ ।

## ਗੁਰਦੁਆਰਾ ਚੋਣਾਂ

ਪੰਥਕ ਇਤਿਹਾਸ ਵਿਚ 1979 ਦੀ ਸਭ ਤੋਂ ਅਹਿਮ ਤੇ ਇਤਿਹਾਸਕ ਘਟਨਾ ਸੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਚੋਣ। ਪਿਛਲੇ 13 ਸਾਲਾਂ ਤੋਂ ਇਹ ਚੋਣ ਨਹੀਂ ਸੀ ਹੋਈ ਤੇ 1972 ਤੋਂ ਸੰਤ ਬਾਬਾ ਚੰਨਣ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਚਲੇ ਆਉਂਦੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਇਕ ਧੜੇ ਵਲੋਂ ਚੋਣਾਂ ਕਰਵਾਉਣ ਲਈ ਇਸ ਵਾਸਤੇ ਜ਼ੋਰ ਪਾਇਆ ਜਾ ਰਿਹਾ ਸੀ, ਤਾਂ ਜੋ ਚੋਣਾਂ ਵਿਚ ਜਿੱਤ ਪ੍ਰਾਪਤ ਕਰਕੇ ਉਹ ਜਥੇਦਾਰ ਟੌਹੜਾ ਦੀ ਥਾਂ ਆਪਣੀ ਪਸੰਦ ਦਾ ਪਰਧਾਨ ਚੁਣ ਸਕੇ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ, ਗੁਰਦੁਆਰਾ ਚੋਣ ਕਰਾਉਣ ਦੀ ਮੰਗ ਅਕਾਲੀ ਦਲ ਦੀ ਅੰਦਰਲੀ ਲੜਾਈ ਦਾ ਹੀ ਇਕ ਹਿੱਸਾ ਸੀ ।

ਭਿੰਡਰਾਂਵਾਲੇ ਸੰਤਾਂ ਦਾ ਅਕਾਲੀ ਦਲ ਦੀ ਸਿਆਸਤ ਵਿਚ ਦਖਲ ਦੇਣ ਦਾ ਜਾਂ



Digitized by Panjab Digital Library | www.panjabdigilib.org

ਗੁਰਦੁਆਰਾ ਪ੍ਰਬੰਧ ਉਤੇ ਕਬਜ਼ਾ ਕਰਨ ਦਾ ਹਰਗਿਜ਼ ਕੋਈ ਇਰਾਦਾ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੈਰ - ਚਿੰਨ੍ਹਾਂ ਤੇ ਚੱਲਣ ਵਾਲੇ ਗੁਰਸਿੱਖ ਤੇ ਦਸਮ ਪਾਤਸ਼ਾਹ ਦੇ ਮਿਸ਼ਨ ਦਾ ਪਰਚਾਰ ਕਰਨ ਵਾਲੇ 'ਸਿੱਖ ਮਿਸ਼ਨਰੀ' ਹੋਣ ਦੇ ਨਾਤੇ ਉਹ ਇਹ ਜ਼ਰੂਰ ਚਾਹੁੰਦੇ ਸਨ ਕਿ ਗੁਰਦੁਆਰਾ ਪ੍ਰਬੰਧ ਵਿਚ ਸੁਧਾਰ ਲਿਆਂਦਾ ਜਾਏ, ਅੰਮ੍ਰਿਤ ਪਰਚਾਰ ਦੀ ਲਹਿਰ ਨੂੰ ਤੇਜ਼ ਕੀਤਾ ਜਾਏ, ਦੇਹਧਾਰੀ ਗੁਰੂਆਂ ਵਿਰੁੱਧ ਜਹਾਦ ਕੀਤਾ ਜਾਏ, ਸ੍ਰੀ ਗੁਰੂ ਗਰੰਥ ਸਾਹਿਬ ਦੇ ਮਾਣ ਸਤਿਕਾਰ ਨੂੰ ਬਹਾਲ ਕੀਤਾ ਜਾਏ ਤੇ ਇਸ ਮਨੋਰਥ ਦੀ ਪੂਰਤੀ ਲਈ ਪੂਰਨ ਗੁਰਸਿੱਖਾਂ ਤੇ ਰਹਿਤਵਾਨ ਸਿੰਘਾਂ ਨੂੰ ਹੀ ਗੁਰਦੁਆਰਾ ਕਮੇਟੀ ਦਾ ਮੈਂਬਰ ਚੁਣਿਆ ਜਾਏ। ਸੋ ਜਦ ਅਪਰੈਲ 1979 ਵਿਚ ਗੁਰਦੁਆਰਾ ਚੋਣ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ ਤਾਂ ਸੰਤਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਪਾਸੋਂ ਮੰਗ ਕੀਤੀ ਕਿ, ਚੋਣ ਲੜਨ ਲਈ ਕੇਵਲ ਰਹਿਤਵਾਨ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਉਮੀਦਵਾਰ ਨਾਮਜ਼ਦ ਕੀਤਾ ਜਾਏ। ਜਥੇਦਾਰ ਤਲਵੰਡੀ ਨੇ ਸੰਤਾਂ ਦੀ ਅੰਤਰੀਵ ਭਾਵਨਾ ਨੂੰ ਸਮਝਣ ਦਾ ਯਤਨ ਨਾ ਕੀਤਾ ਤੇ ਇਹ ਭੁਲੇਖਾ ਖਾ ਕੇ ਕਿ, ਸੰਤ ਜੀ ਕਿਸੇ ਸਿਆਸੀ ਪਾਰਟੀ ਦੇ ਇਸ਼ਾਰੇ ਤੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਲਈ ਇਹ ਮੰਗ ਕਰ ਰਹੇ ਹਨ, ਸੰਤ ਜੀ ਦੀ ਯੋਗ ਮੰਗ ਨੂੰ ਨਾਮਨਜ਼ੂਰ ਕਰ ਦਿੱਤਾ। ਅਕਾਲੀ ਚੀਫ ਦਾ ਇਹ ਰਵਈਆ ਦੇਖ ਕੇ ਭਿੰਡਰਾਂਵਾਲੇ ਸੰਤਾਂ ਨੇ ਅਲਾਮਤੀ ਤੌਰ ਤੇ ਬਿਆਸ ਦੇ ਇਕ ਹਲਕੇ ਤੋਂ ਆਪਣਾ ਉਮੀਦਵਾਰ ਖੜ੍ਹਾ ਕਰਨ ਦਾ ਮਨ ਬਣਾ ਲਿਆ ਤਾਂ ਜੋ ਸਿੱਖ ਸੰਗਤਾਂ ਦੀ ਕਚਹਿਰੀ ਵਿਚ ਤੇ ਭਰੇ ਦੀਵਾਨਾਂ ਦੀ ਸਟੇਜ ਤੇ ਅਖੌਤੀ ਪੰਥ - ਹਿਤੈਸ਼ੀਆਂ ਦੇ ਮੁਖੌਟੇ ਉਤਾਰ ਕੇ ਉਨ੍ਹਾਂ ਦਾ ਅਸਲੀ ਰੂਪ ਦਿਖਾਇਆ ਜਾ ਸਕੇ। ਇਸ ਤਰ੍ਹਾਂ ਗੁਰਦੁਆਰਿਆਂ ਦੀ ਚੋਣ - ਲੜਾਈ ਲੜਨਾ ਨਾ ਚਾਹੁੰਦੇ ਹੋਏ ਵੀ ਇਹ ਲੜਾਈ ਉਨ੍ਹਾਂ ਦੇ ਗਲ੍ਹ ਪਾ ਦਿੱਤੀ ਗਈ। ਭਿੰਡਰਾਂਵਾਲੇ ਸੰਤ ਚਾਹੁੰਦੇ ਤਾਂ ਐਸ. ਜੀ. ਪੀ. ਸੀ. ਦੇ 140 ਦੇ 140 ਹਲਕਿਆਂ ਵਿਚ ਹੀ ਅੰਮ੍ਰਿਤਧਾਰੀ ਸਿੰਘਾਂ ਨੂੰ ਭਿੰਡਰਾਂਵਾਲੇ ਜਥੇ ਵਲੋਂ ਖੜ੍ਹੇ ਕਰ ਕੇ ਅਕਾਲੀ ਲੀਡਰਾਂ ਦੀਆਂ ਦੌੜਾਂ ਲੁਆ ਦਿੰਦੇ, ਪਰ ਉਨ੍ਹਾਂ ਦੇ ਜਥੇ ਦਾ ਮਿਸ਼ਨ ਗੁਰਦੁਆਰਾ ਚੋਣਾਂ ਲੜਨੀਆਂ ਨਹੀਂ ਸੀ ਤੇ ਨਾ ਹੀ ਉਹ ਸਾਰੇ ਹਲਕਿਆਂ ਵਿਚ ਆਪਣੇ ਉਮੀਦਵਾਰ ਖੜ੍ਹੇ ਕਰਕੇ ਪੰਥ ਵਿਚ ਪਾੜਾ ਪਾਉਣਾ ਤੇ ਅਣਜਾਣਪੁਣੇ ਵਿਚ ਇਹ ਗਲਤੀ ਕਰਕੇ ਪੰਥ ਦੋਖੀਆਂ ਦੇ ਹੱਥਾਂ ਵਿਚ ਖੇਡਣਾ ਪਸੰਦ ਕਰਦੇ ਸਨ। ਇਸ ਲਈ ਸੰਤਾਂ ਨੇ ਆਪਣੀ ਚੋਣ - ਲੜਾਈ ਨੂੰ ਬਿਆਸ ਦੇ ਸਿਰਫ ਇਕ ਹਲਕੇ ਤੱਕ ਹੀ ਸੀਮਤ ਰੱਖਿਆ।

ਸੰਤ ਜੀ ਨੇ ਹਲਕਾ ਬਿਆਸ ਤੋਂ ਜਥੇਦਾਰ ਜੀਵਣ ਸਿੰਘ ਉਮਰਾਨੰਗਲ, ਜਿਸ ਨੂੰ ਬਾਦਲ ਵਜ਼ਾਰਤ ਨੇ ਮਾਲ ਮੰਤਰੀ ਦੀ ਪਦਵੀ ਤੋਂ ਅਸਤੀਫਾ ਦੁਆ ਕੇ ਸ਼੍ਰੋਮਣੀ ਅਕਾਲੀ ਦਲ ਵਲੋਂ ਪੰਥਕ ਟਿਕਟ ਤੇ 'ਤੱਕੜੀ' ਚੋਣ ਨਿਸ਼ਾਨ ਦੇ ਕੇ ਖੜ੍ਹਾ ਕੀਤਾ ਸੀ, ਦੇ ਮੁਕਾਬਲੇ ਵਿਚ ਭਾਈ ਅਮਰੀਕ ਸਿੰਘ ਸਪੁੱਤਰ ਸਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਨੂੰ ਖੜ੍ਹਾ ਕਰ ਦਿੱਤਾ। ਭਾਈ ਅਮਰੀਕ ਸਿੰਘ ਪੂਰਨ ਗੁਰਸਿੱਖ ਸਨ, ਪੂਰਨ ਰਹਿਤਵਾਨ ਤੇ ਅੰਮ੍ਰਿਤਧਾਰੀ ਹੋਣ ਤੋਂ ਇਲਾਵਾ ਐਮ. ਏ. ਤੱਕ ਪੜ੍ਹੇ ਹੋਏ ਸਿੱਖ ਨੌਜਵਾਨ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਰਧਾਨ ਸਨ।

ਭਿੰਡਰਾਂਵਾਲੇ ਜਥੇ ਵਲੋਂ ਬੇਸ਼ੱਕ ਇਕੋ ਇਕ ਉਮੀਦਵਾਰ ਭਾਈ ਅਮਰੀਕ ਸਿੰਘ ਨੂੰ ਹੀ ਚੋਣ ਮੈਦਾਨ ਵਿਚ ਉਤਾਰਿਆ ਗਿਆ ਸੀ ਪਰ ਅਕਾਲੀ ਪਾਰਟੀ ਵਲੋਂ ਗਲਤ ਪਰਚਾਰ ਇਹ ਕੀਤਾ ਗਿਆ ਸੀ ਕਿ ਭਿੰਡਰਾਂ ਜਥੇ ਵਲੋਂ 46 ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਅਸਲੀਅਤ ਇਹ ਸੀ ਕਿ ਦੂਜੇ ਸਾਰੇ ਉਮੀਦਵਾਰਾਂ ਵਿਚੋਂ ਕੁਝ 'ਦਲ ਖਾਲਸਾ' ਨਾਮੀ ਜਮਾਤ ਦੇ ਸਨ, ਜਿਨ੍ਹਾਂ ਦਾ ਜਨਮ ਗਿਆਨੀ ਜ਼ੈਲ ਸਿੰਘ 'ਸਾਬਕਾ ਮੁੱਖ ਮੰਤਰੀ ਪੰਜਾਬ' ਦੀ ਕੁੱਖ 'ਚੋਂ



Digitized by Panjab Digital Library | www.panjabdigilib.org

ਹੋਇਆ ਸੀ, ਕੁਝ ਡਾਕਟਰ ਜਗਜੀਤ ਸਿੰਘ ਦੀ ਇਕ ਬੋਗਸ ਜਥੇਬੰਦੀ ਦੇ ਸਨ ਜੋ ਕਿ ਡਾਕਟਰ ਸਾਹਿਬ ਦੇ ਜ਼ਰਖੇਜ਼ ਦਿਮਾਗ਼ ਦੀ ਪੈਦਾਵਾਰ ਸਨ ਤੇ ਬਹੁਤ ਸਾਰੇ ਉਮੀਦਵਾਰ 'ਬਾਗ਼ੀ ਅਕਾਲੀਆਂ' 'ਚੋਂ ਸਨ, ਜੋ ਪੰਥਕ ਟਿਕਟ ਨਾ ਮਿਲਣ ਕਰਕੇ ਆਜ਼ਾਦ ਖੜ੍ਹੇ ਹੋ ਗਏ ਸਨ ।

ਬਿਆਸ ਦੇ ਚੋਣ ਹਲਕੇ ਵਿਚ ਮੁਕਾਬਲਾ ਬੇਸ਼ੱਕ ਜਥੇਦਾਰ ਉਮਰਾਨੰਗਲ ਤੇ ਭਾਈ ਅਮਰੀਕ ਸਿੰਘ ਵਿਚ ਹੋ ਰਿਹਾ ਸੀ ਪਰ ਅਕਾਲੀ ਦਲ ਤੇ ਬਾਦਲ ਸਰਕਾਰ ਨੇ ਇਸ ਸੀਟ ਨੂੰ ਵਕਾਰੀ ਸੀਟ ਕਰਾਰ ਦੇ ਦਿੱਤਾ ਤੇ ਇਸ ਨੂੰ ਜਿੱਤਣ ਵਾਸਤੇ ਪਾਰਟੀ ਅਤੇ ਸਰਕਾਰ ਦੇ ਸਾਰੇ ਵਸੀਲੇ ਝੋਕ ਦਿੱਤੇ । ਮੁਕਾਬਲੇ ਵਿਚ ਸੰਤ ਜਰਨੈਲ ਸਿੰਘ 'ਖਾਲਸਾ' ਨੇ ਵੀ ਆਪਣੇ ਟਿਕੇ ਹੋਏ ਉਮੀਦਵਾਰ ਦੇ ਪਰਚਾਰ ਲਈ ਸਾਰਾ ਜ਼ੋਰ ਲਾਇਆ ਪਰ ਧਰਮ ਈਮਾਨ ਦਾ ਲੜ ਹੱਥੋਂ ਨਹੀਂ ਛੱਡਿਆ । ਸੇਵਕਾਂ ਤੇ ਸ਼ਰਧਾਲੂਆਂ ਨੇ ਆਪਣੇ ਆਵਾਜਾਈ ਦੇ ਸਾਧਨਾਂ ਰਾਹੀਂ ਘਰੀ ਘਰੀ ਜਾ ਕੇ ਭਾਈ ਅਮਰੀਕ ਸਿੰਘ ਲਈ ਵੋਟਾਂ ਮੰਗੀਆਂ ਤੇ ਆਮ ਲੋਕਾਂ ਵਿਚ ਜਾ ਕੇ ਅਕਾਲੀ ਆਗੂਆਂ ਦੇ ਬਖੀਏ ਉਧੇੜੇ ।

ਇਉਂ ਜਾਪਦਾ ਸੀ ਕਿ, ਇਸ ਚੋਣ ਖੇਤਰ ਵਿਚ ਚੋਣ - ਲੜਾਈ ਜੰਗੀ ਪੱਧਰ ਤੇ ਲੜੀ ਜਾ ਰਹੀ ਹੈ । ਲੋਕ ਕਹਿੰਦੇ ਸਨ ਕਿ ਇਹ ਚੋਣ ਜਥੇਦਾਰ ਉਮਰਾਨੰਗਲ ਤੇ ਭਾਈ ਅਮਰੀਕ ਸਿੰਘ ਨਹੀਂ ਲੜ ਰਹੇ, ਬਲਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਲੜ ਰਹੇ ਹਨ । ਸੰਤ ਜੀ ਤਾਂ ਸੰਤ ਹੀ ਸਨ । ਇਸ ਲਈ ਉਨ੍ਹਾਂ ਵਲੋਂ ਸਚਾਈ ਦੇ ਆਧਾਰ ਤੇ ਹੀ ਚੋਣ ਮੁਹਿੰਮ ਚਲਾਈ ਗਈ ਪਰ ਮੁਕਾਬਲੇ ਵਿਚ ਬਾਦਲ ਸੰਤ ਨਹੀਂ, ਸਿਆਸਤਦਾਨ ਸਨ, ਇਸ ਲਈ ਉਸ ਨੇ ਉਮਰਾਨੰਗਲ ਨੂੰ ਜਿਤਾਉਣ ਲਈ ਉਹ ਸਾਰੇ ਜਾਇਜ਼ ਤੇ ਨਾਜਾਇਜ਼ ਹਰਬੇ ਇਸਤੇਮਾਲ ਕੀਤੇ, ਜਿਹੜੇ 'ਜੰਗ ਅਤੇ ਮੁਹੱਬਤ' ਵਿਚ ਠੀਕ ਸਮਝੇ ਜਾਂਦੇ ਹਨ । ਮਿਸਾਲਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

- ਚੋਣ ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਚੋਣ ਤੋਂ ਇਕ ਦਿਨ ਪਹਿਲਾਂ ਤੱਕ ਨਵੀਆਂ ਵੋਟਾਂ ਬਣਾਈਆਂ ਜਾਂਦੀਆਂ ਰਹੀਆਂ ।
- ਚੋਣ ਪਰਚਾਰ ਲਈ ਸਰਕਾਰੀ ਵਸੀਲਿਆਂ ਤੇ ਸਰਕਾਰੀ ਮਸ਼ੀਨਾਂ ਦੀ ਵਰਤੋਂ ਖੁੱਲ੍ਹੇ ਤੌਰ ਤੇ ਕੀਤੀ ਜਾਂਦੀ ਰਹੀ ।
- ਮਾਲ ਮਹਿਕਮੇ ਦੇ ਕਰਮਚਾਰੀਆਂ ਰਾਹੀਂ ਜੱਟ ਵੋਟਰਾਂ ਤੇ ਦਬਾਅ ਪਾਇਆ ਗਿਆ ਕਿਉਂਕਿ ਬਾਦਲ ਸਾਹਿਬ ਸਪੱਸ਼ਟ ਤੌਰ ਤੇ ਐਲਾਨ ਕਰਦੇ ਸਨ ਕਿ ਚੋਣ ਲੜਨ ਤੋਂ ਬਾਅਦ ਉਮਰਾਨੰਗਲ ਨੂੰ ਮਾਲ ਮਹਿਕਮਾ ਹੀ ਦਿੱਤਾ ਜਾਏਗਾ ਜੋਕਿ ਉਸ ਪਾਸ ਪਹਿਲਾਂ ਸੀ । ਹਿੰਦੂ ਤੇ ਹਰੀਜਨ ਵਜ਼ੀਰਾਂ ਰਾਹੀਂ ਛਡੀਊਲ ਕਾਸਟ ਸਿੱਖਾਂ ਤੇ ਗ਼ੈਰ - ਜੱਟ ਸਿੱਖ ਵੋਟਰਾਂ ਤੇ ਅਸਰ ਪੁਆਇਆ ਗਿਆ ।
- ਭਿੰਡਰਾਂਵਾਲੇ ਦਾ ਹਊਆ ਦਿਖਾ ਕੇ ਨਿਰੰਕਾਰੀਆਂ ਦੀਆਂ ਵੋਟਾਂ ਬਣਵਾਈਆਂ ਤੇ ਭੁਗਤਾਈਆਂ ਗਈਆਂ ।
- 'ਬਿਆਸਾ ਵਾਲੇ' ਦੇਹਧਾਰੀ ਗੁਰੂ ਦੇ ਚੇਲੇ ਰਾਧਾ ਸੁਆਮੀਆਂ ਨੂੰ ਉਨ੍ਹਾਂ ਦੇ ਇਲਾਕੇ ਵਿਚ ਕਾਇਮ 'ਭਿੰਡਰਾਂਵਾਲੇ ਡੇਰੇ' ਤੋਂ ਭੈਭੀਤ ਕਰ ਕੇ ਉਮਰਾਨੰਗਲ ਨੂੰ ਵੋਟਾਂ ਪਾਉਣ ਲਈ ਕਿਹਾ ਗਿਆ ।
- ਭੈਣੀ ਸਾਹਿਬ ਤੋਂ 'ਹੁਕਮ' ਲਿਆ ਕੇ ਨਾਮਧਾਰੀ ਵੋਟਰ ਜਥੇਦਾਰ ਦੇ ਹੱਕ ਵਿਚ ਭੁਗਤਾਏ ਗਏ ।



Digitized by Panjab Digital Library / www.panjabdigilib.org

• ਚੋਣ ਅਮਲੇ ਤੇ ਅਸਰ ਪਾ ਕੇ ਭਾਈ ਅਮਰੀਕ ਸਿੰਘ ਦੀਆਂ ਹਜ਼ਾਰਾਂ 'ਪੱਕੀਆਂ ਵੋਟਾਂ' ਤੇ ਲਕੀਰਾਂ ਫੇਰੀਆਂ ਗਈਆਂ ਤੇ ਉਮਰਾਨੰਗਲ ਦੇ ਹੱਕ ਵਿਚ ਹਜ਼ਾਰਾਂ ਜਾਅਲੀ ਵੋਟ ਭੁਗਤਾਏ ਗਏ ।

ਇਸ ਤੇ ਇਸ ਵਰਗੀਆਂ ਹੋਰ ਅਨੇਕ ਬੇਨਿਯਮੀਆਂ ਕਰਕੇ ਜਥੇਦਾਰ ਉਮਰਾਨੰਗਲ ਦੀ ਸੰਭਾਵਿਤ ਹਾਰ ਨੂੰ ਜਿੱਤ ਵਿਚ ਬਦਲਿਆ ਗਿਆ ।

ਚੋਣ ਨਤੀਜੇ ਦੀ ਰੋਸ਼ਨੀ ਵਿਚ ਜਥੇਦਾਰ ਉਮਰਾਨੰਗਲ ਕਾਮਯਾਬ ਹੋਇਆ ਤੇ ਭਾਈ ਅਮਰੀਕ ਸਿੰਘ ਹਾਰ ਗਿਆ । ਲੇਕਿਨ ਇਖਲਾਕੀ ਕਦਰਾਂ ਦੀ ਦੀ ਰੋਸ਼ਨੀ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਵਕਾਰ ਮਿੱਟੀ ਵਿਚ ਮਿਲ ਗਿਆ ਤੇ ਭਿੰਡਰਾਂਵਾਲੇ ਸੰਤਾਂ ਦੀ ਘਰ ਘਰ ਵਿਚ ਜੈ-ਜੈਕਾਰ ਹੋਈ । ਕਾਰਨ ਇਹ ਸੀ ਕਿ ਸਿੱਖ ਸੰਗਤਾਂ ਨੇ ਬਾਦਲ ਧੜੇ ਵਲੋਂ ਧਰਮ ਦੇ ਸੋਮੇ ਗੁਰਦੁਆਰਿਆਂ ਉਤੇ ਕਬਜ਼ਾ ਕਰਨ ਲਈ ਵਰਤੇ ਗਏ ਅਧਾਰਮਿਕ ਤਰੀਕਿਆਂ ਤੇ ਸਰਕਾਰੀ ਦਖਲ ਨੂੰ ਬਹੁਤ ਬੁਰਾ ਮੰਨਿਆ ਪਰ ਮੁਕਾਬਲੇ ਵਿਚ ਭਿੰਡਰਾਂਵਾਲੇ ਸੰਤਾਂ ਵਲੋਂ ਧਰਮ ਨੂੰ ਆਧਾਰ ਮੰਨ ਕੇ ਕੀਤੇ ਗਏ ਚੋਣ ਪਰਚਾਰ ਦਾ ਹਰ ਪਾਸਿਉਂ ਸਵਾਗਤ ਕੀਤਾ ।

## ਹੋਣੀ ਟਲ ਨਾ ਸਕੀ

13 ਅਪ੍ਰੈਲ 1978 ਦੀ ਖ਼ੂਨੀ ਵਿਸਾਖੀ ਦੀ ਰਾਤ ਤੋਂ ਹੀ ਨਕਲੀ ਨਿਰੰਕਾਰੀਆਂ ਦੇ ਅਖੌਤੀ ਗੁਰੂ ਬਾਬਾ ਗੁਰਬਚਨ ਸਿੰਘ ਦੀਆਂ ਰਾਤਾਂ ਦੀ ਨੀਂਦ ਹਰਾਮ ਹੋ ਗਈ । ਬਾਬੇ ਨੇ ਆਪਣੇ ਉਦਾਲੇ ਹਥਿਆਰਬੰਦ ਬਾਡੀਗਾਰਡਾਂ ਦਾ ਪਹਿਰਾ ਪਹਿਲਾਂ ਤੋਂ ਵੀ ਜ਼ਿਆਦਾ ਮਜ਼ਬੂਤ ਕਰ ਲਿਆ । ਉਸ ਨੂੰ ਦਿਨ ਵੇਲੇ ਵੀ ਭਿੰਡਰਾਂਵਾਲੇ ਸੰਤਾਂ ਦੇ ਸੇਵਕਾਂ ਅਤੇ ਅਖੰਡ ਕੀਰਤਨੀ ਜਥੇ ਦੇ ਅੰਮ੍ਰਿਤਧਾਰੀ ਸਿੰਘਾਂ ਦੀਆਂ ਸ਼ਕਲਾਂ ਵਿਚੋਂ ਮੌਤ ਦੇ ਫਰਿਸ਼ਤੇ ਦਿਖਾਈ ਦੇਣ ਲੱਗ ਪਏ । ਕਾਨੂੰਨ ਦੀ ਬਾਂਹ ਲੰਮੀ ਹੋਣ ਦੇ ਬਾਵਜੂਦ ਬੇਸ਼ਕ ਉਸ ਨੂੰ ਹੱਥ ਪਾ ਸਕਣ ਤੋਂ ਅਸਮਰਥ ਰਹੀ ਲੇਕਿਨ ਕਰਨੀ ਕਰਤੂਤ ਦੇ ਫਲ ਨੇ ਉਸ ਨੂੰ ਕੈਦੀ ਨਾ ਹੁੰਦੇ ਹੋਏ ਵੀ ਕੈਦੀ ਬਣਾ ਦਿੱਤਾ । ਉਹ ਦਿਨੇ ਰਾਤ ਆਪ - ਸਹੇੜੀ ਕੈਦ ਕਾਰਨ ਆਲੀਸ਼ਾਨ ਬੰਗਲਿਆਂ ਤੇ ਭਵਨਾਂ ਵਿਚ ਬੰਦ ਰਹਿਣ ਲੱਗ ਪਿਆ । ਜਦ ਉਹ ਦੌਰਾ ਕਰਨ ਜਾਂਦਾ ਤਾਂ ਆਪਣੀ ਹਿਫਾਜ਼ਤ ਦੇ ਪੂਰੇ ਪ੍ਰਬੰਧ ਕਰ ਕੇ ਘਰੋਂ ਬਾਹਰ ਨਿਕਲਦਾ । ਉਸ ਦੇ ਦਿਲ ਵਿਚ ਹਰ ਵਕਤ ਇਹ ਧੁਖਧੁਖੀ ਲੱਗੀ ਰਹਿੰਦੀ ਕਿ ਜ਼ਰੂਰ ਕੋਈ ਨਾ ਕੋਈ ਅਗਿਆਤ ਕਾਤਿਲ ਉਸ ਦਾ ਪਿੱਛਾ ਕਰ ਰਿਹਾ ਹੈ ।

ਪੰਜਾਬ ਸਰਕਾਰ ਨੇ ਅੰਮ੍ਰਿਤਸਰ ਵਿਚ ਹੋਏ ਕਤਲਾਮ ਦੇ ਦੋਸ਼ ਵਿਚ ਬਾਬਾ ਗੁਰਬਚਨ ਸਿੰਘ ਤੇ ਅੰਮ੍ਰਿਤਸਰ ਦੀ ਅਦਾਲਤ ਵਿਚ ਜੋ ਮੁਕੱਦਮਾ ਦਾਇਰ ਕੀਤਾ ਸੀ, ਉਸ ਨੂੰ ਬਾਬੇ ਦੀ ਦਰਖਾਸਤ ਸੁਣ ਕੇ ਕਰਨਾਲ ਦੀ ਸੈਸ਼ਨ ਕੋਰਟ ਵਿਚ ਬਦਲ ਦਿੱਤਾ ਗਿਆ । ਪੰਜਾਬ ਸਰਕਾਰ ਪਾਸ ਵਕੀਲਾਂ ਦੀ ਧਾੜ ਹੋਣ ਦੇ ਬਾਵਜੂਦ ਵੀ ਉਹ ਆਪਣਾ ਕੇਸ ਠੀਕ ਢੰਗ ਨਾਲ ਪੇਸ਼ ਨਾ ਕਰ ਸਕੀ । ਸਬੂਤਾਂ ਦੀ ਘਾਟ ਤੇ ਚਸ਼ਮਦੀਦ ਗਵਾਹਾਂ ਦੀ ਅਣਹੋਂਦ ਜਾਂ ਉਨ੍ਹਾਂ ਦੇ ਬੈਠ ਜਾਣ ਕਾਰਨ ਕਰਨਾਲ ਦੇ ਸੈਸ਼ਨ ਜੱਜ ਸ੍ਰੀ ਆਰ. ਐਸ. ਗੁਪਤਾ ਨੇ 4.1.80 ਨੂੰ ਬਾਬੇ ਗੁਰਬਚਨ ਸਿੰਘ ਅਤੇ ਉਸ ਦੇ 64 ਚੇਲਿਆਂ ਨੂੰ ਬਾਇਜ਼ਤ ਬਰੀ ਕਰ ਦਿੱਤਾ । ਪੰਜਾਬ ਸਰਕਾਰ ਨੇ ਇਸ ਕੇਸ ਦੀ ਅਪੀਲ ਹਾਈ ਕੋਰਟ ਵਿਚ ਨਾ ਕੀਤੀ, ਜਿਸ ਕਾਰਨ ਹਮੇਸ਼ਾ ਲਈ ਇਹ ਮਾਮਲਾ ਠੱਪ ਹੋ ਗਿਆ ।

ਬਾਬੇ ਦੇ ਬਰੀ ਹੋਣ ਤੇ ਨਿਰੰਕਾਰੀਆਂ ਨੇ ਖ਼ੁਸ਼ੀ ਵਿਚ ਜਸ਼ਨ ਮਨਾਏ ਤੇ ਭਵਨਾਂ ਉਤੇ



Digitized by Panjab Digital Library | www.panjabdigilib.org

ਦੀਪਮਾਲਾ ਕੀਤੀ । ਉਨ੍ਹਾਂ ਵਲੋਂ ਖ਼ੁਸ਼ੀ ਦਾ ਇਜ਼ਹਾਰ ਕੀਤਾ ਜਾਣਾ ਕੁਦਰਤੀ ਸੀ । ਭਿੰਡਰਾਂਵਾਲੇ ਸੰਤਾਂ ਨੇ ਨਿਰੰਕਾਰੀ ਬਾਬੇ ਦੀ ਰਿਹਾਈ ਦੀ ਖ਼ਬਰ ਲਖੀਮਪੁਰ (ਯੂ. ਪੀ.) ਵਿਚ ਬੜੇ ਦੁਖੀ ਹਿਰਦੇ ਨਾਲ ਸੁਣੀ, ਜਿਥੇ ਉਹ ਧਰਮ ਪਰਚਾਰ ਦੌਰੇ ਦੇ ਸਿਲਸਿਲੇ ਵਿਚ ਗਏ ਹੋਏ ਸਨ । ਬਾਦਲ ਸਰਕਾਰ ਵਲੋਂ ਸ਼ਹੀਦਾਂ ਦੇ ਕੇਸ ਬਾਰੇ ਵਰਤੀ ਗਈ ਲਾਪਰਵਾਹੀ ਕਾਰਨ ਹੋਈ ਨਿਰੰਕਾਰੀ ਬਾਬੇ ਦੀ ਰਿਹਾਈ ਨਾਲ ਕੇਵਲ ਸੰਤ ਜਰਨੈਲ ਸਿੰਘ ਨੂੰ ਹੀ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਨੂੰ ਬੜਾ ਸਦਮਾ ਪਹੁੰਚਿਆ । ਕਰਨਾਲ ਦੀ ਸੈਸ਼ਨ ਕੋਰਟ ਦੇ ਫੈਸਲੇ ਤੋਂ ਬਾਅਦ ਨਿਰੰਕਾਰੀ ਬਾਬੇ ਦੇ ਚੇਲਿਆਂ ਨੇ ਇਹ ਸਮਝਿਆ ਹੋਵੇਗਾ ਕਿ ਬਾਬੇ ਦੇ ਸਿਰ ਤੋਂ 'ਹੋਣੀ' ਟਲ ਗਈ ਹੈ ਪਰ ਅਸਲ ਵਿਚ ਉਸ ਦਿਨ ਤੋਂ ਬਾਬੇ ਦੇ ਸਿਰ ਤੇ 'ਹੋਣੀ' ਕੂਕਣੀ ਸ਼ੁਰੂ ਹੋਈ ਸੀ । ਕਰਨਾਲ ਦੀ ਕੋਰਟ ਨੇ ਉਸ ਨੂੰ ਬੇਸ਼ੱਕ ਬਰੀ ਕਰ ਦਿੱਤਾ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਦਾਲਤ ਨੇ ਉਸ ਨੂੰ ਬਰੀ ਨਹੀਂ ਸੀ ਕੀਤਾ, ਰੱਬੀ ਕਾਨੂੰਨ ਤੇ ਇਲਾਹੀ ਇਨਸਾਫ ਨੇ ਉਸ ਨੂੰ ਬਰੀ ਨਹੀਂ ਸੀ ਕੀਤਾ, 'ਹੁਕਮਨਾਮਾ' ਬ - ਦਸਤੂਰ ਕਾਇਮ ਚਲਿਆ ਆ ਰਿਹਾ ਸੀ ਤੇ ਉਹ 'ਰੋਹ' ਵੀ ਅਜੇ ਉਸੇ ਤਰ੍ਹਾਂ ਕਾਇਮ ਸੀ, ਜੋ 'ਬਾਣ' ਲੱਗਣ ਤੋਂ ਬਾਅਦ 13 ਅਪ੍ਰੈਲ 1978 ਨੂੰ ਸਿੱਖਾਂ ਦੇ ਹਿਰਦਿਆਂ ਵਿਚ ਜਾਗਿਆ ਸੀ ।

ਦੂਜੇ ਪਾਸੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਨੇ ਫਤਹਿ ਦੇ ਜਸ਼ਨ ਮਨਾਉਣ ਲਈ ਦੇਸ਼ ਦਾ ਦੌਰਾ ਸ਼ੁਰੂ ਕਰ ਦਿੱਤਾ । ਯੂ. ਪੀ. ਤੋਂ ਸ਼ੁਰੂ ਹੋ ਕੇ ਉਸ ਨੇ ਬਿਹਾਰ, ਬੰਗਾਲ, ਮੱਧ ਪ੍ਰਦੇਸ਼, ਮਹਾਂਰਾਸ਼ਟਰ, ਕਰਨਾਟਕ ਤੇ ਆਂਧਰਾ ਹੁੰਦੇ ਹੋਏ ਮਦਰਾਸ ਤੱਕ ਪਹੁੰਚਣਾ ਸੀ । ਜਦੋਂ ਗੁਰਬਚਨ ਸਿੰਘ ਆਜ਼ਮਗੜ੍ਹ ਪੁੱਜਾ ਤਾਂ ਉਸ ਜਗ੍ਹਾ ਦੇ ਸਿੱਖਾਂ ਨੇ ਜ਼ਬਰਦਸਤ ਰੋਸ ਮੁਜਾਹਰਾ ਕਰਕੇ ਪੁਰਾਣੇ 'ਸਵਾਗਤ' ਦੀ ਯਾਦ ਤਾਜ਼ਾ ਕਰ ਦਿੱਤੀ । 'ਵਿਜੈ ਯਾਤਰਾ' ਦੌਰਾਨ 18.3.80 ਨੂੰ ਦੁਰਗ ਪਹੁੰਚ ਕੇ 'ਸਤਿਸੰਗ' ਕੀਤਾ । ਦੂਜੇ ਦਿਨ 19.3.80 ਨੂੰ ਜਦ ਉਸ ਨੇ ਕਾਰਾਂ ਦੇ ਕਾਫਲੇ ਵਿਚ ਸ਼ਾਮਿਲ ਹੋ ਕੇ ਦੁਰਗ ਤੋਂ ਭਿਲਾਈ ਨਗਰ ਨੂੰ ਚਾਲੇ ਪਾਏ ਤਾਂ ਰਸਤੇ ਵਿਚ ਇਕ ਟਰੱਕ ਨੇ 'ਯਮਦੂਤ' ਦਾ ਰੂਪ ਧਾਰ ਕੇ ਉਸ ਦੀ ਕਾਰ ਵਿਚ ਟੱਕਰ ਮਾਰੀ । ਰੱਬ ਦੀ ਕੁਦਰਤ ਕਿ, ਉਹ ਆਪਣੀ ਕਾਰ ਵਿਚ ਸਵਾਰ ਨਹੀਂ ਸੀ । ਮੌਤ ਨਾਲ ਲੁਕਣਮੀਚੀ ਖੇਡਣ ਲਈ ਉਸ ਨੇ ਕਾਰ ਬਦਲੀ ਹੋਈ ਸੀ, ਇਸ ਲਈ ਉਹ 'ਯਮਦੂਤ' ਦੇ ਹੱਥਾਂ 'ਚੋਂ ਬਚ ਕੇ ਨਿਕਲ ਗਿਆ । ਲੇਕਿਨ ਉਸ ਦੀ ਕਾਰ ਵਿਚ ਉਸ ਦੀ ਪਰਮ ਪਿਆਰੀ ਚੇਲੀ ਬੀਬੀ ਸੁਦੇਸ਼ ਨੀਲਮ ਸਫਰ ਕਰ ਰਹੀ ਸੀ, ਜੋ ਕਾਰ - ਟਰੱਕ ਟੱਕਰ ਵਿਚ ਸਖ਼ਤ ਜ਼ਖਮੀਂ ਹੋ ਗਈ । ਟਰੱਕ ਡਰਾਈਵਰ ਨੇ ਜਦ ਇਹ ਦੇਖਿਆ ਕਿ, 'ਬਾਬਾ' ਆਪਣੀ ਕਾਰ ਵਿਚ ਮੌਜੂਦ ਨਹੀਂ ਤਾਂ ਉਸ ਨੂੰ ਹੋਰ ਵੀ ਗੁੱਸਾ ਚੜ੍ਹ ਗਿਆ ਤੇ ਉਸ ਨੇ ਜ਼ਖਮੀਂ ਹੋ ਚੁੱਕੀ ਬੀਬੀ ਨੂੰ ਗੋਲੀ ਮਾਰ ਕੇ ਪਾਰ ਬੁਲਾਇਆ ਤੇ ਫਰਾਰ ਹੋ ਗਿਆ । ਨਿਰੰਕਾਰੀ ਬਾਬੇ ਨੂੰ ਧੁਰ ਦਾ ਟਿਕਟ ਫੜਾਉਣ ਲਈ ਕੀਤਾ ਗਿਆ ਦੂਜਾ ਵਾਰ ਵੀ ਖਾਲੀ ਗਿਆ । ਚੇਤੇ ਰਹੇ ਕਿ ਇਸ ਤੋਂ ਪਹਿਲਾਂ 26 ਸਤੰਬਰ 1978 ਨੂੰ ਕਾਨਪੁਰ ਦੇ ਸਿੱਖਾਂ ਨੇ ਯੁਵਾ ਕਾਂਗਰਸੀ ਨੇਤਾ ਸਰਦਾਰ ਕੁਲਵੰਤਜੀਤ ਸਿੰਘ ਗਿੱਲ ਦੀ ਅਗਵਾਈ ਹੇਠ ਨਿਰੰਕਾਰੀ ਬਾਬੇ ਨੂੰ 'ਗੱਡੀ ਚਾੜ੍ਹਨ' ਦਾ ਯਤਨ ਕੀਤਾ ਸੀ ਜੋ ਫੇਲ੍ਹ ਹੋ ਗਿਆ ਸੀ ।

ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਦੁਰਗ ਵਿਚ ਹੋਏ ਨਿਰੰਕਾਰੀ ਬਾਬੇ ਉਤੇ ਕਾਤਲਾਨਾ ਹਮਲੇ ਦੇ ਦੋਸ਼ ਵਿਚ ਦੁਰਗ ਦੇ ਪ੍ਰਸਿੱਧ ਇੱਕਾ ਲੀਡਰ ਤੇ ਬਹੁਤ ਵੱਡੇ ਟਰਾਂਸਪੋਰਟਰ ਸਰਦਾਰ ਸੁੱਚਾ ਸਿੰਘ ਢਿੱਲੋਂ ਤੇ ਟਰੱਕ ਮਾਰਨ ਵਾਲੇ ਟਰੱਕ ਦੇ ਮਾਲਕ ਸਰਦਾਰ ਅਵਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ । ਉਨ੍ਹਾਂ ਸਮੇਤ ਦੁਰਗ ਨਿਵਾਸੀ 15 ਸਿੱਖਾਂ ਤੇ ਮੁਕੱਦਮਾ ਚਲਿਆ ਅਤੇ ਸਿਵਾਏ ਇਕ ਤੋਂ ਬਾਕੀ ਸਾਰੇ ਬਾਇਜ਼ਤ ਬਰੀ ਕਰ ਦਿੱਤੇ ਗਏ । ਬਰੀ ਹੋ ਜਾਣ ਪਿੱਛੋਂ ਸਿੱਖ ਸੂਰਬੀਰਾਂ ਦੀ ਇਹ ਟੀਮ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਈ ਤੇ ਉਥੇ ਇਸ ਨੇ ਗੁਰੂ ਨਾਨਕ ਨਿਵਾਸ ਵਿਚ ਪਹੁੰਚ ਕੇ ਸੰਤ ਜਰਨੈਲ ਸਿੰਘ



Digitized by Panjab Digital Library / www.panjabdigilib.org

'ਖਾਲਸਾ' ਭਿੰਡਰਾਂਵਾਲੇ ਪਾਸੋਂ ਉਚੇਚੇ ਤੌਰ ਤੇ ਅਸ਼ੀਰਵਾਦ ਪ੍ਰਾਪਤ ਕੀਤੀ ।

ਦੋ ਵਾਰ ਤਾਂ 'ਹੋਣੀ' ਦੇ ਵਾਰ ਤੋਂ ਨਿਰੰਕਾਰੀ ਬਾਬਾ ਬਚ ਨਿਕਲਿਆ। ਤੀਜਾ ਵਾਰ ਖਾਲੀ ਨਾ ਗਿਆ । 24.4.80 ਦੀ ਰਾਤ ਨੂੰ ਸਾਢੇ ਗਿਆਰਾਂ ਵਜੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਨੂੰ ਨਿਰੰਕਾਰੀ ਭਵਨ ਵਿਚ, ਜਿੱਥੇ ਉਹ ਪਰਵਾਰ ਸਮੇਤ ਰਹਿੰਦਾ ਸੀ, ਸੰਗਤ ਲਈ ਰਾਖਵੀਂ ਰਿਹਾਇਸ਼ ਦੇ ਇਕ ਕਮਰੇ ਵਿਚ ਕੁਝ ਅਗਿਆਤ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਗੋਲੀਆਂ ਉਸ ਵਕਤ ਚਲਾਈਆਂ ਗਈਆਂ, ਜਦ ਬਾਬੇ ਦੀ ਕਾਰ ਮੇਨ ਗੇਟ ਰਾਹੀਂ ਭਵਨ ਦੇ ਅੰਦਰ ਦਾਖਲ ਹੋਈ। 'ਬਾਬਾ' ਮੁਲਤਾਨੀ ਢਾਂਡੇ ਦੇ ਸਤਿਸੰਗਤ ਤੋਂ ਸਤਿਸੰਗ 'ਪ੍ਰਵਚਨ' ਸੁਣਾ ਕੇ ਵਾਪਸ ਪਰਤਿਆ ਸੀ। ਕਾਰ ਵਿਚ ਉਸ ਦੇ ਨਾਲ ਡਰਾਈਵਰ ਤੋਂ ਇਲਾਵਾ ਉਸ ਦੀ ਪਤਨੀ ਕੁਲਵੰਤ ਕੌਰ ਤੇ ਬਾਡੀਗਾਰਡ ਪ੍ਰਾਤਪ ਸਿੰਘ, ਜਿਸ ਨੂੰ ਬਾਬੇ ਨੇ ਨਿਰੰਕਾਰੀ ਸੇਵਾ ਦਲ ਦਾ ਕਮਾਂਡਰ - ਇਨ - ਚੀਫ ਬਣਾਇਆ ਸੀ, ਸ਼ਾਮਲ ਸਨ। ਕੁਲਵੰਤ ਕੌਰ ਨੇ ਜਦ ਗੋਲੀ ਦੀ ਆਵਾਜ਼ ਸੁਣੀ ਤਾਂ ਉਹ ਦੌੜ ਕੇ ਅੰਦਰ ਚਲੀ ਗਈ। ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਕਿ ਉਸ ਦੇ ਪ੍ਰਮੇਸ਼ਵਰ ਦਾ ਕੀ ਹਾਲ ਹੈ? ਅਗਿਆਤ ਵਿਅਕਤੀਆਂ ਵਲੋਂ ਚਲਾਈਆਂ ਗੋਲੀਆਂ ਤੇ ਹੈਂਡ ਗਰਨੇਡ ਨੇ ਬਾਬੇ ਅਤੇ ਬਾਬੇ ਦੇ ਬਾਡੀਗਾਰਡ ਨੂੰ ਕਾਰ ਵਿਚੋਂ ਬਾਹਰ ਨਿਕਲਦਿਆਂ ਹੀ ਭੁੰਨ ਕੇ ਰੱਖ ਦਿੱਤਾ ਤੇ ਉਹ ਭੁੰਜੇ ਡਿਗ ਕੇ ਮਿੰਟਾਂ ਵਿਚ ਹੀ ਪਰਲੋਕ ਸਿਧਾਰ ਗਏ। ਇਹ ਭਾਣਾ ਅਜਿਹੀ ਵਿਉਂਤਬੰਦੀ ਨਾਲ ਵਰਤਾਇਆ ਗਿਆ ਕਿ ਅੱਜ ਤੱਕ ਕਾਤਲਾਂ ਦੀ ਕੋਈ ਉੱਘ ਸੁੱਘ ਨਹੀਂ ਨਿਕਲੀ ਕਿ ਉਹ ਕੌਣ ਸਨ? ਕਿੰਨੇ ਸਨ? ਤੇ ਫਰਾਰ ਹੋ ਕੇ ਕਿੱਥੇ ਗਾਇਬ ਹੋ ਗਏ?

ਬਾਬਾ ਗੁਰਬਚਨ ਸਿੰਘ ਤੇ ਉਸ ਦੇ ਬਾਡੀਗਾਰਡ ਪ੍ਰਤਾਪ ਸਿੰਘ ਦੇ ਕਤਲ ਬਾਰੇ ਨਿਰੰਕਾਰੀ ਮੰਡਲ ਦੇ ਮੰਨੇ ਪ੍ਰਮੰਨੇ ਆਗੂ ਗੋਬਿੰਦ ਸਿੰਘ ਨੇ ਐਫ. ਆਈ. ਆਰ. ਲਿਖਵਾਈ, ਜਿਸ ਵਿਚ ਸਪੱਸ਼ਟ ਤੌਰ ਤੇ ਇਹ ਲਿਖਵਾਇਆ, ਕਿ ਇਹ ਕਤਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਕਰਵਾਇਆ ਗਿਆ ਹੈ। ਇਹ ਹੱਤਿਆ ਕਾਂਡ ਵਿਚ ਭਿੰਡਰਾਂਵਾਲੇ ਸੰਤਾਂ, ਉਨ੍ਹਾਂ ਦੇ ਭਰਾ ਸਰਦਾਰ ਜਾਗੀਰ ਸਿੰਘ ਤੇ ਹੋਰ ਕਈ ਸੇਵਕਾਂ ਨੂੰ ਵੀ ਫਸਾਇਆ ਗਿਆ ਪਰ ਪੁਲਿਸ ਪੜਤਾਲ ਦੋਸ਼ ਸਾਬਤ ਨਾ ਕਰ ਸਕੀ ।

ਕਤਲ ਦੇ ਸਿਲਸਿਲੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਪੁੱਛ ਪੜਤਾਲ ਕਰਨ ਲਈ ਕੇਂਦਰੀ ਖੁਫੀਆ ਏਜੰਸੀ ਸੀ. ਬੀ. ਆਈ. ਦੇ ਡੀ. ਆਈ. ਜੀ. ਸ੍ਰੀ ਸ਼ੇਖਰ ਤੇ ਇਕ ਹੋਰ ਉਚ - ਅਧਿਕਾਰੀ ਅੰਮ੍ਰਿਤਸਰ ਪਹੁੰਚੇ । 5.5.80 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਹੈਡ ਕੁਆਟਰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਥੇਦਾਰ ਗੁਰਚਰਨ ਸਿੰਘ ਟੋਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿਚ ਉਪਰੋਕਤ ਅਫਸਰਾਂ ਨੇ ਸੰਤ ਜਰਨੈਲ ਸਿੰਘ ਪਾਸੋਂ ਪੁੱਛਗਿੱਛ ਕੀਤੀ। ਕਈ ਉਲਟੇ ਸਿੱਧੇ ਸਵਾਲ ਪੁੱਛੇ ਪਰ ਸਿਵਾਏ ਆਪਣੀ ਡਿਊਟੀ ਨਿਭਾ ਕੇ ਦਿੱਲੀ ਵਾਪਸ ਜਾਣ ਤੋਂ ਉਨ੍ਹਾਂ ਅਫਸਰਾਂ ਦੇ ਪੱਲੇ ਹੋਰ ਕੁਝ ਨਾ ਪੈ ਸਕਿਆ ।

## ਸਰਕਾਰ ਨੂੰ ਵਾਰਨਿੰਗ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਰਧਾਨ ਭਾਈ ਅਮਰੀਕ ਸਿੰਘ ਨੇ ਇਹ ਮਹਿਸੂਸ ਕੀਤਾ ਕਿ, ਕਿਧਰੇ ਕੇਂਦਰੀ ਜਾਂ ਪੰਜਾਬ ਦੀ ਸਰਕਾਰ ਸੰਤ ਜਰਨੈਲ ਸਿੰਘ ਜੀ ਨੂੰ ਪਰੇਸ਼ਾਨ ਕਰਨ ਲਈ ਗ੍ਰਿਫਤਾਰ ਕਰ ਕੇ ਸਿੰਘਾਂ ਦੀ ਅਣਖ ਤੇ ਸਿੱਖ ਨੌਜਵਾਨਾਂ ਦੀ ਜਵਾਨੀ ਨੂੰ ਚੈਲੰਜ ਨਾ ਕਰ ਦੇਵੇ। ਇਸ ਲਈ ਇਨ੍ਹਾਂ ਸਰਕਾਰਾਂ ਦੇ ਸੰਭਾਵਿਤ ਮਨਸੂਬਿਆਂ ਦਾ ਢੁਕਵਾਂ ਉਤਰ ਦੇਣ ਲਈ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਇਹ ਸੋਚ ਕੇ ਨੌਜਵਾਨ



Digitized by Panjab Digital Library | www.panjabdigilib.org

ਅਕਾਲੀ ਨੇਤਾ ਭਾਈ ਅਮਰੀਕ ਸਿੰਘ ਨੇ ਭਿੰਡਰਾਂਵਾਲੇ ਸੰਤਾਂ ਦੀ ਸੰਭਾਵਿਤ ਗ੍ਰਿਫਤਾਰੀ ਵਿਰੁੱਧ ਪ੍ਰੋਟੈਸਟ ਜਲੂਸ ਕੱਢਣ ਦਾ ਪ੍ਰੋਗਰਾਮ ਬਣਾਇਆ। 7.6.80 ਨੂੰ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਸਿੱਖ ਨੌਜਵਾਨਾਂ ਤੇ ਸਿੱਖ ਸੂਰਬੀਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸੰਭਾਵਿਤ ਗ੍ਰਿਫਤਾਰੀ ਵਿਰੁੱਧ ਅੰਮ੍ਰਿਤਸਰ ਵਿਚ ਮਿਸ਼ਾਲਾਂ ਬਾਲ ਕੇ ਇਕ ਵਿਸ਼ਾਲ ਜਲੂਸ ਕੱਢਿਆ, ਜਿਸ ਦਾ ਸਪੱਸ਼ਟ ਸੰਕੇਤ ਸੀ ਕਿ ਜੇ ਭਿੰਡਰਾਂਵਾਲੇ ਸੰਤਾਂ ਨੂੰ ਹੱਥ ਪਾਇਆ ਤਾਂ ਉਹ ਦਿੱਲੀ ਸਾੜ ਕੇ ਰੱਖ ਦੇਣਗੇ।

ਇਸ ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਸਰਬ ਹਿੰਦ ਨੌਜਵਾਨ ਸੰਸਥਾ ਨੇ ਆਪਣੇ ਪਰਧਾਨ ਭਾਈ ਅਮਰੀਕ ਸਿੰਘ ਦੀ ਅਗਵਾਈ ਹੇਠ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਮਸ਼ਕੂਕ ਗ੍ਰਿਫਤਾਰੀ ਦੇ ਖਿਲਾਫ ਪੰਜਾਬ ਭਰ ਵਿਚ ਰੋਸ ਮੁਜਾਹਰੇ ਜਥੇਬੰਦ ਕੀਤੇ। ਜਿਨ੍ਹਾਂ ਥਾਵਾਂ ਤੇ ਰੋਸ ਪ੍ਰਗਟਾਇਆ ਗਿਆ, ਉਨ੍ਹਾਂ ਵਿਚੋਂ ਵਿਸ਼ੇਸ਼ ਥਾਵਾਂ ਇਹ ਸਨ: ਜਲੰਧਰ, ਚੰਡੀਗੜ੍ਹ, ਲੁਧਿਆਣਾ, ਪਟਿਆਲਾ, ਮੋਗਾ, ਬਠਿੰਡਾ, ਤਰਨਤਾਰਨ, ਖੇਮਕਰਨ, ਪੱਟੀ, ਕਾਦੀਆਂ, ਗੁਰਦਾਸਪੁਰ, ਜੰਮੂ ਤੇ ਬਾਬਾ ਬਕਾਲਾ ਆਦਿ। ਇਸੇ ਸਿਲਸਿਲੇ ਵਿਚ 20.7.80 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਸਿੱਖ ਪੰਥ ਦਾ ਪ੍ਰਤੀਨਿਧ ਇਕ ਵਿਸ਼ਾਲ ਜਲੂਸ ਕੱਢਿਆ ਗਿਆ ਤੇ ਕੇਂਦਰ ਸਰਕਾਰ ਨੂੰ ਇਹ ਵਾਰਨਿੰਗ ਦਿੱਤੀ ਗਈ ਕਿ, ਜੇ ਭਿੰਡਰਾਂਵਾਲੇ ਸੰਤਾਂ ਨੂੰ ਕੋਈ ਨੁਕਸਾਨ ਪਹੁੰਚਿਆ ਤਾਂ ਇਸ ਦੀ ਸਾਰੀ ਜ਼ਿੰਮੇਦਾਰੀ ਕੇਂਦਰੀ ਸਰਕਾਰ ਦੇ ਸਿਰ ਹੋਵੇਗੀ। ਇਨ੍ਹਾਂ ਰੋਸ ਮੁਜਾਹਰਿਆਂ ਦਾ ਹੀ ਨਤੀਜਾ ਸੀ ਕਿ ਕੇਂਦਰੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਨਿਰੰਕਾਰੀ ਬਾਬੇ ਦੇ ਕਤਲ ਸੰਬੰਧੀ ਸਾਰਾ ਮਾਲਾ ਠੱਪ ਕਰ ਦੇਣਾ ਹੀ ਜ਼ਰੂਰੀ ਸਮਝਿਆ। ਇਸ ਮਾਮਲੇ ਦੇ 'ਭੋਗ ਦੇ ਸ਼ਲੋਕ' ਉਸ ਵਕਤ ਦੇ ਕੇਂਦਰੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਲੋਕ ਸਭਾ ਤੇ ਰਾਜ ਸਭਾ ਵਿਚ ਇਨ੍ਹਾਂ ਸ਼ਬਦਾਂ ਵਿਚ ਪੜ੍ਹੇ:

"ਨਿਰੰਕਾਰੀ ਆਗੂ ਬਾਬਾ ਗੁਰਬਚਨ ਸਿੰਘ ਦੇ ਕਤਲ ਦੇ ਸਿਲਸਿਲੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਕੋਈ ਸੰਬੰਧ ਸਾਬਿਤ ਨਹੀਂ ਕੀਤਾ ਜਾ ਸਕਿਆ। ਇਸ ਲਈ ਸੰਤ ਜਰਨੈਲ ਸਿੰਘ ਜੀ ਬੇਕਸੂਰ ਹਨ ਅਤੇ ਸਰਕਾਰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦਾ ਕੋਈ ਇਰਾਦਾ ਨਹੀਂ ਰੱਖਦੀ। ਇਸ ਲਈ ਭਿੰਡਰਾਂਵਾਲੇ ਸੰਤ ਭਾਰਤ ਦੇ ਕਿਸੇ ਹਿੱਸੇ ਵਿਚ ਵੀ ਧਰਮ ਪਰਚਾਰ ਕਰਨ ਵਾਸਤੇ ਜਾ ਸਕਦੇ ਹਨ।"

## ਪਵਿੱਤਰ ਸ਼ਹਿਰ ਦੀ ਲਹਿਰ

1 ਮਈ 1981 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਅੰਮ੍ਰਿਤਸਰ ਸ਼ਹਿਰ ਵਿਚੋਂ ਪਾਨ, ਬੀੜੀ, ਸਿਗਰਟ ਦੀਆਂ ਦੁਕਾਨਾਂ ਬਾਹਰ ਕਢਵਾ ਕੇ ਹਿੰਦੂਆਂ ਦੇ ਤੀਰਥ ਅਸਥਾਨਾਂ ਹਰਦੁਆਰ ਤੇ ਕਾਂਸ਼ੀ ਵਗੈਰਾ ਦੀ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਨੂੰ ਵੀ ਪਵਿੱਤਰ ਸ਼ਹਿਰ ਕਰਾਰ ਦਿਵਾਉਣ ਲਈ ਆਵਾਜ਼ ਬੁਲੰਦ ਕੀਤੀ। ਇਹ ਮੰਗ ਇਸ ਤੋਂ ਪਹਿਲਾਂ ਸਿੱਖ ਧਰਮ ਦੇ ਮੁਖੀਆਂ ਦੀ ਮੀਟਿੰਗ ਵਿਚ ਰੱਖੀ ਗਈ ਜੋ ਏਸੇ ਦਿਨ ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਘਰ ਕੀਤੀ ਗਈ। ਇਸ ਮੀਟਿੰਗ ਵਿਚ ਸਿੰਘ ਸਾਹਿਬ ਤੋਂ ਇਲਾਵਾ ਸਿੱਖ ਪੰਥ ਦੇ 'ਪੋਪ' ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ ਜੀ ਪਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸਰਦਾਰ ਹਰਮਿੰਦਰ ਸਿੰਘ ਸੰਧੂ ਜਨਰਲ ਸਕੱਤਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸ਼ਾਮਿਲ ਹੋਏ। ਅਸੂਲੀ ਤੌਰ ਤੇ ਇਹ ਪਰਵਾਨ ਕਰ ਲਿਆ ਗਿਆ ਕਿ ਗੁਰੂ ਕੀ ਨਗਰੀ ਨੂੰ ਪਵਿੱਤਰ ਬਣਾਉਣ ਲਈ ਸ਼ਹਿਰੀ ਹਿੰਦੂਆਂ ਨੂੰ ਵੀ ਭਰੋਸੇ ਵਿਚ ਲੈਣਾ ਚਾਹੀਦਾ ਹੈ। ਇਸ ਤੋਂ ਬਾਅਦ ਅਗਲੀ ਮੀਟਿੰਗ 3 ਮਈ



Digitized by Panjab Digital Library | www.panjabdigilib.org

ਨੂੰ ਰੱਖ ਲਈ ਗਈ ।

3.5.81 ਦੀ ਮੀਟਿੰਗ ਵਿਚ ਲਗਭਗ ਸਾਰੀਆਂ ਹੀ ਸਿੱਖ ਸੰਸਥਾਵਾਂ ਤੇ ਸਿੱਖ ਸੰਪਰਦਾਵਾਂ ਦੇ ਪ੍ਰਤੀਨਿਧ ਸ਼ਾਮਿਲ ਹੋਏ । ਇਸ ਮੀਟਿੰਗ ਵਿਚ ਗਿਆਰਾਂ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਗਈ ਜਿਸ ਨੂੰ ਅੰਮ੍ਰਿਤਸਰ ਸ਼ਹਿਰ 'ਚੋਂ ਬੀੜੀਆਂ, ਸਿਗਰਟਾਂ ਤੇ ਤੰਬਾਕੂ ਦੀ ਸੇਲ ਬੰਦ ਕਰਾਉਣ ਲਈ ਲੋੜੀਂਦੇ ਪ੍ਰਬੰਧ ਕਰਾਉਣ ਦਾ ਕੰਮ ਸੌਂਪਿਆ ਗਿਆ । 'ਤਮਾਖੂ ਹਟਾਓ' ਕਮੇਟੀ ਵਿਚ ਲੌਂਗੋਵਾਲ ਅਕਾਲੀ ਦਲ, ਤਲਵੰਡੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੁਮਾਇੰਦੇ ਸ਼ਾਮਿਲ ਕੀਤੇ ਗਏ ।

ਇਹਨੀਂ ਦਿਨੀਂ ਭਿੰਡਰਾਂਵਾਲੇ ਸੰਤ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਦਾ ਪ੍ਰੋਗਰਾਮ ਬਣਾ ਚੁੱਕੇ ਸਨ । ਇਸ ਲਈ ਉਹ 'ਸਿਗਰਟ - ਬੀੜੀ - ਤਮਾਖੂ ਹਟਾਓ' ਤਹਿਰੀਕ ਦਾ ਸਾਰਾ ਭਾਰ ਭਾਈ ਅਮਰੀਕ ਸਿੰਘ ਤੇ ਸਰਦਾਰ ਹਰਮਿੰਦਰ ਸਿੰਘ ਸੰਧੂ ਦੇ ਮੋਢਿਆਂ ਤੇ ਸਿੱਟ ਕੇ ਆਪ ਜਥੇ ਸਮੇਤ ਯਾਤਰਾ ਕਰਨ ਚਲੇ ਗਏ ।

ਸੰਤਾਂ ਦੀ ਗੈਰ - ਹਾਜ਼ਰੀ ਵਿਚ ਸਿੱਖ ਵਿਦਿਆਰਥੀ ਮੁਖੀਆਂ ਨੇ ਜਿਥੇ ਅੰਮ੍ਰਿਤਸਰ ਸ਼ਹਿਰ ਦੀ ਪਵਿੱਤਰਤਾ ਲਈ ਜ਼ਿਲ੍ਹਾ ਪ੍ਰਸ਼ਾਸਕਾਂ ਨਾਲ ਚਿੱਠੀ ਪੱਤਰ ਕੀਤਾ, ਉਥੇ ਇਸ ਪਵਿੱਤਰ ਕਾਰਜ ਦੀ ਪੂਰਤੀ ਲਈ ਅੰਮ੍ਰਿਤਸਰ ਵਿਚ 31 ਮਈ ਨੂੰ ਇਕ ਵਿਸ਼ਾਲ ਜਲੂਸ ਕੱਢਣ ਦਾ ਫੈਸਲਾ ਵੀ ਕਰ ਲਿਆ । ਭਾਈ ਅਮਰੀਕ ਸਿੰਘ ਤੇ ਸਰਦਾਰ ਹਰਮਿੰਦਰ ਸਿੰਘ ਨੇ 11 ਮਈ ਨੂੰ ਵਿਸ਼ਾਲ ਜਲੂਸ ਤੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਲਈ ਜ਼ੋਰਦਾਰ ਤਿਆਰੀਆਂ ਆਰੰਭ ਕਰ ਦਿੱਤੀਆਂ ਤੇ ਇਸ ਦੇ ਨਾਲ ਹੀ ਸਿੱਖ ਨੌਜਵਾਨਾਂ ਤੇ ਸਿੱਖ ਸੰਗਤਾਂ ਨੂੰ '31 ਮਈ ਨੂੰ ਅੰਮ੍ਰਿਤਸਰ ਪਹੁੰਚੋ' ਦਾ ਸੱਦਾ ਦੇ ਦਿੱਤਾ ।

ਹਾਲਾਤ ਦੇ ਤਕਾਜ਼ੇ ਨੂੰ ਮਹਿਸੂਸ ਕਰਦਿਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸਾਹਿਬ ਨੇ 25.5.81 ਨੂੰ ਆਪਣੀ ਕੋਠੀ ਤੇ ਹਿੰਦੂ - ਸਿੱਖ ਆਗੂਆਂ ਦੀ ਸਾਂਝੀ ਮੀਟਿੰਗ ਬੁਲਾ ਲਈ । ਇਸ ਮੀਟਿੰਗ ਵਿਚ ਡੀ. ਸੀ. ਅਤੇ ਐਸ. ਐਸ. ਪੀ. ਤੋਂ ਬਿਨਾਂ ਸਿੱਖਾਂ ਵਲੋਂ ਭਾਈ ਅਮਰੀਕ ਸਿੰਘ ਤੇ ਸਰਦਾਰ ਹਰਮਿੰਦਰ ਸਿੰਘ ਸੰਧੂ ਅਤੇ ਹਿੰਦੂਆਂ ਵਲੋਂ ਸਰਵ ਸ੍ਰੀ ਗੋਪੀ ਚੰਦ ਭਾਟੀਆ ਪਰਧਾਨ ਦੁਰਗਿਆਨਾ ਮੰਦਰ ਕਮੇਟੀ, ਭੋਲਾ ਨਾਥ ਦਿਲਾਵਰੀ ਆਰੀਆ ਸਭਾ ਆਗੂ, ਓ. ਪੀ. ਪ੍ਰਭਾਕਰ ਤੇ ਰਾਮ ਪ੍ਰਕਾਸ਼ ਸੇਠ ਸ਼ਾਮਿਲ ਹੋਏ । ਹਿੰਦੂ ਨੇਤਾਵਾਂ ਨੇ 'ਪਵਿੱਤਰਤਾ' ਦੇ ਰਾਹ ਵਿਚ ਰੁਕਾਵਟ ਖੜ੍ਹੀ ਕਰਨ ਲਈ ਤੇ ਸਿੱਖ ਲੀਡਰਾਂ ਨੂੰ ਪੈਰੋਂ ਕੱਢਣ ਲਈ ਇਹ ਤਜਵੀਜ਼ ਪੇਸ਼ ਕਰ ਦਿੱਤੀ ਕਿ, ਸ਼ਹਿਰ ਵਿਚ ਪਾਨ - ਬੀੜੀ, ਸਿਗਰਟਾਂ ਤੇ ਤਮਾਖੂ ਬਾਹਰ ਕੱਢਣ ਦੇ ਨਾਲ ਨਾਲ ਮਾਸ ਤੇ ਸ਼ਰਾਬ ਦੀਆਂ ਦੁਕਾਨਾਂ ਵੀ ਬੰਦ ਕਰਾਈਆਂ ਜਾਣ । ਭਾਈ ਅਮਰੀਕ ਸਿੰਘ ਤੇ ਉਸ ਦੇ ਸਾਥੀ ਨੇ ਇਸ ਤਜਵੀਜ਼ ਨੂੰ ਜਾਇਜ਼ ਕਰਾਰ ਦਿੰਦਿਆਂ ਫੌਰਨ ਪਰਵਾਨ ਕਰ ਲਿਆ ਅਤੇ ਉਲਟਾ ਹਿੰਦੂ ਆਗੂਆਂ ਨੂੰ ਪੈਰੋਂ ਕੱਢ ਦਿੱਤਾ । ਆਪਸੀ ਗੱਲਬਾਤ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਇਹ ਮਾਮਲਾ ਨਿਰੋਲ ਧਾਰਮਿਕ ਹੈ । ਇਸ ਲਈ ਇਸ ਨੂੰ ਫਿਰਕੂ ਰੰਗ ਨਹੀਂ ਚਾੜ੍ਹਨਾ ਚਾਹੀਦਾ । ਜ਼ਿਲ੍ਹਾ ਪ੍ਰਸ਼ਾਸਕਾਂ ਨੇ ਮੀਟਿੰਗ ਦੀ ਕਾਰਵਾਈ ਤੇ ਫੈਸਲਿਆਂ ਨੂੰ ਲਿਖਤੀ ਸ਼ਕਲ ਦੇ ਕੇ ਸਾਰੇ ਮੈਂਬਰਾਂ ਦੇ ਦਸਖਤ ਕਰਵਾ ਲਏ । ਸਰਕਾਰੀ ਦਸਤਾਵੇਜ਼ ਵਿਚ ਦਰਜ ਕੀਤਾ ਗਿਆ ਕਿ ਇਹ ਕਮੇਟੀ ਅੰਮ੍ਰਿਤਸਰ ਸ਼ਹਿਰ ਦੀ 'ਪਵਿੱਤ੍ਰਤਾ' ਨੂੰ ਦ੍ਰਿਸ਼ਟੀ ਗੋਚਰ ਰੱਖਦਿਆਂ ਇਹ ਮੰਗ ਕਰਦੀ ਹੈ ਕਿ 'ਸ਼ਹਿਰ ਦੀ ਚਾਰਦੀਵਾਰੀ ਵਿਚ ਸਿਗਰਟ, ਬੀੜੀ, ਤਮਾਖੂ ਤੇ ਮੀਟ ਸ਼ਰਾਬ ਦੀ ਸੇਲ ਅਤੇ ਵਰਤੋਂ ਉਤੇ ਪੂਰੇ ਤੌਰ ਤੇ ਪਾਬੰਦੀ ਲਾਈ ਜਾਏ ।' ਇਸ ਤੋਂ ਇਲਾਵਾ ਸਿੱਖ ਵਿਦਿਆਰਥੀ ਆਗੂਆਂ ਨੇ ਹਿੰਦੂ ਲੀਡਰਾਂ ਰਾਹੀਂ



Digitized by Panjab Digital Library / www.panjabdigilib.org

ਹਿੰਦੂ ਵੀਰਾਂ ਨੂੰ ਵੀ ਸੱਦਾ ਦਿੱਤਾ ਕਿ, ਉਹ 31 ਮਈ ਨੂੰ ਸ਼ਹਿਰ ਦੀ ਪਵਿੱਤ੍ਰਤਾ ਲਈ ਕੱਢੇ ਜਾ ਰਹੇ ਜਲੂਸ ਵਿਚ ਸਿੱਖਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣ। ਹਿੰਦੂ ਮੁਖੀਆਂ ਨੇ ਸਿੱਖ ਮੁਖੀਆਂ ਦੀ ਇਹ ਬੇਨਤੀ ਪਰਵਾਨ ਕਰ ਲਈ।

29 ਮਈ 1981 ਨੂੰ ਦੁਪਹਿਰੋਂ ਬਾਅਦ ਸਿੱਖ ਆਗੂਆਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਸ਼ਹਿਰ ਵਿਚ ਹਿੰਦੂਆਂ ਨੇ ਸਿੱਖਾਂ ਵਿਰੁੱਧ ਭੜਕਾਊ ਜਲੂਸ ਕੱਢਿਆ ਹੈ, ਜਿਸ ਦੀ ਹਾਜ਼ਰੀ ਇਕ ਲੱਖ ਤੋਂ ਉਪਰ ਹੈ ਤੇ ਅਗਵਾਈ ਹਿੰਦੂ ਕਾਂਗਰਸੀ ਤੇ ਜਨਸੰਘੀ ਲੀਡਰ ਕਰ ਰਹੇ ਹਨ। ਸਿੱਖ ਆਗੂਆਂ ਨੂੰ ਦੱਸਿਆ ਗਿਆ ਕਿ ਜਲੂਸ ਵਿਚ ਹਿੰਦੂ ਛੋਕਰੇ ਸਿੱਖੀ ਵਿਰੋਧੀ ਹਰਕਤਾਂ ਕਰ ਰਹੇ ਹਨ ਤੇ ਸਿੱਖਾਂ ਨੂੰ ਚਿੜਾਉਣ ਵਾਲੇ ਨਾਅਰੇ ਲਾ ਰਹੇ ਹਨ। ਨਾਅਰੇ ਇਸ ਕਿਸਮ ਦੇ ਸਨ: ਕੱਛਾ ਕੜਾ ਕਿਰਪਾਨ, ਇਨ ਕੋ ਭੇਜੋ ਪਾਕਿਸਤਾਨ - ਦੁੱਕੀ ਤਿੱਕੀ ਰਹਿਣ ਨਹੀਂ ਦੇਣੀ, ਨੱਕ ਤੇ ਮੱਖੀ ਬਹਿਣ ਨਹੀਂ ਦੇਣੀ - ਸਿਗਰਟ ਬੀੜੀ ਪੀਏਂਗੇ, ਹਮ ਸ਼ਾਨ ਸੇ ਜੀਏਂਗੇ ਆਦਿ। ਇਸ ਤੋਂ ਇਲਾਵਾ ਸਿੱਖ ਹਿਰਦਿਆਂ ਨੂੰ ਸੱਟ ਮਾਰਨ ਲਈ ਜਲੂਸ ਵਿਚ ਸ਼ਾਮਲ ਕੁਝ ਲੋਕਾਂ ਨੇ ਨੰਗੀਆਂ ਕਿਰਪਾਨਾਂ ਦੀਆਂ ਨੋਕਾਂ ਉਤੇ ਸਿਗਰਟਾਂ ਅਤੇ ਬੀੜੀਆਂ ਦੀਆਂ ਡੱਬੀਆਂ ਟੰਗੀਆਂ ਹੋਈਆਂ ਸਨ।

ਸਿੱਖ ਨੌਜਵਾਨਾਂ ਦੇ ਹਿਰਦੇ ਸਮਰਾਟ ਤੇ ਪੰਥ ਦੇ ਸ਼ੇਰਦਿਲ ਜਰਨੈਲ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨ ਪਿੱਛੋਂ ਵਾਪਸ ਅੰਮ੍ਰਿਤਸਰ ਪਹੁੰਚ ਚੁੱਕੇ ਸਨ। ਹਿੰਦੂ ਫਿਰਕਾਪ੍ਰਸਤਾਂ ਦੀ ਕਰਤੂਤ ਦੇਖ ਕੇ ਉਨ੍ਹਾਂ ਦਾ ਹਿਰਦਾ ਤੜਫ ਉਠਿਆ। ਉਨ੍ਹਾਂ ਫੈਸਲਾ ਕਰ ਲਿਆ ਕਿ ਜਿਹੜੀ 'ਭਾਜੀ' ਹਿੰਦੂ ਵੀਰਾਂ ਨੇ ਅੱਜ ਚਾੜ੍ਹੀ ਹੈ, ਉਹ 31 ਮਈ ਨੂੰ 'ਇੱਕੀਆਂ' ਵੱਟੇ 'ਇਕੱਤੀ' ਦੇ ਕੇ ਮੋੜ ਦੇਣਗੇ। ਸੋ ਸੰਤ ਜੀ ਨੇ 31 ਮਈ ਦਾ ਤਮਾਖੂ - ਵਿਰੋਧੀ ਪ੍ਰੋਟੈਸਟ ਜਲੂਸ ਸਫਲ ਬਣਾਉਣ ਲਈ ਪਿੰਡੋ ਪਿੰਡ ਘੁੰਮਣਾ ਸ਼ੁਰੂ ਕਰ ਦਿੱਤਾ। ਰਾਤ ਦਿਨ ਇਕ ਕਰਕੇ ਉਹ 31 ਮਈ ਨੂੰ ਅੰਮ੍ਰਿਤ ਵੇਲੇ ਅੰਮ੍ਰਿਤਸਰ ਪਹੁੰਚ ਗਏ। ਸੂਰਜ ਚੜ੍ਹਦਿਆਂ ਹੀ ਸਿੱਖ ਸੰਗਤਾਂ ਦੀਆਂ ਵਹੀਰਾਂ ਅੰਮ੍ਰਿਤਸਰ ਵੱਲ ਆਉਂਦੀਆਂ ਦਿਖਾਈ ਦੇਣ ਲੱਗ ਪਈਆਂ। ਦੇਖਦੇ ਹੀ ਦੇਖਦੇ ਲੱਖ ਤੋਂ ਉਪਰ ਲੋਕ ਦਰਬਾਰ ਸਾਹਿਬ ਦੀਆਂ ਹੱਦਾਂ ਵਿਚ ਦਾਖਲ ਹੋ ਗਏ। ਮੰਜੀ ਸਾਹਿਬ ਦੀਵਾਨ ਹਾਲ ਸਿੱਖ ਸੰਗਤਾਂ ਨਾਲ ਚਖਾਚਖ ਭਰਿਆ ਪਿਆ ਸੀ ਤੇ ਕਿਤੇ ਤਿਲ ਸੁੱਟਣ ਲਈ ਵਿਹਲ ਦਿਖਾਈ ਨਹੀਂ ਸੀ ਦਿੰਦੀ। ਉਸ ਦਿਨ ਸਿੱਖ ਸੰਗਤਾਂ ਕਿਰਪਾਨਾਂ, ਲਾਠੀਆਂ, ਬਰਛੀਆਂ, ਬੰਦੂਕਾਂ, ਪਿਸਤੌਲਾਂ ਤੇ ਕਾਰਬਾਈਨਾਂ ਆਦਿ ਤੇਜ਼ਧਾਰ ਤੇ ਆਤਸ਼ੀ ਅਸਲ੍ਹੇ ਨਾਲ ਲੈਸ ਹੋ ਕੇ ਪਹੁੰਚੀਆਂ ਸਨ। ਚਾਰੇ ਪਾਸੇ ਜੰਗੀ ਦ੍ਰਿਸ਼ ਦਿਖਾਈ ਦੇ ਰਿਹਾ ਸੀ। ਜਿਲ੍ਹਾ ਪ੍ਰਸ਼ਾਸਕਾਂ ਨੂੰ ਬੜੀ ਚਿੰਤਾ ਸੀ ਕਿ, ਕਿਧਰੇ ਕੋਈ ਗੜਬੜ ਨਾ ਹੋ ਜਾਏ। ਇਸ ਲਈ ਪੁਲਿਸ ਨੇ ਵੀ ਪੂਰਾ ਬੰਦੋਬਸਤ ਕੀਤਾ ਹੋਇਆ ਸੀ। ਡਿਪਟੀ ਕਮਿਸ਼ਨਰ ਸਰਦਾਰ ਗੁਰਬਚਨ ਸਿੰਘ ਜਗਤ ਦੀ ਚਿੰਤਾ ਦੂਰ ਕਰਨ ਲਈ ਭਿੰਡਰਾਂਵਾਲੇ ਸੰਤਾਂ ਨੇ ਉਸ ਨੂੰ ਭਰੋਸਾ ਦਿਵਾ ਦਿੱਤਾ ਸੀ ਕਿ, ਜਲੂਸ ਬਿਲਕੁਲ ਸ਼ਾਤਮਈ ਰਹੇਗਾ। ਇਸ ਲਈ ਫਿਕਰ ਕਰਨ ਦੀ ਕੋਈ ਲੋੜ ਨਹੀਂ।

ਮੰਜੀ ਸਾਹਿਬ ਦੀਵਾਨ ਹਾਲ ਵਿਚ ਸਜੇ ਦੀਵਾਨ ਵਿਚ ਬੋਲਦਿਆਂ ਸੰਤ ਜਰਨੈਲ ਸਿੰਘ 'ਖਾਲਸਾ' ਨੇ ਆਖਿਆ:

"ਸਿੱਖ ਪੰਥ ਅੰਮ੍ਰਿਤਸਰ ਸ਼ਹਿਰ ਦੀਆਂ ਹੱਦਾਂ ਅੰਦਰ ਕਿਸੇ ਕਿਸਮ ਦੀਆਂ ਵੀ ਨਸ਼ੀਲੀਆ ਵਸਤੂਆਂ ਦੀ ਵਰਤੋਂ ਜਾਰੀ ਨਹੀਂ ਰਹਿਣ ਦੇਵੇਗਾ। ਇਸ ਦਾ ਨਿਰਣਾ 15 ਦਿਨਾਂ ਦੇ ਅੰਦਰ ਅੰਦਰ ਕਰ ਲਿਆ ਜਾਵੇਗਾ। ਅੰਮ੍ਰਿਤਸਰ ਸ਼ਹਿਰ ਦੀ ਪਵਿੱਤ੍ਰਤਾ ਨੂੰ ਕਾਇਮ ਰੱਖਣਾ ਸਿੱਖਾਂ ਲਈ ਹੁਣ ਜ਼ਿੰਦਗੀ ਮੌਤ ਦਾ ਸਵਾਲ ਹੈ। ਸਾਡਾ ਇਤਿਹਾਸ ਇਸ ਦਾ



Digitized by Panjab Digital Library | www.panjabdigilib.org

ਗਵਾਹ ਹੈ ਕਿ ਸਿੱਖ ਪੰਥ ਨੇ ਧਰਮ ਦੀ ਰੱਖਿਆ ਕਰਨੀ ਜਦ ਵੀ ਆਪਣੇ ਦਿਲ ਵਿਚ ਠਾਣ ਲਈ, ਉਸ ਨੂੰ ਪੂਰਾ ਕਰਨ ਲਈ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ। ਹਿੰਦੂ ਲੀਡਰਾਂ ਨੇ, ਖਾਸ ਕਰ ਜਨਸੰਘੀ ਲੀਡਰ ਹਰਬੰਸ ਲਾਲ ਖੰਨਾ ਨੇ .29 ਮਈ ਨੂੰ ਆਪਣੇ ਜਲੂਸ ਵਿਚ ਸਿੱਖਾਂ ਵਿਰੁੱਧ ਜੋ ਇਤਰਾਜ਼ ਯੋਗ ਨਾਅਰੇ ਲਾਏ ਸਨ, ਸਮਾਂ ਆਉਣ ਤੇ ਉਨ੍ਹਾਂ ਦਾ ਢੁਕਵਾਂ ਜਵਾਬ ਦਿੱਤਾ ਜਾਏਗਾ। ਅੱਜ ਦੇ ਜਲੂਸ ਨੂੰ ਸ਼ਾਂਤਮਈ ਰੱਖਣ ਲਈ ਅਸੀਂ ਪ੍ਰਤਿਗਿਆ ਕਰ ਚੁੱਕੇ ਹਾਂ, ਜਿਸ ਨੂੰ ਹਰ ਕੀਮਤ ਤੇ ਪੂਰਾ ਕੀਤਾ ਜਾਵੇਗਾ। ਲੇਕਨ ਅੱਜ ਤੋਂ ਬਾਅਦ ਸਿੱਖ ਅੰਮ੍ਰਿਤਸਰ ਸ਼ਹਿਰ ਦੀ ਪਵਿੱਤ੍ਰਤਾ ਨੂੰ ਬਣਾਈ ਰੱਖਣ ਲਈ ਚੁੱਪ ਸਾਧ ਕੇ ਨਹੀਂ ਬੈਠਣਗੇ।

ਜਲੂਸ ਦੇ ਰਾਹ ਵਿਚ ਕਿਸੇ ਘਰ ਤੋਂ ਜੇਕਰ ਕੋਈ ਪੱਥਰ ਮਾਰਿਆ ਜਾਂਦਾ ਹੈ ਤਦ ਵੀ ਜਲੂਸ ਵਿਚ ਸ਼ਾਮਿਲ ਸਿੱਖ ਸ਼ਾਂਤ ਰਹਿੰਦੇ ਹੋਏ ਸਿਰਫ ਉਸ ਘਰ ਦਾ ਨਿਸ਼ਾਨ ਪਤਾ ਨੋਟ ਕਰ ਲੈਣ; ਬਾਅਦ ਵਿਚ ਅਜਿਹਾ ਪਥਰਾਓ ਕਰਨ ਵਾਲਿਆਂ ਨਾਲ ਅਸੀਂ ਸਿੱਝ ਲਵਾਂਗੇ।

ਗੁਰੂ ਤੇਗ ਬਹਾਦਰ ਨੇ ਹਿੰਦੂਆਂ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ ਸੀ; ਲੇਕਿਨ ਕਿੰਨੇ ਦੁੱਖ ਦੀ ਗੱਲ ਹੈ ਕਿ ਅੱਜ ਹਿੰਦੂ ਵੀਰ ਇਸ ਗੁਰੂ ਦੀ ਨਗਰੀ ਨੂੰ ਪਵਿੱਤਰ ਰੱਖਣ ਲਈ ਤਿਆਰ ਨਹੀਂ ਹਨ।"

ਸੰਤਾਂ ਦੇ ਭਾਸ਼ਨ ਦੌਰਾਨ ਕਈ ਵਾਰ ਸਿੰਘਾਂ ਦਾ ਖੂਨ ਖੌਲਿਆ ਤੇ ਉਨ੍ਹਾਂ ਨੇ ਜੋਸ਼ ਵਿਚ ਆ ਕੇ 'ਜੋ ਬੋਲੇ ਸੋ ਨਿਹਾਲ' ਦੇ ਜੰਗੀ ਜੈਕਾਰੇ ਗਜਾਏ। ਸੰਤਾਂ ਦੇ ਭਾਸ਼ਨ ਪਿੱਛੋਂ ਅਰਦਾਸਾ ਸੋਧ ਕੇ ਜਲੂਸ ਨੇ ਚਾਲੇ ਪਾ ਦਿੱਤੇ। ਭਿੰਡਰਾਂਵਾਲੇ ਸੰਤਾਂ ਦੀ ਕਮਾਂਡ ਹੇਠ ਜਲੂਸ ਦੀ ਚੜ੍ਹਤ ਸਚਮੁਚ ਹੀ ਫੌਜ ਦੇ ਧਾਵੇ ਵਰਗਾ ਦ੍ਰਿਸ਼ ਪੇਸ਼ ਕਰ ਰਹੀ ਸੀ। ਇਸ ਤੋਂ ਪਹਿਲਾਂ ਜਲੂਸ ਵਿਚ ਸ਼ਾਮਿਲ ਸਿੰਘਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਸਨ ਕਿ ਬਿਲਕੁਲ ਪੁਰਅਮਨ ਰਹਿਣਾ ਹੈ, ਕਿਸੇ ਦਾ ਦਿਲ ਦੁਖਾਉਣ ਵਾਲਾ ਨਾਅਰਾ ਨਹੀਂ ਲਾਉਣਾ ਤੇ 'ਸਤਿਨਾਮ ਸ੍ਰੀ ਵਾਹਿਗੁਰੂ' ਦਾ ਜਾਪ ਕਰਦਿਆਂ ਤੁਰਦੇ ਜਾਣਾ। ਅਕਾਲ ਪੁਰਖ ਦੀ ਅਪਾਰ ਕਿਰਪਾ ਦੁਆਰਾ ਇਹ ਇਤਿਹਾਸਕ ਜਲੂਸ ਪੁਰਅਮਨ ਰਹਿੰਦਾ ਹੋਇਆ ਨਿਰਵਿਘਨ ਸਮਾਪਤ ਹੋਇਆ।

ਜਲੂਸ ਤੋਂ ਬਾਅਦ ਰਾਤ ਵੇਲੇ ਸਿਗਰਟ ਫਰੋਸ਼ਾਂ ਦੇ ਇੱਕਾ ਦੁੱਕਾ ਖੋਖੇ ਜਲਾਏ ਜਾਣ ਤੇ ਇਕ ਦੋ ਜਗ੍ਹਾ ਹਿੰਸਕ ਹਮਲੇ ਕੀਤੇ ਜਾਣ ਦੀਆਂ ਵਾਰਦਾਤਾਂ ਵੀ ਹੋਈਆਂ। ਪਰ ਏਨੇ ਵੱਡੇ ਸ਼ਾਂਤਮਈ ਰੋਸ ਮੁਜਾਹਰੇ ਵਿਚ ਇਹ ਘਟਨਾਵਾਂ ਨਾਮ - ਮਾਤਰ ਹੀ ਕਹੀਆਂ ਜਾ ਸਕਦੀਆਂ ਹਨ। ਇਸ ਪਿੱਛੇ ਸਿੱਖਾਂ ਨੂੰ ਬਦਨਾਮ ਕਰਨ ਵਾਲੇ ਅਨਸਰ ਦਾ ਹੱਥ ਵੀ ਹੋ ਸਕਦਾ ਹੈ।

## 'ਮਕਤੂਲ' ਲਾਲਾ
## 'ਕਾਤਿਲ' ਭਿੰਡਰਾਂਵਾਲਾ

9.9.81 ਨੂੰ ਮਸ਼ਹੂਰ ਅਖਬਾਰ ਨਵੀਸ ਲਾਲਾ ਜਗਤ ਨਾਰਾਇਣ, ਐਡੀਟਰ ਰੋਜ਼ਾਨਾ 'ਹਿੰਦ ਸਮਾਚਾਰ' ਜਲੰਧਰ ਨੂੰ ਲੁਧਿਆਣੇ ਤੇ ਫਿਲੌਰ ਵਿਚਾਲੇ ਜੀ. ਟੀ. ਰੋਡ 'ਤੇ ਲਾਢੋਵਾਲ ਨੇੜੇ ਸ਼ਾਮ ਵੇਲੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਲਾਲਾ ਜੀ ਲੁਧਿਆਣੇ ਵੱਲ ਦੇ ਪਾਸਿਓਂ ਕਿਸੇ ਥਾਂ ਕੋਈ 'ਉਦਘਾਟਨ' ਕਰ ਕੇ ਜਾਂ ਭਾਸ਼ਨ ਕਰਕੇ ਆਪਣੇ ਘਰ ਵਾਪਸ ਜਲੰਧਰ ਆ ਰਹੇ ਸਨ। ਲਾਲਾ ਜੀ ਨੂੰ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਪਾਸ ਪਹੁੰਚਾਉਣ ਪਿੱਛੋਂ ਕਾਰ ਸਵਾਰ ਸੂਰਮੇ ਬੜੇ ਆਰਾਮ ਨਾਲ ਵਾਪਸ ਚਲੇ ਗਏ। ਪੰਜਾਬ ਦੀ ਹੁਸ਼ਿਆਰ ਪੁਲਿਸ ਇਨ੍ਹਾਂ ਦਾ ਪਿੱਛਾ ਨਾ ਕਰ ਸਕੀ, ਉਨ੍ਹਾਂ ਦਾ ਖੁਰਾ ਖੋਜ ਨਾ ਲੱਭ ਸਕੀ ਪਰ



Digitized by Panjab Digital Library / www.panjabdigilib.org

ਚੰਡੀਗੜ੍ਹ ਬੈਠੀ 'ਦਰਬਾਰਾ ਸਰਕਾਰ' ਮੁਦਈਆਂ ਦੇ ਸੁਸਤ ਹੋਣ ਦੇ ਬਾਵਜੂਦ ਚੁਸਤ ਗਵਾਹ ਦਾ ਰੋਲ ਅਦਾ ਕਰਨ ਲੱਗ ਪਈ। ਸਰਕਾਰ ਵਲੋਂ ਐਲਾਨ ਹੋਇਆ ਕਿ ਨਛੱਤਰ ਸਿੰਘ ਨਾਮੀ ਇਕ ਦੋਸ਼ੀ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਦੋ ਹੋਰ ਮੁਲਜ਼ਮ ਨਾਮਜ਼ਦ ਹੋ ਚੁੱਕੇ ਹਨ। ਪਹਿਲਾਂ ਜਿਸ ਤਰ੍ਹਾਂ ਨਿਰੰਕਾਰੀ ਉੱਮਤ ਨੇ ਇਹ ਇਲਜ਼ਾਮ ਲਾਇਆ ਸੀ, ਕਿ ਬਾਬਾ ਗੁਰਬਚਨ ਸਿੰਘ ਦੇ ਕਤਲ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਹੱਥ ਹੈ, ਐਨ ਉਸੇ ਤਰ੍ਹਾਂ ਹੁਣ ਦਰਬਾਰਾ ਸੁਕਾਰ ਨੇ ਵੀ ਭਿੰਡਰਾਂਵਾਲੇ ਸੰਤਾਂ ਉਤੇ ਲਾਲਾ ਜਗਤ ਨਾਰਾਇਣ ਦੇ ਕਤਲ ਦਾ ਇਲਜ਼ਾਮ ਲਾਉਂਦਿਆਂ ਕਿਹਾ ਕਿ, ਅਸਲ ਮੁਲਜ਼ਮ ਜਰਨੈਲ ਸਿੰਘ ਖਾਲਸਾ ਹੈ, ਜਿਸ ਨੇ ਕਤਲ ਦੀ ਸਾਜ਼ਿਸ਼ ਕੀਤੀ। ਸੁਕਾਰੀ ਇਲਹਾਮ ਦੀ ਰੋਸ਼ਨੀ ਵਿਚ 'ਲਾਲਾ ਜੀ' ਦੇ ਕਤਲ ਦੀ ਪੈੜ ਪਿੰਡ ਰੋਡੇ ਜ਼ਿਲ੍ਹਾ ਫਰੀਦਕੋਟ ਵੱਲ ਤੁਰ ਪਈ ਜੋ ਕਿ ਸੰਤ ਜਰਨੈਲ ਸਿੰਘ ਜੀ ਦਾ ਜਨਮ ਅਸਥਾਨ ਹੈ। ਪੁਲਿਸ ਪੜਤਾਲ ਨੇ ਜਿਹੜੇ ਦੋ ਹੋਰ ਮੁਲਜ਼ਮ ਨਾਮਜ਼ਦ ਕੀਤੇ, ਉਨ੍ਹਾਂ ਵਿਚੋਂ ਇਕ ਦਾ ਨਾਂ ਦਲਬੀਰ ਸਿੰਘ ਦੱਸਿਆ ਤੇ ਦੂਜੇ ਦਾ ਸਵਰਨ ਸਿੰਘ, ਜੋ ਸੰਤ ਜਰਨੈਲ ਸਿੰਘ ਦਾ ਭਤੀਜਾ ਹੈ। ਇਹ ਦੇਖ ਕੇ ਲੋਕਾਂ ਵਿਚ ਚਰਚਾ ਸ਼ੁਰੂ ਹੋ ਗਈ ਕਿ ਕਤਲ ਦੇ ਮਾਮਲੇ ਵਿਚ ਜ਼ਰੂਰ ਕੋਈ ਗੜਬੜ ਹੈ ਤੇ ਪੰਜਾਬ ਸਰਕਾਰ ਨੇ 'ਚਿੱਟੀ ਪੱਗ' ਦੀ ਲਾਜ ਰੱਖਣ ਲਈ ਕਾਲੀਆਂ ਪੱਗਾਂ ਵਾਲੇ ਬੇਕਸੂਰ ਲੋਕਾਂ ਨੂੰ ਇਸ ਮਾਮਲੇ ਦੀ ਲਪੇਟ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਇਹ ਵੀ ਕਿਹਾ ਜਾਣ ਲੱਗ ਪਿਆ ਕਿ ਰੋਡੇ ਪਿੰਡ ਦਾ ਵਾਸੀ ਨਛੱਤਰ ਸਿੰਘ 'ਲਾਲਾ ਹੱਤਿਆ ਕਾਂਡ' ਤੋਂ ਪਹਿਲਾਂ ਹੀ ਪੁਲਿਸ ਹਿਰਾਸਤ ਵਿਚ ਸੀ, ਜਿਸ ਨੂੰ ਮੌਕੇ ਤੇ ਫੜਿਆ ਜ਼ਾਹਿਰ ਕੀਤਾ ਗਿਆ।

ਪ੍ਰਸ਼ਨ ਉਠਦੇ ਸਨ ਕਿ ਲਾਲਾ ਜਗਤ ਨਾਰਾਇਣ ਨੂੰ ਕਿਸ ਨੇ ਮਾਰਿਆ? ਤੇ ਕਿਉਂ ਮਾਰਿਆ? ਪਹਿਲੇ ਸਵਾਲ ਦਾ ਜਵਾਬ ਨਾ ਸੀ. ਆਈ. ਡੀ. ਪਾਸ ਹੈ, ਨਾ ਪੁਲਿਸ ਪਾਸ ਤੇ ਨਾ ਦਰਬਾਰਾ ਹਕੂਮਤ ਦੀ ਕਿਸੇ ਕਚਹਿਰੀ ਪਾਸ। ਇਸ ਦਾ ਠੀਕ ਜਵਾਬ ਸਿਵਾਏ ਧਰਮ ਰਾਜ ਦੀ ਕਚਹਿਰੀ ਤੋਂ ਹੋਰ ਕਿਤਿਉਂ ਨਹੀਂ ਮਿਲ ਸਕਦਾ। ਪਰ ਦੂਜੇ ਸਵਾਲ ਨੂੰ ਹਰ ਸੂਝਵਾਨ ਵਿਅਕਤੀ ਹੱਲ ਕਰ ਸਕਦਾ ਹੈ। ਫਿਰ ਵੀ ਇਸ ਸਵਾਲ ਨੂੰ ਕਿ 'ਲਾਲਾ ਜਗਤ ਨਾਰਾਇਣ ਦਾ ਕਤਲ ਕਿਉਂ ਹੋਇਆ?' ਲਾਲਾ ਪਰਵਾਰ ਵਲੋਂ ਗੁੰਝਲਦਾਰ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਲਾਲਾ ਜੀ ਨੂੰ 'ਅਮਰ ਸ਼ਹੀਦ' ਕਰਾਰ ਦਿੰਦਿਆ ਲਿਖਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਸੁਤੰਤਰ ਵਿਚਾਰਾਂ ਦੇ ਪ੍ਰਗਟਾਵੇ ਕਾਰਨ ਸ਼ਹੀਦ ਕੀਤਾ ਗਿਆ। ਉਨ੍ਹਾਂ ਦੇ ਨਿਧੜਕ ਸੰਪਾਦਕੀ ਲੇਖਾਂ ਕਰਕੇ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਨੂੰ ਸਚਾਈ ਦੀ ਆਵਾਜ਼ ਬੁਲੰਦ ਕਰਨ ਕਰਕੇ ਮਾਰਿਆ ਗਿਆ! ਇਹ ਸਭ ਕੋਰਾ ਝੂਠ ਹੈ - 'ਲਾਲਾ ਜੀ' ਦੀਆਂ ਲਿਖਤਾਂ ਨੂੰ ਸਿਵਾਏ ਉਨ੍ਹਾਂ ਦੇ ਸ਼ਰਧਾਲੂਆਂ ਤੋਂ ਹੋਰ ਪੜ੍ਹਦਾ ਹੀ ਕੌਣ ਸੀ?

ਜੇ ਪੜ੍ਹ ਵੀ ਲੈਂਦਾ ਤਾਂ ਉਨ੍ਹਾਂ ਦਾ ਅਸਰ ਕਦ ਕਬੂਲਦਾ ਸੀ? 'ਲਿਖਤਾਂ' ਕਾਰਨ ਕਤਲ ਕੀਤੇ ਜਾਣ ਦਾ ਪਰਚਾਰ 'ਮਕਤੂਲ ਲਾਲਾ ਜੀ' ਨੂੰ 'ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ' ਬਣਾਉਣ ਲਈ ਹੀ ਕੀਤਾ ਜਾ ਰਿਹਾ ਹੈ ...... ਤੇ ਜਿਹੜੇ ਸਿੱਖ ਲੇਖਕ ਜਾਂ ਅਖੌਤੀ ਪੱਤਰਕਾਰ ਲਾਲਾ ਜੀ ਦੇ ਲੇਖਾਂ ਨੂੰ ਲਾਲਾ ਜੀ ਦੇ ਕਤਲ ਹੋਣ ਦਾ ਕਾਰਨ ਮੰਨਦੇ ਹਨ, ਉਹ ਅਣਜਾਣਪੁਣੇ ਵਿਚ 'ਲਾਲਾ ਪਰਵਾਰ' ਦੇ ਹੱਥਾਂ ਵਿਚ ਖੇਡਦੇ ਹਨ ਤੇ ਉਨ੍ਹਾਂ ਦੇ ਪਰਵਾਰਕ ਹਿਤਾਂ ਲਈ ਪਰਗਟ ਕੀਤੇ ਜਾ ਰਹੇ ਵਿਚਾਰਾਂ ਦੀ ਤਸਦੀਕ ਕਰਦੇ ਹਨ।

ਦੂਜੇ ਸਵਾਲ ਦਾ ਅਸਲੀ ਜਵਾਬ ਇਹ ਹੈ ਕਿ, ਲਾਲਾ ਜੀ ਨੂੰ ਗੁਰਸਿੱਖਾਂ ਦੇ ਕਾਤਲ ਤੇ ਗੁਰੂਘਰ ਦੇ ਨਿੰਦਕ ਨਿਰੰਕਾਰੀ ਮੁਖੀ ਬਾਬਾ ਗੁਰਬਚਨ ਸਿੰਘ ਤੇ ਉਸ ਦੇ ਚੇਲਿਆਂ ਨੂੰ ਬਚਾਉਣ ਲਈ ਸਰੀਰਕ ਤੌਰ ਤੇ ਕੀਤੀਆਂ ਗਈਆਂ ਸਰਗਰਮੀਆਂ ਤੇ ਨਿਰੰਕਾਰੀ ਕਾਤਲਾਂ



Digitized by Panjab Digital Library / www.panjabdigilib.org

ਦੇ ਹੱਕ ਵਿਚ ਕਰਨਾਲ ਸੈਸ਼ਨ ਕੋਰਟ ਵਿਚ ਦਿੱਤੀ ਗਈ ਗਵਾਹੀ, ਜਿਸ ਨੇ ਨਿਰੰਕਾਰੀ ਬਾਬੇ ਤੇ 64 ਹੋਰ ਮੁਲਜ਼ਮਾਂ ਨੂੰ ਬਰੀ ਕਰਾਇਆ, ਕਾਰਨ ਨਿਰੰਕਾਰੀਆਂ ਵਿਰੋਧੀ 'ਧਰਮ ਯੁੱਧ' ਵਿਚ ਜੂਝ ਰਹੇ ਜੋਧਿਆਂ ਦੀ ਗੋਲੀ ਦਾ ਨਿਸ਼ਾਨਾ ਬਣਨਾ ਪਿਆ।

## ਕਿੱਸਾ ਚੰਦੋਕਲਾਂ ਦਾ

ਸੰਤ ਜਰਨੈਲ ਸਿੰਘ ਨੇ ਆਪਣੇ ਬੰਬਈ ਯਾਤਰਾ ਦੇ ਮਿਥੇ ਹੋਏ ਟੂਰ ਪ੍ਰੋਗਰਾਮ ਅਨੁਸਾਰ 9 ਸਤੰਬਰ 1981 ਨੂੰ ਜਥੇ ਸਮੇਤ ਅੰਮ੍ਰਿਤਸਰ ਤੋਂ ਚਾਲੇ ਪਾ ਦਿੱਤੇ ਤੇ ਪਹਿਲਾ ਪੜਾਅ ਉਸੇ ਦਿਨ ਹਰਿਆਣਾ ਪਹੁੰਚ ਕੇ ਸਰਸਾ ਵਿਚ ਕੀਤਾ। ਇਥੇ ਪਹੁੰਚ ਕੇ ਹੀ ਉਨ੍ਹਾਂ ਨੇ ਜਲੰਧਰ ਦੇ ਲਾਲਾ ਜਗਤ ਨਾਰਾਇਣ ਆਫ 'ਹਿੰਦ ਸਮਾਚਾਰ' ਦੇ ਕਤਲ ਦੀ ਖਬਰ ਸੁਣੀ ਕਿ ਲਾਲਾ ਜੀ ਨੂੰ ਸਵਾ ਛੇ ਵਜੇ ਸ਼ਾਮ ਨੂੰ ਲਾਢੋਵਾਲ ਨੇੜੇ ਜੀ. ਟੀ. ਰੋਡ ਤੇ ਗੋਲੀ ਨਾਲ ਉੜਾ ਦਿੱਤਾ ਗਿਆ। ਸਰਸਾ ਤੋਂ ਸੰਤ ਜੀ ਜਥੇ ਸਮੇਤ ਚੰਦੋਕਲਾਂ ਚਲੇ ਗਏ, ਜਿੱਥੇ ਉਨ੍ਹਾਂ ਨੂੰ ਆਪਣੇ ਵਸੀਲਿਆਂ ਰਾਹੀਂ ਇਤਲਾਹ ਮਿਲੀ ਕਿ, ਲਾਲਾ ਜੀ ਦੇ ਕਤਲ ਵਿਚ ਪੰਜਾਬ ਪੁਲਿਸ ਨੂੰ ਉਨ੍ਹਾਂ ਦੀ ਲੋੜ ਹੈ, ਇਸ ਲਈ 12.9.81 ਨੂੰ ਉਨ੍ਹਾਂ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਹਨ। ਸੰਤਾਂ ਨੂੰ ਇਹ ਸੂਹ ਵੀ ਲੱਗ ਗਈ ਕਿ, ਪੰਜਾਬ ਪੁਲਿਸ ਦੇ ਇਰਾਦੇ ਨੇਕ ਨਹੀਂ, ਉਹ ਸੰਤਾਂ ਨੂੰ 'ਪੁਲਿਸ ਮੁਕਾਬਲੇ' ਵਿਚ ਮਾਰਨ 'ਤੇ ਤੁਲੀ ਹੋਈ ਹੈ। ਅਜਿਹੇ ਹਾਲਾਤ ਵਿਚ ਸੰਤਾਂ ਦਾ ਬੰਬਈ ਦੇ ਸਫਰ ਲਈ ਅੱਗੇ ਤੁਰਨਾ ਖਤਰੇ ਤੋਂ ਖਾਲੀ ਨਹੀਂ ਸੀ ਪਰ ਪਿੱਛੇ ਮੁੜਨ ਲਈ ਵੀ ਉਨ੍ਹਾਂ ਦੀ ਜ਼ਮੀਰ ਇਜਾਜ਼ਤ ਨਹੀਂ ਸੀ ਦਿੰਦੀ ਕਿਉਂਕਿ ਉਹ ਮੌਤ ਨੂੰ ਸਾਹਮਣੇ ਦੇਖ ਕੇ ਭੱਜਣਾ ਨਹੀਂ ਸਨ ਚਾਹੁੰਦੇ। ਫਿਰ ਵੀ ਉਨ੍ਹਾਂ ਇਸ ਸਿਲਸਿਲੇ ਵਿਚ 'ਸੰਗਤ' ਦਾ ਫੈਸਲਾ ਲੈਣਾ ਜ਼ਰੂਰੀ ਸਮਝਿਆ। ਉਨ੍ਹਾਂ ਆਪਣੇ ਸੇਵਕਾਂ ਨਾਲ ਸਲਾਹ ਕੀਤੀ ਤਾਂ ਉਨ੍ਹਾਂ ਅੱਗਿਓਂ 'ਬੇਨਤੀ' ਕਰਨ ਦੀ ਬਜਾਏ ਵਿਸਾਖੀ ਦੇ ਦਿਨ ਵਾਂਗ ਇਹ 'ਹੁਕਮ' ਸੁਣਾਇਆ ਕਿ, ਸੰਤ ਜੀ, ਤੁਸੀਂ ਇਕੱਲੇ ਹੀ ਚੰਦੋਕਲਾਂ ਛੱਡ ਕੇ ਚੌਕ ਮਹਿਤਾ ਚਲੇ ਜਾਓ ਤੇ ਸਰਕਾਰ ਵਲੋਂ ਤੁਹਾਨੂੰ ਕਤਲ ਕਰਨ ਦੀ ਬਣਾਈ ਗਈ ਸਾਜ਼ਿਸ਼ ਫੇਅਲ ਕਰ ਦਿਓ, ਬਾਕੀ ਸਾਰੇ ਜਥੇ ਨੂੰ ਇਥੇ ਰਹਿਣ ਦਿਓ ਤਾਂ ਜੋ ਪੁਲਸੀਆਂ ਨੂੰ ਇਹ ਭੁਲੇਖਾ ਪਿਆ ਰਹੇ ਕਿ ਤੁਸੀਂ ਵੀ ਜਥੇ ਦੇ ਨਾਲ ਏਥੇ ਹੀ ਹੋ। ਸੰਤ ਜੀ, ਇਥੇ ਰਹਿ ਕੇ ਆਪਣੇ ਆਪ ਮੌਤ ਦੇ ਮੂੰਹ ਵਿਚ ਪੈ ਜਾਣ ਦਾ ਕੋਈ ਫਾਇਦਾ ਨਹੀਂ। ਪੰਥ ਨੂੰ ਅਜੇ ਤੁਹਾਡੀ ਬੜੀ ਲੋੜ ਹੈ। ਵਕਤ ਦੀ ਸਰਕਾਰ ਤੁਹਾਨੂੰ ਖਤਮ ਕਰ ਕੇ ਸਿੱਖੀ ਪਰਚਾਰ ਦਾ ਉਹ ਬੂਟਾ ਪੁੱਟ ਦੇਣਾ ਚਾਹੁੰਦੀ ਹੈ, ਜੋ ਦਸਮ ਪਾਤਸ਼ਾਹ ਨੇ 'ਦਮਦਮੀ ਟਕਸਾਲ' ਦੇ ਰੂਪ ਵਿਚ ਆਪਣੇ ਹੱਥੀਂ ਲਾਇਆ ਸੀ। ਸੋ ਜੇ ਤੁਸੀਂ ਗ੍ਰਿਫਤਾਰੀ ਹੀ ਦੇਣੀ ਹੈ ਤਾਂ ਚੌਕ ਮਹਿਤਾ ਪਹੁੰਚ ਕੇ, ਸਿੱਖ ਪੰਥ ਦਾ ਪ੍ਰਤੀਨਿਧ ਇਕੱਠ ਬੁਲਾ ਕੇ ਤੇ ਸੰਗਤ ਦਾ ਹੁਕਮ ਲੈ ਕੇ ਦਿਓ ਅਤੇ ਗ੍ਰਿਫਤਾਰੀ ਦੇਣ ਤੋਂ ਪਹਿਲਾਂ 'ਦਮਦਮੀ ਟਕਸਾਲ' ਦਾ ਪ੍ਰਬੰਧ ਯੋਗ ਹੱਥਾਂ ਵਿਚ ਸੌਂਪ ਕੇ ਦਿਓ ਤਾਂ ਜੋ ਤੁਹਾਡੇ ਪਿੱਛੋਂ ਟਕਸਾਲ ਦਾ ਕਾਰਜ ਸਦਾ ਵਾਂਗ ਚਲਦਾ ਰਹੇ।

ਭਿੰਡਰਾਂਵਾਲੇ ਸੰਤਾਂ ਨੇ ਸੇਵਕਾਂ ਦਾ ਹੁਕਮ ਮੰਨ ਕੇ 12 ਸਤੰਬਰ ਨੂੰ ਰਾਤ ਦੇ ਨੌਂ ਵਜੇ ਚੰਦੋਕਲਾਂ ਤੋਂ ਚੌਕ ਮਹਿਤਾ ਨੂੰ ਚਾਲੇ ਪਾ ਦਿੱਤੇ ਅਤੇ 350 ਕਿਲੋਮੀਟਰ ਦਾ ਸਫਰ ਨਿਰਵਿਘਨ ਮੁਕਾ ਕੇ 13 ਸਤੰਬਰ ਦੀ ਸਵੇਰ ਨੂੰ ਮਹਿਤਾ ਚੌਕ ਪਹੁੰਚ ਗਏ।

ਏਧਰ ਤੜਕਸਾਰ ਤਿੰਨ ਵਜੇ ਦੇ ਕਰੀਬ ਪੰਜਾਬ ਪੁਲਿਸ ਨੇ ਚੰਦੋਕਲਾਂ ਨੂੰ ਘੇਰਾ ਪਾ ਲਿਆ। ਪੁਲਿਸ ਪਾਰਟੀ ਨੇ ਗੋਲੀ ਚਲਾਉਣੀ ਤੇ ਪਿੰਡ ਦੇ ਲੋਕਾਂ ਨੂੰ ਇਹ ਵਾਰਨਿੰਗ ਦੇਣੀ ਸ਼ੁਰੂ ਕਰ ਦਿੱਤੀ ਕਿ ਕੋਈ ਆਦਮੀ ਬਾਹਰ ਨਾ ਨਿਕਲੇ। ਨਹੀਂ ਤਾਂ ਮਾਰਿਆ ਜਾਏਗਾ। ਇਸ ਤੋਂ ਬਾਅਦ ਜਦ ਪੁਲਸੀਆਂ ਨੂੰ ਇਹ ਪਤਾ ਲੱਗਾ ਕਿ ਸੰਤ ਜੀ ਜਾ ਚੁੱਕੇ ਹਨ ਤਾਂ ਉਨ੍ਹਾਂ ਨੂੰ ਯਕੀਨ ਨਾ ਆਇਆ ਤੇ ਉਨ੍ਹਾਂ ਘਰ ਘਰ ਜਾ ਕੇ ਤਲਾਸ਼ੀ ਲਈ ਪਰ ਸੰਤ ਜੀ ਨਾ ਲੱਭ ਸਕੇ। ਪੁਲਿਸ ਧਾੜਵੀ ਗੁੱਸੇ ਵਿਚ ਸਨ। ਇਸ ਲਈ ਉਨ੍ਹਾਂ ਨੇ ਗੁੱਸਾ ਠੰਡਾ ਕਰਨ ਲਈ ਭਿੰਡਰਾਂ ਜਥੇ ਦੀਆਂ ਦੋ ਗੱਡੀਆਂ ਅੱਗ ਲਾ ਕੇ ਸਾੜ ਦਿੱਤੀਆਂ ਅਤੇ ਤਲਾਸ਼ੀ ਦੌਰਾਨ ਪਿੰਡ ਵਾਸੀਆਂ ਦੇ ਘਰਾਂ 'ਚੋਂ ਗਹਿਣੇ ਕੱਪੜੇ ਤੇ ਕੈਸ਼ ਤੋਂ ਇਲਾਵਾ ਹੋਰ ਕੀਮਤੀ ਸਾਮਾਨ ਵੀ ਲੁੱਟ ਲਿਆ। ਇਸ



Digitized by Panjab Digital Library | www.panjabdigilib.org

ਲੁੱਟ ਖੋਹ ਨੇ ਪੁਲਸੀਆਂ ਅਤੇ ਲੁਟੇਰਿਆਂ ਵਿਚਲਾ ਫਰਕ ਦੂਰ ਕਰ ਦਿੱਤਾ।

ਪੁਲਿਸ ਧਾੜਵੀਆਂ ਨੇ ਭਿੰਡਰਾਂ ਜਥੇ ਦੀਆਂ ਜਿਹੜੀਆਂ 2 ਬੱਸਾਂ ਸਾੜੀਆਂ, ਉਨ੍ਹਾਂ ਵਿਚ ਦਮਦਮੀ ਟਕਸਾਲ ਦਾ ਬਹੁਤ ਕੀਮਤੀ ਦੁਰਲੱਭ ਖਜ਼ਾਨਾ ਸੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਸੈਂਚੀਆਂ ਸਨ, ਸ਼ਬਦਾਰਥ ਪੋਥੀਆਂ ਸਨ, ਗੁਰਬਾਣੀ ਦੇ ਗੁਟਕੇ ਸਨ, ਸਿੱਖ ਇਤਿਹਾਸ ਦੀਆਂ ਪੁਸਤਕਾਂ ਤੇ ਹੋਰ ਬਹੁਤ ਸਾਰਾ ਧਾਰਮਿਕ ਲਿਟਰੇਚਰ ਵੀ ਸੀ। ਇਨ੍ਹਾਂ ਤੋਂ ਬਿਨਾਂ ਜੋ ਕੀਮਤੀ ਸਰਮਾਇਆ ਸੜਦੀਆਂ ਬੱਸਾਂ ਵਿਚ ਅਗਨ ਭੇਟ ਹੋਇਆ, ਉਹ ਸੀ, ਸਵਰਗਵਾਸੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਦੀ ਕਥਾਂ ਦੀਆਂ ਟੇਪਾਂ। ਬੱਸਾਂ ਦੇ ਸਾੜੇ ਜਾਣ ਦੀ ਖਬਰ ਜਦ ਸੰਤ ਜਰਨੈਲ ਸਿੰਘ ਜੀ ਨੇ ਸੁਣੀ ਤਾਂ ਉਨ੍ਹਾਂ ਦੇ ਦਿਲ ਨੂੰ ਅਸਹਿ ਸੱਟ ਵੱਜੀ ਕਿਉਂਕਿ ਸੰਤ ਜੀ ਲੱਖਾਂ ਰੁਪਏ ਦਾ ਨੁਕਸਾਨ ਤਾਂ ਬਰਦਾਸ਼ਤ ਕਰ ਸਕਦੇ ਸਨ ਪਰ ਗੁਰਬਾਣੀ ਤੇ ਗੁਰਬਾਣੀ ਦੀ ਕਥਾ ਦਾ ਅਪਮਾਨ ਨਹੀਂ ਸਨ ਸਹਾਰ ਸਕਦੇ।

ਚੰਦੋਕਲਾਂ ਦਾ ਕਾਲਾ ਕਾਰਨਾਮਾ ਜਿਨ੍ਹਾਂ ਪੁਲਿਸ ਅਫਸਰਾਂ ਦੀ ਦੇਖ ਰੇਖ ਹੇਠ ਹੋਇਆ, ਉਨ੍ਹਾਂ ਦੇ ਨਾਂ ਇਹ ਸਨ: ਪਟਿਆਲਾ ਰੇਂਜ ਦਾ ਡੀ. ਆਈ. ਜੀ. ਸਰਦਾਰ ਡੀ. ਐਸ. ਮਾਂਗਟ, ਲੁਧਿਆਣੇ ਦਾ ਐਸ. ਐਸ. ਪੀ. ਸ੍ਰੀ ਡੀ. ਆਰ. ਭੱਟੀ ਤੇ ਲੁਧਿਆਣੇ ਦਾ ਡੀ. ਐਸ. ਪੀ. ਸਰਦਾਰ ਮਨੋਹਰ ਸਿੰਘ। ਇਨ੍ਹਾਂ ਲੋਕਾਂ ਦਾ ਨਾਂ ਵੀ 'ਅਮਰ' ਹੋ ਗਿਆ। ਪਰ ਇਨ੍ਹਾਂ ਦਾ ਨਾਂ ਸਦਾ ਵਾਸਤੇ ਸਿੱਖ ਸੰਗਤਾਂ ਘ੍ਰਿਣਾ ਨਾਲ ਹੀ ਲਿਆ ਕਰਨੀਆਂ।

## ਕਿਰਿਆ 'ਲਾਲੇ' ਦੀ!<br>'ਬਰਾਤ' ਭਿੰਡਰਾਂਵਾਲੇ ਦੀ!

ਕਈ ਵਾਰ ਅਜੀਬ ਕਿਸਮ ਦਾ ਮੌਕਾ - ਮੇਲ ਦੇਖ ਕੇ ਇਨਸਾਨ ਹੈਰਾਨ ਰਹਿ ਜਾਂਦਾ ਹੈ। ਇਸ ਤਰ੍ਹਾਂ ਦਾ ਇਹ ਮੌਕਾ ਦੇਖਿਆ ਗਿਆ ਹੈ 20.9.81 ਨੂੰ, ਜਿਸ ਦਿਨ ਪੰਜਾਬ ਵਿਚ ਇਕੋ ਸਮੇਂ ਇਕੋ ਘਟਨਾ ਨਾਲ ਸੰਬੰਧਿਤ ਦੋ ਅਲੱਖ ਅਲੱਗ ਸਮਾਗਮ ਕੀਤੇ ਜਾ ਰਹੇ ਸਨ। ਜਲੰਧਰ ਦੇ ਪ੍ਰਤਾਪ ਬਾਗ ਵਿਚ ਉਸ ਦਿਨ ਤਿੰਨ ਵਜੇ 'ਮਕਤੂਲ ਲਾਲਾ' ਜਗਤ ਨਾਰਾਇਣ ਆਫ 'ਹਿੰਦ ਸਮਾਚਾਰ' ਦੀ ਕਿਰਿਆ ਹੋ ਰਹੀ ਸੀ ਅਤੇ ਐਨ ਏਸੇ ਵੇਲੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਂਕ ਮਹਿਤਾ ਵਿਚ ਕਥਿਤ 'ਕਾਤਿਲ' ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ 'ਆਤਮ ਸਮਰਪਣ' ਸਮਾਗਮ ਕੀਤਾ ਜਾ ਰਿਹਾ ਸੀ। ਜਲੰਧਰ ਵਿਚ ਮਕਤੂਲ ਲਾਲਾ ਜਗਤ ਨਾਰਾਇਣ ਨੂੰ ਗ਼ੈਰ - ਅਕਾਲੀ ਸਿਆਸੀ ਤੇ ਸਮਾਜੀ ਪਾਰਟੀਆਂ ਵਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਜਾ ਰਹੀਆਂ ਸਨ; ਉਧਰ ਚੌਂਕ ਮਹਿਤਾ ਦੇ ਵਿਸ਼ਾਲ ਪੰਥਕ ਇਕੱਠ ਵਿਚ 'ਲਾਲਾ ਜੀ' ਦਾ ਕਥਿਤ 'ਕਾਤਿਲ' ਭਿੰਡਰਾਂਵਾਲਾ ਕੇਸਰੀ ਸਾਫਾ ਬੰਨ੍ਹ ਕੇ ਇਹ ਕਹਿ ਰਿਹਾ ਸੀ ਕਿ "ਮੈਂ ਨੀਲੀ ਦਸਤਾਰ ਉਤਾਰ ਕੇ ਕੇਸਰੀ ਪਟਕਾ ਏਸ ਲਈ ਬੰਨ੍ਹਿਆ ਹੈ, ਕਿਉਂਕਿ ਮੈਂ ਲਾੜੀ ਮੌਤ ਨੂੰ ਵਿਆਹੁਣ ਜਾ ਰਿਹਾ ਹਾਂ।"

ਮਹਿਤਾ ਚੌਂਕ (ਅੰਮ੍ਰਿਤਸਰ) ਦੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਬਾਹਰ ਸਿੱਖੀ ਸਿਦਕ ਦਾ ਹੜ੍ਹ ਵਗਦਾ ਦਿਖਾਈ ਦੇ ਰਿਹਾ ਸੀ। ਉਸ ਦਿਨ ਕੇਸਰੀ ਨਿਸ਼ਾਨ ਸਾਹਿਬ ਥੱਲੇ ਸਾਰੇ ਅਕਾਲੀ ਦਲ ਤੇ ਸਿੱਖਾਂ ਦੇ ਹੋਰ ਸਿਆਸੀ, ਸਮਾਜੀ ਤੇ ਧਾਰਮਿਕ ਦਲ ਇਕੱਠੇ ਹੋ ਚੁੱਕੇ ਨਜ਼ਰ ਆ ਰਹੇ ਸਨ। ਗ੍ਰਿਫਤਾਰੀ ਦੇਣ ਦੀ ਸ਼ਕਲ ਵਿਚ ਭਿੰਡਰਾਂਵਾਲੇ ਸੰਤਾਂ ਦੀ 'ਬਰਾਤ' ਦੀ ਚੜ੍ਹਤ ਦੇਖਣ ਲਈ ਤੇ ਉਨ੍ਹਾਂ ਨੂੰ 'ਗਰਮ' ਵਿਦਾਇਗੀ ਦੇਣ ਲਈ 5 ਲੱਖ ਦੇ ਕਰੀਬ ਮਰਜੀਵੜੇ ਜਮ੍ਹਾਂ ਹੋ ਚੁੱਕੇ ਸਨ। ਸਟੇਜ ਉਤੇ ਤੇ ਸਟੇਜ ਦੇ ਆਸਪਾਸ ਅਕਾਲੀ ਐਮ. ਪੀ., ਅਕਾਲੀ ਐਮ. ਐਲ. ਏ., ਐਸ. ਜੀ. ਪੀ. ਸੀ. ਮੈਂਬਰ, ਸਾਰੇ ਅਕਾਲੀ ਦਲਾਂ ਦੇ ਲੀਡਰ ਤੇ



Digitized by Panjab Digital Library | www.panjabdigilib.org

ਅਹੁਦੇਦਾਰ ਸਿੱਖ ਸੰਪਰਦਾਵਾਂ ਤੇ ਸੰਸਥਾਵਾਂ ਦੇ ਮੁਖੀ, ਸਿੱਖ ਵਿਦਵਾਨ, ਵਿਚਾਰਵਾਨ ਤੇ ਵਿਸ਼ੇਸ਼ ਵਿਅਕਤੀ ਵਿਰਾਜਮਾਨ ਸਨ। ਇਨ੍ਹਾਂ ਵਿਚ ਵਰਨਣਯੋਗ ਮਹਾਨ ਹਸਤੀਆਂ ਇਹ ਸਨ: ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲੇ, ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਤ ਹਰਚੰਦ ਸਿੰਘ ਲੌਂਗੋਵਾਲ ਪਰਧਾਨ ਸ਼੍ਰੋਮਣੀ ਅਕਾਲੀ ਦਲ, ਸੰਤ ਬਾਬਾ ਖੜਕ ਸਿੰਘ ਜੀ, ਤਰਣਾ ਦਲ ਨਿਹੰਗ ਚੀਫ ਬਾਬਾ ਕਾਹਨ ਸਿੰਘ ਜੀ ਤੇ ਉਨ੍ਹਾਂ ਦੇ ਪੀ. ਏ. ਬਾਬਾ ਅਜੀਤ ਸਿੰਘ ਜੀ, ਬੀਬੀ ਰਾਜਿੰਦਰ ਕੌਰ ਐਮ. ਪੀ. ਸਪੁੱਤਰੀ ਸਵਰਗਵਾਸੀ ਮਾਸਟਰ ਤਾਰਾ ਸਿੰਘ ਜੀ, ਸਰਦਾਰ ਬਲਵੰਤ ਸਿੰਘ ਸਾਬਕਾ ਖਜ਼ਾਨਾ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਬਕਾ ਕੇਂਦਰੀ ਮੰਤਰੀ, ਜਥੇਦਾਰ ਉਜਾਗਰ ਸਿੰਘ ਸੇਖਵਾਂ, ਸਰਦਾਰ ਪ੍ਰਕਾਸ਼ ਸਿੰਘ ਮਜੀਠਾ, ਸਰਦਾਰ ਰਣਧੀਰ ਸਿੰਘ ਚੀਮਾ, ਸਰਦਾਰ ਗੁਰਨਾਮ ਸਿੰਘ ਤੀਰ, ਸਰਦਾਰ ਪ੍ਰੇਮ ਸਿੰਘ ਲਾਲਪੁਰਾ, ਸਰਦਾਰ ਰਵੀ ਇੰਦਰ ਸਿੰਘ ਸਾਬਕਾ ਸਪੀਕਰ, ਸਰਦਾਰ ਦਰਸ਼ਨ ਸਿੰਘ ਮਜਬੂਰ, ਸਰਦਾਰ ਦਰਸ਼ਨ ਸਿੰਘ ਈਸਾਪੁਰ ਤੇ ਸਰਦਾਰ ਰਘਬੀਰ ਸਿੰਘ ਜੌੜਾ ਪਰਧਾਨ ਯੂਥ ਅਕਾਲੀ ਦਲ (ਮਾਸਟਰ) ਆਦਿ। ਪਰ ਤਾੜਨਹਾਰੀਆਂ ਅੱਖਾਂ ਵਿਚ ਸਰਦਾਰ ਬਾਦਲ ਅਤੇ ਜਥੇਦਾਰ ਉਮਰਾਨੰਗਲ ਦੀ ਗੈਰਹਾਜ਼ਰੀ ਰੜਕ ਰਹੀ ਸੀ।

ਸਿੱਖ ਪੰਥ ਦੇ ਜਿਨ੍ਹਾਂ ਮਹਾਨ ਆਗੂਆਂ ਨੇ ਵਿਸ਼ਾਲ ਪੰਥਕ ਇਕੱਠ ਨੂੰ ਸੰਬੋਧਨ ਕਰਦਿਆਂ ਵਕਤ ਦੀ ਹਕੂਮਤ ਵਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਧੱਕਿਆਂ, ਵਿਤਕਰਿਆਂ ਤੇ ਸਿੱਖ ਸੰਤਾਂ ਨੂੰ ਕਤਲਾਂ ਵਿਚ ਫਸਾਉਣ ਜਾਂ ਕਤਲ ਕਰ ਦੇਣ ਦੇ ਤਿਆਰ ਕੀਤੇ ਜਾ ਰਹੇ ਮਨਸੂਬਿਆਂ ਦੇ ਪੜਦੇ ਫਾਸ਼ ਕੀਤੇ, ਉਨ੍ਹਾਂ ਵਿਚ ਵਰਨਣਯੋਗ ਨਾਂ ਇਹ ਸਨ: ਸਿੰਘ ਸਾਹਿਬ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਸੰਤੋਖ ਸਿੰਘ, ਬਾਬਾ ਖੜਕ ਸਿੰਘ ਜੀ, ਬੀਬੀ ਰਾਜਿੰਦਰ ਕੌਰ ਤੇ ਸਰਦਾਰ ਰਣਧੀਰ ਸਿੰਘ ਚੀਮਾ ਆਦਿ। ਸਭ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਨੇ ਸਿੱਖ 'ਕੌਮ' ਨੂੰ ਮੁਖਾਤਿਬ ਕਰਦਿਆਂ ਕਿਹਾ:

"ਮੈਂ ਸਿੱਖ ਪੰਥ ਤੇ ਧਰਮ ਦੀ ਖਾਤਿਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਾਂ ਲੇਕਿਨ ਅਸੀਂ ਆਪਣੀਆਂ ਧਾਰਮਿਕ ਪੁਸਤਕਾਂ ਤੇ ਧਰਮ ਗ੍ਰੰਥਾਂ ਦੀ ਬੇਹੁਰਮਤੀ ਬਰਦਾਸ਼ਤ ਨਹੀਂ ਕਰ ਸਕਦੇ। ਇਸ ਸੰਕਟ ਦਾ ਟਾਕਰਾ ਕਰਨ ਲਈ ਸਿੱਖ ਪੰਥ ਨੂੰ ਇਕ ਝੰਡੇ ਹੇਠ ਇਕੱਠੇ ਹੋ ਜਾਣਾ ਚਾਹੀਦਾ ਹੈ। ਜਦੋਂ ਮੈਂ ਲੁਧਿਆਣੇ ਪੁੱਜਾਂ ਤਾਂ ਮੇਰੇ ਕੰਨਾਂ ਵਿਚ ਇਕੋ ਇਕ ਆਵਾਜ਼ ਆਉਣੀ ਚਾਹੀਦੀ ਹੈ ਕਿ ਸਾਰਾ ਸਿੱਖ ਪੰਥ ਇਕ ਝੰਡੇ ਹੇਠ ਇਕੱਠਾ ਹੈ ......

"ਮੈਂ ਸਿੱਖ ਪੰਥ ਦੇ ਸਭ ਨੇਤਾਵਾਂ ਨੂੰ ਬੇਨਤੀ ਕੀਤੀ ਸੀ ਕਿ ਉਹ ਇਸ ਗੱਲ ਨੂੰ ਸਪੱਸ਼ਟ ਕਰਨ ਕਿ ਇਹ ਮੇਰਾ ਨਿਜੀ ਮਸਲਾ ਹੈ ਜਾਂ ਸਮੂਹ ਸਿੱਖ ਪੰਥ ਦਾ। ਜੇ ਸਿੱਖ ਪੰਥ ਦਾ ਹੈ ਤਾਂ ਇਸ ਸੰਬੰਧੀ ਅਗਵਾਈ ਕਰਨ, ਜਿਸ ਲਈ ਅੱਜ ਸਾਰੇ ਉਚੇ ਨੇਤਾ ਇਥੇ ਪੁੱਜੇ ਹੋਏ ਹਨ ......

"ਮੈਂ ਆਪਣੇ ਮਿਸ਼ਨ ਵਿਚ ਸਫਲ ਹੋਣਾ ਹੈ ਤਾਂ ਜੋ ਅੱਗੋਂ ਤੋਂ ਕੋਈ ਸਿੱਖ ਧਰਮ ਦੀ ਹੇਠੀ ਕਰਨ ਦੀ ਜੁਰਅਤ ਨਾ ਕਰੇ। ਮੈਂ ਸਿੱਖੀ ਦੀ ਖਾਤਿਰ ਕੁਰਬਾਨੀ ਦੇਣ ਨੂੰ ਤਿਆਰ ਹਾਂ ਪਰ ਸਿੱਖ ਧਰਮ ਨਾਲ ਸੰਬੰਧਿਤ ਲਿਟਰੇਚਰ ਸੜਦਾ ਨਹੀਂ ਦੇਖ ਸਕਦਾ।"

ਸੰਤਾਂ ਨੇ ਆਤਮ ਸਮਰਪਣ ਕਰਨ ਤੋਂ ਪਹਿਲਾਂ ਸਿੱਖ ਸੰਗਤਾਂ ਨੂੰ ਇਹ ਉਪਦੇਸ਼ ਦਿੱਤਾ ਕਿ ਉਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ ਜਾਏ ਤੇ ਕੋਈ ਭਾਈ ਪੁਲਸੀਆਂ ਨੂੰ ਰੋੜਾ ਤੱਕ ਨਾ ਮਾਰੇ ਤੇ ਨਾ ਹੀ ਪੁਲਿਸ ਦੀਆਂ ਗੱਡੀਆਂ ਨੂੰ ਨੁਕਸਾਨ



Digitized by Panjab Digital Library | www.panjabdigilib.org

ਪਹੁੰਚਾਵੇ। ਉਨ੍ਹਾਂ ਆਖਿਆ ਕਿ, 'ਪੁਲਸੀਆਂ' ਤੇ ਜਾਂ ਉਨ੍ਹਾਂ ਦੀਆਂ ਗੱਡੀਆਂ ਤੇ ਮਾਰਿਆ ਗਿਆ ਹਰ ਰੋੜਾ ਮੈਨੂੰ, ਜਰਨੈਲ ਸਿੰਘ ਨੂੰ ਵੱਜੇਗਾ ਤੇ ਰੋੜਾ ਮਾਰਨ ਵਾਲਾ ਆਦਮੀ ਮੇਰੇ ਨਾਲ ਦੁਸ਼ਮਣੀ ਕਮਾ ਰਿਹਾ ਹੋਵੇਗਾ।

ਸੰਤ ਜੀ ਗ੍ਰਿਫਤਾਰੀ ਦੇਣ ਸਮੇਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਬਾਹਰ ਆਏ ਤਾਂ ਲੱਖਾਂ ਲੋਕਾਂ ਦੀ ਭੀੜ ਵਿਚ ਗੁਆਚ ਗਏ। ਅਜਿਹਾ ਹੋਣ ਤੇ ਪੁਲਿਸ ਅਫਸਰਾਂ ਦੀ ਨੱਸ ਭੱਜ ਹੋਣ ਲੱਗੀ। ਆਖਿਰ ਥੋੜੀ ਦੇਰ ਬਾਅਦ ਜਦ ਸੰਤ ਜੀ ਡੇਢ ਕਿਲੋਮੀਟਰ ਪੈਂਡਾ ਪੈਰੀਂ ਤੁਰ ਕੇ ਮੇਨ ਰੋਡ ਤੇ ਉਡੀਕ ਰਹੀਆਂ ਪੁਲਿਸ ਗੱਡੀਆਂ ਤੱਕ ਜਾ ਪਹੁੰਚੇ ਤਾਂ ਜ਼ਿੰਮੇਦਾਰ ਅਫਸਰਾਂ ਨੇ ਸੁੱਖ ਦਾ ਸਾਹ ਲਿਆ। ਫਿਰ ਸੰਤ ਜੀ ਨੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ ਤੇ ਉਨ੍ਹਾਂ ਦੀ 'ਬਰਾਤ' ਨੇ ਲੁਧਿਆਣੇ ਨੂੰ ਚਾਲੇ ਪਾ ਦਿੱਤੇ।

ਸੰਤਾਂ ਦੇ ਚਲੇ ਜਾਣ ਪਿੱਛੋਂ ਸਿੰਘਾਂ ਦੀ ਭੜਕੀ ਹੋਈ ਭੀੜ ਨੇ ਪੁਲਿਸ ਦੇ ਇਕ ਤੰਬੂ ਨੂੰ ਲੰਬੂ ਲਾ ਦਿੱਤਾ। ਇਕ ਪੁਲਸੀਏ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਸ ਦੀ ਬਾਂਹ ਵੱਢ ਦਿੱਤੀ ਗਈ ਤੇ ਹੋਰ ਤੋੜ ਫੋੜ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਤੇ ਕਾਬੂ ਪਾਉਣ ਲਈ ਪੁਲਿਸ ਨੂੰ ਪਹਿਲਾਂ ਲਾਠੀ ਚਲਾਉਣੀ ਪਈ, ਫੇਰ ਅਥਰੂ ਗੈਸ ਛੱਡਣੀ ਪਈ ਤੇ ਅਖੀਰ ਵਿਚ ਗੋਲੀ ਚਲਾਉਣ ਲਈ ਮਜ਼ਬੂਰ ਹੋਣਾ ਪਿਆ, ਜਿਸ ਦੌਰਾਨ 12 ਸਿੰਘ ਸ਼ਹੀਦ ਹੋਏ ਤੇ ਅਣਗਿਣਤ ਜ਼ਖਮੀਂ ਹੋਏ। ਇਹ ਰੀਪੋਰਟ ਸਰਕਾਰੀ ਬੁਲਾਰੇ ਦੀ ਹੈ। ਪੰਥਕ ਬੁਲਾਰੇ ਨੇ ਦੋਸ਼ ਲਾਇਆ ਕਿ ਸੰਤਾਂ ਦੀ ਗ੍ਰਿਫਤਾਰੀ ਪਿੱਛੋਂ ਸਿੰਘਾਂ ਦਾ ਇਕ ਜਥਾ ਰਵਾਇਤੀ ਸ਼ਾਨ ਨਾਲ ਸ਼ਸ਼ਤਰਾਂ ਦਾ ਪ੍ਰਦਰਸ਼ਨ ਕਰਦਾ ਤੇ ਗਤਕੇਬਾਜੀ ਦੇ ਜੌਹਰ ਦਿਖਾਉਂਦਾ ਘਰਾਂ ਨੂੰ ਵਾਪਸ ਜਾ ਰਿਹਾ ਸੀ ਕਿ ਪੁਲਿਸ ਵਾਲਿਆਂ ਨੇ ਉਨ੍ਹਾਂ ਦੀ ਇਸ ਕਾਰਵਾਈ ਨੂੰ 'ਹਮਲਾ' ਸਮਝ ਕੇ ਖੁਦ ਉਨ੍ਹਾਂ ਤੇ ਹਮਲਾ ਕਰ ਦਿੱਤਾ। ਇਸ ਤਰ੍ਹਾਂ ਪਹਿਲ ਵੀ ਪੁਲਸੀਆਂ ਨੇ ਕੀਤੀ, ਜਬਰ ਵੀ ਪੁਲਸੀਆਂ ਨੇ ਕੀਤਾ ਤੇ ਗੋਲੀ ਚਲਾ ਕੇ ਖੂਨ ਖਰਾਬਾ ਵੀ ਉਨ੍ਹਾਂ ਵਲੋਂ ਹੀ ਕੀਤਾ ਗਿਆ।



Digitized by Panjab Digital Library | www.panjabdigilib.org

# ਚੌਕ ਮਹਿਤਾ ਵਿਖੇ 20 ਸਤੰਬਰ 1981 ਨੂੰ ਸ਼ਹੀਦ ਹੋਏ ਸਿੰਘ

1 ਸ. ਸਕੱਤਰ ਸਿੰਘ,
ਪਿੰਡ ਪਰਦੇਓ, ਜ਼ਿਲ੍ਹਾ ਅੰਮ੍ਰਿਤਸਰ

2 ਸ. ਹਰਪਾਲ ਸਿੰਘ
ਬੁਟਰ ਕਲਾਂ, ਜ਼ਿਲ੍ਹਾ ਅੰਮ੍ਰਿਤਸਰ

3 ਸ. ਬਲਬੀਰ ਸਿੰਘ
ਜੌੜਾ, ਜ਼ਿਲ੍ਹਾ ਅੰਮ੍ਰਿਤਸਰ

4 ਸ. ਦਰਸ਼ਨ ਸਿੰਘ
ਪਿੰਡ ਮੱਲੀਆਂ, ਜ਼ਿਲ੍ਹਾ ਅੰਮ੍ਰਿਤਸਰ

5 ਸ. ਬਲਦੇਵ ਸਿੰਘ
ਪਿੰਡ ਕਾਹਲਵਾਂ, ਜ਼ਿਲ੍ਹਾ ਅੰਮ੍ਰਿਤਸਰ

6 ਸ. ਹਰਦੇਵ ਸਿੰਘ
ਚਵਿੰਡਾ, ਜ਼ਿਲ੍ਹਾ ਅੰਮ੍ਰਿਤਸਰ

7 ਸ. ਵਜ਼ੀਰ ਸਿੰਘ
ਪਿੰਡ ਮਾਂਗੇਵਾਲ, ਜ਼ਿਲ੍ਹਾ ਲੁਧਿਆਣਾ

8 ਸ. ਨਿਰਮਲ ਸਿੰਘ
ਪਿੰਡ ਬੋਲੇਵਾਲ, ਜ਼ਿਲ੍ਹਾ ਗੁਰਦਾਸਪੁਰ

9 ਸ. ਜਰਨੈਲ ਸਿੰਘ ਨਿਧੜਕ
ਪਿੰਡ ਦਦਰੀਆਂ, ਜ਼ਿਲ੍ਹਾ ਸੰਗਰੂਰ

10 ਸ. ਹਰਬਿੰਦਰ ਸਿੰਘ
ਪਿੰਡ ਖੁਜਾਲਾ, ਜ਼ਿਲ੍ਹਾ ਗੁਰਦਾਸਪੁਰ

11 ਸ. ਮਲਕੀਅਤ ਸਿੰਘ ਥਾਣੇਦਾਰ (ਰਿਟ.)
ਪਿੰਡ ਹੰਬੋਵਾਲ, ਡਾਕਖਾਨਾ ਢਿਲਵਾਂ, ਜ਼ਿਲ੍ਹਾ ਕਪੂਰਥਲਾ

(ਇਹ ਲਿਸਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਕੀਤੀ ਸੂਚੀ ਦੇ ਆਧਾਰ ਤੇ ਹੈ)



Digitized by Panjab Digital Library | www.panjabdigilib.org

# ਜੇਹਾ ਮੂੰਹ ਤੇਹੀ ਚੁਪੇੜ

## ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਤ ਜਰਨੈਲ ਸਿੰਘ ਤੋਂ ਕੀਤੀ ਗਈ ਪੁਲਿਸ ਪੁੱਛਗਿੱਛ ਦੌਰਾਨ ਰਿਕਾਰਡ ਹੋਏ ਕੁਝ ਪ੍ਰਸ਼ਨ - ਉੱਤਰ

| ਪ੍ਰਸ਼ਨ | ਸੰਤ ਜਰਨੈਲ ਸਿੰਘ ਵਲੋਂ ਉਤਰ |
|---|---|
| 1 ਇਸ ਮੱਤ (ਭਿੰਡਰਾਂ ਜੱਥਾ) ਨੂੰ ਮੰਨਣ ਵਾਲਿਆਂ ਦੀ ਤਾਦਾਦ ਕਿਤਨੀ ਹੈ? ਜਿਸ ਨੂੰ ਸ਼ਾਮਲ ਕਰਦੇ ਹੋ, ਕੀ ਸ਼ਰਤਾਂ ਹੁੰਦੀਆਂ ਹਨ? | ਗਿਣਤੀ ਦਾ ਪਤਾ ਨਹੀਂ, ਸਤਿਗੁਰ ਜਾਣਦੇ ਹਨ। ਮੇਰੀ ਸੰਸਥਾ ਵਿਚ ਪੂਰਨ ਗੁਰਸਿੱਖ, ਰਹਿਤ ਵਿਚ ਰਹਿਣ ਵਾਲੇ ਸਿੱਖ ਰਹਿ ਸਕਦੇ ਹਨ। |
| 2 ਕੌਣ ਕੌਣ ਉੱਘੇ ਪੈਰੋਕਾਰ ਹਨ? | ਕੋਈ ਪੈਰੋਕਾਰ ਨਹੀਂ ਤੇ ਨਾ ਹੀ ਕੋਈ ਉੱਘਾ ਹੈ। |
| 3 ਸੰਸਥਾ ਦੀ ਮਾਲੀ ਪੁਜ਼ੀਸ਼ਨ, ਬੈਂਕ ਆਦਿ ਅਕਾਊਂਟ ਕੀ ਹਨ? | ਬੈਂਕ ਵਿਚ ਕੋਈ ਰੁਪਿਆ ਜਮ੍ਹਾ ਨਹੀਂ ਹੈ, ਗੁਰੂ ਕੀ ਸੰਗਤ ਹੀ ਬੈਂਕ ਤੇ ਧਨ ਹੈ। |
| 4 ਸੰਸਥਾ ਦੀ ਪ੍ਰਾਪਰਟੀ (ਜਾਇਦਾਦ) ਕਿੱਥੇ ਕਿੱਥੇ ਹੈ? | ਮਹਿਤਾ ਚੌਕ ਤੋਂ ਇਲਾਵਾ ਹੋਰ ਕਿਤੇ ਨਹੀਂ। ਦੋ ਢਾਈ ਕਿੱਲੇ ਜ਼ਮੀਨ ਹੈ, ਗੁਰਦੁਆਰਾ ਸਾਹਿਬ ਦੇ ਨਾਉਂ। |
| 5 ਹੋਰ ਆਮਦਨ ਦੇ ਕੀ ਸਾਧਨ ਹਨ? | ਸੰਗਤ ਸੇਵਾ ਕਰਦੀ ਹੈ, ਹੋਰ ਕੋਈ ਸਾਧਨ ਨਹੀਂ। |
| 6 ਸੰਸਥਾ ਵਿਚ ਪੱਕੇ ਤੌਰ ਤੇ ਕਿੰਨੇ ਬੰਦੇ ਆਉਂਦੇ ਹਨ? | ਗਿਣਤੀ ਕੋਈ ਨਹੀਂ। ਸ਼ਰਧਾਲੂ ਜਿਤਨੀ ਦੇਰ ਮਰਜ਼ੀ ਰਹਿ ਸਕਦੇ ਹਨ। |
| 7 ਉਨ੍ਹਾਂ ਸੇਵਾਦਾਰਾਂ ਦੇ ਕੀ ਕੀ ਨਾਂ ਹਨ ਤੇ ਕਿੱਥੋਂ ਦੇ ਰਹਿਣ ਵਾਲੇ ਹਨ? | ਪੱਕਾ ਕੋਈ ਸੇਵਾਦਾਰ ਨਹੀਂ ਹੈ। |
| 8 ਸੰਸਥਾ ਕੋਲ ਕਿੰਨੀਆਂ ਗੱਡੀਆਂ ਹਨ? | ਤਿੰਨ ਗੱਡੀਆਂ ਸਨ, ਦੋ ਸਾੜ ਦਿੱਤੀਆਂ ਹਨ, ਇਕ ਮੇਰੇ ਪਾਸ ਹੈ। |
| 9 ਇਹ ਗੱਡੀਆਂ ਕਿੱਥੋਂ ਖਰੀਦੀਆਂ ਗਈਆਂ? | ਗੁਰੂ ਕੀ ਸੰਗਤ ਨੇ ਸੇਵਾ ਕੀਤੀਆਂ |
| 10 ਸੰਸਥਾ ਕਿੱਥੋਂ ਪਾਈ? | ਬਖਸ਼ਿਸ਼ ਗੁਰੂ ਕੀ ਸੰਗਤ ਨੇ ਕੀਤੀ। |
| 11 ਤੁਹਾਡੇ ਨਾਲ ਪੱਕੇ ਤੌਰ ਤੇ ਕਿੰਨੇ ਬਾਡੀ - ਗਾਰਡ ਰਹਿੰਦੇ ਹਨ? | ਕੋਈ ਪੱਕਾ ਬਾਡੀ - ਗਾਰਡ ਨਹੀਂ ਹੈ। |



Digitized by Panjab Digital Library / www.panjabdigilib.org

| | |
|---|---|
| 12 ਉਨ੍ਹਾਂ ਕੋਲ ਕੀ ਕੀ ਅਸਲਾ ਹੈ? | ਮੇਰੇ ਪਾਸ ਪੱਕੇ ਤੌਰ ਤੇ ਕੋਈ ਸੇਵਾਦਾਰ ਨਹੀਂ । ਸੰਗਤਾਂ ਵਿਚ ਜੇ ਕੋਈ ਅਸਲਾ ਲੈ ਆਵੇ ਤਾਂ ਉਹ ਡਿਊਟੀ ਦਿੰਦਾ ਹੈ । |
| 13 ਅਸਲਾ ਕਦੋਂ ਤੇ ਕਿੱਥੋਂ ਲਿਆ? | ਮੇਰੇ ਨਾਂ ਤੇ ਕੋਈ ਅਸਲਾ ਨਹੀਂ ਹੈ । ਸ਼ਰਧਾਲੂਆਂ ਨੇ ਸੰਸਥਾ ਦੇ ਨਾਂ ਦਾ ਐਡਰੈਸ ਦਿੱਤਾ ਹੋਵੇ ਤਾਂ ਪਤਾ ਨਹੀਂ । |
| 14 ਲਾਇਸੰਸ ਕਿਸ ਵਸੀਲੇ ਰਾਹੀਂ ਪ੍ਰਾਪਤ ਕੀਤੇ? | ਲਾਇਸੈਂਸਦਾਰ ਹੀ ਵਸੀਲਾ ਦੱਸ ਸਕਦੇ ਹਨ, ਮੈਨੂੰ ਪਤਾ ਨਹੀਂ ਹੈ । |
| 15 ਤੁਹਾਡੇ ਪਰਵਾਰ ਦੇ ਬੰਦਿਆਂ ਕੋਲ ਵੀ ਲਾਇਸੰਸ ਹਨ? | ਮੈਨੂੰ ਪਤਾ ਨਹੀਂ ਕਿ ਮੇਰੇ ਪਰਵਾਰ ਦੇ ਕਿਸ ਕਿਸ ਮੈਂਬਰ ਪਾਸ ਅਸਲਾ ਹੈ । ਇਹ ਉਹ ਖੁਦ ਹੀ ਦੱਸ ਸਕਦੇ ਹਨ । |
| 16 ਪਰਵਾਰ ਦੇ ਕਿਹੜੇ ਕਿਹੜੇ ਬੰਦੇ ਜੱਥੇ ਨਾਲ ਰਲੇ ਹਨ? | ਮੇਰਾ ਕੋਈ ਰਿਸ਼ਤੇਦਾਰ ਪੱਕੇ ਤੌਰ ਤੇ ਜਥੇ ਵਿਚ ਨਹੀਂ ਰਹਿੰਦਾ । |
| 17 ਤੁਹਾਡੇ ਮੱਤ ਦਾ ਕੀ ਮਿਸ਼ਨ ਹੈ? | ਮੇਰਾ ਨਿੱਜੀ ਕੋਈ ਮੱਤ ਨਹੀਂ ਹੈ । ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਸਿੰਘਾਂ ਵਿਚ ਫੈਲਾਉਣਾ, ਸਿੰਘਾਂ ਨੂੰ ਅੰਮ੍ਰਿਤ ਛਕਾਉਣਾ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ, ਸਾਰੇ ਨਸ਼ਿਆਂ, ਇਥੋਂ ਤੱਕ ਕਿ ਚਾਹ ਆਦਿ ਦਾ ਵੀ ਤਿਆਗ ਕਰਵਾਉਣਾ । |
| 18 ਕੀ ਪ੍ਰਚਾਰ ਕਰਦੇ ਹੋ? | ਗੁਰਬਾਣੀ ਪੜ੍ਹਨੀ ਤੇ ਪੜ੍ਹਾਉਣੀ, ਅਰਥ ਕਰਕੇ ਸਮਝਾਉਣੇ ਅਤੇ ਕਥਾ ਕਰਵਾਉਣੀ । |
| 19 ਪ੍ਰਚਾਰ ਦੇ ਸੰਬੰਧ ਵਿਚ ਪੰਜਾਬ ਵਿਚ ਕਿੱਥੇ ਕਿੱਥੇ ਜਾਂਦੇ ਹੋ? | ਹਰ ਇਕ ਪਿੰਡ ਵਿਚ, ਜਿਥੇ ਸੰਗਤਾਂ ਬੁਲਾ ਲੈਣ, ਜਾਂਦਾ ਹਾਂ । |
| 20 ਪੰਜਾਬ ਤੋਂ ਬਾਹਰ ਕਿੱਥੇ ਕਿੱਥੇ ਜਾਂਦੇ ਹੋ? | ਸਾਰੇ ਭਾਰਤ ਵਿਚ ਜਾਂਦਾ ਹਾਂ, ਜਿੱਥੇ ਸੰਗਤ ਯਾਦ ਕਰਦੀ ਹੈ । |
| 21 ਖਰਚ ਪਾਣੀ ਕੌਣ ਕਰਦਾ ਹੈ? | ਗੁਰੂ ਕੀ ਸੰਗਤ । |
| 22 ਅਕਾਲੀ ਪਾਰਟੀ ਨਾਲ ਕੀ ਸੰਬੰਧ ਹੈ? | ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਹਰ ਵਿਅਕਤੀ ਨਾਲ ਜੋ ਸੰਬੰਧ ਹੈ । |
| 23 ਹੋਰਨਾਂ ਸੰਬੰਧਿਤ ਪਾਰਟੀਆਂ ਨਾਲ ਕੀ ਸੰਬੰਧ ਹੈ? | ਗੁਰਮਤਿ ਨਾਲ ਹੀ ਸੰਬੰਧ ਹੈ; ਕਿਸੇ ਪਾਰਟੀ ਨਾਲ ਸੰਬੰਧ ਨਹੀਂ ਹੈ । |
| 24 ਨਿਰੰਕਾਰੀ ਮੱਤ ਨਾਲ ਕੀ ਮਤਭੇਦ ਹਨ? | ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਕਾਰਨ, ਜਿਸ ਦਾ ਸਬੂਤ 'ਯੁੱਗ ਪੁਰਸ਼' ਅਤੇ 'ਅਵਤਾਰ ਬਾਣੀ' ਦੋ ਕਿਤਾਬਾਂ ਹਨ । |



Digitized by Panjab Digital Library | www.panjabdigilib.org

| | |
|---|---|
| 25 ਇਸ ਮੱਤ ਭੇਦ ਕਾਰਨ ਝੜਪ ਕਦੋਂ ਸ਼ੁਰੂ ਹੋਈ? | ਜਦੋਂ ਤੋਂ ਗੁਰੂ - ਨਿੰਦਿਆ ਕਰਨ ਲੱਗੇ ਹਨ। ਮੇਰੇ ਤੋਂ ਪਹਿਲਾਂ ਕਰ ਰਹੇ ਹਨ ਅਤੇ ਸੰਤ ਗੁਰਬਚਨ ਸਿੰਘ ਜੀ ਦੇ ਸਮੇਂ ਤੋਂ ਚਲੇ ਆਉਂਦੇ ਹਨ। |
| 26 ਕਿੱਥੇ ਕਿੱਥੇ, ਕੀ ਕੀ ਘਟਨਾ ਵਾਪਰੀ? | ਮੇਰੇ ਨਾਲ 1978 ਵਿਚ ਵੈਸਾਖੀ ਵਾਲੇ ਦਿਨ ਘਟਨਾ ਵਾਪਰੀ ਜਦੋਂ ਸੰਗਤਾਂ ਗਈਆਂ ਕਿ ਗੁਰੂ ਗ੍ਰੰਥ ਸਾਹਿਬ ਦੀ ਨਿੰਦਿਆ ਨਾ ਕੀਤੀ ਜਾਵੇ; ਜਿਸ ਦੇ ਰੋਕਣ ਤੋਂ ਨਰਕਧਾਰੀਆਂ (ਸੰਤ ਨਿਰੰਕਾਰੀਆਂ) ਵਲੋਂ ਗੋਲੀਆਂ ਚਲਾਈਆਂ ਗਈਆਂ। ਇਸ ਵੇਲੇ ਮੈਂ ਮੌਕੇ ਤੇ ਹਾਜ਼ਰ ਨਹੀਂ ਸੀ ਪ੍ਰੰਤੂ ਮੇਰੇ ਨਾਂ ਨਾਲ ਇਹ ਗ਼ਲਤ ਤੌਰ ਤੇ ਜੋੜਿਆ ਜਾ ਰਿਹਾ ਹੈ ਕਿ ਮੈਂ ਉਸ ਮੌਕੇ ਤੇ ਹਾਜ਼ਰ ਸੀ। |
| 27 ਅੰਮ੍ਰਿਤਸਰ ਦੀ ਘਟਨਾ ਦੀ ਅਸਲ ਕਹਾਣੀ ਕੀ ਹੈ? | ਜੋ ਦੱਸ ਦਿੱਤੀ ਹੈ। |
| 28 ਮੁਕਦਮੇ ਦੇ ਮੁਲਜ਼ਮਾਂ ਦੇ ਬਰੀ ਹੋਣ ਦੇ ਕੀ ਕਾਰਨ ਸਮਝਦੇ ਹੋ? ਬਦਲਾ ਲੈਣ ਲਈ ਕੀ ਸੋਚਿਆ? | ਬਰੀ ਹੋਣ ਬਾਰੇ ਅਦਾਲਤ ਹੀ ਦੱਸ ਸਕਦੀ ਹੈ। ਬਦਲਾ ਲੈਣ ਲਈ ਸਿੱਖ ਧਰਮ ਦਾ ਪ੍ਰਚਾਰ ਤੇਜ਼ ਕਰਨ ਦੀ ਸੋਚੀ ਹੈ। |
| 29 ਇਨ੍ਹਾਂ ਘਟਨਾਂਵਾਂ ਵਿਚ ਅਖ਼ਬਾਰਾਂ ਦਾ ਕੀ ਰੋਲ (ਭੂਮਿਕਾ) ਸੀ? | ਇਹ ਅਖ਼ਬਾਰ ਨਵੀਸ ਹੀ ਦੱਸ ਸਕਦੇ ਹਨ। |
| 30 ਤੁਹਾਡੇ ਖ਼ਿਆਲ ਵਿਚ ਕਿਹੜੀ ਕਿਹੜੀ ਅਖ਼ਬਾਰ ਵਾਲੇ ਤੁਹਾਡੇ ਵਿਚਾਰਾਂ ਦੀ ਸਹੀ ਪੁਸ਼ਟੀ ਕਰਦੇ ਸੀ? | ਇਹ ਅਖ਼ਬਾਰ ਵਾਲੇ ਹੀ ਜਾਣਦੇ ਹਨ। |
| 31 ਜੋ ਪੁਸ਼ਟੀ ਨਹੀਂ ਸਨ ਕਰਦੀਆਂ, ਉਨ੍ਹਾਂ ਸੰਬੰਧੀ ਤੁਹਾਡੀ ਟੀਕਾ ਟਿੱਪਣੀ ਕਿਸ ਤਰ੍ਹਾਂ ਦੀ ਸੀ? | ਮੈਂ ਅਖ਼ਬਾਰ ਕਦੇ ਕਦੇ (ਪੰਜਾਬੀ ਦੀ) ਪੜ੍ਹਦਾ ਹਾਂ ਪਰ ਲਿਖਤੀ ਟਿੱਪਣੀ ਕਦੇ ਨਹੀਂ ਕੀਤੀ। ਮੈਂ ਸਿਰਫ ਪੰਜਾਬੀ ਹੀ ਪੜ੍ਹ ਸਕਦਾ ਹਾਂ। |
| 32 ਉਨ੍ਹਾਂ ਅਖ਼ਬਾਰਾਂ ਨੂੰ ਬਿਆਨਬਾਜ਼ੀ ਤੋਂ ਬੰਦ ਕਰਨ ਲਈ ਤੁਸੀਂ ਕੀ ਸਾਧਨ ਅਪਣਾਉਂਦੇ ਹੋ? | ਇਹ ਅਖ਼ਬਾਰਾਂ ਵਾਲੇ ਹੀ ਦੱਸ ਸਕਦੇ ਹਨ। ਮੈਂ ਆਪਣੇ ਵਲੋਂ ਕੋਈ ਸਾਧਨ ਨਹੀਂ ਵਰਤਿਆ। |
| 33 ਤੁਸੀਂ ਆਪਣੇ ਵਿਚਾਰ ਕਿਸ ਤਰ੍ਹਾਂ ਅਖ਼ਬਾਰਾਂ ਵਿਚ ਛਪਾਉਂਦੇ ਸੀ? | ਮੇਰੇ ਸਟੇਜ ਪਰ ਪ੍ਰਚਾਰ ਕਰਨ ਸਮੇਂ ਅਖ਼ਬਾਰਾਂ ਵਾਲੇ ਨੋਟ ਕਰ ਲੈਂਦੇ ਹੋਣਗੇ। |
| 34 ਤੁਹਾਡੇ ਵਲੋਂ ਸਪਸ਼ਟੀਕਰਨ, ਪ੍ਰੈਸ ਬਿਆਨ ਕੌਣ ਜਾਰੀ ਕਰਦਾ ਹੈ? | ਕੋਈ ਵੀ ਸਿੰਘ ਜੋ ਪੜ੍ਹਿਆ ਲਿਖਿਆ ਮੌਕੇ ਤੇ ਹੋਵੇ, ਪ੍ਰੈਸ ਨੂੰ ਬਿਆਨ ਤੇ ਖ਼ਬਰ ਦੇ ਸਕਦਾ ਹੈ। |



Digitized by Panjab Digital Library | www.panjabdigilib.org

| | |
|---|---|
| 35 ਪੰਜਾਬ ਸਰਕਾਰ ਵਲੋਂ ਅਸਲੇ ਤੇ ਲਾਈ ਪਾਬੰਦੀ ਨੂੰ ਮੁੱਖ ਰੱਖ ਕੇ ਕਿਤਨੇ ਹਥਿਆਰ ਦਾਖਲ ਕਰਵਾਏ? | ਮੇਰੇ ਪਾਸ ਕੋਈ ਅਸਲਾ ਨਹੀਂ। ਇਸ ਲਈ ਦਾਖਲ ਕਰਾਉਣ ਦਾ ਸੁਆਲ ਹੀ ਨਹੀਂ। |
| 36 ਕਿਉਂ ਨਹੀਂ ਕਰਾਏ? | ਕੋਈ ਅਸਲਾ ਹੀ ਨਹੀਂ। |
| 37 ਇਸ ਵੇਲੇ ਜਥੇ ਦੇ ਕਿੰਨੇ ਮੈਂਬਰ ਕੇਸਾਂ ਵਿਚ ਸ਼ਾਮਲ ਹਨ? | ਕੋਈ ਗਿਣਤੀ ਨਹੀਂ। |
| 38 ਕਿਸ ਕਿਸ ਵਿਅਕਤੀ ਕੋਲ ਕੀ ਕੀ ਅਸਲ੍ਹਾ ਹੈ? ਕਿੰਨੇ ਰੌਂਦ ਹਨ? ਜਥੇ ਦੇ ਨਾਂ ਤੇ ਕਿਹੜੇ ਕਿਹੜੇ ਅਸਲੇ (ਹਥਿਆਰ) ਹਨ? | ਮੈਨੂੰ ਕੋਈ ਪਤਾ ਨਹੀਂ। |
| 39 ਅਸਲਾ ਖਰੀਦਣ ਲਈ ਰਕਮ ਕਿੱਥੋਂ ਆਈ? | ਮੇਰੇ ਪਾਸ ਕੋਈ ਅਸਲਾ ਨਹੀਂ। ਇਸ ਲਈ ਰਕਮ ਹਾਸਲ ਕਰਨ ਦਾ ਸੁਆਲ ਹੀ ਨਹੀਂ। |
| 40 ਤੁਹਾਡਾ ਭਾਈ ਜਗੀਰ ਸਿੰਘ ਤੇ ਉਸ ਦਾ ਪੁੱਤਰ ਸਵਰਨ ਸਿੰਘ ਕਿੱਥੇ ਰਹਿੰਦਾ ਹੈ? ਜਗੀਰ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ? | ਮੈਨੂੰ ਪਤਾ ਨਹੀਂ ਕਿ ਮੇਰਾ ਭਾਈ ਜਾਗੀਰ ਸਿੰਘ ਇਸ ਵੇਲੇ ਕਿੱਥੇ ਰਹਿੰਦਾ ਹੈ। ਸਵਰਨ ਸਿੰਘ ਅਤੇ ਕਾਰਬਾਈਨ ਬਾਰੇ ਵੀ ਉਸ ਨੂੰ ਹੀ ਪਤਾ ਹੋ ਸਕਦਾ ਹੈ। |
| 41 ਵੀਰ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ? ਭਾਈ ਅਮਰੀਕ ਸਿੰਘ ਦੀ ਲਾਇਸੈਂਸੀ ਕਾਰਬਾਈਨ ਕਿੱਥੇ ਹੈ? | ਇਹ ਵੀ ਉਨ੍ਹਾਂ ਨੂੰ ਹੀ ਪਤਾ ਹੈ। |
| 42 ਨਿਰੰਕਾਰੀ ਕੇਸ ਵਿਚ ਤੁਹਾਡੇ ਜਥੇ ਦੇ ਕਿਹੜੇ ਕਿਹੜੇ ਮੈਂਬਰਾਂ ਦੇ ਵਾਰੰਟ ਹਨ? | ਵਾਰੰਟ ਜਾਰੀ ਕਰਨ ਵਾਲਿਆਂ ਨੂੰ ਹੀ ਪਤਾ ਹੋਵੇਗਾ। |
| 43 ਨਾਮ ਵਾਰ ਉਹ ਕਿੱਥੇ ਕਿੱਥੇ ਹਨ? | ਮੈਨੂੰ ਕੋਈ ਪਤਾ ਨਹੀਂ ਕਿੱਥੇ ਹਨ, ਦਲਬੀਰ ਸਿੰਘ ਬਾਰੇ ਦੇਖ ਕੇ ਹੀ ਦੱਸ ਸਕਦਾ ਹਾਂ। |
| 44 ਤੁਸੀਂ ਉਨ੍ਹਾਂ ਨੂੰ ਪੇਸ਼ ਕਿਉਂ ਨਹੀਂ ਕਰਦੇ? | ਮੇਰੇ ਕੋਲ ਹੋਣ ਤਾਂ ਮੈਂ ਪੇਸ਼ ਕਰਾਂ। |
| 45 ਤੁਸੀਂ ਆਪਣੇ ਭਾਸ਼ਨਾਂ ਵਿਚ ਉਨ੍ਹਾਂ ਸੰਬੰਧੀ ਕੀ ਰਾਇ ਪ੍ਰਗਟ ਕਰਦੇ ਹੋ? | ਮੇਰੀ ਕੋਈ ਰਾਇ ਨਹੀਂ ਹੈ। |
| 46 ਮਿਤੀ 2.9.81 ਨੂੰ ਭਿੱਖੀਵਿੰਡ ਇਕੱਠ ਵਿਚ ਤੁਸੀਂ ਇਹ ਲਲਕਾਰ ਕੇ ਕਿਹਾ, ਕਿ ਗੁਰਮੁਖ ਸਿੰਘ ਮੇਰੇ ਕੋਲ ਬੈਠਾ ਹੈ, ਗੌਰਮਿੰਟ ਹੱਥ ਲਾ ਕੇ ਦੇਖੇ? | ਇਹ ਸਰਾਸਰ ਝੂਠ ਹੈ। |



Digitized by Panjab Digital Library / www.panjabdigilib.org

47 ਤੁਸੀਂ ਸੰਤ ਕਰਤਾਰ ਸਿੰਘ ਦੀ ਬਰਸੀ ਤੇ ਰਣਜੀਤ ਸਿੰਘ ਦੀ ਮਾਂ, ਭੈਣ, ਕਾਬਲ ਸਿੰਘ ਦੀ ਮਾਂ, ਬਾਪ ਅਤੇ ਭੈਣ ਨੂੰ ਸਿਰੋਪੇ ਦੇ ਕੇ ਸਨਮਾਨਿਆ। ਇਸ ਦਾ ਕੀ ਕਾਰਨ ਸੀ?

ਮੈਂ ਅਖਬਾਰਾਂ ਰਾਹੀਂ ਪੜ੍ਹਿਆ ਸੀ ਕਿ ਰਣਜੀਤ ਸਿੰਘ ਅਤੇ ਕਾਬਲ ਸਿੰਘ ਦੇ ਪਰਵਾਰ ਨਾਲ ਸਰਕਾਰ ਬਤੌਰ ਸਿੱਖ ਦੇ ਧੱਕਾ ਕਰਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਉਨ੍ਹਾਂ ਦੇ ਪਰਵਾਰਾਂ ਦਾ ਸਨਮਾਨ ਕੀਤਾ ਸੀ। ਮੈਂ ਵੀ ਆਪਣਾ ਫਰਜ਼ ਸਮਝ ਕੇ ਉਨ੍ਹਾਂ ਦੇ ਪਰਵਾਰਾਂ ਦਾ ਸਿੱਖ ਹੋਣ ਦੇ ਨਾਤੇ ਸਨਮਾਨ ਕੀਤਾ ਸੀ।

48 ਤੁਸੀਂ ਭਾਸ਼ਨ ਦਿੱਤਾ ਕਿ ਜੇ ਹਾਲਾਤ ਨੇ ਇਜਾਜ਼ਤ ਦਿੱਤੀ ਤਾਂ ਸਮਾਂ ਆਉਣ ਤੇ ਇਨ੍ਹਾਂ ਨੂੰ ਸੋਨੇ ਚਾਂਦੀ ਨਾਲ ਤੋਲਾਂਗਾ? ਇਹ ਕਿਸ ਬਹਾਦਰੀ ਦੇ ਇਵਜ਼ ਵਿਚ ਸੀ?

ਮੈਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਮੇਰੇ ਕੋਲ ਆ ਜਾਵੇ ਤਾਂ ਮੈਂ ਉਸ ਨੂੰ ਗੌਰਮਿੰਟ ਦੇ ਹਵਾਲੇ ਕਰ ਦੇਵਾਂਗਾ। ਉਸ ਖਬਰ ਦੇ ਸੰਬੰਧ ਵਿਚ ਉਤਰ ਦੇਂਦਿਆਂ ਹੋਇਆਂ ਮੈਂ ਕਿਹਾ ਸੀ ਕਿ ਜੇ ਮੇਰੇ ਪਾਸ ਰਣਜੀਤ ਸਿੰਘ ਆ ਗਿਆ ਤਾਂ ਸ਼ਹੀਦਾਂ ਦੇ ਸੰਬੰਧ ਨੂੰ ਮੁੱਖ ਰੱਖ ਕੇ ਉਸ ਨੂੰ ਸੋਨੇ ਨਾਲ ਤੋਲਾਂਗਾ।

49 ਨਿਰੰਕਾਰੀ ਬਾਬਾ ਗੁਰਬਚਨ ਸਿੰਘ ਦੇ ਕਤਲ ਬਾਰੇ ਕੀ ਪਤਾ ਹੈ?

ਕੋਈ ਪਤਾ ਨਹੀਂ।

50 ਤੁਹਾਡੇ ਜਥੇ ਦੇ ਬੰਦਿਆਂ ਦਾ ਨਾਂ ਕਿਉਂ ਆਇਆ?

1978 ਦੇ ਸਾਕੇ ਦੇ ਹੋਣ ਕਾਰਨ।

51 ਜੇ ਤੁਸੀਂ ਸੱਚੇ ਹੋ ਤਾਂ ਉਨ੍ਹਾਂ ਬੰਦਿਆਂ ਨੂੰ ਪੇਸ਼ ਕਿਉਂ ਨਹੀਂ ਕਰਦੇ?

ਮੇਰੇ ਕੋਲ ਹੋਣ ਤਾਂ ਪੇਸ਼ ਕਰਾਂ।

52 ਤੁਹਾਡੇ ਪਿੰਡ ਦੇ ਕਿੰਨੇ ਬੰਦੇ ਪੱਕੇ ਤੌਰ ਤੇ ਜਥੇ ਨਾਲ ਹਨ? ਪਰਸਾ ਸਿੰਘ ਬਾਰੇ ਕੀ ਜਾਣਦੇ ਹੋ?

ਪੱਕੇ ਤੌਰ ਤੇ ਕੋਈ ਨਹੀਂ। ਸੰਗਤਾਂ ਦੇ ਰੂਪ ਵਿਚ ਕੋਈ ਆਵੇ ਕੋਈ ਜਾਵੇ। ਮੈਂ ਪਰਸਾ ਸਿੰਘ ਦੇ ਸਾਹਮਣੇ ਆਉਣ ਤੇ ਹੀ ਦੱਸ ਸਕਦਾ ਹਾਂ।

53 ਨਛੱਤਰ ਸਿੰਘ ਕਦੋਂ ਰਲਿਆ ਹੈ?

ਮੇਰੇ ਨਾਲ ਕੋਈ ਨਹੀਂ ਰਲਿਆ। ਨਛੱਤਰ ਸਿੰਘ ਸਾਡੇ ਪਿੰਡ ਕਈ ਹਨ, ਸਾਹਮਣੇ ਆਉਣ ਤੇ ਹੀ ਦੱਸ ਸਕਦਾ ਹਾਂ।

54 ਨਛੱਤਰ ਸਿੰਘ ਦਾ ਪਿਛੋਕੜ ਕੀ ਹੈ?

ਮੈਨੂੰ ਪਤਾ ਨਹੀਂ।

55 ਸਵਰਨ ਸਿੰਘ ਜੱਥੇ ਨਾਲ ਪੱਕਾ ਰਹਿੰਦਾ ਹੈ?

ਪੱਕਾ ਨਹੀਂ ਰਹਿੰਦਾ। ਆਮ ਸੰਗਤਾਂ ਜਿਵੇਂ ਜੱਥੇ ਬਣਾ ਕੇ ਆਉਂਦੀਆਂ ਹਨ, ਆ ਜਾਂਦਾ ਹੈ।



Digitized by Panjab Digital Library | www.panjabdigilib.org

| | |
|---|---|
| 56 ਸਵਰਨ ਸਿੰਘ ਅੱਜਕੱਲ੍ਹ ਕਿੱਥੇ ਹੈ? | ਪਤਾ ਨਹੀਂ। |
| 57 ਦਲਬੀਰ ਸਿੰਘ ਵਾਸੀ ਨਥਾਵਾਂ ਕਿੱਥੇ ਹੈ? ਉਸ ਦੀ ਵੋਟ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਨਾਉਂ ਦੀ ਹੈ? | ਇਹ ਦਲਬੀਰ ਸਿੰਘ ਹੀ ਦੱਸ ਸਕਦਾ ਹੈ। ਮੈਨੂੰ ਪਤਾ ਨਹੀਂ ਕਿ ਗੁਰਦੁਆਰਾ ਚੋਣਾਂ ਵਿਚ ਦਲਬੀਰ ਸਿੰਘ ਦੀ ਵੋਟ ਗੁਰਦੁਆਰੇ ਦੇ ਨਾਉਂ ਬਣੀ ਹੈ ਕਿ ਨਹੀਂ। |
| 58 ਉੱਜਲ ਸਿੰਘ ਮਲਸੀਹਾਂ ਨਾਲ ਕੀ ਸੰਬੰਧ ਹੈ? ਉਸ ਕੋਲ ਸਵਾਰੀ ਦੇ ਕੀ ਕੀ ਸਾਧਨ ਹਨ? | ਜਿਸ ਤਰ੍ਹਾਂ ਆਮ ਸੰਗਤ ਨਾਲ ਹੈ। ਸਵਾਰੀ ਦੇ ਸਾਧਨਾਂ ਬਾਰੇ ਉਸ ਨੂੰ ਹੀ ਪਤਾ ਹੈ। |
| 59 ਉੱਜਲ ਸਿੰਘ ਤੋਂ ਮੋਟਰ ਸਾਈਕਲ ਨਛੱਤਰ ਸਿੰਘ ਨੂੰ ਕਿਸ ਮੰਤਵ ਲਈ ਦੁਆਇਆ? | ਮੈਂ ਕਦੀ ਮੋਟਰ ਸਾਈਕਲ ਉੱਜਲ ਸਿੰਘ ਤੋਂ ਨਛੱਤਰ ਸਿੰਘ ਨੂੰ ਨਹੀਂ ਦੁਆਇਆ ਅਤੇ ਨਾ ਹੀ ਕਿਸੇ ਹੋਰ ਨੂੰ। |
| 60 ਉੱਜਲ ਸਿੰਘ ਹੋਰਾਂ ਨੇ ਅੰਮ੍ਰਿਤਸਰ ਘਟਨਾ ਉਪ੍ਰੰਤ ਸ਼ਹੀਦਾਂ ਦੇ ਵਾਰਸਾਂ ਨੂੰ ਕਿੰਨੀ ਮਾਲੀ ਸਹਾਇਤਾ ਦਿੱਤੀ ਹੈ? | ਇਹ ਉਨ੍ਹਾਂ ਨੂੰ ਹੀ ਪਤਾ ਹੈ। |
| 61 ਪਿਛਲੇ ਤਿੰਨ ਚਾਰ ਮਹੀਨਿਆਂ ਤੋਂ ਜੱਥਾ ਕਿੱਥੇ ਕਿੱਥੇ ਰਿਹਾ? | ਤਰੀਕ ਯਾਦ ਨਹੀਂ। ਜਿਥੇ ਕਿਤੇ ਸੰਗਤਾਂ ਨੇ ਸੱਦਿਆ, ਗਿਆ ਹਾਂ। |
| 62 ਉਥੇ ਕੌਣ ਕੌਣ ਸੇਵਾ ਕਰਦਾ ਰਿਹਾ? | ਗੁਰੂ ਕੀ ਸੰਗਤ। |
| 63 ਚੰਦੋ ਕਲਾਂ ਕਿਹੜੀ ਤਾਰੀਖ ਨੂੰ ਗਏ? | ਤਾਰੀਖ ਯਾਦ ਨਹੀਂ; ਗਿਆ ਜ਼ਰੂਰ ਸੀ। |
| 64 ਨਾਲ ਕੌਣ ਕੌਣ ਗਿਆ? | ਸੰਗਤ ਜਥੇ ਦੇ ਰੂਪ ਵਿਚ ਗਈ ਸੀ। ਉਨ੍ਹਾਂ ਵਿਚ ਬਾਬਾ ਠਾਕਰ ਸਿੰਘ, ਸਾਧੂ ਸਿੰਘ, ਮਹਾਂ ਸਿੰਘ, ਪ੍ਰੇਮ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ ਆਦਿ ਕਾਫੀ ਸੰਗਤ ਗਈ ਸੀ। |
| 65 ਕੀ ਕੀ ਗੱਡੀਆਂ ਤੇ ਕੀ ਕੀ ਅਸਲਾ ਸੀ? | ਦੋ ਬੱਸਾਂ, ਇਕ ਟਰੱਕ ਸੀ। ਅਸਲੇ ਬਾਰੇ ਅਸਲੇ ਵਾਲੇ ਹੀ ਦੱਸ ਸਕਦੇ ਹਨ, ਮੇਰੇ ਪਾਸ ਧਾਰਮਿਕ ਪੋਥੀਆਂ ਸਨ। |
| 66 ਲਾਲਾ ਜਗਤ ਨਾਰਾਇਣ ਦੇ ਕਤਲ ਦੀ ਖਬਰ ਕਦੋਂ ਮਿਲੀ? | ਤਾਰੀਖ ਯਾਦ ਨਹੀਂ, ਸੰਗਤਾਂ ਨੇ ਦੱਸਿਆ ਸੀ। |
| 67 ਫਾਇਰ ਕਿਸ ਖ਼ੁਸ਼ੀ ਵਿਚ ਕੀਤੇ? | ਕੋਈ ਫਾਇਰ ਨਹੀਂ ਕੀਤਾ। |
| 68 ਸਵਰਨ ਸਿੰਘ ਤੇ ਦਲਬੀਰ ਸਿੰਘ ਕਦੋਂ ਪੁੱਜੇ? | ਮੇਰੇ ਪਾਸ ਕੋਈ ਨਹੀਂ ਪੁੱਜਿਆ। |
| 69 ਕੀ ਕੀ ਗੱਲ ਹੋਈ? | ਜਦੋਂ ਪੁੱਜੇ ਹੀ ਨਹੀਂ ਤਾਂ ਗੱਲ ਕੀ ਹੋਣੀ ਸੀ। |



Digitized by Panjab Digital Library / www.panjabdigilib.org

70 ਅਗਲੀ ਰਾਤ ਤੁਹਾਡੇ ਬੰਦੇ ਟਰੱਕ ਤੇ ਪੰਜਾਬ ਨੂੰ ਕਿਉਂ ਗਏ?

ਮੈਂ ਆਪ ਗੁਰਦੁਆਰਾ ਮਹਿਤਾ ਸਾਹਿਬ ਆਇਆ ਸਾਂ। ਮੇਰਾ ਗੁਰੂ ਅਸਥਾਨ ਹੈ।

71 ਕੁਲਵੰਤ ਸਿੰਘ ਤੇ ਰਾਮ ਸਿੰਘ ਦੇ ਅਸਲੇ ਧਨੌਲਾ ਪੁਲਿਸ ਨੇ ਪਕੜੇ?

ਉਨ੍ਹਾਂ ਨੂੰ ਪਤਾ ਹੋਵੇਗਾ। ਇਹ ਦੋਵੇਂ ਥਾਣੇ ਵਿਚੋਂ ਧਨੌਲੇ ਹੋ ਕੇ ਗਏ ਸੀ, ਮੈਨੂੰ ਪਤਾ ਦੱਸਣ ਅਤੇ ਮੈਂ ਟਰੱਕ ਵਿਚ ਗਿਆ ਸੀ, ਥਾਣੇ ਵਿਚ ਮੈਂ ਨਹੀਂ ਗਿਆ। ਸਿੰਘ ਜਾ ਕੇ ਅਸਲਾ ਲੈ ਆਏ ਸਨ।

72 ਤੁਹਾਨੂੰ ਕਿਸ ਤਰ੍ਹਾਂ ਇਤਲਾਹ ਮਿਲੀ?

ਮੈਨੂੰ ਭਾਈ ਥਾਰਾ ਸਿੰਘ ਨੇ ਦੱਸਿਆ ਸੀ। ਉਸ ਦੇ ਪਿੰਡ ਦਾ ਪਤਾ ਨਹੀਂ। ਚੰਦੋ ਕਲਾਂ ਵਿਚ ਇਤਲਾਹ ਮਿਲੀ ਸੀ।

73 ਕਦੋਂ ਛੁਡਾ ਕੇ ਲਿਆਏ?

ਤਾਰੀਖ ਯਾਦ ਨਹੀਂ।

74 ਅਗਲੀ ਰਾਤ ਨੂੰ ਫਿਰ ਪੰਜਾਬ ਆਏ, ਮਹਿਤੇ ਗਏ, ਉੱਜਲ ਸਿੰਘ ਦੇ ਘਰ ਰੋਟੀ ਖਾਧੀ?

ਉਸੇ ਰਾਤ ਮਹਿਤੇ ਆਇਆ ਅਤੇ ਵਾਪਸੀ ਸਮੇਂ ਉੱਜਲ ਸਿੰਘ ਦੇ ਘਰ ਮਲਸੀਹਾਂ ਰੋਟੀ ਖਾਧੀ ਸੀ।

75 ਵਾਰੰਟਾਂ ਦੀ ਖਬਰ ਕਦੋਂ ਮਿਲੀ?

ਮੈਨੂੰ 16.9.81 ਨੂੰ ਵਾਰੰਟ ਦਿਖਾਣ ਤੇ ਖਬਰ ਮਿਲੀ ਸੀ।

76 ਅੰਮ੍ਰਿਤਸਰ ਕਿਉਂ ਗਏ?

ਇਸ਼ਨਾਨ ਕਰਨ ਗਿਆ ਸੀ।

77 ਮਹਿਤੇ ਕਿਹੜੇ ਰਾਹ ਪੁੱਜੇ?

ਜਿਸ ਰਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਲੈ ਗਏ।

78 ਆਤਮ ਸਮਰਪਨ ਵਿਚ ਦੇਰੀ ਕਿਉਂ?

ਡੇਰੇ ਦਾ ਸਾਰਾ ਪ੍ਰਬੰਧ, ਆਈ ਸੰਗਤ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਸੌਂਪਣੀ ਸੀ। ਭਾਈ ਥਾਹਰਾ ਸਿੰਘ ਨੂੰ ਜ਼ਿੰਮੇਵਾਰੀ ਸੰਭਾਲ ਕੇ ਪੇਸ਼ ਹੋ ਗਿਆ ਹਾਂ।

79 ਕਿਸ ਕਿਸ ਲੀਡਰ ਨਾਲ ਕੀ ਕੀ ਸਲਾਹ ਹੋਈ?

ਇਸ ਬਾਰੇ ਕੁਝ ਨਹੀਂ ਦੱਸਣਾ। ਇਹ ਮੇਰਾ ਨਿੱਜੀ ਮਾਮਲਾ ਹੈ।

80 ਇਸ ਵੇਲੇ ਗੁਰਦੁਆਰੇ ਵਿਚ ਕੌਣ ਕੌਣ ਵਿਅਕਤੀ ਹੈ?

ਗੁਰਦੁਆਰਾ ਸਾਹਿਬ ਵਿਚ ਕੋਈ ਭਗੌੜਾ ਨਹੀਂ, ਜੇ ਹੈ ਤਾਂ ਪੁਲਿਸ ਫੜ ਲਵੇ।

81 ਉਨ੍ਹਾਂ ਕੋਲ ਕੀ ਕੀ ਅਸਲੇ ਹਨ?

ਜਦੋਂ ਗੁਰਦੁਆਰੇ ਵਿਚ ਹੈ ਹੀ ਨਹੀਂ ਤਾਂ ਅਸਲੇ ਬਾਰੇ ਕੀ ਦੱਸ ਸਕਦਾ ਹਾਂ?

82 ਅਸਲੇ ਦੀ ਗਿਣਤੀ ਕਿਸ ਤਰ੍ਹਾਂ ਕਰਦੇ ਹੋ?

ਅਸਲਾ ਜਿਸ ਸਿੰਘ ਦਾ ਹੁੰਦਾ ਹੈ, ਆਪਣੇ ਪਾਸ ਰੱਖਦਾ ਹੈ ਅਤੇ ਸੰਭਾਲ ਕਰਦਾ ਹੈ।

83 ਅਸਲਾ ਤਕਸੀਮ ਕਿਸ ਤਰ੍ਹਾਂ ਕਰਦੇ ਹੋ?

ਜਦ ਆਪਣਾ ਹੈ ਹੀ ਨਹੀਂ ਤਾਂ ਤਕਸੀਮ ਕਰਨ ਦਾ ਕੀ ਸੁਆਲ?



Digitized by Panjab Digital Library | www.panjabdigilib.org

| | |
|---|---|
| 84 ਤੁਹਾਡੀ ਗ਼ੈਰ - ਹਾਜ਼ਰੀ ਵਿਚ ਅਸਲਾ ਇਨਚਾਰਜ ਕੌਣ ਹੁੰਦਾ ਹੈ? | ਕੋਈ ਨਹੀਂ। |
| 85 ਨਛੱਤਰ ਸਿੰਘ ਦੇ 12 ਬੋਰ ਪਸਤੌਲ ਅਤੇ .303 ਪਿਸਤੌਲ ਕਿੱਥੇ ਹਨ? | ਨਛੱਤਰ ਸਿੰਘ ਨੂੰ ਪਤਾ ਹੋਵੇਗਾ। ਮੈਨੂੰ ਉਸ ਨੇ ਕਦੇ ਕੋਈ ਅਸਲਾ ਨਹੀਂ ਦਿੱਤਾ। |
| 86 ਸਵਰਨ ਸਿੰਘ ਤੇ ਦਲਬੀਰ ਸਿੰਘ ਨੂੰ .32 ਬੋਰ ਰਿਵਾਲਵਰ ਤੇ .455 ਬੋਰ ਰਿਵਾਲਵਰ ਕਿਸ ਨੇ ਕਿੱਤੇ? | ਇਹ ਉਨ੍ਹਾਂ ਨੂੰ ਹੀ ਪਤਾ ਹੋਵੇਗਾ। ਮੈਨੂੰ ਕੋਈ ਪਤਾ ਨਹੀਂ। |
| 87 ਇਹ ਕਿਸ ਦੇ ਲਾਇਸੈਂਸੀ ਅਸਲੇ ਹਨ? | ਮੈਨੂੰ ਕੋਈ ਪਤਾ ਨਹੀਂ। |
| 88 ਅਸਲ ਵਿਚ ਲਾਲਾ ਜੀ ਦਾ ਕਤਲ ਤੁਸੀਂ ਆਪਣੇ ਬੰਦਿਆਂ ਕੋਲੋਂ ਕਰਵਾਇਆ ਹੈ? | ਮੈਂ ਲਾਲਾ ਜਗਤ ਨਾਰਾਇਣ ਦਾ ਕਤਲ ਨਹੀਂ ਕਰਵਾਇਆ। |
| 89 ਅਸਲ ਵਿਚ ਨਿਰੰਕਾਰੀ ਬਾਬੇ ਦਾ ਕਤਲ ਵੀ ਤੁਸੀਂ ਆਪਣਿਆਂ ਬੰਦਿਆਂ ਰਾਹੀਂ ਕਰਵਾਇਆ ਹੈ। ਇਹ ਗੱਲ ਠੀਕ ਹੈ? | ਇਹ ਗੱਲ ਗ਼ਲਤ ਹੈ ਕਿ ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ ਮੈਂ ਆਪਣੇ ਬੰਦਿਆਂ ਕੋਲੋਂ ਕਰਵਾਇਆ ਹੈ। |

ਇਹ ਹਨ ਨਮੂਨੇ ਵਜੋਂ ਕੁਝ ਸਵਾਲ - ਜਵਾਬ, ਜਿਹੜੇ ਸੰਤ ਜਰਨੈਲ ਸਿੰਘ ਜੀ ਨੇ ਲਾਲਾ ਕਤਲ ਕੇਸ ਵਿਚ ਗ੍ਰਿਫਤਾਰ ਹੋਣ ਪਿੱਛੋਂ ਰਿਮਾਂਡਾਂ ਦੌਰਾਨ ਪੁੱਛਗਿੱਛ ਕਰਨ ਵਾਲੇ ਪੁਲਿਸ ਅਫਸਰਾਂ ਨੂੰ ਦਿੱਤੇ।। ਇਨ੍ਹਾਂ ਤੋਂ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਹ ਸਵਾਲ ਕਿਹੋ ਜਿਹੇ ਹੋਣਗੇ, ਜਿਨ੍ਹਾਂ ਦੇ ਜਵਾਬ ਇਹ ਦੇਣੇ ਪਏ ... ਤੇ ਉਹ ਚਿਹਰੇ ਕਿਹੋ ਜਿਹੇ ਹੋਣਗੇ, ਜਿਨ੍ਹਾਂ ਨੂੰ ਇਹ ਥੱਪੜ ਖਾਣੇ ਪਏ!

20.9.81 ਨੂੰ ਸੰਤ ਜਰਨੈਲ ਸਿੰਘ ਜੀ ਨੂੰ ਮਹਿਤਾ ਚੌਕ (ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਕੇ ਪੁਲਿਸ ਰਿਮਾਂਡ ਦੌਰਾਨ ਬੱਸੀਆਂ, ਗੜ੍ਹੀ ਤੇ ਸਿੱਧਵਾਂ ਰੈਸਟ ਹਾਊਸਾਂ ਵਿਚ ਰੱਖਿਆ ਗਿਆ ਸੀ ਤੇ 'ਅਦਾਲਤ' ਖੁਦ ਚੱਲ ਕੇ ਉਨ੍ਹਾਂ ਦੀ ਅਦਾਲਤ ਵਿਚ ਆਇਆ ਕਰਦੀ ਤੇ ਮੁਜਰਮਾਂ ਵਾਂਗ ਕਟਹਿਰੇ ਵਿਚ ਖੜ੍ਹੀ ਹੋਇਆ ਕਰਦੀ ਸੀ।

ਪੁਲਿਸ ਰਿਮਾਂਡਾਂ ਦਾ ਚੱਕਰ ਖਤਮ ਹੋਣ 'ਤੇ ਉਨ੍ਹਾਂ ਨੂੰ ਜੁਡੀਸ਼ਲ ਰਿਮਾਂਡ ਦੇ ਕੇ ਸੈਂਟਰਲ ਜੇਲ ਫਿਰੋਜ਼ਪੁਰ ਭੇਜ ਦਿੱਤਾ ਗਿਆ ਜਿਥੇ ਉਹ 15.10.81 ਤੱਕ ਰਹੇ।

## 'ਕਾਤਿਲ' ਨਿਰਦੋਸ਼ ਸਾਬਤ ਹੋਇਆ

ਸੰਤਾਂ ਦੀ ਗ੍ਰਿਫਤਾਰੀ ਕਾਰਨ ਸਿੱਖ ਸੰਗਤਾਂ ਵਿਚ ਪੈਦਾ ਹੋਇਆ ਰੋਹ ਇਕ ਲਹਿਰ ਦੀ ਸ਼ਕਲ ਧਾਰਨ ਕਰ ਗਿਆ। ਗ੍ਰਿਫਤਾਰੀ ਉਪਰੰਤ ਜਿੱਥੇ ਜਿੱਥੇ ਸੰਤਾਂ ਨੂੰ ਰੱਖਿਆ ਗਿਆ, ਉਥੇ ਉਥੇ ਦੀਵਾਨ ਸਜਣੇ ਸ਼ੁਰੂ ਹੋ ਗਏ, ਲੰਗਰ ਲੱਗਣੇ ਸ਼ੁਰੂ ਹੋ ਗਏ। ਸਿੱਖ ਪੰਥ ਦੀ ਪ੍ਰਤੀਨਿਧ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਲੋਕ - ਰਾਏ ਨੂੰ ਹਿਲੂਣਾ ਦੇਣ ਲਈ ਭਿੰਡਰਾਂਵਾਲੇ



Digitized by Panjab Digital Library / www.panjabdigilib.org

ਸੰਤਾਂ ਦੀ ਚੜ੍ਹਦੀ ਕਲਾ ਵਾਸਤੇ ਜਗ੍ਹਾ ਜਗ੍ਹਾ ਆਖੰਡ ਪਾਠ ਰੱਖਣ ਦਾ ਸੱਦਾ ਦੇ ਦਿੱਤਾ। ਚੁਨਾਂਚਿ ਅਕਾਲੀ ਦਲ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਦੇਸ ਪ੍ਰਦੇਸ ਵਿਚ ਸਿੱਖ ਸੰਗਤਾਂ ਨੇ 26.9.81 ਨੂੰ ਪਾਠਾਂ ਦੇ ਭੋਗ ਪਾ ਕੇ ਸੰਤ ਜਰਨੈਲ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ਅਰਦਾਸਾਂ ਕੀਤੀਆਂ। ਏਸੇ ਸਿਲਸਿਲੇ ਵਿਚ 27.9.81 ਨੂੰ ਲੁਧਿਆਣੇ ਵਿਚ ਇਕ ਬਹੁਤ ਭਾਰੀ ਅਕਾਲੀ ਕਾਨਫਰੰਸ ਕੀਤੀ ਗਈ, ਜਿਸ ਵਿਚ ਪ੍ਰਮੁਖ ਅਕਾਲੀ ਆਗੂਆਂ ਤੋਂ ਇਲਾਵਾ ਸਰਬ ਹਿੰਦ ਸਿੱਖ ਵਿਦਿਆਰਥੀਆਂ ਦੇ ਨੌਜਵਾਨ ਨੇਤਾ ਭਾਈ ਅਮਰੀਕ ਸਿੰਘ ਜੀ ਵੀ ਸ਼ਾਮਿਲ ਹੋਏ।

ਉਹਨੀਂ ਦਿਨੀਂ ਪੰਜਾਬ ਵਿਚ ਹੋ ਰਹੇ ਬੰਬ ਧਮਾਕਿਆਂ ਤੇ ਹਿੰਸਕ ਵਾਰਦਾਤਾਂ ਕਾਰਨ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਬਹੁਤ ਪਰੇਸ਼ਾਨ ਸਨ। ਪੰਜਾਬ ਵਿਚ ਸ਼ਾਂਤੀ ਭਰਿਆ ਮਾਹੌਲ ਬਣਾਉਣ ਲਈ ਕੋਈ ਹੱਲ ਢੂੰਡਣ ਵਾਸਤੇ ਸ਼੍ਰੀਮਤੀ ਗਾਂਧੀ ਨੇ ਪੰਜਾਬ ਦੀਆਂ ਅਪੋਜ਼ੀਸ਼ਨ ਪਾਰਟੀਆਂ ਨਾਲ ਗੱਲਬਾਤ ਚਲਾ ਰੱਖੀ ਸੀ, ਜਿਸ ਵਿਚ ਅਕਾਲੀ ਨੁਮਾਇੰਦੇ ਵੀ ਸ਼ਾਮਿਲ ਸਨ। ਏਥੇ ਹੀ ਬੱਸ ਨਹੀਂ, ਮਿਸਜ਼ ਗਾਂਧੀ ਨੇ ਸਿੱਖਾਂ ਦੀਆਂ ਸ਼ਿਕਾਇਤਾਂ ਬਾਰੇ ਗੱਲਬਾਤ ਕਰਨ ਲਈ ਅਕਾਲੀ ਆਗੂਆਂ ਨੂੰ ਦਿੱਲੀ ਆਉਣ ਦਾ ਸੱਦਾ ਦੇ ਦਿੱਤਾ ਪਰ ਅਕਾਲੀ ਲੀਡਰਸ਼ਿਪ ਨੇ ਇਹ ਸ਼ਰਤ ਰੱਖ ਦਿੱਤੀ ਕਿ ਉਹ ਓਨਾ ਚਿਰ ਗੱਲਬਾਤ ਵਿਚ ਸ਼ਾਮਲ ਨਹੀਂ ਹੋਣਗੇ, ਜਦ ਤੱਕ ਭਿੰਡਰਾਂਵਾਲੇ ਸੰਤਾਂ ਨੂੰ ਜੇਲ੍ਹ 'ਚੋਂ ਰਿਹਾ ਨਹੀਂ ਕਰ ਦਿੱਤਾ ਜਾਂਦਾ। ਅਕਾਲੀਆਂ ਦਾ ਇਹ ਤੀਰ ਨਿਸ਼ਾਨੇ 'ਤੇ ਲੱਗਾ ਅਤੇ ਸ਼੍ਰੀਮਤੀ ਗਾਂਧੀ ਨੇ ਦਰਬਾਰਾ ਸਰਕਾਰ ਨੂੰ ਹੁਕਮ ਜਾਰੀ ਕਰ ਦਿੱਤਾ ਕਿ ਸੰਤ ਜਰਨੈਲ ਸਿੰਘ ਨੂੰ ਫੌਰਨ ਰਿਹਾ ਕਰ ਦਿੱਤਾ ਜਾਏ। ਸੋ 'ਉਪਰੋਂ' ਆਏ ਹੁਕਮ ਪਿੱਛੋਂ 15.10.81 ਨੂੰ 'ਅਦਾਲਤ' ਫੇਰ ਚੱਲ ਕੇ ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿਚ ਆਈ ਤੇ ਮੈਜਿਸਟਰੇਟ ਸ੍ਰੀ ਜੀ. ਕੇ. ਰਾਏ ਨੇ 'ਲਾਲਾ ਹੱਤਿਆ ਕਾਂਡ' ਵਿਚ ਫੜੇ ਗਏ ਸੰਤ ਜਰਨੈਲ ਸਿੰਘ ਜੀ ਨੂੰ ਨਿਰਦੋਸ਼ ਕਰਾਰ ਦੇ ਕੇ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਰਿਹਾਈ ਦਾ ਹੁਕਮ ਹੋਣ ਪਿੱਛੋਂ ਸੰਤ ਜੀ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਕੇਸਰੀ ਪਗੜੀ ਉਤਾਰ ਕੇ ਮੁੜ ਨੀਲੀ ਦਸਤਾਰ ਸਜਾ ਲਈ। ਜੇਲ੍ਹ ਦੇ ਬੂਹੇ ਅੱਗੇ ਹਜ਼ਾਰਾਂ ਦੀ ਗਿਣਤੀ ਵਿਚ ਜਮ੍ਹਾ ਹੋ ਚੁੱਕੇ ਸਿੰਘਾਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾ ਕੇ ਸੰਤਾਂ ਦਾ ਸਵਾਗਤ ਕੀਤਾ। ਸਵਾਗਤ ਕਰਨ ਵਾਲਿਆਂ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਸੰਤੋਖ ਸਿੰਘ 'ਸਰਦਾਰੇ ਆਜ਼ਮ' ਆਫ ਦਿੱਲੀ ਅਤੇ ਹੋਰ ਅਕਾਲੀ ਲੀਡਰਾਂ ਤੋਂ ਬਿਨਾਂ ਸਿੱਖ ਵਿਦਿਆਰਥੀ ਨੇਤਾ ਭਾਈ ਅਮਰੀਕ ਸਿੰਘ ਜੀ ਵੀ ਮੌਜੂਦ ਸਨ। ਸਵਾਗਤ ਕਰਨ ਲਈ ਇਕੱਠੀ ਹੋਈ ਸੰਗਤ ਦਾ ਧੰਨਵਾਦ ਕਰਨ ਪਿੱਛੋਂ ਸੰਤ ਜੀ ਕਾਰ ਰਾਹੀਂ ਅੰਮ੍ਰਿਤਸਰ ਲਈ ਰਵਾਨਾ ਹੋ ਗਏ, ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਮੱਥਾ ਟੇਕਿਆ ਅਤੇ ਅਕਾਲ ਪੁਰਖ ਸ੍ਰੀ ਵਾਹਿਗੁਰੂ ਦਾ ਸ਼ੁਕਰਾਨਾ ਅਦਾ ਕੀਤਾ।

## ਜਥੇਦਾਰ ਸੰਤੋਖ ਸਿੰਘ ਦੇ ਭੋਗ 'ਤੇ

21 ਦਸੰਬਰ 1981 ਦੀ ਰਾਤ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਜਥੇਦਾਰ ਸੰਤੋਖ ਸਿੰਘ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਜਥੇਦਾਰ ਸੰਤੋਖ ਸਿੰਘ ਨਾਲ ਸੰਤਾਂ ਦਾ ਅਥਾਹ ਪ੍ਰੇਮ ਸੀ। ਉਨ੍ਹਾਂ ਦੇ ਕਤਲ ਦੀ ਖਬਰ ਸੁਣਦਿਆਂ ਹੀ ਸੰਤਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

ਅਕਾਲ ਚਲਾਣਾ ਕਰ ਗਏ ਜਥੇਦਾਰ ਸੰਤੋਖ ਸਿੰਘ ਜੀ ਦੀ ਆਤਮਿਕ ਕਲਿਆਣ ਨਮਿਤ ਸ੍ਰੀ ਅਖੰਡ ਪਾਠ ਦਾ ਭੋਗ ਉਨ੍ਹਾਂ ਦੀ ਕੋਠੀ ਗ੍ਰੇਟਰ ਕੈਲਾਸ਼ ਵਿਚ ਪਾਇਆ ਗਿਆ। ਇਸ ਮੌਕੇ ਤੇ ਸਵਰਗਵਾਸੀ ਜਥੇਦਾਰ ਜੀ ਦੇ ਲੜਕੇ ਮਨਜੀਤ ਸਿੰਘ ਨੇ ਆਪਣੇ ਪਿਤਾ ਦੇ



Digitized by Panjab Digital Library | www.panjabdigilib.org

ਪੂਰਨਿਆਂ ਤੇ ਤੁਰਦਿਆਂ ਆਪਣਾ ਜੀਵਨ ਪੰਥ ਦੇ ਹਿਤ ਲਾਉਣ ਦੀ ਪ੍ਰਤਿੱਗਿਆ ਕੀਤੀ ਤੇ ਭਿੰਡਰਾਂਵਾਲੇ ਸੰਤਾਂ ਨੇ ਉਸ ਨੂੰ ਅਸ਼ੀਰਵਾਦ ਦੇ ਕੇ ਨਿਵਾਜਿਆ।

ਬਾਅਦ ਵਿਚ ਸਵਰਗਵਾਸੀ ਜਥੇਦਾਰ ਸੰਤੋਖ ਸਿੰਘ ਜੀ ਨੂੰ ਸ਼ਰਧਾਂਜਲੀਆਂ ਅਰਪਣ ਕਰਨ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਦੀਵਾਨ ਸਜਾਇਆ ਗਿਆ, ਜਿਸ ਵਿਚ ਵੱਖੋ ਵੱਖ ਧਰਮਾਂ, ਵਿਚਾਰਾਂ ਤੇ ਰਾਜਸੀ ਖਿਆਲਾਂ ਦੇ ਅਨੇਕ ਨੇਤਾਵਾਂ ਨੇ ਜਥੇਦਾਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਤੇ ਬੋਲਦਿਆਂ ਸੰਤ ਜਰਨੈਲ ਸਿੰਘ ਜੀ ਨੇ ਆਖਿਆ ਕਿ, "ਜਥੇਦਾਰ ਸੰਤੋਖ ਸਿੰਘ ਵਿਚ ਧਰਮ ਪ੍ਰਤੀ ਬਹੁਤ ਤੜਪ ਸੀ।" ਜਥੇਦਾਰ ਜੀ ਦੇ ਸਿੱਖੀ ਸਿਦਕ ਤੇ ਪੰਥਕ ਸੇਵਾਵਾਂ ਦਾ ਜ਼ਿਕਰ ਕਰਨ ਪਿੱਛੋਂ ਸੰਤਾਂ ਨੇ ਆਪਣੇ ਬਾਰੇ ਪੱਤਰਕਾਰਾਂ ਵਲੋਂ ਕੀਤੀਆਂ ਜਾਂਦੀਆਂ ਗਲਤ ਬਿਆਨੀਆਂ ਦਾ ਖੰਡਨ ਕਰਦਿਆਂ ਆਖਿਆ ਕਿ "ਮੈਂ ਹਿੰਦੂ ਸਿੱਖ ਏਕਤਾ ਲਈ ਬਹੁਤ ਉਤਸਕ ਹਾਂ। ਲੇਕਿਨ ਕੁਝ ਅਖ਼ਬਾਰ ਹੀ ਮੇਰੇ ਬਿਆਨਾਂ ਨੂੰ ਗਲਤ ਪੇਸ਼ ਕਰਦੇ ਰਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਹਰ ਕਿਸੇ ਨੂੰ ਆਪਣੇ ਧਰਮ ਵਿਚ ਪ੍ਰਪੱਕ ਰਹਿਣਾ ਚਾਹੀਦਾ ਹੈ।"

## 'ਗੁਰੂ ਨਾਨਕ ਨਿਵਾਸ' ਵਿਚ ਨਿਵਾਸ

15 ਜੁਲਾਈ 1982 ਨੂੰ ਸੰਤ ਜਰਨੈਲ ਸਿੰਘ ਜੀ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਚ ਅਚਾਨਕ ਬੀਮਾਰ ਹੋ ਗਏ। ਸੰਤ ਜੀ ਦੀ ਹਾਲਤ ਏਨੀ ਖਰਾਬ ਹੋ ਗਈ ਸੀ ਕਿ ਉਨ੍ਹਾਂ ਨੂੰ ਦੋ ਵਾਰ ਗੁਲੂਕੋਜ਼ ਦੇਣਾ ਪਿਆ। ਅੰਮ੍ਰਿਤਸਰ ਵਿਚ ਸੰਤਾਂ ਦੀ ਬਿਮਾਰੀ ਦੀ ਖਬਰ ਮਿਲਦੇ ਹੀ ਸਰਦਾਰ ਅਬਿਨਾਸ਼ੀ ਸਿੰਘ ਆਪਣੇ ਨਾਲ ਜਥੇਦਾਰ ਓਂਕਾਰ ਸਿੰਘ 'ਮੱਤੇ ਨੰਗਲ' ਜਨਰਲ ਸਕੱਤਰ ਸ਼੍ਰੋਮਣੀ ਕਮੇਟੀ ਤੇ ਡਾਕਟਰ ਬਲਦੇਵ ਸਿੰਘ ਬਰਾੜ ਮੈਡੀਕਲ ਸੁਪਰਡੈਂਟ ਗੁਰੂ ਰਾਮਦਾਸ ਹਸਪਤਾਲ ਨੂੰ ਲੈ ਕੇ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਪਹੁੰਚੇ। ਡਾਕਟਰ ਬਰਾੜ ਨੇ ਇਲਾਜ ਤਜਵੀਜ਼ ਕਰਨ ਤੋਂ ਇਲਾਵਾ ਸੰਤਾਂ ਨੂੰ ਇਹ ਮਸ਼ਵਰਾ ਦਿੱਤਾ ਕਿ 21 ਜੁਲਾਈ ਤੱਕ ਮੁਕੰਮਲ ਆਰਾਮ ਫਰਮਾਇਆ ਜਾਏ। ਸੰਤਾਂ ਨੇ ਡਾਕਟਰ ਬਰਾੜ ਦੀ ਇਹ ਸਲਾਹ ਮੰਨਦਿਆਂ ਆਪਣੇ ਸਾਰੇ ਪ੍ਰੋਗਰਾਮ ਕੈਂਸਲ ਕਰ ਦਿੱਤੇ ਤੇ ਆਖਿਆ ਕਿ ਉਹ 21 ਜੁਲਾਈ ਤੱਕ ਚੌਕ ਮਹਿਤਾ ਹੀ ਟਿਕਣਗੇ।

ਇਹ ਗੱਲ ਸੰਤਾਂ ਦੇ ਚਿੱਤ ਚੇਤੇ ਨਹੀਂ ਸੀ ਕਿ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿਚ ਇਕ ਹਫਤਾ ਆਰਾਮ ਕਰਨਾ ਨਸੀਬ ਨਹੀਂ ਹੋਣਾ। 19.7.82 ਨੂੰ ਅੰਮ੍ਰਿਤਸਰੋਂ ਖਬਰ ਆਈ ਕਿ ਭਾਈ ਅਮਰੀਕ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਹ ਸੂਚਨਾ ਮਿਲਦੇ ਹੀ ਸੰਤ ਜੀ ਜਥੇ ਸਮੇਤ ਅੰਮ੍ਰਿਤਸਰ ਕੂਚ ਕਰ ਗਏ ਤੇ ਗੁਰੂ ਨਾਨਕ ਨਿਵਾਸ ਵਿਚ ਜਾ ਕੇ ਡੇਰੇ ਲਾ ਲਏ। ਏਥੇ ਆਉਣ ਤੇ ਸੰਤਾਂ ਨੂੰ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਦੇ ਪੂਰੇ ਵੇਰਵੇ ਦਾ ਪਤਾ ਲੱਗਾ।

ਸੰਤਾਂ ਨੂੰ ਦੱਸਿਆ ਗਿਆ ਕਿ ਅੱਜ ਸਵੇਰੇ ਭਾਈ ਅਮਰੀਕ ਸਿੰਘ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ, ਜਦ ਉਹ ਜ਼ਿਲ੍ਹਾ ਕਚਹਿਰੀ ਅੰਮ੍ਰਿਤਸਰ ਵਿਚ ਸੰਤਾਂ ਦੇ 3 ਗ੍ਰਿਫਤਾਰ - ਸ਼ੁਦਾ ਸੇਵਕਾਂ ਦੀਆਂ ਜ਼ਮਾਨਤਾਂ ਕਰਾਉਣ ਲਈ ਵਕੀਲ ਦਾ ਪ੍ਰਬੰਧ ਕਰਨ ਗਏ ਸਨ। ਇਹ 3 ਸੰਤ - ਸੇਵਕ ਦੋ ਦਿਨ ਪਹਿਲਾਂ ਸਨਿਚਰਵਾਰ 17.7.82 ਨੂੰ ਬਿਨਾਂ ਲਾਇਸੈਂਸ ਅਸਲ੍ਹਾ ਰੱਖਣ ਦੇ ਜੁਰਮ ਵਿਚ ਬਾਬਾ ਬਕਾਲਾ ਨੇੜੇ ਫੜੇ ਗਏ ਸਨ। ਭਾਈ ਰਛਪਾਲ ਸਿੰਘ ਕੋਲ 32 ਬੋਰ ਦਾ ਰੀਵਾਲਵਰ ਸੀ, ਜਿਸ ਦਾ ਲਾਈਸੈਂਸ ਰੀਨਿਊ ਨਹੀਂ ਸੀ ਕਰਾਇਆ ਗਿਆ। ਭਾਈ ਕੁਲਵੰਤ ਸਿੰਘ ਪਾਸੋਂ 38 ਬੋਰ ਦਾ ਰੀਵਾਲਵਰ ਬਰਾਮਦ ਕੀਤਾ ਗਿਆ। ਭਾਈ ਲੱਖਾ ਸਿੰਘ ਪਾਸੋਂ ਕਾਰਬਾਈਨ ਖੋਹੀ ਗਈ ਜੋ ਕਿ ਭਾਈ ਅਮਰੀਕ ਸਿੰਘ ਦੀ ਸੀ ਤੇ



Digitized by Panjab Digital Library / www.panjabdigilib.org

ਭਾਈ ਲੱਖਾ ਸਿੰਘ ਪਾਸ ਇਹ ਅਸਲ੍ਹਾ ਚੁੱਕਣ ਦਾ ਲਾਈਸੈਂਸ ਨਹੀਂ ਸੀ। ਭਾਈ ਅਮਰੀਕ ਸਿੰਘ ਉਤੇ 'ਸ਼ਾਂਤ' ਨਾਮੀ ਨਿਰੰਕਾਰੀ ਮੁਖੀ ਨੂੰ ਕਤਲ ਕਰਨ ਦੀ ਸਾਜ਼ਿਸ਼ ਤਿਆਰ ਕਰਨ ਦਾ ਤੇ ਦਫਾ 144 ਦੀ ਉਲੰਘਣਾ ਕਰਨ ਦਾ ਕੇਸ ਦਰਜ ਕੀਤਾ ਗਿਆ।

ਇਹ ਜਾਣਕਾਰੀ ਮਿਲਣ ਪਿੱਛੋਂ ਸੰਤ ਜਰਨੈਲ ਸਿੰਘ ਨੇ ਗੁਰੂ ਨਾਨਕ ਨਿਵਾਸ ਵਿਚ ਆਪਣੇ ਸੇਵਕਾਂ ਦੀ ਮੀਟਿੰਗ ਕੀਤੀ, ਸਲਾਹ ਮਸ਼ਵਰਾ ਕੀਤਾ ਤੇ ਫੈਸਲਾ ਕਰ ਲਿਆ ਕਿ ਕੱਲ੍ਹ 20.7.82 ਤੋਂ ਮੋਰਚਾ ਲਾ ਦਿੱਤਾ ਜਾਏਗਾ। ਮੋਰਚੇ ਦੀ ਰੂਪ ਰੇਖਾ ਬਿਆਨ ਕਰਦਿਆਂ ਸੰਤਾਂ ਨੇ ਦੱਸਿਆ ਕਿ, ਕੱਲ੍ਹ ਤੋਂ ਹਰ ਰੋਜ਼ ਸਾਡੇ ਜਥੇ ਦੇ 51 ਸਿੰਘ ਗ੍ਰਿਫਤਾਰੀ ਦਿਆ ਕਰਨਗੇ ਤੇ 25.7.82 ਨੂੰ ਮੰਜੀ ਸਾਹਿਬ ਹਾਲ ਵਿਚ ਇਕ ਬਹੁਤ ਵੱਡਾ ਪੰਥਕ ਇਕੱਠ ਬੁਲਾ ਕੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਏਗਾ।

20.7.82 ਨੂੰ ਮੋਰਚਾ ਸ਼ੁਰੂ ਹੋ ਗਿਆ ਤੇ ਇਸ ਦੇ ਨਾਲ ਹੀ ਸੰਤਾਂ ਨੇ 25.7.82 ਦੇ ਪੰਥਕ ਇਕੱਠ ਨੂੰ ਸਫਲ ਬਣਾਉਣ ਲਈ ਤਿਆਰੀ ਆਰੰਭ ਕਰ ਦਿੱਤੀ। ਸੰਤ ਜੀ ਨੇ ਦੇਸ ਪਰਦੇਸ ਦੀਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 25.7.82 ਨੂੰ ਹੁਮ ਹੁਮਾ ਕੇ ਅੰਮ੍ਰਿਤਸਰ ਪੁੱਜਣ।

24.7.82 ਦੀ ਰਾਤ ਨੂੰ ਚੰਡੀਗੜ੍ਹ ਦੇ ਸੈਕਟਰ 9 ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਬਕ ਮੁਖ ਮੰਤਰੀ ਪੰਜਾਬ ਦੀ ਕੋਠੀ ਤੇ ਪ੍ਰਮੁੱਖ ਅਕਾਲੀ ਆਗੂਆਂ ਦੀ ਅਹਿਮ ਮੀਟਿੰਗ ਹੋਈ, ਜਿਸ ਵਿਚ ਇਹ ਸਲਾਹ ਮਸ਼ਵਰਾ ਕੀਤਾ ਗਿਆ ਕਿ ਅੰਮ੍ਰਿਤਸਰ ਵਿਚ ਭਿੰਡਰਾਂਵਾਲੇ ਸੰਤਾਂ ਵਲੋਂ ਲਾਏ ਗਏ ਮੋਰਚੇ ਸੰਬੰਧੀ ਕੀ ਰਵੱਈਆ ਧਾਰਨ ਕੀਤਾ ਜਾਏ। ਇਸ ਮੀਟਿੰਗ ਵਿਚ ਜਥੇਦਾਰ ਟੌਹੜਾ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਸੰਤ ਭਿੰਡਰਾਂਵਾਲੇ ਦੇ ਮੋਰਚੇ ਦੇ ਸੰਬੰਧ ਵਿਚ ਸਪੱਸ਼ਟ ਨੀਤੀ ਅਪਣਾਏ, ਨਹੀਂ ਤਾਂ ਅਸੀਂ ਕਿਤੇ ਮੂੰਹ ਦਿਖਾਉਣ ਜੋਗੇ ਨਹੀਂ ਰਹਾਂਗੇ। ਸਰਦਾਰ ਬਲਵੰਤ ਸਿੰਘ ਖਜ਼ਾਨਾ ਮੰਤਰੀ ਪੰਜਾਬ ਨੇ ਜਥੇਦਾਰ ਟੌਹੜਾ ਦੇ ਵਿਚਾਰਾਂ ਦੀ ਹਾਮੀ ਭਰੀ, ਪਰ ਸਰਦਾਰ ਬਾਦਲ ਨੇ ਇਸ ਰਾਏ ਦਾ ਸਖਤ ਵਿਰੋਧ ਕੀਤਾ। ਸਰਦਾਰ ਬਾਦਲ ਨੇ ਫੁਰਮਾਇਆ ਕਿ "ਸੰਤ ਭੰਡਰਾਂਵਾਲੇ ਦੇ ਮੋਰਚੇ ਵਿਚ ਸ਼ਾਮਲ ਹੋਣ ਦਾ ਅਰਥ ਅਕਾਲੀ ਦਲ ਦੀ ਵੱਖਰੀ ਹਸਤੀ ਖਤਮ ਕਰਨਾ ਹੋਵੇਗਾ ਤੇ ਇਸ ਨਾਲ ਵੱਡੇ ਮਸਲਿਆਂ ਲਈ ਚੱਲ ਰਹੇ ਸਾਡੇ ਘੋਲ ਨੂੰ ਭਾਰੀ ਧੱਕਾ ਵੱਜੇਗਾ।" ਸਰਦਾਰ ਬਾਦਲ ਚਾਹੁੰਦੇ ਸਨ ਕਿ ਅਕਾਲੀ ਹਾਈ ਕਮਾਨ ਦੇ ਮੈਂਬਰ ਭਿੰਡਰਾਂਵਾਲੇ ਸੰਤਾਂ ਵਲੋਂ 25.7.82 ਨੂੰ ਅੰਮ੍ਰਿਤਸਰ ਵਿਚ ਸੱਦੀ ਗਈ ਪੰਥਕ ਕਨਵੈਨਸ਼ਨ ਵਿਚ ਨਾ ਜਾਣ। ਇਸ ਲਈ ਉਨ੍ਹਾਂ ਨੂੰ ਅੰਮ੍ਰਿਤਸਰ ਜਾਣ ਤੋਂ ਰੋਕਣ ਲਈ ਸ੍ਰੀ ਫਤਹਿਗੜ੍ਹ ਸਾਹਿਬ ਵਿਚ 25.7.82 ਨੂੰ ਅਕਾਲੀ ਹਾਈ ਕਮਾਨ ਦੀ ਮੀਟਿੰਗ ਰੱਖ ਦਿੱਤੀ ਗਈ।

## ਕੌਣ ਕਿੱਥੇ ਖੜ੍ਹਾ ਹੈ?

25.7.82 ਨੂੰ ਸ੍ਰੀ ਫਤਹਿਗੜ੍ਹ ਸਾਹਿਬ ਵਿਚ ਹੋਈ ਲੌਂਗੋਵਾਲ ਅਕਾਲੀ ਦਲ ਦੀ ਹਾਈ ਕਮਾਨ ਦੀ ਮੀਟਿੰਗ ਨਾਲ ਅਕਾਲੀ ਰਾਜਨੀਤੀ ਦੀ ਤਸਵੀਰ ਨਿਖਰ ਕੇ ਸਾਹਮਣੇ ਆ ਗਈ, ਜਿਸ ਨੇ ਇਹ ਭੇਤ ਖੋਲ੍ਹ ਦਿੱਤਾ ਕਿ ਪੰਥਕ ਆਗੂਆਂ ਵਿਚ ਕੌਣ ਕਿੱਥੇ ਖੜ੍ਹਾ ਹੈ?

• ਬਾਦਲ ਦਲ ਦੀ ਫਤਹਿਗੜ੍ਹ ਸਾਹਿਬ ਮੀਟਿੰਗ ਵਿਚ ਸ਼ਾਮਿਲ ਆਗੂ:

— ਸੰਤ ਹਰਚੰਦ ਸਿੰਘ ਲੌਂਗੋਵਾਲ

— ਸਰਦਾਰ ਪ੍ਰਕਾਸ਼ ਸਿੰਘ ਬਾਦਲ



Digitized by Panjab Digital Library | www.panjabdigilib.org

— ਸਰਦਾਰ ਸੁਰਜੀਤ ਸਿੰਘ ਬਰਨਾਲਾ
— ਸਰਦਾਰ ਅਜੀਤ ਸਿੰਘ ਸਰਹੱਦੀ
— ਬਾਬੂ ਆਤਮਾ ਸਿੰਘ
— ਸਰਦਾਰ ਹਰਬੰਸ ਸਿੰਘ ਮਜੀਠਾ

- ਮੰਜੀ ਸਾਹਿਬ ਅੰਮ੍ਰਿਤਸਰ ਦੀ ਸਟੇਜ ਤੇ ਵਿਰਾਜਮਾਨ ਲੀਡਰ:

— ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
— ਜਥੇਦਾਰ ਗੁਰਚਰਨ ਸਿੰਘ ਟੌਹੜਾ
— ਬੀਬੀ ਨਿਰਲੇਪ ਕੌਰ ਐਕਸ ਐਮ. ਪੀ.
— ਬੀਬੀ ਰਾਜਿੰਦਰ ਕੌਰ ਐਮ. ਪੀ.
— ਸਰਦਾਰ ਬਸੰਤ ਸਿੰਘ ਖਾਲਸਾ ਐਕਸ ਐਮ. ਪੀ.
— ਸਰਦਾਰ ਰਣਧੀਰ ਸਿੰਘ ਚੀਮਾ
— ਸਰਦਾਰ ਗੁਰਨਾਮ ਸਿੰਘ ਤੀਰ

- ਨਾ ਏਧਰ ਨਾ ਓਧਰ

— ਸਰਦਾਰ ਬਲਵੰਤ ਸਿੰਘ ਸਾਬਕਾ ਖਜ਼ਾਨਾ ਮੰਤਰੀ, ਪੰਜਾਬ, ਜੋ ਨਾ੮ ਅੰਮ੍ਰਿਤਸਰ ਪਹੁੰਚੇ ਤੇ ਨਾ ਫਤਹਿਗੜ੍ਹ ਸਾਹਿਬ ਗਏ, ਬਲਕਿ ਚੰਡੀਗੜ੍ਹ ਤੋਂ ਚੱਲ ਕੇ ਜਲੰਧਰ ਆ ਕੇ ਰੁਕ ਗਏ ਤੇ ਕਹਿਣ ਲੱਗੇ ਕਿ 'ਨਹਿਰ ਰੋਕੋ' ਮੋਰਚੇ ਲਈ ਆਪਣੇ ਹਲਕੇ ਦਾ ਜਥਾ ਤੋਰਨਾ ਹੈ।

ਫਤਹਿਗੜ੍ਹ ਸਾਹਿਬ ਵਿਚ ਹੋਈ ਅਕਾਲੀ ਦਲ ਹਾਈ ਕਮਾਨ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਮੀਟਿੰਗ ਸੀ, ਜਿਸ ਨੇ 'ਟੈਲੀਫੋਨਿਕ' ਤੇ 'ਟੈਲੀਗ੍ਰਾਫਿਕ' ਨੋਟਿਸ ਦੇ ਕੇ 24 ਘੰਟੇ ਦੇ ਅੰਦਰ ਅੰਦਰ 26.7.82 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਚ ਅਕਾਲੀ ਦਲ ਦਾ ਜਨਰਲ ਅਜਲਾਸ ਸੱਦ ਲਿਆ।

ਮੀਟਿੰਗ ਖਤਮ ਹੋਣ ਪਿੱਛੋਂ ਪ੍ਰੈਸ ਰੀਪੋਰਟਰਾਂ ਨੇ ਸੰਤ ਲੌਂਗੋਵਾਲ ਨੂੰ ਪੁੱਛਿਆ ਕਿ ਜਥੇਦਾਰ ਟੌਹੜਾ ਦੀ ਗੈਰ ਹਾਜ਼ਰੀ ਦਾ ਕੀ ਕਾਰਨ ਹੈ? ਤਾਂ 'ਸੰਤ ਜੀ' ਬੋਲੇ, "ਟੌਹੜਾ ਸਾਹਿਬ ਭਿੰਡਰਾਂਵਾਲੇ ਦੀ ਕਨਵੈਨਸ਼ਨ ਦਾ ਜਾਇਜ਼ਾ ਲੈਣ ਲਈ ਅੰਮ੍ਰਿਤਸਰ ਗਏ ਹੋਏ ਹਨ" ਪਰ ਮੂੰਹੋਂ ਨਿਕਲੇ ਇਸ ਸੱਚ ਤੇ ਪੜਦਾ ਪਾਉਣ ਲਈ ਸੰਤ ਲੌਂਗੋਵਾਲ ਨੇ ਝੱਟ ਦਲੀਲ ਬਦਲ ਦਿੱਤੀ। ਕਹਿਣ ਲੱਗੇ, "ਕੱਲ੍ਹ ਅੰਮ੍ਰਿਤਸਰ ਵਿਚ ਅਕਾਲੀ ਦਲ ਦਾ ਜਨਰਲ ਅਜਲਾਸ ਹੋ ਰਿਹਾ ਹੈ, ਟੌਹੜਾ ਜੀ ਉਸ ਅਜਲਾਸ ਦੇ ਪ੍ਰਬੰਧਾਂ ਦੀ ਦੇਖ ਭਾਲ ਕਰਨ ਲਈ ਅੰਮ੍ਰਿਤਸਰ ਵਿਚ ਹਨ।"

## ਗਗਨ ਦਮਾਮਾ ਬਾਜਿਓ

25.7.82 ਨੂੰ ਅੰਮ੍ਰਿਤਸਰ ਪਹੁੰਚਣ ਲਈ ਭਿੰਡਰਾਂਵਾਲੇ ਸੰਤਾਂ ਵੱਲ ਲਾਈ ਗਈ ਨਗਾਰੇ ਤੇ ਚੋਟ ਸੁਣ ਕੇ ਸਿੰਘਾਂ ਨੇ ਇਕ ਦਿਨ ਪਹਿਲਾਂ ਹੀ ਅੰਮ੍ਰਿਤਸਰ ਪਹੁੰਚਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਸੂਹ ਲੱਗ ਚੁੱਕੀ ਸੀ ਕਿ ਦਿਨ ਦੇ ਦਿਨ ਪਹੁੰਚਣ ਵਾਲੇ ਲੋਕਾਂ ਨੂੰ ਸ਼ਹਿਰ ਤੋਂ ਬਾਹਰ ਰੋਕ ਦੇਣ ਲਈ ਪੰਜਾਬ ਸਰਕਾਰ ਨੇ ਮਨਸੂਬਾ ਤਿਆਰ ਕਰ ਲਿਆ ਹੈ ਤਾਂ ਜੋ ਸੰਤਾਂ ਵਲੋਂ ਸੱਦੀ ਗਈ ਪੰਥਕ ਕਨਵੈਨਸ਼ਨ ਸਫਲ ਨਾ ਹੋ ਸਕੇ। ਅਗਾਊਂ ਆਉਣ ਵਾਲੇ ਸਿੱਖਾਂ ਦਾ ਖਿਆਲ ਠੀਕ ਸਾਬਤ ਹੋਇਆ ਕਿਉਂਕਿ ਪੰਜਾਬ ਪੁਲਿਸ ਨੇ 24-25 ਜੁਲਾਈ ਦੀ ਰਾਤ ਨੂੰ ਅੰਮ੍ਰਿਤਸਰ ਨੂੰ ਆਉਣ ਵਾਲੀ ਹਰ ਸੜਕ ਤੇ ਬੈਰੀਅਰ ਕਾਇਮ ਕਰ ਦਿੱਤੇ ਤਾਂ ਜੋ ਸਵੇਰ ਹੁੰਦੇ ਹੀ ਇਨ੍ਹਾਂ ਸੜਕਾਂ ਤੇ ਵੱਗਣ ਵਾਲੇ ਸਿੱਖ ਸੰਗਤਾਂ ਦੇ ਹੜ੍ਹ ਨੂੰ ਰੋਕਿਆ ਜਾ ਸਕੇ।



Digitized by Panjab Digital Library | www.panjabdigilib.org

ਵੱਡੀਆਂ ਸੜਕਾਂ ਤੇ ਸਿੰਘਾਂ ਦੀਆਂ ਵਹੀਰਾਂ ਰੋਕੀਆਂ ਵੀ ਗਈਆਂ ਪਰ ਬਹੁਤ ਸਾਰੇ ਸਿੱਖ ਉਜੜੇ ਰਾਹਾਂ ਤੇ ਕੱਚੀਆਂ ਸੜਕਾਂ ਤੇ ਪੈ ਕੇ ਸ਼ਹਿਰ ਵਿਚ ਦਾਖਲ ਹੋ ਗਏ ਤੇ ਪੁਲਸੀਆਂ ਨੂੰ ਚਕਮਾ ਦੇ ਕੇ ਮੰਜੀ ਸਾਹਿਬ ਪਹੁੰਚ ਗਏ। ਪਾਈਆਂ ਗਈਆਂ ਰੁਕਾਵਟਾਂ ਦੇ ਬਾਵਜੂਦ ਪੰਥਕ ਇਕੱਠ ਦੀ ਹਾਜ਼ਰੀ ਪ੍ਰਬੰਧਕਾਂ ਦੀ ਆਸ ਤੋਂ ਕਿਤੇ ਜ਼ਿਆਦਾ ਸੀ। ਮੰਜੀ ਸਾਹਿਬ ਦੀ ਸਟੇਜ ਤੋਂ ਬੋਲਣ ਵਾਲੇ ਹਰ ਬੁਲਾਰੇ ਨੇ, ਚਾਹੇ ਉਹ ਟੌਹੜਾ ਸੀ ਜਾਂ ਚੀਮਾ, ਨਿਰਲੇਪ ਕੌਰ ਸੀ ਜਾਂ ਰਾਜਿੰਦਰ ਕੌਰ, ਸਰਕਾਰ ਨੂੰ ਚੇਤਾਵਨੀ ਦਿੱਤੀ ਕਿ, ਉਹ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਤੇ ਅਤਿਆਚਾਰ ਬੰਦ ਕਰੇ ਨਹੀਂ ਤਾਂ ਇਸ ਤੋਂ ਨਿਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰੀ ਸਰਕਾਰ ਦੇ ਸਿਰ ਹੋਵੇਗੀ। ਉਨ੍ਹਾਂ ਆਖਿਆ ਕਿ, ਜਿੰਨਾ ਚਿਰ ਭਾਈ ਅਮਰੀਕ ਸਿੰਘ ਤੇ ਹੋਰ ਸਾਰੇ ਸਿੰਘਾਂ ਨੂੰ ਜਿਹੜੇ ਝੂਠੇ ਕੇਸਾਂ ਅਧੀਨ ਗ੍ਰਿਫਤਾਰ ਕੀਤੇ ਗਏ ਹਨ, ਰਿਹਾ ਨਹੀਂ ਕੀਤਾ ਜਾਂਦਾ, ਸਿੱਖ ਪੰਥ ਵਲੋਂ ਲਾਇਆ ਗਿਆ ਇਹ ਮੋਰਚਾ ਚਾਲੂ ਰਹੇਗਾ।

ਸੰਤ ਜਰਨੈਲ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ:

"ਪੁਲਿਸ ਨੇ ਅੰਮ੍ਰਿਤਸਰ ਦੀ ਨਾਕਾਬੰਦੀ ਕਰ ਦਿੱਤੀ ਹੈ ਅਤੇ ਸਿੰਘਾਂ ਨੂੰ ਆਪਣੇ ਧਰਮ ਬਾਰੇ ਗੱਲ ਕਰਨ ਤੋਂ ਰੋਕਿਆ ਜਾ ਰਿਹਾ ਹੈ। ਇਕੱਠ ਵਿਚ ਆਉਣ ਵਾਲਿਆਂ ਨੂੰ ਦਸ ਦਸ ਮੀਲ ਦੇ ਫਾਸਲੇ 'ਤੇ ਰੋਕਿਆ ਗਿਆ। ਜੰਡਿਆਲਾ ਗੁਰੂ ਦੇ ਥਾਣੇ ਵਿਚ 300 ਲੋਕਾਂ ਨੂੰ ਰੋਕਿਆ ਗਿਆ ....

"ਰੋਜ਼ਾਨਾ 51 ਸਿੰਘਾਂ ਦੀ ਗ੍ਰਿਫਤਾਰੀ ਦੇਣ ਦਾ ਜੋ ਸਿਲਸਿਲਾ ਜਾਰੀ ਕੀਤਾ ਗਿਆ ਹੈ, ਉਹ ਜਾਰੀ ਰਹੇਗਾ। ਸਾਡਾ ਮੋਰਚਾ ਸ਼ਾਂਤਮਈ ਰਹੇਗਾ ਤੇ ਜਿਸ ਮੰਤਵ ਲਈ ਲਾਇਆ ਜਾ ਰਿਹਾ ਹੈ, ਉਹ ਪੂਰਾ ਕਰਵਾਇਆ ਜਾਏਗਾ ....

"ਇਹ ਮੋਰਚਾ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣ ਲਈ ਵੀ ਹੈ। ਬੇਸ਼ਕ ਮੈਨੂੰ ਸਿਰ ਦੇਣਾ ਪਏ, ਪਰ ਇਹ ਮੋਰਚਾ ਮੁਲਤਵੀ ਨਹੀਂ ਹੋਵੇਗਾ। ਇਹ ਇਕੱਲੇ ਭਾਈ ਅਮਰੀਕ ਸਿੰਘ ਲਈ ਨਹੀਂ ਹੈ, ਸਗੋਂ ਹਰ ਉਸ ਸਿੱਖ ਲਈ ਹੈ, ਜਿਸ ਨੂੰ ਬਿਨਾਂ ਕਸੂਰ ਤੋਂ ਹੀ ਫੜ ਕੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਪੁਲਿਸ ਨੂੰ ਤਸ਼ੱਦਦ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ .....

"ਪੰਥ ਦੀ ਚੜ੍ਹਦੀ ਕਲਾ ਲਈ ਪੰਥਕ ਲੀਡਰ ਜੋ ਵੀ ਫੈਸਲਾ ਕਰਨਗੇ, ਉਹ ਸਾਨੂੰ ਪਰਵਾਨ ਹੋਵੇਗਾ ਤੇ ਜੇ ਉਹ ਮੈਨੂੰ ਅਗਵਾਈ ਲਈ ਕਹਿਣਗੇ ਤਾਂ ਮੈਂ ਅੱਗੇ ਹੋ ਕੇ ਸਿਰ ਦੇਣ ਲਈ ਵੀ ਤਿਆਰ ਹਾਂ .....

"ਕੱਲ੍ਹ ਅਕਾਲੀ ਦਲ ਦਾ ਜਨਰਲ ਸਮਾਗਮ ਹੋ ਰਿਹਾ ਹੈ। ਸਾਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਹ ਹੋ ਰਿਹਾ ਹੈ।"

## ਜਗਤ ਜਲੰਦਾ ਰਖ ਲੈ

26.7.82 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਅਜਲਾਸ ਹੋਇਆ, ਜਿਸ ਵਿਚ ਸਰਵ ਸੰਮਤੀ ਨਾਲ ਹੇਠ ਲਿਖੇ ਫੈਸਲੇ ਕੀਤੇ ਗਏ:

- ਕਪੂਰੀ ਪਿੰਡ ਜ਼ਿਲ੍ਹਾ ਪਟਿਆਲਾ ਵਿਚ ਅਕਾਲੀ ਦਲ ਵਲੋਂ ਲਾਏ ਗਏ 'ਨਹਿਰ ਰੋਕੋ' ਮੋਰਚੇ ਦੀ ਜਗ੍ਹਾ ਬਦਲੀ ਕਰਕੇ ਅੰਮ੍ਰਿਤਸਰ ਕਰ ਦਿੱਤੀ ਗਈ।
- 'ਨਹਿਰ ਰੋਕੋ' ਮੋਰਚੇ ਦਾ ਨਾਂ ਬਦਲ ਕੇ 'ਧਰਮ ਯੁੱਧ' ਰੱਖ ਦਿੱਤਾ ਗਿਆ।



Digitized by Panjab Digital Library | www.panjabdigilib.org

- 'ਧਰਮ ਯੁੱਧ' ਮੋਰਚੇ ਦਾ ਮੁਖ ਮਨੋਰਥ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਾਉਣਾ ਹੋਵੇਗਾ।
- ਅਕਾਲੀ ਦਲ ਦਾ 45 ਮੰਗਾਂ ਦਾ ਚਾਰਟਰ ਉਸੇ ਤਰ੍ਹਾਂ ਕਾਇਮ ਰਹੇਗਾ।
- ਭਿੰਡਰਾਂ ਵਾਲੇ ਜਥੇ ਵਲੋਂ ਲਾਏ ਗਏ ਮੋਰਚੇ ਦੀ ਮੁਖ ਮੰਗ - ਭਾਈ ਅਮਰੀਕ ਸਿੰਘ ਤੇ ਹੋਰ ਸਾਰੇ ਨਿਰਦੋਸ਼ ਫੜੇ ਗਏ ਅੰਮ੍ਰਿਤਧਾਰੀ ਸਿੰਘਾਂ ਨੂੰ ਰਿਹਾ ਕੀਤਾ ਜਾਵੇ, ਅਕਾਲੀ ਮੰਗਾਂ ਵਿਚ ਸ਼ਾਮਿਲ ਕਰ ਲਈ ਗਈ।
- ਭਿੰਡਰਾਂ ਵਾਲੇ ਸੰਤਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣਾ ਅਲੱਗ ਮੋਰਚਾ ਖਤਮ ਕਰਕੇ ਸ਼੍ਰੋਮਣੀ ਅਕਾਲੀ ਦਲ ਦੇ ਮੋਰਚੇ ਵਿਚ ਸ਼ਾਮਿਲ ਹੋ ਜਾਣ।
- ਸਪੱਸ਼ਟ ਕਰ ਦਿੱਤਾ ਗਿਆ ਕਿ 'ਧਰਮ ਯੁੱਧ' ਮੋਰਚੇ ਨੂੰ ਕਿਸੇ ਦੂਜੇ ਮੋਰਚੇ ਵਿਚ ਵਿਲੀਨ ਨਹੀਂ ਕੀਤਾ ਗਿਆ।
- ਅਪੀਲ ਕੀਤੀ ਗਈ ਕਿ, ਸਾਰੇ ਸਿੱਖ ਵੱਖਰੇ ਵੱਖਰੇ ਮੋਰਚੇ ਲਾਉਣ ਦੀ ਥਾਂ ਸੰਤ ਲੌਂਗੋਵਾਲ ਦੀ ਡਿਕਟੇਟਰਸ਼ਿਪ ਹੇਠ ਲਾਏ ਗਏ ਅਕਾਲੀ ਮੋਰਚੇ ਵਿਚ ਸ਼ਾਮਿਲ ਹੋ ਕੇ ਸਾਂਝੀ ਸ਼ਕਤੀ ਦੀ ਵਰਤੋਂ ਨਾਲ ਮੋਰਚਾ ਕਾਮਯਾਬ ਕਰਨ।
- 'ਧਰਮ ਯੁੱਧ' ਮੋਰਚਾ 4.8.82 ਤੋਂ ਮੰਜੀ ਸਾਹਿਬ ਅੰਮ੍ਰਿਤਸਰ ਤੋਂ ਸ਼ੁਰੂ ਕੀਤਾ ਜਾਏਗਾ ਤੇ ਪਹਿਲੇ ਬਹੁਤ ਵੱਡੇ ਜਥੇ ਦੀ ਅਗਵਾਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਕਰਨਗੇ।

ਅਕਾਲੀ ਦਲ ਦੇ ਜਨਰਲ ਹਾਊਸ ਵਲੋਂ ਕੀਤੇ ਗਏ ਉਪਰੋਕਤ ਫੈਸਲਿਆਂ ਨਾਲ ਇਹ ਗੱਲ ਖੁੱਲ੍ਹ ਕੇ ਸਾਹਮਣੇ ਆ ਗਈ ਕਿ ਅਕਾਲੀ ਲੀਡਰਸ਼ਿਪ 25.7.82 ਨੂੰ ਭਿੰਡਰਾਂਵਾਲੇ ਸੰਤਾਂ ਵਲੋਂ ਸੱਦੀ ਕਨਵੈਨਸ਼ਨ ਵਿਚ ਸ਼ਾਮਿਲ ਕਿਉਂ ਨਹੀਂ ਹੋਈ? ਅਕਾਲੀ ਆਗੂਆਂ ਨੂੰ ਇਹ ਵਹਿਮ ਹੋ ਗਿਆ ਸੀ ਕਿ, ਭਿੰਡਰਾਂਵਾਲੇ ਸੰਤਾਂ ਵਲੋਂ ਸੱਦੇ ਗਏ ਪੰਥਕ ਇਕੱਠ ਦੀ ਸਟੇਜ ਤੇ ਜਾਣ ਨਾਲ ਮੋਰਚੇ ਦੀ ਵਾਗਡੋਰ ਸੰਤ ਲੌਂਗੋਵਾਲ ਦੇ ਹੱਥੋਂ ਨਿਕਲ ਕੇ ਸੰਤ ਭਿੰਡਰਾਂਵਾਲੇ ਦੇ ਹੱਥ ਚਲੀ ਜਾਏਗੀ। ਸੰਤ ਜਰਨੈਲ ਸਿੰਘ ਨੇ ਅਕਾਲੀ ਦਲ ਦੇ ਕੀਤੇ ਗਏ ਫੈਸਲਿਆਂ ਦਾ ਸਵਾਗਤ ਕਰ ਕੇ ਅਕਾਲੀ ਲੀਡਰਾਂ ਦੇ ਨਿਰ - ਆਧਾਰ ਭੁਲੇਖੇ ਦੂਰ ਕਰ ਦਿੱਤੇ। ਸੰਤ ਜੀ ਪਹਿਲਾਂ ਵੀ ਕਈ ਵਾਰ ਕਹਿ ਚੁੱਕੇ ਸਨ ਕਿ ਉਨ੍ਹਾਂ ਨੂੰ ਚੌਧਰ ਦੀ ਕੋਈ ਭੁੱਖ ਨਹੀਂ, ਉਨ੍ਹਾਂ ਨੂੰ ਆਹੁਦਿਆਂ ਨਾਲ ਕੋਈ ਪਕੜ ਨਹੀਂ, ਉਹ ਪੰਥ ਸੇਵਕ ਹਨ ਤੇ ਪੰਥ ਦੀ ਚੜ੍ਹਦੀ ਕਲਾ ਲਈ ਅੱਗੇ ਹੋ ਕੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਨ। ਬੀਤੇ ਦਿਨ ਪੰਥਕ ਇਕੱਠ ਵਿਚ ਵੀ ਸੰਤਾਂ ਨੇ ਕੁਰਬਾਨੀ ਦੇਣ ਦੀ ਪੇਸ਼ਕਸ਼ ਕੀਤੀ ਸੀ। ਅਸਲੀਅਤ ਇਹ ਹੈ ਕਿ ਚੌਧਰ ਦੇ ਭੁੱਖੇ ਲੋਕਾਂ ਨੇ ਸੰਤ ਜਰਨੈਲ ਸਿੰਘ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਸੰਤ ਜੀ ਸਿੱਖ ਧਰਮ ਦੇ ਮਹਾਨ ਪਰਚਾਰਕ ਤੇ ਸਿੱਖ ਪੰਥ ਦੇ ਨਿਸ਼ਕਾਮ ਸੇਵਕ ਹਨ। ਸਿੱਖੀ ਤੇ ਗੁਰਬਾਣੀ ਉਨ੍ਹਾਂ ਦੇ ਰੋਮ ਰੋਮ ਵਿਚ ਰਚੀ ਹੋਈ ਹੈ। ਉਹ 'ਰਾਜ' ਨਹੀਂ ਚਾਹੁੰਦੇ, ਉਹ 'ਮੁਕਤੀ' ਵੀ ਨਹੀਂ ਚਾਹੁੰਦੇ, ਉਹ ਤਾਂ ਕੇਵਲ ਗੁਰੂ ਪੰਥ ਦੇ ਚਰਨ ਕੰਵਲਾਂ ਦੀ 'ਪ੍ਰੀਤ' ਹੀ ਲੋਚਦੇ ਹਨ। ਗੁਰਬਾਣੀ ਦੇ ਅਸਰ ਹੇਠ ਉਹ ਅਕਾਲ ਪੁਰਖ ਪਾਸੋਂ ਹਮੇਸ਼ਾਂ ਇਹ ਮੰਗ ਕਰਦੇ ਹਨ ਕਿ ਹੇ ਸੱਚੇ ਪਾਤਸ਼ਾਹ! ਜ਼ੁਲਮ ਜਬਰ ਦੀ ਅੱਗ ਵਿਚ ਸੜ ਰਹੇ ਸਿੱਖ ਜਗਤ ਨੂੰ ਬਚਾਉਣ ਦੀ ਕਿਰਪਾ ਕਰੋ, ਜਿਸ ਵਸੀਲੇ ਰਾਹੀਂ ਪੰਥ ਦਾ ਕਲਿਆਣ ਹੋ ਸਕਦਾ ਹੈ, ਕਰਨ ਦੀ ਮਿਹਰ ਕਰੋ।

ਏਸੇ ਜਜ਼ਬੇ ਅਧੀਨ ਸੰਤ ਜਰਨੈਲ ਸਿੰਘ ਨੇ 26 ਜੁਲਾਈ 1982 ਦੀ ਸ਼ਾਮ ਨੂੰ ਮੰਜੀ ਸਾਹਿਬ ਹਾਲ ਵਿਚ ਸਜੇ ਦੀਵਾਨ ਦੀ ਸਟੇਜ ਤੋਂ ਬੋਲਦਿਆਂ ਆਖਿਆ:



Digitized by Panjab Digital Library | www.panjabdigilib.org

"ਸਾਡਾ ਇਹ ਮੋਰਚਾ 3 ਅਗਸਤ ਤੱਕ ਜਾਰੀ ਰਹੇਗਾ ਤੇ ਉਸ ਤੋਂ ਪਿੱਛੋਂ ਅਕਾਲੀ ਦਲ (ਲੌਂਗੋਵਾਲ) ਵਲੋਂ 4 ਅਗਸਤ ਨੂੰ ਸ਼ੁਰੂ ਕੀਤੇ ਜਾਣ ਵਾਲੇ ਮੋਰਚੇ ਵਿਚ ਸ਼ਾਮਿਲ ਹੋ ਜਾਵੇਗਾ। 3 ਅਗਸਤ ਤੱਕ ਅਸੀਂ 51-51 ਸਿੰਘਾਂ ਦਾ ਜਥਾ ਗ੍ਰਿਫਤਾਰੀ ਦੇਣ ਲਈ ਭੇਜਦੇ ਰਹਾਂਗੇ।....

"ਸੰਤ ਲੌਂਗੋਵਾਲ ਵਲੋਂ ਹਦਾਇਤ ਮਿਲਣ ਉਪਰੰਤ ਮੈਂ ਖੁਦ ਇਕ ਜਥਾ ਲੈ ਕੇ ਸਾਂਝੇ ਮੋਰਚੇ ਵਿਚ ਗ੍ਰਿਫਤਾਰੀ ਦੇਵਾਂਗਾ। ਮੈਂ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਜਥਿਆਂ ਵਿਚ ਸ਼ਾਮਿਲ ਹੋਣ ਲਈ ਭਾਰੀ ਗਿਣਤੀ ਵਿਚ ਆਪਣੇ ਨਾਂ ਲਿਖਾਉਣ।"

ਸੰਤਾਂ ਦੇ ਇਸ ਐਲਾਨ ਨੇ ਅਕਾਲੀ ਨੇਤਰਤਵ ਦੇ ਸ਼ੰਕੇ ਨਵਿਰਤ ਕਰ ਦਿੱਤੇ।

## ਧਰਮ ਯੁਧ ਕੀ ਚਾਹਿ

4 ਅਗਸਤ 1982 ਨੂੰ 'ਧਰਮ ਯੁੱਧ' ਮੋਰਚਾ ਸ਼ੁਰੂ ਹੋਇਆ ਸੀ, ਜੋ ਅਜੇ ਤੱਕ ਜਾਰੀ ਹੈ ਤੇ ਨੇੜੇ ਦੇ ਭਵਿੱਖ ਵਿਚ ਖਤਮ ਹੋਣ ਦੀ ਸੰਭਾਵਨਾ ਦਿਖਾਈ ਨਹੀਂ ਦੇ ਰਹੀ। ਅਕਾਲੀ ਮੋਰਚਿਆਂ ਦੇ ਇਤਿਹਾਸ ਵਿਚ ਇਹ ਪਹਿਲਾ ਮੋਰਚਾ ਹੈ, ਜਿਸ ਨੇ ਗ੍ਰਿਫਤਾਰੀਆਂ ਦੇਣ ਦੇ ਸਿਲਸਿਲੇ ਵਿਚ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਪਿਛਲੇ ਮੋਰਚਿਆਂ ਵਿਚ ਗ੍ਰਿਫਤਾਰੀ ਦੇਣ ਵਾਸਤੇ ਹਰ ਰੋਜ਼ ਘੱਟ ਤੋਂ ਘੱਟ 11 ਤੇ ਵੱਧ ਤੋਂ ਵੱਧ 51 ਸਿੰਘਾਂ ਦਾ ਜਥਾ ਤੋਰਿਆ ਜਾਂਦਾ ਰਿਹਾ ਪਰ ਵਰਤਮਾਨ 'ਧਰਮ ਯੁੱਧ' ਮੋਰਚੇ ਵਿਚ ਗ੍ਰਿਫਤਾਰੀ ਦੇਣ ਵਾਲੇ ਸਿੰਘਾਂ ਸਿੰਘਣੀਆਂ ਦੀ ਗਿਣਤੀ ਕਿਸੇ ਦਿਨ ਵੀ ਸੈਂਕੜੇ ਤੇ ਹਜ਼ਾਰਾਂ ਤੋਂ ਨਹੀਂ ਘਟੀ। ਪੰਜਾਬ ਦੇ ਮੁਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਇਹ ਸੋਚ ਕੇ ਗ੍ਰਿਫਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਕਿ ਅਕਾਲੀ ਦਲ ਨੂੰ ਗ੍ਰਿਫਤਾਰ ਕਰਾਉਣ ਲਈ ਬੰਦੇ ਨਹੀਂ ਮਿਲਣਗੇ ਪਰ ਉਸ ਦੀ ਇਹ ਸੋਚ ਗ਼ਲਤ ਸਾਬਤ ਹੋਈ। 'ਧਰਮ ਯੁੱਧ' ਮੋਰਚਾ 'ਅਕਾਲੀ ਲਹਿਰ' ਬਣ ਕੇ ਉਭਰਿਆ ਤੇ ਸਿੰਘਾਂ ਨੇ 'ਹੜ੍ਹ' ਬਣ ਕੇ ਗ੍ਰਿਫਤਾਰੀਆਂ ਦਿੱਤੀਆਂ। ਏਸ ਵਾਰ ਸੰਤ ਮਹਾਤਮਾ ਵੀ ਪਿੱਛੇ ਨਹੀਂ ਰਹੇ ਤੇ ਉਹ ਆਪਣੇ ਹਜ਼ਾਰਾਂ ਸੇਵਕਾਂ ਤੇ ਸ਼ਰਧਾਲੂਆਂ ਸਮੇਤ ਜੇਲ੍ਹ ਗਏ। ਛੇਤੀ ਹੀ ਪੰਜਾਬ ਭਰ ਦੀਆਂ ਜੇਲ੍ਹਾਂ ਭਰ ਗਈਆਂ ਤੇ ਅਕਾਲੀ ਕੈਦੀਆਂ ਲਈ ਕੈਂਪ ਜੇਲ੍ਹਾਂ ਕਾਇਮ ਕਰਨੀਆਂ ਪਈਆਂ। ਜਦ ਗਿਣਤੀ 25,000 ਤੋਂ ਟੱਪ ਗਈ ਤਾਂ 'ਧਰਮ ਯੁੱਧ' ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਲਈ ਬਹੁਤ ਵੱਡਾ ਸਿਰ - ਦਰਦ ਬਣ ਗਿਆ। ਇਹ ਸਿਰਦਰਦ ਸ੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀ ਕੈਦੀਆਂ ਦੀਆਂ ਸਮੂਹਕ ਰਿਹਾਈਆਂ ਕਰ ਕੇ ਹਟਾਇਆ। ਮੋਰਚਾ ਫਿਰ ਵੀ ਜਾਰੀ ਰਿਹਾ।

'ਧਰਮ ਯੁੱਧ' ਮੋਰਚੇ ਦੌਰਾਨ ਕਈ ਕਿਸਮ ਦੇ ਉਤਾਰ ਚੜ੍ਹਾਅ ਆਏ, ਗੋਲੀਆਂ ਚੱਲੀਆਂ, ਬੰਬ ਧਮਾਕੇ ਹੋਏ, ਬੰਦੇ ਮਾਰੇ ਗਏ ਪਰ ਮੁਲਜ਼ਮ ਲੱਭੇ ਨਾ ਜਾ ਸਕੇ! ਸਰਕਾਰ ਨੇ ਇਲਜ਼ਾਮ ਲਾਇਆ ਕਿ ਇਹ ਸਾਰੇ ਅੱਤਵਾਦੀ ਅਕਾਲੀਆਂ ਦੇ ਕਾਰੇ ਹਨ।

ਅਣਗਿਣਤ ਸਿੰਘ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ, ਅਨੇਕ ਜ਼ਖਮੀਂ ਹੋਏ ਤੇ ਬਹੁਤ ਸਾਰੇ ਨਿਰਦੋਸ਼ ਅੰਮ੍ਰਿਤਧਾਰੀ ਸਿੰਘ ਪੁਲਸੀਆਂ ਨੇ ਅਣਭੋਲ ਫੜ ਕੇ ਝੂਠੇ 'ਪੁਲਿਸ ਮੁਕਾਬਲਿਆਂ' ਵਿਚ ਮਾਰ ਦਿੱਤੇ ਪਰ ਸਿੰਘਾਂ ਦਾ ਜੋਸ਼ ਠੰਢਾ ਨਾ ਪਿਆ। 'ਧਰਮ ਯੁੱਧ' ਵਿਚ ਸਿੰਘ ਸੂਰਮੇ ਜੂਝ ਰਹੇ ਹਨ, ਕੁਰਬਾਨੀਆਂ ਕਰ ਰਹੇ ਹਨ। ਸਿੰਘਾਂ ਵਿਚ ਇਹ ਜੋਸ਼, ਇਹ ਜਜ਼ਬਾ, ਇਹ ਵਲਵਲਾ ਕਿਵੇਂ ਪੈਦਾ ਹੋਇਆ? ਜਵਾਬ ਇਹ ਹੈ ਕਿ ਸੰਤ ਜਰਨੈਲ ਸਿੰਘ 'ਖਾਲਸਾ' ਦੇ ਜੋਸ਼ - ਦਿਵਾਊ ਤੇ ਖੂਨ - ਗਰਮਾਊ ਭਾਸ਼ਨਾਂ ਨਾਲ; ਜਿਹੜੇ ਉਹ ਮੰਜੀ ਸਾਹਿਬ ਦੀ ਸਟੇਜ ਤੋਂ ਅਕਸਰ ਦਿੰਦੇ ਚਲੇ ਆ ਰਹੇ ਹਨ। ਮਿਸਾਲ ਵਜੋਂ 29.5.83 ਨੂੰ ਸੰਤ



Digitized by Panjab Digital Library | www.panjabdigilib.org

ਜਰਨੈਲ ਸਿੰਘ ਨੇ 'ਧਰਮ ਯੁੱਧ' ਮੋਰਚੇ ਦੀ ਸਟੇਜ ਤੋਂ ਬੋਲਦੇ ਹੋਏ ਆਖਿਆ:

"ਖਾਲਸਾ ਜੀ, ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਬਿਨਾਂ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕਦੀ ....

"ਜਿੰਨਾ ਚਿਰ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਨਹੀਂ ਹੋ ਜਾਂਦਾ ਅਤੇ ਭਾਰਤ ਸਰਕਾਰ ਦੇਸ਼ ਦੀ ਵੰਡ ਸਮੇਂ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦਾ ਐਲਾਨ ਕਰ ਕੇ ਸਿੱਖਾਂ ਨੂੰ ਇਕ ਵੱਖਰੀ 'ਕੌਮ' ਵਜੋਂ ਤਸਲੀਮ ਨਹੀਂ ਕਰਦੀ, ਵਰਤਮਾਨ 'ਧਰਮ ਯੁੱਧ' ਮੋਰਚਾ ਓਨੀ ਦੇਰ ਤੱਕ ਜਾਰੀ ਰਹੇਗਾ ।...

"ਪੰਜਾਬ ਦਾ ਦੌਰਾ ਕਰ ਕੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਫਿਰਕਾ - ਪ੍ਰਸਤੀ ਦਾ ਜੋ ਨੰਗਾ ਨਾਚ ਸ਼ੁਰੂ ਕਰ ਰਹੀ ਹੈ, ਉਸ ਨਾਲ ਹੁਣ ਸਿੰਘਾਂ ਨੂੰ ਕਿਸੇ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ ... ਪ੍ਰਧਾਨ ਮੰਤਰੀ ਦੇ ਫਿਰਕਾ - ਪ੍ਰਸਤ ਹੋਣ ਸੰਬੰਧੀ ਹੁਣ ਕਿਸੇ ਦੇ ਦਿਲ ਵਿਚ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ।....

"ਚੰਦੋਕਲਾਂ ਤੇ ਹੋਰ ਥਾਵਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੋਇਆ ਪਰ ਪ੍ਰਧਾਨ ਮੰਤਰੀ ਜਾਂ ਉਸ ਦੇ ਕਿਸੇ ਮੰਤਰੀ ਦੇ ਕੰਨ ਤੇ ਜੂੰ ਨਾ ਸਰਕੀ। ਥਾਂ ਥਾਂ ਤੇ ਬੇਗੁਨਾਹ ਸਿੰਘ ਪੁਲਿਸ ਨੇ ਝੂਠੇ ਮੁਕਾਬਲੇ ਬਣਾ ਕੇ ਸ਼ਹੀਦ ਕੀਤੇ। ਕਿਸੇ ਮੰਤਰੀ ਨੇ ਉਥੇ ਜਾਣ ਦੀ ਲੋੜ ਨਹੀਂ ਸਮਝੀ ਪਰ ਪਟਿਆਲੇ ਵਿਚ ਇਕ ਅਸ਼ੋਕ ਕੁਮਾਰ ਨਾਂ ਦਾ ਵਿਅਕਤੀ, ਜੋ ਹਿੰਦੂ ਬਹੁਮਤ ਨਾਲ ਸੰਬੰਧਿਤ ਸੀ, ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ ਤਾਂ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਸੀ. ਸੇਠੀ ਨੂੰ ਪਟਿਆਲਾ ਆਉਣਾ ਪਿਆ ਅਤੇ ਹੁਣ ਇੰਦਰਾ ਗਾਂਧੀ ਖੁਦ ਆਈ। ਇਸ ਨਾਲੋਂ ਫਿਰਕਾਪ੍ਰਸਤੀ ਦਾ ਵੱਡਾ ਸਬੂਤ ਕੀ ਹੋ ਸਕਦਾ ਹੈ?....

"ਅਸੀਂ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਹਾਮੀ ਹਾਂ ਪਰ ਗ਼ੁਲਾਮ ਬਣ ਕੇ ਜੀਊਣ ਦੇ ਹਾਮੀ ਨਹੀਂ .....

"ਜਿੰਨਾ ਚਿਰ ਆਨੰਦਪੁਰ ਸਾਹਿਬ ਦੇ ਮਤੇ 'ਤੇ ਅਮਲ ਨਹੀਂ ਹੋ ਜਾਂਦਾ, ਉਨਾ ਚਿਰ ਪੰਜਾਬ ਵਿਚ ਸ਼ਾਤੀ ਨਹੀਂ ਹੋ ਸਕਦੀ ਅਤੇ ਜੇ ਸਰਕਾਰ ਸ਼ਾਂਤੀ ਕਾਇਮ ਕਰਨਾ ਚਾਹੁੰਦੀ ਹੈ ਤਾਂ ਇਸ ਮਤੇ ਤੇ ਅਮਲ ਕਰਨਾ ਪਵੇਗਾ ...

"ਇਹ ਇਕ ਇਤਿਹਾਸਕ ਸਚਾਈ ਹੈ ਕਿ ਸਿੱਖ ਇਕ ਵੱਖਰੀ 'ਕੌਮ' ਹੈ ਪਰ ਸਰਕਾਰ ਪਾਸੋਂ ਇਹ ਗੱਲ ਮੰਨਵਾਉਣ ਦੀ ਹੁਣ ਲੋੜ ਪਈ ਹੈ ਕਿਉਂਕਿ ਜੇ ਮੰਦ - ਭਾਸ਼ਾ ਬੋਲਣੀ ਹੁੰਦੀ ਹੈ ਤਾਂ ਸਿੱਖਾਂ ਦਾ ਨਾਂ ਲਿਆ ਜਾਂਦਾ ਹੈ ਅਤੇ ਜੇ ਕੁਝ ਦੇਣਾ ਹੁੰਦਾ ਹੈ, ਤਾਂ ਕਹਿ ਦਿੱਤਾ ਜਾਂਦਾ ਹੈ ਕਿ, ਸਿੱਖ ਹਿੰਦੂਆਂ ਦਾ ਇਕ ਹਿੱਸਾ ਹੈ। ਜੇ ਛਾਤੀ ਵਿਚ ਗੋਲੀ ਖਾਣੀ ਹੈ ਤਾਂ ਸਿੱਖ 'ਕੌਮ' ਹੈ ਪਰ ਜੇ ਪਰਾਪਤੀ 'ਚੋਂ ਸਿੱਖ ਹਿੱਸਾ ਮੰਗਦੇ ਹਨ ਤਾਂ ਕਹਿ ਦਿੱਤਾ ਜਾਂਦਾ ਹੈ ਕਿ ਸਿੱਖ ਹਿੰਦੂਆਂ ਦਾ 'ਅੰਗ' ਹੈ। ਮੈਂ ਪੁੱਛਦਾ ਹਾਂ ਕਿ ਜੇ ਸਿੱਖ ਵੱਖਰੀ ਕੌਮ ਨਹੀਂ ਤਾਂ ਦੇਸ਼ ਦੀ ਵੰਡ ਪਿੱਛੋਂ ਸਿੱਖਾਂ ਨੂੰ ਜੁਰਾਇਮ - ਪੇਸ਼ਾ ਕਰਾਰ ਕਿਉਂ ਦਿੱਤਾ ਗਿਆ? ਇਹ ਕਿਉਂ ਨਹੀਂ ਕਿਹਾ ਗਿਆ ਕਿ, ਹਿੰਦੂ ਜੁਰਾਇਮ ਪੇਸ਼ਾ ਹਨ? ਜੇ ਸਿੱਖ ਹਿੰਦੂਆਂ ਦਾ ਹਿੱਸਾ ਹੈ ਤਾਂ ਫਿਰ ਹਿੰਦੂ ਅੱਤਵਾਦੀ ਕਿਉਂ ਨਹੀਂ? ਸਿੱਖ ਹੀ ਇਕੱਲੇ ਕਿਉਂ?...

"ਅਸੀਂ ਸ਼ਾਂਤੀ ਦੇ ਹਾਮੀ ਹਾਂ ਤੇ ਇਹ ਵੀ ਚਾਹੁੰਦੇ ਹਾਂ ਕਿ ਸ਼ਾਂਤਮਈ ਰਹਿਣਾ ਹੈ ਲੇਕਿਨ ਅਸੀਂ ਅਜਿਹੀ ਸ਼ਾਂਤੀ ਦੇ ਹਾਮੀ ਨਹੀਂ ਹਾਂ, ਕਿ ਕੋਈ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਕਰੀ ਜਾਵੇ। ਜੋ ਆਪਣੇ ਸਾਹਮਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਾਉਂਦਾ ਹੈ, ਉਸ ਨੂੰ



Digitized by Panjab Digital Library | www.panjabdigilib.org

ਗੁਰੂ ਦਾ ਪੁੱਤਰ ਅਖਵਾਉਣ ਦਾ ਕੋਈ ਹੱਕ ਨਹੀਂ । ਲਾਹਣਤ ਤੇ ਧਿਰਕਾਰ ਹੈ, ਉਸ ਦੇ ਜੀਵਨ 'ਤੇ, ਜੋ ਆਪਣੇ ਇਸ਼ਟ ਦੀ ਬੇਅਦਬੀ ਸਹਿਣ ਕਰਦਾ ਹੈ ।"

ਸੰਤਾਂ ਦੀਆਂ ਇਸ ਤਰ੍ਹਾਂ ਦੀਆਂ ਜ਼ੋਸ਼ੀਲੀਆਂ ਤਕਰੀਰਾਂ ਮੁਰਦਾ - ਦਿਲਾਂ ਵਿਚ ਵੀ ਜਾਨ ਪੈਦਾ ਕਰ ਦਿੰਦੀਆਂ ਹਨ ।



Digitized by Panjab Digital Library | www.panjabdigilib.org

# ਕੱਦ 9 ਗਜ਼

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਕਈ ਜਗ੍ਹਾ ਅਜੇ ਤੱਕ ਵੀ 9-9 ਗਜ਼ ਲੰਮੀਆਂ ਕਬਰਾਂ ਦੇਖਣ ਵਿਚ ਆਉਂਦੀਆਂ ਹਨ। ਦੰਦ ਕਥਾ ਤੁਰੀ ਆਉਂਦੀ ਹੈ ਕਿ ਇਹ ਕਬਰਾਂ ਉਨ੍ਹਾਂ ਪੀਰਾਂ ਫਕੀਰਾਂ ਦੀਆਂ ਹਨ, ਜਿਨ੍ਹਾਂ ਦੇ ਕੱਦ ਨੌਂ ਨੌਂ ਗਜ਼ ਸਨ। ਜਿੱਥੋਂ ਤੱਕ ਅਸਲੀਅਤ ਦਾ ਸਵਾਲ ਹੈ, ਹੋ ਸਕਦਾ ਹੈ ਕਿ ਇਹ ਗੱਲ ਅਤਿਕਥਨੀ ਹੋਵੇ ਪਰ ਜਿੱਥੋਂ ਤੱਕ ਭਾਵਨਾ ਦਾ ਸਵਾਲ ਹੈ, ਇਹ ਭਾਵਨਾ ਜ਼ਰੂਰ ਸੱਚ ਹੋ ਸਕਦੀ ਹੈ। ਉਹ ਪੀਰ ਫਕੀਰ ਮਜ਼੍ਹਬੀ ਤੇ ਇਖਲਾਕੀ ਪੱਖ ਤੋਂ ਆਮ ਆਦਮੀਆਂ ਨਾਲੋਂ ਅਵੱਸ਼ ਉੱਚੇ ਉੱਠ ਗਏ ਹੋਣਗੇ ਕਿ ਉਨ੍ਹਾਂ ਨੂੰ ਨੌਂ - ਗਜ਼ੇ ਕਿਹਾ ਜਾਣ ਲੱਗ ਪਿਆ।

ਉਪਰੋਕਤ ਮਿਸਾਲ ਦੀ ਰੋਸ਼ਨੀ ਵਿਚ ਜੇ ਸੰਤ ਜਰਨੈਲ ਸਿੰਘ ਦਾ ਕੱਦ ਨੌਂ ਗਜ਼ ਕਿਹਾ ਜਾਏ ਤਾਂ ਇਹ ਗੱਲ ਗਲਤ ਨਹੀਂ ਸਮਝਣੀ ਚਾਹੀਦੀ। ਸੰਤਾਂ ਦੇ ਕੱਦ ਕਾਠ ਨੂੰ ਧਰਮ ਤੇ ਸਦਾਚਾਰ ਦੇ ਗਜ਼ ਨਾਲ ਮਿਣਿਆ ਜਾਏ ਤਾਂ ਉਨ੍ਹਾਂ ਦੇ ਮੁਕਾਬਲੇ ਵਿਚ ਅਨੇਕ ਸਮਕਾਲੀ ਤੇ ਭੂਤਕਾਲੀ ਸਿੱਖ ਨੇਤਾ ਬੌਨੇ ਨਜ਼ਰ ਆਉਣਗੇ।

ਸਵਰਗਵਾਸੀ ਮਾਸਟਰ ਤਾਰਾ ਸਿੰਘ ਜੀ ਨੇ ਲਗਭਗ ਅੱਧੀ ਸਦੀ ਤੱਕ ਕੌਮ ਦਾ ਮਾਰਗ - ਦਰਸ਼ਨ ਕੀਤਾ। 1947 ਵਿਚ ਜਦ ਮਿਸਟਰ ਜਿਨਾਹ ਦੀ ਦੋ - ਕੌਮ ਥਿਊਰੀ (ਹਿੰਦੂ ਤੇ ਮੁਸਲਮਾਨ) ਦੇ ਆਧਾਰ ਤੇ ਮੁਲਕ ਦੀ ਤਕਸੀਮ ਹੋਈ ਤਾਂ ਮਾਸਟਰ ਜੀ ਨੇ ਵੀ ਸਿੱਖਾਂ ਨੂੰ ਤੀਜੀ 'ਕੌਮ' ਦੱਸ ਕੇ ਹਿੰਦੁਸਤਾਨ ਤੇ ਪਾਕਿਸਤਾਨ ਦਰਮਿਆਨ ਆਜ਼ਾਦ 'ਸਿੱਖ ਸਟੇਟ' ਦੀ ਮੰਗ ਕੀਤੀ ਸੀ। ਅੰਗਰੇਜ਼ ਹਾਕਮ ਉਸ ਵੇਲੇ 'ਸਿੱਖ ਸਟੇਟ' ਦੇਣ ਲਈ ਤਿਆਰ ਬੈਠੇ ਸਨ ਪਰ ਪਤਾ ਨਹੀਂ ਕਿ, ਕਿਹੜੇ ਅਸਰ ਹੇਠ ਮਾਸਟਰ ਜੀ ਨੇ ਸਿੱਖ ਰਿਆਸਤ ਕਾਇਮ ਕਰਾਉਣ ਨਾਲੋਂ ਆਜ਼ਾਦ ਭਾਰਤ ਵਿਚ ਸਿੱਖਾਂ ਲਈ 'ਡੀਫੈਂਸ ਮਨਿਸਟਰੀ' ਲੈਣ ਨੂੰ ਤਰਜੀਹ ਦਿੱਤੀ ਤੇ ਇਕ ਬਹੁਤ ਵੱਡੇ ਸਿੱਖ ਸਰਮਾਏਦਾਰ ਸਰਦਾਰ ਬਲਦੇਵ ਸਿੰਘ ਨੂੰ ਡੀਫੈਂਸ ਮਨਿਸਟਰ ਬਣਵਾ ਕੇ 'ਕੱਚੀ ਨੌਕਰੀ' ਬਦਲੇ ਆਜ਼ਾਦ ਤੇ ਖੁਦਮੁਖਤਾਰ ਰਾਜ ਦੀ ਪੇਸ਼ਕਸ਼ ਠੁਕਰਾ ਦਿੱਤੀ। ਮਾਸਟਰ ਜੀ ਨੂੰ ਇਸ਼ ਪਹਾੜ ਜਿੱਡੀ ਗਲਤੀ ਦਾ ਅਹਿਸਾਸ ਉਸ ਵਕਤ ਹੋਇਆ, ਜਦ ਪੰਡਤ ਜਵਾਹਰ ਲਾਲ ਨਹਿਰੂ ਨੇ ਸਰਦਾਰ ਬਲਦੇਵ ਸਿੰਘ ਨੂੰ ਮੱਖਣ ਵਿਚੋਂ ਵਾਲ ਕੱਢਣ ਵਾਂਗ ਕੇਂਦਰੀ ਵਜ਼ਾਰਤ ਵਿਚੋਂ ਕੱਢ ਦਿੱਤਾ ਤੇ ਉਸ ਦੀ ਥਾਂ ਸ੍ਰੀ ਕ੍ਰਿਸ਼ਨਾ ਮੈਨਿਨ ਨੂੰ ਰੱਖਿਆ ਮੰਤਰੀ ਬਣਾ ਦਿੱਤਾ। ਸਰਦਾਰ ਬਲਦੇਵ ਸਿੰਘ ਨੂੰ ਇਹ ਇਲਜ਼ਾਮ ਲਾ ਕੇ 'ਨੌਕਰੀ' ਤੋਂ ਹਟਾ ਦਿੱਤਾ ਗਿਆ ਸੀ ਕਿ, ਉਸ ਦੇ ਅਕਾਲੀ ਲੀਡਰਾਂ ਨਾਲ ਨੇੜੇ ਦੇ ਸੰਬੰਧ ਹਨ।

ਸਵਰਗਵਾਸੀ ਮਾਸਟਰ ਜੀ ਸਿੱਖ ਹੁੰਦੇ ਹੋਏ ਸਿੱਖ ਮੰਗਾਂ ਮੰਨਵਾਉਣ ਲਈ 'ਮਰਨ ਵਰਤ' ਦੇ ਗਾਂਧਵਾਦੀ ਗੈਰ - ਸਿੱਖ ਸਿਧਾਂਤ ਦੀ ਵਰਤੋਂ ਕਰਦੇ ਰਹੇ ਪਰ ਮੰਗਾਂ ਮੰਨਵਾਏ ਬਗੈਰ ਹੀ ਜੂਸ ਦਾ ਗਲਾਸ ਛਕ ਕੇ 'ਮਰਨ ਵਰਤ' ਖੋਲ੍ਹ ਦਿੰਦੇ ਰਹੇ।

1947 ਤੋਂ ਪਿੱਛੋਂ ਬਹੁਤ ਸਾਰੇ ਅਕਾਲੀ ਲੀਡਰ ਕੁਰਸੀਆਂ ਪਿੱਛੇ ਅਕਾਲੀ ਪਾਰਟੀ ਛੱਡ ਕੇ ਕਾਂਗਰਸ ਪਾਰਟੀ ਵਿਚ ਚਲੇ ਗਏ। ਨਿੱਜੀ ਹਿਤਾਂ ਲਈ ਪੰਥ ਦੀ ਪਿੱਠ ਵਿਚ ਛੁਰਾ ਖੋਭਣ ਵਾਲੇ ਇਨ੍ਹਾਂ ਲੋਕਾਂ 'ਚੋਂ ਵਰਨਣ ਯੋਗ ਇਹ ਹਨ: ਬਾਬਾ ਖੜਕ ਸਿੰਘ, ਦਰਸ਼ਨ ਸਿੰਘ ਫੇਰੂਮਾਨ, ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਸਰਦਾਰ ਸਵਰਨ ਸਿੰਘ, ਗੁਰਮੁਖ ਸਿੰਘ



Digitized by Panjab Digital Library | www.panjabdigilib.org

ਮੁਸਾਫਰ, ਸਰਦੂਲ ਸਿੰਘ ਕਵੀਸ਼ਰ, ਪ੍ਰਤਾਪ ਸਿੰਘ ਕੈਰੋਂ, ਜੈ ਇੰਦਰ ਸਿੰਘ, ਸੋਹਣ ਸਿੰਘ ਜਲਾਲ - ਉਸਮਾਂ (ਜਥੇਦਾਰ), ਗਿਆਨੀ ਕਰਤਾਰ ਸਿੰਘ, ਗਿਆਨੀ ਜ਼ੈਲ ਸਿੰਘ, ਗਿਆਨ ਸਿੰਘ ਰਾੜੇਵਾਲਾ, ਉਜਲ ਸਿੰਘ, ਹੁਕਮ ਸਿੰਘ, ਬਲਦੇਵ ਸਿੰਘ, ਬੂਟਾ ਸਿੰਘ, ਮਹਿੰਦਰ ਸਿੰਘ ਗਿੱਲ ਤੇ ਕਈ ਹੋਰ ।

ਸਿੱਖੀ ਵਿਚ ਧਰਮ ਤੇ ਰਾਜਨੀਤੀ ਨੂੰ ਏਸ ਲਈ ਇਕ ਕੀਤਾ ਗਿਆ ਸੀ ਕਿ ਸਿਆਸਤ ਨੂੰ ਬੇਈਮਾਨ ਨਾ ਹੋਣ ਦਿੱਤਾ ਜਾਵੇ ਤੇ ਇਸ ਨੂੰ 'ਈਮਾਨ' ਦੀ ਨੁਕੇਲ ਪਾ ਕੇ ਰੱਖਿਆ ਜਾਏ। ਪਰ 'ਪੰਥ ਦਾ ਦਿਮਾਗ' ਸਮਝੇ ਜਾਂਦੇ ਸਵਰਗਵਾਸੀ ਗਿਆਨੀ ਕਰਤਾਰ ਸਿੰਘ ਨੇ ਪਹਿਲਾਂ ਸੱਚਰ ਵਜ਼ਾਰਤ ਨੂੰ ਤੇ ਫਿਰ ਭਾਰਗੋ ਵਜ਼ਾਰਤ ਨੂੰ ਉਲਟਾ ਕੇ ਦਲਬਦਲੀ ਦੇ ਸਿਧਾਂਤ ਦਾ ਮੁੱਢ ਬੰਨ੍ਹਿਆ, ਰਾਜਨੀਤੀ ਵਿਚ ਬੇਈਮਾਨੀ ਦਾ ਬੋਲਬਾਲਾ ਕੀਤਾ ਤੇ ਧਰਮ — ਈਮਾਨ ਨੂੰ ਛਿੱਕੇ ਤੇ ਟੰਗ ਕੇ ਸਿੱਖ ਧਰਮ ਨੂੰ ਬਦਨਾਮ ਕੀਤਾ ।

ਅੱਜ ਦੇ ਅਕਾਲੀ ਲੀਡਰਾਂ 'ਚੋਂ ਵੀ ਬਹੁਗਿਣਤੀ ਦੁੱਧ - ਪੀਣੇ ਮਜਨੂੰਆਂ ਦੀ ਹੈ, ਜਿਹੜੇ 'ਕੁਰਸੀ' ਨੂੰ ਨਿਸ਼ਾਨਾ ਮਿਥ ਕੇ 'ਧਰਮ ਯੁੱਧ' ਮੋਰਚੇ ਦੀ ਦੌੜ ਵਿਚ ਸ਼ਾਮਿਲ ਹਨ। ਜੇ ਇਨ੍ਹਾਂ ਦੇ ਸਿਰ ਉਤੇ ਭਿੰਡਰਾਂਵਾਲੇ ਸੰਤਾਂ ਦੀ ਤਲਵਾਰ ਨਾ ਲਟਕਦੀ ਹੁੰਦੀ ਤਾਂ ਇਹ ਕਦੋਂ ਦੇ ਪੰਥਕ ਵਕਾਰ ਨੂੰ ਕੇਂਦਰ ਸਰਕਾਰ ਪਾਸ ਗਹਿਣੇ ਪਾ ਚੁੱਕੇ ਹੁੰਦੇ!

ਇਨ੍ਹਾਂ 'ਕੁਰਸੀ' ਤੇ 'ਚੌਧਰ' ਦੇ ਭੁੱਖੇ ਸਿੱਖ ਲੀਡਰਾਂ ਨਾਲ ਭਿੰਡਰਾਂਵਾਲੇ ਸੰਤਾਂ ਦਾ ਮੁਕਾਬਲਾ ਹੀ ਕੀ ਹੈ? ਸੰਤਾਂ ਦੇ ਮੁਕਾਬਲੇ ਵਿਚ ਇਨ੍ਹਾਂ ਲੋਕਾਂ ਨੂੰ ਛੋਟੇ ਕਹਿਣਾ ਵੀ ਸੰਤਾਂ ਦੇ ਧਾਰਮਿਕ ਤੇ ਇਖਲਾਕੀ ਕੱਦ ਨਾਲ ਬੇਇਨਸਾਫੀ ਕਰਨਾ ਹੈ ਕਿਉਂਕਿ ਇਹ ਤਾਂ ਸੰਤਾਂ ਦੇ ਪੈਰਾਂ ਦੀ ਖਾਕ ਦੇ ਬਰਾਬਰ ਵੀ ਨਹੀਂ ਹਨ ।



Digitized by Panjab Digital Library | www.panjabdigilib.org

# ਕਿਰਪਾ ਅਕਾਲ ਦੀ

ਜਦ ਕੋਈ ਇਨਸਾਨ ਕਾਮਯਾਬ ਹੋ ਜਾਂਦਾ ਹੈ, ਆਪਣੀ ਜ਼ਿੰਦਗੀ ਦੇ ਮਿਸ਼ਨ ਵਿਚ ਸਫਲ ਹੋ ਜਾਂਦਾ ਹੈ ਜਾਂ ਸ਼ੋਹਰਤ ਦੀ ਸਿਖਰ ਤੇ ਪਹੁੰਚਿਆ ਨਜ਼ਰ ਆਉਂਦਾ ਹੈ ਤਾਂ ਅਖਬਾਰੀ ਨੁਮਾਇੰਦੇ ਜਾਂ ਉਸ ਦੀ ਜੀਵਨੀ ਦੇ ਲੇਖਕ ਇਹ ਖੋਜ ਕਰਨ ਲੱਗ ਪੈਂਦੇ ਹਨ ਕਿ, ਉਸ ਦੀ ਸਫਲਤਾ ਦਾ ਰਾਜ਼ ਕੀ ਹੈ? ਉਸ ਦੀ ਕਾਮਯਾਬੀ ਪਿੱਛੇ ਕਿਸ ਦਾ ਹੱਥ ਹੈ? ਕਈ ਵਾਰ ਉਹ ਉਸ 'ਵਿਅਕਤੀ ਵਿਸ਼ੇਸ਼' ਨਾਲ ਮੁਲਾਕਾਤ ਕਰ ਕੇ ਇਹ ਦੋ ਸੁਆਲ ਪੁੱਛ ਲਿਆ ਕਰਦੇ ਹਨ।

ਸਫਲਤਾ ਦੀਆਂ ਕਹਾਣੀਆਂ ਦੀ ਸਟਡੀ ਕਰਨ ਪਿੱਛੋਂ ਇਹ ਭੇਦ ਖੁੱਲ੍ਹਦਾ ਹੈ ਕਿ, ਬਹੁਤ ਸਾਰੇ ਲੋਕਾਂ ਦੀ ਕਾਮਯਾਬੀ ਪਿੱਛੇ ਕਿਸੇ ਨਾ ਕਿਸੇ ਔਰਤ ਦਾ ਹੱਥ ਸੀ; ਚਾਹੇ ਉਹ ਉਸ ਦੀ ਜੀਵਨ ਸਾਥਣ ਜਾਂ ਪ੍ਰੇਮਿਕਾ।

ਪੈਸੇ ਵਾਲੇ ਲੋਕਾਂ 'ਤੇ ਉਪਰੋਕਤ ਸਵਾਲ ਕੀਤੇ ਗਏ ਤਾਂ ਉਹਨਾਂ ਦੱਸਿਆ ਕਿ, ਪੈਸਾ ਉਨ੍ਹਾਂ ਦੀ ਸਫਲਤਾ ਦਾ ਕਾਰਨ ਸੀ। ਪੈਸੇ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ: ਇਜ਼ਤ, ਮਾਣ, ਧਰਮ, ਈਮਾਨ, ਕਾਰਾਂ, ਕੋਠੀਆਂ, ਸ਼ਾਨੋ ਸ਼ੌਕਤ, ਤਾਕਤ, ਸਿਆਸਤ ਤੇ ਹਕੂਮਤ। ਪੈਸੇ ਨਾਲ ਪੈਸਾ ਵੀ ਕਮਾਇਆ ਤੇ ਵਧਾਇਆ ਜਾ ਸਕਦਾ ਹੈ।

ਕੱਖਪਤੀ ਤੋਂ ਲੱਖਪਤੀ ਬਣੇ ਕਈ ਲੋਕਾਂ ਨੇ ਇਹ ਕਿਹਾ ਕਿ, ਉਨ੍ਹਾਂ ਨੂੰ ਧੰਨ ਦੌਲਤ ਦੀ ਪਰਾਪਤੀ ਮੰਤਰ ਪੜ੍ਹਨ, ਜਾਦੂ ਕਰਨ ਜਾਂ ਲਾਟਰੀ ਨਿਕਲਣ ਨਾਲ ਨਹੀਂ ਮਿਲੀ, ਬਲਕਿ ਇਥੇ ਤੱਕ ਪਹੁੰਚਣ ਲਈ ਉਨ੍ਹਾਂ ਨੂੰ ਸਖਤ ਮਿਹਨਤ ਕਰਨੀ ਪਈ ਹੈ। ਦੂਰ ਦ੍ਰਿਸ਼ਟੀ, ਦ੍ਰਿੜ੍ਹ ਨਿਸਚਾ, ਯੋਜਨਾਬੰਦੀ, ਅਮਲੀ ਕਾਰਵਾਈ ਤੇ ਸਖਤ ਮਿਹਨਤ; ਇਹ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਹਨ।

ਸਿੱਖ ਸੰਸਾਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਫਲਤਾ ਵੀ ਇਕ ਮਹਾਨ ਸਫਲਤਾ ਹੈ। ਪਰ ਕਿਸੇ ਪ੍ਰੈਸ ਰੀਪੋਰਟਰ ਨੇ ਜਾਂ ਕਿਸੇ ਲੇਖਕ ਨੇ ਸ਼ਾਇਦ ਹੀ ਉਨ੍ਹਾਂ ਤੇ ਇਹ ਸਵਾਲ ਕੀਤਾ ਹੋਵੇ ਕਿ ਸੰਤ ਜੀ, ਤੁਹਾਡੀ ਕਾਮਯਾਬੀ ਦਾ ਕੀ ਰਾਜ਼ ਹੈ? ਇਨ੍ਹਾਂ ਲੋਕਾਂ ਨੇ ਆਪ ਵੀ ਇਹ ਭੇਤ ਲੱਭਣ ਦੀ ਕੋਸ਼ਿਸ਼ ਨਹੀਂ ਕੀਤੀ ਹੋਵੇਗੀ ਕਿ ਸੰਤਾਂ ਦੀ ਸਫਲਤਾ ਦੀ ਸਾਖੀ ਪਿੱਛੇ ਕਿਹੜਾ ਹੱਥ ਹੈ? ਔਰਤ ਦਾ ਹੱਥ?

"ਨਹੀਂ" — ਕਿਉਂਕਿ ਸੰਤ ਜੀ ਗ੍ਰਿਹਸਥ ਵਿਚ ਪਰਵੇਸ਼ ਕਰਨ ਤੇ ਬਾਲ - ਬੱਚੇਦਾਰ ਹੋਣ ਦੇ ਬਾਵਜੂਦ ਵੀ ਘਰ ਤੋਂ ਦੂਰ ਰਹਿੰਦੇ ਹਨ, ਗ੍ਰਿਹਿਸਥੀ ਹੁੰਦੇ ਹੋਏ ਵੀ ਉਦਾਸੀ ਧਾਰਨ ਕਰ ਚੁੱਕੇ ਹਨ ਤੇ ਆਪਣਾ ਜੀਵਨ ਪੰਥ ਦੀ ਸੇਵਾ ਲਈ ਵਕਫ਼ ਕਰੀ ਬੈਠੇ ਹਨ। ਸੰਤ ਜੀ ਨੇ ਘਰ ਪਰਵਾਰ ਬਾਰੇ ਪੁੱਛੇ ਗਏ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ, "ਸਿੰਘਣੀ ਤੋਂ ਇਲਾਵਾ ਮੇਰੇ ਦੋ ਭੁਝੰਗੀ ਹਨ, ਭਰਾ ਵੀ ਹਨ। ਉਹ ਕੀ ਕਰਦੇ ਹਨ, ਕਿੱਥੇ ਰਹਿੰਦੇ ਹਨ ਅਤੇ ਕੀ ਖਾਂਦੇ ਹਨ? ਇਹ ਤਾਂ ਸੱਚੇ ਪਾਤਸ਼ਾਹ ਨੂੰ ਹੀ ਪਤਾ ਹੈ।"

ਪੈਸੇ ਦਾ ਹੱਥ?

"ਨਹੀਂ" — ਕਿਉਂਕਿ ਸੰਤ ਜੀ ਇਕ ਛੋਟੇ ਕਿਸਾਨ ਖਾਨਦਾਨ ਵਿਚੋਂ ਹਨ। ਇਹ



Digitized by Panjab Digital Library | www.panjabdigilib.org

ਠੀਕ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਬਣ ਜਾਣ ਪਿੱਛੋਂ ਉਨ੍ਹਾਂ ਪਾਸ ਪੈਸੇ ਦੀ ਕਮੀ ਨਹੀਂ ਰਹੀ ਲੇਕਿਨ ਉਹ ਇਸ ਧੰਨ ਦੌਲਤ ਨੂੰ ਨਿੱਜੀ ਨਹੀਂ, ਸੰਗਤ ਦੀ ਅਮਾਨਤ ਸਮਝਦੇ ਹਨ ਤੇ ਭਿੰਡਰਾਂ ਜਥੇ ਦੀ ਤਨਜ਼ੀਮ ਤੇ ਧਰਮ ਪਰਚਾਰ ਲਈ ਹੀ ਖਰਚ ਕਰਦੇ ਹਨ।

ਤਾਂ ਫਿਰ ਕਿਸ ਦਾ ਹੱਥ?

ਸਿਵਾਏ ਅਕਾਲ ਪੁਰਖ ਦੇ ਹੱਥ ਤੋਂ ਹੋਰ ਕੋਈ ਹੱਥ ਨਜ਼ਰ ਨਹੀਂ ਆਉਂਦਾ। ਇਹ ਉਹੀ ਸ਼ਕਤੀਸ਼ਾਲੀ ਹੱਥ ਹੈ, ਜਿਸ ਬਾਰੇ ਗੁਰਬਾਣੀ ਦਾ ਇਹ ਫ਼ੁਰਮਾਨ ਹੈ:

"ਨੀਚਹ ਊਚ ਕਰੈ ਮੇਰਾ ਗੋਬਿੰਦ
ਕਾਹੂ ਤੇ ਨ ਡਰੈ ॥"

ਅਕਾਲ ਪੁਰਖ ਦੀ ਇਹ ਸ਼ਕਤੀ ਹਰ ਵਕਤ ਸੰਤਜਰਨੈਲ ਸਿੰਘ ਜੀ ਦੇ ਅੰਗ ਸੰਗ ਸਹਾਈ ਹੈ। ਏਸੇ ਅਗੰਮੀ ਸ਼ਕਤੀ ਨੇ ਸੰਤਾਂ ਨੂੰ ਮੌਤ ਦੇ ਘੇਰੇ ਵਿਚ ਹੱਥ ਦੇ ਕੇ ਰੱਖਿਆ, ਇਸ ਰੱਬੀ ਤਾਕਤ ਨੇ ਸੰਕਟ ਕਾਲ ਵਿਚ ਸੰਤ ਜੀ ਨੂੰ ਰਾਹ ਦਿਖਾਇਆ ਤੇ ਏਸੇ ਇਲਾਹੀ ਕ੍ਰਿਸ਼ਮੇ ਨੇ ਸੰਤ ਜੀ ਨੂੰ ਭਿੰਡਰਾਂ ਜਥੇ ਦੇ ਇਕ ਸਾਧਾਰਨ ਸੇਵਕ ਤੋਂ ਜਥੇ ਦਾ ਮੁਖੀ ਤੇ 'ਸੰਤ ਸ਼੍ਰੋਮਣੀ' ਬਣਾ ਕੇ ਜ਼ਾਹਰੀ ਕਲਾ ਦਿਖਾਈ।

12 ਸਤੰਬਰ 1981 ਨੂੰ ਸੰਤ ਜੀ ਚੰਦੋਕਲਾਂ (ਹਰਿਆਣਾ) ਵਿਚ ਸਨ। ਆਪ ਨੂੰ ਪੁਲਿਸ ਮੁਕਾਬਲੇ ਵਿਚ ਕਤਲ ਕਰਨ ਦੀ ਸਾਜ਼ਿਸ਼ ਤਿਆਰ ਹੋ ਚੁੱਕੀ ਸੀ। ਮੌਤ ਆਪ ਦਾ ਪਿੱਛਾ ਕਰ ਰਹੀ ਸੀ। ਰਾਤ ਦੇ 9 ਵਜੇ ਉਹ ਚੰਦੋਕਲਾਂ ਤੋਂ ਚੌਕ ਮਹਿਤਾ ਲਈ ਚੱਲ ਪਏ। ਰਾਹ ਵਿਚ ਜਗ੍ਹਾ ਜਗ੍ਹਾ ਰੁਕਾਵਟਾਂ ਸਨ। ਹਰ ਸੜਕ ਤੇ ਪੁਲਿਸ ਤਾਇਨਾਤ ਕਰ ਦਿੱਤੀ ਗਈ ਸੀ ਤੇ ਹੁਕਮ ਦੇ ਦਿੱਤਾ ਗਿਆ ਸੀ, ਕਿ ਜੇ ਸੰਤ ਜਰਨੈਲ ਸਿੰਘ ਨੂੰ ਮਹਿਤਾ ਪਹੁੰਚਣ ਨਾ ਦਿੱਤਾ ਜਾਏ ਤੇ ਦੇਖਦੇ ਹੀ ਗ੍ਰਿਫਤਾਰ ਕਰ ਲਿਆ ਜਾਏ। ਏਨੇ ਜ਼ਬਰਦਸਤ ਪੁਲਿਸ ਬੰਦੋਬਸਤ ਹੋਣ ਦੇ ਬਾਵਜੂਦ ਸੰਤ ਜੀ 350 ਕਿਲੋਮੀਟਰ ਦਾ ਸਫ਼ਰ ਕਰ ਕੇ ਦੂਜੇ ਦਿਨ ਗੁਰਦਰਸ਼ਨ ਪ੍ਰਕਾਸ਼ ਵਿਚ ਦਾਖਲ ਹੋ ਗਏ।

20 ਅਪ੍ਰੈਲ 1982 ਨੂੰ ਸੰਤ ਜੀ ਬੰਬਈ ਵਿਚ ਸਨ। ਜਥੇ ਸਮੇਤ ਗੁਰਦੁਆਰਾ ਸਿੰਘ ਸਭਾ ਦਾਦਰ ਵਿਚ ਟਿਕੇ ਹੋਏ ਸਨ। ਪੰਜਾਬ ਪੁਲਿਸ ਨੇ ਸੰਤ ਜਰਨੈਲ ਸਿੰਘ ਨੂੰ ਨੈਸ਼ਨਲ ਸਕਿਓਰਿਟੀ ਐਕਟ ਹੇਠ ਗ੍ਰਿਫਤਾਰ ਕਰਨ ਲਈ ਵਾਰੰਟ ਜਾਰੀ ਕਰ ਦਿੱਤੇ ਤੇ ਮਹਾਂਰਾਸ਼ਟਰ ਸਰਕਾਰ ਨੂੰ ਸੂਚਨਾ ਦੇ ਦਿੱਤੀ ਕਿ, ਦਾਦਰ ਗੁਰਦੁਆਰੇ ਜਾ ਕੇ ਸੰਤ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰ ਲਿਆ ਜਾਏ। ਮਰਾਠਾ ਪੁਲਿਸ ਨੇ ਗੁਰਦੁਆਰਾ ਘੇਰ ਲਿਆ। ਘੇਰਾ ਪਿਆ ਰਿਹਾ ਪਰ ਸੰਤ ਜੀ ਘੇਰੇ 'ਚੋਂ ਬਾਹਰ ਨਿਕਲਣ ਵਿਚ ਸਫਲ ਹੋ ਗਏ ਤੇ ਬੰਬਈ ਤੋਂ ਮਹਿਤੇ ਤੱਕ ਦਾ ਲੰਮਾ ਪੈਂਡਾ ਕੇਵਲ 28 ਘੰਟਿਆਂ ਵਿਚ ਮੁਕਾ ਕੇ ਫੇਰ ਗੁਰਦਰਸ਼ਨ ਪ੍ਰਕਾਸ਼ ਵਿਚ ਦਾਖਲ ਹੋ ਗਏ। ਆਖਿਰ ਉਹ ਕੌਣ ਸੀ, ਜਿਸ ਨੇ ਸੰਤਾਂ ਨੂੰ ਆਫ਼ਤ ਦੇ ਮੂੰਹ ਵਿਚੋਂ ਹੱਥ ਦੇ ਕੇ ਬਚਾਇਆ ਤੇ ਵਾਲ ਵਿੰਗਾ ਨਹੀਂ ਹੋਣ ਦਿੱਤਾ? ਉਹ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਿਹਰ ਸੀ! ਉਹ ਇਲਾਹੀ ਨੂਰ ਵਲੋਂ ਕੀਤੀ ਗਈ ਰਹਿਨੁਮਾਈ ਸੀ! ਉਹ ਅਕਾਲ ਪੁਰਖ ਦੀ ਅਪਾਰ ਕਿਰਪਾ ਸੀ! ਇਸ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਸੀ?

Prof Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.



Digitized by Panjab Digital Library | www.panjabdigilib.org

# ਚਮਤਕਾਰ 'ਪ੍ਰੈਸ' ਦਾ

ਅੱਜ ਪ੍ਰੈਸ ਦਾ ਯੁੱਗ ਹੈ, ਪਬਲਿਸਟੀ ਦਾ ਯੁੱਗ ਹੈ; ਪਰਚਾਰ ਦਾ ਯੁੱਗ ਹੈ, ਪ੍ਰਾਪੇਗੰਡੇ ਦਾ ਯੁੱਗ ਹੈ! ਉਰਦੂ ਜ਼ਬਾਨ ਦੇ ਪ੍ਰਸਿੱਧ ਪ੍ਰੈਸਮੈਨ ਸਵਰਗਵਾਸੀ ਸਰਦਾਰ ਦੀਵਾਨ ਸਿੰਘ 'ਮਫ਼ਤੂਨ' ਐਡੀਟਰ 'ਰਿਆਸਤ' ਕਿਹਾ ਕਰਦੇ ਸਨ ਕਿ, ਜੇ ਅੱਜ ਈਸਾ ਮਸੀਹ, ਹਜ਼ਰਤ ਮੁਹੰਮਦ ਸਾਹਿਬ, ਭਗਵਾਨ ਕ੍ਰਿਸ਼ਨ, ਮਹਾਤਮਾ ਬੁੱਧ ਜਾਂ ਗੁਰੂ ਨਾਨਕ ਦੇਵ ਜੀ ਅਵਤਾਰ ਧਾਰ ਕੇ ਆ ਜਾਣ, ਤਾਂ ਉਹ ਵੀ ਪ੍ਰੈਸ ਦੀ ਮਦਦ ਬਗੈਰ 'ਪਰਗਟ' ਨਹੀਂ ਹੋ ਸਕਦੇ। ਉਹ ਪਏ ਆਖਣ ਕਿ, ਮੈਂ ਈਸਾ ਹਾਂ, ਮੈਂ ਮੁਹੰਮਦ ਹਾਂ, ਮੈਂ ਕ੍ਰਿਸ਼ਨ ਹਾਂ, ਮੈਂ ਬੁੱਧ ਹਾਂ, ਮੈਂ ਨਾਨਕ ਹਾਂ, ਤਾਂ ਲੋਕ ਯਕੀਨ ਨਹੀਂ ਕਰਨਗੇ। ਬਾਬੇ ਨਾਨਕ ਦੇ ਕਥਨ ਅਨੁਸਾਰ 'ਕੋਈ ਆਖੇ ਭੂਤਨਾ ਕੋਈ ਬੇਤਾਲਾ' ਉਹ ਸਮਝਣਗੇ ਕਿ ਪਖੰਡੀ ਹੈ! ਠਗ ਹੈ! ਨੌਸਰਬਾਜ਼ ਹੈ! ਪਾਗਲ ਹੈ! ਆਪਣੇ ਆਪ ਨੂੰ ਅਵਤਾਰ ਦੱਸ ਕੇ ਝੂਠ ਬੋਲ ਰਿਹਾ ਹੈ। ਲੇਕਿਨ ਜੇ ਉਹ ਕਿਸੇ ਅਖਬਾਰੀ ਨੁਮਾਇੰਦੇ ਨੂੰ ਇੰਟਰਵਿਊ ਦੇ ਕੇ ਇਹੀ ਗੱਲ ਆਖਣ ਤੇ ਅਖਬਾਰ ਵਿਚ ਫੋਟੋ ਵੀ ਛਪਵਾ ਦੇਣ ਤਾਂ ਦੁਨੀਆਂ ਸੱਚ ਮੰਨ ਲਵੇਗੀ, ਦੁਨੀਆ ਦਰਸ਼ਨਾਂ ਲਈ ਦੌੜ ਤੁਰੇਗੀ ਤੇ ਚਰਨੀਂ ਢਹਿ ਪਵੇਗੀ। ਇਸ ਨੂੰ ਪ੍ਰੈਸ ਦਾ ਚਮਤਕਾਰ ਨਹੀਂ ਤਾਂ ਹੋਰ ਕੀ ਆਖਿਆ ਜਾਏਗਾ?

ਪ੍ਰੈਸ ਦਾ ਕੰਮ ਸੱਚ ਦਾ ਪ੍ਰਕਾਸ਼ ਕਰਨਾ ਹੈ, ਸੱਚ ਦੀ ਆਵਾਜ਼ ਬੁਲੰਦ ਕਰਨਾ ਹੈ, ਬੇਆਵਾਜ਼ਿਆਂ ਦੀ ਆਵਾਜ਼ ਬਣਨਾ ਤੇ ਹਰ ਕਿਸਮ ਦੇ ਧੱਕੇ ਵਿਰੁੱਧ ਜਹਾਦ ਕਰਨਾ ਹੈ ਲੇਕਿਨ ਮਿਸ਼ਨਰੀ ਕਾਰਜ ਤਿਆਗ ਕੇ 'ਵਪਾਰ' ਬਣ ਚੁੱਕਿਆ ਪ੍ਰੈਸ ਸੱਚ ਤੇ ਪੜਦੇ ਪਾਉਂਦਾ ਹੈ, ਜਾਣ ਬੁੱਝ ਕੇ ਜਾਂ ਅਣਜਾਣੇ ਤੌਰ ਤੇ ਗਲਤ - ਬਿਆਨੀਆਂ ਕਰਦਾ ਹੈ, ਬੇ - ਬੁਨਿਆਦ ਤੇ ਮਨਘੜਤ ਖਬਰਾਂ ਛਾਪਦਾ ਹੈ ਅਤੇ ਆਗੂਆਂ ਦੇ ਮੂੰਹਾਂ ਵਿਚ ਗਲਤ ਗੱਲਾਂ ਪਾ ਕੇ ਪਾਰਟੀਆਂ ਵਿਚ ਫੁੱਟ ਤੇ ਨਫ਼ਰਤ ਦੇ ਬੀਅ ਬੀਜਦਾ ਹੈ। ਇਹ ਵੀ ਇਕ ਪ੍ਰੈਸ ਦਾ ਚਮਤਕਾਰ ਹੈ!

13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਚ ਨਿਰੰਕਾਰੀ - ਸਿੱਖ ਟਕਰਾਓ ਦੀ ਖੂਨੀ ਘਟਨਾ ਵਾਪਰੀ। ਅੰਮ੍ਰਿਤਸਰ ਦੇ ਗ਼ੈਰ - ਸਿੱਖ ਰਿਪੋਰਟਰਾਂ ਵਲੋਂ ਭੇਜੀਆਂ ਗਈਆਂ ਜੋ ਖਬਰਾਂ ਛਪੀਆਂ, ਉਨ੍ਹਾਂ ਅਨੁਸਾਰ ਨਿਰੰਕਾਰੀ ਸਤਿਸੰਗ ਰੋਕਣ ਲਈ ਜਾਣ ਵਾਲੇ ਸਿੰਘਾਂ ਨੂੰ 'ਨਿਹੰਗ' ਲਿਖਿਆ ਗਿਆ ਤੇ ਇਹ ਵੀ ਛਾਪਿਆ ਗਿਆ ਕਿ, ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਚੇਲੇ ਸਨ। ਇਨ੍ਹਾਂ ਅਣਜਾਣ ਪ੍ਰੈਸ ਰੀਪੋਰਟਰਾਂ ਨੇ ਭਿੰਡਰਾਂ ਜਥੇ ਤੇ ਅਖੰਡ ਕੀਰਤਨੀ ਜਥੇ ਦਾ ਵੇਰਵਾ ਤਾਂ ਪਾਉਣਾ ਹੀ ਕੀ ਸੀ, ਇਨ੍ਹਾਂ ਨੂੰ ਤਾਂ ਨੀਲੀਆਂ ਤੇ ਕਾਲੀਆਂ ਦਸਤਾਰਾਂ ਵਾਲੇ ਸਾਰੇ ਸਿੰਘ 'ਨਿਹੰਗ' ਹੀ ਨਜ਼ਰ ਆਉਂਦੇ ਸਨ। ਇਨ੍ਹਾਂ ਨੂੰ ਏਨਾ ਵੀ ਪਤਾ ਨਹੀਂ ਸੀ ਕਿ, ਨਿਹੰਗ ਸਿੰਘਾਂ ਦੇ ਮੁਖੀ ਨੂੰ 'ਜਥੇਦਾਰ' ਕਿਹਾ ਜਾਂਦਾ ਹੈ, 'ਸੰਤ' ਨਹੀਂ, ਪਰ ਪ੍ਰੈਸ ਦੀ ਕਰਾਮਾਤ ਦੇਖੋ, ਜਿਸ ਨੇ ਸੰਤ ਜਰਨੈਲ ਸਿੰਘ ਨੂੰ ਨਿਹੰਗ ਚੀਫ ਬਣਾ ਦਿੱਤਾ!

ਇਸ ਤੋਂ ਬਾਅਦ ਸਿੰਘਾਂ ਨੇ ਗੁਰੂਡਮ - ਵਿਰੋਧੀ ਜਹਾਦ ਨੂੰ ਤੇਜ਼ ਕਰ ਦਿੱਤਾ। ਨਾਲ ਹੀ ਨਿਰੰਕਾਰੀਆਂ ਦੇ ਦੇਹਧਾਰੀ ਅਖੌਤੀ ਗੁਰੂ ਦੇ ਚੇਲਿਆਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ, ਨਿਰੰਕਾਰੀਆਂ ਨੂੰ ਕਤਲ ਕਰਨ ਵਾਲੇ ਅਗਿਆਤ ਸਿੰਘਾਂ ਦਾ ਨਾਂ ਭਿੰਡਰਾਂਵਾਲੇ ਸੰਤਾਂ ਨਾਲ



Digitized by Panjab Digital Library | www.panjabdigilib.org

ਚੜ੍ਹਨਾ ਸ਼ੁਰੂ ਹੋ ਗਿਆ। ਹਰ ਚੜ੍ਹਦੇ ਸੂਰਜ ਸੰਤ ਜਰਨੈਲ ਸਿੰਘ ਦੀ ਚਰਚਾ ਖ਼ਬਰਾਂ ਵਿਚ ਹੋਣੀ ਸ਼ੁਰੂ ਹੋ ਗਈ। ਸੰਤਾਂ ਨੂੰ ਅੱਤਵਾਦੀ ਕਿਹਾ ਜਾਣ ਲੱਗ ਪਿਆ। ਪੰਜਾਬ ਦੀਆਂ ਗ਼ੈਰ - ਸਿੱਖ ਅਖ਼ਬਾਰਾਂ ਦੇ ਪਰਚਾਰ ਸਦਕਾ ਕੌਮੀ ਤੇ ਕੌਮਾਂਤਰੀ ਪ੍ਰੈਸ ਦਾ ਧਿਆਨ ਭਿੰਡਰਾਂਵਾਲੇ ਸੰਤਾਂ ਵੱਲ ਖਿੱਚਿਆ ਗਿਆ ਤੇ ਉਨ੍ਹਾਂ ਦੇ ਪ੍ਰਤੀਨਿਧਾਂ ਨੇ ਅੰਮ੍ਰਿਤਸਰ ਆ ਕੇ ਤੇ ਭਿੰਡਰਾਂਵਾਲੇ ਸੰਤਾਂ ਦੇ ਇੰਟਰਵਿਊ ਲੈ ਕੇ ਛਾਪਣੇ ਸ਼ੁਰੂ ਕਰ ਦਿੱਤੇ। ਪ੍ਰਤੀਕਰਮ ਇਹ ਹੋਇਆ ਕਿ 'ਭਿੰਡਰਾਂਵਾਲੇ' ਨਾਂ ਦਾ ਪਰਚਾਰ ਸ੍ਰੀ ਨਗਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ, ਕਲਕੱਤੇ ਤੋਂ ਲੈ ਕੇ ਬੰਬੇ ਤੱਕ ਤੇ ਪੂਰਬ ਤੋਂ ਲੈ ਪੱਛਮ ਤੱਕ ਫੈਲ ਗਿਆ। ਇਹ ਸਾਰਾ ਪ੍ਰੈਸ ਦਾ ਹੀ ਕ੍ਰਿਸ਼ਮਾ ਸੀ!

— ਕੌਮੀ ਤੇ ਕੌਮਾਂਤਰੀ ਨੀਊਜ਼ ਏਜੰਸੀਆਂ, ਜਿਨ੍ਹਾਂ ਦੇ ਨੁਮਾਇੰਦੇ ਅੰਮ੍ਰਿਤਸਰ ਪਹੁੰਚ ਕੇ ਭਿੰਡਰਾਂਵਾਲੇ ਸੰਤਾਂ ਨੂੰ ਮਿਲੇ, ਉਨ੍ਹਾਂ ਏਜੰਸੀਆਂ ਦੇ ਨਾਂ ਇਹ ਹਨ: ਪ੍ਰੈਸ ਟਰੱਸਟ ਆਫ ਇੰਡੀਆ (ਪੀ. ਟੀ. ਆਈ.), ਯੂਨਾਈਟਿਡ ਨੀਊਜ਼ ਆਫ ਇੰਡੀਆ (ਯੂ. ਐਨ. ਆਈ.), ਹਿੰਦੁਸਤਾਨ ਸਮਾਚਾਰ, ਸਮਾਚਾਰ ਭਾਰਤੀ, ਏ. ਐਫ. ਪੀ., ਰਾਈਟਰ, ਯੂ. ਪੀ. ਆਈ., ਵੁਆਇਸ ਆਫ ਅਮੈਰਿਕਾ, ਏ. ਪੀ., ਬੀ. ਬੀ. ਸੀ. ਲੰਡਨ ਤੋਂ ਇਲਾਵਾ ਫਰਾਂਸ, ਜਰਮਨ, ਇਟਲੀ ਤੇ ਆਸਟਰੇਲੀਆ ਆਦਿ ਮੁਲਕਾਂ ਦੀਆਂ ਹੋਰ ਕਈ ਨੀਊਜ਼ ਅਤੇ ਟੈਲੀਵਿਯਨ ਏਜੰਸੀਆਂ।

— ਉਹ ਕੌਮੀ ਅਖ਼ਬਾਰ, ਜਿਨ੍ਹਾਂ ਦੇ ਨੁਮਾਇੰਦਿਆਂ ਨੇ ਸੰਤ ਜਰਨੈਲ ਸਿੰਘ 'ਖਾਲਸਾ' ਨਾਲ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਵਿਚ ਮੁਲਾਕਾਤਾਂ ਕੀਤੀਆਂ: 'ਟਾਈਮਜ਼ ਆਫ ਇੰਡੀਆ, ਹਿੰਦੁਸਤਾਨ ਟਾਈਮਜ਼, ਇੰਡੀਅਨ ਐਕਸਪ੍ਰੈਸ ਪੈਟਰੀਆਟ, ਨੈਸ਼ਨਲ ਹੈਰਾਲਡ, ਅੰਮ੍ਰਿਤ ਬਾਜ਼ਾਰ ਪੱਤ੍ਰਕਾ, ਸਟੇਟਸਮੈਨ, ਟ੍ਰਿਬਿਊਨ, ਟੈਲੀਗਰਾਫ ਤੇ ਹਿੰਦੂ ਆਦਿ।

— ਪੰਜਾਬ ਦੇ ਉਹ ਅਖ਼ਬਾਰ, ਜਿਨ੍ਹਾਂ ਨੇ ਸੰਤ ਜਰਨੈਲ ਸਿੰਘ ਨੂੰ 'ਅੱਤਵਾਦ' ਤੇ 'ਵੱਖਵਾਦ' ਦੀਆਂ ਐਨਕਾਂ ਰਾਹੀਂ ਦੇਖ ਕੇ ਛਾਪਿਆ ਤੇ ਗ਼ੈਰ - ਸਿੱਖਾਂ ਲਈ 'ਹਊਆ' ਬਣਾ ਕੇ ਪੇਸ਼ ਕੀਤਾ: ਹਿੰਦ ਸਮਾਚਾਰ, ਪ੍ਰਤਾਪ, ਮਿਲਾਪ, ਪੰਜਾਬ ਕੇਸਰੀ, ਵੀਰ ਪਰਤਾਪ, ਹਿੰਦੀ ਮਿਲਾਪ ਤੇ ਜੱਗਬਾਣੀ।

— ਮਾਸਕ, ਪੰਦਰਾਂ - ਰੋਜ਼ਾ ਜਾਂ ਹਫਤਾਵਾਰ ਨੀਊਜ਼ ਮੈਗਜ਼ੀਨ ਜਾਂ ਅਖ਼ਬਾਰ, ਜਿਨ੍ਹਾਂ ਨੇ ਭਿੰਡਰਾਂਵਾਲੇ ਸੰਤਾਂ ਦੇ ਪੋਰਟਰੇਟ ਟਾਈਟਲ ਪੇਜ ਤੇ ਛਾਪ ਕੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਜਾਂ ਭਰਪੂਰ ਪਬਲਿਸਟੀ ਦਿੱਤੀ ਇੰਡੀਆ ਟੂ ਡੇ, ਸੰਡੇ, ਰਵੀਵਾਰ, ਸਰਿਤਾ, ਕਾਰਵਾਂ, ਭੂ - ਭਾਰਤੀ, ਇਲਸਟ੍ਰੇਟਡ ਵੀਕਲੀ, ਲਿੰਕ, ਆਨਲੁੱਕਰ, ਸੱਨ, ਦਿੱਲੀ ਰਿਕਾਰਡਰ, ਵੀਕੈਂਡ ਰੀਵੀਊ, ਬਲਿਟਜ਼, ਕਰੰਟ, ਆਰਗੇਨਾਈਜ਼ਰ, ਪੰਚ ਜਨ, ਡੈਬੋਨਾਇਰ, ਮਾਇਆ, ਦਿਨਮਾਨ, ਖਾਸ ਖ਼ਬਰ, ਨਿਊਜ਼ ਟਰੈਕ, ਬਿਜਨਸ ਇੰਡੀਆ ਤੇ ਅਣਗਿਣਤ ਹੋਰ ਅਖ਼ਬਾਰਾਂ ਤੇ ਰਸਾਲੇ।

ਹਿੰਦੁਸਤਾਨ ਦੇ ਹਰ ਸੂਬੇ ਤੇ ਹਰ ਜ਼ੁਬਾਨ ਵਿਚ ਛਪਣ ਵਾਲਾ ਸ਼ਾਇਦ ਹੀ ਕੋਈ ਅਜਿਹਾ ਅਖ਼ਬਾਰ ਜਾਂ ਰਸਾਲਾ ਹੋਵੇਗਾ, ਜਿਸ ਨੇ ਉਪਰੋਕਤ ਪ੍ਰੈਸ ਦੀ ਸਹਾਇਤਾ ਨਾਲ ਜਾਂ ਹੋਰ ਕਿਸੇ ਵਸੀਲੇ ਰਾਹੀਂ ਸੰਤ ਜੀ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਆਪਣੇ ਪਾਠਕਾਂ ਤੱਕ ਨਾ ਪਹੁੰਚਾਈ ਹੋਵੇ ਤੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਹਿੰਦੁਸਤਾਨ ਦਾ ਸ਼ਾਇਦ ਹੀ ਕੋਈ ਸੰਤ ਜਾਂ ਵਿਸ਼ੇਸ਼ ਵਿਅਕਤੀ ਹੋਵੇਗਾ, ਜਿਸ ਨੂੰ ਪ੍ਰੈਸ ਨੇ ਸੰਤ ਜਰਨੈਲ ਸਿੰਘ 'ਖਾਲਸਾ' ਦੇ ਬਰਾਬਰ ਪਬਲਿਸਟੀ ਦਿੱਤੀ ਹੋਵੇ। ਇਸ ਤੋਂ ਸਾਫ ਜ਼ਾਹਿਰ ਹੈ ਕਿ ਪ੍ਰੈਸ ਨੇ ਇਕ ਅਗਿਆਤ ਸੰਤ



Digitized by Panjab Digital Library | www.panjabdigilib.org

ਨੂੰ ਕੌਮੀ ਤੇ ਕੌਮਾਂਤਰੀ ਪੱਧਰ ਤੇ ਮਸ਼ਹੂਰ ਕਰਨ ਵਿਚ ਕਿੰਨਾ ਮਹਾਨ ਰੋਲ ਅਦਾ ਕੀਤਾ ਹੈ। ਪ੍ਰੈਸ ਦਾ ਇਹ ਕ੍ਰਿਸ਼ਮਾ ਹੈ! ਕਰਾਮਾਤ ਹੈ! ਚਮਤਕਾਰ ਹੈ!



Digitized by Panjab Digital Library | www.panjabdigilib.org

# ਭਿੰਡਰਾਂਵਾਲੇ ਸੰਤ:
## ਵਾਦ - ਵਿਵਾਦ ਦੀ ਰੌਸ਼ਨੀ ਵਿਚ



# ਧਰਮ ਦਾ ਰਾਖਾ:
## ਜਿਸ ਨੇ ਗੁਰੂਡਮ ਨੂੰ ਵੰਗਾਰਿਆ

ਹਿੰਦੂਆਂ ਦੇ ਧਰਮ ਗ੍ਰੰਥਾਂ 'ਸ੍ਰੀ ਭਗਵਤ' ਪੁਰਾਣ ਤੇ 'ਗੀਤਾ' ਵਿਚ ਪਰਮਾਤਮਾ ਵਲੋਂ ਲਿਖਿਆ ਗਿਆ ਹੈ ਕਿ "ਜਦੋਂ ਧਰਮ ਨੂੰ ਢਾਹ ਲਗਦੀ ਹੈ ਤਾਂ ਮੈਂ ਅਵਤਾਰ ਧਾਰਨ ਕਰਦਾ ਹਾਂ।" ਏਸੇ ਤਰ੍ਹਾਂ ਦਸਮ ਪਾਤਸ਼ਾਹ ਵਲੋਂ 'ਬਚਿੱਤ੍ਰ ਨਾਟਕ' ਵਿਚ ਦਰਜ ਹੈ ਕਿ, ਅਕਾਲ ਪੁਰਖ ਦੇ ਹੁਕਮ ਨਾਲ ਉਨ੍ਹਾਂ ਧਰਮ ਬਚਾਉਣ ਲਈ ਤੇ ਪੰਥ ਚਲਾਉਣ ਲਈ ਜਨਮ ਲਿਆ। ਅਵਤਾਰਾਂ ਤੇ ਗੁਰੂਆਂ ਦੇ ਚਲੇ ਜਾਣ ਪਿੱਛੋਂ ਮਤਾਂ ਮਤਾਂਤਰਾਂ ਦੇ ਮੁਖੀ ਆਪੋ ਆਪਣੇ ਮਤ ਦਾ ਪਰਚਾਰ ਅਤੇ ਸਿਧਾਂਤਾਂ ਦੀ ਰੱਖਿਆ ਕਰਦੇ ਰਹਿੰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ ਗਏ ਖਾਲਸਾ ਪੰਥ ਤੇ 'ਸ਼ਬਦ ਗੁਰੂ' ਦੇ ਸਾਕਾਰ ਸਰੂਪ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਚਾਰ ਮਿਸ਼ਨ ਨੂੰ ਚਾਲੂ ਰੱਖਣ ਲਈ ਕਾਇਮ ਕੀਤੀ ਗਈ ਦਮਦਮੀ



Digitized by Panjab Digital Library | www.panjabdigilib.org

ਟਕਸਾਲ ਨਾਮੀ ਮਿਸ਼ਨਰੀ ਸੰਸਥਾ ਦੇ ਵਰਤਮਾਨ ਮੁਖੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਹਨ ।

## ਸਿੱਖ - ਨਿਰੰਕਾਰੀ ਝਗੜਾ ਕਿਉਂ?

ਦੂਜੇ ਧਰਮਾਂ ਦੇ ਲੋਕ ਸਿੱਖਾਂ ਤੇ ਨਿਰੰਕਾਰੀਆਂ ਵਿਚ ਚੱਲ ਪਏ ਖ਼ੂਨੀ ਟਕਰਾਉ ਦੇਖ ਕੇ ਹੈਰਾਨ ਹਨ ਕਿ ਇਨ੍ਹਾਂ ਮਤਾਂ ਵਿਚ ਝਗੜੇ ਦਾ ਮੂਲ ਕਾਰਨ ਕੀ ਹੈ? ਤੇ ਹਰ ਖਿਆਲ ਦੇ ਸਿੱਖ ਇਕ ਪਲੇਟਫਾਰਮ ਤੇ ਇਕੱਠੇ ਹੋ ਕੇ ਨਿਰੰਕਾਰੀ ਮੰਡਲੀ ਦੇ ਵਿਰੁੱਧ ਕਿਉਂ ਖੜ੍ਹੇ ਹੋ ਗਏ ਹਨ? ਉਨ੍ਹਾਂ ਦਾ ਇਹ ਸ਼ੰਕਾ ਨਵਿਰਤ ਕਰਨਾ ਬਹੁਤ ਜ਼ਰੂਰੀ ਹੈ ।

ਸਿੱਖ - ਨਿਰੰਕਾਰੀ ਝਗੜੇ ਦੀ ਬੁਨਿਆਦ 'ਸ਼ਬਦ ਗੁਰੂ' ਤੇ 'ਦੇਹਧਾਰੀ ਗੁਰੂ' ਦਾ ਸਿਧਾਂਤ ਹੈ । ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੱਦੀ — ਨਸ਼ੀਨ ਕਰ ਕੇ ਸਿੱਖਾਂ ਵਿਚ ਪਿਛਲੇ 9 ਗੁਰੂਆਂ ਤੋਂ ਚਲੀ ਆਉਂਦੀ 'ਦੇਹਧਾਰੀ ਗੁਰੂ' ਦੀ ਪਰੰਪਰਾ ਨੂੰ ਹਮੇਸ਼ਾ ਵਾਸਤੇ ਖਤਮ ਕਰ ਦਿੱਤਾ ਸੀ । ਦਸਮ ਗੁਰੂ ਨੇ ਜਦ ਇਹ ਮਹਿਸੂਸ ਕੀਤਾ ਕਿ, ਸਿੱਖਾਂ ਨੂੰ 'ਸ਼ਬਦ ਗੁਰੂ' ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਗਵਾਈ ਲੈਣ ਦੇ ਨਾਲ ਨਾਲ ਸਰੀਰਕ ਰੂਪ ਵਿਚ ਰਹਿਨੁਮਾਈ ਕਰਨ ਵਾਲੇ ਗੁਰੂ ਦੀ ਲੋੜ ਵੀ ਪੈ ਸਕਦੀ ਹੈ ਤਾਂ ਉਨ੍ਹਾਂ ਨੇ ਸਿੱਖ ਸੰਗਤ ਦੇ ਪ੍ਰਤੀਨਿਧ 'ਪੰਜ ਪਿਆਰਿਆਂ' ਨੂੰ 'ਗੁਰੂ' ਦੇ ਬਰਾਬਰ ਦਾ ਦਰਜਾ ਦੇ ਦਿੱਤਾ ।

ਇਸ ਤੋਂ ਬਾਅਦ ਜਿਸ ਵਿਅਕਤੀ ਨੇ ਵੀ ਸਿੱਖੀ ਭੇਖ ਵਿਚ 'ਗੁਰੂ' ਬਣਨ ਦੀ ਗੁਸਤਾਖੀ ਕੀਤੀ, ਸਿੱਖ ਪੰਥ ਨੇ ਉਸ ਨੂੰ ਮਾਫ ਨਹੀਂ ਕੀਤਾ ਤੇ ਸਿੱਧੇ ਰਾਹ ਤੇ ਪਾ ਕੇ ਛੱਡਿਆ। ਇਕ ਮੌਕੇ ਰਾਧਾ ਸੁਆਮੀਆਂ ਦੇ ਅਖੌਤੀ ਗੁਰੂ ਬਾਬਾ ਸਾਵਣ ਸਿੰਘ ਨੇ ਆਪਣੇ ਮਤ ਦੀ ਧਾਰਮਿਕ ਪੁਸਤਕ 'ਸਾਰ ਬਚਨ' ਦਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਰਨਾ ਸ਼ੁਰੂ ਕਰ ਦਿੱਤਾ ਸੀ, ਪਰ ਜਦ ਉਸ ਨੂੰ ਪਤਾ ਲੱਗਾਕਿ, ਉਸ ਦੀ ਇਸ ਹਰਕਤ ਦਾ ਸਿੱਖ ਪੰਥ ਵਿਚ ਤਿੱਖਾ ਪ੍ਰਤੀਕਰਮ ਹੋਣ ਵਾਲਾ ਹੈ ਤਾਂ ਉਸ ਨੇ ਛੇਤੀ ਹੀ ਮੋੜਾ ਪਾ ਲਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣੀ ਧਰਮ ਪੋਥੀ ਦਾ ਪ੍ਰਕਾਸ਼ ਕਰਨਾ ਬੰਦ ਕਰ ਦਿੱਤਾ। ਏਸੇ ਤਰ੍ਹਾਂ ਇਕ ਵਾਰ ਨਾਮਧਾਰੀ 'ਗੁਰੂਡਮ' ਨੇ, ਜੋ ਕਿ ਸਿੱਖ ਪੰਥ ਤੋਂ ਡਰਦਾ ਆਪਣੇ ਅਖੌਤੀ ਗੁਰੂਆਂ ਨੂੰ 'ਗੁਰੂ' ਦੀ ਥਾਂ 'ਸਤਿਗੁਰੂ' ਦਾ ਨਾਂ ਦਿੰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਪੱਤਰਾ - ਪਾਠ' ਦਾ ਰਿਵਾਜ ਚਾਲੂ ਕਰਨਾ ਚਾਹਿਆ ਸੀ, ਲੇਕਿਨ ਸਿੱਖ ਪੰਥ ਵਲੋਂ ਵਿਰੋਧ ਹੋਣ ਤੇ ਉਹ ਛੇਤੀ ਹੀ ਸਿੱਧੇ ਰਸਤੇ ਤੇ ਤੁਰ ਪਿਆ ਸੀ । 'ਸ਼ਬਦ ਗੁਰੂ' ਨਾਲ ਮੱਥਾ ਲਾਉਣ ਲੱਗਿਆਂ ਉਪਰੋਕਤ ਦੋ 'ਗੁਰੂਡਮ' ਤਾਂ ਸੰਭਲ ਗਏ ਪਰ ਤੀਜੇ ਗੁਰੂਡਮ 'ਨਕਲੀ ਨਿਰੰਕਾਰੀ' ਮਤ ਦੀ ਮੱਤ 'ਤੇ ਅਜਿਹਾ ਪੜਦਾ ਪਿਆ ਕਿ ਉਸ ਨੇ ਸਿੱਖ ਗੁਰੂਆਂ ਦੀ ਬਰਾਬਰੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰਾਦਰੀ ਕਰਨ ਲੱਗਿਆਂ ਇਸ ਤੋਂ ਨਿਕਲਣ ਵਾਲੇ ਗੰਭੀਰ ਨਤੀਜਿਆਂ ਦਾ ਖਿਆਲ ਨਾ ਰੱਖਿਆ । ਇਸ ਪਖੰਡ ਮੰਡਲੀ ਨੇ 'ਮਾਨਵ ਏਕਤਾ' ਦਾ ਪਖੰਡ ਰਚ ਕੇ ਮਾਨਵਤਾ ਦਾ ਕਤਲ ਕਰਨਾ ਸ਼ੁਰੂ ਕਰ ਦਿੱਤਾ। 1978 ਦੀ ਖ਼ੂਨੀ ਵਿਸਾਖੀ ਦੀ ਮਿਸਾਲ ਸਭ ਦੇ ਸਾਹਮਣੇ ਹੈ। ਨਕਲੀ ਨਿਰੰਕਾਰੀਆਂ ਦੇ ਸਿੱਖੀ - ਵਿਰੋਧੀ ਪਰਚਾਰ, ਜੋ ਕਿ ਸਿੱਖ - ਨਿਰੰਕਾਰੀ ਝਗੜੇ ਦਾ ਮੂਲ ਆਧਾਰ ਬਣਿਆ, ਦੀਆਂ ਕੁਝ ਮਿਸਾਲਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

— ਹਿੰਦੂਆਂ ਦੇ 33 ਕਰੋੜ ਦੇਵੀ ਦੇਵਤੇ ਹਨ । ਕੋਈ ਹਿੰਦੂ ਸ਼ਿਵ - ਲਿੰਗ ਦੀ ਪੂਜਾ ਕਰਦਾ ਹੈ, ਕੋਈ ਭਗਵਾਨ ਰਾਮ ਦਾ ਪੁਜਾਰੀ ਹੈ, ਕੋਈ ਕ੍ਰਿਸ਼ਨ - ਭਗਤ ਹੈ, ਕੋਈ ਪਿੱਪਲ ਨੂੰ ਦੇਵਤਾ ਮੰਨ ਕੇ ਪੂਜੀ ਜਾਂਦਾ ਹੈ, ਕੋਈ ਸੱਪ ਨੂੰ 'ਨਾਗ ਦੇਵਤਾ' ਸਮਝ ਕੇ ਦੁੱਧ



Digitized by Panjab Digital Library | www.panjabdigilib.org

ਪਿਲਾਈ ਜਾਂਦਾ ਹੈ ਤੇ ਕੋਈ ਬਾਂਦਰਾਂ ਨੂੰ ਹਨੂੰਮਾਨ ਦੀ ਸੈਨਾ ਸਮਝ ਕੇ ਭੋਗ ਲੁਆਈ ਜਾਂਦਾ ਹੈ। ਸਿੱਖਾਂ ਨੇ ਉਨ੍ਹਾਂ ਦੇ ਪੂਜਾ - ਪਾਠ ਅਤੇ ਪ੍ਰਭੂ - ਸਿਮਰਨ ਦੇ ਤਰੀਕਿਆਂ ਤੇ ਕਦੇ ਕੋਈ ਕਿੰਤੂ ਨਹੀਂ ਕੀਤਾ, ਸਿੱਖਾਂ ਦਾ ਉਨ੍ਹਾਂ ਨਾਲ ਕਦੇ ਕੋਈ ਟਕਰਾਅ ਨਹੀਂ ਹੋਇਆ। ਪਰ ਨਿਰੰਕਾਰੀਆਂ ਨਾਲ ਸਿੱਖਾਂ ਦਾ ਝਗੜਾ ਏਸ ਲਈ ਹੈ ਕਿ, ਉਹ ਸਿੱਖ ਗੁਰੂਆਂ ਦੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਦੇ ਹਨ, ਸਿੱਖ ਰਹਿਤ ਮਰਯਾਦਾ ਦਾ ਮਖੌਲ ਉਡਾਉਂਦੇ ਹਨ, ਪੰਜਾਂ ਪਿਆਰਿਆਂ ਦੀ ਥਾਂ ਸੱਤ ਸਿਤਾਰੇ ਸਾਜੀ ਬੈਠੇ ਹਨ ਤੇ ਖੰਡੇ ਦੇ ਅੰਮ੍ਰਿਤ ਦੀ ਥਾਂ ਪੈਰਾਂ ਦਾ ਅੰਮ੍ਰਿਤ ਪਿਲਾਉਂਦੇ ਹਨ। ਸਿੱਖ ਕਦੇ ਵੀ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਕਿ ਕੋਈ ਅਣਮਤੀਆਂ ਉਨ੍ਹਾਂ ਦੇ ਗੁਰੂਆਂ ਦੀ ਪੱਗ ਨੂੰ ਹੱਥ ਪਾਵੇ ਤੇ ਉਨ੍ਹਾਂ ਦੇ ਇਸ਼ਟ ਦਾ ਨਿਰਾਦਰ ਕਰੇ।

— ਨਕਲੀ ਨਿਰੰਕਾਰੀ ਭੇਖੀ ਤੇ ਪਖੰਡੀ ਹਨ। ਬਾਬੇ ਗੁਰਬਚਨ ਸਿੰਘ ਦੇ ਦੋ ਮੋਹਰੀ ਚੇਲਿਆਂ ਅਮਰ ਸਿੰਘ ਤੇ ਲਾਭ ਸਿੰਘ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਕਿ, "ਸਾਡੇ ਦਾੜ੍ਹੀ ਕੇਸਾਂ ਤੇ ਪੱਗ ਨੂੰ ਦੇਖ ਕੇ ਕਈ ਲੋਕਾਂ ਨੂੰ ਭੁਲੇਖਾ ਲੱਗ ਜਾਂਦਾ ਹੈ ਕਿ ਅਸੀਂ ਸਿੱਖ ਹਾਂ। ਦਰਅਸਲ ਅਸੀਂ ਨਾ ਹਿੰਦੂ ਹਾਂ, ਨਾ ਮੁਸਲਮਾਨ ਹਾਂ ਤੇ ਨਾ ਹੀ ਸਿੱਖ ਹਾਂ।"

(ਇਲੱਸਟ੍ਰੇਟਿਡ ਵੀਕਲੀ: 24.10.71)

— ਬਾਬੇ ਗੁਰਬਚਨ ਸਿੰਘ ਦੇ ਚੇਲੇ ਹਰਚਰਨ ਸਿੰਘ ਚੰਡੀਗੜ੍ਹ ਨੇ ਨਿਰੰਕਾਰੀ ਬਾਬੇ ਬਾਰੇ ਇਕ ਪੈਗੰਬਰੀ ਕਾਰਡ ਜਾਰੀ ਕੀਤਾ, ਜਿਸ ਵਿਚ ਉਸ ਨੂੰ ਗੁਰੂ ਨਾਨਕ ਦੇਵ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਜਾ - ਨਸ਼ੀਨ ਦੱਸਿਆ। ਸਿੱਖ ਇਹ ਗੱਲ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ 'ਮਿੱਟੀ' ਦੀ ਬਰਾਬਰੀ ਇਲਾਹੀ ਨੂਰ ਨਾਲ ਕੀਤੀ ਜਾਵੇ!

— ਆਪਣੇ ਆਪ ਨੂੰ ਦਸਮ ਪਾਤਸ਼ਾਹ ਤੋਂ ਵੀ ਵੱਡਾ ਪਰਗਟ ਕਰਨ ਲਈ ਇਕ ਵਾਰ ਨਿਰੰਕਾਰੀ ਮੁਖੀ ਅਵਤਾਰ ਸਿੰਘ ਨੇ ਦਿੱਲੀ ਵਿਚ ਆਖਿਆ "ਗੁਰੂ ਗੋਬਿੰਦ ਸਿੰਘ ਨੇ ਤਾਂ 'ਪੰਜ ਪਿਆਰੇ' ਬਣਾਏ ਸਨ ਪਰ ਮੈਂ 'ਸੱਤ ਸਿਤਾਰੇ' ਸਾਜ ਦਿੱਤੇ ਹਨ।"

— ਨਕਲੀ ਨਿਰੰਕਾਰੀਆਂ ਦੀ ਪੁਸਤਕ 'ਯੁਗ ਪੁਰਸ਼' ਵਿਚ ਨਿਰੰਕਾਰੀ ਮੁਖੀ ਅਵਤਾਰ ਸਿੰਘ (ਪਰਲੋਕ ਵਾਸੀ) ਨੂੰ ਸਾਰੇ ਪੀਰਾਂ, ਪੈਗੰਬਰਾਂ, ਅਵਤਾਰਾਂ, ਔਲੀਆਂ ਤੇ ਸਿੱਖ ਸਤਿਗੁਰੂਆਂ ਤੋਂ ਉੱਚਾ ਸਾਬਤ ਕਰਨ ਲਈ ਹੇਠ ਲਿਖੀ ਮਨੋ - ਕਲਪਿਤ ਅਤੇ ਸਰਾਸਰ ਝੂਠੀ ਕਹਾਣੀ ਛਾਪੀ ਗਈ ਹੈ, ਜਿਸ ਵਿਚ ਅਵਤਾਰ ਸਿੰਘ ਕਹਿੰਦਾ ਹੈ:

"ਮਹਾਂ ਪੁਰਸ਼ੋ! ਸੰਤ ਜਨੋ! ਅੱਜ ਮੈਂ ਤੁਹਾਨੂੰ ਇਕ ਭੇਤ ਭਰੀ ਗੱਲ ਦੱਸਦਾ ਹਾਂ। ਨਿਰੰਕਾਰ ਪ੍ਰਭੂ ਨੇ ਪਿਛਲੇ ਜੁਗਾਂ ਵਿਚ ਹੋ ਚੁਕੇ ਸਾਰੇ ਪੀਰਾਂ ਤੇ ਅਵਤਾਰਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਉਨ੍ਹਾਂ ਵਿਚੋਂ ਇਕ ਨੂੰ ਪ੍ਰਿਥਵੀ ਤੇ ਜਾ ਕੇ ਰਾਹ ਦਿਖਾਉਣ ਦੀ ਇੱਛਾ ਪਰਗਟ ਕੀਤੀ। ਪਰ ਪ੍ਰਿਥਵੀ ਤੇ ਜਾਣ ਲਈ ਕੋਈ ਪੀਰ, ਪੈਗੰਬਰ, ਅਵਤਾਰ, ਗੁਰੂ ਤਿਆਰ ਨਾ ਹੋਇਆ। ਭਗਵਾਨ ਰਾਮ, ਸ੍ਰੀ ਕ੍ਰਿਸ਼ਨ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਯਸੂਹ ਮਸੀਹ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਾਰਿਆਂ ਪੀਰਾਂ ਅਵਤਾਰਾਂ ਨੇ ਆਪਣੇ ਨਾਲ ਹੋਏ ਪਹਿਲੇ ਸਲੂਕ ਨੂੰ ਯਾਦ ਕਰਕੇ ਧਰਤੀ ਉਤੇ ਜਾਣ ਤੋਂ ਨਾਂਹ ਕਰ ਦਿੱਤੀ। ਉਸ ਵਕਤ ਮੈਂ ਵੀ ਬਾਕੀ ਵਲੀਆਂ, ਅਵਤਾਰਾਂ ਤੇ ਮਹਾਂ ਪੁਰਸ਼ਾਂ ਵਾਂਗ ਸਰੀਰ ਨਾ ਹੁੰਦੇ ਹੋਏ ਵੀ ਨਿਰੰਕਾਰ ਵਿਚ ਮੌਜੂਦ ਸਾਂ। ਸਾਰੇ ਅਵਤਾਰਾਂ ਵਲੋਂ ਜ਼ੋਰ ਦਿੱਤੇ ਜਾਣ ਤੇ ਨਿਰੰਕਾਰ ਪ੍ਰਭੂ ਨੇ ਮੇਰੇ ਵੱਲ ਦ੍ਰਿਸ਼ਟੀ ਕੀਤੀ।

ਪ੍ਰਭੂ ਨੇ ਮੇਰੇ ਵੱਲ ਦੇਖਦੇ ਹੋਏ ਕਿਹਾ, "ਮੇਰੀ ਹਾਰਦਿਕ ਇੱਛਾ ਹੈ ਕਿ ਇਸ ਵਾਰ ਤੁਸੀਂ



Digitized by Panjab Digital Library | www.panjabdigilib.org

ਧਰਤੀ ਉੱਤੇ ਜਾ ਕੇ ਮਨੁੱਖ ਜ਼ਾਤੀ ਦਾ ਪੱਥ - ਪ੍ਰਦਰਸ਼ਨ ਕਰੋ ।"

ਮੈਂ ਸੀਸ ਝੁਕਾ ਕੇ ਨਮਸਕਾਰ ਕਰਦੇ ਹੋਏ ਬੇਨਤੀ ਕੀਤੀ, "ਪ੍ਰਭੂ! ਆਪ ਦੀ ਆਗਿਆ ਮੇਰੇ ਸਿਰ ਮੱਥੇ ਤੇ ਹੈ!"

ਪ੍ਰਭੂ ਨੇ ਕਿਹਾ, "ਇਹ ਅਵਤਾਰ ਤਾਂ ਬਹੁਤ ਸਫਲਤਾ ਪਾਵੇਗਾ। ਦੁਨੀਆਂ ਭਰ ਦੇ ਧਰਮਾਂ, ਮਜ਼ਬਾ ਦੇ ਦੇਸਾਂ ਦੇ ਲੋਕ ਇਸ ਮਹਾਨ ਪੁਰਸ਼ ਦੁਆਰਾ ਜੀਵ ਮੁਕਤੀ ਪਰਾਪਤ ਕਰਨਗੇ ।

(ਯੁਗ ਪੁਰਸ਼: ਸਫਾ 231)

— ਨਕਲੀ ਨਿਰੰਕਾਰੀਆਂ ਦੀ ਪੁਸਤਕ 'ਅਵਤਾਰ ਬਾਣੀ' ਦੀ ਬਕਵਾਸ ਦੇ ਨਮੂਨੇ ਹੇਠਾਂ ਦਿੱਤੇ ਜਾ ਰਹੇ ਹਨ:

"ਸੇਵਾ ਤੇ ਅਰਦਾਸੇ ਕਰ ਕਰ ਮਨ ਨਾ ਨਿਰਮਲ ਹੋ ਸਕਿਆ ।
ਅੰਮ੍ਰਿਤਸਰ ਜਹੇ ਸਰ ਦਾ ਪਾਣੀ, ਮੈਲ ਨਾ ਮਨ ਦੀ ਧੋ ਸਕਿਆ ।
ਤਰਨ ਤਾਰਨ ਵਿਚ ਲਾ ਲਾ ਤਾਰੀ, ਭਵ ਸਾਗਰ ਨਾ ਤਰ ਸਕਿਆ ।
ਪੜ੍ਹ ਸੁਖਮਨੀ ਸੁਖ ਨਾ ਲੱਭਾ, ਜੀਅ ਨਾ ਮੇਰਾ ਠਰ ਸਕਿਆ ।"

(ਸਫਾ : 198-99)

"ਜਿਸ ਵੇਲੇ ਨੌਂ ਸਾਲ ਦਾ ਸਾਂ, ਗੁਟਕੇ ਕਈ ਮੰਗਾਏ ਮੈਂ ।
ਸਿੱਖ ਬਣਨ ਦੀ ਇੱਛਾ ਹੋਈ, ਫਿਰ ਨਾ ਵਾਲ ਮੁਨਾਏ ਮੈਂ ।
ਜੋ ਕੁਝ ਦੱਸਿਆ ਮੈਨੂੰ ਭਾਈਆਂ, ਸਾਰੇ ਕਰਮ ਕਮਾਏ ਮੈਂ ।
ਅੰਮ੍ਰਿਤ ਛਕਿਆ ਰਹਿਤਾਂ ਰੱਖੀਆਂ, ਨਾਲੇ ਪਾਠ ਕਰਾਏ ਮੈਂ ।
ਸਭ ਕੁਝ ਕਰ ਕੇ ਕੁਝ ਨਾ ਮਿਲਿਆ, ਮੈਨੂੰ ਤੇ ਹੰਕਾਰ ਬਿਨਾਂ ।
ਮੈਨੂੰ ਅਮਰ ਕਿਸੇ ਨਾ ਕੀਤਾ, ਪੂਰੇ ਗੁਰ ਅਵਤਾਰ ਬਿਨਾਂ ।"

(ਸਫਾ: 206)

"ਅਖੰਡ ਪਾਠ ਵੀ ਕਰਦਾ ਸਾਂ ਤੇ ਪਾਠੀ ਵੀ ਅਖਵਾਂਦਾ ਸਾਂ ।
ਹੇਕਾਂ ਲਾ ਕੇ ਬਾਣੀ ਪੜ੍ਹ ਕੇ ਲੋਕਾਂ ਤਾਈਂ ਸੁਣਾਂਦਾ ਸਾਂ ।
ਇਹ ਕੁਝ ਕਰ ਕੇ ਕੁਝ ਨਾ ਲੱਭਾ, ਬਿਨਾਂ ਇਕ ਅੰਧਿਆਰੇ ਤੋਂ ।
ਰੂਪ ਲਾਲ ਨੂੰ ਮਿਲਿਆ ਕੁਝ ਨਾ, ਬਿਨ ਅਵਤਾਰ ਪਿਆਰੇ ਤੋਂ ।"

(ਸਫਾ 211)

"ਹਰੀ ਕਿਹੜੇ ਹਰਿਮੰਦਰ ਵਸਦਾ, ਇਸ ਦੀ ਸਾਰ ਨਾ ਜਾਣੀ ਮੈਂ ।
ਤੋਤੇ ਵਾਂਗੂੰ ਪੜ੍ਹ ਪੜ੍ਹ ਪੋਥੀ, ਰਿਹਾ ਰਿੜਕਦਾ ਪਾਣੀ ਮੈਂ ।
ਚੌਦਾਂ ਸਾਲਾਂ ਦਾ ਸਿੰਘ ਸਜਿਆ, ਕੀਤਾ ਅੰਮ੍ਰਿਤ ਪਾਨ ਵੀ ਮੈਂ ।
ਕੇਸ ਕੜਾ ਤੇ ਕੰਘਾ ਕੱਛਾ, ਪਾਈ ਗਲ ਕ੍ਰਿਪਾਨ ਵੀ ਮੈਂ ।
ਅੰਮ੍ਰਿਤ ਨਾਮ ਨਿਧਾਨ ਹੈ ਕਿਹੜਾ, ਇਹ ਕਿਸੇ ਵੀ ਦੱਸਿਆ ਨਾ ।
ਸ਼ਾਂਤ ਗੁਰੂ ਅਵਤਾਰ ਦੇ ਬਾਝੋਂ, ਅੰਮ੍ਰਿਤ ਮਨ ਵਿਚ ਵਸਿਆ ਨਾ ।"

(ਸਫਾ: 218)

"ਹੋਸ਼ ਸੰਭਾਲੀ ਤੇ ਫੜ ਲੀਤਾ ਪੂਜਾ ਪਾਠ ਮਧਾਣੀ ਨੂੰ ।
ਵਰ੍ਹੇ ਅਠੱਤੀ ਰਿਹਾ ਰਿੜਕਦਾ, ਨਿੱਤ ਨੇਮ ਦੇ ਪਾਣੀ ਨੂੰ ।
ਰਿੜਕ ਰਿੜਕ ਕੇ ਬਾਹਾਂ ਥੱਕੀਆਂ, ਐਪਰ ਮੱਖਣ ਆਇਆ ਨਾ ।



Digitized by Panjab Digital Library | www.panjabdigilib.org

ਅਵਤਾਰ ਜਿਹਾ ਨਾ ਜੋਗੀ ਲੱਭਾ, ਭੇਤ ਕਿਸੇ ਸਮਝਾਇਆ ਨਾ ।
ਗੁਰੂਦੁਆਰੇ ਅੰਮ੍ਰਿਤ ਛਕਿਆ, ਬਣਿਆ ਫੇਰ ਅਕਾਲੀ ਮੈਂ ।
ਰਹਿਤ ਜੋ ਦੱਸੀ ਆਗੂ ਸੰਤਾਂ, ਨਾਲ ਜਾਨ ਦੇ ਪਾਲੀ ਮੈਂ ।
ਪ੍ਰਭੂ ਮਿਲਣ ਲਈ ਦਾਨ ਤੇ ਲੰਗਰ ਦਿੱਤੀ ਖ਼ੂਬ ਦਲਾਲੀ ਮੈਂ ।
ਦਰ ਪ੍ਰੀਤਮ ਦਾ ਖੁੱਲ੍ਹ ਨਾ ਸਕਿਆ, ਹਾਰ ਕੇ ਸੁੱਟੀ ਤਾਲੀ ਮੈਂ ।"

(ਸਫ਼ਾ : 247)



Digitized by Panjab Digital Library | www.panjabdigilib.org

# ਨਿਰੰਕਾਰੀ ਕੁਫ਼ਰ ਵਿਰੁੱਧ ਜਹਾਦ

ਆਖ਼ਰ ਜਦ ਨਿਰੰਕਾਰੀਆਂ ਨੇ ਸਿੱਖੀ - ਵਿਰੋਧੀ ਭੰਡੀ ਪ੍ਰਚਾਰ ਕਰਨਾ ਬੰਦ ਨਾ ਕੀਤਾ ਤਾਂ ਸਿੱਖਾਂ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਗਿਆ। 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ' ਦੀ ਸਚਾਈ ਨੂੰ ਮੁੱਖ ਰੱਖਦਿਆਂ ਸਿੱਖ ਸੰਗਤਾਂ ਨੇ ਵੀ ਉਸ ਭਾਸ਼ਾ ਵਿਚ ਗੱਲ ਕਰਨ ਦਾ ਫ਼ੈਸਲਾ ਕਰ ਲਿਆ, ਜਿਸ ਨੂੰ ਨਿਰੰਕਾਰੀ ਮੰਡਲੀ ਸਮਝ ਸਕੇ। ਸੋ, ਸਿੱਖਾਂ ਸੂਰਬੀਰਾਂ ਨੇ ਨਿਰੰਕਾਰੀ ਕੁਫ਼ਰ ਦੀ ਦੁਕਾਨ ਬੰਦ ਕਰਾਉਣ ਲਈ ਸ਼ਕਤੀ ਪ੍ਰਯੋਗ ਸ਼ੁਰੂ ਕਰ ਦਿੱਤਾ। ਸ਼ੁਰੂ ਸ਼ੁਰੂ ਵਿਚ ਇਹ ਲੜਾਈ ਛੋਟੀਆਂ ਮੋਟੀਆਂ ਝੜਪਾਂ ਤੱਕ ਹੀ ਸੀਮਿਤ ਰਹੀ ਪਰ ਵਿਸਾਖੀ 1978 ਦੇ ਖ਼ੂਨੀ ਕਾਂਡ ਪਿੱਛੋਂ ਇਸ ਨੇ ਮੁਕੰਮਲ ਤੌਰ ਤੇ ਜਹਾਦ ਦਾ ਰੂਪ ਧਾਰਨ ਕਰ ਲਿਆ, ਜਿਸ ਦੀ ਅਗਵਾਈ ਸਿੱਖ ਪੰਥ ਦੇ ਸ਼ੇਰ - ਦਿਲ ਜਰਨੈਲ ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਕਰ ਰਹੇ ਹਨ ਤੇ ਸਿੱਖ ਸੰਸਾਰ ਦੇ ਵਰਤਮਾਨ ਧਰਮ ਸੰਕਟ ਵਿਚ ਜੋਧਿਆਂ ਵਾਂਗ 'ਧਰਮ ਦਾ ਰਾਖਾ' ਹੋਣ ਦੀ ਭੂਮਿਕਾ ਨਿਭਾ ਰਹੇ ਹਨ। ਭਿੰਡਰਾਂਵਾਲੇ ਸੰਤਾਂ ਦੀ ਅਣ - ਐਲਾਨੀ ਡਿਕਟੇਟਰਸ਼ਿਪ ਹੇਠ ਧਰਮ - ਦੋਖੀ ਨਿਰੰਕਾਰੀਆਂ ਵਿਰੁੱਧ ਚੱਲ ਰਹੇ ਅਸਲੀ 'ਧਰਮ ਯੁੱਧ' ਦਾ ਪਿਛੋਕੜ ਸੰਖੇਪ ਤੌਰ ਤੇ ਹੇਠਾਂ ਦਿੱਤਾ ਜਾ ਰਿਹਾ ਹੈ:

— 1958 ਵਿਚ ਰਾਮ ਬਾਗ ਅੰਮ੍ਰਿਤਸਰ ਵਿਚ ਸਰਦਾਰ ਬਿਸ਼ਨ ਸਿੰਘ ਘੜੀਆਂ ਵਾਲੇ ਦੀ ਕੋਠੀ ਅਵਤਾਰ ਸਿੰਘ ਨੇ ਗੁਰੂ ਘਰ ਦੀ ਨਿੰਦਿਆ ਕੀਤੀ। ਇਸ ਦੇ ਵਿਰੁੱਧ ਗਿਆਨੀ ਫੌਜਾ ਸਿੰਘ ਤੇ ਸਰਦਾਰ ਸ਼ਰਨਾਗਤ ਸਿੰਘ 'ਬੀਰ ਖਾਲਸਾ ਦਲ' ਨੇ ਪ੍ਰੋਟੈਸਟ ਕੀਤਾ। ਸਿੰਘਾਂ ਤੇ ਨਕਲੀ ਨਿਰੰਕਾਰੀਆਂ ਵਿਚ ਲੜਾਈ ਝਗੜਾ ਹੋਇਆ। ਝਗੜੇ ਦੀ ਰਪਟ ਪੁਲਿਸ ਥਾਨੇ ਲਿਖਵਾਈ ਗਈ। ਮੁਕੱਦਮਾ ਚੱਲਿਆ। ਅਵਤਾਰ ਸਿੰਘ ਦੇ ਵਾਰੰਟ ਜਾਰੀ ਹੋਏ। ਉਹ 6 ਸਾਲ ਅੰਮ੍ਰਿਤਸਰ ਨਹੀਂ ਵੜਿਆ।

— 1964 ਵਿਚ ਅਵਤਾਰ ਸਿੰਘ ਨੇ ਜਲੰਧਰ ਵਿਚ ਸਿੱਖੀ ਦੇ ਖਿਲਾਫ਼ ਬੋਲਿਆ। ਉਸ ਦਾ ਮੂੰਹ - ਤੋੜ ਉੱਤਰ ਦੇਣ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਜਲੰਧਰ ਵਿਚ ਦੀਵਾਨ ਸਜਾਇਆ ਗਿਆ, ਜਿਸ ਨੂੰ ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਬੋਧਨ ਕੀਤਾ ਤੇ ਸਿੱਖ ਸੰਗਤਾਂ ਨੂੰ 'ਅਸਲੀ' ਤੇ 'ਨਕਲੀ' ਨਿਰੰਕਾਰੀਆਂ ਦੇ ਫਰਕ ਤੋਂ ਜਾਣੂ ਕਰਵਾਇਆ।

— ਨਿਰੰਕਾਰੀ ਬਾਬੇ ਗੁਰਬਚਨ ਸਿੰਘ ਦੀ ਪਤਨੀ ਕੁਲਵੰਤ ਕੌਰ ਨੇ ਪੰਚਪੋਲੀ (ਨਾਗਪੁਰ) ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਦੁਰਬਚਨ ਬੋਲੇ। ਉਸ ਦੀ ਇਸ ਗੁਸਤਾਖੀ ਵਿਰੁੱਧ ਲਖਨਊ ਦੇ ਸਿੱਖਾਂ ਨੇ ਭਾਈ ਸੁਜਾਨ ਸਿੰਘ ਤੇ ਭਾਈ ਸੁਬੇਗ ਸਿੰਘ ਦੀ ਅਗਵਾਈ ਹੇਠ ਪ੍ਰੋਟੈਸਟ ਕੀਤਾ।

— ਨਕਲੀ ਨਿਰੰਕਾਰੀਆਂ ਨੇ 13 ਅਪ੍ਰੈਲ 1973 ਨੂੰ ਵਿਸਾਖੀ ਦੇ ਦਿਨ ਹੁਸ਼ਿਆਰਪੁਰ ਵਿਚ ਸਿੱਖ ਧਰਮ, ਸਿੱਖ ਇਤਿਹਾਸ, ਗੁਰੂ ਸਾਹਿਬ ਤੇ ਗੁਰਧਾਮਾਂ ਵਿਰੁੱਧ ਅਤਿ ਕੋਹਝੇ ਸ਼ਬਦਾਂ ਦੀ ਵਰਤੋਂ ਕਰਦਿਆਂ ਕਿਹਾ:

1 ਗੁਰੂ ਗੋਬਿੰਦ ਸਿੰਘ ਨੂੰ ਭਗਤੀ ਦਾ ਕੀ ਪਤਾ ਸੀ; ਉਹ ਤਾਂ ਸਾਰੀ ਉਮਰ ਲੜਾਈਆਂ ਲੜਦੇ ਰਹੇ ਸਨ।

2 ਸਿੱਖ ਕੌਮ ਏਨੀ ਭੋਲੀ ਹੈ ਕਿ ਥਾਂ ਥਾਂ ਗੁਰਦੁਆਰੇ ਬਣਾ ਦਿੰਦੀ ਹੈ, ਜਿੱਥੇ ਕਿ ਗੁਰੂਆਂ ਨੇ ਘੋੜੇ ਬੱਧੇ ਜਾਂ ਕੀਲੇ ਗੱਡੇ ਹੋਣਗੇ।



Digitized by Panjab Digital Library | www.panjabdigilib.org

3 ਅੰਮ੍ਰਿਤਸਰ ਵਿਚ ਸਰੋਵਰ ਦੀ ਜੋ ਕਾਰ ਸੇਵਾ ਕੀਤੀ ਗਈ ਹੈ, ਉਹ 'ਬੇਕਾਰ' ਸੇਵਾ ਹੈ। ਉਹ ਲੋਕ ਮੂਰਖ ਹਨ ਜੋ ਚਿੱਕੜ ਤੇ ਮਿੱਟੀ ਉਤੇ ਸ਼ਰਧਾ ਰੱਖਦੇ ਹਨ।

4 ਗੋਬਿੰਦ ਮਾਰਗ ਦੀ ਅਗਵਾਈ ਲਈ ਨੀਲੇ ਘੋੜੇ ਦੀ ਨਸਲ ਦੇ ਘੋੜੇ ਲਿਆਉਣੇ ਪਖੰਡ ਸੀ। ਕੀ ਜਲੂਸ ਦੀ ਅਗਵਾਈ ਲਈ ਕੋਈ ਆਦਮੀ ਨਹੀਂ ਸੀ ਮਿਲਦਾ ਕਿ ਘੋੜੇ ਲਿਆਉਣ ਦੀ ਲੋੜ ਪਈ?

ਨਕਲੀ ਨਿਰੰਕਾਰੀਆਂ ਦੀ ਉਪਰੋਕਤ ਬਕਵਾਸ ਵਿਰੁੱਧ ਸ੍ਰੀ ਗੁਰੂ ਸਿੰਘ ਸਭਾ ਹੁਸ਼ਿਆਰਪੁਰ ਨੇ ਤਿੱਖਾ ਰੋਸ ਪਰਗਟ ਕੀਤਾ। 15 ਮਈ 1973 ਨੂੰ ਹੁਸ਼ਿਆਰਪੁਰ ਦੇ ਸਿੱਖਾਂ ਦੀ ਇਕ ਪ੍ਰਤੀਨਿਧ ਮੀਟਿੰਗ ਹੋਈ, ਜਿਸ ਵਿਚ 11 ਮੈਂਬਰੀ ਐਕਸ਼ਨ ਕਮੇਟੀ ਕਾਇਮ ਕਰ ਕੇ ਉਸ ਵਲੋਂ ਨਿਰੰਕਾਰੀਆਂ ਨੂੰ ਨੋਟਿਸ ਦੇ ਦਿੱਤਾ ਗਿਆ ਕਿ 19 ਮਈ ਦੀ ਸ਼ਾਮ ਦੇ 8 ਵਜੇ ਤੋਂ ਪਹਿਲਾਂ ਪਹਿਲਾਂ ਸਿੱਖ ਧਰਮ ਵਿਰੁੱਧ ਕੀਤੀਆਂ ਗਈਆਂ ਤਕਰੀਰਾਂ ਦੀ ਮਾਫੀ ਮੰਗਣ। ਨਹੀਂ ਤਾਂ ਉਨ੍ਹਾਂ ਨੂੰ ਢੁੱਕਵਾਂ ਉੱਤਰ ਦਿੱਤਾ ਜਾਏਗਾ। 30 ਮਈ ਦੀ ਸ਼ਾਮ ਨੂੰ ਸਾਢੇ ਛੇ ਵਜੇ ਦੋਹਾਂ ਧਿਰਾਂ ਦੀ ਸਾਂਝੀ ਪ੍ਰੈਸ ਕਾਨਫਰੰਸ ਹੋਈ, ਜਿਸ ਵਿਚ ਪੱਤਰਕਾਰਾਂ ਤੋਂ ਬਿਨਾਂ ਪੁਲਿਸ ਅਫਸਰ ਵੀ ਮੌਜੂਦ ਸਨ। ਇਨ੍ਹਾਂ ਸਾਰਿਆਂ ਦੇ ਸਾਹਮਣੇ ਨਿਰੰਕਾਰੀਆਂ ਨੇ ਆਪਣੇ ਬੋਲ ਕਬੋਲ ਦੀ ਮਾਫੀ ਮੰਗੀ, ਜਿਸ ਦੀ ਰੀਪੋਰਟ 1 ਜੂਨ 1973 ਦੇ ਅਖਬਾਰਾਂ ਵਿਚ ਛਪੀ।

— ਨਕਲੀ ਨਿਰੰਕਾਰੀਆਂ ਨੇ 13 ਸਤੰਬਰ 1973 ਨੂੰ ਚੌਕ ਮਹਿਤਾ ਵਿਚ ਲਾਊਡ ਸਪੀਕਰ ਲਾ ਕੇ ਸਿੱਖ ਧਰਮ ਵਿਰੁੱਧ ਪਰਚਾਰ ਕੀਤਾ। ਨਿਰੰਕਾਰੀ ਕੁਫਰਾਂ ਦੀ ਏਸ ਗੁਸਤਾਖੀ ਦੇ ਖਿਲਾਫ ਸਚਖੰਡਵਾਸੀ ਸੰਤ ਕਰਤਾਰ ਸਿੰਘ 'ਖਾਲਸਾ' ਭਿੰਡਰਾਂਵਾਲੇ ਤੇ ਇਲਾਕੇ ਦੇ ਸਿੰਘਾਂ ਨੇ ਜ਼ੋਰਦਾਰ ਪ੍ਰੋਟੈਸਟ ਕੀਤਾ। ਵਿਖਾਵਾਕਾਰੀ ਸਿੰਘਾਂ ਤੇ ਨਿਰੰਕਾਰੀ ਨਕਲੀਆਂ ਵਿਚ ਡਟ ਕੇ ਲੜਾਈ ਹੋਈ। ਇਸ ਝਗੜੇ ਤੋਂ ਪਿੱਛੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਗੁਰਬਚਨ ਸਿੰਘ ਨੂੰ ਚਿੱਠੀ ਲਿਖੀ, ਜਿਸ ਵਿਚ ਕਿਹਾ ਗਿਆ ਕਿ ਉਹ ਸਿੱਖੀ ਵਿਰੁੱਧ ਪਰਚਾਰ ਬੰਦ ਕਰੇ।

17.9.73 ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਪ੍ਰਬੰਧਕ ਤੇ ਭਿੰਡਰਾਂ ਜਥੇ ਦੇ ਵਿਸ਼ੇਸ਼ ਵਿਅਕਤੀ ਭਾਈ ਥਾਹਰਾ ਸਿੰਘ ਨੇ ਅੰਮ੍ਰਿਤਸਰ ਡਿਪਟੀ ਕਮਿਸ਼ਨਰ ਨੂੰ ਇਕ ਦਰਖਾਸਤ ਦਿੱਤੀ, ਜਿਸ ਵਿਚ ਲਿਖਿਆ ਕਿ, ਨਕਲੀ ਨਿਰੰਕਾਰੀ ਸਿੱਖੀ ਵਿਰੁੱਧ ਪਰਚਾਰ ਕਰ ਰਹੇ ਹਨ, ਜਿਸ ਨਾਲ ਇਲਾਕੇ ਦਾ ਅਮਨ ਭੰਗ ਹੋਣ ਦਾ ਡਰ ਹੈ। ਸੋ ਇਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇ।

ਇਹ ਕੇਸ ਅੰਮ੍ਰਿਤਸਰ ਵਿਚ ਸਰਦਾਰ ਤਾਰਾ ਸਿੰਘ ਘੁਮਾਣ ਮੈਜਿਸਟਰੇਟ ਦੀ ਅਦਾਲਤ ਵਿਚ ਚੱਲਿਆ।

— ਲੁਧਿਆਣੇ ਵਿਚ 22.9.73 ਨੂੰ ਸਿੰਘਾਂ ਨੇ ਨਿਰੰਕਾਰੀਆਂ ਦੀਆਂ ਸਿੱਖੀ ਵਿਰੋਧੀ ਕਾਰਵਾਈਆਂ ਨੂੰ ਨਿੰਦਣ ਲਈ ਇਕ ਬਹੁਤ ਭਾਰਾ ਮੁਜਾਹਰਾ ਕੀਤਾ ਤੇ ਰੋਸ ਜਲੂਸ ਕੱਢਿਆ। ਪੁਲਿਸ ਨੇ ਲਾਠੀ ਚਲਾਈ ਤੇ ਟੀਅਰ ਗੈਸ ਛੱਡੀ। ਏਥੇ ਹੀ ਬੱਸ ਨਹੀਂ, 800 ਸਿੰਘਾਂ ਤੇ ਸਿੰਘਣੀਆਂ ਦੀਆਂ ਗ੍ਰਿਫਤਾਰੀਆਂ ਵੀ ਕੀਤੀਆਂ।

— ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਜੱਸਾ ਸਿੰਘ ਹਾਲ ਵਿਚ ਨਿਰੰਕਾਰੀਆਂ ਦਾ ਇਕ ਜਲਸਾ ਹੋਇਆ, ਜਿਸ ਦੇ ਮੁੱਖ ਪ੍ਰਬੰਧਕ ਗਿਆਨੀ ਆਤਮਾ ਸਿੰਘ ਜੀ ਰਤਨ ਰਿੰਮ ਵਾਲੇ ਸਨ। ਜਿਸ ਵਕਤ ਗੁਰ - ਨਿੰਦਕ ਨਿਰੰਕਾਰੀਆਂ ਨੇ ਇਹ ਕਿਹਾ ਕਿ, "ਨਾਨਕ ਫ਼ਕੀਰ ਸੀ



Digitized by Panjab Digital Library | www.panjabdigilib.org

ਤੇ ਗੋਬਿੰਦ ਸਿੰਘ ਸ਼ਿਕਾਰੀ ਸੀ" ਤਾਂ ਗਿਆਨੀ ਆਤਮਾ ਸਿੰਘ ਜੀ ਵਿਚ ਸੁੱਤੀ ਪਈ ਸਿੱਖੀ ਜਾਗ ਉੱਠੀ ਤੇ ਉਨ੍ਹਾਂ ਫੌਰਨ ਇਹ ਜਲਸਾ ਬੰਦ ਕਰ ਦੇਣ ਦਾ ਐਲਾਨ ਕਰ ਦਿੱਤਾ।

— ਇਸ ਤੋਂ ਬਾਅਦ ਨਿਰੰਕਾਰੀ ਕੂੜ ਤੇ ਭਿੰਡਰਾਂ ਜਥੇ ਦੇ ਦਮਦਮੀ ਮਿਸ਼ਨ ਵਿਚ ਟਕਰਾਓ ਵਧਦਾ ਹੀ ਚਲਾ ਗਿਆ। ਜਗ੍ਹਾ ਜਗ੍ਹਾ ਝੜਪਾਂ ਹੋਈਆਂ, ਜਿਨ੍ਹਾਂ ਵਿਚੋਂ ਵਰਨਣਯੋਗ ਅਸਥਾਨ ਇਹ ਹਨ: ਗੁਰਦਾਸਪੁਰ, ਬਟਾਲਾ, ਸ੍ਰੀ ਹਰਗੋਬਿੰਦਪੁਰ, ਪਠਾਣਕੋਟ, ਕਾਦੀਆਂ, ਘੁਮਾਣ, ਤਰਨਤਾਰਨ, ਰੋਪੜ ਤੇ ਲੁਧਿਆਣਾ ਆਦਿ। ਭਿੰਡਰਾਂ ਜਥੇ ਦੀ ਨਿਰੰਕਾਰੀ - ਵਿਰੋਧੀ ਇਹ ਲਹਿਰ ਬੜੀ ਤੇਜ਼ ਰਫਤਾਰ ਨਾਲ ਫੈਲਦੀ ਚਲੀ ਗਈ ਤੇ ਇਸ ਨੇ ਥੋੜੇ ਜਿਹੇ ਸਮੇਂ ਵਿਚ ਪੂਰੇ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਲਿਆ।

— ਸਿੱਖ ਇਤਿਹਾਸ ਬਦਲਿਆਂ ਦਾ ਇਤਿਹਾਸ ਹੈ। 13 ਅਪ੍ਰੈਲ 1978 ਨੂੰ ਹੰਕਾਰੀ ਨਿਰੰਕਾਰੀਆਂ ਨੇ ਜਿਹੜੀ ਭਾਜੀ ਸਿੰਘਾਂ ਸਿਰ ਚਾੜ੍ਹੀ ਸੀ, ਉਹ ਵਾਧੇ ਸਮੇਤ ਮੋੜੀ ਜਾ ਚੁੱਕੀ ਹੈ। ਜੰਗ ਅਜੇ ਜਾਰੀ ਹੈ, ਜਹਾਦ ਅਜੇ ਚਾਲੂ ਹੈ, ਜਿਸ ਦੀ ਕਮਾਂਡ ਧਰਮ ਦੇ ਰਾਖੇ ਤੇ ਖਾਲਸਾ ਪੰਥ ਦੇ ਨਿਧੜਕ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਹੱਥ ਵਿਚ ਹੈ।



Digitized by Panjab Digital Library | www.panjabdigilib.org

# ਸਿਆਸਤਦਾਨ ਨਹੀਂ;

## ਪਰ 'ਸਿਆਸਤ' ਜਿਸ ਦੇ ਚਰਨੀਂ ਹੱਥ ਲਾਉਂਦੀ ਹੈ:

ਅਕਾਲੀ ਦਲ ਦਾ 'ਧਰਮ ਯੁੱਧ' ਦਾ ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸੰਤ ਅਕਾਲੀ ਲੀਡਰਸ਼ਿਪ ਵਲੋਂ ਖੁੱਲ੍ਹੇ ਰੂਪ ਵਿਚ ਇਹ ਪਰਚਾਰ ਕੀਤਾ ਜਾਂਦਾ ਰਿਹਾ ਕਿ, ਸੰਤ ਜਰਨੈਲ ਸਿੰਘ ਕਾਂਗਰਸ ਦਾ ਬੰਦਾ ਹੈ, ਇਸ ਨੂੰ ਪੰਥਕ ਰਾਜਨੀਤੀ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਰਾਜਸੀ ਬਦਲ ਬਣਾਉਣ ਵਾਸਤੇ ਤੇ ਪੰਥ ਵਿਚ ਫੁੱਟ ਪਾਉਣ ਵਾਸਤੇ ਸਿਆਸੀ ਮੈਦਾਨ ਵਿਚ ਲਿਆਂਦਾ ਗਿਆ ਹੈ।

ਅਕਾਲੀ ਦਲ ਦੇ ਬਾਦਲ ਧੜੇ ਵਲੋਂ ਇਹ ਕਿਹਾ ਜਾਂਦਾ ਰਿਹਾ ਕਿ, ਸੰਤ ਜਰਨੈਲ ਸਿੰਘ ਨੂੰ ਪੰਥਕ ਖੇਤਰ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਅੱਗੇ ਕੀਤਾ ਹੈ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਿਰ ਤੇ ਬਦਲਵੀਂ ਲੀਡਰਸ਼ਿਪ ਦੀ ਤਲਵਾਰ ਲਟਕਾਈ ਰੱਖ ਕੇ ਅਕਾਲੀ ਰਾਜਨੀਤੀ ਵਿਚ ਆਪਣੀ ਪੁਜ਼ੀਸ਼ਨ ਮਜ਼ਬੂਤ ਬਣਾਈ ਜਾ ਸਕੇ ਤੇ ਐਸ. ਜੀ. ਪੀ. ਦੀ ਕੁਰਸੀ ਪੱਕੀ ਕੀਤੀ ਜਾ ਸਕੇ।

ਪੰਥ ਇੱਕਾ ਦਾ ਦਰਬਾਰਾ ਸਿੰਘ ਧੜਾ ਇਹ ਕਹਿੰਦਾ ਹੈ ਕਿ, ਸੰਤ ਜਰਨੈਲ ਸਿੰਘ ਗਿਆਨੀ ਜ਼ੈਲ ਸਿੰਘ ਦੇ ਦਿਮਾਗ ਦੀ ਕਾਢ ਹੈ, ਜਿਸ ਨੂੰ ਉਹ ਦਰਬਾਰਾ ਸਰਕਾਰ ਨੂੰ ਪਰੇਸ਼ਾਨ ਕਰਨ ਲਈ ਵਰਤਣਾ ਚਾਹੁੰਦਾ ਹੈ ਤੇ ਜਿਸ ਰਾਹੀਂ ਉਹ 'ਅੱਤਵਾਦ' ਨੂੰ ਸ਼ਹਿ ਦੇ ਕੇ ਦਰਬਾਰਾ ਸਿੰਘ ਦਾ ਤਖਤਾ ਉਲਟਾਉਣ 'ਤੇ ਤੁਲਿਆ ਹੋਇਆ ਹੈ। ਇਹ ਧੜਾ ਇਹ ਇਨਕਸ਼ਾਫ਼ ਵੀ ਕਰਦਾ ਹੈ ਕਿ, ਗਿਆਨੀ ਜ਼ੈਲ ਸਿੰਘ ਦਾ ਸੰਤ ਜਰਨੈਲ ਸਿੰਘ ਨਾਲ ਗਹਿਰਾ ਤਾਲਮੇਲ ਹੈ। ਇਹੀ ਕਾਰਨ ਹੈ ਕਿ, ਜਦ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਦੇ ਕਤਲ ਦੇ ਸਿਲਸਿਲੇ ਵਿਚ ਸੰਤ ਜਰਨੈਲ ਸਿੰਘ ਦੇ ਖਿਲਾਫ ਦਿੱਲੀ ਵਿਚ ਪਰਚਾ ਦਰਜ ਹੋਇਆ ਤਾਂ ਸੰਤਾਂ ਦੇ ਦਿੱਲੀ ਜਾਣ 'ਤੇ ਉਨ੍ਹਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਲੇਕਿਨ ਕੇਂਦਰੀ ਗ੍ਰਹਿ ਮੰਤਰੀ ਹੋਣ ਦੀ ਹੈਸੀਅਤ ਵਿਚ ਗਿਆਨੀ ਜ਼ੈਲ ਸਿੰਘ ਵਲੋਂ ਦਰਬਾਰਾ ਸਿੰਘ ਸਰਕਾਰ 'ਤੇ ਹੀ ਜ਼ੋਰ ਪਾਇਆ ਜਾਂਦਾ ਰਿਹਾ ਕਿ, ਉਹ ਸੰਤ ਜਰਨੈਲ ਸਿੰਘ ਨੂੰ ਗ੍ਰਿਫਤਾਰ ਕਰੇ। ਦਰਬਾਰਾ ਸਿੰਘ ਦੇ ਬੰਦਿਆਂ ਨੇ ਇਹ ਚਰਚਾ ਵੀ ਚਲਾਈ ਸੀ ਕਿ, ਨਿਰੰਕਾਰੀ ਬਾਬੇ ਦਾ ਕਥਿਤ ਕਾਤਿਲ ਸੰਤ ਜਰਨੈਲ ਸਿੰਘ ਜਦ ਦਿੱਲੀ ਜਾਂਦਾ, ਤਾਂ ਉਸ ਨੂੰ ਗ੍ਰਿਫਤਾਰ ਕਰਨ ਦੀ ਥਾਂ ਗਿਆਨੀ ਜ਼ੈਲ ਸਿੰਘ ਤੇ ਕੇਂਦਰੀ ਮੰਤਰੀ ਸਰਦਾਰ ਬੂਟਾ ਸਿੰਘ ਵਲੋਂ ਉਸ ਦੇ ਚਰਨੀਂ ਹੱਥ ਲਾਏ ਜਾਂਦੇ ਰਹੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਉਸ ਦੇ ਸਵਾਗਤੀ ਪ੍ਰਬੰਧ ਵੀ ਕਰਵਾਏ ਜਾਂਦੇ ਰਹੇ। ਦਰਬਾਰਾ ਸਿੰਘ ਧੜਾ ਇਹ ਇਲਜ਼ਾਮ ਵੀ ਲਾ ਰਿਹਾ ਹੈ ਕਿ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਬਣ ਜਾਣ ਦੇ ਬਾਵਜੂਦ ਰਾਜਨੀਤੀ ਤੋਂ ਰੀਟਾਇਰ ਨਹੀਂ ਹੋਇਆ, ਉਸ ਦੀਆਂ ਸਿਆਸੀ ਸਰਗਰਮੀਆਂ ਪਹਿਲਾਂ ਵਾਂਗ ਹੀ ਜਾਰੀ ਹਨ, ਉਸ ਵਲੋਂ ਮਹਾਰਾਜਾ ਅਮਰਿੰਦਰ ਸਿੰਘ ਨੂੰ ਦਰਬਾਰਾ ਸਿੰਘ ਦੇ ਬਦਲਵੇਂ ਰੂਪ ਦੇ ਤੌਰ ਤੇ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨੂੰ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਅਸ਼ੀਰਵਾਦ ਵੀ ਪਰਾਪਤ ਹੈ।



Digitized by Panjab Digital Library | www.panjabdigilib.org

ਇਸ ਤੋਂ ਉਲਟ 'ਇੰਕਾ' ਘਰ ਦੇ ਭੇਤੀ ਗਿਆਨੀ ਜ਼ੈਲ ਸਿੰਘ ਦੇ ਬੰਦੇ ਇਹ ਭੇਤ ਖੋਲ੍ਹ ਕੇ ਦਰਬਾਰਾ ਸਿੰਘ ਲੰਕਾ ਢਾਹੁਣੀ ਚਾਹੁੰਦੇ ਹਨ ਕਿ ਦਰਬਾਰਾ ਸਿੰਘ ਨੇ ਇਕ ਮਸ਼ਹੂਰ ਪੰਜਾਬੀ ਪੱਤਰਕਾਰ ਸਰਦਾਰ ਭਰਪੂਰ ਸਿੰਘ ਬਲਬੀਰ ਰਾਹੀਂ ਭਿੰਡਰਾਂਵਾਲੇ ਸੰਤਾਂ ਨਾਲ ਅਸਿੱਧਾ ਸੰਪਰਕ ਕਾਇਮ ਕੀਤਾ ਹੋਇਆ ਹੈ, ਦਰਬਾਰਾ ਸਿੰਘ ਪੰਜਾਬ ਵਿਚ ਅੱਤਵਾਦੀ ਕਾਰਵਾਈਆਂ ਨੂੰ ਕੁਚਲਣ ਵਿਚ ਦਿਲਚਸਪੀ ਨਹੀਂ ਰੱਖਦਾ। ਸਗੋਂ ਹਿੰਸਕ ਘਟਨਾਵਾਂ ਨੂੰ ਸ਼ਹਿ ਦਿੰਦਾ ਹੈ ਕਿਉਂਕਿ ਖਿਚਾਅ ਭਰਿਆ ਮਾਹੌਲ ਬਣਿਆ ਰਹਿਣ ਨਾਲ ਉਸ ਦੀ ਗੱਦੀ ਮਜ਼ਬੂਤ ਹੁੰਦੀ ਹੈ। ਗਿਆਨੀ ਦੇ ਚੇਲੇ ਚਾਟੇ ਇਹ ਪੜਦਾ ਫਾਸ਼ ਕਰ ਰਹੇ ਹਨ ਕਿ ਮਕਤੂਲ ਜਥੇਦਾਰ ਸੰਤੋਖ ਸਿੰਘ ਆਪਣੀ ਜ਼ਿੰਦਗੀ ਦੇ ਆਖਰੀ ਦੌਰ ਵਿਚ ਗਿਆਨੀ ਜੀ ਦਾ ਸਾਥ ਛੱਡ ਕੇ ਦਰਬਾਰਾ ਸਿੰਘ ਨਾਲ ਜਾ ਰਲਿਆ ਸੀ ਤੇ ਜਥੇਦਾਰ ਸੰਤੋਖ ਸਿੰਘ ਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਡੂੰਘੇ ਦੋਸਤਾਨਾ ਸੰਬੰਧ ਸਨ। ਉਹ ਕਹਿੰਦੇ ਹਨ ਕਿ ਜਿਹੜਾ ਜਥੇਦਾਰ ਸੰਤੋਖ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਤੋਂ 'ਸਮਨ' ਜਾਰੀ ਹੋਣ ਪਿੱਛੋਂ ਅੰਮ੍ਰਿਤਸਰ ਜਾ ਕੇ ਪੇਸ਼ੀ ਭੁਗਤਣ ਤੋਂ ਘਬਰਾਉਂਦਾ ਸੀ, ਤੇ ਕਹਿੰਦਾ ਸੀ ਕਿ 'ਉਥੇ ਜਾਣ ਵਿਚ ਮੇਰੀ ਜਾਨ ਨੂੰ ਖਤਰਾ ਹੈ, ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਮੈਨੂੰ ਕਤਲ ਕੀਤੇ ਜਾਣ ਦਾ ਡਰ ਹੈ', ਉਹੀ ਸੰਤੋਖ ਸਿੰਘ ਉਹਨੀਂ ਦਿਨੀਂ 20 ਸਤੰਬਰ 1981 ਨੂੰ ਭਿੰਡਰਾਂਵਾਲੇ ਸੰਤਾਂ ਦੇ 'ਗ੍ਰਿਫਤਾਰੀ ਸਮਾਰੋਹ' ਵਿਚ ਸ਼ਾਮਿਲ ਸੀ। ਪੰਥਕ ਇਕੱਠ ਦੀ ਸਟੇਜ ਉਤੇ ਸ਼ੁਸ਼ੋਭਿਤ ਜਥੇਦਾਰ ਸੰਤੋਖ ਸਿੰਘ ਦੀ ਜਾਨ ਨੂੰ ਉਸ ਵੇਲੇ ਕੋਈ ਖਤਰਾ ਮਹਿਸੂਸ ਨਹੀਂ ਸੀ ਹੋ ਰਿਹਾ ਜਦ ਕਿ ਲੱਖਾਂ ਲੋਕਾਂ ਦੇ ਇਕੱਠ ਵਿਚ ਜਾਨ ਦੇ ਖਤਰੇ ਦੀ ਵਧੇਰੇ ਸੰਭਾਵਨਾ ਹੋ ਸਕਦੀ ਸੀ। ਪੰਜਾਬ ਇੰਕਾ ਦਾ ਗਿਆਨੀ ਗਰੁੱਪ ਇਹ ਦਿਲਚਸਪ ਇਨਕਸ਼ਾਫ਼ ਵੀ ਕਰਦਾ ਰਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਲੀਡਰਸ਼ਿਪ ਦਾ ਭੋਗ ਪਾਉਣ ਲਈ ਉਸ ਦੀ ਥਾਂ ਸੰਤਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਅੱਗੇ ਲਿਆਉਣ ਲਈ ਸਰਦਾਰ ਦਰਬਾਰਾ ਸਿੰਘ, ਜਥੇਦਾਰ ਸੰਤੋਖ ਸਿੰਘ, ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਸਰਦਾਰ ਸੁਖਜਿੰਦਰ ਸਿੰਘ ਨੇ ਸਾਂਝਾ ਮੋਰਚਾ ਕਾਇਮ ਕਰ ਲਿਆ ਸੀ।

ਉਪਰੋਕਤ ਵਾਦ ਵਿਵਾਦ ਤੋਂ ਸਾਫ ਜ਼ਾਹਿਰ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿਆਸਤਦਾਨ ਨਾ ਹੁੰਦੇ ਹੋਏ ਵੀ ਪੰਜਾਬ ਦੀ ਰਾਜਨੀਤੀ ਉਤੇ ਪੂਰੀ ਤਰ੍ਹਾਂ ਹਾਵੀ ਹੋ ਚੁੱਕੇ ਹਨ ਤੇ ਸਿਆਸੀ ਲੀਡਰ ਆਪੋ ਆਪਣੇ ਜ਼ਾਤੀ ਤੇ ਜਮਾਤੀ ਹਿਤਾਂ ਨੂੰ ਮੁੱਖ ਰੱਖਦਿਆਂ ਸੰਤਾਂ ਦੇ ਨਿਵਾਸ ਅਸਥਾਨ ਗੁਰੂ ਨਾਨਕ ਨਿਵਾਸ ਦੀ ਪਰਕਰਮਾ ਕਰਦੇ ਦਿਖਾਈ ਦੇ ਰਹੇ ਹਨ।

ਸੰਤ ਜਰਨੈਲ ਸਿੰਘ ਜੀ ਨੂੰ ਕਾਂਗਰਸ ਦਾ ਬੰਦਾ ਸਾਬਤ ਕਰਨ ਲਈ ਉਨ੍ਹਾਂ ਦੇ ਵਿਰੋਧੀ ਅਕਸਰ ਇਹ ਦਲੀਲ ਦਿਆ ਕਰਦੇ ਹਨ ਕਿ 1979 ਦੀਆਂ ਐਸ. ਜੀ. ਪੀ. ਸੀ. ਚੋਣਾਂ ਮੌਕੇ ਇੰਦਰਾ ਕਾਂਗਰਸ ਦੇ ਸਮਰਥਕਾਂ ਨੇ ਭਿੰਡਰਾਂਵਾਲੇ ਸੰਤਾਂ ਦੇ ਉਮੀਦਵਾਰ ਭਾਈ ਅਮਰੀਕ ਸਿੰਘ ਨੂੰ ਵੋਟਾਂ ਪਾਈਆਂ। ਇਹ ਦਲੀਲ ਕਿੰਨੀ ਹਾਸੋਹੀਣੀ ਹੈ। ਹੋ ਸਕਦਾ ਹੈ ਕਿ ਕਾਂਗਰਸੀਆਂ ਨੇ 'ਦੁਸ਼ਮਣ ਦਾ ਦੁਸ਼ਮਣ: ਦੋਸਤ' ਦੇ ਪ੍ਰਸਿੱਧ ਸਿਧਾਂਤ ਦੇ ਆਧਾਰ ਤੇ ਆਪਣੇ ਦੁਸ਼ਮਣ ਅਕਾਲੀਆਂ ਦੇ ਉਮੀਦਵਾਰ ਜਥੇਦਾਰ ਜੀਵਣ ਸਿੰਘ ਉਮਰਾਨੰਗਲ ਦੇ ਮੁਕਾਬਲੇ ਵਿਚ ਸੰਤ ਜਰਨੈਲ ਸਿੰਘ ਜੀ ਦੇ ਉਮੀਦਵਾਰ ਭਾਈ ਅਮਰੀਕ ਸਿੰਘ ਨੂੰ ਵੋਟ ਪਾਉਣ ਨੂੰ ਤਰਜੀਹ ਦਿੱਤੀ ਹੋਵੇ। ਇਸ ਤੋਂ ਇਲਾਵਾ ਸੋਚਣ ਵਾਲੀ ਗੱਲ ਇਹ ਹੈ ਕਿ, ਕੀ ਕੋਈ ਉਮੀਦਵਾਰ ਉਨ੍ਹਾਂ ਵੋਟਰਾਂ ਨੂੰ, ਜਿਹੜੇ ਉਸ ਨੂੰ ਵੋਟ ਪਾਉਣਾ ਚਾਹੁੰਦੇ ਹੋਣ, ਕਹਿ ਸਕਦਾ ਹੈ ਕਿ, ਮੈਨੂੰ ਵੋਟ ਨਾ ਪਾਓ; ਬੇਸ਼ਕ ਉਹ ਕਿਸੇ ਪਾਰਟੀ ਦੇ ਹੋਣ, ਕਿਸੇ ਖਿਆਲ ਦੇ ਹੋਣ ਜਾਂ ਉਸ ਦੇ ਨਿੱਜੀ ਦੁਸ਼ਮਣ ਵੀ ਕਿਉਂ ਨਾ ਹੋਣ?



Digitized by Panjab Digital Library | www.panjabdigilib.org

ਇਹ ਵੀ ਕਿਹਾ ਜਾਂਦਾ ਹੈ ਕਿ 1980 ਦੀਆਂ ਪਾਰਲੀਮਾਨੀ ਤੇ ਸੂਬਾਈ ਚੋਣਾਂ ਸਮੇਂ ਸੰਤ ਜਰਨੈਲ ਸਿੰਘ ਖਾਲਸਾ ਦੇ ਸੇਵਕਾਂ ਨੇ ਕਾਂਗਰਸੀ ਉਮੀਦਵਾਰਾਂ ਨੂੰ ਵੋਟਾਂ ਪਾਈਆਂ। ਪੁੱਛਿਆ ਜਾ ਸਕਦਾ ਹੈ ਕਿ, ਕੀ ਉਹ ਅਕਾਲੀ ਉਮੀਦਵਾਰਾਂ ਨੂੰ ਵੋਟਾਂ ਦਿੰਦੇ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਮੌਕੇ ਭਾਈ ਅਮਰੀਕ ਸਿੰਘ ਨੂੰ ਹਰਾਇਆ ਸੀ? ਵੈਸੇ ਦੱਸਿਆ ਜਾਂਦਾ ਕਿ, ਸੰਤਾਂ ਨੇ ਆਪਣੇ ਸੇਵਕਾਂ ਨੂੰ ਖੁੱਲ੍ਹ ਦਿੱਤੀ ਹੋਈ ਸੀ ਕਿ, ਉਹ ਆਪਣੀ ਜ਼ਮੀਰ ਦੀ ਆਵਾਜ਼ ਮੁਤਾਬਿਕ ਜਿਸ ਨੂੰ ਚਾਹੁਣ, ਵੋਟ ਪਾ ਸਕਦੇ ਹਨ।

ਸਮੇਂ ਦੀ ਲੀਲਾ ਬੜੀ ਵਚਿੱਤਰ ਹੈ! ਉਹ ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਿਸ ਨੇ 1978 ਵਿਚ ਲੁਧਿਆਣਾ ਅਕਾਲੀ ਕਾਨਫਰੰਸ ਦੀ ਸਟੇਜ 'ਤੇ ਭਿੰਡਰਾਂਵਾਲੇ ਸੰਤਾਂ ਦਾ ਇਹ ਸੁਝਾਅ ਕਿ, ਜਥੇਦਾਰ ਤਲਵੰਡੀ ਨੂੰ ਹਾਥੀ ਤੇ ਚੜ੍ਹ ਕੇ ਜਲੂਸ ਦੀ ਅਗਵਾਈ ਨਹੀਂ ਸੀ ਕਰਨੀ ਚਾਹੀਦੀ, ਸਗੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਤੋਂ ਇਹ ਅਗਵਾਈ ਕਰਵਾਈ ਜਾਣੀ ਚਾਹੀਦੀ ਸੀ, ਸੰਗਤਾਂ ਦੇ ਹੱਥ ਖੜ੍ਹੇ ਕਰਾ ਕੇ ਰੱਦ ਕਰਵਾਇਆ ਸੀ; ਅੱਜ ਉਹੀ ਤਲਵੰਡੀ ਭਿੰਡਰਾਂਵਾਲੇ ਸੰਤਾਂ ਵਲੋਂ ਦਿਖਾਏ ਹੋਏ ਰਾਹ 'ਤੇ ਚੱਲਦਿਆਂ ਕੇਸਰੀ ਨਿਸ਼ਾਨ ਸਾਹਿਬ ਥੱਲੇ ਅਤੇ ਧਰਮ ਯੁੱਧ ਚਲਾ ਰਹੇ ਸਿੱਖ ਪੰਥ ਦੇ ਇਕੋ ਪਲੇਟਫਾਰਮ 'ਤੇ ਬੈਠਣ ਲਈ ਮਜ਼ਬੂਰ ਹੈ।

ਉਹ ਬੀਬੀ ਨਿਰਲੇਪ ਕੌਰ, ਜਿਹੜੀ ਕਿਹਾ ਕਰਦੀ ਸੀ ਕਿ, ਸੰਤ ਜਰਨੈਲ ਸਿੰਘ ਕਾਂਗਰਸ ਦਾ ਬੰਦਾ ਹੈ, 25 ਸਤੰਬਰ 1982 ਨੂੰ ਮੰਜੀ ਸਾਹਿਬ ਹਾਲ ਵਿਚ ਭਿੰਡਰਾਂਵਾਲੇ ਸੰਤਾਂ ਵਲੋਂ ਬੁਲਾਏ ਗਏ ਇਕੱਠ ਵਿਚ ਸ਼ਾਮਲ ਹੋਈ। ਉਸ ਨੇ ਨਾ ਕੇਵਲ ਸਟੇਜ ਦੀ ਰੌਣਕ ਹੀ ਵਧਾਈ, ਸਗੋਂ ਭਿੰਡਰਾਂਵਾਲੇ ਸੰਤਾਂ ਦਾ ਨੇਤਰਤਵ ਕਬੂਲ ਕਰਦਿਆਂ ਸਿੱਖ ਸੰਗਤਾਂ ਨੂੰ ਸੰਬੋਧਨ ਵੀ ਕੀਤਾ।

ਉਹ ਸੰਤ ਹਰਚੰਦ ਸਿੰਘ ਲੌਂਗੋਵਾਲ, ਜੋ 25 ਸਤੰਬਰ 1982 ਦੀ 'ਭਿੰਡਰਾਂਵਾਲਾ ਕਨਵੈਨਸ਼ਨ' ਵਿਚ ਸ਼ਾਮਿਲ ਨਹੀਂ ਸਨ ਹੋਏ; ਅੱਜ ਗੁਰੂ ਨਾਨਕ ਨਿਵਾਸ ਦੀਆਂ ਤਿੰਨ ਪੌੜੀਆਂ ਚੜ੍ਹ ਕੇ ਸੰਤ ਜਰਨੈਲ ਸਿੰਘ ਦੇ ਚਰਨੀਂ ਹੱਥ ਲਾਉਣ ਜਾਂਦੇ ਹਨ। ਏਥੇ ਹੀ ਬੱਸ ਨਹੀਂ, ਭਿੰਡਰਾਂਵਾਲੇ ਸੰਤਾਂ ਦੇ ਅਕਾਲੀ ਦਲ ਦੇ ਪ੍ਰਾਇਮਰੀ ਮੈਂਬਰ ਨਾ ਹੋਣ ਦੇ ਬਾਵਜੂਦ ਉਹ ਅਕਾਲੀ ਦਲ ਦਾ ਪ੍ਰੋਗਰਾਮ ਬਣਾਉਣ ਤੋਂ ਪਹਿਲਾਂ ਸੰਤਾਂ ਨੂੰ ਵਿਸ਼ਵਾਸ ਵਿਚ ਲੈਂਦੇ ਹਨ ਤੇ ਮੀਟਿੰਗ ਵਿਚ ਮਤੇ ਪਾਸ ਕਰਾਉਣ ਪਿੱਛੋਂ ਖਾਸ ਏਲਚੀ ਭੇਜ ਕੇ ਜਾਂ ਖੁਦ ਜਾ ਕੇ ਮੀਟਿੰਗ ਦੀ ਕਾਰਵਾਈ ਤੋਂ ਸੰਤਾਂ ਨੂੰ ਜਾਣੂ ਕਰਵਾਉਂਦੇ ਹਨ।

ਉਹ ਸਰਦਾਰ ਸਵਰਨ ਸਿੰਘ, ਜੋ ਕਿਸੇ ਵੇਲੇ ਭਾਰਤ ਦਾ ਵਿਦੇਸ਼ ਮੰਤਰੀ ਸੀ, 1982 ਵਿਚ ਪੰਜਾਬ ਸਮੱਸਿਆ ਦਾ ਹੱਲ ਢੂੰਡਣ ਦੇ ਸਿਲਸਿਲੇ ਵਿਚ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਖਾਸ ਏਲਚੀ ਦੇ ਤੌਰ ਤੇ ਭਿੰਡਰਾਂਵਾਲੇ ਸੰਤਾਂ ਨੂੰ ਮਿਲਣ ਵਾਸਤੇ ਗੁਰੂ ਨਾਨਕ ਨਿਵਾਸ ਦੀਆਂ ਪੌੜੀਆਂ ਚੜ੍ਹਨ ਲਈ ਮਜ਼ਬੂਰ ਹੋਇਆ। ਬਿਰਧ ਅਵਸਥਾ ਹੋਣ ਕਰਕੇ ਪੌੜੀ ਚੜ੍ਹਦਿਆਂ 'ਸਰਦਾਰ ਜੀ' ਨੂੰ ਹੌਂਕਣੀ ਚੜ੍ਹ ਗਈ ਸੀ। ਸਾਹ ਚੜ੍ਹਿਆ ਹੋਣ ਕਰਕੇ ਉਹ ਸੰਤਾਂ ਨੂੰ ਪੂਰੀ ਤਰ੍ਹਾਂ ਫਤਹਿ ਵੀ ਨਾ ਬੁਲਾ ਸਕਿਆ। ਸੰਤਾਂ ਨੇ ਏਨਾ ਕਸ਼ਟ ਕਰ ਕੇ ਆਉਣ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗਾ ਕਿ ਆਪ ਜੀ ਦਾ ਅਸ਼ੀਰਵਾਦ ਲੈਣ ਆਇਆ ਹਾਂ।

ਦੇਸ਼ ਦੇ ਉਘੇ ਸਿਆਸੀ ਲੀਡਰ, ਜਿਹੜੇ ਸੰਤ ਜਰਨੈਲ ਸਿੰਘ ਦੇ ਦਰਸ਼ਨ ਕਰਨ ਆਏ, ਤੇ ਉਨ੍ਹਾਂ ਨਾਲ ਪੰਜਾਬ ਦੇ ਉਲਝੇ ਹੋਏ ਮਸਲੇ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਗੁਰੂ ਨਾਨਕ ਨਿਵਾਸ ਵਿਚ ਆਏ, ਇਹ ਹਨ: ਸ੍ਰੀ ਇੰਦਰ ਕੁਮਾਰ ਗੁਜਰਾਲ ਸਾਬਕ ਸਫੀਰ



Digitized by Panjab Digital Library | www.panjabdigilib.org

ਸੋਵੀਅਤ ਯੂਨੀਅਨ, ਸ਼ੇਖ ਫਾਰੂਕ ਅਬਦੁੱਲਾ ਮੁਖ ਮੰਤਰੀ ਜੰਮੂ ਤੇ ਕਸ਼ਮੀਰ, ਸ਼ੇਖ ਅਬਦੁੱਲਾ ਬੁਖਾਰੀ 'ਸ਼ਾਹੀ ਇਮਾਮ' ਆਫ ਜਾਮਾ ਮਸਜਿਦ ਦਿੱਲੀ, ਡਾਕਟਰ ਸੁਬਰਾਮਣੀਅਮ ਸੁਆਮੀ ਤੇ ਸ੍ਰੀ ਰਾਮ ਜੇਠ ਮਿਲਾਨੀ ਆਦਿ। ਇਨ੍ਹਾਂ ਤੋਂ ਬਿਨਾਂ ਦੇਸ ਵਿਚ ਅਮਨ, ਕੌਮੀ ਏਕਤਾ, ਸਮਾਜ ਸੁਧਾਰ ਤੇ ਨਾਰੀ ਕਲਿਆਣ ਲਈ ਕਾਇਮ ਹੋ ਚੁੱਕੀਆਂ ਅਨੇਕ ਸੰਸਥਾਵਾਂ ਦੇ ਮੁਖੀ ਜਾਂ ਪ੍ਰਤੀਨਿਧ ਵੀ ਸੰਤ ਜੀ ਨੂੰ ਮਿਲ ਚੁੱਕੇ ਹਨ।



Digitized by Panjab Digital Library | www.panjabdigilib.org

# ਅੱਤਵਾਦੀ ਨਹੀਂ

## ਪਰ 'ਅੱਤਵਾਦੀ ਇੱਟ' ਦਾ ਜਵਾਬ ਪੱਥਰ ਨਾਲ ਦੇਣ ਵਾਲਿਆਂ ਨੂੰ ਅਸ਼ੀਰਵਾਦ ਨਾਲ ਨਿਵਾਜਦਾ ਹੈ

ਅਖਬਾਰ 'ਹਿੰਦੁਸਤਾਨ ਟਾਈਮਜ਼' ਦੇ ਰਿਪੋਰਟਰ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਅੱਤਵਾਦੀ ਤੇ ਉਦਾਰਵਾਦੀ ਅਕਾਲੀਆਂ ਬਾਰੇ ਇਕ ਸਵਾਲ ਪੁੱਛਿਆ, ਜਿਸ ਦੇ ਜਵਾਬ ਵਿਚ ਜਥੇਦਾਰ ਟੌਹੜਾ, ਜਥੇਦਾਰ ਤਲਵੰਡੀ ਤੇ ਸਰਦਾਰ ਬਾਦਲ ਦਾ ਜ਼ਿਕਰ ਕਰਦਿਆਂ ਸੰਤ ਲੌਂਗੋਵਾਲ ਨੇ ਕਿਹਾ:

"ਨਾ ਇਹ ਗਰਮ ਨੇ, ਨਾ ਇਹ ਠੰਢੇ ਨੇ ।"

ਪ੍ਰੈਸ ਰੀਪੋਰਟਰ ਨੇ ਆਖਿਆ: "ਸੰਤ ਜੀ, ਤੁਸੀਂ ਇਕ ਨਾਂ ਨਹੀਂ ਲਿਆ ।"

"ਉਹ ਵੀ ਲੈ ਲਓ" ਲੌਂਗੋਵਾਲ ਬੋਲੇ ।

"ਉਹ ਨੇ ਭਿੰਡਰਾਂਵਾਲੇ ਸੰਤ, ਉਹ ਬੜੇ ਗਰਮ ਲਗਦੇ ਹਨ" ਪ੍ਰੈਸ ਰੀਪੋਰਟਰ ਨੇ ਆਖਿਆ । ਅੱਗਿਉਂ ਸੰਤ ਲੌਂਗੋਵਾਲ ਨੇ ਫੁਰਮਾਇਆ: "ਉਨ੍ਹਾਂ ਕੋਲੋਂ ਤੇ ਅਸੀਂ ਵੀ ਠੰਢੇ ਆਂ । ਮਿਕਸ ਹੋ ਕੇ ਅਸੀਂ ਸਭ ਠੰਢੇ ਹੋ ਜਾਂਦੇ ਹਾਂ ।"

ਭਿੰਡਰਾਂਵਾਲੇ ਸੰਤ ਬਾਰੇ ਲੌਂਗੋਵਾਲੀਏ ਸੰਤ ਨੇ ਇਕ ਹੋਰ ਪੱਤਰਕਾਰ ਨਾਲ ਚਰਚਾ ਕਰਦੇ ਹੋਏ ਆਖਿਆ: "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸਰਕਾਰ ਖਾਹਮੁਖਾਹ ਅੱਤਵਾਦੀ ਬਣਾ ਰਹੀ ਹੈ । ਉਹ ਤਾਂ ਗੁਰਮਤ ਵਿਦਿਆ ਦੇ ਇਕ ਵਧੀਆ ਪ੍ਰੋਫੈਸਰ ਹਨ ।"

ਸੰਤ ਲੌਂਗੋਵਾਲ ਦਾ ਇਹ ਫੁਰਮਾਨ ਸੌ ਫੀ ਸਦੀ ਦਰੁਸਤ ਹੈ ਕਿਉਂਕਿ ਭਿੰਡਰਾਂਵਾਲੇ ਸੰਤਾਂ ਨੇ ਕੋਈ ਆਦਮੀ ਤਾਂ ਕੀ ਮਾਰਨਾ, ਕਦੇ ਕੋਈ ਜਾਨਵਰ ਤੱਕ ਨਹੀਂ ਮਾਰਿਆ । ਸੰਤ ਜੀ ਬੇਸ਼ੱਕ ਸ਼ਸਤਰਾਂ ਦੇ ਪੁਜਾਰੀ ਹਨ ਤੇ ਸ਼ਸਤਰਾ ਨੂੰ ਅੰਗ ਸੰਗ ਰੱਖਦੇ ਹਨ ਪਰ ਇਹ ਹਥਿਆਰ ਜੀਵ - ਹੱਤਿਆ ਲਈ ਨਹੀਂ, ਸਗੋਂ ਆਤਮ ਰੱਖਿਆ ਲਈ ਧਾਰਨ ਕੀਤੇ ਹੋਏ ਹਨ ।

"ਭਿੰਡਰਾਂਵਾਲੇ ਸੰਤ ਅੱਤਵਾਦੀ ਹਨ" - ਵਕਤ ਦੀ ਸਰਕਾਰ ਤੇ ਉਲਾਰ ਪ੍ਰੈਸ ਨੇ ਮੁਹਾਰਨੀ ਰਟ ਕੇ ਸੰਤ ਜੀ ਦੇ ਜੀਵਨ ਤੇ ਦਰਸ਼ਨ ਨੂੰ ਸਮਝਣ ਤੋਂ ਬਿਨਾਂ ਹੀ 'ਅੱਤਵਾਦ' ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਹੈ । ਸੰਤਾਂ ਨੇ ਇਹ 'ਬਖਸ਼ਿਸ਼' ਸਿਰ ਮੱਥੇ 'ਤੇ ਕਬੂਲ ਲਈ ਹੈ ਤੇ ਉਹ ਨਹਾਇਤ ਵਿਅੰਗਮਈ ਢੰਗ ਨਾਲ ਆਪਣੇ ਆਪ ਨੂੰ ਅੱਤਵਾਦੀ ਕਹਿਣ ਲੱਗ ਪਏ ਹਨ । ਮਿਸਾਲ ਵਜੋਂ:

"ਜੇ ਧੀਆਂ ਭੈਣਾਂ ਦੀ ਇਜ਼ਤ ਬਚਾਉਣ, ਨਸ਼ਿਆਂ ਦੀ ਵਰਤੋਂ ਛਡਾਉਣਾ, ਸਿੱਖਾਂ ਨੂੰ ਸੱਚੇ ਸਿੱਖ, ਹਿੰਦੂਆਂ ਨੂੰ ਸੱਚੇ ਹਿੰਦੂ ਤੇ ਮੁਸਲਮਾਨਾਂ ਨੂੰ ਸੱਚੇ ਮੁਸਲਮਾਨ ਬਣਨ ਦਾ ਉਪਦੇਸ਼ ਦੇਣਾ, ਏਕਤਾ ਦਾ ਪਰਚਾਰ ਕਰਨਾ, ਕੁਰੀਤੀਆਂ ਤੋਂ ਦੂਰ ਕਰਨਾ, ਲੋਕਾਂ ਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ ਤੇ ਸਿੱਖਾਂ ਨੂੰ ਇਕ ਝੰਡੇ ਹੇਠ ਇਕੱਠੇ ਹੋਣ ਦੀ ਅਪੀਲ



Digitized by Panjab Digital Library | www.panjabdigilib.org

ਕਰਨਾ ਅੱਤਵਾਦ ਹੈ, ਤਾਂ ਮੈਂ ਅੱਤਵਾਦੀ ਹਾਂ ਤੇ ਇਹ ਮੇਰੀ ਜ਼ਿੰਦਗੀ ਦਾ ਮਿਸ਼ਨ ਹੈ।...

"ਮੈਂ ਚਾਹ ਨਹੀਂ ਪੀਂਦਾ, ਆਂਡੇ ਨਹੀਂ ਖਾਂਦਾ, ਤੇ ਸ਼ਰਾਬ ਨੂੰ ਛੂੰਹਦਾ ਤੱਕ ਨਹੀਂ। ਮੇਰੇ ਬਾਰੇ ਗਲਤ ਪਰਚਾਰਿਆ ਜਾਂਦਾ ਹੈ ਕਿ ਮੈਂ ਕਾਤਿਲ ਹਾਂ, ਹਿੰਦੂਆਂ ਨੂੰ ਦੇਖਦੇ ਹੀ ਗੋਲੀ ਮਾਰ ਦਿੰਦਾ ਹਾਂ, ਮੈਂ ਕਿਸੇ ਮੋਨੇ ਆਦਮੀ ਨੂੰ ਨੇੜੇ ਨਹੀਂ ਆਉਣ ਦਿੰਦਾ ਆਦਿਕ।...

"ਮੇਰੇ 'ਤੇ ਅੱਤਵਾਦੀ ਹੋਣ ਦਾ ਇਲਜ਼ਾਮ ਇਸ ਲਈ ਲਾਇਆ ਜਾਂਦਾ ਹੈ ਕਿਉਂਕਿ ਮੈਂ ਸਮਾਜਿਕ ਕੁਰੀਤੀਆਂ ਵਿਰੁੱਧ ਪਰਚਾਰ ਕਰਦਾ ਹਾਂ ਤੇ ਅੰਮ੍ਰਿਤ ਛਕਣ ਵਾਸਤੇ ਲੋਕਾਂ ਨੂੰ ਪਰੇਰਦਾ ਹਾਂ।...

"ਜੇ ਮੈਂ ਮੁਜਰਿਮ ਹਾਂ ਤਾਂ ਮੈਨੂੰ ਗ੍ਰਿਫਤਾਰ ਕਰਨ ਪਿੱਛੋਂ ਰਿਹਾ ਕਿਉਂ ਕੀਤਾ ਜਾਂਦਾ ਹੈ?"

ਇਹ ਠੀਕ ਹੈ, ਕਿ ਭਿੰਡਰਾਂਵਾਲੇ ਸੰਤ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਦੇ ਪਰ ਉਹ ਜਬਰ ਦੀ ਜੜ੍ਹ ਪੁੱਟਣ ਨੂੰ, ਦੁਸ਼ਟਾਂ ਦਾ ਦਮਨ ਕਰਨ ਨੂੰ ਤੇ ਖੂਨ ਦਾ ਬਦਲਾ ਖੂਨ ਨਾਲ ਲੈਣ ਨੂੰ 'ਹਿੰਸਾ' ਨਹੀਂ ਸਮਝਦੇ। ਇਹੀ ਕਾਰਨ ਹੈ ਕਿ ਉਹ 'ਅੱਤਵਾਦੀ ਇੱਟ' ਦਾ ਜਵਾਬ ਪੱਥਰ ਨਾਲ ਦੇਣ ਵਾਲੇ ਮਰਜੀਵੜਿਆਂ ਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ ਅਤੇ ਵੀਰਤਾ ਦੇ ਕਾਰਨਾਮੇ ਕਰਨ ਵਾਲੇ ਸਿਰਲੱਥ ਸੂਰਮਿਆਂ ਨੂੰ ਸਿਰੋਪੇ ਤੇ ਅਸ਼ੀਰਵਾਦ ਦੇਣ ਲੱਗਿਆਂ ਕੰਜੂਸੀ ਤੋਂ ਕੰਮ ਨਹੀਂ ਲੈਂਦੇ।

'ਲਾਲਾ ਕਤਲ ਕੇਸ' ਵਿਚ ਸੰਤ ਜਰਨੈਲ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਤੋਂ ਪਿੱਛੋਂ ਇੰਟੈਰੋਗੇਟਰ ਨੇ ਪੁੱਛਿਆ:

"ਤੁਸੀਂ ਸੰਤ ਕਰਤਾਰ ਸਿੰਘ ਦੀ ਬਰਸੀ ਤੇ ਰਣਜੀਤ ਸਿੰਘ ਦੀ ਮਾਂ, ਭੈਣ, ਕਾਬਲ ਸਿੰਘ ਦੀ ਮਾਂ, ਬਾਪ ਅਤੇ ਭੈਣ ਨੂੰ ਸਿਰੋਪੇ ਦੇ ਕੇ ਸਨਮਾਨਿਆ। ਇਸ ਦਾ ਕੀ ਕਾਰਨ ਸੀ?"

ਸੰਤਾਂ ਨੇ ਜਵਾਬ ਦਿੱਤਾ, "ਮੈਂ ਅਖਬਾਰ ਰਾਹੀਂ ਪੜ੍ਹਿਆ ਸੀ ਕਿ ਰਣਜੀਤ ਸਿੰਘ ਅਤੇ ਕਾਬਲ ਸਿੰਘ ਦੇ ਪਰਵਾਰ ਨਾਲ ਸਰਕਾਰ ਬਤੌਰ ਸਿੱਖਾਂ ਦੇ ਧੱਕਾ ਕਰਦੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਉਨ੍ਹਾਂ ਦੇ ਪਰਵਾਰਾਂ ਦਾ ਸਨਮਾਨ ਕੀਤਾ ਸੀ। ਮੈਂ ਆਪਣਾ ਫਰਜ਼ ਸਮਝ ਕੇ ਉਨ੍ਹਾਂ ਦੇ ਪਰਵਾਰਾਂ ਦਾ ਸਿੱਖ ਹੋਣ ਦੇ ਨਾਤੇ ਸਨਮਾਨ ਕੀਤਾ ਸੀ।"

ਇੰਟੈਰੋਗੇਟਰ ਨੇ ਫੇਰ ਸਵਾਲ ਕੀਤਾ: "ਤੁਸੀਂ ਭਾਸ਼ਨ ਦਿੱਤਾ ਸੀ ਕਿ, ਜੇ ਹਾਲਾਤ ਨੇ ਇਜਾਜ਼ਤ ਦਿੱਤੀ ਤਾਂ ਸਮਾਂ ਆਉਣ 'ਤੇ ਇਨ੍ਹਾਂ ਨੂੰ ਸੋਨੇ ਚਾਂਦੀ ਨਾਲ ਤੋਲਾਂਗਾ। ਇਹ ਕਿਸ ਬਹਾਦਰੀ ਦੇ ਇਵਜ਼ ਵਿਚ ਸੀ?"

ਅੱਗਿਓਂ ਸੰਤ ਬੋਲੇ: "ਮੈਂ ਅਖਬਾਰਾਂ ਵਿਚ ਪੜ੍ਹਿਆ ਸੀ ਕਿ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਜੇ ਰਣਜੀਤ ਸਿੰਘ ਮੇਰੇ ਕੋਲ ਆ ਜਾਵੇ ਤਾਂ ਮੈਂ ਉਸ ਨੂੰ ਗੌਰਮਿੰਟ ਦੇ ਹਵਾਲੇ ਕਰ ਦੇਵਾਂਗਾ। ਉਸ ਖਬਰ ਦੇ ਸੰਬੰਧ ਵਿਚ ਉੱਤਰ ਦਿੰਦੇ ਹੋਏ ਮੈਂ ਕਿਹਾ ਸੀ ਕਿ, ਜੇ ਰਣਜੀਤ ਸਿੰਘ ਆ ਗਿਆ ਤਾਂ ਸ਼ਹੀਦਾਂ ਦੇ ਸੰਬੰਧ ਨੂੰ ਮੁੱਖ ਰੱਖ ਕੇ ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ।"

ਨੌਜਵਾਨਾਂ ਨੂੰ ਹੱਲਾਸ਼ੇਰੀ ਦੇਣ ਦੇ ਸਿਲਸਿਲੇ ਵਿਚ ਵੀ ਇਕ ਮਿਸਾਲ ਹੇਠਾਂ ਦਰਜ ਕੀਤੀ ਜਾ ਰਹੀ ਹੈ। ਵਲੈਤਵਾਸੀ ਪੰਜਾਬੀਆਂ ਦੇ ਹਰਮਨ ਪਿਆਰੇ ਹਫਤਾਵਾਰ ਅਖਬਾਰ 'ਦੇਸ ਪ੍ਰਦੇਸ' ਲੰਡਨ ਨੇ 20.5.83 ਦੇ ਪਰਚੇ ਵਿਚ ਸਫਾ 3 'ਤੇ ਅੰਮ੍ਰਿਤਸਰ ਡੇਟ ਲਾਈਨ ਨਾਲ ਇਹ ਖਬਰ ਛਾਪੀ:



Digitized by Panjab Digital Library | www.panjabdigilib.org

"ਕੁੱਟ ਖਾ ਕੇ ਰੋਣ ਵਾਲੇ ਵਿਅਕਤੀ ਮੇਰੇ ਕੋਲ ਨਾ ਆਉਣ ਸਗੋਂ ਕਿਸੇ ਨੂੰ ਗੋਲੀ ਦਾ ਨਿਸ਼ਾਨਾ ਬਣਾਉਣ ਬਾਅਦ ਮੇਰੇ ਕੋਲ ਆਉਣ ਤਾਂ ਮੈਂ ਅਸ਼ੀਰਵਾਦ ਦਿਆਂਗਾ। ਸਮਾਂ ਚੀਕਣ ਦਾ ਨਹੀਂ, ਲੜਾਈ ਹਦਾ ਹੈ।" ਇਹ ਗੱਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਉਸ ਸਮੇਂ ਆਖੀ, ਜਦੋਂ ਲੂਣ ਮੰਡੀ ਵਿਚ ਇਸ਼ਤਿਹਾਰ ਲਗਾ ਰਹੇ ਕੁਝ ਨੌਜਵਾਨਾਂ ਨੂੰ ਪੁਲਸੀਆਂ ਅਤੇ ਹਿੰਦੂਆਂ ਨੇ ਫੜ ਕੇ ਕੁੱਟਿਆ ਅਤੇ ਉਹ ਸ਼ਿਕਾਇਤ ਕਰਨ ਲਈ ਸੰਤ ਭਿੰਡਰਾਂਵਾਲੇ ਕੋਲ ਪਹੁੰਚ ਗਏ। ਸੰਤਾਂ ਨੇ ਆਖਿਆ:

"ਕੁੱਟ ਖਾਣ ਦੀ ਆਦਤ ਛੱਡ ਦਿਓ ਅਤੇ ਲੜਾਈ ਲਈ ਹਥਿਆਰਬੰਦ ਹੋ ਕੇ ਮੈਦਾਨ ਵਿਚ ਨਿੱਤਰ ਪਵੋ।"

ਭਿੰਡਰਾਂਵਾਲੇ ਸੰਤ ਗੁਰੂ ਸਾਹਿਬਾਨ ਦੀ ਨਿਰਾਦਰੀ, ਚਾਹੇ ਉਹ ਕਿਸੇ ਵੀ ਸ਼ਕਲ ਵਿਚ ਅਤੇ ਕਿਸੇ ਵੀ ਵਿਸ਼ੇਸ਼ ਵਿਅਕਤੀ ਵਲੋਂ ਕੀਤੀ ਗਈ ਹੋਵੇ, ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦੇ।

ਅਪ੍ਰੈਲ 1983 ਵਿਚ 'ਹਿੰਦ ਸਮਾਚਾਰ' ਪੱਤਰ - ਸਮੂੰਹ ਜਲੰਧਰ ਵਲੋਂ ਇਕ ਕੈਲੰਡਰ ਛਾਪਿਆ ਗਿਆ, ਜਿਸ ਉਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸਵਰਗਵਾਸੀ ਲਾਲਾ ਜਗਤ ਨਾਰਾਇਣ ਦੀ ਫੋਟੋ ਛਾਪੀ ਗਈ ਸੀ। ਜਾਣੇ ਜਾਂ ਅਣਜਾਣੇ ਤੌਰ ਤੇ ਰੱਬੀ ਨੂਰ ਨਾਲ ਇਕ ਸਾਧਾਰਨ ਵਿਅਕਤੀ ਦੀ ਤੁਲਨਾ ਕਰ ਦਿੱਤੀ ਗਈ ਸੀ। ਅਜਿਹਾ ਕਰਨ ਲੱਗਿਆਂ ਹਿੰਦ ਸਮਾਚਾਰ ਦੇ ਪੜ੍ਹੇ ਲਿਖੇ ਸੰਪਾਦਕ ਸ੍ਰੀ ਰਮੇਸ਼ ਚੰਦਰ ਨੇ ਸੋਚਿਆ ਤੱਕ ਨਾ: ਚਿਹ ਨਿਸਬਤ ਖਾਕ ਰਾ ਬਾ ਆਲਮੇ ਪਾਕ!

ਦੂਜੇ ਪਾਸੇ ਜਦ ਅਖਬਾਰ ਵਾਲੇ ਦੀ ਏਸ ਗੁਸਤਾਖੀ ਉਤੇ ਸੰਤ ਭਿੰਡਰਾਂਵਾਲਿਆਂ ਦੀ ਨਜ਼ਰ ਪਈ ਤਾਂ ਉਨ੍ਹਾਂ ਦੀ ਆਤਮਾ ਤੜਫ ਉੱਠੀ। ਸੰਤ ਜੀ ਨੇ 29.5.83 ਨੂੰ ਮੰਜੀ ਸਾਹਿਬ ਹਾਲ ਅੰਮ੍ਰਿਤਸਰ ਵਿਚ 'ਧਰਮ ਯੁੱਧ' ਮੋਰਚੇ ਦੇ ਮੰਚ ਤੋਂ ਭਾਸ਼ਨ ਦਿੰਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਵੱਲ ਇਸ਼ਾਰਾ ਕਰ ਕੇ ਕਿਹਾ, "ਸੰਤ ਜੀ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ, ਹੁਣ ਕਿੰਨਾ ਕੁ ਚਿਰ ਸ਼ਾਂਤੀ ਰੱਖਣੀ ਹੈ? ਮੈਂ ਹਿੰਦ ਸਮਾਚਾਰ ਦੇ ਐਡੀਟਰ ਸ੍ਰੀ ਰਮੇਸ਼ ਚੰਦਰ ਨੂੰ ਵੀ ਸਾਫ਼ ਸਾਫ਼ ਇਹ ਗੱਲ ਕਹਿ ਦੇਣੀ ਚਾਹੁੰਦਾ ਹਾਂ ਕਿ, ਜੇ ਉਸ ਨੇ ਕੈਲੰਡਰ ਵਿਚ ਦਸਮ ਪਿਤਾ ਨਾਲ ਲਾਲੇ ਦੀ ਫੋਟੋ ਛਾਪ ਕੇ ਕੀਤੀ ਗੁਸਤਾਖੀ ਦੀ ਚਾਰ ਦਿਨਾਂ ਵਿਚ ਸਿੱਖ ਕੌਮ ਤੋਂ ਮਾਫ਼ੀ ਨਾ ਮੰਗੀ, ਤਾਂ ਇਸ ਦੇ ਸਿੱਟਿਆਂ ਲਈ ਉਹ ਜਾਂ ਪੰਜਾਬ ਸਰਕਾਰ ਜ਼ਿੰਮੇਦਾਰ ਹੋਵੇਗੀ। ਪਰ ਇਸ ਨਿਰਾਦਰ ਦਾ ਬਦਲਾ ਲੈਣ ਵਾਲੇ ਸਿੰਘ ਦਾ ਸਤਿਕਾਰ ਮੈਂ ਕਰਾਂਗਾ।"

ਸੰਤਾਂ ਦੀ ਇਸ ਤਕਰੀਰ ਬਾਰੇ ਜਲੰਧਰ ਦੇ ਸਥਾਨਕ ਅਖਬਾਰਾਂ ਵਿਚ ਵਾਦ ਵਿਵਾਦ ਸ਼ੁਰੂ ਹੋ ਗਿਆ। ਸ੍ਰੀ ਰਮੇਸ਼ ਐਡੀਟਰ 'ਹਿੰਦ ਸਮਾਚਾਰ' ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਪਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਦਰਖਾਸਤ ਭੇਜੀ ਕਿ, ਉਹ ਇਸ ਮਾਮਲੇ ਦੀ ਛਾਣਬੀਣ ਖੁਦ ਕਰ ਕੇ ਫੈਸਲਾ ਦੇਣ ਪਰ ਸੰਤ ਲੌਂਗੋਵਾਲ ਨੇ ਇਹ ਮਾਮਲਾ 'ਧਰਮ ਪ੍ਰਚਾਰ ਕਮੇਟੀ' ਦੇ ਸਪੁਰਦ ਕਰ ਦਿੱਤਾ।

11.6.83 ਨੂੰ ਆਨੰਦਪੁਰ ਸਾਹਿਬ ਦੇ ਗੁਰਦਵਾਰਾ ਸ੍ਰੀ ਕੇਸਗੜ੍ਹ ਵਿਚ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕੀਤੀ। ਕੈਲੰਡਰ ਕੇਸ 'ਤੇ ਵਿਚਾਰ ਕਰਨ ਪਿੱਛੋਂ ਫੈਸਲੇ ਵਿਚ ਆਖਿਆ ਗਿਆ ਕਿ, 'ਹਿੰਦ ਸਮਾਚਾਰ ਗਰੁੱਪ ਨੇ ਕੈਲੰਡਰ ਉਤੇ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਲਾਲਾ ਜਗਤ ਨਾਰਾਇਣ ਦੀ ਤਸਵੀਰ ਛਾਪ ਕੇ ਸਿੱਖਾਂ ਦੇ ਜਜ਼ਬਾਤ ਨੂੰ ਠੇਸ ਪਹੁੰਚਾਈ ਹੈ। ਇਸ ਅਪਮਾਨ



Digitized by Panjab Digital Library | www.panjabdigilib.org

- ਜਨਕ ਕਾਰਵਾਈ ਕਰਨ 'ਤੇ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਸ੍ਰੀ ਰਮੇਸ਼ ਫੌਰੀ ਤੌਰ 'ਤੇ ਮੁਆਫੀ ਮੰਗਣ ।'

ਬਾਅਦ ਵਿਚ ਸ੍ਰੀ ਰਮੇਸ਼ ਚੰਦਰ ਨੇ ਆਪਣੇ ਤਿੰਨਾਂ ਅਖਬਾਰਾਂ, ਹਿੰਦ ਸਮਾਚਾਰ, ਪੰਜਾਬ ਕੇਸਰੀ ਤੇ ਜੱਗਬਾਣੀ ਵਿਚ ਆਪਣੇ ਦਸਖਤਾਂ ਹੇਠ ਇਕ ਲੰਮਾ ਚੌੜਾ ਸੰਪਾਦਕੀ ਲੇਖ ਛਾਪ ਕੇ ਗੱਜਗੜ੍ਹਾ ਕੇ ਸਿੱਖ ਜਗਤ ਪਾਸੋਂ ਮੁਆਫੀ ਮੰਗੀ ਤੇ ਭਿੰਡਰਾਂਵਾਲੇ ਸੰਤਾਂ ਪਾਸੋਂ ਜਾਨ - ਬਖਸ਼ੀ ਕਰਵਾਈ ।



Digitized by Panjab Digital Library | www.panjabdigilib.org

# ਵੱਖਵਾਦੀ ਵੀ ਨਹੀਂ:
## ਲੇਕਿਨ 'ਧਰਮ' ਅਤੇ 'ਸਿੱਖੀ ਸਰੂਪ' ਦੇ ਆਧਾਰ 'ਤੇ 'ਸਿੱਖ ਵੱਖਰੀ ਕੌਮ ਹਨ' ਦੇ ਸਿਧਾਂਤ ਨੂੰ ਮਾਣਤਾ ਦਿੰਦਾ ਹੈ

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਨੇ ਸਿੱਖ ਪੰਥ ਦਾ ਮਾਰਗ ਦਰਸ਼ਨ ਕਰਦਿਆਂ ਸਿੱਖ ਕੌਮ ਨੂੰ ਇਹ ਨਾਅਰਾ ਦਿੱਤਾ ਕਿ 'ਖਾਲਸਾ ਜੀ, ਪੰਥ ਵਿਚ ਮੁਕੰਮਲ ਏਕਤਾ ਲਿਆਉਣ ਲਈ ਇਕੋ ਇੱਕ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੋ ਮੰਚ 'ਤੇ ਇਕੱਠੇ ਹੋ ਜਾਓ।" ਸ਼ੁਰੂ ਸ਼ੁਰੂ ਵਿਚ ਕਈ ਅਕਾਲੀ ਲੀਡਰਾਂ ਨੇ ਸੰਤ ਜੀ ਦੇ ਇਨ੍ਹਾਂ ਵਿਚਾਰਾਂ ਦਾ ਤਿੱਖਾ ਵਿਰੋਧ ਕੀਤਾ। ਲੇਕਿਨ ਇਸ ਦੇ ਬਾਵਜੂਦ ਭਿੰਡਰਾਂਵਾਲੇ ਸੰਤ ਨਿਰਾਸ਼ ਨਹੀਂ ਹੋਏ ਤੇ ਉਨ੍ਹਾਂ ਪੰਥ ਵਿਚ ਸੰਪੂਰਨ ਏਕਤਾ ਪੈਦਾ ਕਰਨ ਲਈ ਆਪਣੇ ਯਤਨ ਜਾਰੀ ਰੱਖੇ। ਸੰਤ ਜੀ ਦੇ ਦ੍ਰਿੜ੍ਹ ਨਿਸਚੇ ਸਦਕਾ ਅੱਜ ਸਾਰਾ ਪੰਥ ਇਕੋ ਸਟੇਜ ਤੇ ਬੈਠਾ ਦਿਖਾਈ ਦੇ ਰਿਹਾ ਹੈ ਤੇ ਕੌਮੀ ਨਿਸ਼ਾਨ ਸਾਹਿਬ ਦੀ ਛਾਂ ਥੱਲੇ 'ਧਰਮ ਯੁੱਧ' ਵਿਚ ਜੂਝ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਵਲੋਂ ਲਾਏ ਗਏ 'ਧਰਮ ਯੁੱਧ' ਮੋਰਚੇ ਦੀ ਮੁੱਖ ਮੰਗ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਾਉਣਾ ਹੈ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਆਨੰਦਪੁਰ ਸਾਹਿਬ ਦੇ ਮਤੇ ਦਾ ਮਤਲਬ 'ਖਾਲਿਸਤਾਨ' ਹੈ, ਉਹ ਲੋਕ ਮੂਰਖ ਹਨ ਜਾਂ ਫਿਰ ਏਨੇ ਚਤੁਰ ਹਨ ਕਿ ਉਹ ਦੂਜਿਆਂ ਨੂੰ ਮੂਰਖ ਬਣਾਉਣਾ ਚਾਹੁੰਦੇ ਹਨ। ਆਨੰਦਪੁਰ ਮਤੇ ਵਿਚ ਕਿਧਰੇ ਵੀ ਖਾਲਿਸਤਾਨ ਦੀ ਜਾਂ ਦੇਸ਼ ਨਾਲੋਂ ਅਲੱਗ ਹੋਣ ਦੀ ਮੰਗ ਨਹੀਂ ਕੀਤੀ ਗਈ; ਕੇਵਲ ਪੰਜਾਬੀ ਸੂਬੇ ਲਈ ਵੱਧ ਅਧਿਕਾਰ ਮੰਗੇ ਹਨ ਜੋ ਕਿ ਦੇਸ਼ ਦੇ ਦੂਜੇ ਸੂਬਿਆਂ ਵਲੋ ਵੀ ਮੰਗੇ ਜਾ ਰਹੇ ਹਨ।

'ਧਰਮ ਯੁੱਧ' ਮੋਰਚੇ ਤੋਂ ਪਹਿਲਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ 13.4.81 ਨੂੰ ਆਨੰਦਪੁਰ ਸਾਹਿਬ ਤੋਂ ਆਨੰਦਪੁਰ ਮਤੇ 'ਤੇ ਅਮਲ ਕਰਨ ਲਈ ਜੋ ਮੋਰਚਾ ਸ਼ੁਰੂ ਕੀਤਾ ਸੀ, ਤੇ ਰਾਜਧਾਨੀ ਵਿਚ ਡੇਢ ਪੌਣੇ ਦੋ ਸਾਲ ਤੱਕ ਚਲਾਈ ਰੱਖਿਆ ਸੀ, ਉਸ ਵਲੋਂ ਵੀ ਇੰਡੀਅਨ ਯੂਨੀਅਨ ਵਿਚ ਰਹਿੰਦੇ ਹੋਏ 'ਦੇਸ ਪੰਜਾਬ' ਨਾਮੀ ਵੱਧ ਅਧਿਕਾਰਾਂ ਵਾਲੇ ਸੂਬੇ ਦੀ ਮੰਗ ਕੀਤੀ ਗਈ ਸੀ; ਦੇਸ਼ ਨਾਲੋਂ ਅਲੱਗ ਮੁਲਕ ਦੀ ਨਹੀਂ। ਨਵੇਂ ਸੂਬੇ ਦਾ ਨਾਂ 'ਦੇਸ ਪੰਜਾਬ' ਮਦਰਾਸੀਆਂ ਦੇ ਸੂਬੇ 'ਤਾਮਿਲ ਨਾਡੂ' ਤੋਂ ਪ੍ਰੇਰਨਾ ਲੈ ਕੇ ਰੱਖਿਆ ਗਿਆ ਸੀ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਹਿੰਦੇ ਹਨ ਕਿ, ਉਨ੍ਹਾਂ ਵਲੋਂ ਕੀਤੀ ਜਾ ਰਹੀ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਹੀ ਇਕ ਪ੍ਰਤੱਖ ਸਬੂਤ ਹੈ ਕਿ, ਉਹ ਭਾਰਤ ਨਾਲੋਂ ਅਲੱਗ ਨਹੀਂ ਹੋਣਾ ਚਾਹੁੰਦੇ। ਹਿੰਦੁਸਤਾਨ ਵਿਚ ਅਨੇਕ ਇਤਿਹਾਸਕ ਗੁਰਦੁਆਰੇ ਹਨ ਅਤੇ ਬਾਕੀ ਗੁਰਦੁਆਰਿਆਂ ਦਾ ਤਾਂ ਕੋਈ ਅੰਤ ਹਿਸਾਬ ਹੀ ਨਹੀਂ। ਕੀ ਸਿੱਖ ਆਪਣੇ ਜਾਨ ਤੋਂ ਵੀ ਵੱਧ ਪਿਆਰੇ ਗੁਰਧਾਮਾਂ ਤੋਂ ਵਿਛੜਨਾ ਪਸੰਦ ਕਰਨਗੇ?

ਸੰਤ ਜਰਨੈਲ ਸਿੰਘ 'ਖਾਲਸਾ' ਵੀ ਹਮੇਸ਼ਾਂ ਕਹਿੰਦੇ ਹਨ ਕਿ, ਉਹ ਦੇਸ਼ ਤੋਂ ਵੱਖਰਾ



Digitized by Panjab Digital Library | www.panjabdigilib.org

ਨਹੀਂ ਹੋਣਾ ਚਾਹੁੰਦੇ ਲੇਕਿਨ ਸਰਕਾਰਾਂ ਤੇ ਅਖਬਾਰਾਂ ਨੇ ਉਨ੍ਹਾਂ ਨੂੰ ਮੱਲੋ ਮੱਲੀ 'ਅੱਤਵਾਦੀ' ਬਣਾਉਣ ਦੀ ਤਰ੍ਹਾਂ ਧੱਕੋ ਧੱਕੀ 'ਵੱਖਵਾਦੀ' ਕਹਿਣਾ ਸ਼ੁਰੂ ਕਰ ਦਿੱਤਾ ਹੈ। ਭਿੰਡਰਾਂਵਾਲੇ ਸੰਤ ਜੋ ਕਿ ਇਤਿਹਾਸਕ ਸਿੱਖ ਮਿਸ਼ਨਰੀ ਸੰਸਥਾ ਦਮਦਮੀ ਟਕਸਾਲ ਦੇ ਮੁਖੀ ਹਨ, ਸਿੱਖ ਧਰਮ ਦੇ ਪਰਚਾਰ ਤੇ ਵਿਕਾਸ ਨੂੰ ਸੀਮਿਤ ਕਰਨਾ ਹਰਗਿਜ਼ ਪਸੰਦ ਨਹੀਂ ਕਰਦੇ। ਉਹ ਤਾਂ ਸਗੋਂ ਚਾਹੁਣਗੇ ਕਿ ਦੇਸ਼ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਸਿੱਖ ਧਰਮ ਵਧੇ ਫੁੱਲੇ, ਗੁਰਦੁਆਰੇ ਉਸਰਦੇ ਦਿਖਾਈ ਦੇਣ ਤੇ ਖਾਲਸਾ ਪੰਥ ਦੇ ਕੇਸਰੀ ਨਿਸ਼ਾਨ ਸਾਹਿਬ ਝੂਲਦੇ ਨਜ਼ਰ ਆਉਣ। ਅਜਿਹੀ ਸਥਿਤੀ ਵਿਚ ਕੀ ਉਨ੍ਹਾਂ ਦੇ ਵੱਖਵਾਦੀ ਹੋਣ ਦਾ ਸਵਾਲ ਪੈਦਾ ਹੋ ਸਕਦਾ ਹੈ? ਹਰਗਿਜ਼ ਨਹੀਂ! ਕਦੇ ਨਹੀਂ!

ਭਿੰਡਰਾਂਵਾਲੇ ਸੰਤ ਕੇਂਦਰ ਸਰਕਾਰ ਪਾਸੋਂ ਸਿਰਫ ਇਹ ਮੰਗ ਕਰਦੇ ਹਨ ਕਿ ਸਿੱਖਾਂ ਨਾਲ ਧੱਕਾ ਤੇ ਵਿਤਕਰਾ ਨਾ ਕੀਤਾ ਜਾਏ, ਉਨ੍ਹਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਨਾ ਸਮਝਿਆ ਜਾਏ, ਹਿੰਦੂ ਭਰਾਵਾਂ ਦੇ ਬਰਾਬਰ ਦਾ ਦਰਜਾ ਦਿੱਤਾ ਜਾਏ ਤੇ ਭਾਰਤ ਦੀਆਂ ਦੂਜੀਆਂ ਕੌਮਾਂ ਹਿੰਦੂ, ਮੁਸਲਮਾਨ, ਪਾਰਸੀ, ਈਸਾਈ, ਜੈਨੀ ਤੇ ਬੋਧੀ ਆਦਿ ਦੀ ਤਰ੍ਹਾਂ ਸਿੱਖ ਧਰਮ ਨੂੰ ਵੀ ਵੱਖਰਾ ਧਰਮ ਮੰਨਦਿਆਂ ਹੋਇਆਂ ਤੇ ਹੋਰ 'ਕੌਮਾਂ' ਨਾਲੋਂ ਸਿੱਖਾਂ ਦੇ ਵੱਖਰੇ ਸਰੂਪ ਨੂੰ ਮੁੱਖ ਰੱਖਦਿਆਂ 'ਸਿੱਖ ਕੌਮ' ਨੂੰ ਵੱਖਰੀ 'ਕੌਮ' ਹੋਣ ਦੀ ਮਾਣਤਾ ਦਿੱਤੀ ਜਾਏ।

ਡੈਮੋਕਰੈਟਿਕ ਸੋਸਲਿਸਟ ਪਾਰਟੀ ਦੇ ਪਰਧਾਨ ਸ੍ਰੀ ਹੇਮਵਤੀ ਨੰਦਨ ਬਹੁਗੁਣਾ ਨੇ ਅੰਮ੍ਰਿਤਸਰ ਆ ਕੇ ਸਿੱਖ ਲੀਡਰਾਂ ਨਾਲ ਵਿਚਾਰ ਵਟਾਂਦਰਾ ਕਰਨ ਪਿੱਛੋਂ ਇਹ ਬਿਆਨ ਦਿੱਤਾ ਕਿ, ਸਿੱਖਾਂ ਨੂੰ ਗ਼ਲਤ ਨਾ ਸਮਝਿਆ ਜਾਏ ਕਿਉਂਕਿ ਉਨ੍ਹਾਂ ਮੁਤਾਬਿਕ 'ਸਿੱਖ ਵੱਖਰੀ ਕੌਮ ਹਨ' ਦਾ ਮਤਲਬ ਵੱਖਰਾ 'ਧਰਮ' ਤੇ ਵੱਖਰਾ 'ਭਾਈਚਾਰਾ' ਹੀ ਹੈ।

ਸੋਸ਼ਲਿਸਟ ਲੀਡਰ ਬਹੁਗੁਣਾ ਵਲੋਂ ਅਕਾਲੀ ਲੀਡਰਾਂ ਦੀ ਨਬਜ਼ ਪਛਾਣ ਕੇ ਕੀਤਾ ਗਿਆ ਉਪਰੋਕਤ ਨਿਰਣਾ ਬਿਲਕੁਲ ਦਰੁਸਤ ਹੈ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਵੀ ਵੱਖਰੇ ਧਰਮ ਤੇ ਵੱਖਰੇ ਸਰੂਪ ਦੇ ਆਧਾਰ 'ਤੇ ਸਿੱਖਾਂ ਨੂੰ 'ਕੌਮ' ਮੰਨਦੇ ਹਨ, 'ਸਿੱਖ ਕੌਮ' ਨੂੰ ਵੱਖਰੀ ਕੌਮ ਦੇ ਤੌਰ ਤੇ ਮਾਣਤਾ ਦਿੰਦੇ ਹਨ ਤੇ ਕੇਂਦਰ ਸਰਕਾਰ ਪਾਸੋਂ 'ਸਿੱਖ ਕੌਮ' ਨੂੰ ਇਹ ਮਾਣਤਾ ਦਿਵਾਉਣਾ ਚਾਹੁੰਦੇ ਹਨ। ਜਿੱਥੋਂ ਤੱਕ 'ਕੌਮ' ਦੀ ਪੁਲੀਟੀਕਲ ਪ੍ਰੀਭਾਸ਼ਾ ਦਾ ਸਵਾਲ ਹੈ, ਸਿੱਖੀ ਸ਼ਬਦ - ਭੰਡਾਰ ਵਿਚ ਕਿਧਰੇ ਵੀ 'ਕੌਮ' ਦਾ ਮਤਲਬ 'ਰਾਸ਼ਟਰ' ਜਾਂ 'ਨੇਸ਼ਨ' ਨਹੀਂ। ਇਹੀ ਕਾਰਨ ਹੈ ਕਿ, 'ਧਰਮ ਯੁੱਧ' ਮੋਰਚਾ ਡਿਕਟੇਟਰ ਤੇ ਅਕਾਲੀ ਚੀਫ ਸੰਤ ਹਰਚੰਦ ਸਿੰਘ ਲੌਂਗੋਵਾਲ ਸਪੱਸ਼ਟੀਕਰਨ ਕਰਦੇ ਥੱਕ ਗਏ ਹਨ ਕਿ, ਸਿੱਖ ਵੱਖਰੀ 'ਕੌਮ' ਹਨ ਪਰ 'ਸਿੱਖ ਕੌਮ' ਦੀ ਕੌਮੀਅਤ 'ਭਾਰਤੀ' ਹੈ। ਇਸ ਦੇ ਬਾਵਜੂਦ ਵੀ ਜੇ ਵਕਤ ਦੇ ਹਾਕਮਾਂ ਤੇ ਆਪੋਜ਼ੀਸ਼ਨ ਲੀਡਰਾਂ ਨੂੰ ਸਿੱਖ ਦ੍ਰਿਸ਼ਟੀਕੋਣ ਤੋਂ ਕੀਤੇ ਜਾਂਦੇ 'ਸਿੱਖ ਕੌਮ' ਦੇ ਅਰਥਾਂ ਦੀ ਸਮਝ ਨਹੀਂ ਪੈਂਦੀ ਤਾਂ ਉਨ੍ਹਾਂ ਦਾ ਕੀ ਕਸੂਰ ਹੈ?

ਇਸ ਤੋਂ ਬਿਨਾਂ ਜੇ ਕਿਸੇ ਨੂੰ 'ਸਿੱਖ ਕੌਮ ਦੀ ਹੋਰ ਵਿਆਖਿਆ ਸੁਣਨ ਦੀ ਲੋੜ ਹੈ, ਤਾਂ ਉਹ ਸੰਤ ਜਰਨੈਲ ਸਿੰਘਜੀ ਦੀ ਜ਼ਬਾਨੀ ਸੁਣ ਲਵੇ। ਸੰਤ ਜੀ ਫੁਰਮਾਉਂਦੇ ਹਨ:

"ਗਿਆਨੀ ਜ਼ੈਲ ਸਿੰਘ ਕਹਿੰਦਾ ਹੈ ਕਿ ਸਿੱਖ ਵੱਖਰੀ ਕੌਮ ਨਹੀਂ ਹਨ; ਪਰ ਜ਼ੈਲ ਸਿੰਘ ਦੇ ਕਹਿਣ ਨਾਲ ਸਿੱਖ 'ਹਿੰਦੂ ਕੌਮ' ਦਾ ਅੰਗ ਨਹੀਂ ਬਣ ਚੱਲੇ। ਰਾਸ਼ਟਰ ਭਵਨ ਵਿਚ ਬੈਠ ਕੇ ਉਹ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਭੁੱਲ ਗਿਆ ਹੈ। ਸਿੱਖ ਗੁਰੂ ਨਾਨਕ ਦੇਵ ਜੀ ਤੋਂ ਹੀ ਵੱਖਰੀ ਕੌਮ ਚਲੀ ਆ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਉਸ ਕੌਮ ਨੂੰ 'ਪੰਜ ਕਕਾਰ' ਬਖਸ਼ ਕੇ ਉਸ 'ਤੇ ਮੋਹਰ ਹੀ ਲਾ ਦਿੱਤੀ। ਮਹਾਤਮਾ ਗਾਂਧੀ ਨੇ ਵੀ ਲਿਖਤੀ ਤੌਰ ਤੇ ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੀ ਵਿਆਖਿਆ ਕਰਦਿਆਂ ਤਿੰਨੇ ਰੰਗ ਤਿੰਨ ਕੌਮਾਂ ਦੇ ਮੰਨੇ



Digitized by Panjab Digital Library | www.panjabdigilib.org

ਸਨ। ਕੇਸਰੀ ਰੰਗ ਸਿੱਖਾਂ ਦੇ ਵੱਖਰੀ ਕੌਮ ਹੋਣ ਦਾ ਪ੍ਰਗਟਾਵਾ ਕਰਦਾ ਹੈ। ਬਾਬਾ ਖੜਕ ਸਿੰਘ ਦੇ ਕਹਿਣ ਅਨੁਸਾਰ ਕੇਸਰੀ ਰੰਗ ਤਿਰੰਗੇ ਝੰਡੇ ਦੇ ਸਭ ਤੋਂ ਉਪਰ ਰੱਖਣ ਦਾ ਭਾਵ 'ਸਿੱਖ ਕੌਮ' ਦਾ ਬਾਕੀ ਕੌਮਾਂ ਤੋਂ ਮਹਾਨ ਦਰਸਾਉਣਾ ਸੀ। ਪਰ ਆਜ਼ਾਦੀ ਦੀ ਪਰਾਪਤੀ ਤੋਂ ਮਗਰੋਂ ਸਿੱਖਾਂ ਨੂੰ ਜੁਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ ਪਰ ਸਿੱਖਾਂ ਦਾ ਨਿਸ਼ਾਨ ਕੇਸਰੀ ਨਿਸ਼ਾਨ ਅੱਜ ਵੀ ਤਿਰੰਗੇ ਝੰਡੇ ਦੇ ਸਭ ਤੋਂ ਉਪਰ ਝੂਲ ਕੇ ਸਿੱਖਾਂ ਨੂੰ ਵੱਖਰੀ ਕੌਮ ਹੋਣ ਦਾ ਸੁਨੇਹਾ ਦੇ ਰਿਹਾ ਹੈ।"



Digitized by Panjab Digital Library | www.panjabdigilib.org

# ਦਮਦਮੀ ਟਕਸਾਲ

ਖਾਲਸਾ ਪੰਥ ਦੇ ਸਿਰਜਣਹਾਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੰਗਾਂ ਯੁੱਧਾਂ ਵਿਚ ਜ਼ਿੰਦਗੀ ਗੁਜ਼ਾਰਨ ਪਿੱਛੋਂ, ਪੰਥ ਲਈ ਪਰਵਾਰ ਵਾਰਨ ਪਿੱਛੋਂ ਤੇ ਆਪਣੀ ਜ਼ਿੰਦਗੀ ਦੀ ਆਖਰੀ ਲੜਾਈ ਖਦਰਾਣੇ ਦੀ ਢਾਬ ਕੰਢੇ ਲੜਨ ਪਿੱਛੋਂ ਸੰਮਤ 1762 ਬਿਕ੍ਰਮੀ ਵਿਚ ਤਲਵੰਡੀ ਸਾਹਬੋ ਪਹੁੰਚੇ। ਇਸ ਜਗ੍ਹਾ ਸੱਚੇ ਪਾਤਸ਼ਾਹ ਨੇ ਆਪਣੇ ਲਾਓ - ਲਸ਼ਕਰ ਸਮੇਤ ਇਕ ਉੱਚੇ ਟਿੱਬੇ ਤੇ ਡੇਰੇ ਲਾ ਦਿੱਤੇ, ਜਿਸ ਨੂੰ ਖੇਤਰੀ ਭਾਸ਼ਾ ਵਿਚ 'ਦਮਦਮਾ' ਕਿਹਾ ਜਾਂਦਾ ਸੀ। ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਤੇ ਪੰਥ ਦੇ ਵਾਲੀ ਗੁਰੂ ਗੋਬਿੰਦ ਸਿੰਘ ਨੇ ਲਗਭਗ 9-10 ਮਹੀਨੇ ਵਿਸਰਾਮ ਕੀਤਾ ਤੇ 'ਟਕਸਾਲ' ਰੂਪੀ ਸੰਸਥਾ ਕਾਇਮ ਕਰਕੇ ਸਿੱਖ ਇਤਿਹਾਸ ਵਿਚ ਨਵਾਂ ਮੋੜ ਲਿਆਂਦਾ।

ਰਵਾਇਤ ਹੈ ਕਿ, ਜਿਨ੍ਹੀਂ ਦਿਨੀਂ ਦਸਮ ਪਾਤਸ਼ਾਹ ਸ੍ਰੀ ਆਨੰਦਪੁਰ ਸਾਹਿਬ ਵਿਚ ਸੰਘਰਸ਼ਮਈ ਜੀਵਨ ਗੁਜ਼ਾਰ ਰਹੇ ਸਨ, ਇਕ ਦਿਨ ਇਕ ਸਿੰਘ ਨੇ ਦੂਜੇ ਸਿੰਘ ਦੇ ਥੱਪੜ ਕੱਢ ਮਾਰਿਆ। ਥੱਪੜ ਖਾਣ ਵਾਲੇ ਸਿੰਘ ਨੇ ਗੁਰੂ ਮਹਾਰਾਜ ਦੇ ਹਜ਼ੂਰ ਸ਼ਿਕਾਇਤ ਕੀਤੀ ਤਾਂ ਸੱਚੇ ਪਾਤਸ਼ਾਹ ਨੇ ਬਿਨੈਕਾਰ ਤੇ ਕਸੂਰਵਾਰ ਦੋਹਾਂ ਸਿੰਘਾਂ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਹੁਕਮ ਜਾਰੀ ਕਰ ਦਿੱਤਾ। ਕਲਗੀਧਰ ਪਾਤਸ਼ਾਹ ਦੇ ਦਰਬਾਰ ਵਿਚ ਜਦ ਉਪਰੋਕਤ ਕੇਸ ਦੀ ਸੁਣਵਾਈ ਹੋਈ ਤਾਂ ਕਸੂਰਵਾਰ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕਰ ਲਿਆ ਪਰ ਵੇਰਵਾ ਦੱਸਦਿਆਂ ਇਹ ਕਿਹਾ ਕਿ ਜਿਹੜੇ ਸਿੱਖ ਨੂੰ ਉਸ ਨੇ ਚਾਂਟਾ ਮਾਰਿਆ ਹੈ, ਉਹ ਪਾਠ ਕਰਦਿਆਂ ਗੁਰਬਾਣੀ ਦੀ ਇਕ ਤੁਕ ਹਮੇਸ਼ਾਂ ਗਲਤ ਉਚਾਰਨ ਕਰਦਾ ਸੀ। ਉਸ ਨੂੰ ਇਕ ਦੋ ਵਾਰ ਟੋਕਿਆ ਵੀ, ਪਰ ਫਿਰ ਵੀ ਉਸ ਨੇ ਆਪਣੀ ਗ਼ਲਤੀ ਦਾ ਸੁਧਾਰ ਨਾ ਕੀਤਾ, ਜਿਸ ਕਾਰਨ ਉਸ ਨੂੰ ਥੱਪੜ ਖਾਣਾ ਪਿਆ।

ਦਸਮ ਪਾਤਸ਼ਾਹ ਨੇ ਭਰੇ ਦੀਵਾਨ ਵਿਚ ਤੇ ਪੰਜਾਂ ਪਿਆਰਿਆਂ ਦੀ ਹਾਜ਼ਰੀ ਵਿਚ ਸਿੱਖ ਸੰਗਤ ਨੂੰ ਗੁਰਬਾਣੀ ਦੇ ਸ਼ੁੱਧ ਉਚਾਰਣ ਸੰਬੰਧੀ ਉਪਦੇਸ਼ ਕਰਦਿਆਂ ਕਿਹਾ ਕਿ, ਥੱਪੜ ਮਾਰਨ ਵਾਲੇ ਸਿੰਘ ਨੇ ਉਨ੍ਹਾਂ ਪਾਸੋਂ ਸੰਕੇਤ ਮਿਲਣ ਤੇ ਹੀ ਥੱਪੜ ਮਾਰਿਆ ਸੀ ਤੇ ਠੀਕ ਹੀ ਕੀਤਾ ਸੀ। ਗੁਰਬਾਣੀ ਉਨ੍ਹਾਂ ਦੇ ਸਰੀਰ ਵਾਂਗ ਹੈ ਤੇ ਲਗਾਂ ਅੰਗ ਕਹੀਆਂ ਜਾ ਸਕਦੀਆਂ ਹਨ। ਜਿਸ ਤਰ੍ਹਾਂ ਚਾਂਟਾ ਵੱਜਣ ਨਾਲ ਗੁਰਬਾਣੀ ਦੀ ਤੁਕ ਦਾ ਗ਼ਲਤ ਉਚਾਰਣ ਕਰਨ ਵਾਲੇ ਸਿੰਘ ਨੂੰ ਸਰੀਰਕ ਕਸ਼ਟ ਹੋਇਆ, ਐਨ ਉਸੇ ਤਰ੍ਹਾਂ ਜਦ ਗੁਰਬਾਣੀ ਤੋੜ ਮਰੋੜ ਕੇ ਪੜ੍ਹੀ ਜਾਂਦੀ ਹੈ ਤਾਂ ਉਨ੍ਹਾਂ ਦੇ ਆਤਮਕ ਸਰੀਰ ਨੂੰ ਤਕਲੀਫ ਪਹੁੰਚੀ ਹੈ। ਸੋ ਏਸ ਘਟਨਾ ਤੋਂ ਸਿੱਖਿਆ ਲਈ ਜਾਵੇ। ਗੁਰਬਾਣੀ ਦਾ ਸ਼ੁੱਧ ਪਾਠ ਕੀਤਾ ਜਾਵੇ ਤੇ ਠੀਕ ਉਚਾਰਣ ਦਾ ਵੀ ਖਿਆਲ ਰੱਖਿਆ ਜਾਵੇ।

ਦਸਮ ਪਾਤਸ਼ਾਹ ਦਾ ਫੁਰਮਾਨ ਸੁਣਨ ਪਿੱਛੋਂ ਪੰਜਾਂ ਪਿਆਰਿਆਂ ਨੇ ਬੇਨਤੀ ਕੀਤੀ ਕਿ, ਮਹਾਰਾਜ ਜੰਗੀ ਰੁਝੇਵਿਆਂ ਵਿਚ ਪੋਥੀ ਦੀ ਪੜ੍ਹਾਈ ਦਾ ਠੀਕ ਪ੍ਰਬੰਧ ਨਾ ਹੋਣ ਕਾਰਨ ਅਨੇਕ ਹੋਰ ਸਿੰਘਾਂ ਪਾਸੋਂ ਵੀ ਸਹਿਵਨ ਗ਼ਲਤੀਆਂ ਹੁੰਦੀਆਂ ਹੋਣਗੀਆਂ। ਇਸ ਲਈ ਗੁਰਬਾਣੀ ਦੀ ਪੜ੍ਹਾਈ ਦਾ ਯੋਗ ਪ੍ਰਬੰਧ ਕੀਤਾ ਜਾਵੇ। ਇਸ ਬੇਨਤੀ ਨੂੰ ਪਰਵਾਨ ਕਰਦਿਆਂ ਗੁਰੂ ਜੀ ਨੇ ਬਚਨ ਦਿੱਤਾ ਕਿ ਸਮਾਂ ਆਉਣ ਤੇ ਉਹ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਧੁਰ



Digitized by Panjab Digital Library | www.panjabdigilib.org

ਕੀ ਬਾਣੀ' ਦੇ ਅਰਥ ਸਿੱਖ ਸੰਗਤਾਂ ਨੂੰ ਪੜ੍ਹਾਉਣਗੇ ਤੇ ਪਾਠ ਦਾ ਠੀਕ ਉਚਾਰਣ ਵੀ ਸਮਝਾਉਣਗੇ।

ਸ੍ਰੀ ਦਮਦਮਾ ਸਾਹਿਬ ਵਿਖੇ ਪੰਥ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਸਾਹਿਬ ਵਾਲਾ ਬਚਨ ਚੇਤੇ ਕਰਾਉਂਦਿਆਂ ਪੰਥ ਸੇਵਕ ਭਾਈ ਦਇਆ ਸਿੰਘ ਜੀ ਨੇ, ਜੋ ਕਿ ਪੰਜਾਂ ਪਿਆਰਿਆਂ ਵਿਚੋਂ ਸਨ, ਆਖਿਆ ਕਿ, ਹਜ਼ੂਰ! ਇਸ ਵਕਤ ਜੰਗਾਂ ਯੁੱਧਾਂ ਵਿਚ ਵਿਹਲੇ ਹੋ ਜਾਣ ਪਿੱਛੋਂ ਤੁਸੀਂ ਆਪਣਾ ਵਚਨ ਪੂਰਾ ਕਰੋ ਤੇ ਗੁਰ ਕੀ ਬਾਣੀ ਦਾ ਸ਼ੁੱਧ ਉਚਾਰਣ ਤੇ ਅਰਥ ਸਿੱਖਾਂ ਨੂੰ ਸਮਝਾਉ। ਗੁਰੂ ਜੀ ਨੇ ਭਾਈ ਦਇਆ ਸਿੰਘ ਜੀ ਦਾ ਇਹ ਸੁਝਾਅ ਪ੍ਰਵਾਨ ਕਰਦਿਆਂ 25 ਸਿੰਘਾਂ ਨੂੰ ਆਦੇਸ਼ ਦਿੱਤਾ ਕਿ, ਉਹ ਧੀਰ ਮੱਲ ਪਾਸ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਆਦਿ ਬੀੜ' ਲੈ ਆਉਣ, ਜੋ ਨਾ ਕੇਵਲ ਉਸ ਤੋਂ ਗੁਰਬਾਣੀ ਦੇ ਅਰਥ ਦੱਸੇ ਜਾ ਸਕਣ, ਸਗੋਂ 'ਆਦਿ ਗ੍ਰੰਥ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਲਈ ਜਿਹੜੀ ਜਗ੍ਹਾ ਖਾਲੀ ਛੱਡੀ ਗਈ ਹੈ, ਉਸ ਵਿਚ ਨੌਵੀਂ ਪਾਤਸ਼ਾਹੀ ਦੀ ਬਾਣੀ ਵੀ ਚੜ੍ਹਾਈ ਜਾ ਸਕੇ।

ਦਸਮ ਪਾਤਸ਼ਾਹ ਦੇ ਹੁਕਮ ਨੂੰ ਸਿਰ ਮੱਥੇ ਤੇ ਮੰਨਦਿਆਂ 25 ਸਿੰਘ ਧੀਰ ਮੱਲ ਪਾਸ ਪਹੁੰਚੇ ਤੇ ਉਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੁਨੇਹਾ ਦਿੱਤਾ। ਅੱਗਿਓਂ ਧੀਰ ਮੱਲ ਨੇ ਇਹ ਕਹਿੰਦਿਆਂ ਬੀੜ ਦੇਣ ਤੋਂ ਇਨਕਾਰ ਕਰ ਦਿੱਤਾ ਕਿ "ਇਹ ਬੀੜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਵਿਚ ਤਿਆਰ ਕੀਤੀ ਹੈ। ਆਪ ਵੀ ਉਨ੍ਹਾਂ ਦਾ ਹੀ ਸਰੂਪ ਹਨ। ਆਪ ਕੰਠੋਂ ਕਿਉਂ ਨਹੀਂ ਰਚ ਲੈਂਦੇ? ਮੇਰੇ ਪਾਸੋਂ ਵੱਡਿਆਂ ਦੀ ਅਮਾਨਤ ਕਿਉਂ ਖੋਹਦੇ ਹਨ?" ਇਹ ਉਤਰ ਸੁਣ ਕੇ 25 ਸਿੰਘ ਚਲੇ ਗਏ ਤੇ ਉਨ੍ਹਾਂ ਦਸਵੇਂ ਗੁਰੂ ਜੀ ਦੀ ਹਜ਼ੂਰੀ ਵਿਚ ਸਾਰੀ ਵਿਥਿਆ ਇੰਨ ਬਿੰਨ ਸੁਣਾ ਦਿੱਤੀ।

ਅਗਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਲਿਖਾਰੀ ਲਾ ਕੇ ਖੁਦ ਕੰਠ ਕੀਤੀ ਹੋਈ ਗੁਰਬਾਣੀ ਉਚਾਰਨੀ ਆਰੰਭ ਕਰ ਦਿੱਤੀ। ਹਰ ਰੋਜ਼ ਸਵੇਰ ਵੇਲੇ ਗੁਰਬਾਣੀ ਲਿਖਵਾਈ ਜਾਂਦੀ ਤੇ ਸ਼ਾਮ ਵੇਲੇ ਅਰਥ ਕਰਕੇ ਸਿੱਖ ਸੰਗਤਾਂ ਨੂੰ ਸਮਝਾਈ ਜਾਂਦੀ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਾਈ ਤੇ ਪੜ੍ਹਾਈ ਦਾ ਇਹ ਮਹਾਨ ਕਾਰਜ ਕੱਤਕ ਦੀ ਪੂਰਨਮਾਸ਼ੀ ਸੰਮਤ 1762 ਬਿਕ੍ਰਮੀ ਤੋਂ ਸ਼ੁਰੂ ਹੋ ਕੇ 23 ਸਾਵਣ ਸੰਮਤ 1763 ਬਿਕ੍ਰਮੀ ਨੂੰ 9 ਮਹੀਨੇ 9 ਦਿਨ ਵਿਚ ਸੰਪੂਰਨ ਹੋਇਆ। ਵਰਨਣ ਯੋਗ ਗੱਲ ਇਹ ਹੈ ਕਿ ਦਸਵੇਂ ਗੁਰੂ ਵਲੋਂ ਜ਼ਬਾਨੀ ਲਿਖਵਾਈ ਗਈ ਉਪਰੋਕਤ ਬੀੜ ਦਾ ਉਤਾਰਾ ਕਰਤਾਰਪੁਰ ਸਾਹਿਬ ਵਾਲੀ ਬੀੜ ਨਾਲ ਅੱਖਰ ਅੱਖਰ ਮਿਲਦਾ ਸੀ ਤੇ ਲਗ ਕੰਨੇ ਤੱਕ ਦਾ ਵੀ ਫਰਕ ਨਹੀਂ ਸੀ।

ਇਕ ਹੈਰਾਨ. ਜਨਕ ਘਟਨਾ ਇਹ ਹੈ ਕਿ ਦਮਦਮੀ ਬੀੜ ਦੀ ਲਿਖਾਈ ਤੇ ਅਰਥਾਂ ਦੀ ਪੜ੍ਹਾਈ ਦਾ ਪਾਠ ਪੂਰਾ ਹੋਣ ਤੱਕ 48 ਸਿਖਿਆਰਥੀ ਗਿਆਨੀ ਤੋਂ ਬ੍ਰਹਮ ਗਿਆਨੀ ਦੀ ਅਵਸਥਾ ਵਿਚ ਪਹੁੰਚ ਕੇ 'ਬ - ਦੇਹ ਮੁਕਤ' ਹੋ ਗਏ ਤੇ ਹਰ ਵਕਤ ਨਾਮ ਬਾਣੀ ਵਿਚ ਮਖ਼ਮੂਰ ਰਹਿਣ ਲੱਗੇ। ਇਨ੍ਹਾਂ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਵਿਚ ਇਹ ਮਹਾਨ ਵਿਦਵਾਨ ਸ਼ਾਮਿਲ ਸਨ:

— ਭਾਈ ਮਨੀ ਸਿੰਘ ਜੀ, ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ, ਜੋ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁਖ ਗਰੰਥੀ ਸਨ ਤੇ ਬੰਦ ਬੰਦ ਕੱਟ ਕੇ ਸ਼ਹੀਦ ਕੀਤੇ ਗਏ ਸਨ।

— ਬਾਬਾ ਦੀਪ ਸਿੰਘ ਜੀ (ਦਮਦਮੀ ਟਕਸਾਲ ਦੇ ਮੋਢੀ) ਜੋ ਮੈਦਾਨੇ ਜੰਗ ਵਿਚ ਸਿਰ ਲੱਥਣ ਪਿੱਛੋਂ ਤਲੀ ਤੇ ਸਿਰ ਧਰ ਕੇ ਲੜੇ ਤੇ ਜੂਝਦੇ ਹੋਏ ਸ਼ਹੀਦ ਹੋਏ।



Digitized by Panjab Digital Library / www.panjabdigilib.org

— ਭਾਈ ਨੰਦ ਲਾਲ ਜੀ, ਦਸਵੇਂ ਪਾਤਸ਼ਾਹ ਦੇ ਦਰਬਾਰੀ ਕਵੀ, ਜਿਨ੍ਹਾਂ ਨੇ ਆਪਣੀਆਂ ਗਜ਼ਲਾਂ ਵਿਚ 'ਦਰਵੇਸ਼ - ਪਾਤਸ਼ਾਹ' ਦਾ ਇਲਾਹੀ ਚਰਿਤ੍ਰ ਰੂਪਮਾਨ ਕੀਤਾ ।

— ਭਾਈ ਧਰਮ ਸਿੰਘ ਜੀ, ਪਿੰਡ ਭਿੰਡਰ ਕਲਾਂ, ਜ਼ਿਲ੍ਹਾ ਫਿਰੋਜ਼ਪੁਰ। ਇਸੇ ਪਿੰਡ ਵਿਚ 'ਦਮਦਮੀ ਟਕਸਾਲ' ਦੇ ਵਰਤਮਾਨ ਸਰੂਪ 'ਭਿੰਡਰਾਂ ਜਥਾ' ਦੇ ਮੋਢੀ ਸੰਤ ਸੁੰਦਰ ਸਿੰਘ ਜੀ 'ਭਿੰਡਰਾਂਵਾਲਾ' ਪੈਦਾ ਹੋਏ ।

— ਭਾਈ ਅਕਾਲ ਸਿੰਘ ਜੀ: ਪਿੰਡ ਅਖਾੜਾ ਜ਼ਿਲ੍ਹਾ ਲੁਧਿਆਣਾ। ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਇਸੇ ਪਿੰਡ ਦੇ ਜੰਮਪਲ ਸਨ। ਇਨ੍ਹਾਂ ਤੋਂ ਪਿੱਛੋਂ ਭਿੰਡਰਾਂ ਜਥੇ ਦੇ ਅਗਲੇ ਸੰਤਾਂ ਨੇ ਵੀ 'ਖਾਲਸਾ' ਉਪਨਾਮ ਅਪਨਾ ਲਿਆ ।

ਦਮਦਮੀ ਟਕਸਾਲ ਦੇ ਸੰਚਾਲਕ ਗੁਰੂ ਗੋਬਿੰਦ ਸਿੰਘ ਜੀ ਇਹ ਸੋਚਣ ਲੱਗ ਪਏ ਕਿ ਜੇ ਸਿਖਿਆਰਥੀ ਜਮਾਤ ਵਿਚਲੇ ਸਾਰੇ ਵਿਦਵਾਨ ਤੇ ਮਹਾਨ ਵਿਅਕਤੀ ਰੱਬੀ ਮਸਤੀ ਵਿਚ ਇਸ ਤਰ੍ਹਾਂ ਸਰਸ਼ਾਰ ਹੋ ਕੇ ਹੋਸ਼ - ਹਵਾਸ ਗੁਆ ਬੈਠੇ ਤਾਂ ਸਿੱਖੀ ਪਰਚਾਰ ਦਾ ਮਹਾਨ ਕਾਰਜ ਕਿਸ ਤਰ੍ਹਾਂ ਚਲਦਾ ਰਹਿ ਸਕੇਗਾ? ਇਹ ਗੁੰਝਲਦਾਰ ਮਸਲਾ ਹੱਲ ਕਰਨ ਲਈ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਨੂੰ ਆਪਣੇ ਪਾਸ ਬੁਲਾ ਲਿਆ। ਭਾਈ ਮਨੀ ਸਿੰਘ ਜੀ ਨੂੰ ਇਹ ਆਦੇਸ਼ ਦਿੱਤਾ ਕਿ ਉਨ੍ਹਾਂ ਪਿੱਛੋਂ ਅੰਮ੍ਰਿਤਸਰ ਪਹੁੰਚ ਕੇ ਮੁਖ ਗਰੰਥੀ ਵਜੋਂ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲੈਣੀ ਅਤੇ ਉਸ ਜਗ੍ਹਾ ਤੋਂ ਗੁਰ ਸ਼ਬਦ ਦਾ ਸ਼ੁੱਧ ਅਰਥ ਤੇ ਉਚਾਰਨ ਸਿਖਾਉਣ ਲਈ ਕਾਇਮ ਕੀਤੀ ਗਈ ਟਕਸਾਲ ਦਾ ਕਾਰਜ ਜਾਰੀ ਰੱਖਣਾ। ਗੁਰੂਦੇਵ ਨੇ ਭਾਈ ਮਨੀ ਸਿੰਘ ਜੀ ਨੂੰ ਇਹ ਵਰਦਾਨ ਦਿੱਤਾ ਕਿ, ਜੇ ਤੁਹਾਡਾ ਅੰਗ ਅੰਗ ਵੀ ਕੱਟ ਦਿੱਤਾ ਗਿਆ ਤਾਂ ਵੀ ਤੁਹਾਡੀ ਆਨੰਦਮਈ ਅਵਸਥਾ ਵਿਚ ਕੋਈ ਫਰਕ ਨਹੀਂ ਆਏਗਾ ਤੇ ਤੁਸੀਂ ਬੰਦ ਬੰਦ ਕਟਾਉਂਦੇ ਹੋਏ ਵੀ ਸਤਿ - ਚਿਤ - ਆਨੰਦ ਰਹਿੰਦਿਆਂ ਬ੍ਰਹਮ - ਲੀਨ ਹੋ ਜਾਓਗੇ। ਇਸ ਦੇ ਨਾਲ ਹੀ ਬਾਬਾ ਦੀਪ ਸਿੰਘ ਜੀ ਨੂੰ ਵੀ ਹੁਕਮ ਦਿੱਤਾ ਗਿਆ ਕਿ ਉਹ ਸ੍ਰੀ ਹਜ਼ੂਰ ਸਾਹਿਬ ਤੋਂ ਵਾਪਸ ਆ ਕੇ ਤਲਵੰਡੀ ਸਾਹਬੋ ਵਿਖੇ ਕਾਇਮ ਕੀਤੀ ਗਈ 'ਟਕਸਾਲ' ਦੀ ਸੇਵਾ ਤੇ ਪ੍ਰਬੰਧ ਸੰਭਾਲ ਲੈਣ। ਪੰਥ ਦੇ ਵਾਲੀ ਨੇ ਬਾਬਾ ਦੀਪ ਸਿੰਘ ਨੂੰ ਵੀ ਇਸ ਵਰਦਾਨ ਨਾਲ ਨਿਵਾਜਿਆ ਕਿ ਜੇਕਰ ਯੁੱਧ ਕਰਦਿਆਂ ਉਨ੍ਹਾਂ ਦਾ ਸਿਰ ਵੀ ਲੱਥ ਗਿਆ ਤਾਂ ਉਨ੍ਹਾਂ ਦੇ ਆਤਮਿਕ ਆਨੰਦ ਵਿਚ ਕੋਈ ਵਿਘਨ ਨਹੀਂ ਪਏਗਾ ਤੇ ਉਹ ਸਿਰ ਲੱਥਣ ਦੇ ਬਾਵਜੂਦ ਲੜਦੇ ਹੋਏ ਸੱਚਖੰਡ ਵਿਚ ਜਾ ਵਿਰਾਜਣਗੇ ।

ਇਸ ਤੋਂ ਬਿਨਾਂ ਗੁਰੂ ਜੀ ਨੇ ਤਲਵੰਡੀ ਸਾਹਬੋ ਨੂੰ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ ਤੇ ਕਿਹਾ ਕਿ ਅੱਗੇ ਲਈ ਸਿੱਖਾਂ ਨੂੰ ਕਾਸ਼ੀ ਜਾ ਕੇ ਵਿਦਿਆ ਪੜ੍ਹਨ ਦੀ ਲੋੜ ਨਹੀਂ ਰਹੇਗੀ। ਫਿਰ ਗੁਰੂ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਤੇ ਸ਼ਬਦਾਂ ਦੀ ਵਿਆਖਿਆ ਦਾ ਭੋਗ ਪਾ ਕੇ ਸ੍ਰੀ ਹਜ਼ੂਰ ਸਾਹਿਬ ਵੱਲ ਕੂਚ ਦਾ ਨਗਾਰਾ ਵਜਾ ਦਿੱਤਾ। ਉਸ ਵਕਤ ਗੁਰੂ ਸਾਹਿਬ ਨਾਲ ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ ਤੇ 2200 ਸਿੰਘਾਂ ਦੀ ਫੌਜ ਸੀ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਭਾਈ ਮਨੀ ਸਿੰਘ ਜੀ ਨੇ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਤੇ 'ਟਕਸਾਲ' ਦਾ ਕਾਰਜ ਆਰੰਭ ਕਰ ਦਿੱਤਾ। ਸਿੱਖ ਸੰਗਤ ਵਲੋਂ ਇਸ ਟਕਸਾਲ ਨੂੰ 'ਅੰਮ੍ਰਿਤਸਰ ਵਾਲੀ ਟਕਸਾਲ' ਜਾਂ 'ਸੱਤੋ ਕੀ ਗਲੀ ਵਾਲੀ ਟਕਸਾਲ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ ਕਿਉਂਕਿ ਇਸ ਟਕਸਾਲ ਦਾ ਮੁਖ ਕੇਂਦਰ ਅੰਮ੍ਰਿਤਸਰ ਸ਼ਹਿਰ ਦੀ 'ਸੱਤੋ ਕੀ ਗਲੀ' ਵਿਚ ਹੈ ।



Digitized by Panjab Digital Library | www.panjabdigilib.org

ਸ੍ਰੀ ਹਜ਼ੂਰ ਸਾਹਿਬ ਤੋਂ ਵਾਪਸ ਆ ਕੇ ਬਾਬਾ ਦੀਪ ਸਿੰਘ ਜੀ ਨੇ ਤਲਵੰਡੀ ਸਾਹਬੋ ਵਿਚ ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਵਲੋਂ ਕਾਇਮ ਕੀਤੀ ਗਈ 'ਟਕਸਾਲ' ਦਾ ਕਾਰਜ ਸੰਭਾਲ ਲਿਆ। ਇਸ ਟਕਸਾਲ ਦਾ ਮੁਖ ਕੇਂਦਰ 'ਦਮਦਮਾ ਸਾਹਿਬ' ਨਾਮੀ ਟਿੱਬੇ ਤੇ ਹੋਣ ਕਰ ਕੇ ਇਸ ਨੂੰ 'ਦਮਦਮੀ ਟਕਸਾਲ' ਕਿਹਾ ਜਾਣ ਲੱਗ ਪਿਆ। ਇਸ ਜਗ੍ਹਾ ਟਿਕਾਣਾ ਕਰਨ ਦੌਰਾਨ ਬਾਬਾ ਜੀ ਨੇ ਦਸਮ ਗੁਰਾਂ ਦੇ ਕੰਠ ਤੋਂ ਉਚਰਿਤ ਤੇ ਭਾਈ ਮਨੀ ਸਿੰਘ ਜੀ ਦੀ ਲੇਖਣੀ ਲਿਖਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਦੇ ਚਾਰ ਉਤਾਰੇ ਕਰਵਾ ਕੇ ਹੇਠ ਲਿਖੇ ਚਾਰ ਤਖਤ ਸਾਹਿਬਾਨ 'ਤੇ ਭੇਜ ਦਿੱਤੇ:

1 ਤਖਤ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ
2 ਤਖਤ ਸ੍ਰੀ ਕੇਸਗੜ੍ਹ ਸਾਹਿਬ ਆਨੰਦਪੁਰ
3 ਤਖਤ ਸ੍ਰੀ ਹਰਿਮੰਦਰ ਜੀ ਪਟਨਾ
4 ਤਖਤ ਸ੍ਰੀ ਹਜ਼ੂਰ ਸਾਹਿਬ ਜੀ ਨੰਦੇੜ

ਦਮਦਮੀ ਟਕਸਾਲ ਅਥਵਾ ਭਿੰਡਰਾਂ ਜਥੇ ਦੇ ਵਰਤਮਾਨ ਮੁਖੀ ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਆਪਣੇ ਆਪ ਨੂੰ 'ਚੌਧਵਾਂ ਸੰਤ' ਦੱਸਦੇ ਹਨ। ਭਿੰਡਰਾਂ ਜਥੇ ਦੇ ਭਰੋਸੇਯੋਗ ਸੇਵਕਾਂ ਰਾਹੀਂ ਪ੍ਰਾਪਤ ਜਾਣਕਾਰੀ ਅਨੁਸਾਰ ਜੇ ਇਹ ਗਿਣਤੀ 'ਸੰਤ ਸਿਪਾਹੀ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸ਼ੁਰੂ ਕੀਤੀ ਜਾਏ ਤਾਂ ਠੀਕ 14 ਬਣਦੀ ਹੈ ਪਰ ਜੇ 'ਦਮਦਮੀ ਟਕਸਾਲ' ਦੇ ਸੇਵਾਦਾਰ ਸੰਤਾਂ ਦੀ ਗਿਣਤੀ ਬਾਬਾ ਦੀਪ ਸਿੰਘ ਜੀ ਤੋਂ ਚਾਲੂ ਕੀਤੀ ਜਾਏ ਤਾਂ ਸੰਤ ਜਰਨੈਲ ਸਿੰਘ ਜੀ ਤੇਰਵੇਂ ਨੰਬਰ 'ਤੇ ਆਉਂਦੇ ਹਨ। ਦਮਦਮੀ ਟਕਸਾਲ ਦੇ ਸੰਚਾਲਕ ਸਮੇਤ 14 ਸੰਤਾਂ ਦੀ ਗਿਣਤੀ ਲੜੀਵਾਰ ਹੇਠਾਂ ਦਿੱਤੀ ਜਾ ਰਹੀ ਹੈ:

1 ਸ੍ਰੀ ਗੁਰੂ ਗੋਬਿੰਦ ਸਿੰਘ ਜੀ
2 ਸ਼ਹੀਦ ਬਾਬਾ ਦੀਪ ਸਿੰਘ ਜੀ
3 ਭਾਈ ਗੁਰਬਖਸ਼ ਸਿੰਘ ਜੀ
4 ਭਾਈ ਸੂਰਤ ਸਿੰਘ ਜੀ
5 ਭਾਈ ਗੁਰਦਾਸ ਸਿੰਘ ਜੀ
6 ਭਾਈ ਸੰਤ ਸਿੰਘ ਜੀ
7 ਭਾਈ ਦਇਆ ਸਿੰਘ ਜੀ
8 ਸੰਤ ਭਗਵਾਨ ਸਿੰਘ ਜੀ
9 ਸੰਤ ਹਰਨਾਮ ਸਿੰਘ ਜੀ ਬੇਦੀ
10 ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ
11 ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ
12 ਸੰਤ ਗਿਆਨੀ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ
13 ਸੰਤ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ
14 ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ।



Digitized by Panjab Digital Library | www.panjabdigilib.org

# ਭਿੰਡਰਾਂਵਾਲਾ ਜਥਾ

ਵੀਹਵੀਂ ਸਦੀ ਦੇ ਆਰੰਭ ਵਿਚ ਸਿੱਖ ਸੰਗਤਾਂ ਵਲੋਂ ਦਮਦਮੀ ਟਕਸਾਲ ਨੂੰ 'ਭਿੰਡਰਾਂਵਾਲਾ ਜੱਥਾ', 'ਭਿੰਡਰਾਂ ਜੱਥਾ' ਜਾਂ 'ਜੱਥਾ ਭਿੰਡਰਾਂ' ਕਹਿ ਕੇ ਪੁਕਾਰਿਆ ਜਾਣ ਲੱਗ ਪਿਆ। ਕਾਰਨ ਇਹ ਸੀ ਕਿ, 1905 ਈ: ਵਿਚ ਦਮਦਮੀ ਟਕਸਾਲ ਦੀ ਸੇਵਾ ਸੰਭਾਲਣ ਵਾਲੇ ਸੰਤ ਸੁੰਦਰ ਸਿੰਘ ਜੀ ਪਿੰਡ ਭਿੰਡਰ ਕਲਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਜੰਮ - ਪਲ ਸਨ। ਆਪ ਜੀ ਨੇ 1905 ਤੋਂ ਲੈ ਕੇ 1930 ਤੱਕ 25 ਸਾਲ ਦੀ ਸੇਵਾ ਦੌਰਾਨ ਨਿਗੁਰੇ ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਗੁਰੂ ਦੇ ਲੜ ਲਾ ਕੇ 'ਗੁਰੂ ਵਾਲੇ' ਬਣਾਇਆ। ਏਥੇ ਹੀ ਬੱਸ ਨਹੀਂ, ਆਪ ਜੀ ਨੇ ਗੁਰਬਾਣੀ ਦਾ ਸ਼ੁੱਧ ਪਾਠ ਤੇ ਠੀਕ ਉਚਾਰਨ ਸਿਖਾਉਣ ਲਈ ਗਿਆਨੀ ਬਣਾਏ, ਸਿੱਖੀ ਦੇ ਵਿਕਾਸ ਤੇ ਪਰਚਾਰ ਲਈ ਅਣਗਿਣਤ ਪ੍ਰਚਾਰਕ ਪੈਦਾ ਕੀਤੇ ਤੇ ਗੁਰਬਾਣੀ ਦਾ ਸਹੀ ਪਾਠ ਕਰਨ ਵਾਲੇ ਬਿਅੰਤ ਪਾਠੀ ਸਿੱਖ ਜਗਤ ਨੂੰ ਦਿੱਤੇ। ਏਨੇ ਜ਼ਿਆਦਾ ਸਿੱਖੀ ਪਰਚਾਰ ਸਦਕਾ ਆਮ ਲੋਕਾਂ ਤੇ ਸਿੱਖ ਸੰਗਤਾਂ ਨੇ ਸੰਤ ਸੁੰਦਰ ਸਿੰਘ ਜੀ ਨੂੰ 'ਸੰਤ ਸੁੰਦਰ ਸਿੰਘ 'ਭਿੰਡਰਾਂਵਾਲੇ' ਕਹਿਣਾ ਸ਼ੁਰੂ ਕਰ ਦਿੱਤਾ ਤੇ 'ਭਿੰਡਰਾਂਵਾਲੇ' ਸ਼ਬਦ ਦੇ ਲਗਾਓ ਕਾਰਨ ਹੀ ਉਨ੍ਹਾਂ ਵਲੋਂ ਦਮਦਮੀ ਟਕਸਾਲ ਨੂੰ 'ਭਿੰਡਰਾਂਵਾਲਾ ਜੱਥਾ' ਜਾਂ 'ਜੱਥਾ ਭਿੰਡਰਾਂ' ਕਿਹਾ ਜਾਣ ਲੱਗ ਪਿਆ। ਭਿੰਡਰਾਂਵਾਲੇ ਜੱਥੇ ਦੇ ਮੁੱਖੀ ਸੰਤਾਂ ਦੀ ਸੰਖੇਪ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਹੈ।

## ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ (1883-1930 ਈ:)

ਸੰਤ ਸੁੰਦਰ ਸਿੰਘ ਜੀ ਦਾ ਜਨਮ 1883 ਈਸਵੀ ਵਿਚ ਪਿੰਡ ਭਿੰਡਰਕਲਾਂ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਸਰਦਾਰ ਖਜ਼ਾਨ ਸਿੰਘ ਤੇ ਮਾਤਾ ਦਾ ਨਾਂ ਸਰਦਾਰਨੀ ਮਹਿਤਾਬ ਕੌਰ ਸੀ। ਆਪ ਜੀ ਨੂੰ ਛੋਟੀ ਉਮਰ ਤੋਂ ਹੀ ਗੁਰਬਾਣੀ ਨਾਲ ਅਥਾਹ ਪ੍ਰੇਮ ਸੀ ਜਿਸ ਦੇ ਫਲਸਰੂਪ ਆਪ ਬਚਪਨ ਵਿਚ ਹੀ ਅਖੰਡ ਪਾਠੀ ਬਣ ਗਏ ਸਨ। ਆਪ ਨੂੰ ਮੁਢਲੀ ਵਿਦਿਆ ਕਿਸੇ ਸਕੂਲ ਵਿਚ ਪੜ੍ਹਨ ਦਾ ਮੌਕਾ ਬੇਸ਼ੱਕ ਨਹੀਂ ਮਿਲ ਸਕਿਆ, ਫਿਰ ਵੀ ਆਪ ਨੇ ਆਪਣੇ ਯਤਨਾਂ ਦੁਆਰਾ ਕਾਫੀ ਪੜ੍ਹਾਈ ਕੀਤੀ ਤੇ ਅਧਿਆਤਮਿਕ ਵਿਦਿਆ ਪ੍ਰਾਪਤ ਕੀਤੀ। ਸੰਸਕ੍ਰਿਤ ਇਕ ਪੰਡਤ ਪਾਸੋਂ ਪੜ੍ਹੀ, ਧਰਮ ਸ਼ਾਸਤਰਾਂ ਦੀ ਵਿਆਖਿਆ ਇਕ 'ਉਦਾਸੀ' ਪਾਸੋਂ ਸਿੱਖੀ ਤੇ ਕੀਰਤਨ ਦੀ ਦਾਤ ਵੀ ਉਸ ਪਾਸੋਂ ਹਾਸਲ ਕੀਤੀ। ਗਿਆਨ ਪ੍ਰਾਪਤੀ ਦੀ ਲਗਨ ਆਪ ਨੂੰ ਭਾਈ ਦੇਵਾ ਸਿੰਘ ਜੀ 'ਬਿਰੱਕਤ' ਪਾਸ ਲੈ ਗਈ, ਜਿਨ੍ਹਾਂ ਨੇ ਆਪ ਨੂੰ ਸੰਤ ਬਿਸ਼ਨ ਸਿੰਘ ਜੀ ਮੁਰਾਲੇ ਵਾਲਿਆਂ ਦੇ ਲੜ ਲੱਗਣ ਦਾ ਮਸ਼ਵਰਾ ਦਿੱਤਾ। 'ਬਿਰੱਕਤ' ਜੀ ਦੀ ਪ੍ਰੇਰਨਾ ਤੋਂ ਪ੍ਰਭਾਵਿਤ ਹੋ ਕੇ ਭਾਈ ਸੁੰਦਰ ਸਿੰਘ ਜੀ 1902 ਈਸਵੀ ਵਿਚ ਮੁਰਾਲੇ ਵਾਲੇ ਸੰਤਾਂ ਦੇ ਡੇਰੇ ਚਲੇ ਗਏ। ਤਿੰਨ ਸਾਲ ਦੇ ਥੋੜੇ ਜਿਹੇ ਸਮੇਂ ਵਿਚ ਹੀ ਸ਼ਰਧਾ ਭਾਵਨਾ, ਮਿਹਨਤ, ਲਗਨ ਤੇ ਸਿੱਖਿਆ ਸਦਕਾ ਸੁੰਦਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਕਰਨ ਵਾਲੇ ਪਾਠੀ ਤੋਂ ਕਥਾਕਾਰ ਤੇ ਸ਼ਬਦ



Digitized by Panjab Digital Library | www.panjabdigilib.org

ਦੀ ਵਿਆਖਿਆ ਕਰਨ ਵਾਲੇ ਟਕਸਾਲੀ ਗਿਆਨੀ ਤੋਂ ਪੂਰਨ ਬ੍ਰਹਮ - ਗਿਆਨੀ ਬਣ ਗਏ। ਆਖਿਰ ਸੰਤ ਬਿਸ਼ਨ ਸਿੰਘ ਜੀ ਨੇ ਸੁੰਦਰ ਸਿੰਘ ਜੀ ਦੀ ਸੇਵਾ ਸਿਮਰਨ ਤੋਂ ਪ੍ਰਭਾਵਿਤ ਹੋ ਕੇ ਤੇ ਵਿਦਿਅਕ ਯੋਗਤਾ ਨੂੰ ਮੁੱਖ ਰੱਖ ਕੇ ਦਮਦਮੀ ਟਕਸਾਲ ਦੀ ਸੇਵਾ ਉਨ੍ਹਾਂ ਦੇ ਹਵਾਲੇ ਕਰ ਦਿੱਤੀ।

ਸੇਵਕ ਤੋਂ ਸੰਤ ਬਣ ਕੇ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਨੇ 25 ਸਾਲ ਤੱਕ ਦਮਦਮੀ ਟਕਸਾਲ ਦੀ ਅਣਥੱਕ ਸੇਵਾ ਕੀਤੀ। ਆਪ ਜੀ ਦੇ ਸੇਵਾ ਕਾਲ ਦੌਰਾਨ ਸਿੰਘ ਸਭਾ ਲਹਿਰ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਹੀ ਸੀ ਤੇ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੇ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚੇ ਦੇ ਪ੍ਰਤੀਕਰਮ ਵਜੋਂ ਅਕਾਲੀ ਲਹਿਰ ਵੀ ਉਭਰ ਰਹੀ ਸੀ। ਇਹ ਸਿੱਖੀ ਦੇ ਪ੍ਰਚਾਰ ਤੇ ਸਿੱਖ ਧਰਮ ਦੇ ਵਿਕਾਸ ਲਈ ਸੁਨਹਿਰੀ ਮੌਕਾ ਸੀ। ਸੋਈ ਸਮੇਂ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ, ਧਰਮ ਪ੍ਰਚਾਰ ਦੇ ਮਾਰਗ ਤੇ ਪੁਲਾਂਘਾਂ ਪੁੱਟਦੇ ਤੇ ਅੰਮ੍ਰਿਤ ਸੰਚਾਰ ਦੇ ਮੀਲ - ਪੱਥਰ ਗੱਡਦੇ ਸੰਤ ਸੁੰਦਰ ਸਿੰਘ ਜੀ 15 ਫਰਵਰੀ 1930 ਨੂੰ ਪਿੰਡ ਬੋਪਾਰਾਏ ਵਿਚ ਅਕਾਲ ਚਲਾਣਾ ਕਰ ਗਏ।

## ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ (1902-1969 ਈਸਵੀ)

ਸੰਤ ਗੁਰਬਚਨ ਸਿੰਘ ਜੀ ਦਾ ਜਨਮ 12 ਫਰਵਰੀ 1902 ਨੂੰ ਪਿੰਡ ਅਖਾੜਾ ਜ਼ਿਲ੍ਹਾ ਲੁਧਿਆਣਾ ਵਿਚ ਭਾਈ ਰੂੜ ਸਿੰਘ ਜੀ ਦੇ ਘਰ ਹੋਇਆ। ਭਾਈ ਰੂੜ ਸਿੰਘ ਜੀ ਫੌਜ ਵਿਚ ਨੌਕਰੀ ਕਰਦੇ ਸਨ ਤੇ ਰੀਟਾਇਰ ਹੋ ਕੇ ਵਾਹੀ ਕਰਨ ਲੱਗ ਪਏ ਸਨ। ਆਪ ਜੀ ਦੀ ਸਿੰਘਣੀ ਬੀਬੀ ਆਨੰਦ ਕੌਰ ਬੜੀ ਭਜਨੀਕ ਬੀਬੀ ਸੀ।

ਸੰਤ ਗੁਰਬਚਨ ਸਿੰਘ ਦਾ ਇਕ ਵੱਡਾ ਭਰਾ ਹਜ਼ਾਰਾ ਸਿੰਘ ਜੀ, ਜਿਸ ਦੀ ਉਮਰ ਉਨ੍ਹਾਂ ਨਾਲੋਂ 13 ਸਾਲ ਵੱਡੀ ਸੀ। ਸੰਤ ਜੀ ਦੀ ਉਮਰ ਅਜੇ ਬਹੁਤ ਛੋਟੀ ਸੀ, ਜਦ ਉਨ੍ਹਾਂ ਦੀ ਮਾਤਾ ਜੀ ਸਦੀਵੀ ਵਿਛੋੜਾ ਦੇ ਗਏ। ਆਪ ਜੀ ਦੀ ਪਰਵਰਿਸ਼ ਆਪ ਜੀ ਦੀ ਦਾਦੀ ਮਾਤਾ ਰਾਜ ਕੌਰ ਨੇ ਕੀਤੀ।

ਆਪ ਨੂੰ ਵੀ ਮੁਢਲੀ ਵਿਦਿਆ ਕਿਸੇ ਸਕੂਲ 'ਚੋਂ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲ ਸਕਿਆ; ਇਸ ਲਈ ਆਪ ਨੇ ਆਪਣੇ ਤਾਇਆ ਜੀ ਪਾਸੋਂ ਗੁਰਬਾਨੀ ਪੜ੍ਹੀ ਤੇ ਛੋਟੀ ਉਮਰ ਵਿਚ ਹੀ ਅਖੰਡ ਪਾਠੀ ਬਣ ਗਏ। ਇਸ ਤੋਂ ਪਿੱਛੋਂ ਆਪ ਨੇ ਇਕ ਉਦਾਸੀ ਸਾਧੂ ਮਹੰਤ ਲਾਲ ਦਾਸ ਪਾਸੋਂ ਸੰਸਕ੍ਰਿਤ ਪੜ੍ਹੀ ਤੇ ਹਿੰਦੂ ਧਰਮ - ਸ਼ਾਸਤਰ ਦਾ ਗਿਆਨੀ ਹਾਸਿਲ ਕੀਤਾ।

ਸੰਤ ਗੁਰਬਚਨ ਸਿੰਘ ਜੀ ਦੀ ਉਮਰ 17 ਸਾਲ ਦੀ ਸੀ, ਜਦ ਉਨ੍ਹਾਂ ਦੀ ਸ਼ਾਦੀ ਹੋ ਗਈ। ਆਪ ਜੀ ਦੀ ਸਿੰਘਣੀ ਦਾ ਨਾਂ ਬੀਬੀ ਕਿਸ਼ਨ ਕੌਰ ਸੀ। ਦੋ ਲੜਕੇ ਪੈਦਾ ਹੋਏ, ਜਿਨ੍ਹਾਂ ਦੇ ਨਾਂ ਭਾਈ ਕਰਤਾਰ ਸਿੰਘ ਤੇ ਭਾਈ ਭਗਵਾਨ ਸਿੰਘ ਹਨ।

1920 ਵਿਚ ਪਿੰਡ ਅਖਾੜਾ ਵਿਚ ਇਕ ਬਹੁਤ ਭਾਰਾ ਧਾਰਮਿਕ ਸੰਮੇਲਨ ਹੋਇਆ, ਜਿਸ ਵਿਚ ਹਿੱਸਾ ਲੈਣ ਲਈ ਅਨੇਕ ਰਾਗੀ, ਢਾਡੀ, ਸੰਤ, ਮਹਾਤਮਾ, ਕਥਾਕਾਰ, ਕਵੀਸ਼ਰ, ਪ੍ਰਚਾਰਕ ਤੇ ਗਿਆਨੀ ਪਹੁੰਚੇ ਹੋਏ ਸਨ। ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਵੀ ਆਏ ਹੋਏ ਸਨ। ਭਿੰਡਰਾਂਵਾਲੇ ਸੰਤ ਪੂਰਾ ਇਕ ਹਫਤਾ ਪਿੰਡ ਵਿਚ ਟਿਕੇ ਰਹੇ ਤੇ ਸਵੇਰੇ ਸ਼ਾਮ ਕਥਾ ਕੀਰਤਨ ਦਾ ਪ੍ਰਵਾਹ ਚਲਾਉਂਦੇ ਰਹੇ। ਦਮਦਮੀ ਟਕਸਾਲ ਦੀ ਮਰਯਾਦਾ ਅਨੁਸਾਰ ਹਫਤਾ ਭਰ ਪ੍ਰਚਾਰ ਕਰਨ ਪਿੱਛੋਂ ਸੰਤ ਸੁੰਦਰ ਸਿੰਘ ਜੀ ਨੇ ਅੰਮ੍ਰਿਤ ਸੰਚਾਰ ਕੀਤਾ ਤੇ 500



Digitized by Panjab Digital Library | www.panjabdigilib.org

ਪਰਾਣੀਆਂ ਨੂੰ ਅੰਮ੍ਰਿਤ ਪਾਨ ਕਰਾਇਆ, ਜਿਨ੍ਹਾਂ ਵਿਚ ਸੰਤ ਗੁਰਬਚਨ ਸਿੰਘ ਵੀ ਸਨ। ਅੰਮ੍ਰਿਤ ਛਕਣ ਪਿੱਛੋਂ ਸੰਤ ਗੁਰਬਚਨ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਦੇ ਇਤਿਹਾਸਕ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ ਆਪਣਾ ਤਖ਼ੱਲਸ 'ਖਾਲਸਾ' ਰੱਖ ਲਿਆ ਤੇ ਉਹ ਗੁਰਬਚਨ ਸਿੰਘ 'ਖਾਲਸਾ' ਦੇ ਨਾਂ ਨਾਲ ਮਸ਼ਹੂਰ ਹੋ ਗਏ।

ਸੰਤ ਗੁਰਬਚਨ ਸਿੰਘ ਜੀ ਵਿਚ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਪ੍ਰਬਲ ਇੱਛਾ ਸੀ। ਇਸ ਲਈ ਆਪ ਨੇ ਨਾ ਸਿਰਫ ਪੰਜਾਬ ਦੇ ਸਮੂਹ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕੀਤੀ, ਸਗੋਂ ਪੰਜਾਬੋਂ ਬਾਹਰ ਦਿੱਲੀ ਦੇ ਗੁਰਦੁਆਰਿਆਂ, ਤਖਤ ਸ੍ਰੀ ਪਟਨਾ ਸਾਹਿਬ ਤੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨਾਂ ਲਈ ਵੀ ਗਏ।

1921 ਵਿਚ ਆਪ ਭਿੰਡਰ ਕਲਾਂ ਪਹੁੰਚ ਕੇ ਭਿੰਡਰਾਂ ਜਥੇ ਵਿਚ ਸ਼ਾਮਿਲ ਹੋ ਗਏ ਤੇ ਲਗਾਤਾਰ 9 ਵਰ੍ਹੇ ਸੰਤ ਸੁੰਦਰ ਸਿੰਘ ਜੀ ਪਾਸੋਂ ਬ੍ਰਹਮ - ਗਿਆਨ ਦੀ ਸਿੱਖਿਆ ਲੈਂਦੇ ਰਹੇ ਤੇ ਟਕਸਾਲ ਦੇ ਕਾਰਜ ਕਰਮ ਵਿਚ ਵਧ ਚੜ੍ਹ ਕੇ ਲਗਨ ਤੇ ਉਤਸ਼ਾਹ ਨਾਲ ਹਿੱਸਾ ਪਾਉਂਦੇ ਰਹੇ। ਸੰਤ ਸੁੰਦਰ ਸਿੰਘ ਜੀ ਜੀਵਨ ਦੇ ਆਖਰੀ ਦਿਨਾਂ ਵਿਚ ਬਿਮਾਰ ਰਹਿਣ ਲੱਗ ਪਏ ਸਨ। ਇਸ ਲਈ ਉਨ੍ਹਾਂ ਨੇ ਸੰਤ ਗੁਰਬਚਨ ਸਿੰਘ ਜੀ ਖਾਲਸਾ ਨੂੰ ਟਕਸਾਲ ਦੀ ਸੇਵਾ ਦੇ ਕਾਬਿਲ ਸਮਝ ਕੇ ਅਕਾਲ ਚਲਾਣੇ ਤੋਂ ਇਕ ਸਾਲ ਪਹਿਲਾਂ ਹੀ ਟਕਸਾਲ ਦੀ ਸੇਵਾ ਸੰਭਾਲ ਦਿੱਤੀ ਤੇ ਆਪ 15 ਫਰਵਰੀ 1930 ਨੂੰ ਸੱਚਖੰਡ ਜਾ ਬਿਰਾਜੇ।

ਸੰਤ ਸੁੰਦਰ ਸਿੰਘ ਜੀ ਨੇ ਪਿੰਡ ਬੋਪਾਰਾਏ ਵਿਚ ਅਕਾਲ ਚਲਾਣਾ ਕੀਤਾ ਸੀ। ਉਨ੍ਹਾਂ ਦੇ ਚਲੇ ਜਾਣ ਪਿੱਛੋਂ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਗੁਰਦੁਆਰਾ ਸੱਚਖੰਡ ਬੋਪਾਰਾਏ ਵਿਚ ਰਹਿ ਕੇ 1934 ਤੱਕ ਟਕਸਾਲ ਦੇ ਧਰਮ ਕਾਰਜ ਵਿਚ ਜੁੱਟੇ ਰਹੇ। ਇਸ ਤੋਂ ਬਾਅਦ ਪੰਜਾਬ ਵਿਚ ਜਗ੍ਹਾ ਜਗ੍ਹਾ ਤੇ ਪੰਜਾਬੋਂ ਬਾਹਰ ਵੀ ਕਈ ਜਗ੍ਹਾ ਜਾ ਕੇ ਧਰਮ ਪ੍ਰਚਾਰ ਕਰਦੇ ਰਹੇ।

1955 ਈਸਵੀ ਦੇ ਆਸ ਪਾਸ ਸਿੱਖ ਪੰਥ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹੀ ਸਰੂਪ ਬਾਰੇ ਵਾਦਵਿਵਾਦ ਛਿੜ ਪਿਆ। ਭਾਈ ਜੋਧ ਸਿੰਘ ਵਰਗੇ ਸਿੰਘ ਸਭੀਏ ਵਿਦਵਾਨ ਕਰਤਾਰਪੁਰ ਵਾਲੀ ਬੀੜ ਨੂੰ ਸਹੀ ਬੀੜ ਮੰਨਦੇ ਸਨ ਪਰ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਦਮਦਮੀ ਬੀੜ ਦੇ ਸਹੀ ਸਰੂਪ ਹੋਣ ਦੇ ਸਮਰਥਕ ਸਨ। ਸੰਤ ਗੁਰਬਚਨ ਸਿੰਘ ਜੀ ਨੇ ਆਪਣਾ ਪੱਖ ਸਿੱਧ ਕਰਨ ਲਈ ਕਈ ਜਗ੍ਹਾ ਸੰਤ ਸੰਮੇਲਨ ਬੁਲਾਏ, ਜਿਨ੍ਹਾਂ ਵਲੋਂ ਦਮਦਮੀ ਬੀੜ ਦੇ ਹੱਕ ਵਿਚ ਫੈਸਲੇ ਦਿੱਤੇ ਗਏ। ਆਖਿਰ ਦਮਦਮੀ ਬੀੜ ਨੂੰ ਹੀ ਸਹੀ ਸਰੂਪ ਮੰਨਿਆ ਗਿਆ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਬੀੜ ਦੇ ਉਤਾਰੇ ਮੁਤਾਬਿਕ ਨਵੀਆਂ ਬੀੜਾਂ ਛਾਪਣ ਦਾ ਕਾਰਜ ਆਰੰਭ ਕਰ ਦਿੱਤਾ। ਸੰਤ ਗੁਰਬਚਨ ਸਿੰਘ ਜੀ ਨੇ ਬੀੜਾਂ ਦੀ ਛਪਾਈ ਦੀ ਦੇਖ ਰੇਖ ਵਾਸਤੇ ਸੰਤ ਕਰਤਾਰ ਸਿੰਘ ਖਾਲਸਾ ਦੀ ਡਿਊਟੀ ਲਾ ਦਿੱਤੀ। ਉਹ ਆਪਣੇ ਨਿੱਜੀ ਸਹਾਇਕ ਦੇ ਤੌਰ ਤੇ ਸੰਤ ਜਰਨੈਲ ਸਿੰਘ ਜੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਚਲੇ ਗਏ ਤੇ ਬੀੜਾਂ ਦੀ ਛਪਾਈ ਦਾ ਕੰਮ ਆਪਣੀ ਨਿਗਰਾਨੀ ਹੇਠ ਸਿਰੇ ਚੜ੍ਹਾਇਆ। ਸੌਂਪੀ ਗਈ ਜ਼ਿੰਮੇਵਾਰੀ ਨੂੰ ਸਫਲਤਾ ਨਾਲ ਨਿਭਾਉਣ ਪਿੱਛੋਂ ਜਦ ਸੰਤ ਕਰਤਾਰ ਸਿੰਘ ਜੀ ਸੰਤ ਗੁਰਬਚਨ ਸਿੰਘ ਜੀ ਪਾਸ ਪਹੁੰਚੇ ਤਾਂ ਸੰਤ ਜੀ ਉਨ੍ਹਾਂ ਦੀ ਸੇਵਾ ਤੋਂ ਅਤਿਅੰਤ ਖੁਸ਼ ਹੋਏ ਤੇ ਟਕਸਾਲ ਦੀ ਸੇਵਾ ਭਾਈ ਕਰਤਾਰ ਸਿੰਘ ਜੀ ਨੂੰ ਸੌਂਪਣ ਦੀ ਇੱਛਾ ਪ੍ਰਗਟ ਕੀਤੀ। ਇਸ ਤੋਂ ਬਾਅਦ 31 ਜਨਵਰੀ 1967 ਨੂੰ ਦਸਮ ਪਾਤਸ਼ਾਹ ਜੀ ਦੀ 300ਵੀਂ ਵਰ੍ਹੇ ਗੰਢ ਦੇ ਸਿਲਸਿਲੇ ਵਿਚ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸਜੇ ਦੀਵਾਨ ਦੀ ਸਟੇਜ ਤੋਂ ਭਾਸ਼ਨ ਦਿੰਦਿਆਂ ਭਾਈ ਕਰਤਾਰ ਸਿੰਘ ਨੂੰ ਟਕਸਾਲ ਦੀ ਸੇਵਾ ਸੰਭਾਲਣ ਦਾ ਦ੍ਰਿੜ੍ਹ ਸੰਕਲਪ ਫੇਰ



Digitized by Panjab Digital Library | www.panjabdigilib.org

ਦੁਹਰਾਇਆ ਤੇ ਆਪਣੀ ਉਪਰੋਕਤ ਇੱਛਾ ਨੂੰ ਟੇਪ ਰੀਕਾਰਡ ਕਰਵਾ ਕੇ ਇਕ ਤਰ੍ਹਾਂ ਨਾਲ ਮੋਹਰ - ਬੰਦ ਕਰ ਦਿੱਤਾ। ਇਹ ਟੇਪ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਮੌਜੂਦ ਹੈ। ਸੰਤ ਗੁਰਬਚਨ ਸਿੰਘ ਜੀ ਦੀ ਟੇਪ ਦੇ ਹੇਠ ਲਿਖੇ ਬੋਲ ਬੜੇ ਮਹੱਤਵ ਪੂਰਨ ਹਨ:

"..... ਅੱਜ ਵਰ੍ਹੇ ਗੰਢ ਤੇ ਸਾਰੀਆਂ ਸੰਗਤਾਂ ਨੂੰ ਸਿਰੋਪਾਓ ਮਿਲੇ ਹਨ ਤੇ ਮੈਨੂੰ ਜਿਹੜਾ ਸਿਰੋਪਾਓ ਸੰਗਤ ਨੇ ਬਖਸ਼ਿਆ ਸੀ, ਉਹ ਸਿਰੋਪਾਓ ਭਾਈ ਕਰਤਾਰ ਸਿੰਘ ਨੂੰ ਮੈਂ ਗੁਰੂ ਕਲਗੀਧਰ ਦੇ ਚਰਨੀਂ ਲਾ ਕੇ ਉਨ੍ਹਾਂ ਦੇ ਸਿਰ ਤੇ ਪਾ ਦਿੱਤਾ ਹੈ।"

ਗੁਰੂ ਰੂਪ ਸਾਧ ਸੰਗਤ ਦੇ ਹਜ਼ੂਰ ਸੰਤ ਗੁਰਬਚਨ ਸਿੰਘ ਜੀ ਨੇ ਭਾਈ ਕਰਤਾਰ ਸਿੰਘ ਨੂੰ ਸਿਰੋਪਾ ਬਖਸ਼ ਕੇ ਟਕਸਾਲ ਦਾ ਕੰਮ ਅਮਲੀ ਤੌਰ ਤੇ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ।

ਆਖਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਸੰਤ ਗੁਰਬਚਨ ਸਿੰਘ ਜੀ ਅਧਰੰਗ ਤੇ ਦਮਾ ਆਦਿ ਬਿਮਾਰੀਆਂ ਨਾਲ ਕਾਫੀ ਕਮਜ਼ੋਰ ਹੋ ਗਏ ਸਨ। ਆਖਿਰ ਉਨ੍ਹਾਂ 28 ਜੂਨ 1969 ਨੂੰ ਪਿੰਡ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਵਿਚ, ਜਿਥੇ ਉਹ ਆਪਣੇ ਸੇਵਕਾਂ ਪਾਸ ਠਹਿਰੇ ਹੋਏ ਸਨ, ਸਰੀਰ ਰੂਪੀ ਚੋਲਾ ਤਿਆਗ ਦਿੱਤਾ। ਇਸ ਜਗ੍ਹਾ ਤੋਂ ਸੰਤ ਗੁਰਬਚਨ ਸਿੰਘ ਜੀ ਦਾ ਮ੍ਰਿਤਕ ਸਰੀਰ ਉਸ ਵਕਤ ਦੇ ਭਿੰਡਰਾਂ ਜਥੇ ਦੇ ਮੁੱਖ - ਕੇਂਦਰ ਭਿੰਡਰ ਕਲਾਂ ਵਿਚ ਲਿਜਾਇਆ ਗਿਆ ਤੇ ਉਸ ਜਗ੍ਹਾ ਤੋਂ ਸੰਤ ਗੁਰਬਚਨ ਸਿੰਘ ਜੀ ਦੀ ਅੰਤਮ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਕੀਰਤਪੁਰ ਸਾਹਿਬ ਲਿਜਾ ਕੇ ਪਾਤਾਲਪੁਰੀ ਦੇ ਅਸਥਾਨ 'ਤੇ ਉਸ ਦਾ ਸਸਕਾਰ ਕੀਤਾ ਗਿਆ।

## ਸੰਤ ਕਰਤਾਰ ਸਿੰਘ 'ਖਾਲਸਾ' ਭਿੰਡਰਾਂਵਾਲੇ (1932-1977 ਈਸਵੀ)

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਦਾ ਜਨਮ ਸੰਨ 1932 ਈਸਵੀ, ਸੰਮਤ 1989 ਬਿਕ੍ਰਮੀ ਦੀ ਅੱਸੂ ਸੁਦੀ ਪੰਜਮੀ ਵਾਲੇ ਦਿਨ ਪਿੰਡ ਭੂਰੇ ਕੋਹਨਾ (ਪੁਰਾਣੇ ਭੂਰੇ) ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਅੱਜਕੱਲ ਜ਼ਿਲ੍ਹਾ ਅੰਮ੍ਰਿਤਸਰ) ਵਿਚ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਝੰਡਾ ਸਿੰਘ ਤੇ ਮਾਤਾ ਜੀ ਦਾ ਨਾਂ ਬੀਬੀ ਲਾਭ ਕੌਰ ਸੀ।

ਆਪ ਜੀ ਨੇ ਮੁਢਲੀ ਵਿਦਿਆ ਸਰਕਾਰੀ ਪ੍ਰਾਇਮਰੀ ਸਕੂਲ ਖੇਮਕਰਨ ਤੋਂ ਤੇ ਨੌਵੀਂ ਦਸਵੀਂ ਜਮਾਤ ਇਕੋ ਸਾਲ ਵਿਚ ਨੈਸ਼ਨਲ ਹਾਈ ਸਕੂਲ ਭਿੱਖੀਵਿੰਡ ਤੋਂ ਪਾਸ ਕੀਤੀ। ਇਸ ਤੋਂ ਬਾਅਦ ਆਪ ਉਚੇਰੀ ਵਿਦਿਆ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਹੋ ਗਏ ਤੇ ਐਫ. ਏ. ਪਾਸ ਕੀਤੀ।

1948 ਵਿਚ ਆਪ ਆਪਣੀ ਭੂਆ ਜੀ ਦੇ ਪੁੱਤਰ ਸਰਦਾਰ ਉਜਾਗਰ ਸਿੰਘ ਦੀ ਪ੍ਰੇਰਨਾ ਨਾਲ ਪਿੰਡ ਭਿੰਡਰ ਕਲਾਂ ਪਹੁੰਚੇ ਤੇ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਨਾਲ ਮੁਲਾਕਾਤ ਕੀਤੀ। ਪਹਿਲੀ ਮੁਲਾਕਾਤ ਵਿਚ ਹੀ ਆਪ ਦੇ ਮਨ ਉਤੇ 'ਇਕ ਸੌ ਅੱਠ' ਪੂਰਨ ਬ੍ਰਹਮ - ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਦੀ ਤੇਜੱਸਵੀ ਸ਼ਖਸੀਅਤ ਦਾ ਏਨਾ ਪ੍ਰਭਾਵ ਪਿਆ ਕਿ, ਆਪ ਉਨ੍ਹਾਂ ਰਾਹੀਂ ਅੰਮ੍ਰਿਤ ਪਾਨ ਕਰ ਕੇ ਤਿਆਰ - ਬਰ - ਤਿਆਰ ਸਿੰਘ ਸਜ ਗਏ। ਆਪ ਆਪਣੀ ਸ਼ਰਧਾ ਭਾਵਨਾ ਨਾਲ ਸੰਤ ਗੁਰਬਚਨ ਸਿੰਘ ਜੀ ਨੂੰ ਪ੍ਰੇਰ ਕੇ ਆਪਣੇ ਜੱਦੀ ਪਿੰਡ ਭੂਰੇ ਕੁਹਨੇ ਲਿਆਉਂਦੇ ਰਹੇ। ਇਸ ਤਰ੍ਹਾਂ ਸੰਤ ਕਰਤਾਰ ਸਿੰਘ ਜੀ ਪ੍ਰੇਮ ਖਿੱਚ ਸਦਕਾ ਸੰਤ ਗੁਰਬਚਨ ਸਿੰਘ ਜੀ ਨੇ 13 ਵਾਰ ਪਿੰਡ ਭੂਰੇ ਵਿਚ ਚਰਨ ਪਾਏ ਤੇ ਸਿੱਖ ਸੰਗਤਾਂ ਨੂੰ ਨਿਹਾਲ ਕੀਤਾ।



Digitized by Panjab Digital Library | www.panjabdigilib.org

ਸੰਤ ਕਰਤਾਰ ਸਿੰਘ ਜੀ ਦੀ ਸ਼ਾਦੀ 1950 ਵਿਚ ਹੋਈ । ਆਪ ਜੀ ਦੇ ਦੋ ਪੁੱਤਰ ਹਨ: ਭਾਈ ਅਮਰੀਕ ਸਿੰਘ ਜੀ ਤੇ ਭਾਈ ਮਨਜੀਤ ਸਿੰਘ ਜੀ ।

ਸੰਤ ਜੀ ਨੇ ਗ੍ਰਿਹਸਥ ਧਰਮ ਵਿਚ ਪ੍ਰਵੇਸ਼ ਕਰਨ ਪਿੱਛੋਂ ਕੁਝ ਸਮਾਂ ਦੁਨਿਆਵੀ ਕਾਰੋਬਾਰ ਵਿਚ ਵੀ ਗੁਜ਼ਾਰਿਆ । ਆਪ ਜੀ ਨੇ 6 ਸਾਲ ਤੱਕ ਮੁਕਤਸਰ ਵਿਚ ਪਟਵਾਰੀ ਦੀ ਮੁਲਾਜ਼ਮਤ ਕੀਤੀ ਪਰ ਧਾਰਮਿਕ ਰੁਚੀਆਂ ਪ੍ਰਬਲ ਹੋਣ ਕਾਰਨ ਸਾਰੀ ਜ਼ਿੰਦਗੀ ਸਰਕਾਰੀ ਸੇਵਾ ਵਿਚ ਲਾਉਣ ਲਈ ਮਨ ਨਾ ਮੰਨਿਆ । ਆਖਿਰ 1957 ਵਿਚ ਮੁਲਾਜ਼ਮਤ ਤੋਂ ਉਪਰਾਮ ਹੋ ਕੇ ਅਸਤੀਫਾ ਦੇ ਦਿੱਤਾ ।

'ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋਂ ਛੁੱਟੀ'! ਦੇ ਕਾਵਿਕ ਕਥਨ ਮੁਤਾਬਿਕ ਸੰਤ ਕਰਤਾਰ ਸਿੰਘ ਜੀ ਸਰਕਾਰੀ ਮੁਲਾਜ਼ਮਤ ਨੂੰ ਲੱਤ ਮਾਰ ਕੇ ਪੱਕੇ ਤੌਰ ਤੇ ਭਿੰਡਰਾਂ ਜਥੇ ਵਿਚ ਸ਼ਾਮਿਲ ਹੋ ਗਏ । 1957 ਤੋਂ ਲੈ ਕੇ 1969 ਤੱਕ ਪੂਰੇ 12 ਸਾਲ ਭਿੰਡਰਾਂ ਜਥੇ ਦੀ ਮਰਯਾਦਾ ਮੁਤਾਬਿਕ ਚੱਲਦਿਆਂ ਦਮਦਮੀ ਟਕਸਾਲ ਦੇ ਕਾਰਜਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ । ਦੋ ਵਾਰ ਸੰਤ ਗੁਰਬਚਨ ਸਿੰਘ ਜੀ ਨੇ ਭਾਈ ਕਰਤਾਰ ਸਿੰਘ ਜੀ ਦੇ ਮਾਇਕ ਵਸੀਲਿਆਂ ਦੀ ਪਰਖ ਕੀਤੀ । ਇਹ ਪਰਖ ਇਹ ਸੋਚ ਕੇ ਕੀਤੀ ਗਈ ਕਿ ਜੇ ਭਾਈ ਕਰਤਾਰ ਸਿੰਘ ਨੂੰ ਦਮਦਮੀ ਟਕਸਾਲ ਦੀ ਸੇਵਾ ਸੰਭਾਲੀ ਗਈ ਤਾਂ ਕੀ ਉਹ ਟਕਸਾਲ ਦੇ ਕਾਰਜ ਲਈ ਮਾਇਆ ਦੀ ਲੋੜ ਪੈਣ ਤੇ ਆਪਣੇ ਸ਼ਖਸੀ ਪ੍ਰਭਾਵ ਹੇਠ ਮਾਇਆ ਇਕੱਤਰ ਕਰ ਸਕਿਆ ਕਰਨਗੇ? ਸੰਤ ਗੁਰਬਚਨ ਸਿੰਘ ਜੀ ਨੂੰ ਪਤਾ ਸੀ ਕਿ ਭਾਈ ਕਰਤਾਰ ਸਿੰਘ ਬਹੁਤ ਛੋਟੇ ਕਿਸਾਨ ਹਨ ਤੇ ਆਮ ਤੌਰ ਤੇ ਛੋਟੇ ਕਿਸਾਨਾਂ ਦੇ ਮਾਈਕ ਵਸੀਲੇ ਬੜੇ ਘੱਟ ਹੋਇਆ ਕਰਦੇ ਹਨ । ਸੋ ਸੇਵਕ ਦੀ ਪਰਖ ਕਰਨ ਵਾਸਤੇ ਇਕ ਵਾਰ ਸੰਤ ਜੀ ਨੇ ਸਾਢੇ ਸੱਤ ਹਜ਼ਾਰ ਰੁਪਏ ਤੇ ਦੂਜੀ ਵਾਰ ਤੇਰਾਂ ਹਜ਼ਾਰ ਰੁਪਏ ਦੀ ਮੰਗ ਕੀਤੀ, ਜਿਸ ਨੂੰ ਪੂਰੀ ਕਰਨ ਵਿਚ ਭਾਈ ਕਰਤਾਰ ਸਿੰਘ ਜੀ ਦੋਨੋਂ ਵਾਰ ਪੂਰੀ ਤਰ੍ਹਾਂ ਪੂਰੇ ਉਤਰੇ ।

28 ਜੂਨ 1969 ਨੂੰ ਸੰਤ ਗੁਰਬਚਨ ਸਿੰਘਜੀ ਪਿੰਡ ਮਹਿਤਾ ਵਿਚ ਅਕਾਲ ਚਲਾਣਾ ਕਰ ਗਏ । ਉਨ੍ਹਾਂ ਦੀ ਜੀਉਂਦੇ ਜੀ ਪ੍ਰਗਟ ਕੀਤੀ ਗਈ ਇੱਛਾ ਨੂੰ ਮੁੱਖ ਰੱਖਦਿਆਂ, ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਪਾਤਾਲਪੁਰੀ (ਕੀਰਤਪੁਰ ਸਾਹਿਬ) ਬਰਾਸਤਾ ਭਿੰਡਰ ਕਲਾਂ ਲਿਜਾ ਕੇ ਪੂਰਨ ਗੁਰਮਰਯਾਦਾ ਮੁਤਾਬਿਕ ਉਸ ਦਾ ਸਸਕਾਰ ਕਰ ਦਿੱਤਾ ਗਿਆ ਤੇ ਉਨ੍ਹਾਂ ਦੀਆਂ ਅਸਥੀਆਂ ਪਾਤਾਲਪੁਰੀ ਦੇ ਨਾਲ ਵਗਦੀ ਸਤਿਲੁਜ ਨਦੀ ਵਿਚ ਜਲ ਪਰਵਾਹ ਕਰ ਦਿੱਤੀਆਂ ਗਈਆਂ ।

ਸੰਤ ਗੁਰਬਚਨ ਸਿੰਘ ਜੀ ਦੇ ਸਸਕਾਰ ਪਿੱਛੋਂ ਦਸਵੇਂ ਦਿਨ ਪਿੰਡ ਭਿੰਡਰ ਕਲਾਂ ਵਿਚ ਸੱਚਖੰਡ ਵਾਸੀ ਸੰਤ ਜੀ ਦਾ ਦਸਹਿਰਾ ਸੀ ਤੇ ਉਸ ਦਿਨ ਭਾਈ ਕਰਤਾਰ ਸਿੰਘ ਜੀ ਦੀ ਰਸਮੀ ਤੌਰ ਤੇ ਦਸਤਾਰ ਬੰਦੀ ਕਰ ਕੇ ਦਮਦਮੀ ਟਕਸਾਲ ਦੀ ਸੇਵਾ ਸੰਭਾਲੀ ਜਾਣੀ ਸੀ । ਲੇਕਿਨ ਵਕਤ ਦੀ ਅਕਾਲੀ ਸਰਕਾਰ ਨੇ ਮਾਝੇ ਮਾਲਵੇ ਦਾ ਸਵਾਲ ਖੜ੍ਹਾ ਕਰ ਕੇ ਦਮਦਮੀ ਟਕਸਾਲ ਦਾ ਪ੍ਰਬੰਧ ਸਰਕਾਰੀ ਦਖਲ ਨਾਲ ਮਾਲਵੇ ਦੇ ਕਿਸੇ ਸੰਤ ਨੂੰ ਸੌਂਪਣ ਦੀ ਸਕੀਮ ਤਿਆਰ ਕਰ ਲਈ ਤੇ ਭਾਈ ਕਰਤਾਰ ਸਿੰਘ ਜੀ 'ਤੇ ਝੂਠੇ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਸਾਜ਼ਿਸ਼ ਰਚ ਲਈ । ਸਰਵ ਸ਼ਕਤੀਮਾਨ ਸ੍ਰੀ ਅਕਾਲ ਪੁਰਖ ਜੀ ਦੇ ਦਖਲ ਸਦਕਾ ਸਰਕਾਰੀ ਦਖਲ ਦੀਆਂ ਦੋਨੋਂ ਕੋਸ਼ਿਸ਼ਾਂ ਬੁਰੀ ਤਰ੍ਹਾਂ ਅਸਫਲ ਹੋਈਆਂ । ਸੱਚਖੰਡ ਵਾਸੀ ਸੰਤ



Digitized by Panjab Digital Library | www.panjabdigilib.org

ਗੁਰਬਚਨ ਸਿੰਘ ਜੀ ਨਮਿਤ ਰਖੇ ਗਏ ਪਾਠ ਦੇ ਭੋਗ ਵਾਲੇ ਦਿਨ ਗੁਰਦੁਆਰਾ ਅਖੰਡ ਪ੍ਰਕਾਸ਼ ਭਿੰਡਰ ਕਲਾਂ ਵਿਚ ਸੰਤ ਬਾਬਾ ਖੜਕ ਸਿੰਘ ਜੀ ਭਿੰਡਰਾਂਵਾਲੇ, ਸੰਤ ਕ੍ਰਿਪਾਲ ਸਿੰਘ ਜੀ ਰੋਡੇ ਵਾਲੇ, ਸੰਤ ਉਤਮ ਸਿੰਘ ਜੀ ਖਡੂਰ ਸਾਹਿਬ ਵਾਲੇ, ਨਿਹੰਗ ਮੁਖੀ ਸੰਤ ਬਾਬਾ ਬਿਸ਼ਨ ਸਿੰਘ ਜੀ ਬਾਬਾ ਬਕਾਲਾ ਵਾਲੇ ਤੇ ਸੰਤ ਸੋਹਣ ਸਿੰਘ ਜੀ ਬਿਧੀਚੰਦੀਏ ਨੇ ਆਪਣਿਆਂ ਮੁਬਾਰਕ ਹੱਥਾਂ ਨਾਲ ਭਾਈ ਕਰਤਾਰ ਸਿੰਘ ਜੀ ਦੀ ਦਸਤਾਰ ਬੰਦੀ ਕਰ ਕੇ ਦਮਦਮੀ ਟਕਸਾਲ ਦੀ ਸੇਵਾ ਉਨ੍ਹਾਂ ਦੇ ਹਵਾਲੇ ਕਰ ਦਿੱਤੀ। ਇਸ ਰਸਮੀ ਕਾਰਵਾਈ ਪਿੱਛੋਂ ਸੱਚਖੰਡ ਵਾਸੀ ਸੰਤ ਗੁਰਬਚਨ ਸਿੰਘ ਜੀ ਦੀ ਇੱਛਾ ਅਨੁਸਾਰ ਭਾਈ ਕਰਤਾਰ ਸਿੰਘ ਜੀ 'ਸੰਤ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ' ਦੇ ਰੂਪ ਵਿਚ ਦਮਦਮੀ ਟਕਸਾਲ ਅਥਵਾ ਭਿੰਡਰਾਂ ਜਥੇ ਦੇ ਮੁਖੀ ਸੰਤ ਬਣ ਗਏ। ਸੰਤ ਕਰਤਾਰ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਕਾਇਮ ਕੀਤੀ ਗਈ ਟਕਸਾਲ ਦੇ ਮੁੱਖ ਕੇਂਦਰ ਨੂੰ ਲੜਾਈ ਝਗੜੇ ਦਾ ਅੱਡਾ ਨਹੀਂ ਸੀ ਬਣਨ ਦੇਣਾ ਚਾਹੁੰਦੇ, ਇਸ ਲਈ ਉਨ੍ਹਾਂ ਟਕਸਾਲ ਦਾ ਮੁੱਖ ਕੇਂਦਰ ਭਿੰਡਰ ਕਲਾਂ ਤੋਂ ਬਦਲ ਕੇ ਕਿਸੇ ਹੋਰ ਜਗ੍ਹਾ ਕਾਇਮ ਕਰਨ ਦਾ ਇਰਾਦਾ ਕਰ ਲਿਆ। ਆਖਿਰ ਭਿੰਡਰ ਜਥੇ ਦੇ ਵਿਸ਼ੇਸ਼ ਸਹਿਯੋਗੀਆਂ ਨਾਲ ਸਲਾਹ ਮਸ਼ਵਰਾ ਕਰਨ ਪਿੱਛੋਂ ਸੰਤ ਕਰਤਾਰ ਸਿੰਘ ਜੀ ਨੇ ਟਕਸਾਲ ਦਾ ਮੁੱਖ ਕੇਂਦਰ ਚੋਕ ਮਹਿਤਾ ਜ਼ਿਲ੍ਹਾ ਅੰਮ੍ਰਿਤਸਰ ਵਿਚ ਬਣਾਉਣ ਦਾ ਫੈਸਲਾ ਕੀਤਾ ਕਿਉਂਕਿ ਉਨ੍ਹਾਂ ਤੋਂ ਪਹਿਲੇ ਸੰਤ ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਨੇ ਪਿੰਡ ਮਹਿਤਾ ਵਿਚ ਹੀ ਪਰਾਣ ਤਿਆਗੇ ਸਨ ਤੇ ਸੱਚਖੰਡ ਨੂੰ ਚਾਲੇ ਪਾਏ ਸਨ।

ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸੇਵਾ ਕਾਲ ਦੌਰਾਨ ਹੋਏ ਵਰਨਣਯੋਗ ਕਾਰਜ ਇਹ ਹਨ:

— ਸਿੱਖੀ ਤੇ ਗੁਰਬਾਣੀ ਦੇ ਪ੍ਰਚਾਰ ਲਈ ਆਧੁਨਿਕ ਸੰਚਾਰ ਸਾਧਨਾਂ ਟੇਪਾਂ ਆਦਿ ਦੀ ਵਰਤੋਂ ਸ਼ੁਰੂ ਕੀਤੀ ਗਈ।

— ਨਿਰੰਕਾਰੀ - ਗੁਰੂਡਮ ਵਿਰੋਧੀ ਜਹਾਦ ਸ਼ੁਰੂ ਹੋਇਆ, ਜਿਸ ਨੂੰ ਐਮਰਜੈਂਸੀ ਦੌਰਾਨ ਵੀ ਜਾਰੀ ਰੱਖਿਆ ਗਿਆ।

— ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 300ਵਾਂ ਸ਼ਹੀਦੀ ਦਿਵਸ ਮਨਾਉਣ ਲਈ ਪੰਜਾਬ ਵਿਚ 5 ਵਿਸ਼ਾਲ ਜਲੂਸ ਜਥੇਬੰਦ ਕੀਤੇ ਗਏ।

— ਸਭ ਤੋਂ ਵੱਡਾ ਜਲੂਸ 7.12.1975 ਨੂੰ ਪੰਜਾਬ ਤੋਂ ਦਿੱਲੀ ਪਹੁੰਚਿਆ ਤੇ ਰਾਮ ਲੀਲਾ ਗਰਾਊਂਡ ਵਿਚ ਇਕ ਵਿਸ਼ਾਲ ਦੀਵਾਨ ਸਜਾਇਆ ਗਿਆ।

— ਬ੍ਰਹਮ - ਗਿਆਨੀ ਸੰਤ ਗੁਰਬਚਨ ਸਿੰਘ ਜੀ ਦੇ ਸੱਚਖੰਡ - ਗਮਨ ਅਸਥਾਨ ਉਤੇ ਯਾਦਗਾਰ ਵਜੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਕੀਤੀ ਗਈ। ਸੰਤ ਮਹਾਤਮਾ ਅੰਤਰਜਾਮੀ ਤੇ ਬ੍ਰਹਮ ਗਿਆਨੀ ਹੁੰਦੇ ਹਨ। ਉਨ੍ਹਾਂ ਨੂੰ ਜੀਉਂਦੇ ਜੀਅ ਹੀ ਇਹ ਅਨੁਭਵ ਹੋਣ ਲੱਗ ਪੈਂਦਾ ਹੈ ਕਿ, ਉਨ੍ਹਾਂ ਦਾ ਅੰਤ ਸਮਾਂ ਨੇੜੇ ਹੈ। ਇਹ ਅਨੁਭਵ ਹੁੰਦਿਆਂ ਹੀ ਉਹ ਆਪਣਾ ਜਾ - ਨਸ਼ੀਨ ਨਾਮਜ਼ਦ ਕਰ ਦਿਆ ਕਰਦੇ ਹਨ ਤਾਂ ਜੋ ਉਨ੍ਹਾਂ ਦੇ ਅਚਾਨਕ ਇਕ 'ਲੋਕ' ਤੋਂ ਪਰਲੋਕ ਸਿਧਾਰ ਜਾਣ ਪਿੱਛੋਂ ਉਨ੍ਹਾਂ ਵਲੋਂ ਚਲਾਏ ਗਏ ਕਾਰਜਾਂ ਵਿਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪਏ, ਉਹ ਨਿਰਵਿਘਨ ਚਾਲੂ ਰਹਿ ਸਕਣ। ਇਸ ਤੋਂ ਇਲਾਵਾ ਸੰਤਾਂ ਮਹਾਂਪੁਰਸ਼ਾਂ ਵਲੋਂ ਆਪਣੀ ਜ਼ਿੰਦਗੀ ਵਿਚ ਹੀ ਆਪਣਾ ਉਤਰਾਧਿਕਾਰੀ ਟਿੱਕਣ ਦਾ ਇਕ ਮਕਸਦ ਇਹ ਵੀ ਹੁੰਦਾ ਹੈ ਕਿ, ਉਨ੍ਹਾਂ ਦੇ ਚਲੇ ਜਾਣ ਪਿੱਛੋਂ ਡੇਰੇ ਜਾਂ ਅਦਾਰੇ ਦੇ ਸੇਵਾ ਸੰਭਾਲ ਬਾਰੇ ਕੋਈ ਝਗੜਾ ਖੜ੍ਹਾ ਨਾ ਹੋਵੇ। ਇਹੀ ਕਾਰਨ ਸੀ ਕਿ ਦਮਦਮੀ ਟਕਸਾਲ ਦੇ 'ਸੰਤ' ਵੀ ਪ੍ਰਚੱਲਤ ਪਰੰਪਰਾ ਅਨੁਸਾਰ ਅਗਲਾ 'ਸੰਤ' ਟਿੱਕਣ ਪਿੱਛੋਂ ਹੀ ਇਹ ਸੰਸਾਰ ਛੱਡਦੇ ਰਹੇ। ਪਹਿਲੇ ਸੰਤਾਂ ਦੇ ਪੂਰਨਿਆਂ ਤੇ ਚਲਦਿਆਂ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਵੀ



Digitized by Panjab Digital Library | www.panjabdigilib.org

ਆਪਣੇ ਪਿੱਛੋਂ ਦਮਦਮੀ ਟਕਸਾਲ ਅਥਵਾ ਭਿੰਡਰਾਂ ਜੱਥੇ ਦੀ ਸੇਵਾ ਤੇ ਪ੍ਰਬੰਧ ਵਾਸਤੇ ਭਾਈ ਜਰਨੈਲ ਸਿੰਘ ਰੋਡੇ ਵਾਲੇ ਦਾ ਨਾਂ ਟਿੱਕ ਦਿੱਤਾ ਸੀ। ਇਸ ਦੇ ਦੋ ਸਬੂਤ ਮਿਲਦੇ ਹਨ:

1 ਭਿੰਡਰਾਂ ਜਥੇ ਦੇ ਸੇਵਕਾਂ ਵਿਚ ਜ਼ੋਰਦਾਰ ਚਰਚਾ, ਜੋ ਸੰਤ ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਚਲਦੀ ਰਹੀ। ਕਿਹਾ ਜਾਂਦਾ ਹੈ ਕਿ ਸੰਤ ਕਰਤਾਰ ਸਿੰਘ ਜੀ ਸਖਤ ਬਿਮਾਰ ਹੋ ਗਏ ਸਨ। ਉਨ੍ਹੀਂ ਦਿਨੀਂ ਭਿੰਡਰਾਂ ਜਥੇ ਦੇ ਇਕ ਮਹਾਂ ਤਪੱਸਵੀ ਸੇਵਕ, ਜੋ ਕਿ ਹਰ ਰੋਜ਼ ਅੰਮ੍ਰਿਤ ਵੇਲੇ ਸਰੋਵਰ ਵਿਚ ਖੜ੍ਹਾ ਹੋ ਕੇ ਸ੍ਰੀ ਜਪੁਜੀ ਸਾਹਿਬ ਦੇ 101 ਪਾਠ ਕਰਿਆ ਕਰਦਾ ਸੀ, ਨੇ ਸੰਤ ਕਰਤਾਰ ਸਿੰਘ ਜੀ ਦੀ ਦੇਹ - ਅਰੋਗਤਾ ਲਈ ਚੌਪਈ ਦੇ ਪਾਠ ਕਰਨੇ ਸ਼ੁਰੂ ਕਰ ਦਿੱਤੇ। ਇਕ ਰਾਤ ਸੁੱਤ - ਉਣੀਂਦੀ ਅਵਸਥਾ ਵਿਚ ਸੰਤ ਕਰਤਾਰ ਸਿੰਘ ਜੀ ਉਨ੍ਹਾਂ ਦੇ ਸਨਮੁੱਖ ਖੜ੍ਹੇ ਹੋ ਕੇ ਕਹਿਣ ਲੱਗੇ ਕਿ, "ਮੈਂ ਭਾਵੇਂ ਤੰਦਰੁਸਤ ਵੀ ਹੋ ਜਾਵਾਂ ਫਿਰ ਵੀ ਜ਼ਿਆਦਾ ਦੇਰ ਤੁਹਾਡੇ ਵਿਚ ਨਹੀਂ ਰਹਿ ਸਕਾਂਗਾ। ਮੇਰੇ ਪਿੱਛੋਂ ਟਕਸਾਲ ਦੀ ਸੇਵਾ ਭਾਈ ਜਰਨੈਲ ਸਿੰਘ 'ਰੋਡੇ ਵਾਲੇ' ਸੰਭਾਲਣਗੇ। ਇਸ ਲਈ ਉਨ੍ਹਾਂ ਵੱਲ ਧਿਆਨ ਧਰੋ ਤੇ ਉਨ੍ਹਾਂ ਨੂੰ ਸਹਿਯੋਗ ਦਿਓ!" ਉਸ ਸੇਵਕ ਨੇ, ਜੋ ਆਪਣਾ ਨਾਂ ਪਰਚਾਰਨਾਂ ਪਸੰਦ ਨਹੀਂ ਕਰਦਾ, ਜਦ ਇਹ ਜਾਗ੍ਰਤ ਅਵਸਥਾਦਾ ਸੁਫਨਾ ਆਪਣੇ ਸਹਿਯੋਗੀ ਸੇਵਕਾਂ ਨੂੰ ਦੱਸਿਆ ਤਾਂ ਇਹ ਭਵਿੱਖਬਾਣੀ ਚਾਰ ਚੁਫੇਰੇ ਖਿੱਲਰ ਗਈ।

2 ਸੰਤ ਕਰਤਾਰ ਸਿੰਘ ਜੀ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਬਜ਼ੁਰਗ ਸੇਵਾਦਾਰ ਬਾਬਾ ਖੜਕ ਸਿੰਘ ਜੀ ਨੂੰ ਆਪਣੀ ਜ਼ਬਾਨੀ ਇਹ ਗੱਲ ਕਹਿ ਦਿੱਤੀ ਸੀ ਕਿ, ਉਨ੍ਹਾਂ ਪਿੱਛੋਂ ਟਕਸਾਲ ਦੀ ਸੇਵਾ ਦਾ ਕਾਰਜ ਭਾਈ ਜਰਨੈਲ ਸਿੰਘ 'ਰੋਡੇ ਵਾਲੇ' ਸੰਭਾਲਣਗੇ, ਉਨ੍ਹਾਂ ਨੂੰ ਅਸ਼ੀਰਵਾਦ ਨਾਲ ਨਿਵਾਜਣਾ।

ਸੋ ਉਪਰੋਕਤ ਇੱਛਾ ਪਰਗਟ ਕਰਨ ਉਪਰੰਤ ਸੰਤ ਕਰਤਾਰ ਸਿੰਘ ਜੀ 'ਖਾਲਸਾ' ਦਮਦਮੀ ਟਕਸਾਲ ਦੇ ਭਵਿੱਖ ਬਾਰੇ ਨਿਸਚਿੰਤ ਹੋ ਗਏ ਸਨ। 3 ਅਗਸਤ 1977 ਨੂੰ ਜਦ ਉਹ ਆਪਣੀ ਕਾਰ ਵਿਚ ਸਵਾਰ ਹੋ ਕੇ 'ਮਲਸੀਆਂ' ਜ਼ਿਲ੍ਹਾ ਜਲੰਧਰ ਤੋਂ ਸੋਲਨ ਰਵਾਨਾ ਹੋਏ ਤਾਂ ਰਸਤੇ ਵਿਚ ਲੁਧਿਆਣੇ ਨੇੜੇ ਕਾਰ ਦਾ ਐਕਸੀਡੈਂਟ ਹੋ ਗਿਆ। ਸੰਤ ਜੀ ਸਖਤ ਜ਼ਖਮੀਂ ਹੋ ਗਏ। ਉਨ੍ਹਾਂ ਨੂੰ ਲੁਧਿਆਣੇ ਵਿਚ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ। ਭਾਈ ਜਰਨੈਲ ਸਿੰਘ ਜੀ ਹਰ ਵੇਲੇ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇ। ਲੇਕਿਨ ਸੰਤ ਜੀ ਬਚ ਨਾ ਸਕੇ ਤੇ 16 ਅਗਸਤ 1977 ਨੂੰ ਅਕਾਲ ਚਲਾਣਾ ਕਰ ਗਏ।

25 ਅਗਸਤ 1977 ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਕ ਜ਼ਿਲ੍ਹਾ ਅੰਮ੍ਰਿਤਸਰ ਵਿਚ ਸੱਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਦੁਸਹਿਰੇ ਦੀ ਰਸਮ ਅਦਾ ਕੀਤੀ ਗਈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਪਾਇਆ ਗਿਆ। ਇਲਾਕੇ ਭਰ ਦੀਆਂ ਸਿੱਖ ਸੰਗਤਾਂ ਅੰਤਮ ਅਰਦਾਸ ਵਿਚ ਸ਼ਾਮਿਲ ਹੋਈਆਂ। ਹੋਰ ਬਹੁਤ ਸਾਰੇ ਵਿਸ਼ੇਸ਼ ਵਿਅਕਤੀ ਤੇ ਭਿੰਡਰਾਂ ਜਥੇ ਦੇ ਅਨੇਕ ਸੇਵਕ ਇਸ ਮੌਕੇ ਤੇ ਹਾਜ਼ਿਰ ਸਨ।

ਇਸ ਭਾਰੀ ਇਕੱਠ ਵਿਚ ਭਾਈ ਜਰਨੈਲ ਸਿੰਘ ਜੀ ਰੋਡੇ ਵਾਲਿਆਂ ਨੂੰ ਸਰਬ ਸੰਮਤੀ ਨਾਲ ਦਮਦਮੀ ਟਕਸਾਲ ਦਾ ਮੁਖੀ ਚੁਣ ਲਿਆ ਗਿਆ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜਥੇਦਾਰ ਮਾਨ ਸਿੰਘ ਜੀ ਉਚੇਚੇ ਤੌਰ ਤੇ ਨਵੇਂ ਮੁਖੀ ਵਾਸਤੇ ਸਿਰੋਪਾ ਲੈ ਕੇ ਆਏ ਹੋਏ ਸਨ। ਉਨ੍ਹਾਂ ਨੇ ਸੰਗਤ ਦੀ ਆਗਿਆ ਨਾਲ ਇਹ ਸਿਰੋਪਾ ਭਾਈ ਜਰਨੈਲ ਸਿੰਘ ਦੇ ਸਿਰ ਤੇ ਸਜਾ ਦਿੱਤਾ ਤੇ ਉਨ੍ਹਾਂ ਨੂੰ 'ਸੰਤ ਜਰਨੈਲ ਸਿੰਘ 'ਖਾਲਸਾ'



Digitized by Panjab Digital Library | www.panjabdigilib.org

ਭਿੰਡਰਾਂਵਾਲੇ' ਦੇ ਨਵੇਂ ਰੂਪ ਵਿਚ ਢਾਲ ਦਿੱਤਾ । ਇਸ ਸਮੇਂ ਕਿਸੇ ਕਿਸਮ ਦੀ ਕੋਈ ਸੁਭਾਵਿਕ ਜਾਂ ਅਸੁਭਾਵਿਕ ਚਰਚਾ ਨਹੀਂ ਚੱਲੀ ਤੇ ਨਾ ਹੀ ਕੁਝ ਵਿਅਕਤੀਆਂ ਨੇ ਅਲੱਗ ਮਸ਼ਵਰਾ ਕੀਤਾ ਕਿਉਂਕਿ ਬਾਬਾ ਖੜਕ ਸਿੰਘ ਜੀ ਦੀ ਜ਼ਬਾਨੀ ਸੰਤ ਕਰਤਾਰ ਸਿੰਘ ਜੀ ਦੀ ਇੱਛਾ ਦਾ ਪ੍ਰਗਟਾਵਾ ਹੋ ਚੁੱਕਾ ਸੀ ਤੇ ਨਵੇਂ ਸੰਤ ਵਜੋਂ ਜਰਨੈਲ ਸਿੰਘ ਖਾਲਸਾ ਦਾ ਨਾਂ ਸਾਹਮਣੇ ਆ ਹੀ ਚੁੱਕਾ ਸੀ । ਅਜਿਹੀ ਸਥਿਤੀ ਵਿਚ ਕਿਸੇ ਕਿਸਮ ਦੀ ਚਰਚਾ ਜਾਂ ਵਾਦ - ਵਿਵਾਦ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ।



Digitized by Panjab Digital Library | www.panjabdigilib.org






Digitized by Panjab Digital Library | www.panjabdigilib.org

ਭਿੰਡਰਾਂਵਾਲੇ ਜੱਥੇ ਦਾ ਵਰਤਮਾਨ ਮੁੱਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਜਿਲ੍ਹਾ ਅੰਮ੍ਰਿਤਸਰ ਵਿਚ ਹੈ ਜੋ ਅੰਮ੍ਰਿਤਸਰ ਸ਼ਹਿਰ ਤੋਂ 25 ਕਿਲੋਮੀਟਰ ਦੇ ਫਾਸਲੇ ਤੇ ਹੈ। ਭਿੰਡਰਾਂ ਜਥੇ ਦਾ ਇਹ ਇਕੋ ਇਕ ਹੈੱਡ ਕੁਆਟਰ ਹੈ, ਹੋਰ ਕਿਸੇ ਜਗ੍ਹਾ ਕੋਈ ਬਰਾਂਚ ਆਫਿਸ ਜਾਂ ਉਪ - ਕੇਂਦਰ ਨਹੀਂ। ਇਹ ਮੁੱਖ ਕੇਂਦਰ ਡੇਢ ਦੋ ਏਕੜ ਜ਼ਮੀਨ ਵਿਚ ਹੈ। ਇਸ ਦੀ ਸਥਾਪਨਾ 25 ਫੁੱਟ ਡੂੰਘਾ ਛੱਪੜ ਪੂਰ ਕੇ ਕੀਤੀ ਗਈ ਸੀ। 46 ਘਰ ਗਿਰਾਉਣੇ ਪਏ ਸਨ ਪਰ ਜਿਨ੍ਹਾਂ ਦੇ ਘਰ ਢਾਹੇ ਗਏ ਸਨ, ਉਨ੍ਹਾਂ ਨੂੰ ਹੋਰ ਥਾਂ ਪਲਾਟ ਖਰੀਦ ਕੇ ਦਿੱਤੇ ਗਏ ਤੇ ਮਕਾਨ ਬਣਾ ਕੇ ਦਿੱਤੇ ਗਏ।

ਮੁੱਖ ਕੇਂਦਰ ਦੀ ਚਾਰਦੀਵਾਰੀ ਅੰਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਗੁਰੂ ਕਾ ਲੰਗਰ, ਸਟੋਰ, ਆਟੇ ਦੀ ਮਸ਼ੀਨੀ ਚੱਕੀ, ਟੀਊਬਵੈੱਲ, ਟੈਂਕੀ, ਨਲਕੇ, ਰਿਹਾਇਸ਼ੀ ਕਮਰੇ, ਪਾਠਸ਼ਾਲਾ ਦੇ ਕਮਰੇ ਤੇ ਦਫਤਰ ਆਦਿ ਮੌਜੂਦ ਹਨ। ਇਕ ਛੋਟਾ ਜਿਹਾ ਫਾਰਮ ਵੀ ਹੈ।

ਭਿੰਡਰਾਂ ਜਥੇ ਦਾ ਮੁੱਖ ਕੇਂਦਰ ਮਹਿਤਾ ਚੌਂਕ ਤੋਂ ਲਗਭਗ ਡੇਢ ਕਿਲੋਮੀਟਰ ਦੂਰ ਹੈ ਇਸ ਚੌਂਕ ਤੋਂ ਅੰਮ੍ਰਿਤਸਰ ਜਾਣ ਵਾਲੀ ਮੇਨ ਰੋਡ ਨਾਲ ਇਕ 'ਪਹੁੰਚ ਸੜਕ' ਰਾਹੀਂ ਮਿਲਾਇਆ ਗਿਆ ਹੈ। ਜਿਸ ਦਾ ਨਾਂ 'ਸ਼ਹੀਦ ਗੁਰਮੁਖ ਸਿੰਘ ਮਾਰਗ ਮਹਿਤਾ' ਰੱਖਿਆ ਗਿਆ। ਗੁਰਦੁਆਰਾ ਸਾਹਿਬ ਦੀ ਦਿਸ਼ਾ ਦਰਸਾਉਣ ਲਈ ਮੇਨ ਰੋਡ 'ਤੇ ਇਕ ਸਾਈਨ ਬੋਰਡ ਗੱਡਿਆ ਹੋਇਆ ਹੈ, ਜਿਸ 'ਤੇ ਗੁਰਮੁਖੀ ਅੱਖਰਾਂ ਵਿਚ ਇਹ ਇਬਾਰਤ ਦਰਜ ਹੈ: '੧ਓ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼: ਸ੍ਰੀਮਾਨ 108 ਬ੍ਰਹਮ - ਗਿਆਨੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਦਾ ਸੱਚਖੰਡ ਗਮਨ ਅਸਥਾਨ।"

ਸੱਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਵਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਉਸਾਰੀ ਸੱਚਖੰਡ ਵਾਸੀ ਸੰਤ ਗੁਰਬਚਨ ਸਿੰਘ ਜੀ ਖਾਲਸਾ ਦੀ ਅਮਰ ਯਾਦਗਾਰ ਦੇ ਤੌਰ 'ਤੇ ਕਰਵਾਈ ਗਈ ਸੀ। ਸੰਤ ਗੁਰਬਚਨ ਸਿੰਘ ਜੀ 69 ਸਾਲ ਦੀ ਉਮਰ ਭੋਗ ਕੇ ਸਚਖੰਡ ਚਲੇ ਗਏ ਸਨ, ਇਸ ਲਈ ਗੁਰਦੁਆਰਾ ਸਾਹਿਬ ਦੀ ਉਚਾਈ ਗੁਬੰਦ ਤੇ ਗੁਮਟੀਆਂ ਸਮੇਤ 69 ਫੁੱਟ ਉੱਚੀ ਰੱਖੀ ਗਈ। ਇਹ ਕਿੰਨਾ ਸੁੰਦਰ ਮੌਕਾ ਮੇਲ ਹੈ ਕਿ, ਸੰਤ ਗੁਰਬਚਨ ਸਿੰਘ ਜੀ ਦੀ ਯਾਦਗਾਰ ਮੁਕੰਮਲ ਹੋਣ ਦੀ ਮਿਤੀ ਵਿਚ '69' ਦਾ ਅੰਕ ਸ਼ਾਮਿਲ ਹੈ। ਇਹ ਯਾਦਗਾਰੀ ਅਸਥਾਨ 27-28 ਜੂਨ 1969 ਨੂੰ ਸੰਪੂਰਨ ਹੋਇਆ ਸੀ।

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਵਾਗਲੇ ਵਿਚ ਇਕ ਕੀਰਤਨ ਵਿਦਿਆਲਾ ਹੈ, ਜਿਸ ਦੇ 35 ਕਮਰੇ ਹਨ। ਇਸ ਵਿਦਿਆਲੇ ਵਿਚ ਗੁਰਬਾਣੀ ਦੇ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਲਈ ਰਿਹਾਇਸ਼ ਤੇ ਲੰਗਰ ਫਰੀ ਹੈ। ਸਾਜ਼ਾਂ ਦਾ ਖਰਚ ਵੀ ਵਿਦਿਆਲੇ ਵਲੋਂ ਕੀਤਾ ਜਾਂਦਾ ਹੈ।



Digitized by Panjab Digital Library | www.panjabdigilib.org

# ਟਕਸਾਲ ਦਾ ਮੁੱਖ ਉਦੇਸ਼

ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਮੌਜੂਦਾ ਮੁਖੀ ਦਮਦਮੀ ਟਕਸਾਲ ਅਥਵਾ 'ਭਿੰਡਰਾਂ ਜਥਾ' ਨੇ ਦਮਦਮੀ ਟਕਸਾਲ ਦਾ ਮੁੱਖ ਉਦੇਸ਼ ਬਿਆਨ ਕਰਦਿਆਂ ਆਖਿਆ ਕਿ:

— "ਦਮਦਮੀ ਟਕਸਾਲ ਨਿਰੋਲ ਧਰਮ - ਪ੍ਰਚਾਰ ਕਰਦੀ ਹੈ ਜਦ ਕਿ ਸ਼੍ਰੋਮਣੀ ਕਮੇਟੀ ਧਰਮ ਦੇ ਨਾਲ ਸਿੱਖ ਰਾਜਨੀਤੀ ਦਾ ਪ੍ਰਚਾਰ ਵੀ ਕਰਦੀ ਹੈ ।

— "ਦਮਦਮੀ ਟਕਸਾਲ ਦਾ ਮੁਖ ਉਦੇਸ਼ ਕਥਾ ਕਰਨੀ, ਅੰਮ੍ਰਿਤ ਛਕਾਉਣਾ ਤੇ ਪੂਰਨ ਗੁਰ ਮਰਯਾਦਾ ਮੁਤਾਬਿਕ ਚੱਲਣਾ ਹੈ ।

— "ਸਾਡਾ ਕੋਈ ਵੱਖਰਾ ਰਹਿਤਨਾਮਾ ਨਹੀਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ਿਸ਼ ਕੀਤਾ ਹੋਇਆ ਰਹਿਤਨਾਮਾ ਹੀ ਹੈ । ਹਰ ਥਾਂ ਉਹੀ ਰਹਿਤਨਾਮਾ ਲਾਗੂ ਹੈ ।"



Digitized by Panjab Digital Library | www.panjabdigilib.org

# ਭਿੰਡਰਾਂ ਜੱਥੇ ਦੀ ਮਰਯਾਦਾ

ਦਮਦਮੀ ਟਕਸਾਲ ਸੰਪਰਦਾਇ ਅਧੀਨ ਜੱਥਾ ਭਿੰਡਰਾਂ ਵਿਚ ਸ਼ਮੂਲੀਅਤ ਕਰਨ ਵਾਲੇ ਜਗਿਆਸੂ ਨੂੰ ਬੜੇ ਸਖਤ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਜਥੇ ਵਿਚ ਸ਼ਾਮਿਲ ਸਮੂੰਹ ਸਿੰਘਾਂ ਨੂੰ ਹਰ ਸੱਤਵੇਂ ਦਿਨ ਜਥੇ ਦੇ ਨਿਯਮਾਂ ਦੀ ਸੋਝੀ ਕਰਾਈ ਜਾਂਦੀ ਹੈ ਤਾਂ ਜੋ ਸਿੰਘ ਨਿਯਮ ਚੇਤੇ ਕਰ ਕੇ ਉਨ੍ਹਾਂ ਦੀ ਸਖਤੀ ਨਾਲ ਪਾਲਣਾ ਕਰਨ। ਉਲੰਘਣਾ ਕਰਨ ਵਾਲੇ ਸਿੰਘ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਹੈ। ਜਥੇ ਵਿਚੋਂ ਬਾਹਰ ਜਾ ਕੇ ਬਾਜ਼ਾਰ ਵਿਚੋਂ ਕੋਈ ਸਿੰਘ ਕੋਈ ਚੀਜ਼ ਨਹੀਂ ਖਾ ਸਕਦਾ। ਨਾ ਹੀ ਬਿਨਾਂ ਆਗਿਆ ਘਰੋਂ ਕੋਈ ਚੀਜ਼ ਮੰਗਵਾ ਸਕਦਾ ਹੈ। ਜੱਥੇ ਦਾ ਲੰਗਰ, ਸਿੰਘਾਂ ਦੇ ਬਸਤਰ ਸਿਲਵਾਉਣ ਅਤੇ ਹੋਰ ਸਾਰੇ ਪ੍ਰਬੰਧ ਜੱਥੇ ਵਲੋਂ ਹੀ ਕੀਤੇ ਜਾਂਦੇ ਹਨ।

## ਵੱਖਰੇ ਵੱਖਰੇ ਸੈਕਸ਼ਨ

ਜਥੇ ਵਿਚ ਸਕੂਲਾਂ ਵਾਂਗ ਵੱਖ ਵੱਖ ਸੈਕਸ਼ਨ ਬਣੇ ਹੋਏ ਹਨ। ਜਿਹੜੇ ਸਿੰਘਾਂ ਨੂੰ ਜਥੇ ਵਿਚ ਰਹਿੰਦਿਆਂ ਕਾਫੀ ਸਮਾਂ ਹੋ ਗਿਆ ਹੈ ਅਤੇ ਜੋ ਗੁਰਮਤਿ ਦੀ ਪੜ੍ਹਾਈ, ਪਾਠਾਂ ਦੇ ਭੇਦ, ਸ਼ੁੱਧ ਉਚਾਰਨ ਅਤੇ ਗੁਰਬਾਣੀ ਦੇ ਅਰਥਾਂ ਤੋਂ ਭਲੀ ਭਾਂਤ ਜਾਣੂ ਹੋ ਜਾਂਦੇ ਹਨ, ਉਨ੍ਹਾਂ ਪਾਸ ਅੱਠ ਅੱਠ ਜਾਂ ਦਸ ਦਸ ਵਿਦਿਆਰਥੀ ਹਨ।

## ਮੁੱਢਲੀ ਵਿਦਿਆ

ਜਥੇ ਵਿਚ ਕਾਫੀ ਪੜ੍ਹੇ ਲਿਖੇ ਸਿੰਘ ਵੀ ਆਉਂਦੇ ਹਨ। ਹਰ ਨਵੇਂ ਸ਼ਾਮਿਲ ਹੋਏ ਸਿੰਘ ਨੂੰ ਸਭ ਤੋਂ ਪਹਿਲਾਂ ਅੰਮ੍ਰਿਤ ਛਕਾ ਕੇ ਪੰਜ ਬਾਣੀਆਂ ਦੇ ਨਿਤਨੇਮ ਦੀ ਸੰਥਿਆ ਕਰਵਾਈ ਜਾਂਦੀ ਹੈ। ਫਿਰ ਪੰਜ ਗ੍ਰੰਥੀ, ਬਾਈ ਵਾਰਾਂ ਭਗਤ ਬਾਣੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਦਸਮ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿੱਤ ਸਵੱਈਏ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ, ਵੇਦਾਂਤ ਦੀਆਂ ਪੁਸਤਕਾਂ ਜਿਵੇਂ ਸਾਰ ਕੁਤਾਵਲੀ, ਭਾਵਰ ਸਿਮ੍ਰੰਤ, ਵਿਚਾਰ ਸਾਗਰ ਚਟਾਕਾ, ਮੋਖਸ਼ ਪੰਥ, ਬ੍ਰਿਤੀ ਪ੍ਰਭਾਕਰ ਆਦਿ ਗ੍ਰੰਥ ਸੂਹਜ ਅਤੇ ਪ੍ਰਤੀਕ ਆਤਮਿਕ ਭਾਵਾਂ ਨੂੰ ਸਮਝਣ ਲਈ ਪੜ੍ਹਾਏ ਜਾਂਦੇ ਹਨ। ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਉਸ ਵਿਚ ਲਗਾਂ ਮਾਤਰਾਂ ਅਤੇ ਸ਼ੁੱਧ ਉਚਾਰਨ ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ।

## ਟਾਈਮ - ਟੇਬਲ

ਸਾਰੇ ਸਿੰਘ ਰੋਜ਼ਾਨਾ ਦੀਵਾਨ ਵਿਚ ਪੋਥੀਆਂ ਪ੍ਰਕਾਸ਼ ਕਰਦੇ ਹਨ। ਜਿਵੇਂ ਜਿਵੇਂ ਸੰਤ ਜੀ ਗੁਰਬਾਣੀ ਦੇ ਅਰਥ ਕਰਦੇ ਹਨ, ਤਿਵੇਂ ਤਿਵੇਂ ਸਿੰਘ ਪੋਥੀਆਂ ਤੋਂ ਨਾਲ ਨਾਲ ਵੇਖਦੇ ਹਨ ਤੇ ਕਾਪੀਆਂ ਤੇ ਸਾਰੀ ਕਥਾ ਲਿਖੀ ਜਾਂਦੇ ਹਨ। ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤੇ ਸ਼ਾਮ ਨੂੰ ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਵਾਰੀ ਵਾਰੀ ਕਥਾ, ਗੁਰ ਇਤਿਹਾਸ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਹਰ ਰੋਜ਼ ਬਿਨਾਂ ਕਿਸੇ



Digitized by Panjab Digital Library | www.panjabdigilib.org

ਢਿੱਲ ਦੇ ਕੀਤੀ ਜਾਂਦੀ ਹੈ। ਕਥਾ ਦੇ ਨਾਲ ਨਾਲ ਦੋਵੇਂ ਵੇਲੇ ਜਥੇ ਦੇ ਰਾਗੀ ਸਿੰਘ ਬਹੁਤ ਰਸ ਭਿੰਨਾ ਕੀਤਰਨ ਕਰਦੇ ਹਨ।

ਹਰੇਕ ਸਿੰਘ ਨੂੰ ਸੰਥਿਆ 25 ਵਾਰ ਜ਼ਰੂਰ ਪੜ੍ਹਨੀ ਪੈਂਦੀ ਹੈ। ਸਾਰੇ ਸਿੰਘਾਂ ਨੂੰ ਵੱਧ ਤੋਂ ਵੱਧ ਬਾਣੀ ਕੰਠ ਕਰਵਾਈ ਜਾਂਦੀ ਹੈ। ਹਫਤੇ ਪਿੱਛੋਂ ਪੜਤਾਲ ਕੀਤੀ ਜਾਂਦੀ ਹੈ ਕਿ, ਸਿੰਘ ਨੇ ਹੋਰ ਕਿੰਨੀ ਬਾਣੀ ਕੰਠ ਕੀਤੀ ਹੈ।

ਜਥੇ ਦੇ ਹਰੇਕ ਸਿੰਘ ਦੀ ਡਿਊਟੀ ਹੁੰਦੀ ਹੈ ਕਿ ਉਹ ਸਾਰੇ ਸਿੰਘਾਂ ਨੂੰ ਅੰਮ੍ਰਿਤ ਵੇਲੇ 4 ਵਜੇ ਉਠਾਏ। ਜਿਹੜਾ ਆਲਸ ਕਰੇ ਜਾਂ ਨੀਂਦੋਂ ਨਾ ਜਾਗੇ, ਉਸ 'ਤੇ ਪਾਣੀ ਦਾ ਭਰਿਆ ਗੜਵਾ ਉਲਟਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਾਰੇ ਸਿੰਘ ਅੰਮ੍ਰਿਤ ਵੇਲੇ ਉੱਠ ਕੇ ਨਿੱਤਨੇਮ ਕਰਦੇ ਹਨ। ਕੋਈ ਵੀ ਕੰਮ ਕਰਨਾ ਹੋਵੇ ਤਾਂ ਸਾਰੇ ਜਥੇ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੀ ਸਲਾਹ ਲਈ ਜਾਂਦੀ ਹੈ।

## ਸ਼ਸਤਰ ਵਿਦਿਆ

ਜਥੇ ਵਿਚ ਸ਼ਾਮਿਲ ਸਿੰਘਾਂ ਨੂੰ ਸ਼ਸਤਰ ਵਿਦਿਆ ਅਤੇ ਗੱਤਕਾ ਵੀ ਸਿਖਾਇਆ ਜਾਂਦਾ ਹੈ, ਜੋ ਜਲੂਸਾਂ ਜਾਂ ਸੰਗਤਾਂ ਦੇ ਭਾਰੀ ਇਕੱਠਾਂ ਵਿਚ ਆਪਣੀ ਸ਼ਸਤਰ ਵਿੱਦਿਆ ਦੇ ਜੌਹਰ ਦਿਖਾਉਂਦੇ ਹਨ।

## ਚੱਲਦੀ ਫਿਰਦੀ ਸੰਸਥਾ

ਇਸ ਦਮਦਮੀ ਟਕਸਾਲ ਦਾ ਹਰ ਪਲ ਵਿਚਰ ਕੇ ਸੰਗਤਾਂ ਨੂੰ ਕਥਾ ਸੁਣਾਉਣ ਅਤੇ ਵਿੱਦਿਆ ਪੜ੍ਹਾਉਣ ਵਿਚ ਬੀਤਦਾ ਹੈ। ਇਸ ਕਰਕੇ ਸਮੂਹ ਪੰਥ ਵਲੋਂ ਇਸ ਸੰਸਥਾ ਨੂੰ ਚਲਦੀ ਫਿਰਦੀ ਵਿਦਿਅਕ ਸੰਸਥਾ ਦੇ ਨਾਮ ਨਾਲ ਸਨਮਾਨਿਆ ਜਾਂਦਾ ਹੈ।



Digitized by Panjab Digital Library | www.panjabdigilib.org

# ਭਿੰਡਰਾਂ ਜੱਥੇ ਦੇ ਨਿਯਮ

## ਇਸ਼ਨਾਨ

1 ਅੰਮ੍ਰਿਤ ਵੇਲੇ ਉਠ ਕੇ, ਨਿਕਟ - ਵਰਤੀਆਂ ਨੂੰ ਨਾਲ ਉਠਾ ਕੇ, ਜੰਗਲ ਮਦਾਨ ਜਾ ਕੇ, ਹਮੇਸ਼ਾ ਠੰਢੇ ਜਲ ਨਾਲ ਇਸ਼ਨਾਨ ਕਰਨ। ਜੇਕਰ ਸਰੀਰ ਢਿੱਲਾ ਮੱਠਾ ਹੋਵੇ ਤਾਂ ਗਰਮ ਪਾਣੀ ਨਾਲ ਇਸ਼ਨਾਨ ਕਰਨਾ। ਇਸ਼ਨਾਨ ਮਾਈਆਂ ਬੀਬੀਆਂ ਦੇ ਸਾਹਮਣੇ ਨਹੀਂ ਕਰਨਾ।

2 ਦਾਤਣ ਹਰ ਰੋਜ਼ ਜ਼ਰੂਰ ਕਰਨੀ ਅਤੇ ਕਰਨ ਪਿੱਛੋਂ ਪਾੜ ਕੇ ਦੂਰ ਸੁੱਟਣੀ।

3 ਸਰੀਰ ਦੇ ਕਿਸੇ ਵੀ ਅੰਗ ਤੇ ਜਾਂ ਕਛਹਿਰੇ ਤੇ ਵਰਤਿਆ ਹੋਇਆ ਤੇਲ ਸਾਬਣ ਕੇਸ ਦਾਹੜੇ ਤੇ ਚਿਹਰੇ ਨੂੰ ਨਹੀਂ ਲਾਉਣਾ।

4 ਕਛਹਿਰਾ, ਕੇਸਾਂ, ਸਿਰ ਤੇ ਦਸਤਾਰ ਨੂੰ ਨਹੀਂ ਲੱਗਣ ਦੇਣਾ। ਵਿਸ਼ੇਸ਼ ਕਰਕੇ ਗਲ਼ ਦੇ ਪਰਨੇ ਜਾਂ ਦਸਤਾਰ ਨਾਲ ਕਛਹਿਰਾ ਸੁੱਕਣਾ ਨਹੀਂ ਪਾਉਣਾ। ਪਰਨੇ ਤੋਂ ਬਿਨਾਂ ਕਦੀ ਕਛਹਿਰਾ ਨਹੀਂ ਬਦਲਣਾ।

5 ਜਿੱਥੇ ਵੀ ਜਲ ਛਕਣਾ ਹੈ, ਟੂਟੀ, ਨਲਕਾ, ਬੰਬੀ, ਗੜਵਾ, ਬਾਲਟੀ ਆਦਿ ਆਪਣੇ ਹੱਥੀਂ ਗੇੜੇ ਤੋਂ ਬਿਨਾਂ ਜਲ ਨਹੀਂ ਛਕਣਾ।

## ਨਿਤਨੇਮ ਤੇ ਬਾਣੀ ਦਾ ਸਤਿਕਾਰ

1 ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਪੰਜ ਬਾਣੀਆਂ (ਜਪੁਜੀ ਸਾਹਿਬ, ਜਾਪੁ ਸਾਹਿਬ, ਤਵ ਪ੍ਰਸਾਦਿ ਸਵੱਯੇ, ਚੌਪਈ ਸਾਹਿਬ, ਆਨੰਦ ਸਾਹਿਬ) ਸ਼ਾਮ ਨੂੰ ਰਹਿਰਾਸ ਸਾਹਿਬ ਤੇ ਰਾਤ ਨੂੰ ਬਿਰਾਜਣ (ਸੌਣ) ਵੇਲੇ ਕੀਰਤਨ ਸੋਹਿਲੇ ਦਾ ਪਾਠ ਹਰ ਰੋਜ਼ ਕਰਨਾ। ਜਿਸ ਦੇ ਇਹ ਬਾਣੀਆਂ ਜ਼ਬਾਨੀ ਯਾਦ ਨਾ ਹੋਣ, ਉਹ ਗੁਟਕੇ ਤੋਂ ਪਾਠ ਕਰੇ।

2 ਵਾਹਿਗੁਰੂ ਮੰਤ੍ਰ ਤੇ ਮੂਲ ਮੰਤ੍ਰ ਦਾ ਅਭਿਆਸ ਚੌਂਕੜਾ ਮਾਰ ਕੇ ਸੁਰਤ ਟਿਕਾ ਕੇ ਇਕਾਂਤਵਾਸ ਵਿਚ ਘੱਟ ਤੋਂ ਘੱਟ ਸਵਾ ਘੰਟਾ ਜ਼ਰੂਰ ਕਰਨਾ ਜਾਂ ਸਾਰਾ ਪੰਜ ਗ੍ਰੰਥੀ ਦਾ ਪਾਠ ਜਾਂ ਪੰਜੀ ਜਪੁਜੀ ਸਾਹਿਬ ਦੇ ਪਾਠ ਜਾਂ ਸਾਰੀ ਦਿਹਾੜੀ ਵਿਚ ਘੱਟੋ ਘੱਟ ਢਾਈ ਘੰਟੇ ਦਾ ਨਿਤਨੇਮ ਪਾਠ ਜਾਂ ਜਾਪ ਜ਼ਰੂਰ ਕਰਨਾ।

3 ਨਿਤਨੇਮ ਪੜ੍ਹਨ ਲੱਗਿਆਂ ਪਿੰਡਾ ਜਾਂ ਕੇਸ ਨੰਗੇ ਨਾ ਹੋਣ। ਪੈਰੀਂ ਜੋੜਾ ਨਾ ਪਾਇਆ ਹੋਵੇ।

4 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੱਧ ਤੋਂ ਵੱਧ ਅਤੇ ਸਭ ਤੋਂ ਵੱਧ ਆਦਰ ਸਤਿਕਾਰ ਹਰ ਸਮੇਂ ਹਰ ਹਾਲਤ ਵਿਚ ਕਰਨਾ ਜ਼ਰੂਰੀ ਹੈ। ਸਤਿਗੁਰੂ ਜੀ ਦਾ ਸਰੂਪ ਜਿਥੋਂ ਵੀ ਆਉਂਦਿਆਂ ਦਰਸ਼ਨ ਹੋਣ, ਝੱਟ ਉਠ ਕੇ ਜੋੜਾ ਪਿਛਾਂਹ ਲਾਹ ਕੇ ਦੋਵੇਂ ਹੱਥ ਜੋੜ ਕੇ ਮੱਥਾ ਟੇਕ ਕੇ ਫਤਹਿ ਗਜਾਉਣੀ।



Digitized by Panjab Digital Library | www.panjabdigilib.org

5 ਬਸਤਰ ਬਦਲੇ ਤੇ ਪੈਰ ਧੋਤੇ ਬਿਨਾਂ ਮਹਾਰਾਜ ਦੀ ਤਾਬਿਆ ਕਦੇ ਨਹੀਂ ਬੈਠਣਾ।

6 ਪੋਥੀ ਪਹਿਲਾਂ ਸਤਿਗੁਰ ਜੀ ਦੀ ਹਜ਼ੂਰੀ ਵਿਚ ਰੱਖ ਕੇ ਫਿਰ ਮੱਥਾ ਟੇਕਣਾ, ਗੁਰਦੁਆਰੇ ਸਾਹਿਬ ਜਾਂ ਪੋਥੀ ਵੱਲ ਕਦੇ ਪਿੱਠ ਜਾਂ ਪੈਰ ਨਹੀਂ ਕਰਨੇ।

7 ਕੇਵਲ ਬਨੈਣ ਜਾਂ ਛੋਟਾ ਚੁਗੱਠਾ ਬੰਨ੍ਹ ਕੇ ਸਤਿਗੁਰ ਜੀ ਦੀ ਤਾਬਿਆ ਨਹੀਂ ਬੈਠਣਾ।

8 ਅਖੰਡਪਾਠ ਦੀ ਰੌਲ ਲਾਉਣ ਸਮੇਂ ਇਸ਼ਨਾਨ ਕਰ ਕੇ ਬੈਠਣਾ। ਜੇਕਰ ਸੁਪਨ ਦੋਸ਼ ਹੋ ਜਾਵੇ ਤਾਂ ਸਣੇ ਕੇਸੀਂ ਇਸ਼ਨਾਨ ਕਰ ਕੇ, ਸਾਰੇ ਕੱਪੜੇ ਧੋਤੇ ਹੋਏ ਪਾ ਕੇ, ਘੱਟ ਤੋਂ ਘੱਟ ਇਕ ਜਪੁਜੀ ਸਾਹਿਬ ਦਾ ਪਾਠ ਕਰ ਕੇ ਅਰਦਾਸ ਕਰਨੀ ਤੇ ਫਿਰ ਮਹਾਰਾਜ ਦੀ ਹਜ਼ੂਰੀ ਵਿਚ ਜਾਣਾ।

9 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਹਿਜ ਪਾਠ, ਆਖੰਡ ਪਾਠ, ਸੰਪਟ ਪਾਠ ਕਰਦਿਆਂ ਹੱਸਣਾ ਜਾਂ ਏਧਰ ਓਧਰ ਝਾਕਣਾ ਜਾਂ ਉੱਚੀ ਆਵਾਜ਼ ਵਿਚ ਬੋਲਣਾ, ਉਬਾਸੀਆਂ ਲੈਣੀਆਂ, ਜਾਂ ਗੋਡੇ ਮੂਧੇ ਮਾਰ ਕੇ ਬੈਠਣਾ, ਅਰਕਾਂ ਮੰਜੀ ਸਾਹਿਬ ਤੇ ਰੱਖਣੀਆਂ, ਪੈਰ, ਮੂੰਹ, ਕਛਹਿਰੇ, ਮੁਛਹਿਰੇ ਆਦਿ ਨੂੰ ਹੱਥ ਲਾ ਕੇ ਸਤਿਗੁਰ ਜੀ ਨੂੰ ਛੂਹਣਾ ਵੱਡਾ ਭਾਰੀ ਅਪਰਾਧ ਹੈ।

10 ਗੁਟਕਿਆਂ, ਪੋਥੀਆਂ, ਰੁਮਾਲਿਆਂ, ਸਾਜ਼ਾਂ ਅਤੇ ਸ਼ਸਤਰਾਂ ਦਾ ਬਹੁਤ ਆਦਰ ਤੇ ਸੰਭਾਲ ਕਰਨਾ।

11 ਕਥਾ ਕੀਰਤਨ ਵਿਚ ਦੋਵੇਂ ਵੇਲੇ ਜ਼ਰੂਰ ਹਾਜ਼ਰ ਹੋਣਾ ਤੇ ਕਥਾ ਜ਼ਰੂਰ ਵਿਚਾਰਨੀ। ਦੀਵਾਨ ਵਿਚ ਜਾਣ ਤੇ ਦਸਤਾਰ ਦੇ ਉਪਰ ਕਦੇ ਕੋਈ ਲੀੜਾ ਨਹੀਂ ਲੈਣਾ।

## ਆਚਾਰ - ਵਿਹਾਰ

1 ਕਿਸੇ ਵੀ ਹਾਲਤ ਵਿਚ ਦੋ ਸਿੰਘ ਜਾਂ ਭੁਝੰਗੀ ਇਕ ਆਸਣ ਜਾਂ ਇਕ ਮੰਜੇ ਤੇ ਨਹੀਂ ਸੌਂ ਸਕਦੇ। ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਇਕ ਦੂਜੇ ਦੇ ਆਸਣ ਤੇ ਜਾਣ ਜਾਂ ਗੱਲਾਂ ਕਰਨੀਆਂ ਮਨ੍ਹਾਂ ਹਨ।

2 ਲਿਸ਼ਕਵੇਂ ਤੇ ਕੀਮਤੀ ਕੱਪੜੇ ਪਾਉਣ ਦਾ ਸੁਭਾਅ ਮਨ ਨੂੰ ਵਿਕਾਰੀ ਬਣਾਉਂਦਾ ਹੈ। ਕਿਸੇ ਆਸਣ (ਸੌਣ) ਜਾਂ ਲੰਗਰ ਛਕਣ ਵਾਲੇ ਘਰ, ਦੀਵਾਨ ਜਾਂ ਰਾਹ ਵਿਚ ਕਿਸੇ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਨਹੀਂ ਵੇਖਣਾ।

3 ਕਿਸੇ ਸਿੰਘ ਦਾ ਅੱਧਾ ਜਾਂ ਪੁੱਠਾ ਨਾਮ ਲੈ ਕੇ ਨਹੀਂ ਬੁਲਾਉਣਾ, ਸਗੋਂ ਸਤਿਕਾਰ ਨਾਲ ਪੂਰਾ ਨਾਂ ਲੈਣਾ ਹੈ। ਕੋਈ ਵੀ ਸਿੰਘ ਕਿਸੇ ਨੂੰ ਮੰਦਾ ਬਚਨ ਨਾ ਬੋਲੇ, ਨਾ ਹਾਸਾ ਮਖੌਲ ਕਰੇ। ਅਜਿਹਾ ਕਰਨ ਤੇ ਉਸ ਨੂੰ ਤਨਖਾਹ ਲਾਈ ਜਾਵੇਗੀ।

4 ਜੇਕਰ ਕਿਸੇ ਸਿੰਘ ਦਾ ਕੰਘਾ ਜਾਂ ਕਿਰਪਾਨ ਵਿਸਰ ਜਾਵੇ (ਭੁੱਲ ਜਾਵੇ) ਤਾਂ ਪ੍ਰਾਪਤ ਕਰ ਕੇ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ ਤੋਂ ਬਿਨਾਂ ਪਾਣੀ ਤੱਕ ਵੀ ਮੂੰਹ ਨਹੀਂ ਲਾਉਣਾ।

5 ਸ਼ਸਤਰ ਵਿੱਦਿਆ ਦਾ ਅਭਿਆਸ ਹਰ ਸਿੰਘ ਲਈ ਜ਼ਰੂਰੀ ਹੈ।

6 ਜੋ ਵੀ ਸੇਵਾ ਦੀ ਡਿਊਟੀ ਲੱਗੇ, ਉਹ ਨਿਭਾ ਕੇ, ਆ ਕੇ ਦੱਸਣਾ ਕਿ ਕਰ ਆਇਆ ਹਾਂ। ਸੇਵਾ ਬਿਨਾਂ ਤਨ ਮਨ ਵਾਲੇ ਪਵਿੱਤਰ ਨਹੀਂ ਹੋ ਸਕਦੇ।



Digitized by Panjab Digital Library | www.panjabdigilib.org

# ਜੋੜ ਮੇਲੇ

ਭਿੰਡਰਾਂ ਜਥੇ ਵਲੋਂ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਵਿਚ ਕਈ ਜੋੜਮੇਲੇ ਲਾਏ ਜਾਂਦੇ ਹਨ, ਜਿਨ੍ਹਾਂ ਵਿਚੋਂ ਦੋ ਉੱਚੀ ਪੱਧਰ ਦੇ ਸਾਲਾਨਾ ਜੋੜਮੇਲੇ ਹਨ। ਇਕ ਹੈ ਸੰਤ ਗੁਰਬਚਨ ਸਿੰਘ ਖਾਲਸਾ ਦੀ ਬਰਸੀ ਤੇ ਦੂਜਾ ਸੰਤ ਕਰਤਾਰ ਸਿੰਘ ਜੀ ਖਾਲਸਾ ਜੀ ਦੀ ਬਰਸੀ। ਇਨ੍ਹਾਂ ਸਮੇਤ ਜੋੜਮੇਲਿਆਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ:

— ਸੱਚਖੰਡ - ਵਾਸੀ ਸੰਤ ਬ੍ਰਹਮ ਗਿਆਨੀ ਸ੍ਰੀ 108 ਸ੍ਰੀਮਾਨ ਗੁਰਬਚਨ ਸਿੰਘ ਜੀ ਦੀ ਬਰਸੀ ਦੇਸੀ ਤਰੀਕਾਂ ਮੁਤਾਬਿਕ ਹਰ ਸਾਲ 14-15-16 ਹਾੜ ਨੂੰ ਵੱਡੀ ਪੱਧਰ ਤੇ ਮਨਾਈ ਜਾਂਦੀ ਹੈ। ਇਹ ਸਾਲਾਨਾ ਜੋੜਮੇਲਾ ਤਿੰਨ ਦਿਨ ਜਾਰੀ ਰਹਿੰਦਾ ਹੈ। ਦਿਨ ਰਾਤ ਕਥਾ, ਕੀਰਤਨ ਤੇ ਵਖਿਆਨਾਂ ਦਾ ਪਰਵਾਹ ਚਲਦਾ ਹੈ। ਅੰਮ੍ਰਿਤ ਪਰਚਾਰ ਹੁੰਦਾ ਹੈ ਤੇ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ।

— ਸੰਤ ਕਰਤਾਰ ਸਿੰਘ ਜੀ ਖਾਲਸਾ ਦੀ ਬਰਸੀ ਵੀ ਤਿੰਨ ਦਿਨ ਮਨਾਈ ਜਾਂਦੀ ਹੈ। ਹਰ ਸਾਲ ਦੇਸੀ ਤਰੀਕਾਂ ਅਨੁਸਾਰ 31 ਸਾਵਣ ਤੇ 1-2 ਭਾਦੋਂ ਨੂੰ। ਇਹ ਜੋੜਮੇਲਾ ਵੀ ਬਹੁਤ ਭਾਰਾ ਹੁੰਦਾ ਹੈ। ਪ੍ਰੋਗਰਾਮ ਸੰਤ ਗੁਰਬਚਨ ਸਿੰਘ ਜੀ ਦੀ ਬਰਸੀ ਵਾਂਗ ਹੀ ਰੱਖਿਆ ਜਾਂਦਾ ਹੈ। ਫਰਕ ਸਿਰਫ ਸ਼ਰਧਾਂਜਲੀਆਂ ਦਾ ਹੀ ਹੁੰਦਾ ਹੈ। ਸੰਤ ਕਰਤਾਰ ਸਿੰਘ ਜੀ ਦੀ ਬਰਸੀ ਤੇ ਸ਼ਰਧਾਂਜਲੀਆਂ ਕਰਤਾਰ ਸਿੰਘ ਜੀ ਨੂੰ ਭੇਟ ਕੀਤੀਆਂ ਜਾਂਦੀਆਂ ਹਨ ਤੇ ਬ੍ਰਹਮ ਗਿਆਨੀ ਗੁਰਬਚਨ ਸਿੰਘ ਜੀ ਦੀ ਬਰਸੀ ਤੇ 'ਬ੍ਰਹਮ - ਗਿਆਨੀ' ਜੀ ਨੂੰ।

— ਸਿੱਖ ਪੰਥ ਵਲੋਂ ਜਿਹੜੇ ਪ੍ਰਸਿੱਧ ਗੁਰਪੁਰਬ ਸੰਸਾਰ ਭਰ ਵਿਚ ਮਨਾਏ ਜਾਂਦੇ ਹਨ, ਉਨ੍ਹਾਂ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਵੀ ਪੰਥ ਦੀ ਰਵਾਇਤੀ ਸ਼ਾਨ ਮੁਤਾਬਿਕ ਮਨਾਇਆ ਜਾਂਦਾ ਹੈ। ਇਹ ਗੁਰਪੁਰਬ ਹਨ: ਜਨਮ ਦਿਵਸ ਗੁਰੂ ਨਾਨਕ ਦੇਵ ਜੀ, ਜਨਮ ਦਿਵਸ ਗੁਰੂ ਗੋਬਿੰਦ ਸਿੰਘ ਜੀ ਤੇ ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ।

— ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਨ ਤੇ ਵੀ ਜੋੜਮੇਲਾ ਲਗਦਾ ਹੈ।

— ਭਿੰਡਰਾਂ ਜੱਥੇ ਵਲੋਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਵੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

— ਦੂਜੇ ਸਾਰੇ ਗੁਰੂ ਸਾਹਿਬਾਨ ਨਾਲ ਸੰਬੰਧ ਗੁਰਪੁਰਬ ਭਿੰਡਰਾਂ ਜੱਥੇ ਤੇ ਪਿੰਡ ਮਹਿਤਾ ਦੀ ਸੰਗਤ ਵਲੋਂ ਅਖੰਡ ਪਾਠ ਰੱਖ ਕੇ ਮਨਾਏ ਜਾਂਦੇ ਹਨ।

— ਹਰ ਸੰਗਰਾਂਦ ਦੇ ਦਿਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਬੜਾ ਭਾਰੀ ਜੋੜਮੇਲਾ ਲਗਦਾ ਹੈ। ਕਥਾ, ਕੀਰਤਨ, ਵਖਿਆਨ ਹੁੰਦੇ ਹਨ, ਅੰਮ੍ਰਿਤ ਛਕਾਇਆ ਜਾਂਦਾ ਹੈ ਤੇ ਦੂਜੇ ਸਾਰੇ ਪੁਰਬਾਂ ਵਾਂਗ ਗੁਰੂ ਕਾ ਲੰਗਰ ਵੀ ਅਤੁੱਟ ਵਰਤਦਾ ਹੈ।



Digitized by Panjab Digital Library | www.panjabdigilib.org

# ਗੁਰੂ ਕਾ ਲੰਗਰ

ਭਿੰਡਰਾਂ ਜਥੇ ਦੀ ਮਰਯਾਦਾ ਵਿਚ ਗੁਰੂ ਦੇ ਲੰਗਰ ਨੂੰ ਬੜੀ ਮਹੱਤਤਾ ਬਖਸ਼ੀ ਗਈ ਹੈ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਹਰ ਰੋਜ਼ ਬਿਲਾ ਨਾਗਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ। ਰੋਜ਼ਾਨਾ ਵਰਤਾਏ ਜਾਣ ਵਾਲੇ ਲੰਗਰ ਵਿਚ ਇਕ ਦਾਲ ਜਾਂ ਸਬਜ਼ੀ, ਪਿਆਜ਼, ਆਚਾਰ ਤੇ ਲੋਹ ਦੇ ਪ੍ਰਸ਼ਾਦੇ ਸ਼ਾਮਿਲ ਹਨ।

ਜੱਥੇ ਦੀ ਮਰਯਾਦਾ ਮੁਤਾਬਿਕ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੀ ਯਾਤਰਾ ਲਈ ਤੇ ਸੰਤ ਜੀ ਦੇ ਦਰਸ਼ਨਾਂ ਲਈ ਆਉਣ ਵਾਲੇ ਹਰ ਵਿਅਕਤੀ ਦੀ ਸਭ ਤੋਂ ਪਹਿਲਾਂ ਜਲ - ਪਾਣੀ ਨਾਲ ਸੇਵਾ ਕੀਤੀ ਜਾਂਦੀ ਹੈ ਤੇ ਫਿਰ ਲੰਗਰ ਛਕਾਇਆ ਜਾਂਦਾ ਹੈ। ਜਲ - ਪਾਣੀ ਚਾਹ ਦੀ ਥਾਂ ਸੌਂਫ ਤੇ ਬਿਨਫਸ਼ਾ ਉਬਾਲ ਕੇ ਤੇ ਦੁੱਧ ਮਿਕਸ ਕਰ ਕੇ ਤਿਆਰ ਕੀਤਾ ਜਾਂਦਾ ਹੈ। ਜਥੇ ਦੀ ਬੋਲੀ ਵਿਚ ਇਸ ਨੂੰ 'ਸੌਂਫਾ' ਜਾਂ 'ਬਿਨਫਸ਼ਾ' ਹੀ ਕਿਹਾ ਜਾਂਦਾ ਹੈ। ਜਥੇ ਵਿਚ ਚਾਹ ਦੀ ਵਰਤੋਂ ਇਕਦਮ ਵਿਵਰਜਿਤ ਹੈ।

ਲੰਗਰ ਤਿਆਰ ਕਰਨ ਲਈ ਦੇਸੀ ਘਿਉ ਦੀ ਵਰਤੋਂ ਕੀਤੀ ਜਾਂਦੀ ਹੈ। ਲੋਹ ਦੇ ਫੁਲਕੇ ਵੀ ਦੇਸੀ ਘਿਉ ਨਾਲ ਚੋਪੜੇ ਜਾਂਦੇ ਹਨ। ਲੰਗਰ ਵਿਚ ਸ਼ੁੱਧ ਵੈਸ਼ਨੋ ਭੋਜਨ ਤਿਆਰ ਕੀਤਾ ਜਾਂਦਾ ਹੈ। ਲੰਗਰ ਪਕਾਉਣ ਦੀ ਸੇਵਾ ਅੰਮ੍ਰਿਤਧਾਰੀ ਬੀਬੀਆਂ ਤੇ ਅੰਮ੍ਰਿਤਧਾਰੀ ਸਿੰਘਾਂ ਨੂੰ ਹੀ ਸੌਂਪੀ ਜਾਂਦੀ ਹੈ। ਚਾਹੇ ਉਹ ਜਥੇ ਵਿਚੋਂ ਹੋਣ ਜਾਂ ਬਾਹਰੋਂ। ਲੰਗਰ ਵਰਤਾਉਣ ਵਾਲੇ ਸੇਵਾਦਾਰ ਵੀ ਅੰਮ੍ਰਿਤਧਾਰੀ ਹੁੰਦੇ ਹਨ। ਲੰਗਰ ਪੰਗਤ ਵਿਚ ਹੀ ਵਰਤਾਇਆ ਜਾਂਦਾ ਹੈ, ਕਿਸੇ ਲਈ ਉਚੇਚੇ ਤੌਰ ਤੇ ਪਰੋਸ ਕੇ ਨਹੀਂ ਛਕਾਇਆ ਜਾਂਦਾ।

ਸਾਲਾਨਾ ਜੋੜਮੇਲਿਆਂ ਦੇ ਮੌਕੇ ਤੇ ਲੰਗਰ ਵਿਚ ਬਹੁ ਪਰਕਾਰ ਦੇ ਭੋਜਨ ਤਿਆਰ ਕੀਤੇ ਜਾਂਦੇ ਹਨ: ਕੜਾਹ ਪ੍ਰਸ਼ਾਦ, ਖੀਰ, ਜਲੇਬ, ਬਦਾਨਾ ਤੇ ਹੋਰ ਨਾਨਾ ਪਰਕਾਰ ਦੀ ਮਠਿਆਈ, ਦਾਲਾਂ ਸਬਜ਼ੀਆਂ ਤੇ ਇਕ ਸਪੈਸ਼ਲ ਸਬਜ਼ੀ ਆਦਿ।

ਲੰਗਰ ਵਰਤਾਉਣ ਦਾ ਪ੍ਰਬੰਧ ਵੀ ਬੜੇ ਸੁਚੱਜੇ ਢੰਗ ਨਾਲ ਕੀਤਾ ਜਾਂਦਾ ਹੈ। ਕਿਸੇ ਤਰ੍ਹਾਂ ਦੀ ਹਫੜਾ ਦਫੜੀ ਨਹੀਂ ਮਚਣ ਦਿੱਤੀ ਜਾਂਦੀ। ਸੰਗਤ ਸ਼ਾਂਤ ਚਿੱਤ ਰਹਿੰਦੀ ਹੋਈ ਪੰਗਤ ਵਿਚ ਬੈਠ ਕੇ ਲੰਗਰ ਛਕਦੀ ਹੈ ਤੇ ਆਨੰਦ ਹੋ ਕੇ ਉਠਦੀ ਹੈ।



Digitized by Panjab Digital Library | www.panjabdigilib.org

# ਝੰਡੇ ਬੁੰਗੇ ਜੁੱਗੋ ਜੁੱਗ ਅਟੱਲ

## ਧਰਮ ਕਾ ਜੈਕਾਰ:

ਦਮਦਮੀ ਟਕਸਾਲ ਦੇ ਮੌਜੂਦਾ ਸਰੂਪ ਭਿੰਡਰਾਂ ਵਾਲੇ ਜੱਥੇ ਨੇ ਜਿੱਥੇ ਪੰਜਾਬ ਤੇ ਭਾਰਤ ਵਿਚ ਜਗ੍ਹਾ - ਬ - ਜਗ੍ਹਾ ਜਾ ਕੇ ਸਿੱਖ ਧਰਮ ਦੇ ਪਰਚਾਰ ਤੇ ਖੰਡੇ ਬਾਟੇ ਦੇ ਅੰਮ੍ਰਿਤ ਸੰਚਾਰ ਦੇ ਪਰਵਾਹ ਨੂੰ ਤੂਫਾਨੀ ਚਾਲ ਨਾਲ ਅੱਗੇ ਤੋਰਿਆ ਹੈ, ਉਥੇ ਇਸ ਮੁਖ - ਧਾਰਾ ਦੇ ਸੋਮੇ 'ਗੁਰਦੁਆਰਿਆਂ' ਦੀ ਉਸਾਰੀ ਵੱਲ ਵੀ ਉਚੇਚਾ ਧਿਆਨ ਦਿੱਤਾ। ਭਿੰਡਰਾਂ ਜੱਥੇ ਵੱਲੋਂ ਉਸਾਰੇ ਗਏ ਗੁਰਦੁਆਰਿਆਂ ਦੀ ਸੂਚੀ ਅੱਗੇ ਦਿੱਤੀ ਜਾ ਰਹੀ ਹੈ:

1 ਪੰਜੋਖੜਾ ਸਾਹਿਬ : ਇਹ ਗੁਰਦੁਆਰਾ ਅੰਬਾਲਾ ਨੇੜੇ ਹੈ। ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੁੰਗਿਆਂ ਨੂੰ ਗੀਤਾ ਪੜ੍ਹਾਈ ਸੀ। ਇਸ ਇਤਿਹਾਸਕ ਅਸਥਾਨ ਦੀ ਉਸਾਰੀ ਸੰਤ ਬ੍ਰਹਮ - ਗਿਆਨੀ ਸ੍ਰੀਮਾਨ ਗੁਰਬਚਨ ਸਿੰਘ ਜੀ 'ਖਾਲਸਾ' ਨੇ ਕਰਵਾਈ ਸੀ।

2 ਸ੍ਰੀ ਹਰਿ ਗੋਬਿੰਦ ਸਾਹਿਬ : ਇਹ ਗੁਰਦੁਆਰਾ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੀ ਯਾਦ ਵਿਚ ਉਸਾਰਿਆ ਗਿਆ ਹੈ। ਦਰ ਅਸਲ ਇਹ ਜਗ੍ਹਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਜੰਗੀ ਅਸਥਾਨ ਸੀ, ਜਿਸ ਕਾਰਨ ਇਸ ਜਗ੍ਹਾ ਨੂੰ ਇਤਿਹਾਸਕ ਮਹੱਤਤਾ ਪ੍ਰਾਪਤ ਹੋਈ।

3 ਗੁਰਦੁਆਰਾ ਨਾਭਾ ਸਾਹਿਬ ਨੇੜੇ ਚੰਡੀਗੜ੍ਹ : ਇਸ ਇਤਿਹਾਸਕ ਅਸਥਾਨ ਦੀ ਮਹੱਤਤਾ ਨੌਂਵੀਂ ਤੇ ਦਸਵੀਂ ਪਾਤਸ਼ਾਹੀ ਨਾਲ ਜੁੜੀ ਹੋਈ ਹੈ। ਇਹ ਉਹ ਅਸਥਾਨ ਹੈ, ਜਿੱਥੇ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿੱਛੋਂ ਉਨ੍ਹਾਂ ਦਾ ਸੀਸ ਲੈ ਕੇ ਸ੍ਰੀ ਆਨੰਦਪੁਰ ਸਾਹਿਬ ਜਾਂਦੇ ਹੋਏ ਰੈਣ - ਬਸੇਰਾ ਕੀਤਾ ਸੀ। ਏਸੇ ਜਗ੍ਹਾ ਸੰਤ ਜਰਨੈਲ ਸਿੰਘ ਜੀ ਨੇ ਮੁੱਢਲੀ ਅਧਿਆਤਮਿਕ ਵਿਦਿਆ ਪ੍ਰਾਪਤ ਕੀਤੀ ਸੀ।

4 ਗੁਰਦੁਆਰਾ ਪਿੰਡ ਸਦਰਵਾਲਾ ਨੇੜੇ ਮੁਕਤਸਰ : ਇਸ ਦੀ ਉਸਾਰੀ ਸੱਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਕਰਵਾਈ ਸੀ।

5 ਪਿੰਡ ਕਾਲ੍ਹਵਾਂ ਜ਼ਿਲ੍ਹਾ ਗੁਰਦਾਸਪੁਰ ਵਿਚ ਇਕ ਆਲੀਸ਼ਾਨ ਗੁਰਦੁਆਰਾ ਬਣਾਇਆ।

6 ਇਕ ਗੁਰਦੁਆਰੇ ਦੀ ਉਸਾਰੀ ਬਾਬਾ ਰਾਮ ਥੰਮਣ ਜ਼ਿਲ੍ਹਾ ਗੁਰਦਾਸਪੁਰ ਵਿਚ ਕਰਵਾਈ।

7 ਪਿੰਡ ਖਜਾਲਾ ਨੇੜੇ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਵਿਚ ਗੁਰਦੁਆਰਾ ਸਾਹਿਬ ਦੀ ਸੇਵਾ ਕਰਾਈ।



Digitized by Panjab Digital Library / www.panjabdigilib.org

8 ਸੰਤ ਕਰਤਾਰ ਸਿੰਘ ਜੀ ਦੀ ਨਿਗਰਾਨੀ ਹੇਠ ਇਕ ਗੁਰਦੁਆਰਾ ਸ੍ਰੀ ਗੰਗਾਨਗਰ (ਰਾਜਸਥਾਨ) ਦੇ ਲਾਇਲਪੁਰ ਫਾਰਮ ਵਿਚ ਉਸਾਰਿਆ ਗਿਆ ।

ਇਨ੍ਹਾਂ ਤੋਂ ਬਿਨਾਂ ਭਿੰਡਰਾਂ ਜਥੇ ਨੇ ਹੋਰ ਅਨੇਕ ਗੁਰਦੁਆਰਿਆਂ ਦੀ ਮੁਰੰਮਤ ਕਰਵਾਈ ਹੈ ਅਤੇ ਅਰਦਾਸ ਵਿਚ ਅੰਕਿਤ ਭਾਵਨਾ 'ਝੰਡੇ ਬੁੰਗੇ ਜੁੱਗੋ ਜੁੱਗ ਅਟੱਲ, ਧਰਮ ਕਾ ਜੈਕਾਰ ਹੋਵੇ', ਉਪਰ ਚੱਲਣ ਦਾ ਉਪਰਾਲਾ ਕੀਤਾ ਹੈ । ਨਿਸ਼ਾਨ ਸਾਹਿਬ ਗੱਡਣ ਅਤੇ ਝੁਲਾਉਣ ਦੀ ਸਿੱਖ ਧਰਮ ਦੀ ਮਰਯਾਦਾ ਵਿਚ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ। ਇਸ ਲਈ ਨਿਸ਼ਾਨ ਸਾਹਿਬ ਦੀ ਮਹੱਤਤਾ ਬਾਰੇ ਸੰਤ ਜਰਨੈਲ ਸਿੰਘ ਜੀ 'ਖਾਲਸਾ' ਵਲੋਂ ਕੀਤੀ ਗਈ ਡੂੰਘੀ ਖੋਜ ਅੱਗੇ ਦਰਜ ਕੀਤੀ ਜਾ ਰਹੀ ਹੈ ।

## ਨਿਸ਼ਾਨ ਸਾਹਿਬ

ਨਿਸ਼ਾਨ ਸਾਹਿਬ ਜੀਉਂਦੀਆਂ ਜਾਗਦੀਆਂ ਕੌਮਾਂ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਜੋ ਕੌਮਾਂ ਆਪਣੇ ਵਜੂਦ ਤੋਂ ਹੀ ਮਰ ਮੁੱਕ ਚੁੱਕੀਆਂ ਹੋਣ, ਉਨ੍ਹਾਂ ਦੇ ਨਿਸ਼ਾਨ ਕਦੇ ਖੜ੍ਹੇ ਨਹੀਂ ਹੁੰਦੇ । ਨਿਸ਼ਾਨ ਹਮੇਸ਼ਾਂ ਉਨ੍ਹਾਂ ਦੇ ਹੀ ਉੱਚੇ ਝੂਲਦੇ ਹਨ, ਜੋ ਸੂਰਬੀਰ ਬਹਾਦਰ ਆਪਣੇ ਬਲ ਦੁਆਰਾ ਸਦਾ ਜੰਗ ਵਿਚ ਜੂਝ ਕੇ ਆਪਣੇ ਨਿਸ਼ਾਨ ਨੂੰ ਉੱਚਾ ਚੁੱਕਣਾ ਜਾਣਦੇ ਹਨ । ਸਾਡੇ ਕੇਸਰੀ ਨਿਸ਼ਾਨ ਨੂੰ ਸਤਿਗੁਰੂ ਨੇ ਆਪਣੀ, ਆਪਣੇ ਸਾਹਿਬਜ਼ਾਦਿਆਂ ਦੀ ਅਤੇ ਹਜ਼ਾਰਾਂ ਸੂਰਬੀਰ ਜੋਧਿਆਂ ਸਿੰਘਾਂ ਦੀ ਸ਼ਹਾਦਤ ਨਾਲ ਉੱਚਾ ਝੁਲਾਇਆ ਹੈ ।

1 ਧਰਤੀ ਤੋਂ ਉੱਚਾ ਨਿਸ਼ਾਨ ਸਾਹਿਬ ਦਾ ਥੜ੍ਹਾ ਦੱਸਦਾ ਹੈ ਕਿ:

"ਜਬ ਲਗ ਖਾਲਸਾ ਰਹੇ ਨਿਆਰਾ ॥<br>ਤਬ ਲਗ ਤੇਜ ਦੀਓ ਮੈਂ ਸਾਰਾ ॥"

(ਸਰਬ ਲੋਹ ਗ੍ਰੰਥ)

ਭਾਵ ਸੰਸਾਰ ਤੋਂ ਨਿਆਰੇ ਰਹੋ ।

2 ਨਿਸ਼ਾਨ ਸਾਹਿਬ ਨੂੰ ਕੀਤੇ ਗਏ ਬਸੰਤੀ ਰੰਗ ਦਾ ਭਾਵ ਹੈ ਕਿ ਦੁਨੀਆਂ ਵਲੋਂ ਮਨ ਮਾਰ ਕੇ ਇਸ ਦੇ ਪੁਜਾਰੀ ਬਣੋ ।

3 ਨਿਸ਼ਾਨ ਸਾਹਿਬ ਦੇ ਕੱਪੜੇ ਦਾ ਗੂੜ੍ਹਾ ਕੇਸਰੀ ਰੰਗ ਦੱਸਦਾ ਹੈ ਕਿ ਇਹ ਸ਼ਹੀਦਾਂ ਦੀ ਦੇਣ ਹੈ ।

4 ਜਿਸ ਤਰ੍ਹਾਂ ਕੱਪੜੇ ਪਹਿਨਣ ਕਰਕੇ ਠੰਢ ਅਤੇ ਗਰਮੀ ਤੋਂ ਬਚਾਅ ਹੁੰਦਾ ਹੈ। ਇਸ ਤਰ੍ਹਾਂ ਹੀ ਜੋ ਨਿਸ਼ਾਨ ਸਾਹਿਬ ਦੀ ਸ਼ਰਨ ਆਉਣਗੇ, ਉਨ੍ਹਾਂ ਦਾ ਪਾਪਾਂ ਦਾ ਪਾਲ਼ਾ ਤੇ ਈਰਖਾ ਦੀ ਤਪਸ਼ ਮਿਟ ਜਾਵੇਗੀ ।

5 ਨਿਸ਼ਾਨ ਸਾਹਿਬ ਦੇ ਕੱਪੜੇ ਨੂੰ ਦਿੱਤੀਆਂ ਗੰਢਾਂ ਦਾ ਭਾਵ ਹੈ ਕਿ, ਇਸ ਨਾਲ ਤਕੜੀ ਕਰਕੇ ਆਪਣੀ ਪ੍ਰੀਤੀ ਰੂਪੀ ਗੰਢ ਪਾਓ ਤੇ ਅਰਦਾਸ ਕਰੋ ਕਿ, ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭੇ ।

6 ਨਿਸ਼ਾਨ ਸਾਹਿਬ ਦੀਆਂ ਚੌਹੀਂ ਪਾਸੀਂ ਧਰਤੀ ਨਾਲ ਲੱਗੀਆਂ ਤਾਰਾਂ ਚੌਹਾਂ ਵਰਨਾਂ ਨੂੰ ਨਿਸ਼ਾਨ ਸਾਹਿਬ ਦੀ ਤਰਫ ਪ੍ਰੇਰ ਕੇ ਕਹਿ ਰਹੀਆਂ ਹਨ ਕਿ, ਆਓ! ਇਥੇ ਖੱਤਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ ਸਭ ਨੂੰ ਸਾਂਝਾ ਉਪਦੇਸ਼ ਮਿਲੇਗਾ ਅਤੇ ਤਾਰਾਂ ਦਾ ਧਰਤੀ ਨਾਲ ਸੰਬੰਧ ਹੋਣਾਇਹ ਵੀ ਦੱਸਦਾ ਹੈ ਕਿ ਦੁਨੀਆਂ ਨਾਲ ਸੰਬੰਧ ਰੱਖੋ ਅਤੇ ਆਪਣੇ ਕੇਂਦਰ ਨਾਲ ਵੀ ਜੁੜੇ



Digitized by Panjab Digital Library | www.panjabdigilib.org

ਰਹੋ। ਕੇਂਦਰ ਨਾਲੋਂ ਟੁੱਟ ਕੇ ਤਾਂ ਬ੍ਰਿਛ ਨਾਲੋਂ ਟੁੱਟੇ ਪੱਤਰੇ ਵਾਂਗ ਜੂਨਾਂ ਵਿਚ ਹੀ ਭਟਕਣਾ ਪੈਂਦਾ ਹੈ।

7 ਨਿਸ਼ਾਨ ਸਾਹਿਬ ਦਾ ਫੱਰਰਾ ਹੱਥ ਦਾ ਇਸ਼ਾਰਾ ਕਰਨ ਦੀ ਤਰ੍ਹਾਂ ਝੂਲ ਕੇ ਕਹਿ ਰਿਹਾ ਹੈ ਕਿ, ਆਓ! ਇਸ ਨਿਸ਼ਾਨ ਸਾਹਿਬ ਦੀ ਸ਼ਰਨ, ਇਥੇ ਨਿਮਾਣਿਆਂ ਨੂੰ ਮਾਣ, ਭੁੱਖਿਆਂ ਨੂੰ ਰੋਟੀ ਮਿਲਦੀ ਹੈ ਤੇ ਦੁਖੀਆਂ ਦੇ ਦੁੱਖ ਦੂਰ ਹੁੰਦੇ ਹਨ।

"ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ॥"

8 ਫੱਰਰੇ ਉੱਤੇ ਕ੍ਰਿਪਾਨਾਂ ਅਤੇ ਖੰਡੇ ਦਾ ਨਿਸ਼ਾਨ ਦੱਸਦਾ ਹੈ ਕਿ ਹੰਗਤਾ ਨੂੰ ਖੰਡ ਕੇ ਕਿਰਪਾ ਕਰਨ ਵਿਚ ਆਵੇਂ, ਖੰਡੇ ਦਾ ਅੰਮ੍ਰਿਤ ਛਕੋ ਤੇ ਕੰਨਾਂ ਵਿਚ ਕਿਸੇ ਤੋਂ ਮੰਤਰ ਨਾ ਲਵੋ।

9 ਫੱਰਰੇ ਵਿਚ '੧ਓ' ਦਾ ਚਿੰਨ੍ਹ ਦੱਸਦਾ ਹੈ ਕਿ, ਜੋ ਇਕ ਦਾ ਉਪਾਸ਼ਕ ਹੋਵੇ, ਉਹੋ ਹੀ ਇਸ ਰਸਤੇ ਦਾ ਰਾਹੀ ਹੋ ਸਕਦਾ ਹੈ।

10 ਨਿਸ਼ਾਨ ਸਾਹਿਬ ਦਾ ਕਮਰ - ਕੱਸਾ ਸਿੱਖਿਆ ਦਿੰਦਾ ਹੈ ਕਿ, ਗਰੀਬ ਦੀ ਰੱਖਿਆ ਲਈ ਪਰਉਪਕਾਰ ਵਾਸਤੇ ਹਮੇਸ਼ਾਂ ਕਮਰ - ਕੱਸਾ ਕੱਸੀ ਰੱਖੋ ਤੇ ਤਿਆਰ - ਬਰ - ਤਿਆਰ ਰਹੋ।

11 ਨਿਸ਼ਾਨ ਸਾਹਿਬ ਦੀ ਭੌਣੀ ਸਿੱਖਿਆ ਦਿੰਦੀ ਹੈ ਕਿ ਜਿਸ ਤਰ੍ਹਾਂ ਮੇਰੇ ਫਿਰਨ ਨਾਲ ਹੇਠਲੀ ਚੀਜ਼ ਉਤੇ ਅਤੇ ਉਤਲੀ ਹੇਠ ਆ ਜਾਂਦੀ ਹੈ, ਇਸੇ ਤਰ੍ਹਾਂ ਤੁਸੀਂ ਵੀ ਸਿਮਰਨ ਦੁਆਰਾ ਮਨ ਨੂੰ ਨੀਵਾਂ ਤੇ ਮੱਤ ਨੂੰ ਉੱਚੀ ਕਰ ਕੇ ਨੀਵਿਆਂ ਤੋਂ ਉੱਚੇ ਹੋਵੋ।

"ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥"

12 ਜਿਸ ਤਰ੍ਹਾਂ ਦੈਂਤਾਂ ਤੋਂ ਰੱਖਿਆ ਲਈ ਸੀਤਾ ਜੀ ਦੇ ਦੁਆਲੇ ਲਛਮਣ ਜੀ ਨੇ ਕਾਰ ਕੱਢੀ ਸੀ, ਇਸੇ ਤਰ੍ਹਾਂ ਨਿਸ਼ਾਨ ਸਾਹਿਬ ਦੇ ਖੰਡੇ ਦੇ ਉਦਾਲੇ ਦਾ ਚੱਕਰ ਕਾਰ ਕੱਢਣ ਦੀ ਸਿੱਖਿਆ ਦਿੰਦਾ ਹੈ ਕਿ ਜੋ ਇਸ ਦੀ ਸ਼ਰਨ ਆਇਆ, ਉਸ ਦੀ ਹਰ ਤਰ੍ਹਾਂ ਰੱਖਿਆ ਹੋਵੇਗੀ।

13 ਜਿਸ ਤਰ੍ਹਾਂ ਖੰਡੇ ਦੀ ਤਿੱਖੀ ਧਾਰ ਉਤੇ ਮੱਛਰ ਤੇ ਕੀੜੀ ਨਹੀਂ ਤੁਰ ਸਕਦੇ, ਇਸੇ ਤਰ੍ਹਾਂ ਹੀ ਕੀੜੀ ਤੇ ਮੱਛਰ ਜਿਤਨੀ ਤੁੱਛ ਹੰਗਤਾ ਧਾਰਨ ਵਾਲਾ ਇਸ ਮਾਰਗ ਦਾ ਪਾਂਧੀ ਨਹੀਂ ਹੋ ਸਕਦਾ।

14 ਜਿਸ ਤਰ੍ਹਾਂ ਸਮੁੰਦਰ ਜਾਂ ਹਵਾਈ ਜਹਾਜ਼ ਅੰਦਰ ਲੱਗੀ ਕੰਪਾਸ ਦੀ ਸੂਈ ਦਾ ਮੁੱਖ ਸਦਾ ਧਰੂ ਤਾਰੇ ਦੀ ਤਰਫ ਹੀ ਰਹਿੰਦਾ ਹੈ, ਇਸੇ ਤਰ੍ਹਾਂ ਖੰਡੇ ਦਾ ਉਤਾਂਹ ਨੂੰ ਮੁੱਖ ਇਹ ਸਿੱਖਿਆ ਦਿੰਦਾ ਹੈ ਕਿ, ਕੰਪਾਸ ਦੀ ਤਰ੍ਹਾਂ ਇਕ ਦੇ ਸਨਮੁਖ ਹੀ ਸਦਾ ਬਿਰਤੀ ਜੋੜੋ। ਯਥਾ:

"ਪਾਂਇ ਗਹੇ ਜਬ ਤੇ ਤੁਮਰੇ,
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥"

(ਦਸਮ : 258)

15 ਨਿਸ਼ਾਨ ਸਾਹਿਬ ਦਾ ਨਵੇਕਲੇ ਹੋ ਕੇ ਆਕਾਸ਼ ਵਿਚ ਖੜ੍ਹੇ ਹੋਣਾ ਦੱਸਦਾ ਹੈ ਕਿ, ਦੁਨੀਆਂ ਵਿਚ ਰਹਿੰਦੇ ਹੋਏ ਵੀ ਨਿਰਲੇਪ ਰਹੋ।



Digitized by Panjab Digital Library | www.panjabdigilib.org

"ਜਿਹ ਘਰ ਬਲ ਸਮਸਰਿ ਕੀਆ ਤੇ ਪੂਰੇ ਸੰਸਾਰ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥ ਪਾਰਬ੍ਰਹਮ ਕਾ ਓਇ ਧਿਆਨ ਧਰਤੇ ॥"

16 ਨਿਸ਼ਾਨ ਸਾਹਿਬ ਦੇ ਸਥੂਲ ਸਥੰਭ ਦਾ ਸਾਫ ਸੁਥਰਾ ਸਿੱਧਾ ਹੋਣਾ ਦੱਸਦਾ ਹੈ ਕਿ ਮਨ ਨੂੰ ਇਸੇ ਤਰ੍ਹਾਂ ਨਿਸ਼ਕਪਟ ਤੇ ਸਿੱਧਾ ਕਰ ਕੇ ਪਰਮੇਸ਼ਰ ਨਾਲ ਜੋੜੋ ।

17 ਜਿਸ ਤਰ੍ਹਾਂ ਬੰਦਰਗਾਹ ਉਤੇ ਰੋਸ਼ਨੀ ਸਮੇਤ ਉੱਚੇ ਮੀਨਾਰ ਬਣਾਏ ਜਾਂਦੇ ਹਨ, ਕਿ ਭੁੱਲੇ ਹੋਏ ਜਹਾਜ਼ ਬੰਦਰਗਾਹ ਤੇ ਪੁੱਜ ਜਾਣ, ਇਸੇ ਤਰ੍ਹਾਂ ਰੋਸ਼ਨ ਮੀਨਾਰ ਦੀ ਤਰ੍ਹਾਂ ਨਿਸ਼ਾਨ ਸਾਹਿਬ ਦਾ ਉੱਚਾ ਹੋਣਾ ਤੇ ਖੰਡੇ ਦੀ ਰੋਸ਼ਨੀ ਦਾ ਚਮਕਾਰੇ ਮਾਰਨਾ ਦੱਸਦਾ ਹੈ ਕਿ, ਕਿਸੇ ਕਬਰ, ਮੜ੍ਹੀ, ਮੱਠ, ਭੂਤ, ਪ੍ਰੇਤ, ਸਖੀ ਸਰਵਰ ਸੁਲਤਾਨ ਨੂੰ ਮੰਨਣ ਵਾਲੇ, ਸੰਸਾਰ ਸਮੁੰਦਰ ਵਿਚ ਭੁੱਲੇ ਹੋਏ, ਹੁਲਾਰੇ ਖਾ ਰਹੇ ਪ੍ਰਾਣੀਆਂ ਨੂੰ ਸਚਖੰਡ ਰੂਪੀ ਬੰਦਰਗਾਹ ਦੇ ਮੁਕਤੀ ਰੂਪ ਕਿਨਾਰੇ ਵੱਲ ਠੀਕ ਸੇਧ ਦੇਣੀ ਹੈ ।

ਸਿੰਘਾਂ ਨੇ ਕੇਵਲ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਹੀ ਇਕੱਤਰ ਹੋਣਾ ਹੈ। ਇਸ ਨੂੰ ਸਦਾ ਚੜ੍ਹਦੀਆਂ ਕਲਾਂ ਵਿਚ ਰੱਖਣ ਵਾਸਤੇ ਹਰ ਕੁਰਬਾਨੀ ਕਰਨੀ ਹੈ ।

"ਵਾਹਨ ਸ਼ਿਗਾਰੇ ਰਹੈਂ, ਬਾਜਤ ਨਗਾਰੇ ਰਹੈਂ,
ਵੈਰੀ ਭੂਮੀ ਡਾਰੇ ਰਹੈਂ, ਮੁੰਡ ਯੁਤ ਤਾਜ ਕੇ ।
ਸੰਗਤੇਂ ਆਬਾਦ ਰਹੈਂ, ਆਵਤੇ ਪ੍ਰਸਾਦਿ ਰਹੈਂ,
ਬਾਢੇ ਅਹਿਲਾਦ ਰਹੈਂ, ਧਰਮ ਸੁ ਕਾਜ ਕੇ ।
ਗਾਦੀਆਂ ਅਟੱਲ ਰਹੈਂ, ਚੌਕੀਆਂ ਅਚੱਲ ਰਹੈਂ,
ਬੁੰਗੇ ਝਲਾ ਝਲ ਰਹੈਂ, ਸਹਿਤ ਸਮਾਜ ਕੇ ।
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ,
ਝੂਲਤੇ ਨਿਸ਼ਾਨ ਰਹੈਂ, ਪੰਥ ਮਹਾਰਾਜ ਕੇ ।"

ਐਸੇ ਪਵਿੱਤਰ ਨਿਸ਼ਾਨ ਸਾਹਿਬ ਦੀ ਤਾਬਿਆ ਸਭ ਸਿੱਖ ਜਗਤ ਨੂੰ ਇਕੱਤਰ ਹੋਣ ਦੀ ਸਖਤ ਜ਼ਰੂਰਤ ਹੈ ਅਤੇ ਐਸੇ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਇਸ ਤੋਂ ਨਿਕਲਣ ਵਾਲੇ ਨਤੀਜੇ ਯਾਦ ਰੱਖਣੇ ਚਾਹੀਦੇ ਹਨ ।



Digitized by Panjab Digital Library | www.panjabdigilib.org

# ਸੰਤਾਂ ਦੀ ਸ਼ਖਸੀਅਤ

## ਖਾਸ ਰੂਪ:

## ਜਿਸ ਵਿਚ ਦਸਮ ਪਾਤਸ਼ਾਹ ਦਾ ਨਿਵਾਸ ਹੈ

ਖਾਲਸਾ ਪੰਥ ਦੀ ਸਿਰਜਣਾ ਬਾਰੇ ਭਾਈ ਗੁਰਦਾਸ ਦੂਜੇ ਨੇ ਲਿਖਿਆ ਹੈ:
"ਗੁਰੂਬਰ ਅਕਾਲ ਕੇ ਹੁਕਮ ਸਿਉਂ ਉਪਜਿਉ ਬਿਗਿਆਨਾ!
ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ ।"

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਸਾਜਿਆ ਤੇ ਉਸ ਨੂੰ ਸੰਪੂਰਨ 'ਮਰਦਊਪੁਣਾ' ਪਰਦਾਨ ਕੀਤਾ। ਪੰਥ ਦੇ ਵਾਲੀ ਨੇ ਸ਼ੇਰ - ਮਰਦਾਂ, ਨਿਰਲੱਥ ਸੂਰਮਿਆਂ ਤੇ ਅਣਖੀਲੇ ਯੋਧਿਆਂ ਨੂੰ ਖੰਡੇ ਦੀ ਧਾਰ 'ਚੋਂ ਪੈਦਾ ਕੀਤਾ ਸੀ; ਨਾਈਆਂ, ਝੀਊਰਾਂ, ਛੀਂਬਿਆਂ ਆਦਿ ਨੀਵੀਆਂ ਸਮਝੀਆਂ ਜਾਣ ਵਾਲੀਆਂ ਜ਼ਾਤਾਂ ਨੂੰ 'ਖੰਡੇਧਾਰ ਅੰਮ੍ਰਿਤ' ਇਕੋ ਬਾਟੇ ਵਿਚੋਂ ਛਕਾ ਕੇ ਊਚ ਨੀਚ ਦਾ ਭੇਦ ਮਿਟਾ ਦਿੱਤਾ ਸੀ; ਪਛੜੇ ਤਬਕਿਆਂ ਦੇ ਲੋਕਾਂ ਨੂੰ ਸਰਦਾਰੀਆਂ ਬਖਸ਼ ਦਿੱਤੀਆਂ ਸਨ; 'ਚਿੜੀਆਂ' ਵਿਚ ਬਾਜ਼ਾਂ ਦੀ ਸ਼ਕਤੀ ਭਰ ਦਿੱਤੀ ਸੀ; ਇਕ ਸਿੰਘ ਨੂੰ ਸਵਾ ਲੱਖ ਨਾਲ ਲੜਾ ਦਿੱਤਾ ਸੀ ਤੇ ਸਭ ਤੋਂ ਮਹੱਤਵ ਪੂਰਨ ਗੱਲ ਇਹ ਹੈ, ਕਿ 'ਮਰਦ ਅਗੰਮੜੇ' ਗੁਰੂ ਨੇ ਪੰਜਾਂ ਪਿਆਰਿਆਂ ਤੋਂ ਖੁਦ ਅੰਮ੍ਰਿਤ ਛਕ ਕੇ ਪੰਥ ਖਾਲਸਾ ਨੂੰ ਆਪਣੇ ਬਰਾਬਰ ਦਾ ਦਰਜਾ ਦਿੱਤਾ ਸੀ। ਭਾਈ ਗੁਰਦਾਸ ਦੂਜੇ ਫੁਰਮਾਉਂਦੇ ਹਨ:

— ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ ॥
— ਵਹ ਪ੍ਰਗਟਿਉ ਮਰਦ ਅਗੰਮੜਾ ਵਰੀਆਮ ਇਕੇਲਾ ॥
— ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥

ਆਪਣੀ ਕਿਸਮ ਦੇ ਅਕੇਲੇ ਮਰਦ ਤੇ ਆਪਣੀ ਕਿਸਮ ਦੇ ਇਕੇਲੇ ਵਰਿਆਮ ਗੁਰੂ ਨੇ ਖਾਲਸਾ ਪੰਥ ਨੂੰ ਆਪਣੀ ਕਿਸਮ ਦੇ ਇਕੇਲੇ ਸਰੂਪ ਦੀ ਬਖਸ਼ਿਸ਼ ਕੀਤੀ: ਸਾਬਤ ਸੂਰਤ, ਪੰਜ ਕਕਾਰੀ ਤੇ ਸ਼ਸਤਰਧਾਰੀ 'ਸੰਤ ਸਿਪਾਹੀ' ਦੇ ਸਰੂਪ ਦੀ । ਖਾਲਸਾ ਪੰਥ ਦੇ ਸੰਚਾਲਕ ਨੇ 'ਖਾਲਸਾ' ਜੀ ਨੂੰ ਆਪਣੇ ਰੂਪ ਵਿਚ ਢਾਲ ਕੇ ਆਖਿਆ: ਇਹ ਮੇਰਾ 'ਖਾਸ ਰੂਪ' ਹੈ ਤੇ ਇਸ 'ਖਾਸ ਰੂਪ' ਵਿਚ ਮੇਰਾ ਨਿਵਾਸ ਹੈ । ਆਪਣੇ ਸਾਜੇ ਨਿਵਾਜੇ 'ਖਾਲਸਾ' ਦੀ ਉਸਤਿਤ ਕਰਦਿਆਂ ਕਲਗੀਧਰ ਪਾਤਸ਼ਾਹ ਨੇ ਲਿਖਿਆ ਹੈ:

— ਖਾਲਸਾ ਮੇਰੋ ਰੂਪ ਹੈ ਖਾਸ । ਖਾਲਸੇ ਮਹਿ ਹਉਂ ਕਰੌਂ ਨਿਵਾਸ ।
ਖਾਲਸਾ ਮੇਰੋ ਮੁਖ ਹੈ ਅੰਗਾ । ਖਾਲਸਾ ਕੇ ਹਉਂ ਸਦਾ ਸਦ ਸੰਗਾ ।
ਖਾਲਸਾ ਮੇਰੋ ਇਸ਼ਟ ਸੁਹਿਰਦ । ਖਾਲਸਾ ਮੇਰੋ ਕਹੀਅਤ ਬਿਰਦ ।
— ਖਾਲਸਾ ਮੇਰੋ ਮਿਤਰ ਸਖਾਈ । ਖਾਲਸਾ ਮਾਤ ਪਿਤਾ ਸੁਖਦਾਈ ।



Digitized by Panjab Digital Library | www.panjabdigilib.org

ਖਾਲਸਾ ਮੇਰੀ ਸੋਭਾ ਸੀਲਾ । ਖਾਲਸਾ ਬੰਧ ਸਖਾ ਸਦ ਡੀਲਾ ।
ਖਾਲਸਾ ਮੇਰੀ ਜਾਤ ਅਤ ਪਤ । ਖਾਲਸਾ ਸੋ ਮਾ ਕੋ ਉਤਪਤ ।
— ਖਾਲਸਾ ਮੇਰੋ ਪਿੰਡ ਪਰਾਨ । ਖਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਤ ਮੇਰੀ ਖਾਲਸਾ ਸਹੀ । ਖਾਲਸਾ ਮੇਰੋ ਸਵਾਰਥ ਸਹੀ ।
ਖਾਲਸਾ ਮੇਰੋ ਕਰੋ ਨਿਰਬਾਹ । ਖਾਲਸਾ ਮੇਰੋ ਦੇਹ ਅਰ ਸਾਹ ।
— ਖਾਲਸਾ ਮੇਰੋ ਸਤਿਗੁਰ ਪੂਰਾ । ਖਾਲਸਾ ਮੇਰੋ ਸਾਜਨ ਸੂਰਾ ।
— ਯਾ ਮੈਂ ਰੰਚ ਨਾ ਮਿਥਿਆ ਭਾਖੀ । ਪਾਸ ਬ੍ਰਹਮ ਗੁਰੂ ਨਾਨਕ ਸਾਖੀ ।

ਅੱਜ ਦਸਮ ਪਾਤਸ਼ਾਹ ਨੂੰ ਦੇਖਣਾ ਹੋਵੇ ਤਾਂ ਕਿਸੇ ਵੀ ਅੰਮ੍ਰਿਤਧਾਰੀ ਸੰਪੂਰਨ ਰਹਿਤਵਾਨ ਗੁਰਸਿੱਖ 'ਚੋਂ ਦੇਖਿਆ ਜਾ ਸਕਦਾ ਹੈ; ਬਿਨਾਂ ਕਿਸੇ ਭਿੰਨ ਭੇਤ ਤੋਂ ਹਰ 'ਖਾਲਸਾ' ਉਸ ਦਾ 'ਖਾਸ ਰੂਪ' ਹੈ ਤੇ ਹਰ ਖਾਲਸੇ ਵਿਚ ਉਹ ਵਸ ਰਹੇ ਹਨ। ਪਰ ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਉਹ 'ਖਾਸ ਰੂਪ' ਹੈ, ਜਿਸ ਵਿਚੋਂ ਦਸਵੇਂ ਗੁਰਾਂ ਦੇ ਦਰਸ਼ਨ ਜਾਗ੍ਰਤ, ਸੁਚੇਤ ਅਤੇ ਚੇਤੰਨ ਰੂਪ ਵਿਚ ਕੀਤੇ ਜਾ ਸਕਦੇ ਹਨ ਤੇ ਉਨ੍ਹਾਂ ਦੇ 'ਨਿਵਾਸ' ਨੂੰ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਕਾਰਨ ਇਹ ਕਿ, ਦੂਜੇ ਬਹੁਤ ਸਾਰੇ ਰਹਿਤਵਾਨ ਤੇ ਅੰਮ੍ਰਿਤਧਾਰੀ ਸਿੱਖ 'ਸਿੱਖੀ' ਨੂੰ ਤੇ 'ਸਿੱਖੀ ਸਰੂਪ' ਨੂੰ ਢਾਹ ਲੱਗੀ ਹੋਈ ਦੇਖ ਕੇ ਚੁੱਪ ਹਨ; ਰੱਬ ਦਾ ਭਾਣਾ ਸਮਝ ਕੇ ਖਾਮੋਸ਼ ਦਰਸ਼ਨ ਦੇ ਤੌਰ ਤੇ ਦੇਖੀ ਜਾ ਰਹੇ ਹਨ ਪਰ ਸੰਤ ਜਰਨੈਲ ਸਿੰਘ ਜੀ 'ਖਾਲਸਾ' ਦਸਵੇਂ ਪਾਤਸ਼ਾਹ ਵਲੋਂ ਗੁਰਬਾਣੀ ਦੇ ਪ੍ਰਚਾਰ ਤੇ ਸਿੱਖੀ ਦੇ ਵਿਕਾਸ ਲਈ ਕਾਇਮ ਕੀਤੀ ਹੋਈ ਦਮਦਮੀ ਟਕਸਾਲ ਰੂਪੀ ਸੰਸਥਾ ਦੇ ਮੁੱਖ ਸੇਵਕ ਹਨ ਤੇ ਉਹ ਸਿੱਖੀ ਅਤੇ ਸਿੱਖੀ ਸ਼ਕਲ ਨੂੰ ਨਾਸਤਕਤਾ ਤੇ ਪਤਿਤਪੁਣੇ ਤੋਂ ਪੈਦਾ ਹੋਏ ਅਜੋਕੇ ਖਤਰੇ ਤੋਂ ਬਚਾਉਣ ਲਈ ਜਹਾਦੀ ਸਪਿਰਟ ਨਾਲ ਆਪਣਾ ਫਰਜ਼ ਨਿਭਾ ਰਹੇ ਹਨ। ਸੰਤ ਜੀ ਕੇਸ ਕਟਾਉਣ, ਦਾੜ੍ਹੀਆਂ ਕਤਰਾਉਣ ਤੇ ਕਿਸੇ ਵੀ ਤਰੀਕੇ ਨਾਲ ਰੋਮਾਂ ਦੀ ਬੇਅਦਬੀ ਕਰਨ ਵਾਲੇ ਸਿੱਖਾਂ ਨੂੰ ਅੰਮ੍ਰਿਤ ਛਕਣ ਤੇ ਸਿੰਘ ਸਜਣ ਦੀ ਪ੍ਰੇਰਨਾ ਅਜਿਹੇ ਢੰਗ ਨਾਲ ਕਰਦੇ ਹਨ ਕਿ, ਉਨ੍ਹਾਂ ਉੱਤੇ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। 'ਖਾਲਸਾ' ਜੀ ਸ਼ਕਲਾਂ ਵਿਗਾੜ ਚੁੱਕੇ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਹੋਈ ਚੇਤਾਵਣੀ ਚੇਤੇ ਕਰਾਉਂਦਿਆਂ ਕਿਹਾ ਕਰਦੇ ਹਨ:

"ਜਬ ਲਗ ਰਹੇ ਖਾਲਸਾ ਨਿਆਰਾ । ਤਬ ਲਗ ਤੇਜ ਦੀਉ ਮੈਂ ਸਾਰਾ ।
ਜਬ ਇਹ ਗਹੈ ਬਿਪਰਨ ਕੀ ਰੀਤ । ਮੈਂ ਨਾ ਕਰੋਂ ਇਨ ਕੀ ਪ੍ਰਤੀਤ ।"

ਪਤਾ ਨਹੀਂ ਸੰਤ ਜਰਨੈਲ ਸਿੰਘ 'ਖਾਲਸਾ' ਦੀ ਸ਼ਖਸੀਅਤ ਵਿਚ ਕੀ ਜਾਦੂ ਹੈ ਕਿ, ਮੋਨੇ ਕੇਸਧਾਰੀ ਹੋਣੇ ਸ਼ੁਰੂ ਹੋ ਗਏ ਹਨ, ਦਾੜ੍ਹੀ - ਕੱਟੇ ਦਾਹੜੀਆਂ ਰੱਖਣ ਲੱਗ ਪਏ ਹਨ ਤੇ ਦਾੜ੍ਹੀਆਂ ਬੰਨ੍ਹਣ ਵਾਲੇ ਦਾੜ੍ਹੀਆਂ ਖੋਲ੍ਹ ਕੇ ਸਾਬਤ - ਸੂਰਤ ਦਸਤਾਰ ਸਰਦਾਰ ਨਜ਼ਰ ਆਉਣ ਲੱਗ ਪਏ ਹਨ! ਹੈਰਾਨੀ ਦੀ ਗੱਲ ਹੈ ਕਿ ਸਿੱਖ ਨੌਜਵਾਨ ਨਸ਼ੇ ਛੱਡਦੇ ਜਾ ਰਹੇ ਹਨ, ਵਿਸ਼ੇ - ਵਿਕਾਰ ਤਿਆਗਦੇ ਜਾ ਰਹੇ ਹਨ ਤੇ ਅੰਮ੍ਰਿਤ ਛਕ ਕੇ ਸਿੰਘ ਸਜਦੇ ਜਾ ਰਹੇ ਹਨ! ਇਹ ਕ੍ਰਿਸ਼ਮਾ ਨਹੀਂ ਤਾਂ ਕੀ ਹੈ! ਇਹ ਜ਼ਾਹਰੀ ਕਰਾਮਾਤ ਨਹੀਂ ਤਾਂ ਕੀ ਹੈ!



Digitized by Panjab Digital Library | www.panjabdigilib.org

# ਚੜ੍ਹਦੀ ਕਲਾ

## ਜਿਸ ਦਾ ਦੂਜਾ ਨਾਂ 'ਭਿੰਡਰਾਂਵਾਲਾ' ਹੈ:

ਸਿੱਖ ਧਰਮ ਦੀ ਅਰਦਾਸ ਵਿਚ ਸਰਬ - ਸ਼ਕਤੀਮਾਨ ਅਕਾਲ ਪੁਰਖ ਪਾਸੋਂ ਇਕ ਬੜੀ ਮਹੱਤਵ ਪੂਰਨ ਮੰਗ ਕੀਤੀ ਗਈ ਹੈ:

"ਨਾਨਕ ਨਾਮ ਚੜ੍ਹਦੀ ਕਲਾ । ਤੇਰੇ ਭਾਣੇ ਸਰਬੱਤ ਦਾ ਭਲਾ ।"

ਦੁਨੀਆਂ ਭਰ ਵਿਚ ਸਿਵਾਏ ਸਿੱਖ ਮਜ਼੍ਹਬ ਤੋਂ ਹੋਰ ਕੋਈ ਮਜ਼੍ਹਬ ਅਜਿਹਾ ਨਹੀਂ ਹੋਵੇਗਾ, ਜਿਸ ਦੀ ਪਰਾਰਥਨਾ ਵਿਚ ਚੜ੍ਹਦੀ ਕਲਾ ਵਿਚ ਰਹਿਣ ਤੇ ਸਾਰੇ ਲੋਕਾਂ ਦੇ ਭਲੇ ਦੀ ਮੰਗ ਕੀਤੀ ਗਈ ਹੋਵੇ । ਇਹ ਅਰਦਾਸ ਸਮੂਹਕ ਰੂਪ ਵਿਚ ਗੁਰਦੁਆਰਿਆਂ ਅੰਦਰ ਤੇ ਨਿਜੀ ਤੌਰ ਤੇ ਘਰਾਂ ਵਿਚ ਹਰ ਰੋਜ਼ ਕੀਤੀ ਜਾਂਦੀ ਹੈ । ਸਰਬੱਤ ਦਾ ਭਲਾ ਚਾਹੁਣ ਵਾਲੇ ਸਿੱਖਾਂ ਦੀ ਅਰਦਾਸ ਕਦ ਬਿਰਥੀ ਜਾ ਸਕਦੀ ਸੀ? ਸਮੇਂ ਦੇ ਸਫਰ ਨਾਲ ਤੁਰਦਿਆਂ ਤੁਰਦਿਆਂ ਅੱਜ ਇਹ ਉਸ ਜਗ੍ਹਾ ਤੇ ਜਾ ਪਹੁੰਚੀ ਹੈ, ਜਿੱਥੇ ਹਰ ਸਿੱਖ ਨੇ ਚੜ੍ਹਦੀ ਕਲਾ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਹੈ । 'ਚੜ੍ਹਦੀ ਕਲਾ' ਦੇ ਬੋਲੇ ਨੇ ਸਿੱਖਾਂ ਦਾ ਏਨਾ ਬੋਲਬਾਲਾ ਕਰ ਦਿੱਤਾ ਹੈ ਕਿ, ਜਦ ਇਕ ਸਿੱਖ ਦੂਜੇ ਤੋਂ ਪੁੱਛਦਾ ਹੈ ਕਿ 'ਕੀ ਹਾਲ ਹੈ?' ਤਾਂ ਉਹ ਅੱਗਿਓਂ ਤੁਰੰਤ ਬੋਲ ਪੈਂਦਾ ਹੈ: 'ਚੜ੍ਹਦੀ ਕਲਾ' । ਇਹ 'ਚੜ੍ਹਦੀ ਕਲਾ' ਇਸ ਹੱਦ ਤੱਕ ਸਿੱਖਾਂ ਦੇ ਮੂੰਹ ਚੜ੍ਹ ਗਈ ਹੈ ਕਿ ਜਦ ਕੋਈ ਗ਼ੈਰ - ਸਿੱਖ ਵੀ ਪੁੱਛ ਬੈਠੇ ਕਿ 'ਸਰਦਾਰ ਜੀ, ਕੀ ਹਾਲ ਹੈ?' ਤਾਂ ਉਸ ਵਕਤ ਵੀ ਸਰਦਾਰ ਜੀ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ: 'ਚੜ੍ਹਦੀ ਕਲਾ!'

ਜਿੱਥੋਂ ਤੱਕ ਸੰਤ ਜਰਨੈਲ ਸਿੰਘ ਜੀ ਦੀ ਚੜ੍ਹਦੀ ਕਲਾ ਦਾ ਸਵਾਲ ਹੈ: ਸੰਤ ਜੀ ਨੂੰ ਕਦੇ ਕਿਸੇ ਨੇ ਢਹਿੰਦੀ ਕਲਾ ਵਿਚ ਨਹੀਂ ਦੇਖਿਆ । ਉਹ ਹਰ ਵਕਤ 'ਚੜ੍ਹਦੀ ਕਲਾ' ਦਾ ਸਾਕਾਰ ਰੂਪ ਦਿਖਾਈ ਦਿੰਦੇ ਹਨ । ਕਈ ਵਾਰ ਤਾਂ ਇੰਜ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਭਿੰਡਰਾਂਵਾਲੇ ਸੰਤਾਂ ਦਾ ਦੂਜਾ ਨਾਂ 'ਚੜ੍ਹਦੀ ਕਲਾ' ਤੇ ਚੜ੍ਹਦੀ ਕਲਾ ਦਾ ਦੂਜਾ ਨਾਂ 'ਭਿੰਡਰਾਂਵਾਲਾ' ਹੈ ।

ਇਕ ਵਾਰ ਇਕ ਪੱਤਰਕਾਰ ਨੇ ਸੰਤ ਜੀ ਨੂੰ ਪੁੱਛਿਆ ਕਿ 'ਕੀ ਤੁਸੀਂ ਗੁਰੂ ਨਾਨਕ ਨਿਵਾਸ 'ਚੋਂ ਇਸ ਲਈ ਬਾਹਰ ਨਹੀਂ ਨਿਕਲ ਰਹੇ ਕਿ ਬਾਹਰ ਜਾਣ ਨਾਲ ਤੁਹਾਡੀ ਜਾਨ ਨੂੰ ਖਤਰਾ ਹੈ?' ਇਹ ਸੁਣ ਕੇ ਸੰਤ ਜੀ ਜਲਾਲ ਵਿਚ ਆ ਗਏ ਤੇ ਬੋਲੇ: "ਸਿੰਘ ਤਾਂ ਡਰ ਕੀ?... ਸਿੰਘ ਤਾਂ ਸਹਿਮ ਕੀ?"

ਸੰਤ ਜੀ ਨੇ ਉਸ ਪੱਤਰਕਾਰ ਨੂੰ ਜੋ ਜਵਾਬ ਦਿੱਤਾ, ਉਹ ਸੰਤਾਂ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਹੈ । ਸੰਤ ਕਹਿਣ ਲੱਗੇ:

"ਮੈਂ ਬੁਜ਼ਦਿਲ ਬਣਨ ਲਈ ਪੈਦਾ ਨਹੀਂ ਹੋਇਆ । ਸੱਚਾ ਸਿੱਖ ਕਿਸੇ ਪਾਸੋਂ ਨਹੀਂ ਡਰਦਾ । ਜੇ ਡਰਦਾ ਹੈ ਤਾਂ ਉਹ ਸਿੱਖ ਨਹੀਂ । ਮੈਂ ਮੋਰਚੇ ਦੀ ਅਗਵਾਈ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ ਤੇ ਏਸੇ ਲਈ ਏਥੇ ਗੁਰੂ ਨਾਨਕ ਨਿਵਾਸ ਵਿਚ ਰਹਿੰਦਾ ਹਾਂ ।



Digitized by Panjab Digital Library | www.panjabdigilib.org

"ਮੈਨੂੰ ਪਤਾ ਹੈ ਕਿ ਮੇਰੇ ਕਤਲ ਦੀਆਂ ਸਾਜ਼ਿਸ਼ਾਂ ਰਚੀਆਂ ਜਾਂਦੀਆਂ ਰਹੀਆਂ; ਪਰ ਮੈਂ ਮੌਤ ਤੋਂ ਨਹੀਂ ਡਰਦਾ। ਮੋਰਚੇ ਕਾਰਨ ਮੈਂ ਗੁਰੂ ਨਾਨਕ ਨਿਵਾਸ 'ਚੋਂ ਬਾਹਰ ਨਹੀਂ ਜਾ ਰਿਹਾ। ਜਦ ਮੋਰਚਾ ਖਤਮ ਹੋ ਜਾਏਗਾ ਤਾਂ ਮੇਰਾ ਏਥੇ ਬੈਠੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ; ਮੈਂ ਫੌਰਨ ਏਥੋਂ ਚਲਾ ਜਾਵਾਂਗਾ। ਮੈਨੂੰ ਮੌਤ ਦਾ ਕੋਈ ਭੈ ਨਹੀਂ। ਕੋਈ ਵੀ ਸਿੱਖ ਮਰਨ ਤੋਂ ਨਹੀਂ ਡਰਦਾ। ਮੌਤ ਸਿੱਖਾਂ ਲਈ ਖੇਲ ਹੈ।...

"ਇਕ ਸਿੱਖ ਤੇ ਆਮ ਆਦਮੀ ਵਿਚ ਬੜਾ ਫਰਕ ਹੈ। ਜਦ ਕਿਸੇ ਆਦਮੀ ਦਾ ਅੰਗ ਕੱਟਿਆ ਜਾਂਦਾ ਹੈ ਤਾਂ ਉਹ ਦਰਦ ਨਾਲ ਚੀਕਦਾ ਹੈ। ਪਰ ਜਦ ਕੋਈ ਸਿੱਖ ਜ਼ਖਮੀ ਹੋ ਜਾਂਦਾ ਹੈ ਤਾਂ ਉਹ ਗੁਰਬਾਣੀ ਪੜ੍ਹਦਾ ਹੈ। ਜੇ ਕਿਸੇ ਆਦਮੀ ਦਾ ਸਿਰ ਕੱਟਿਆ ਜਾਏ ਤਾਂ ਉਹ ਮਰ ਜਾਂਦਾ ਹੈ ਪਰ ਜੇ ਕਿਸੇ ਸਿੱਖ ਦਾ ਸੀਸ ਲੱਥ ਜਾਵੇ ਤਾਂ ਉਹ ਡਿੱਗਣ ਤੋਂ ਪਹਿਲਾਂ ਤਿੰਨ ਮੀਲ ਚੱਲ ਸਕਦਾ ਹੈ। ਚੇਤੇ ਰਹੇ ਕਿ ਜਿਸ ਟਕਸਾਲ ਦਾ ਮੈਂ ਸੇਵਾਦਾਰ ਹਾਂ, ਉਸ ਦੇ ਪਹਿਲੇ ਸੰਤ ਸ਼ਹੀਦ ਬਾਬਾ ਦੀਪ ਸਿੰਘ ਜੀ ਯੁੱਧ ਵਿਚ ਸੀ ਕੱਟੇ ਜਾਣ ਪਿੱਛੋਂ ਤਲੀ 'ਤੇ ਸੀਸ ਧਰ ਕੇ ਤਿੰਨ ਮੀਲ ਸਫਰ ਕਰਦਿਆਂ ਅੰਮ੍ਰਿਤਸਰ ਜਾ ਪਹੁੰਚੇ ਤੇ ਜਦ ਜਿਸਮ ਠੰਢਾ ਹੋਣ ਲੱਗਾ ਤਾਂ ਉਨ੍ਹਾਂ ਨੇ ਸ਼ਕਤੀ ਨਾਲ ਆਪਣਾ ਕੱਟਿਆ ਹੋਇਆ ਸੀਸ ਵਗਾਹ ਮਾਰਿਆ ਤੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਗੁਰੂ ਦੇ ਚਰਨਾਂ ਵਿਚ ਪਹੁੰਚਾ ਦਿੱਤਾ।"



Digitized by Panjab Digital Library | www.panjabdigilib.org

# ਸੰਤ:

## ਜੋ ਹਥਿਆਰਾਂ ਦਾ ਪੁਜਾਰੀ ਹੈ!

ਉਹ 'ਸੰਤ' ਕਿਵੇਂ ਹੋ ਸਕਦਾ ਹੈ, ਜੋ ਹਥਿਆਰ ਰੱਖਦਾ ਹੈ?

ਇਹ ਪ੍ਰਸ਼ਨ ਗ਼ੈਰ - ਸਿੱਖਾਂ ਦੇ ਮਨਾਂ ਵਿਚ ਪੈਦਾ ਹੋਣਾ ਸੁਭਾਵਿਕ ਹੈ, ਜਦ ਉਹ ਅਖ਼ਬਾਰਾਂ ਵਿਚ ਅਜਿਹੀਆਂ ਖ਼ਬਰਾਂ ਪੜ੍ਹਦੇ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਹਥਿਆਰ ਰੱਖਦੇ ਹਨ, ਹਥਿਆਰਾਂ ਨੂੰ ਪਿਆਰ ਕਰਦੇ ਹਨ, ਹਥਿਆਰਾਂ ਨੂੰ ਸ਼ਿੰਗਾਰ ਸਮਝ ਕੇ ਪਹਿਨਦੇ ਹਨ ਤੇ ਹਥਿਆਰਾਂ ਦਾ ਖੁੱਲ੍ਹਾ ਪ੍ਰਦਰਸ਼ਨ ਕਰਦੇ ਹਨ, ਉਨ੍ਹਾਂ ਦੇ ਸੇਵਕ ਵੀ ਮੁਕੰਮਲ ਤੌਰ ਤੇ ਹਥਿਆਰਬੰਦ ਹਨ ਤੇ ਯੁੱਧ ਕਰਨ ਲਈ ਹਮੇਸ਼ਾ ਤਿਆਰ - ਬਰ - ਤਿਆਰ ਰਹਿੰਦੇ ਹਨ ਆਦਿ। ਇਨ੍ਹਾਂ ਲੋਕਾਂ ਦੇ ਖ਼ਿਆਲ ਵਿਚ ਸੰਤਾਂ ਦਾ ਕਰਤੱਵ ਮਾਲਾ ਫੇਰਨੀ, ਨਾਮ ਜਪਣਾ ਤੇ ਨਾਮ ਜਪਾਉਣਾ ਹੀ ਹੁੰਦਾ ਹੈ; ਹਥਿਆਰ ਰੱਖਣਾ ਜਾਂ ਹਥਿਆਰ ਚਲਾਉਣ ਦੀ ਟਰੇਨਿੰਗ ਦੇਣਾ ਨਹੀਂ। ਅਣਮਤੀਆਂ ਦੇ ਇਸ ਵਿਚਾਰ ਦਾ ਕਾਰਨ ਇਹ ਹੈ ਕਿ, ਉਨ੍ਹਾਂ ਦੇ ਸੰਤਾਂ ਭਗਤਾਂ ਨੇ ਕਦੇ ਕੋਈ ਹਥਿਆਰ ਨਹੀਂ ਰੱਖਿਆ ਤੇ ਕੇਵਲ ਭਗਤੀ ਵਿਚ ਹੀ ਲੱਗੇ ਰਹੇ। ਇਹ ਲੋਕ ਦੁਨੀਆਂ ਦੇ ਆਧੁਨਿਕ ਮੱਤ 'ਸਿੱਖ ਧਰਮ' ਦੇ ਅਸੂਲਾਂ ਤੋਂ ਅਣਜਾਣ ਹੋਣ ਕਾਰਨ ਹੀ ਇਹ ਸਵਾਲ ਉਠਾਉਂਦੇ ਹਨ ਕਿਉਂਕਿ ਉਹ ਨਹੀਂ ਜਾਣਦੇ ਕਿ ਸਿੱਖਾਂ ਦੇ ਦਸਵੇਂ ਗੁਰੂ ਨੇ ਖੰਡੇ ਦੀ ਧਾਰ 'ਚੋਂ ਅਜਿਹੇ 'ਸੰਤ' ਪੈਦਾ ਕੀਤੇ ਸਨ, ਜੋ ਨਿਰੇ ਸੰਤ ਨਹੀਂ ਬਲਕਿ 'ਸੰਤ - ਸਿਪਾਹੀ' ਸਨ, ਜਿਨ੍ਹਾਂ ਨੂੰ ਹਰ ਰੋਜ਼ ਪੰਜਾਂ ਬਾਣੀਆਂ ਦਾ ਪਾਠ ਕਰਨ, ਪੰਜ ਕਕਾਰ (ਕੇਸ, ਕੰਘਾ, ਕਛਹਿਰਾ, ਕੜਾ ਤੇ ਕ੍ਰਿਪਾਨ) ਧਾਰਨ ਕਰਨ ਤੇ ਹੋਰ ਹਥਿਆਰ ਰੱਖਣ ਦਾ ਹੁਕਮ ਵੀ ਦਿੱਤਾ ਗਿਆ ਸੀ। ਸਿੱਖ ਧਰਮ ਦੇ ਦਸਵੇਂ ਗੁਰੂ ਨੇ ਨਵੀਂ ਕਿਸਮ ਦੇ ਸ਼ਸਤਰਧਾਰੀ ਸੰਤਾਂ ਦਾ ਨਾਂ 'ਖ਼ਾਲਸਾ' ਰੱਖ ਕੇ ਉਨ੍ਹਾਂ ਨੂੰ 'ਅਕਾਲ ਪੁਰਖ ਦੀ ਫ਼ੌਜ' ਦਾ ਦਰਜਾ ਦਿੱਤਾ ਸੀ। 'ਸਰਬ ਲੋਹ ਗ੍ਰੰਥ' ਵਿਚ ਦਰਜ ਹੈ:

"ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥
ਪ੍ਰਗਟਿਉ ਖ਼ਾਲਸਾ ਪ੍ਰਮਾਤਮ ਕੀ ਮੌਜ ॥"

ਸਿੱਖਾਂ ਨੂੰ ਸ਼ਸਤਰ ਰੱਖਣ ਦਾ ਆਦੇਸ਼ ਰਹਿਤਨਾਮਿਆਂ ਵਿਚ ਵੀ ਦਿੱਤਾ ਗਿਆ ਹੈ। ਮਿਸਾਲ ਵਜੋਂ:

— "ਖ਼ਾਲਸਾ ਸੋਈ ਸ਼ਸਤਰ ਕਉ ਧਾਰੈ ॥
ਖ਼ਾਲਸਾ ਸੋਈ ਦੁਸ਼ਟ ਕਉ ਮਾਰੈ ॥"

(ਭਾਈ ਨੰਦ ਲਾਲ ਜੀ)

— "ਸ਼ਸਤਰ ਹੀਨ ਇਹ ਕਬਹੂੰ ਨਾ ਹੋਈ ॥
ਰਹਿਤਵੰਤ ਖ਼ਾਲਿਸ ਹੈ ਸੋਈ ॥"

(ਭਾਈ ਦੇਸਾ ਸਿੰਘ ਜੀ)

ਨੀਲੇ ਘੋੜੇ ਦੇ ਸ਼ਾਹ ਸਵਾਰ, ਚਿੱਟਿਆਂ ਬਾਜਾਂ ਵਾਲੇ ਤੇ ਤੀਰ ਕਮਾਨਾਂ ਵਾਲੇ ਇਨਕਲਾਬੀ ਜੋਧੇ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰਾਂ ਦੀ ਸ਼ਲਾਘਾ ਵਿਚ ਬੜਾ ਕੁਝ



Digitized by Panjab Digital Library | www.panjabdigilib.org

ਲਿਖਿਆ ਹੈ । ਤੇਗ ਦੀ ਤਾਰੀਫ ਕਰਦਿਆਂ ਤੀਰ - ਕਮਾਨ ਵਾਲੇ ਪਾਤਸ਼ਾਹ ਫੁਰਮਾਉਂਦੇ ਹਨ:

"ਖਗ ਖੰਡ ਬਿਹੰਡੇ ਖਲ ਦਲ ਖੰਡੰ ਅਤਿਰਣ ਮੰਡੰ ਬਰ ਭੰਡੰ ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ।
ਸੁਖ ਸੰਤਾ ਕਰਣੰ ਦੁਰ ਮਤਿ ਦਰਣੰ ਕਿਲ ਬਿਖ ਹਰਣੰ ਅਸ ਸਰਣੰ ।
ਜੈ ਜੈ ਜਗ ਕਾਰਣ ਸ੍ਰਿਸ਼ਟ ਉਭਾਰਣ ਮਮ ਪ੍ਰਤਿ ਪਾਰਣ ਜੈ ਤੇਗੰ ॥"

ਦਸਮ ਪਾਤਸ਼ਾਹ ਨੇ ਹਥਿਆਰਾਂ ਨੂੰ ਪੀਰਾਂ ਦਾ ਦਰਜਾ ਦਿੱਤਾ ਹੈ ਤੇ ਲਿਖਿਆ ਹੈ:

"ਅਸਿ ਕਿਰਪਾਨ ਖੰਡਾ ਖੜਗ ਤਮਰ ਤੁਪਕ ਅਰ ਤੀਰ ॥
ਸੈਫ ਸਰੋਹੀ ਸੈ ਹਥੀ ਯੇਹੀ ਹਮਾਰੇ ਪੀਰ ॥"

ਕੇਵਲ ਇਥੇ ਤੱਕ ਹੀ ਸੀਮਤ ਨਹੀਂ, ਹਥਿਆਰਾਂ ਦੇ 'ਮੁਰਦ' ਸੱਚੇ ਪਾਤਸ਼ਾਹ ਨੇ ਪ੍ਰਮਾਤਮਾ ਨੂੰ ਵੀ ਸ਼ਸਤਰਾਂ ਦੇ ਲਿਸ਼ਕਾਰਿਆਂ 'ਚੋਂ ਦੇਖ ਕੇ ਨਮਸਕਾਰਿਆ ਹੈ । ਕੁਝ ਉਦਾਹਰਣਾਂ ਇਹ ਹਨ:

— ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ । ਸਦਾ ਏਕ ਰੂਪੰ ਸਦਾ ਨਿਰ ਬਿਕਾਰੰ ।
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ । ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ ।
— ਨਮਸਕਾਰਯੰ ਮੋਰ ਤੀਰੰ ਤੁਫੰਗੰ । ਨਮੋ ਖਗ ਅੱਦਗੰ ਅਭੇਯੰ ਅਭੰਗੰ ।
ਗਦਾਯੰ ਗ੍ਰਿਸਟੰ ਨਮੋ ਸੈਹਥੀਅੰ । ਜਿਨੈ ਤੁਲੀਯੰ ਬੀਰ ਬੀਯੋ ਨ ਬੀਯੰ ।

— ਨਮੋ ਚੱਕ੍ਰ ਪਾਣੰ । ਅਭੂਤੰ ਭਜਾਣੰ । ਨਮੋ ਉਗ੍ਰ ਦਾੜ੍ਹੰ । ਮਹਾ ਗ੍ਰਿਸਟ ਗਾਣੰ ।
ਨਮੋ ਤੀਰ ਤੋਪੰ । ਜਿਨੈ ਸਤ੍ਰੂ ਘੋਪੰ । ਨਮੋ ਧੋਪ ਪੱਟੰ । ਜਿਨੈ ਦੁਸਟ ਦੱਟੰ ।

ਸੰਤ ਜਰਨੈਲ ਸਿੰਘ ਜੀ 'ਖਾਲਸਾ' ਹਥਿਆਰਾਂ ਦੀ ਉਪਮਾ ਤੇ ਉਪਾਸ਼ਨਾ ਕਰਨ ਵਾਲੇ ਤੇ ਸਿੱਖਾਂ ਨੂੰ ਹਥਿਆਰ ਰੱਖਣ ਦਾ ਹੁਕਮ ਦੇਣ ਵਾਲੇ ਮਹਾਨ ਸਤਿਗੁਰੂ ਸ੍ਰੀ ਕਲਗੀਧਰ ਦੇ ਪੁੱਤਰ ਹਨ । ਤਾਂ ਫਿਰ ਉਨ੍ਹਾਂ ਵਿਚ ਸ਼ਸਤਰਾਂ ਪ੍ਰਤੀ ਇਹ ਸ਼ਰਧਾ ਭਾਵਨਾ ਤੇ ਜਜ਼ਬਾ ਕਿਵੇਂ ਪੈਦਾ ਨਾ ਹੁੰਦਾ? ਭਿੰਡਰਾਂਵਾਲੇ ਸੰਤ ਖੁਦ ਇਸ ਸਚਾਈ ਨੂੰ ਬਿਆਨਦੇ ਹੋਏ ਕਹਿੰਦੇ ਹਨ:

"ਜਿਹੜਾ ਪੁੱਤਰ ਆਪਣੇ ਪਿਉ ਨਾਲ ਨਹੀਂ ਰਲਦਾ, ਉਸ ਨੂੰ ਪਿਉ ਦਾ ਪੁੱਤਰ ਨਹੀਂ ਕਿਹਾ ਜਾਂਦਾ । ਮੇਰਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਹੈ, ਜਿਸ ਨੂੰ ਕਕਾਰਾਂ ਤੇ ਹਥਿਆਰਾਂ ਨਾਲ ਅੰਤਾਂ ਦਾ ਮੋਹ ਸੀ । ਹਥਿਆਰ ਮਰਦਾਂ ਦਾ ਸ਼ਿੰਗਾਰ ਹੁੰਦੇ ਹਨ, ਜੋਧਿਆਂ ਦੀ ਨਿਸ਼ਾਨੀ ਹੁੰਦੇ ਹਨ । ਜਿਵੇਂ ਭਾਈ ਗੁਰਦਾਸ ਦੂਜੇ ਨੇ ਫੁਰਮਾਇਆ ਹੈ:

"ਵਹ ਪ੍ਰਗਟਿਉ ਮਰਦ ਅਗੰਮੜਾ ਵਰੀਆਮ ਇਕੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।"

ਮੈਂ ਉਹਦਾ ਪੁੱਤਰ ਹਾਂ । ਉਹਦੀ ਚਲਾਈ ਹੋਈ ਟਕਸਾਲ ਹੈ ਤੇ ਮੈਂ ਉਹਦਾ ਸੇਵਾਦਾਰ ਹਾਂ; ਚੌਧਵੀਂ ਥਾਂ ਤੇ । ਗੁਰੂ ਸਾਹਿਬ ਨੇ ਫੁਰਮਾਇਆ ਹੈ:

"ਅਸਿ, ਕ੍ਰਿਪਾਨ, ਖੰਡੋ ਖੜਗ, ਤੁਫੁਕ ਤਬਰ ਅਰ ਤੀਰ ॥
ਸੈਫ, ਸਰੋਹੀ, ਸੈਹਥੀ, ਇਹੈ ਹਮਾਰੇ ਪੀਰ ।"

ਸਿੰਘਾਂ ਵਾਸਤੇ ਹਥਿਆਰ ਰੱਖਣੇ ਜ਼ਰੂਰੀ ਹਨ । ਜਿਹੜਾ ਸਿੱਖ ਹਥਿਆਰ ਨਹੀਂ



Digitized by Panjab Digital Library | www.panjabdigilib.org

ਰੱਖਦਾ, ਉਹ ਭੇਡ ਵਰਗਾ ਲਗਦਾ ਹੈ। ਕਿਹੈ ਗੁਰੂ ਜੀ ਨੇ:

"ਬਿਨਾ ਕੇਸ ਸ਼ਸਤਰ ਨਿਰਾ ਭੇਡ ਜਾਨੋ ॥...
ਇਹੀ ਮੋਰ ਆਗਿਆ ਸੁਣੋ ਹੇ ਪਿਆਰੇ ॥
ਬਿਨਾਂ ਕੇਸ ਸ਼ਸਤਰ ਨਾ ਦਿਆਂ ਦੀਦਾਰੇ ॥"

ਇਸ ਵਾਸਤੇ ਅਸੀਂ ਸ਼ਸਤਰ ਰੱਖਦੇ ਹਾਂ। ਸ਼ਸਤਰ ਰੱਖ ਕੇ ਕਿਸੇ ਨਾਲ ਧੋਖਾ ਕਰਨਾ ਬਹੁਤ ਪਾਪ ਹੈ। ਕਿਸੇ ਸਿੱਖ ਵਾਸਤੇ ਸ਼ਸਤਰ ਰੱਖ ਕੇ ਆਪਣਾ ਹੱਕ ਨਾ ਲੈਣਾ ਵੀ ਬਹੁਤ ਵੱਡਾ ਪਾਪ ਹੈ। ਅਸੀਂ ਨਾ ਤਾਂ ਕਿਸੇ ਦਾ ਘਿਰਾਓ ਕਰਦੇ ਹਾਂ ਅਤੇ ਨਾ ਕੋਈ ਬੰਦਾ ਮਾਰਦੇ ਹਾਂ। ਨਾ ਸ਼ਿਕਾਰ ਖੇਡਦੇ ਹਾਂ। ਨਾ ਕਿਸੇ ਨੂੰ ਬਿਨਾਂ ਕਾਰਨ ਦਬਾਉਂਦੇ ਹਾਂ। ਸ਼ਸਤਰ ਰੱਖੇ ਹਨ ਤੇ ਆਪਣੀ ਰੱਖਿਆ ਵਾਸਤੇ ਰੱਖੇ ਹਨ। ਕਿਉਂਕਿ ਸੰਨ 1978 ਦੀ ਵਿਸਾਖੀ ਦੇ ਦਿਨ 13 ਸਿੰਘ ਸ਼ਹੀਦ ਹੋਏ ਤੇ 78 ਜ਼ਖਮੀਂ ਹੋ ਗਏ। 8 ਕਾਨਪੁਰ ਵਿਚ ਸ਼ਹੀਦ ਹੋ ਗਏ, 2 ਮਧੂਬਨ ਵਿਚ ਸ਼ਹੀਦ ਹੋ ਗਏ। ਇਸ ਵਾਸਤੇ ਇਹ ਹਥਿਆਰ ਰੱਖੇ ਹਨ। ਜੇ ਆਪਣੀ ਰੱਖਿਆ ਕਰਨੀ ਮਾੜੀ ਹੈ ਤਾਂ ਮੈਂ ਪਾਪ ਕਰਦਾ ਹਾਂ। ਜੇਕਰ ਗਰੀਬਾਂ, ਮੁਜ਼ਲੂਮਾਂ ਤੇ ਸਵੈ - ਰੱਖਿਆ ਲਈ ਹਥਿਆਰ ਰੱਖੇ ਪੁੰਨ ਹੈ ਤਾਂ ਮੈਂ ਹਥਿਆਰ ਰੱਖ ਕੇ ਪੁੰਨ ਕਰਦਾ ਹਾਂ। ਮਿਸਾਲ ਵਜੋਂ ਫਿਰੋਜ਼ਪੁਰ ਜ਼ਿਲ੍ਹੇ ਦੀ ਫਾਜ਼ਿਲਕਾ ਤਹਿਸੀਲ ਦੇ ਜਲਾਲਾਬਾਦ ਪਿੰਡ ਵਿਚ ਇਕ ਹਿੰਦੂ ਦੀ ਲੜਕੀ ਕਿਸੇ ਨੇ ਜ਼ਬਰਦਸਤੀ ਘਰ ਪਾ ਲਈ। ਹਥਿਆਰਾਂ ਸਦਕਾ ਉਹੋ ਛੁਡਾ ਕੇ ਉਸ ਨੂੰ ਦਿੱਤੀ। ਲਾਲ ਚੰਦ ਨਾਂ ਸੀ ਹਿੰਦੂ ਦਾ। ਮਾਰਿਆ ਨਹੀਂ ਸੀ ਜਾਬਰ ਨੂੰ, ਓਸੇ ਤਰ੍ਹਾਂ ਹੀ ਛੁਡਾ ਲਿਆ ਸੀ।

ਸ੍ਰੀ ਦਰਬਾਰ ਸਾਹਿਬ ਵਿਚ ਅਗਨ - ਸ਼ਸਤਰ ਲੈ ਕੇ ਜਾਣ ਬਾਰੇ ਵਾਦ ਵਿਵਾਦ ਛਿੜਿਆ ਸੀ, ਜੋ ਖਤਮ ਹੋ ਗਿਆ। ਮਰਯਾਦਾ ਹੈ ਕਿ ਸ਼ਸਤਰ ਲੈ ਕੇ ਦਰਬਾਰ ਸਾਹਿਬ ਜਾਇਆ ਜਾ ਸਕਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਬਾਨੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਸਿੱਖਾਂ ਨੂੰ ਸ਼ਸਤਰ ਤੇ ਘੋੜੇ ਲਿਆਉਣ ਦਾ ਹੁਕਮ ਦਿੱਤਾ ਸੀ। ਅੱਜ ਵੀ ਸ੍ਰੀ ਹਰਿਗੋਬਿੰਦ ਸਾਹਿਬ ਦੇ ਸ਼ਸਤਰ, ਜਿਨ੍ਹਾਂ ਵਿਚ ਉਨ੍ਹਾਂ ਦੇ ਦੋ ਚਾਰ ਪਿਸਤੌਲ ਵੀ ਹਨ, ਸ੍ਰੀ ਅਕਾਲ ਤਖਤ ਸਾਹਿਬ ਤੇ ਸ਼ਸ਼ੋਭਤ ਹਨ ਅਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।"

ਸ਼ਸਤਰਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਹੈ ਕਿ, ਉਹ ਉਸ ਸਿੱਖ ਨੂੰ ਦਰਸ਼ਨ ਨਹੀਂ ਦੇਣਗੇ, ਜੋ ਸ਼ਸਤਰਧਾਰੀ ਨਹੀਂ ਤੇ ਦਸਤਾਰ ਨਹੀਂ ਸਜਾਉਂਦਾ।

ਸ਼ਸਤਰ ਲੁੱਟ - ਖੋਹ ਤੇ ਕਤਲ - ਗ਼ਾਰਤ ਲਈ ਨਹੀਂ ਵਰਤਣੇ ਚਾਹੀਦੇ। ਅਜਿਹਾ ਕਰਨ ਦੀ ਸਾਡੇ ਧਰਮ ਵਿਚ ਮਨਾਹੀ ਹੈ।

ਲੇਕਿਨ ਹਥਿਆਰ ਰੱਖਣੇ ਤੇ ਆਪਣੇ ਹੱਕਾਂ ਲਈ ਨਾ ਲੜਨਾ ਪਾਪ ਹੈ। ਏਸੇ ਤਰ੍ਹਾਂ ਸ਼ਸਤਰ ਪਹਿਨਣੇ ਪਰ ਆਪਣੇ ਧਰਮ ਦੀ ਰੱਖਿਆ ਨਾ ਕਰਨਾ ਵੀ ਪਾਪ ਹੈ।"



Digitized by Panjab Digital Library / www.panjabdigilib.org

# ਸਿਪਾਹੀ:

## ਜਿਸਦੇ ਹੱਥ ਵਿਚ ਮਾਲਾ ਵੀ ਹੈ:

ਭਿੰਡਰਾਂਵਾਲੇ ਸੰਤ ਸ਼ਸ਼ਤਰਧਾਰੀ ਤੇ ਹਥਿਆਰਾਂ ਦੇ ਪੁਜਾਰੀ ਹੋਣ ਦੇ ਨਾਲ ਨਾਲ

ਪਰਮ ਸੰਤ, ਪੂਰਨ ਬ੍ਰਹਮ ਗਿਆਨੀ ਤੇ ਮਹਾਨ ਸਿੱਖ ਮਿਸ਼ਨਰੀ ਵੀ ਹਨ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਹਨ। ਫਿਰ ਨਿਤਨੇਮ ਕਰਦੇ ਹਨ; ਨਾਮ ਜਪਦੇ ਹਨ ਤੇ ਸਿੱਖ ਸੰਗਤਾਂ ਨੂੰ ਨਾਮ ਜਪਾਉਂਦੇ ਹਨ। ਨਿਤਨੇਮ ਤੋਂ ਬਾਅਦ ਬਾਕੀ ਵਕਤ ਦਾ ਬਹੁਤਾ ਹਿੱਸਾ ਗੁਰਬਾਣੀ ਦੀ ਕਥਾ, ਧਰਮ ਪਰਚਾਰ, ਅੰਮ੍ਰਿਤ ਪਰਚਾਰ ਤੇ ਸੰਗਤ ਨਾਲ ਬਚਨ ਬਿਲਾਸ ਵਿਚ ਗੁਜ਼ਾਰਦੇ ਹਨ। ਕਾਵਿਕ ਭਾਸ਼ਾ ਵਿਚ ਸੰਤ ਜੀ ਨੂੰ ਸੰਤ ਸਿਪਾਹੀ ਦਾ ਆਕਰਸ਼ਕ ਸੁਮੇਲ ਹੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਦੇ ਇਕ ਹੱਥ ਵਿਚ ਮਾਲਾ ਤੇ ਦੂਜੇ ਵਿਚ ਤੀਰ ਹੈ।

"ਮੈਂ ਮੁਕੰਮਲ ਤੌਰ ਤੇ ਧਾਰਮਿਕ ਵਿਚਾਰਾਂ ਵਾਲਾ ਵਿਅਕਤੀ ਹਾਂ ਅਤੇ ਮੇਰਾ ਪ੍ਰੋਗਰਾਮ ਸਿੱਖ ਧਰਮ ਦਾ ਪ੍ਰਚਾਰ ਕਰਨਾ ਹੈ" ਗੁਰੂ ਨਾਨਕ ਨਿਵਾਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਜੀ ਨੇ ਇਹ ਗੱਲ ਆਖੀ। ਸੰਤ ਜੀ ਨੇ ਉਨ੍ਹਾਂ ਨੂੰ ਇਹ ਗੱਲ ਵੀ ਚਿਤਾਰੀ ਕਿ, ਜਿਹੜੇ ਅਖਬਾਰ - ਨਵੀਸ ਉਨ੍ਹਾਂ ਨੂੰ ਬਿਨਾਂ ਮਿਲੇ, ਬਿਨਾਂ ਦੇਖੇ ਤੇ ਉਨ੍ਹਾਂ ਦੇ ਸੁਭਾਅ ਤੋਂ ਜਾਣੂ ਹੋਏ ਬਿਨਾਂ ਇਹ ਲਿਖ ਦਿੰਦੇ ਹਨ ਕਿ, "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਹੁਤ ਖਤਰਨਾਕ ਆਦਮੀ ਹਨ", ਉਹ ਚੰਗਾ ਨਹੀਂ ਕਰਦੇ।

ਸੰਤਾਂ ਦੇ ਜੀਵਨ ਦਾ ਮਿਸ਼ਨ ਇਕ ਖੁੱਲ੍ਹੀ ਕਿਤਾਬ ਹੈ, ਜਿਸ ਨੂੰ ਹਰ ਕੋਈ ਪੜ੍ਹ ਸਕਦਾ ਹੈ। ਸੰਤ ਜੀ ਆਪ ਫੁਰਮਾਉਂਦੇ ਹਨ ਕਿ "ਮੇਰਾ ਕੰਮ ਪੋਥੀ ਦਾ ਪਰਚਾਰ ਕਰਨਾ ਹੈ। ਸਿੱਖ ਸੰਗਤਾਂ ਵਿਚ ਕਥਾ ਰਾਹੀਂ ਅਤੇ ਪਰਚਾਰ ਰਾਹੀਂ ਸਿੱਖਾਂ ਦੇ ਅਮਰ ਇਤਿਹਾਸਕ ਵਿਰਸੇ ਦੀ ਚੇਤਨਾ ਕਰਵਾ ਕੇ ਸਿੱਖ ਪੰਥ ਵਿਚ ਜਾਗਰਤੀ ਲਿਆਉਣਾ ਹੈ ਤਾਂ ਜੋ ਸਮੇਂ ਦੀ ਸਰਕਾਰ ਦੀਆਂ 'ਸਿੱਖ ਕੌਮ' ਦੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਦੀਆਂ ਸਭ ਚਾਲਾਂ ਫੇਅਲ ਹੋ ਜਾਣ।"

ਸੰਤ ਜੀ ਇਹ ਵੀ ਕਿਹਾ ਕਰਦੇ ਹਨ ਕਿ "ਮੈਂ ਤਾਂ ਕੇਵਲ ਗੁਰੂ ਦਾ ਸਿੱਖ ਹਾਂ। ਮੇਰਾ ਕੰਮ ਹੈ, ਅੰਮ੍ਰਿਤ ਛਕਾਉਣਾ, ਮੇਰਾ ਕੰਮ ਹੈ ਕਥਾ ਕਰਨੀ ਅਤੇ ਕੀਰਤਨ ਸੁਣਨਾ। ਕੰਮ ਹੈ ਬੇਗੁਰਿਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਉਣਾ ਅਤੇ ਅਕਾਲ ਤਖਤ ਸਾਹਿਬ ਤੇ ਹਰਿਮੰਦਰ ਸਾਹਿਬ ਨਾਲ ਜੋੜਨਾ। ਸਿੱਖ ਨੂੰ ਪੱਕਾ ਸਿੱਖ, ਹਿੰਦੂ ਨੂੰ ਪੱਕਾ ਹਿੰਦੂ ਅਤੇ ਮੁਸਲਮਾਨ ਨੂੰ ਪੱਕਾ ਮੁਸਲਮਾਨ ਬਣਨ ਦੀ ਪ੍ਰੇਰਨਾ ਕਰਨੀ ਮੇਰਾ ਮੁੱਖ ਕੰਮ ਹੈ।"

ਆਪਣੇ ਉਪਰੋਕਤ ਵਿਚਾਰਾਂ ਦੀ ਵਿਆਖਿਆ ਕਰਦਿਆਂ ਸੰਤ ਜੀ ਨੇ ਦੱਸਿਆ ਕਿ:

"ਮੈਂ ਚਾਹੁੰਦਾ ਹਾਂ ਕਿ, ਹਿੰਦੂ ਸੱਚੇ ਹਿੰਦੂ ਬਣਨ, ਹਿੰਦੂਆਂ ਨੂੰ ਆਪਣੇ ਸਿਰ ਤੇ ਬੋਦੀ ਰੱਖਣੀ ਚਾਹੀਦੀ ਹੈ; ਟੋਪੀ ਪਹਿਨਣੀ ਚਾਹੀਦੀ ਹੈ, ਧੋਤੀ ਲਾਉਣੀ ਚਾਹੀਦੀ ਹੈ, ਜਨੇਊ ਪਹਿਨਣਾ ਚਾਹੀਦਾ ਹੈ, 12 ਤਿਲਕ ਲਾਉਣੇ ਚਾਹੀਦੇ ਹਨ, ਗੀਤਾ ਦਾ ਪਾਠ ਕਰਨਾ ਚਾਹੀਦਾ ਹੈ, ਸ਼ਿਵ - ਲਿੰਗ ਦੀ ਪੂਜਾ ਕਰਨੀ ਚਾਹੀਦੀ ਹੈ, ਮੰਦਰ ਜਾਣਾ ਚਾਹੀਦਾ ਹੈ ਤੇ



Digitized by Panjab Digital Library | www.panjabdigilib.org

ਟੱਲੀਆਂ ਵਜਾਉਣੀਆਂ ਚਾਹੀਦੀਆਂ ਹਨ .... ਤੇ ਬੀੜੀ ਸਿਗਰਿਟ ਵੀ ਨਹੀਂ ਪੀਣੀ ਚਾਹੀਦੀ। ਅਸੀਂ ਅਜਿਹੇ ਹਿੰਦੂ ਨੂੰ ਆਪਣਾ ਭਰਾ ਸਮਝਦੇ ਹਾਂ। ਜੇ ਉਹ ਸਾਡੇ ਪਾਸ ਆਏ ਤਾਂ ਅਸੀਂ ਉਸ ਨੂੰ ਸਿਰੋਪਾ ਦਿਆਂਗੇ।

ਏਸੇ ਤਰ੍ਹਾਂ ਇਕ ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨਾ ਚਾਹੀਦਾ ਹੈ : ਕਲਮਾ ਪੜ੍ਹਨਾ ਚਾਹੀਦਾ ਹੈ, ਨਮਾਜ਼ ਅਦਾ ਕਰਨੀ ਚਾਹੀਦੀ ਹੈ, ਕੁਰਾਨ ਪੜ੍ਹਨਾ ਚਾਹੀਦਾ ਹੈ, ਹਜ਼ਰਤ ਮੁਹੰਮਦ ਨੂੰ ਖ਼ੁਦਾ ਦਾ ਪੈਗੰਬਰ ਸਮਝਣਾ ਚਾਹੀਦਾ ਹੈ। ਅਜਿਹੇ ਮੁਸਲਮਾਨ ਨੂੰ ਵੀ ਅਸੀਂ ਆਪਣੇ ਭਰਾ ਦਾ ਦਰਜਾ ਦਿਆਂਗੇ.

... ਤੇ ਸਿੱਖ ਨੂੰ ਸੱਚਾ ਸਿੱਖ ਬਣਨਾ ਚਾਹੀਦਾ ਹੈ : ਦਾੜ੍ਹੀ ਕੇਸ ਰੱਖਣੇ ਚਾਹੀਦੇ ਹਨ, ਰੋਮਾਂ ਦੀ ਬੇਅਦਬੀ ਨਹੀਂ ਕਰਨੀ ਚਾਹੀਦੀ, ਦਸਤਾਰ ਸਜਾਉਣੀ ਚਾਹੀਦੀ ਹੈ, ਕ੍ਰਿਪਾਨ ਪਾਉਣੀ ਚਾਹੀਦੀ ਹੈ, ਅੰਮ੍ਰਿਤ ਛਕਣਾ ਚਾਹੀਦਾ ਹੈ, ਪੰਜ ਕਕਾਰਾਂ ਦਾ ਧਾਰਨੀ ਹੋਣਾ ਚਾਹੀਦਾ ਹੈ ਤੇ ਪੰਜਾਂ ਬਾਣੀਆਂ ਦਾ ਪਾਠ ਕਰਨਾ ਚਾਹੀਦਾ ਹੈ। ਇਹ ਸਾਡਾ ਪਰਚਾਰ ਹੈ।

ਮੈਂ ਕਈ ਵਾਰ ਇਹ ਗੱਲ ਕਹਿ ਚੁੱਕਾ ਹਾਂ ਕਿ ਜਿਹੜਾ ਸਿੱਖ ਅੰਮ੍ਰਿਤਧਾਰੀ ਹੈ, ਕ੍ਰਿਪਾਨ - ਧਾਰੀ ਹੈ ਤੇ ਸ਼ਰਾਬ ਵੀ ਪੀਂਦਾ ਹੈ, ਉਸ ਨੂੰ ਜਿਊਂਦਾ ਸਾੜ ਦੇਣਾ ਚਾਹੀਦਾ ਹੈ। ਅਸੀਂ ਇਸ ਜੁਰਮ ਵਿਚ ਅਦਾਲਤ ਵਿਚ ਪੇਸ਼ ਹੋਣ ਲਈ ਤਿਆਰ ਹਾਂ।

ਇਸ ਦਾ ਮਤਲਬ ਇਹ ਨਹੀਂ ਕਿ, ਹਰ ਆਦਮੀ, ਜੋ ਸ਼ਰਾਬ ਪੀਂਦਾ ਹੈ, ਉਸ ਨੂੰ ਜਲਾ ਦੇਣਾ ਚਾਹੀਦਾ ਹੈ। ਮੈਂ ਸ਼ਰਾਬ ਪੀਣ ਦੇ ਖਿਲਾਫ ਹਾਂ, ਚਾਹੇ ਕੋਈ ਸਿੱਖ ਪੀਂਦਾ ਹੈ ਜਾਂ ਹਿੰਦੂ। ਲੇਕਿਨ ਮੇਰਾ ਪਰਚਾਰ ਖਾਸ ਤੌਰ ਤੇ ਸਿੱਖਾਂ ਲਈ ਹੈ ਕਿਉਂਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਰਾਬ ਪੀਣ ਤੋਂ ਮਨ੍ਹਾਂ ਕੀਤਾ ਹੈ।"

ਦੁਨੀਆਂ ਭਰ ਦੇ ਮਤਾਂ - ਮਤਾਂਤਰਾਂ ਦਾ ਅਧਿਐਨ ਕਰਨ ਪਿੱਛੋਂ ਸੰਤ ਜਰਨੈਲ ਸਿੰਘ ਜੀ ਇਸ ਨਤੀਜੇ ਤੇ ਪਹੁੰਚੇ ਹਨ ਕਿ, ਸਾਰੇ ਮਜ਼੍ਹਬਾਂ ਦੇ ਮੁਕਾਬਲੇ ਵਿਚ ਸਿੱਖ ਮਜ਼੍ਹਬ ਹੀ ਸਭ ਤੋਂ ਚੰਗਾ ਤੇ ਸਰਬ - ਸਾਂਝਾ ਮਜ਼੍ਹਬ ਹੈ। ਆਪਣੇ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਸੰਤ ਜੀ ਹੇਠ ਲਿਖੀਆਂ ਦਲੀਲਾਂ ਦੇ ਕੇ ਕਰਦੇ ਹਨ:

'ਸਾਰੇ ਧਰਮਾਂ ਵਿਚੋਂ ਸਿੱਖ ਧਰਮ ਸ੍ਰੇਸ਼ਟ ਹੈ ਕਿਉਂਕਿ ਕੇਵਲ ਸਿੱਖ ਧਰਮ ਵਿਚ ਹੀ ਸੰਗਤ ਦੀ ਪਰੰਪਰਾ ਚਲੀ ਆਉਂਦੀ ਹੈ। ਹੋਰ ਕਿਸੇ ਧਰਮ ਦੇ ਧਰਮ - ਅਸਥਾਨ ਤੇ ਸੰਗਤ ਨਹੀਂ ਲਗਦੀ।

ਕਿਸੇ ਹੋਰ ਧਰਮ ਦੀ ਧਰਮ - ਪੁਸਤਕ ਵਿਚ ਦੂਜੇ ਧਰਮ ਨਾਲ ਸੰਬੰਧਤ ਵਿਅਕਤੀ ਲਈ ਕਲਿਆਣ ਦਾ ਕੋਈ ਸਾਧਨ ਨਹੀਂ ਸੁਝਾਇਆ ਗਿਆ। ਕੁਰਾਨ ਵਿਚ ਕਿਸੇ ਹਿੰਦੂ ਦੇਵੀ ਦੇਵਤੇ ਦਾ ਜ਼ਿਕਰ ਨਹੀਂ ਕੀਤਾ ਗਿਆ। ਹਿੰਦੂ ਗ੍ਰੰਥਾਂ ਵਿਚ ਕਿਸੇ ਮੁਸਲਿਮ ਪੀਰ ਫ਼ਕੀਰ ਦੀ ਸ਼ੋਭਾ ਨਹੀਂ। ਗੀਤਾ ਦੇ ਅਠਾਰਾਂ ਅਧਿਆਇ ਹਨ; ਕਿਸੇ ਵਿਚ ਵੀ ਇਸਲਾਮ ਬਾਰੇ ਕੁਝ ਨਹੀਂ ਲਿਖਿਆ ਮਿਲਦਾ। ਸਤਿਗੁਰ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੁਲਾਹਾ ਕਬੀਰ ਜੀ ਬੈਠੇ ਹਨ, ਅਤੇ ਰਵਿਦਾਸ ਜੀ ਬੈਠੇ ਹਨ। ਬ੍ਰਾਹਮਣ ਜੈ ਦੇਵ ਵੀ ਬੈਠਾ ਹੈ, ਧੰਨਾ ਜੱਟ ਵੀ, ਛੀਂਬਾ ਨਾਮਦੇਵ ਵੀ ਬੈਠਾ ਹੈ। ਔਗਣਾਂ ਦਾ ਤਿਆਗ ਜੇ ਕੀਤਾ ਹੈ ਤਾਂ ਏਥੇ ਗਣਕਾ ਵੀ ਬੈਠੀ ਹੈ, ਜੇ ਪਾਪਾਂ ਦਾ ਪਸ਼ਚਾਤਾਪ ਕਰ ਕੇ ਗੁਰਮਤਿ ਵਿਚ ਲੱਗਾ ਹੈ ਤਾਂ ਅਜੈ ਮੱਲ ਵੀ ਬੈਠਾ ਹੈ ਤੇ ਸਦਨਾ ਕਸਾਈ ਵੀ ਬੈਠਾ ਹੈ। ਇਸ ਵਾਸਤੇ ਸਾਰਿਆਂ ਦਾ ਸਾਂਝਾ ਇਸ਼ਟ ਗੁਰੂ ਗ੍ਰੰਥ ਸਾਹਿਬ ਹੈ -

"ਉਹ ਸਾਂਝਾ ਸਾਹਿਬ ਬਾਪ ਹਮਾਰਾ। ਨਾਨਕ ਆਖੁਟ ਭੰਡਾਰਾ।"



Digitized by Panjab Digital Library / www.panjabdigilib.org

ਇਕੋ ਇਕ ਸਿੱਖਾਂ ਦਾ ਗੁਰਦੁਆਰਾ ਹੈ, ਜਿੱਥੇ ਕੋਈ ਵੀ ਵਿਅਕਤੀ ਬਿਨਾਂ ਕਿਸੇ ਮਜ਼ਬੀ ਵਿਤਕਰੇ ਦੇ ਤੇ ਜ਼ਾਤਪਾਤ ਦੇ ਵਿਤਕਰੇ ਦੇ, ਆਪਣੀ ਸ਼ਰਧਾ ਦੇ ਫੁੱਲ ਭੇਟ ਕਰ ਸਕਦਾ ਹੈ। ਬਾਕੀ ਸਾਰੇ ਮਜ਼ਬਾਂ ਵਿਚ ਇਸ ਤਰ੍ਹਾਂ ਨਹੀਂ। 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਸੂਚਕ ਹੈ ਤਾਂ ਕੇਵਲ ਸਿੱਖ ਹੈ। ਇਸ ਵਾਸਤੇ ਸਿੱਖ ਧਰਮ ਸਭ ਧਰਮਾਂ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ।"



Digitized by Panjab Digital Library | www.panjabdigilib.org

# ਜੰਗਜੂ ਜਰਨੈਲ:

## ਜੋ ਸਿੱਖ ਨੌਜਵਾਨਾਂ ਦਾ ਪ੍ਰੇਰਨਾ - ਸਰੋਤ ਹੈ:

ਨੌਜਵਾਨ ਸ਼ਕਤੀ ਇਕ ਅਜਿਹੀ ਅਥਾਹ ਸ਼ਕਤੀ ਹੈ, ਜੋ ਦੇਸ਼ ਕੌਮ ਦੀ ਤੇ ਸੰਬੰਧਿਤ ਪਾਰਟੀ ਦੀ ਕਾਇਆ ਪਲਟ ਸਕਦੀ ਹੈ; ਤਕਦੀਰ ਬਦਲ ਸਕਦੀ ਹੈ ਬਸ਼ਰਤੇ ਕਿ ਇਸ ਨੂੰ ਠੀਕ ਢੰਗ ਨਾਲ ਜਥੇਬੰਦ ਕਰ ਕੇ, ਤਨਜ਼ੀਮੀ ਜ਼ਾਬਤੇ ਵਿਚ ਬੰਨ੍ਹ ਕੇ ਤੇ ਠੀਕ ਸੇਧ ਦੇ ਕੇ ਸਹੀ ਰਸਤੇ 'ਤੇ ਤੌਰਿਆ ਜਾ ਸਕੇ। ਯੁਵਾ - ਸ਼ਕਤੀ ਦੀ ਇਸ ਮਹੱਤਤਾ ਨੂੰ ਮੁੱਖ ਰੱਖ ਕੇ ਹੀ ਦੇਸ਼ ਦੀ ਹਰ ਸਿਆਸੀ, ਸਮਾਜੀ ਤੇ ਮਜ਼ਬੀ ਪਾਰਟੀ ਨੇ ਇਸ ਨੂੰ ਆਪੋ ਆਪਣੀ ਪਾਰਟੀ ਦੇ ਨੌਜਵਾਨ ਵਿੰਗ ਦੇ ਤੌਰ ਤੇ ਜਾਂ ਅਲੱਗ ਝੰਡੇ ਹੇਠਾਂ ਸਹਿਯੋਗੀ ਸੰਸਥਾ ਦੇ ਤੌਰ ਤੇ ਗਠਿਤ ਕਰਨ ਦਾ ਉਪਰਾਲਾ ਕੀਤਾ।

ਸਿੱਖ ਰਾਜਨੀਤੀ ਵਿਚ ਨੌਜਵਾਨ ਸ਼ਕਤੀ ਨੂੰ ਜਥੇਬੰਦ ਕਰਨ ਦੀ ਲੋੜ ਨੂੰ ਸਵਰਗਵਾਸੀ ਮਾਸਟਰ ਤਾਰਾ ਸਿੰਘ ਨੇ 1947 ਵਿਚ ਹੋਈ ਮੁਲਕ ਦੀ ਤਕਸੀਮ ਤੋਂ ਚਾਰ ਪੰਜ ਸਾਲ ਪਹਿਲਾਂ ਮਹਿਸੂਸ ਕੀਤਾ ਤੇ ਸਿੱਖ ਵਿਦਿਆਰਥੀਆਂ ਵਲੋਂ 'ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ' ਨਾਂ ਦੀ ਵਿਦਿਆਰਥੀ ਜਥੇਬੰਦੀ ਖੜ੍ਹੀ ਕਰਵਾਈ। ਇਹ ਸੰਸਥਾ ਦਰਅਸਲ ਕਮਿਊਨਿਸਟ - ਨਿਵਾਜ਼ ਪਾਰਟੀ 'ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ' ਦੇ ਮੁਕਾਬਲੇ ਵਿਚ ਖੜ੍ਹੀ ਕੀਤੀ ਗਈ ਸੀ, ਕਿਉਂਕਿ ਉਨ੍ਹਾਂ ਦਿਨੀਂ ਦੇਸ਼ ਵਿਚ ਤੇ ਖਾਸ ਕਰਕੇ ਪੰਜਾਬ ਵਿਚ ਮਾਰਕਸੀ ਵਿਚਾਰਧਾਰਾ ਦਾ ਜ਼ੋਰ ਵਧਦਾ ਜਾ ਰਿਹਾ ਸੀ। ਅੱਜ ਵਾਂਗ ਉਸ ਵਕਤ ਵੀ ਸਿੱਖ ਨੌਜਵਾਨ ਪਤਿਤ ਹੋਣੇ ਸ਼ੁਰੂ ਹੋ ਗਏ ਸਨ; ਕੇਸ ਕਟਾਉਣ ਲੱਗ ਪਏ ਸਨ; ਅਫੀਮ, ਡੋਡੇ ਤੇ ਸ਼ਰਾਬ ਦੀ ਖੁੱਲ੍ਹੀ ਵਰਤੋਂ ਕਰਨ ਲੱਗ ਪਏ ਸਨ ਤੇ ਸਿੱਖੀ ਤੋਂ ਕੋਹਾਂ ਦੂਰ ਚਲੇ ਗਏ ਸਨ। ਕੁਰਾਹੇ ਪੈ ਚੁੱਕੇ ਅਜਿਹੇ ਨੌਜਵਾਨ ਵਿਦਿਆਰਥੀਆਂ ਨੂੰ ਨਾਸਤਕਤਾ ਦੇ ਹੜ੍ਹ ਵਿਚ ਰੁੜ੍ਹਨ ਤੋਂ ਬਚਾਉਣਾ, ਨਸ਼ਿਆਂ ਤੇ ਹੋਰ ਮਾੜੀਆਂ ਆਦਤਾਂ ਤੋਂ ਬਚਾਉਣਾ ਤੇ ਸਿੱਖੀ ਜੀਵਨ ਵੱਲ ਪ੍ਰੇਰ ਕੇ ਪੰਥਕ ਝੰਡੇ ਹੇਠ ਲਾਮ - ਬੰਦ ਕਰਨਾ ਉਸ ਵੇਲੇ ਦੀ ਸਿੱਖ ਸਟੂਡੈਂਟ ਸੰਸਥਾ ਦਾ ਮੁੱਖ ਉਦੇਸ਼ ਸੀ। ਉਨ੍ਹੀਂ ਦਿਨੀਂ ਮਾਸਟਰ ਤਾਰਾ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਵਲੋਂ ਸਹੀ ਮਾਰਗ - ਦਰਸ਼ਨ ਹੋਣ ਸਦਕਾ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਿੱਖੀ ਨੂੰ ਮਾਰਕਸਵਾਦੀ ਢਾਹ ਲੱਗਣ ਤੋਂ ਬਚਾਅ ਕੇ ਇਤਿਹਾਸਕ ਰੋਲ ਅਦਾ ਕੀਤਾ। ਉਸ ਵੇਲੇ ਦੀ ਸਿੱਖ ਵਿਦਿਆਰੀ ਲਹਿਰ ਦੇ ਵਰਨਣਯੋਗ ਆਗੂ ਇਹ ਸਨ: ਸਰਵ - ਸਰਦਾਰ ਸੋਹਣ ਸਿੰਘ ਦੋਸਾਂਝ - ਦੋਸਾਂਝ ਕਲਾਂ, ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਤੇ ਦੁਆਬਾ ਕਾਲਜ ਜਲੰਧਰ ਦਾ ਵਿਦਿਆਰਥੀ ਸੀ। ਕੋ - ਅਪਰੇਟਿਵ ਮਹਿਕਮੇ ਤੇ ਮਾਰਕਫੈਡ ਵਿਚ ਉਚ - ਅਧਿਕਾਰੀ ਬਣਨ ਪਿੱਛੋਂ ਉਸ ਨੇ ਆਪਣੇ ਨਾਂ ਨਾਲੋਂ 'ਦੋਸਾਂਝ' ਸ਼ਬਦ ਹਟਾ ਦਿੱਤਾ। ਉਮਰਾਓ ਸਿੰਘ (ਕਾਂਗਰਸ ਵਿਚ ਚਲਾ ਗਿਆ ਸੀ ਤੇ ਵਜ਼ੀਰ ਰਹਿ ਚੁੱਕਾ ਹੈ), ਸੁਰਜੀਤ ਸਿੰਘ ਮਿਨਹਾਸ (ਅਜੇ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਵਫ਼ਾਦਾਰ ਸਿਪਾਹੀ ਹੈ ਤੇ ਜਲੰਧਰ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਰਹਿ ਚੁੱਕਾ ਹੈ, ਭਰਪੂਰ ਸਿੰਘ ਤੇ ਸਤਿਬੀਰ ਸਿੰਘ ਆਦਿ।

ਮਾਸਟਰ ਤਾਰਾ ਸਿੰਘ ਦੇ ਸਿਆਸੀ ਜ਼ਵਾਲ ਨਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਵੀ ਜ਼ਵਾਲ ਸ਼ੁਰੂ ਹੋ ਗਿਆ ਤੇ ਇਸ ਦੀਆਂ ਸਰਗਰਮੀਆਂ ਨਾਮ - ਮਾਤਰ ਬਾਕੀ ਰਹਿ ਗਈਆਂ।



Digitized by Panjab Digital Library | www.panjabdigilib.org

1962 ਤੋਂ 1972 ਤੱਕ ਸਿੱਖ ਸਿਆਸਤ ਵਿਚ ਸੰਤ ਬਾਬਾ ਫਤਹਿ ਸਿੰਘ ਜੀ ਦੀ ਚੜ੍ਹਤ ਰਹੀ। ਇਸ ਅਰਸੇ ਦੌਰਾਨ ਸੰਤ ਫਤਹਿ ਸਿੰਘ ਜੀ ਨੇ ਯੁਵਾ - ਸ਼ਕਤੀ ਤੇ ਵਿਦਿਆਰਥੀ ਸ਼ਕਤੀ ਦੀ ਅਹਿਮੀਅਤ ਨੂੰ ਨਾ ਸਮਝਿਆ, ਜਿਸ ਕਾਰਨ ਇਹ ਸ਼ਕਤੀ ਪੰਥਕ ਹਿਤਾਂ ਲਈ ਨਾ ਵਰਤੀ ਜਾ ਸਕੀ। 1972 ਤੋਂ 1980 ਤੱਕ ਧੜਿਆਂ ਵਿਚ ਵੰਡੀ ਅਕਾਲੀ ਲੀਡਰਸ਼ਿਪ ਨੇ ਵੀ ਇਸ 'ਸ਼ਕਤੀ' ਵੱਲ ਕੋਈ ਖਾਸ ਧਿਆਨ ਨਾ ਦਿੱਤਾ, ਜਿਸ ਕਾਰਨ 'ਸਿੱਖ ਨੌਜਵਾਨ ਸ਼ਕਤੀ' ਮਾਯੂਸ ਹੋ ਕੇ ਘਰ ਬੈਠੀ ਰਹੀ ਜਾਂ ਪੰਥ - ਵਿਰੋਧੀ ਸ਼ਕਤੀਆਂ ਦੇ ਹੱਥਾਂ ਵਿਚ ਖੇਡਦੀ ਰਹੀ। ਇਸ ਦੌਰ ਦਾ ਮਾੜਾ ਪੱਖ ਇਹ ਵੀ ਹੈ ਕਿ ਅਕਾਲੀ ਲੀਡਰਾਂ ਦੀ ਅਣਗਹਿਲੀ ਤੇ ਕੁਝ ਕਮਿਊਨਿਸਟ - ਪੱਖੀ ਅਕਾਲੀ ਆਗੂਆਂ ਦੀ ਕਿਰਪਾ ਦ੍ਰਿਸ਼ਟੀ ਸਦਕਾ ਸੱਜੇ, ਖੱਬੇ ਤੇ ਨਕਸਲੀ ਕਾਮਰੇਡਾਂ ਨੇ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਵਿਚ ਸੈੱਲ ਕਾਇਮ ਕਰ ਲਏ ਤੇ 'ਸ਼ੈਤਾਨ' ਨੇ ਸਿੱਖੀ ਬਾਣਾ ਪਹਿਨ ਕੇ 'ਕੁਰਾਨ' ਪੜ੍ਹਨਾ ਸ਼ੁਰੂ ਕਰ ਦਿੱਤਾ।

ਸਿੱਖ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਸਾਲਾਂ ਬੱਧੀ ਤੁਰੇ ਆ ਰਹੇ ਹਨੇਰੇ 'ਚੋਂ ਰੋਸ਼ਨੀ ਦੀ ਲਕੀਰ 1978 ਦੀ ਵਿਸਾਖੀ ਨੂੰ ਦਿਖਾਈ ਦਿੱਤੀ, ਜਦੋਂ ਨੌਜਵਾਨ ਸਿੱਖ ਮਿਸ਼ਨਰੀ ਆਗੂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਸਿਤਾਰਾ ਪੰਥਕ ਆਕਾਸ਼ ਵਿਚ ਦੇਖਿਆ ਗਿਆ ਤੇ ਦਿਨ ਪਰ ਦਿਨ ਤੇਜ਼ ਤੋਂ ਤੇਜ਼ ਚਮਕਣਾ ਸ਼ੁਰੂ ਹੋ ਗਿਆ।

ਸਿੱਖ ਨੌਜਵਾਨਾਂ ਵਿਚ ਲੀਡਰਸ਼ਿਪ ਦੀ ਜੋ ਘਾਟ ਕਾਫੀ ਅਰਸੇ ਤੋਂ ਮਹਿਸੂਸ ਹੋ ਰਹੀ ਸੀ, ਉਹ 31 ਮਈ 1981 ਨੂੰ ਪੂਰੀ ਹੁੰਦੀ ਦਿਖਾਈ ਦਿੱਤੀ ਜਦ ਸਿੱਖ ਪੰਥ ਦੇ ਸ਼ੇਰਦਿਲ, ਨਿਧੜਕ, ਜੁਝਾਰੂ ਤੇ ਜੰਗਜੂ ਜਰਨੈਲ ਸਿੰਘ ਸੰਤ ਜਰਨੈਲ ਸਿੰਘ ਖਾਲਸਾ ਨੇ ਅੰਮ੍ਰਿਤਸਰ ਵਿਚ ਸਿੰਘਾਂ ਦੇ ਤਮਾਖੂ - ਵਿਰੋਧੀ ਵਿਸ਼ਾਲ ਮਾਰਚ ਦੀ ਅਗਵਾਈ ਕੀਤੀ। ਏਸੇ ਦਿਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਤੇ ਜਨਰਲ ਸਕੱਤਰ ਸਰਦਾਰ ਹਰਮਿੰਦਰ ਸਿੰਘ ਸੰਧੂ ਸਿੱਖ ਜਗਤ ਵਿਚ ਉਭਰ ਕੇ ਸਾਹਮਣੇ ਆਏ, ਜਿਨ੍ਹਾਂ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ 'ਪਵਿੱਤਰ ਸ਼ਹਿਰ' ਬਣਵਾਉਣ ਦੇ ਅੰਦੋਲਨ ਨੂੰ ਪ੍ਰਚਾਰਨ ਤੇ ਉਭਾਰਨ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਸੀ।

ਇਸ ਤੋਂ ਬਾਅਦ ਜਦ ਸਿੱਖ ਪੰਥ ਦਾ ਸੰਕਟ ਡੂੰਘਾ ਹੁੰਦਾ ਚਲਾ ਗਿਆ, ਜਦ ਸੰਤਾਂ ਮਹਾਂਪੁਰਸ਼ਾਂ ਨੂੰ 'ਕਾਤਲ' ਕਰਾਰ ਦਿੱਤਾ ਜਾਣ ਲੱਗ ਪਿਆ, ਜਦ 20 ਸਤੰਬਰ 1981 ਨੂੰ ਭਿੰਡਰਾਂਵਾਲੇ ਸੰਤਾਂ ਨੇ ਗ੍ਰਿਫਤਾਰੀ ਦਿੱਤੀ, ਜਦ 19 ਜੁਲਾਈ 1982 ਨੂੰ ਭਾਈ ਅਮਰੀਕ ਸਿੰਘ ਨੂੰ ਗ੍ਰਿਫਤਾਰ ਕਰਕੇ ਸੀਖਾਂ ਉਹਲੇ ਭੇਜ ਦਿੱਤਾ ਗਿਆ, ਜਦ 20 ਜੁਲਾਈ 1982 ਨੂੰ ਭਿੰਡਰਾਂਵਾਲੇ ਸੰਤਾਂ ਨੇ ਸਰਕਾਰੀ ਅੱਤਿਆਚਾਰਾਂ ਵਿਰੁੱਧ ਅੰਮ੍ਰਿਤਸਰ ਵਿਚ ਮੋਰਚਾ ਲਾਇਆ ਤੇ ਜਦ 4 ਅਗਸਤ 1982 ਨੂੰ ਅਕਾਲੀ ਲੀਡਰਸ਼ਿਪ ਵੀ ਅੰਮ੍ਰਿਤਸਰ ਤੋਂ 'ਧਰਮ ਯੁੱਧ' ਮੋਰਚਾ ਆਰੰਭ ਕਰਨ ਲਈ ਮਜ਼ਬੂਰ ਹੋਈ ਤਾਂ ਸੰਕਟ - ਗ੍ਰਸਤ ਸਿੱਖ - ਸਿਆਸਤ ਦੇ ਹਰ ਮੋੜ 'ਤੇ ਭਿੰਡਰਾਂਵਾਲੇ ਸੰਤਾਂ ਦੀ ਚਮਤਕਾਰੀ ਸਖਸ਼ੀਅਤ ਸਿੱਖ ਨੌਜਵਾਨਾਂ ਦੇ ਲੱਖਾਂ ਦਿਲਾਂ ਦੀ ਧੜਕਣ ਬਣਦੀ ਚਲੀ ਗਈ ਚਾਹੇ ਉਹ ਨੌਜਵਾਨ ਦਿਲ 'ਸਿੱਖ ਸਟੂਡੈਂਟਸ਼ ਫੈਡਰੇਸ਼ਨ' ਵਿਚ ਧੜਕ ਰਹੇ ਸਨ ਜਾਂ ਦੂਜੀ ਕਿਸੇ ਥਾਂ ਵੱਖੋ ਵੱਖ ਕੰਮਾਂ ਧੰਦਿਆਂ ਵਿਚ ਰੁੱਝੇ ਹੋਏ ਸਨ।

ਨੌਜਵਾਨ ਸਿੱਖ ਵਿਦਿਆਰਥੀ ਆਗੂ ਸਰਦਾਰ ਹਰਮਿੰਦਰ ਸਿੰਘ ਸੰਧੂ ਨੇ ਸਮੁੱਚੇ ਸਿੱਖ ਯੁਵਾ ਵਰਗ ਵਲੋਂ ਜਿਨ੍ਹਾਂ ਸ਼ਬਦਾਂ ਵਿਚ ਸੰਤ ਜਰਨੈਲ ਸਿੰਘ ਜੀ ਦੇ ਨੇਤਰਤਵ ਨੂੰ ਜੀ ਆਇਆ ਆਖਿਆ, ਉਹ ਹੇਠਾਂ ਦਿੱਤੇ ਜਾ ਰਹੇ ਹਨ:

"ਸਿੱਖ ਨੌਜਵਾਨ ਪੀੜ੍ਹੀ ਇਕ ਆਦਰਸ਼ਵਾਦੀ ਲੀਡਰ ਦੀ ਭਾਲ ਵਿਚ ਸੀ। ਸਿੱਖ ਨੌਜਵਾਨ ਗਤੀਸ਼ੀਲ ਲੀਡਰਸ਼ਿਪ ਚਾਹੁੰਦੇ ਸਨ ਜੋ ਪੰਥਕ ਪਲੇਟਫਾਰਮ ਤੇ ਆਈ ਖੜੋਤ ਅਤੇ



Digitized by Panjab Digital Library | www.panjabdigilib.org

ਨਾ - ਅਹਿਲੀਅਤ ਨੂੰ ਤੋੜ ਸਕੇ। ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲਿਆਂ ਦਾ ਸਿੱਖਾਂ ਦੇ ਧਾਰਮਿਕ ਰਾਜਨੀਤਕ ਮੰਚ ਤੇ ਪ੍ਰਵੇਸ਼ ਅਤੇ ਚੜ੍ਹਤ ਨਾਲ ਸਿੱਖ ਇਤਿਹਾਸ ਵਿਚ ਇਕ ਨਵੇਂ ਕਾਂਡ ਦਾ ਆਰੰਭ ਹੋਇਆ। ਭਿੰਡਰਾਂਵਾਲੇ ਸੰਤਾਂ ਨੇ ਸੱਚੇ ਧਰਮ ਅਤੇ ਸੱਚੀ ਰਾਜਨੀਤੀ ਦਾ ਪ੍ਰਚਾਰ ਕੀਤਾ। ਭ੍ਰਿਸ਼ਟਾਚਾਰੀ, ਪਖੰਡੀ ਤੇ ਝੂਠੀ ਰਾਜਨੀਤੀ ਦਾ ਡਟ ਕੇ ਵਿਰੋਧ ਕੀਤਾ ਅਤੇ ਗਲੇ ਸੜੇ ਢਾਂਚੇ ਨੂੰ ਬਦਲਣ ਲਈ ਨੌਜਵਾਨ ਪੀੜ੍ਹੀ ਨੂੰ ਸੱਦਾ ਦਿੱਤਾ।

ਭਿੰਡਰਾਂਵਾਲੇ ਸੰਤਾਂ ਵਲੋਂ ਇਸ ਸੰਕਟਮਈ ਦੌਰ ਵਿਚ ਦਿੱਤੀ ਗਈ ਅਗਵਾਈ ਸਿੱਖ ਕੌਮ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੋਵੇਗੀ। ਅਜੋਕੀ ਨੌਜਵਾਨ ਪੀੜ੍ਹੀ ਜਿਥੇ ਉਨ੍ਹਾਂ ਤੋਂ ਅਗਵਾਈ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ, ਕੇਸਰੀ ਨਿਸ਼ਾਨ ਸਾਹਿਬ ਦੀ ਬੁਲੰਦੀ ਤੇ ਖਾਲਸਈ ਬੋਲਬਾਲੇ ਦੇ ਸੰਕਲਪ ਲਈ ਕਮਰ - ਕੱਸੇ ਕਰ ਕੇ ਮੈਦਾਨ ਵਿਚ ਨਿੱਤਰੀ ਹੈ, ਉਥੇ ਆਉਣ ਵਾਲੀਆਂ ਨਸਲਾਂ ਵੀ ਉਨ੍ਹਾਂ ਦੀ ਉੱਚੀ ਤੇ ਸੁੱਚੀ ਆਦਰਸ਼ਵਾਦੀ ਸ਼ਖਸੀਅਤ ਤੋਂ ਇਕ ਚਾਨਣ - ਮੁਨਾਰੇ ਦੇ ਰੂਪ ਵਿਚ ਰੌਸ਼ਨੀ ਲੈਣਗੀਆਂ।

ਗੁਰਬਾਣੀ ਤੇ ਅਟੁੱਟ ਵਿਸ਼ਵਾਸ਼, ਸਿੱਖੀ ਸਿਧਾਂਤ ਦੀ ਸੂਝ, ਸੁਭਾਅ ਦੀ ਨਿਮਰਤਾ, ਏਕਤਾ ਦੀ ਇੱਛਾ, ਪੰਥ ਦੀ ਚੜ੍ਹਦੀ ਕਲਾ ਲਈ ਮਰ ਮਿਟਣ ਦਾ ਚਾਅ, ਦਿਨ ਰਾਤ ਸਿੱਖੀ ਪਰਚਾਰ ਦੀ ਲਗਨ ਅਤੇ ਸਰਕਾਰ ਦੇ ਜਬਰ ਵਿਰੁੱਧ ਬੇਖੌਫ ਹੋ ਕੇ ਡਟ ਜਾਣ, ਹੱਕ - ਸੱਚ - ਇਨਸਾਫ ਲਈ ਪਹਿਰਾ ਦੇਣ, ਮਜ਼ਲੂਮਾਂ ਦੀ ਹਮਾਇਤ ਕਰਨ, ਸਿੱਖ ਸੰਗਤਾਂ ਦਾ ਆਦਰ - ਸਤਿਕਾਰ ਕਰਨ ਤੇ ਮੇਲ - ਮਿਲਾਪ ਚਾਹੁਣ ਵਾਲੇ ਵਿਸ਼ਾਲ ਹਿਰਦੇ ਨੇ ਉਨ੍ਹਾਂ ਦੀ ਸ਼ਖਸੀਅਤ ਨੂੰ ਵਿਸ਼ਵ ਮੰਚ 'ਤੇ ਦੁਨੀਆਂ ਦੇ ਪਹਿਲੀ ਕਤਾਰ ਦੇ ਮੋਹਰੀਆਂ ਵਿਚ ਲਿਆ ਖੜ੍ਹਾ ਕੀਤਾ ਹੈ। ਕੌਮੀ ਤੇ ਕੌਮਾਂਤਰੀ ਪ੍ਰੈਸ ਉਨ੍ਹਾਂ ਨੂੰ ਯਹੂਦੀ, ਫਲਸਤੀਨੀ, ਈਰਾਨੀ ਤੇ ਮੀਜ਼ੋ ਇਨਕਲਾਬੀ ਆਗੂਆਂ ਨਾਲ ਤੁਲਨਾ ਦੇਣ ਲੱਗ ਪਿਆ ਹੈ। ਪਰ ਉਹ ਸਿੱਖੀ ਸਿਧਾਂਤ ਅਨੁਸਾਰ 'ਸੰਤ - ਸਿਪਾਹੀ' ਅਤੇ 'ਵਿਦਵਾਨ' ਦਾ ਪੂਰਾ ਸੁਮੇਲ ਹਨ। ਉਹ ਅਜੋਕੇ ਯੁਗ ਦੀਆਂ ਅਣਮਨੁੱਖੀ ਕਦਰਾਂ ਕੀਮਤਾਂ ਨੂੰ ਸਿੱਖ ਧਰਮ ਦੀਆਂ ਉੱਚੀਆਂ ਸੁੱਚੀਆਂ ਰਵਾਇਤਾਂ ਮੁਤਾਬਿਕ ਬਦਲਣ ਲਈ ਦ੍ਰਿੜ ਹਨ। ਇਕ ਉਰਦੂ ਸ਼ਾਇਰ ਦਾ ਇਹ ਸ਼ਿਅਰ ਭਿੰਡਰਾਂਵਾਲੇ ਸੰਤਾਂ ਦੇ ਵਿਅਕਤੀਤਵ ਉਤੇ ਪੂਰੀ ਤਰ੍ਹਾਂ ਢੁਕਦਾ ਹੈ:

"ਏਕ ਵੋਹ ਜੋ ਚਲਤੇ ਹੈਂ ਜ਼ਮਾਨੇ ਕੇ ਸਾਥ
ਮਰਦ ਵੋਹ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।"



Digitized by Panjab Digital Library / www.panjabdigilib.org

# ਸੰਤਾਂ ਦਾ ਨਿੱਤਨੇਮ

ਸੰਤ ਜਰਨੈਲ ਸਿੰਘ ਜੀ 'ਖਾਲਸਾ' ਭਿੰਡਰਾਂਵਾਲੇ ਬ੍ਰਹਮ - ਗਿਆਨ ਦੀ ਉਸ ਅਵਸਥਾ ਵਿਚ ਪਹੁੰਚ ਚੁੱਕੇ ਹਨ, ਜਿਥੇ ਉਨ੍ਹਾਂ ਦੇ ਦੁਨਿਆਵੀ ਪ੍ਰੋਗਰਾਮ ਕੇਵਲ ਦਿਖਾਵੇ ਮਾਤਰ ਰਹਿ ਗਏ ਹਨ। ਜੇ ਇਹ ਕਿਹਾ ਜਾਏ ਕਿ, ਉਹ 24 ਘੰਟੇ ਨਹੀਂ ਸੌਂਦੇ, ਹਰ ਵਕਤ ਜਾਗਦੇ ਰਹਿੰਦੇ ਹਨ ਤੇ ਮਾੜਾ ਮੋਟਾ ਉਂਘਲਾਉਣ ਨਾਲ ਜਾਂ ਅੱਖ ਝਮਕਣ ਨਾਲ ਹੀ ਨੀਂਦ ਪੂਰੀ ਕਰ ਲੈਂਦੇ ਹਨ ਤਾਂ ਇਸ ਕਥਨ ਵਿਚ ਕੋਈ ਅਤਿਕਥਨੀ ਨਹੀਂ। ਲੇਕਿਨ ਸੇਵਕਾਂ ਤੇ ਸ਼ਰਧਾਲੂਆਂ ਪਾਸੋਂ ਉਹ ਰੂਹਾਨੀਅਤ ਦੀ ਉਚ - ਅਵਸਥਾ ਛੁਪਾਈ ਰੱਖਣ ਤੇ ਸਾਧਾਰਨ ਸੰਤਾਂ ਵਾਲਾ ਭਰਮ ਬਣਾਈ ਰੱਖਣ ਲਈ ਸਾਧਾਰਨ ਵਿਅਕਤੀਆਂ ਵਾਂਗ ਹੀ ਸੌਂਦੇ, ਜਾਗਦੇ, ਉਠਦੇ, ਬਹਿੰਦੇ, ਨਿਤਨੇਮ ਕਰਦੇ ਤੇ ਨਿਸਚਿਤ ਪ੍ਰੋਗਰਾਮ ਅਨੁਸਾਰ ਹੋਰ ਕਾਰਜ ਕਰਦੇ ਹਨ ਸੰਤ ਜੀ ਦਾ ਅਜਿਹਾ ਕਾਰਜ - ਕਰਮ ਅੱਗੇ ਦਿੱਤਾ ਜਾ ਰਿਹਾ ਹੈ।

## ਪਾਠ ਪੂਜਾ

ਸੰਤ ਜਰਨੈਲ ਸਿੰਘ ਜੀ ਤੜਕੇ ਤਿੰਨ ਵਜੇ ਜਾਗ ਪੈਂਦੇ ਹਨ। ਰਾਤ ਨੂੰ ਸੌਣ ਵੇਲੇ ਬੇਸ਼ਕ ਇਕ ਜਾਂ ਦੋ ਦਾ ਟਾਈਮ ਵੀ ਕਿਉਂ ਨਾ ਹੋ ਜਾਏ ਪਰ ਜਾਗਣ ਦਾ ਟਾਈਮ ਤਿੰਨ ਵਜੇ ਹੀ ਰਹਿੰਦਾ ਹੈ। ਜਾਗਣ ਪਿੱਛੋਂ ਉਹ ਜੰਗਲ ਮੈਦਾਨ ਮਾਰ ਕੇ ਇਸ਼ਨਾਨ ਕਰਦੇ ਹਨ ਤੇ ਫਿਰ ਅੰਮ੍ਰਿਤ ਵੇਲੇ ਦਾ ਨਿੱਤਨੇਮ ਆਰੰਭ ਕਰ ਦਿੰਦੇ ਹਨ। ਉਨ੍ਹਾਂ ਵਲੋਂ ਅੰਮ੍ਰਿਤ ਵੇਲੇ ਪੜ੍ਹੀਆਂ ਜਾਣ ਵਾਲੀਆਂ 5 ਬਾਣੀਆਂ ਇਹ ਹਨ:

1 ਜਪੁਜੀ ਸਾਹਿਬ
2 ਜਾਪੁ ਸਾਹਿਬ
3 ਤਵਪ੍ਰਸਾਦਿ ਸਵੱਯੇ
4 ਚੌਪਈ ਸਾਹਿਬ
5 ਪੂਰਾ ਆਨੰਦੁ ਸਾਹਿਬ (40 ਪੌੜੀਆਂ)

ਸੰਤ ਜੀ ਸੂਰਜ ਅਸਤ ਹੋਣ ਸਮੇਂ ਰਹਿਰਾਸਿ ਸਾਹਿਬ ਦਾ ਪਾਠ ਕਰਦੇ ਹਨ ਤੇ ਸੌਣ ਵੇਲੇ ਕੀਰਤਨ ਸੋਹਿਲਾ ਦਾ। ਰਹਿਤਨਾਮੇ ਅਨੁਸਾਰ ਹਰ ਅੰਮ੍ਰਿਤਧਾਰੀ ਸਿੱਖ ਵਲੋਂ ਰੋਜ਼ਾਨਾ ਪੜ੍ਹੀਆਂ ਜਾਣ ਵਾਲੀਆਂ ਇਨ੍ਹਾਂ ਬਾਣੀਆਂ ਤੋਂ ਇਲਾਵਾ ਸੰਤ ਜਰਨੈਲ ਸਿੰਘ ਜੀ ਦੇ ਨਿਤਨੇਮ ਵਿਚ ਹੋਰ ਕਈ ਬਾਣੀਆਂ ਵੀ ਸ਼ਾਮਿਲ ਹਨ। ਮਿਸਾਲ ਵਜੋਂ ਪੰਜ ਗ੍ਰੰਥੀ, ਸੁਖਮਨੀ ਸਾਹਿਬ, ਆਸਾ ਦੀ ਵਾਰ, ਦੱਖਣੀ ਓਅੰਕਾਰ, ਸਿਧ ਗੋਸ਼ਟ, ਸ਼ਬਦ ਹਜ਼ਾਰੇ, ਸ੍ਰੀ ਜਪੁਜੀ ਸਾਹਿਬ ਦੇ 125-125 ਪਾਠ ਤੇ ਵਾਹਿਗੁਰੂ ਮੰਤ੍ਰ ਅਤੇ ਮੂਲ ਮੰਤ੍ਰ ਦਾ ਅਭਿਆਸ।

## ਭੋਜਨ

ਸੰਤ ਜੀ ਸਾਦੀ ਤੋਂ ਸਾਦੀ ਖੁਰਾਕ ਖਾਂਦੇ ਹਨ। ਸਵੇਰ ਵੇਲੇ ਗਰਮ ਦੁੱਧ ਛਕਦੇ ਹਨ। ਦੁਪਹਿਰ ਵੇਲੇ ਸਾਦਾ ਭੋਜਨ ਖਾਂਦੇ ਹਨ। ਰਾਤੇ ਦੇ ਖਾਣੇ ਵਿਚ ਵੀ ਦਾਲ ਸਬਜ਼ੀ ਤੇ ਰੋਟੀ ਸ਼ਾਮਿਲ ਹੈ।



Digitized by Panjab Digital Library / www.panjabdigilib.org

ਸੰਤ ਜੀ ਹਰ ਤਰ੍ਹਾਂ ਦੀ ਦਾਲ ਸਬਜ਼ੀ ਖਾ ਲੈਂਦੇ ਹਨ। ਲੇਕਿਨ ਉਨ੍ਹਾਂ ਦੀਆਂ ਮਨ - ਚਾਹੀਆਂ ਦਾਲਾਂ ਵਿਚ ਮੂੰਗੀ ਦੀ ਦਾਲ, ਮਸਰ ਤੇ ਮੋਠ ਸ਼ਾਮਿਲ ਹਨ ਤੇ ਸਬਜ਼ੀਆਂ ਵਿਚੋਂ ਉਨ੍ਹਾਂ ਦੀਆਂ ਮਨਪਸੰਦ ਸਬਜ਼ੀਆਂ, ਘੀਆ ਤੋਰੀ, ਘੀਆ ਕੱਦੂ, ਗਾਜਰਾਂ, ਕੱਦੂ ਤੇ ਆਲੂ ਗੋਭੀ ਆਦਿ ਹਨ।

ਸੰਤ ਜੀ ਤਾਜ਼ੇ ਫਲ, ਖੁਸ਼ਕ ਮੇਵੇ, ਖਜੂਰਾਂ ਤੇ ਸ਼ਹਿਦ ਆਦਿ ਕੁਦਰਤ ਦੀਆਂ ਪੈਦਾ ਕੀਤੀਆਂ ਹੋਈਆਂ ਸੱਭੇ ਮਿੱਠੀਆਂ ਵਸਤਾਂ ਦਾ ਸੇਵਨ ਵੀ ਕਦੀ ਕਦਾਈਂ ਕਰ ਲੈਂਦੇ ਹਨ ਪਰ ਇਹ ਚੀਜ਼ਾਂ ਸੰਤਾਂ ਦੀ ਰੋਜ਼ਾਨਾ ਖੁਰਾਕ ਦਾ ਹਿੱਸਾ ਨਹੀਂ। ਸੰਤ ਜੀ ਨੇ ਕਦੇ ਵੀ ਕਿਸੇ ਟਾਨਿਕ ਦੀ ਵਰਤੋਂ ਨਹੀਂ ਕਰਦੇ ਤੇ ਨਾ ਹੀ ਦੁੱਧ ਨਾਲ ਕੋਈ 'ਗਜ਼ਾ' ਜਾਂ ਬਦਾਮ ਵਗੈਰਾ ਖਾਂਦੇ ਹਨ।

## ਪਹਿਰਾਵਾ

ਸੰਤ ਜੀ ਦੀ ਪੁਸ਼ਾਕ ਵਿਚ ਪੰਜ ਕੱਕਾਰਾਂ ਤੋਂ ਇਲਾਵਾ ਹੇਠ ਲਿਖੇ ਵਸਤਰ ਸ਼ਾਮਿਲ ਹਨ:

1 ਸਾਦੀ ਗੋਲ ਦਸਤਾਰ। ਆਮ ਤੌਰ ਤੇ ਨੀਲੇ ਰੰਗ ਦੀ ਦਸਤਾਰ ਸਜਾਉਂਦੇ ਹਨ ਪਰ ਦਿਲ ਚਾਹੇ ਤਾਂ ਕਾਲਾ, ਕੇਸਰੀ ਤੇ ਸਫੈਦ ਪਟਕਾ ਵੀ ਬੰਨ੍ਹ ਲੈਂਦੇ ਹਨ ਕਿਉਂਕਿ ਖਾਲਸਾਈ ਰੰਗਾਂ ਵਿਚ ਨੀਲਾ, ਕਾਲਾ, ਕੇਸਰੀ ਤੇ ਚਿੱਟਾ ਚਾਰ ਰੰਗ ਸ਼ਾਮਿਲ ਹਨ।

2 ਚੋਲਾ: ਖੁੱਲ੍ਹਾ ਤੇ ਲੰਮਾ

3 ਕਛਹਿਰਾ: ਗੋਡਿਆਂ ਤੱਕ ਨੀਵਾਂ।

4 ਕ੍ਰਿਪਾਨ ਪਹਿਨਣ ਲਈ ਚੌੜਾ ਗਾਤਰਾ।

5 ਗਲ੍ਹ ਵਿਚ ਹਜ਼ੂਰੀਆ ਪਰਨਾ।

6 ਹੱਥ ਵਿਚ ਸਟੀਲ ਦਾ ਬਰਛਾ - ਨੁਮਾ ਤੀਰ।

7 ਪੈਰੀਂ ਸਾਧਾਰਨ ਸਾਦੀ ਜੁੱਤੀ।

ਭਿੰਡਰਾਂ ਜਥੇ ਦੇ ਸਿੰਘਾਂ ਦੀ ਯੂਨੀਫਾਰਮ ਵੀ ਉਪਰੋਕਤ ਲਿਬਾਸ ਹੀ ਹੈ। ਪੈਂਟ ਕੋਟ ਆਦਿ ਅੰਗਰੇਜ਼ੀ ਲਿਬਾਸ ਪਹਿਨਣਾ ਤਾਂ ਇਕ ਪਾਸੇ, ਜੱਥੇ ਦੇ ਸਿੰਘਾਂ ਨੂੰ ਬੰਦ ਗਲੇ ਦਾ ਕੋਟ, ਐਚਕਨ, ਸ਼ੇਰਵਾਨੀ, ਜੈਕਟ, ਦਸਤਾਨੇ, ਖੁੱਲ੍ਹੇ ਜਾਂ ਤੰਗ ਪਾਜਾਮੇ ਆਦਿ ਕੋਈ ਵੀ ਹੋਰ ਲਿਬਾਸ ਪਹਿਨਣ ਦੀ ਆਗਿਆ ਨਹੀਂ। ਸਰਦੀਆਂ ਦੇ ਦਿਨਾਂ ਵਿਚ ਗਰਮ ਚੋਲੇ ਪਹਿਨੇ ਜਾ ਸਕਦੇ ਹਨ ਤੇ ਲੋੜ ਅਨੁਸਾਰ ਗਰਮ ਲੋਈ, ਸ਼ਾਲ ਜਾਂ ਕੰਬਲ ਦੀ ਬੁੱਕਲ ਮਾਰੀ ਜਾ ਸਕਦੀ ਹੈ।

ਜਥੇ ਦਾ ਕੋਈ ਸਿੰਘ ਪਰਵਾਨਿਤ ਯੂਨੀਫਾਰਮ ਤੋਂ ਬਿਨਾਂ ਹੋਰ ਕਿਸੇ ਕਿਸਮ ਦੇ ਕੱਪੜੇ ਨਹੀਂ ਪਹਿਨ ਸਕਦਾ। ਜਥੇ ਦੇ ਮੁੱਖ ਰਾਗੀ ਭਾਈ ਰਾਮ ਸਿੰਘ ਜੀ ਦੀ ਇਕ ਲੱਤ ਟੇਢੀ ਹੋਣ ਕਾਰਨ ਸੰਤ ਜੀ ਨੇ ਉਸ ਨੂੰ ਘਰ ਵਿਚ ਰਹਿੰਦਿਆਂ ਪਾਜਾਮਾ ਪਹਿਨਣ ਦੀ ਉਚੇਚੀ ਆਗਿਆ ਦੇ ਰੱਖੀ ਹੈ ਪਰ ਘਰ ਤੋਂ ਬਾਹਿਰ ਉਸ ਨੂੰ ਵੀ ਪ੍ਰਵਾਨਿਤ ਲਿਬਾਸ ਵਿਚ ਰਹਿਣਾ ਪੈਂਦਾ ਹੈ।

## ਲੋਕ ਸੰਪਰਕ

ਆਮ ਦਿਨਾਂ ਵਿਚ ਸੰਤ ਜੀ ਨਿਤਨੇਮ ਤੋਂ ਵਿਹਲੇ ਹੋ ਕੇ ਸਾਦਾ ਬਿਛੌਣੇ ਵਾਲੇ ਮੰਜੇ ਉਤੇ ਚੌਂਕੜਾ ਮਾਰ ਲੈਂਦੇ ਹਨ। ਸੇਵਕ ਤੇ ਸ਼ਰਧਾਲੂ ਉਨ੍ਹਾਂ ਦੇ ਸਾਹਮਣੇ ਜਾਂ ਇਰਦ ਗਿਰਦ



Digitized by Panjab Digital Library / www.panjabdigilib.org

ਦਰੀਆਂ ਤੇ ਬੈਠ ਜਾਂਦੇ ਹਨ। ਸੰਤ ਜੀ ਬਚਨ - ਬਿਲਾਸ ਸ਼ੁਰੂ ਕਰ ਦਿੰਦੇ ਹਨ, ਸਿੱਖਾਂ ਸੇਵਕਾਂ ਦੇ ਮਸਲੇ ਸੁਣ ਕੇ ਉਨ੍ਹਾਂ ਦਾ ਹੱਲ ਦੱਸਦੇ ਹਨ ਤੇ ਉਨ੍ਹਾਂ ਦੇ ਹਰ ਪ੍ਰਕਾਰ ਦੇ ਸ਼ੰਕੇ ਨਵਿਰਤ ਕਰਦੇ ਹਨ। ਦਾੜ੍ਹੀ ਕੱਟੇ ਤੇ ਮੋਨੇ ਸਿੱਖਾਂ ਨੂੰ ਕੇਸ ਰੱਖਣ ਤੇ ਅੰਮ੍ਰਿਤ ਛਕਣ ਦੀ ਪ੍ਰੇਰਨਾ ਕਰਦੇ ਹਨ, ਸਿੱਖਾਂ ਨੂੰ ਨਸ਼ਿਆਂ ਦੀ ਵਰਤੋਂ ਛੱਡਣ ਦਾ ਉਪਦੇਸ਼ ਦਿੰਦੇ ਹਨ ਤੇ ਸਮਾਜਿਕ ਕੁਰੀਤੀਆਂ ਵਿਰੁੱਧ ਵੀ ਪਰਚਾਰ ਕਰਦੇ ਹਨ।

ਇਸ ਮੌਕੇ ਤੇ ਜੇ ਕੋਈ ਪੱਤਰਕਾਰ ਜਾਂ ਪ੍ਰੈਸ ਰੀਪੋਰਟਰ ਸੰਤਾਂ ਦਾ ਇੰਟਰਵਿਊ ਲੈਣ ਆ ਜਾਏ ਤਾਂ ਸੰਤ ਜੀ ਉਸ ਨੂੰ ਵੀ ਆਪਣੇ ਨੇੜੇ ਦਰੀ ਤੇ ਬਿਠਾ ਲੈਂਦੇ ਹਨ ਤੇ ਇੰਟਰਵਿਊ ਦੇਣਾ ਸ਼ੁਰੂ ਕਰ ਦਿੰਦੇ ਹਨ। ਸੰਤਾਂ ਨਾਲ ਹੋ ਰਹੇ ਸਵਾਲ ਜਵਾਬ ਸੰਗਤ ਬੜੇ ਧਿਆਨ ਤੇ ਦਿਲਚਸਪੀ ਨਾਲ ਸੁਣਦੀ ਹੈ।

ਇਸ ਦੌਰਾਨ ਜੇ ਕੋਈ ਖਾਸ ਆਦਮੀ ਜਾਂ ਖਾਸ ਨੇਤਾ ਆ ਜਾਏ ਤੇ ਉਹ ਵੱਖਰੇ ਹੋ ਕੇ ਗੱਲ ਕਰਨੀ ਚਾਹੇ ਤਾਂ ਸੰਤ ਜੀ ਆਪਣਾ ਆਸਣ ਛੱਡ ਕੇ ਥੋੜੀ ਦੂਰ ਚਲੇ ਜਾਂਦੇ ਹਨ ਤੇ ਖੜੇ ਖੜੋਤੇ ਗੱਲਬਾਤ ਕਰਨ ਪਿੱਛੋਂ ਫਿਰ ਵਾਪਸ ਆ ਕੇ ਆਸਣ ਜਮਾ ਲੈਂਦੇ ਹਨ ਤੇ ਵਚਨ ਬਿਲਾਸ ਵਿਚ ਰੁੱਝ ਜਾਂਦੇ ਹਨ।

ਭਾਈ ਰਛਪਾਲ ਸਿੰਘ ਜੀ ਸੰਤਾਂ ਦੇ ਨਿੱਜੀ ਸਹਾਇਕ, ਸਵਾਗਤ - ਕਰਤਾ ਤੇ ਫੋਨ - ਸਰੋਤਾ ਹਨ। ਭਾਈ ਰਛਪਾਲ ਸਿੰਘ ਜੀ ਸੰਤਾਂ ਨੂੰ ਮਿਲਣ ਆਏ ਲੋਕਾਂ ਦਾ ਸਵਾਗਤ ਕਰਦੇ ਹਨ, ਮੁਲਾਕਾਤ ਕਰਨ ਆਏ ਵਿਸ਼ੇਸ਼ ਵਿਅਕਤੀਆਂ ਨੂੰ ਸੰਤਾਂ ਨਾਲ ਮਿਲਾਉਣ ਦਾ ਪ੍ਰਬੰਧ ਕਰਦੇ ਹਨ ਜਾਂ ਮੁਲਾਕਾਤ ਲਈ ਸਮਾਂ ਨਿਸਚਿਤ ਕਰ ਦਿੰਦੇ ਹਨ। ਸੰਤਾਂ ਨੂੰ ਆਉਣ ਵਾਲੇ ਟੈਲੀਫੋਨ ਵੀ ਭਾਈ ਰਛਪਾਲ ਸਿੰਘ ਜੀ ਹੀ ਸੁਣਦੇ ਹਨ। ਸੰਤ ਚਾਹੁਣ ਤਾਂ ਉਨ੍ਹਾਂ ਦੀ ਗੱਲ ਕਰਾ ਦਿੱਤੀ ਜਾਂਦੀ ਹੈ। ਨਹੀਂ ਤਾਂ ਰਛਪਾਲ ਸਿੰਘ ਜੀ ਆਪ ਹੀ ਸੰਤਾਂ ਵਲੋਂ ਸਾਰੀ ਗੱਲ ਕਰ ਲੈਂਦੇ ਹਨ। ਜੇ ਕੋਈ ਮੁਲਾਕਾਤ ਲਈ ਸਮਾਂ ਮੰਗੇ ਤਾਂ ਸਮਾਂ ਨੀਅਤ ਕਰ ਦਿੰਦੇ ਹਨ।

ਸੰਤ ਜੀ ਨੂੰ ਮਿਲਣ ਲਈ ਜੇ ਕੋਈ ਬਹੁਤ ਵੱਡਾ ਲੀਡਰ ਜਾਂ ਅਤਿ ਵਿਸ਼ੇਸ਼ ਵਿਅਕਤੀ ਅਚਾਨਕ ਚਲਾ ਆਏ ਤਾਂ ਸੰਤ ਜੀ ਸਾਰੇ ਰੁਝੇਵੇਂ ਛੱਡ ਕੇ ਅਲੱਗ ਹੋ ਕੇ ਉਸ ਦੀ ਗੱਲ ਸੁਣ ਲੈਂਦੇ ਹਨ ਤੇ ਜੇ ਲੋੜ ਪਵੇ ਤਾਂ ਉਸ ਨਾਲ ਬੰਦ ਕਮਰੇ ਵਿਚ ਵਾਰਤਾਲਾਪ ਵੀ ਕਰ ਲੈਂਦੇ ਹਨ।

ਇਹਨੀਂ ਦਿਨੀਂ 19.7.1982 ਤੋਂ ਸੰਤ ਜੀ ਦੀ ਰਿਹਾਇਸ਼ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਦੀ ਚੌਥੀ ਮੰਜ਼ਿਲ ਤੇ ਹੈ ਤੇ ਉਹ ਅਕਾਲੀ ਦਲ ਦੇ 'ਧਰਮ ਯੁੱਧ' ਮੋਰਚੇ ਦਾ ਮਾਰਗ ਦਰਸ਼ਨ ਕਰ ਰਹੇ ਹਨ। ਜਿਸ ਵਕਤ ਤੱਕ ਇਹ 'ਧਰਮ ਯੁੱਧ' ਮੋਰਚਾ ਫਤਹਿ ਨਹੀਂ ਹੋ ਜਾਂਦਾ, ਉਸ ਵਕਤ ਤੱਕ ਸੰਤ ਜਰਨੈਲ ਸਿੰਘ ਜੀ ਵਲੋਂ ਧਰਮ ਪਰਚਾਰ ਦੇ ਦੌਰੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਲਈ ਮੋਰਚੇ ਤੋਂ ਪਹਿਲਾਂ ਦੇ ਪਰਚਾਰ ਪ੍ਰੋਗਰਾਮ ਵਿਸ਼ੇਸ਼ ਜਾਣਕਾਰੀ ਹੀ ਅੱਗੇ ਦਿੱਤੀ ਜਾ ਰਹੀ ਹੈ।

## ਪ੍ਰਚਾਰ ਪ੍ਰੋਗਰਾਮ

ਸਿੱਖ ਸੰਗਤ ਵਲੋਂ ਵਿਸ਼ੇਸ਼ ਸੱਦਾ - ਪੱਤਰ ਮਿਲਣ ਉਪਰੰਤ 'ਭਿੰਡਰਾਂ ਜਥਾ' ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਹੇਠ 'ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼' ਮਹਿਤਾ ਚੌਕ ਤੋਂ ਉਹ ਜਗ੍ਹਾ ਵੱਲ ਚਾਲੇ ਪਾਉਂਦਾ ਹੈ, ਜਿਥੇ ਉਹ ਸੰਗਤ ਨਿਵਾਸ ਕਰਦੀ ਹੈ। ਉਥੇ ਜਾ ਕੇ ਜਥੇ ਵਲੋਂ ਦਮਦਮੀ ਟਕਸਾਲ ਦੇ ਵਿਧੀ ਪੂਰਵਕ ਪ੍ਰੋਗਰਾਮ ਅਨੁਸਾਰ ਧਰਮ ਪ੍ਰਚਾਰ ਦਾ ਕਾਰਜ ਆਰੰਭ ਕਰ ਦਿੱਤਾ ਜਾਂਦਾ ਹੈ।



Digitized by Panjab Digital Library / www.panjabdigilib.org

ਹਰ ਸਵੇਰੇ ਸੰਤ ਜਰਨੈਲ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੀ ਲੜੀਵਾਰ ਕਥਾ ਕਰਦੇ ਹਨ। ਇਸ ਦਾ ਮਤਲਬ ਇਹ ਹੈ ਕਿ ਜਦ ਭਿੰਡਰਾਂ ਜਥਾ ਇਕ ਜਗ੍ਹਾ ਤੋਂ ਪ੍ਰਚਾਰ ਪ੍ਰੋਗਰਾਮ ਖਤਮ ਕਰ ਕੇ ਦੂਜੀ ਜਗ੍ਹਾ ਜਾਂਦਾ ਹੈ ਤਾਂ ਅਗਲੀ ਕਥਾ ਉਥੋਂ ਸ਼ੁਰੂ ਕਰ ਦਿੱਤੀ ਜਾਂਦੀ ਹੈ ਤੇ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦਾ ਪ੍ਰੋਗਰਾਮ ਲਗਾਤਾਰ ਚਲਦਾ ਰਹਿੰਦਾ ਹੈ।

ਹਰ ਰੋਜ਼ ਸ਼ਾਮ ਵੇਲੇ ਗੁਰ ਇਤਿਹਾਸ ਤੋਂ ਜਾਣੂ ਕਰਾਉਣ ਲਈ ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਗੁਰ ਪ੍ਰਤਾਪ ਸੂਰਜ ਗ੍ਰੰਥ ਭਾਈ ਸੰਤੋਖ ਸਿੰਘ ਜੀ, ਕਥਿਤ ਸਵੱਈਏ ਭਾਈ ਗੁਰਦਾਸ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਤੇ ਜ਼ਫਰਨਾਮਾ ਆਦਿ ਗ੍ਰੰਥਾਂ ਦੇ ਆਧਾਰ ਤੇ ਇਤਿਹਾਸਕ ਕਥਾ ਕੀਤੀ ਜਾਂਦੀ ਹੈ।

ਸਵੇਰ ਦੀ ਕਥਾ ਸਮਾਪਤ ਕਰ ਕੇ ਸੰਤ ਜੀ ਜਥੇ ਸਮੇਤ ਇਲਾਕੇ ਦੇ ਪਿੰਡਾਂ ਦਾ ਦੌਰਾ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਜਗਾ ਜਗਾ ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਲੈਕਚਰ ਕਰਦੇ ਹਨ। ਹਰ ਰੋਜ਼ ਲਗਭਗ 7-8 ਪਿੰਡਾਂ ਦਾ ਦੌਰਾ ਕਰਨ ਪਿੱਛੋਂ ਭਿੰਡਰਾਂ ਜਥਾ ਸ਼ਾਮ ਵੇਲੇ ਆਪਣੀ ਕਿਆਮਗਾਹ ਤੇ ਵਾਪਸ ਪਹੁੰਚ ਜਾਂਦਾ ਹੈ। ਪ੍ਰਚਾਰ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਅੰਮ੍ਰਿਤ ਅਭਿਲਾਸ਼ੀ ਸੱਜਣਾ ਨੂੰ ਅੰਮ੍ਰਿਤ ਛਕਾਉਣ ਪਿੱਛੋਂ ਜਥਾ ਮਿਥੇ ਗਏ ਪ੍ਰੋਗਰਾਮ ਅਨੁਸਾਰ ਅੱਗੇ ਚਾਲੇ ਪਾ ਦਿੰਦਾ ਹੈ ਜਾਂ ਵਾਪਸ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਆ ਜਾਂਦਾ ਹੈ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ, ਜਿਸ ਜਗ੍ਹਾ ਘੱਟ ਤੋਂ ਘੱਟ ਇਕ ਵਿਅਕਤੀ ਵੀ ਅੰਮ੍ਰਿਤ ਛਕਣ ਲਈ ਤਿਆਰ ਨਹੀਂ ਹੁੰਦਾ, ਉਸ ਜਗ੍ਹਾ ਨੂੰ ਭਿੰਡਰਾਂ ਜਥੇ ਵਲੋਂ 'ਬਲੈਕ ਲਿਸਟ' ਤੇ ਲਿਖ ਦਿੱਤਾ ਜਾਂਦਾ ਹੈ ਅਤੇ ਭਿੰਡਰਾਂ ਜਥੇ ਵਲੋਂ ਫੇਰ ਕਦੇ ਵੀ ਉਸ ਅਸਥਾਨ ਤੇ ਚਰਨ ਨਹੀਂ ਪਾਏ ਜਾਂਦੇ।



Digitized by Panjab Digital Library | www.panjabdigilib.org

# 'ਸੰਤ' ਬਣਨ ਤੋਂ ਪਹਿਲਾਂ

## ਲੀਲਾ ਬਚਪਨ ਦੀ

ਸੰਤ ਜਰਨੈਲ ਸਿੰਘ ਜੀ ਦਾ ਜਨਮ 1947 ਈਸਵੀ ਵਿਚ ਪਿੰਡ ਰੋਡੇ ਜ਼ਿਲ੍ਹਾ ਫਰੀਦਕੋਟ ਵਿਚ ਹੋਇਆ। ਆਪ ਦੇ ਪਿਤਾ ਜੀ ਦਾ ਨਾਂ ਸਰਦਾਰ ਜੁਗਿੰਦਰ ਸਿੰਘ ਬਰਾੜ ਤੇ ਬਾਬਾ ਜੀ ਦਾ ਨਾਂ ਸਰਦਾਰ ਹਰਨਾਮ ਸਿੰਘ ਬਰਾੜ ਹੈ। ਗੁਰਸਿੱਖ ਖਾਨਦਾਨ ਵਿਚ ਪੈਦਾ ਹੋਣ ਕਰਕੇ ਸਿੱਖੀ ਦੀ ਦਾਤ ਆਪ ਨੂੰ ਵਿਰਾਸਤ ਵਿਚ ਪ੍ਰਾਪਤ ਹੋਈ। ਗੁਰਬਾਣੀ ਦਾ ਪਹਿਲਾ ਪਾਠ 'ਜਪੁਜੀ ਸਾਹਿਬ' ਵੀ ਆਪਣੇ ਪਿਤਾ ਸਰਦਾਰ ਜੁਗਿੰਦਰ ਸਿੰਘ ਜੀ ਪਾਸੋਂ ਪੜ੍ਹਿਆ ਤੇ ਕੰਠ ਕੀਤਾ। ਦੱਸਿਆ ਜਾਂਦਾ ਹੈ ਕਿ ਸੰਤ ਜਰਨੈਲ ਸਿੰਘ ਜੀ ਛੋਟੀ ਉਮਰ ਵਿਚ ਹੀ ਪਸ਼ੂ ਚਾਰਦੇ ਤੇ ਹਲ ਵਾਹੁੰਦੇ ਰੋਜ਼ਾਨਾ ਜਪੁਜੀ ਸਾਹਿਬ ਦੇ 101 ਪਾਠ ਕਰ ਲਿਆ ਕਰਦੇ ਸਨ। ਇਹ ਵੀ ਪਤਾ ਲੱਗਾ ਹੈ ਕਿ ਸੰਤ ਜਰਨੈਲ ਸਿੰਘ ਜੀ ਦੇ ਪੈਰਾਂ ਵਿਚ 'ਪਦਮ' ਦਾ ਨਿਸ਼ਾਨ ਹੈ ਜੋ ਕਿ 'ਵੱਡਾ ਆਦਮੀ' ਬਣਨ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ ਪਰ ਸੰਤ ਜਰਨੈਲ ਸਿੰਘ ਦੇ ਬਚਪਨ ਵਿਚ ਇਹ ਕਿਸੇ ਦੇ ਚਿੱਤ ਚੇਤੇ ਨਹੀਂ ਸੀ ਕਿ ਇਹ ਮੁੰਡਾ ਸੱਚ ਮੁੱਚ ਹੀ ਵੱਡਾ ਹੋ ਕੇ ਬੜਾ ਨਾਮ ਪੈਦਾ ਕਰੇਗਾ।

ਪਿੰਡ ਰੋਡੇ ਦੇ ਲੋਕ ਦੱਸਦੇ ਹਨ ਕਿ ਛੋਟੀ ਉਮਰੇ ਜਰਨੈਲ ਸਿੰਘ ਨੂੰ ਬੱਕਲੀਆਂ (ਮੱਕੀ ਦੇ ਉਬਾਲੇ ਹੋਏ ਦਾਣੇ) ਖਾਣ ਦਾ ਬੜਾ ਸ਼ੌਕ ਸੀ। ਹਰ ਵੇਲੇ ਉਸਦੀਆਂ ਜੇਬਾਂ ਬੱਕਲੀਆਂ ਨਾਲ ਭਰੀਆਂ ਰਹਿੰਦੀਆਂ ਸਨ। ਉਸ ਨੂੰ ਆਪਣੀ ਇਹ ਮਨਚਾਹੀ ਖੁਰਾਕ ਇਕੱਲੇ ਖਾਣ ਦੀ ਆਦਤ ਨਹੀਂ ਸੀ ਬਲਕਿ ਉਹ ਆਪਣੇ ਚਰਵਾਹੇ ਸਾਥੀਆਂ ਨੂੰ ਵੰਡ ਵਰਤਾ ਕੇ ਛਕਿਆ ਕਰਦਾ ਸੀ। ਜਿਸ ਕਾਰਨ ਉਸ ਦੇ ਹਾਣੀਆਂ ਨੇ ਉਸ ਨੂੰ 'ਵੰਡ ਖਾਣਾ' ਕਹਿਣਾ ਸ਼ੁਰੂ ਕਰ ਦਿੱਤਾ। ਉਸ ਵਕਤ ਉਸ ਦੇ ਹਾਣੀਆਂ ਦੇ ਸੁਫਨੇ ਵਿਚ ਵੀ ਇਹ ਗੱਲ ਨਹੀਂ ਆਈ ਹੋਵੇਗੀ ਕਿ, ਉਨ੍ਹਾਂ ਦਾ ਸਾਥੀ ਵੱਡਾ ਹੋ ਕੇ ਵੱਡੇ ਭੰਡਾਰੇ ਵਰਤਾਏਗਾ, ਗੁਰੂ ਦੇ ਲੰਗਰ ਚਲਾਵੇਗਾ, ਤੇਗ ਵਾਹੇਗਾ, ਖੰਡਾ ਖੜਕਾਵੇਗਾ ਤੇ ਦੇਗ ਤੇਗ ਦੋਨੋਂ ਫਤਹਿ ਕਰ ਕੇ ਇਕ ਯੋਧੇ ਦੇ ਰੂਪ ਵਿਚ ਸੰਸਾਰ ਪੱਧਰ ਤੇ ਨਾਮ ਪੈਦਾ ਕਰੇਗਾ।

ਮਾਸਟਰ ਜੁਗਰਾਜ ਸਿੰਘ ਨੇ, ਜੋ ਕਿ ਸੰਤ ਜਰਨੈਲ ਸਿੰਘ ਦੇ ਭਾਈ ਹਨ, ਇਕ ਹੈਰਾਨੀ ਭਰਿਆ ਪ੍ਰਗਟਾਵਾ ਕੀਤਾ ਹੈ। ਉਹ ਦੱਸਦੇ ਹਨ ਕਿ ਇਕ ਵਾਰ ਸੰਤ ਜਰਨੈਲ ਸਿੰਘ ਪਰਦੇਸੋਂ ਆਏ ਆਪਣੇ ਭਤੀਜੇ ਨਾਲ ਮਨ ਦੀ ਮੌਜ ਵਿਚ ਆ ਕੇ ਗੱਲੀਂ ਜੁੱਟੇ ਹੋਏ ਸਨ ਤੇ ਕਹਿ ਰਹੇ ਸਨ ਕਿ 'ਆਪਾਂ ਬੜਾ ਨਾਂ ਕਮਾਵਾਂਗੇ'। ਮਾਸਟਰ ਜੀ ਦਾ ਕਹਿਣਾ ਹੈ ਕਿ 'ਮੈਂ ਉਸ ਵੇਲੇ ਜਰਨੈਲ ਸਿੰਘ ਵਲੋਂ ਸਹਿਵਨ ਕੀਤੀ ਜਾ ਰਹੀ ਭਵਿੱਖ - ਬਾਣੀ ਨੂੰ 'ਹਵਾਈ ਕਿਲ੍ਹਾ' ਸਮਝਦਾ ਸਾਂ ਪਰ ਅੱਜ ਉਹ ਅੱਖਰ ਅੱਖਰ ਦਰੁਸਤ ਸਾਬਤ ਹੁੰਦੀ ਦਿਖਾਈ ਦੇ ਰਹੀ ਹੈ।'

ਸੰਤ ਜਰਨੈਲ ਸਿੰਘ ਜੀ ਇਕ ਛੋਟੇ ਕਿਸਾਨ ਸਰਦਾਰ ਜੁਗਿੰਦਰ ਸਿੰਘ ਬਰਾੜ ਦੇ ਵੱਡੇ ਪਰਵਾਰ ਵਿਚੋਂ ਹਨ। ਸੰਤ ਜੀ ਆਪਣੇ ਸਮੇਤ ਅੱਠ ਭੈਣ ਭਰਾ ਹਨ। ਆਪ ਦੇ ਪਿਤਾ ਸਰਦਾਰ ਜੁਗਿੰਦਰ ਸਿੰਘ ਨੇ ਦੋ ਸ਼ਾਦੀਆਂ ਕਰਵਾਈਆਂ ਸਨ। ਪਹਿਲੀ ਸਿੰਘਣੀ ਧੰਨ ਕੌਰ



Digitized by Panjab Digital Library | www.panjabdigilib.org

ਅਕਾਲ ਚਲਾਣਾ ਕਰ ਚੁੱਕੀ ਹੈ। ਸਰਦਾਰਨੀ ਧੰਨ ਕੌਰ ਨੇ ਪੰਜ ਲੜਕਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇ ਨਾਂ ਹਨ: ਜਗੀਰ ਸਿੰਘ, ਜਗਜੀਤ ਸਿੰਘ, ਗੁਰਚਰਨ ਸਿੰਘ, ਹਰਜੀਤ ਸਿੰਘ ਤੇ ਜੁਗਰਾਜ ਸਿੰਘ। ਸਰਦਾਰ ਜੁਗਿੰਦਰ ਸਿੰਘ ਦੀ ਦੂਜੀ ਸਿੰਘਣੀ ਨਿਹਾਲ ਕੌਰ ਦੋ ਲੜਕਿਆਂ ਬੀਰ ਸਿੰਘ ਤੇ ਜਰਨੈਲ ਸਿੰਘ ਤੇ ਇਕ ਲੜਕੀ ਮਨਜੀਤ ਕੌਰ ਦੀ ਮਾਤਾ ਹੈ। ਸਰਦਾਰਨੀ ਨਿਹਾਲ ਕੌਰ ਜੀ ਇਸ ਵਕਤ 70-75 ਸਾਲ ਦੀ ਬਿਰਧ ਅਵਸਥਾ ਵਿਚ ਹਨ। ਸੰਤ ਜਰਨੈਲ ਸਿੰਘ ਜੀ ਤੋਂ ਬੀਰ ਸਿੰਘ ਵੱਡਾ ਤੇ ਮਨਜੀਤ ਕੌਰ ਛੋਟੀ ਹੈ।

ਸੰਤ ਜਰਨੈਲ ਸਿੰਘ ਜੀ ਦੇ ਨਾਨਕੇ ਪਿੰਡ ਗਾਲਿਬ ਕਲਾਂ ਲੁਧਿਆਣਾ ਵਿਚ ਹਨ। ਆਪ ਦੇ ਨਾਨਾ ਜੀ ਤੇ ਨਾਨੀ ਜੀ ਪੂਰਨ ਗੁਰਸਿੱਖ ਤੇ ਭਜਨ ਬੰਦਗੀ ਕਰਨ ਵਾਲੇ ਵਿਅਕਤੀ ਸਨ। ਨਾਨਾ ਜੀ ਫੌਜ ਵਿਚ ਸੂਬੇਦਾਰ ਸਨ ਜਿਨ੍ਹਾਂ ਨੇ ਰਿਟਾਇਰ ਹੋਣ ਪਿੱਛੋਂ ਵਾਹੀਕਾਰੀ ਦਾ ਜੱਦੀ ਕਿੱਤਾ ਅਪਣਾਇਆ ਤੇ ਸਾਰੀ ਜ਼ਿੰਦਗੀ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਵਿਚ ਗੁਜ਼ਾਰੀ।

ਸੰਤ ਜੀ ਦਾ ਇਕ ਭਰਾ ਗੁਰਚਰਨ ਸਿੰਘ ਫੌਜ ਵਿਚ ਮੁਲਾਜ਼ਮ ਹੈ ਤੇ ਸੂਬੇਦਾਰ ਹੈ। ਦੂਜਾ ਭਰਾ ਜੁਗਰਾਜ ਸਿੰਘ ਮੈਟਰਿਕ ਪਾਸ ਕਰਨ ਪਿੱਛੋਂ ਜੇ. ਬੀ. ਟੀ. ਦਾ ਕੋਰਸ ਕਰ ਕੇ ਟੀਚਰ ਬਣ ਚੁੱਕਾ ਹੈ ਤੇ ਅੱਜਕਲ ਆਪਣੇ ਪਿੰਡ ਦੇ ਗੌਰਮਿੰਟ ਪ੍ਰਾਇਮਰੀ ਸਕੂਲ ਪੱਤੀ ਗੁਰੂਪੁਰਾ (ਕੋਠੇ) ਵਿਚ ਪੜ੍ਹਾਉਂਦਾ ਹੈ। ਬਾਕੀ ਸਾਰੇ ਭਰਾ ਇਕੱਠੇ ਮਿਲ ਕੇ ਖੇਤੀਬਾੜੀ ਕਰਦੇ ਹਨ। ਸਾਰਾ ਪਰਵਾਰ ਸਾਂਝਾ ਪਰਵਾਰ ਹੈ। ਅੱਠੇ ਭੈਣ ਭਰਾਵਾਂ ਦਾ ਸਕੇ ਭੈਣਾਂ ਭਾਈਆਂ ਨਾਲੋਂ ਵੱਧ ਪਿਆਰ ਹੈ। ਮਿਲ ਜੁਲ ਕੇ ਰਹਿੰਦੇ ਹਨ ਤੇ ਇਕ ਦੂਜੇ ਦੇ ਦੁੱਖ ਸੁੱਖ ਵਿਚ ਸਹਾਈ ਹੁੰਦੇ ਹਨ।

ਪਿਛਲੇ ਦਿਨੀਂ ਸਰਦਾਰ ਜੁਗਿੰਦਰ ਸਿੰਘ ਦੇ ਪਰਵਾਰ ਨੂੰ ਇਕ ਅਸਹਿ ਸਦਮਾ ਬਰਦਾਸ਼ਤ ਕਰਨਾ ਪਿਆ ਜਦ ਸੰਤ ਜਰਨੈਲ ਸਿੰਘ ਸਮੇਤ ਸੱਤਾਂ ਭਰਾਵਾਂ ਦੀ ਛੋਟੀ ਭੈਣ ਮਨਜੀਤ ਕੌਰ ਦਾ ਪਤੀ ਡੁਬਈ ਵਿਚ ਸਵਰਗਵਾਸ ਹੋ ਗਿਆ। ਬੀਬੀ ਮਨਜੀਤ ਕੌਰ ਦੇ ਛੋਟੇ ਛੋਟੇ ਦੋ ਬੱਚੇ ਹਨ। ਉਹ ਪਿੰਡ ਕੋਕਰੀ ਛੋਟੀ ਵਿਚ ਵਿਆਹੀ ਹੋਈ ਹੈ।

ਸੰਤ ਜਰਨੈਲ ਸਿੰਘ ਦਾ ਇਕ ਭਰਾ ਜਗਜੀਤ ਸਿੰਘ ਸਰਗਰਮ ਸਿਆਸਤ ਵਿਚ ਹਿੱਸਾ ਲੈ ਰਿਹਾ ਹੈ ਤੇ ਉਹ ਸ਼ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਜ਼ਿਲ੍ਹਾ ਅਕਾਲੀ ਜਥਾ ਫਰੀਦਕੋਟ ਦਾ ਜਨਰਲ ਸਕੱਤਰ ਹੈ।

ਇਹ ਗੱਲ ਵਰਨਣਯੋਗ ਹੈ ਕਿ ਸੰਤ ਪਰਵਾਰ ਨੂੰ ਬਦਨਾਮ ਕਰਨ ਲਈ ਝੂਠੇ ਮੁਕੱਦਮਿਆਂ ਵਿਚ ਫਸਾਇਆ ਜਾ ਰਿਹਾ ਹੈ। ਸੰਤਾਂ ਦੇ ਸਭ ਤੋਂ ਵੱਡੇ ਭਰਾ ਜਗੀਰ ਸਿੰਘ ਤੇ ਨਿਰੰਕਾਰੀ ਬਾਬੇ ਗੁਰਬਚਨ ਸਿੰਘ ਨੂੰ ਕਤਲ ਬਾਰੇ ਕੇਸ ਰਜਿਸਟਰ ਕੀਤਾ ਗਿਆ ਹੈ ਤੇ ਉਸ ਦੇ ਲੜਕੇ ਸਵਰਨ ਸਿੰਘ ਨੂੰ 'ਲਾਲਾ ਕਤਲ ਕਾਂਡ' ਵਿਚ ਫਸਾਇਆ ਗਿਆ ਹੈ।

## ਵਿਦਿਆ ਵੀਚਾਰੀ

ਸੰਤ ਜਰਨੈਲ ਸਿੰਘ ਨੇ ਮੁੱਢਲੀ ਵਿਦਿਆ ਗੌਰਮਿੰਟ ਪ੍ਰਾਇਮਰੀ ਸਕੂਲ ਬਸਤੀ ਗੁਰੂਪੁਰਾ (ਕੋਠੇ) ਤੋਂ ਪਰਾਪਤ ਕੀਤੀ ਤੇ ਪੰਜਵੀਂ ਜਮਾਤ ਦਾ ਇਮਤਿਹਾਨ ਪਾਸ ਕੀਤਾ। ਸੰਤ ਜੀ ਦੀ ਲਿਵ ਹਰ ਵੇਲੇ ਗੁਰੂ ਚਰਨਾਂ ਵਿਚ ਲੱਗੀ ਰਹਿੰਦੀ ਸੀ ਤੇ ਬਿਰਤੀ ਹਮੇਸ਼ਾਂ ਬਾਣੀ ਪੜ੍ਹਨ ਤੇ ਸਿਮਰਨ ਕਰਨ ਵਿਚ ਟਿਕੀ ਰਹਿੰਦੀ ਸੀ। ਇਸ ਲਈ ਸਕੂਲੀ ਪੜ੍ਹਾਈ ਜਾਰੀ ਨਾ ਰੱਖ ਸਕੇ ਤੇ ਖੇਤੀਬਾੜੀ ਵਿਚ ਆਪਣੇ ਭਰਾਵਾਂ ਦਾ ਹੱਥ ਵਟਾਉਂਦੇ ਹੋਏ ਨਾਮ ਸਿਮਰਨ ਵਿਚ ਹੀ ਜੁੱਟ ਗਏ।



Digitized by Panjab Digital Library / www.panjabdigilib.org

ਸੰਤ ਜੀ ਨੇ ਪੰਜ ਸਾਲ ਦੀ ਛੋਟੀ ਉਮਰ ਵਿਚ ਹੀ ਅੰਮ੍ਰਿਤ ਛਕ ਲਿਆ ਸੀ ਤੇ ਗੁਰਸਿੱਖ ਜੀਵਨ ਗੁਜ਼ਾਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੇ ਪਿਤਾ ਸਰਦਾਰ ਜੁਗਿੰਦਰ ਸਿੰਘ ਜੀ ਦੇ ਸੰਤ ਗੁਰਬਚਨ ਸਿੰਘ ਖਾਲਸਾ ਤੇ ਸੰਤ ਕਰਤਾਰ ਸਿੰਘ ਜੀ ਖਾਲਸਾ ਨਾਲ ਗੂੜ੍ਹੇ ਘਰੋਗੀ ਸੰਬੰਧ ਸਥਾਪਿਤ ਹੋ ਚੁੱਕੇ ਸਨ ਤੇ ਦੋਹਾਂ ਸੰਤਾਂ ਦਾ ਉਨ੍ਹਾਂ ਦੇ ਘਰ ਆਮ ਆਉਣ ਜਾਣ ਸੀ। ਇਸ ਲਈ ਸੰਤਾਂ ਦੀ ਸੰਗਤਾਂ ਦਾ ਅਸਰ ਸੰਤ ਜਰਨੈਲ ਸਿੰਘ ਤੇ ਪੈਣ ਤੋਂ ਨਾ ਰਹਿ ਸਕਿਆ ਤੇ ਉਨ੍ਹਾਂ ਦਾ ਧਾਰਮਿਕ ਰੰਗ ਹੋਰ ਗੂੜ੍ਹਾ ਹੁੰਦਾ ਗਿਆ। ਇਨ੍ਹਾਂ ਦਿਨਾਂ ਵਿਚ ਇਕ ਦਿਨ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਸੰਤ ਜਰਨੈਲ ਸਿੰਘ ਦੀ ਜ਼ਿੰਦਗੀ ਵਿਚ ਨਵਾਂ ਮੋੜ ਲੈ ਆਂਦਾ। ਉਨ੍ਹਾਂ ਦੇ ਘਰ ਸੰਤ ਗੁਰਬਚਨ ਸਿੰਘ ਜੀ ਆਏ ਹੋਏ ਸਨ। ਸੰਤ ਗੁਰਬਚਨ ਸਿੰਘ ਨੇ ਸਰਦਾਰ ਜੁਗਿੰਦਰ ਸਿੰਘ ਨਾਲ ਗੱਲਬਾਤ ਕਰਦਿਆਂ ਆਖਿਆ ਕਿ "ਤੁਹਾਡੇ ਏਨੇ ਲੜਕੇ ਹਨ, ਇਨ੍ਹਾਂ ਵਿਚੋਂ ਇਕ ਸਾਨੂੰ ਦੇ ਦਿਉ।" ਸਰਦਾਰ ਜੁਗਿੰਦਰ ਸਿੰਘ ਜੀ ਸੰਤਾਂ ਦੀ ਰਮਜ਼ ਪਛਾਣ ਗਏ ਤੇ ਕਹਿਣ ਲੱਗੇ ਕਿ "ਜਿਹੜਾ ਜੀਅ ਚਾਹੇ ਲੈ ਲਵੋ।" ਇਹ ਸੁਣ ਕੇ ਸੰਤ ਗੁਰਬਚਨ ਸਿੰਘ ਨੇ ਸੰਤ ਜਰਨੈਲ ਸਿੰਘ ਨੂੰ ਥਾਪੀ ਦਿੱਤੀ ਤੇ ਆਪਣਾ ਸਭ ਤੋਂ ਛੋਟਾ ਤੇ ਸਭ ਤੋਂ ਲਾਡਲਾ ਬੇਟਾ ਜਰਨੈਲ ਸਿੰਘ ਸੰਤ ਗੁਰਬਚਨ ਸਿੰਘ ਨਾਲ ਤੋਰ ਦਿੱਤਾ।

ਸੰਤ ਗੁਰਬਚਨ ਸਿੰਘ ਖਾਲਸਾ ਸੰਤ ਜਰਨੈਲ ਸਿੰਘ ਨੂੰ ਆਪਣੇ ਨਾਲ ਗੁਰਦੁਆਰਾ ਨਾਭਾ ਸਾਹਿਬ ਨੇੜੇ ਚੰਡੀਗੜ੍ਹ ਲੈ ਗਏ ਤੇ ਉਨ੍ਹਾਂ ਨੂੰ ਆਪਣੇ ਜਥੇ ਵਿਚ ਸ਼ਾਮਲ ਕਰ ਲਿਆ।

ਸੰਤ ਜਰਨੈਲ ਸਿੰਘ ਜੀ ਨੇ 1965 ਵਿਚ ਭਿੰਡਰਾਂ ਜਥੇ ਵਿਚ ਸ਼ਾਮਿਲ ਹੋ ਕੇ 1966 ਤੱਕ ਇਕ ਸਾਲ ਗੁਰਦੁਆਰਾ ਨਾਭਾ ਸਾਹਿਬ ਵਿਚ ਜਥੇ ਦੇ ਨਿਯਮਾਂ ਅਨੁਸਾਰ ਗੁਰਮਤਿ ਦੀ ਸਿੱਖਿਆ ਹਾਸਿਲ ਕੀਤੀ। ਸੰਤ ਜੀ ਨੂੰ ਸਭ ਤੋਂ ਪਹਿਲੀ ਸੰਥਿਆ ਸੰਤ ਗੁਰਬਚਨ ਸਿੰਘ ਜੀ ਖਾਲਸਾ ਨੇ ਆਪ ਦਿੱਤੀ। ਫਿਰ ਉਹ ਜਥੇ ਦੇ ਸਰਕਰਦਾ ਸੇਵਕ ਭਾਈ ਗੁਰਮੁਖ ਸਿੰਘ ਜੀ ਪਾਸੋਂ ਸਿੱਖਿਆ ਲੈਂਦੇ ਰਹੇ। ਸੰਤ ਜਰਨੈਲ ਸਿੰਘ ਜੀ ਨੇ ਭਿੰਡਰਾਂ ਜਥੇ ਦੀ ਮਰਯਾਦਾ ਵਿਚ ਬੱਝ ਕੇ ਪੂਰੀ ਮਿਹਨਤ ਅਤੇ ਲਗਨ ਨਾਲ 'ਜਥੇ' ਦੀ ਪੜ੍ਹਾਈ ਦਾ ਕੋਰਸ ਪਾਸ ਕੀਤਾ, ਜਿਸ ਵਿਚ ਗੁਰਬਾਣੀ ਤੇ ਗੁਰ - ਇਤਿਹਾਸ ਦਾ ਅਧਿਐਨ ਸ਼ਾਮਿਲ ਹੈ। ਕੋਰਸ ਦਾ ਵੇਰਵਾ ਇਸ ਪਰਕਾਰ ਹੈ: ਗੁਰਬਾਣੀ ਦੇ ਠੀਕ ਅਰਥਾਂ ਤੇ ਉਚਾਰਨ ਦੀ ਸਿੱਖਿਆ, ਬਾਣੀਆਂ, ਨਿਤਨੇਮ, ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਧਾਰਮਿਕ ਪੁਸਤਕਾਂ, ਦਸਮ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਕਬਿਤ ਸਵੱਈਏ, ਗਜ਼ਲਾਂ ਭਾਈ ਨੰਦ ਲਾਲ, ਵੇਦਾਂਤ ਸ਼ਾਸਤਰ, ਸਾਰ ਕੁਤਾਵਲੀ, ਭਾਵਰ ਸਿਮ੍ਰਿਤ, ਵਿਚਾਰ ਮਾਲਾ, ਅਧਿਆਤਮ ਪ੍ਰਕਾਸ਼, ਵਿਚਾਰ ਸਾਗਰ ਚਟਾਕਾ, ਮੋਖਸ਼ ਪੰਥ, ਬ੍ਰਿਤੀ ਪ੍ਰਭਾਕਰ ਆਦਿ।

ਇਕ ਸਾਲ ਦੀ ਸਿੱਖਿਆ ਪਿੱਛੋਂ ਸੰਤ ਜਰਨੈਲ ਸਿੰਘ ਜੀ ਨੂੰ ਭਿੰਡਰਾਂ ਜਥੇ ਦੇ ਮੁਖੀ ਸੰਤ ਗੁਰਬਚਨ ਸਿੰਘ ਖਾਲਸਾ ਵਲੋਂ ਵਾਪਸ ਪਿੰਡ ਆ ਕੇ ਮਾਤਾ ਪਿਤਾ ਤੇ ਭੈਣ ਭਰਾਵਾਂ ਪਾਸ ਰਹਿਣ ਤੇ ਗ੍ਰਿਹਸਥ ਜੀਵਨ ਵਿਚ ਪ੍ਰਵੇਸ਼ ਕਰਨ ਦੀ ਛੁੱਟੀ ਮਿਲ ਗਈ।

## ਗ੍ਰਿਹਸਥ ਜੀਵਨ

ਸੰਤ ਜਰਨੈਲ ਸਿੰਘ ਜੀ ਦੀ ਸ਼ਾਦੀ 1966 ਵਿਚ ਪਿੰਡ ਬਿਲਾਸਪੁਰ ਦੇ ਸਰਦਾਰ ਸੁੱਚਾ ਸਿੰਘ ਦੀ ਲੜਕੀ ਬੀਬੀ ਪ੍ਰੀਤਮ ਕੌਰ ਨਾਲ ਹੋਈ।

ਵੱਡੇ ਲੜਕੇ ਕਾਕਾ ਈਸ਼ਰ ਸਿੰਘ ਦਾ ਜਨਮ 1971 ਵਿਚ ਹੋਇਆ ਜੋ ਅੱਜਕੱਲ ਸਰਕਾਰੀ ਹਾਈ ਸਕੂਲ ਪਿੰਡ ਲੰਡੇ ਵਿਚ ਦਾਖਲ ਹੈ ਤੇ ਸੱਤਵੀਂ ਜਮਾਤ ਵਿਚ ਪੜ੍ਹਦਾ ਹੈ।



Digitized by Panjab Digital Library | www.panjabdigilib.org

ਛੋਟੇ ਲੜਕੇ ਕਾਕਾ ਇੰਦਰਜੀਤ ਸਿੰਘ ਦਾ ਜਨਮ 1975 ਵਿਚ ਹੋਇਆ। ਕਾਕਾ ਇੰਦਰਜੀਤ ਸਿੰਘ ਦੇ ਦੰਦਾਂ ਵਿਚ ਜਮਾਂਦਰੂ ਨੁਕਸ ਸੀ ਤੇ ਉਹ ਥਥਲਾ ਕੇ ਬੋਲਦਾ ਸੀ। ਬਿਮਾਰੀ ਦੀ ਵਜ੍ਹਾ ਕਰਕੇ ਉਸ ਨੂੰ ਸਮੇਂ ਸਿਰ ਸਕੂਲ ਵਿਚ ਦਾਖਲ ਨਾ ਕਰਾਇਆ ਜਾ ਸਕਿਆ। ਕਾਫੀ ਇਲਾਜ ਕਰਾਉਣ ਤੇ ਵੀ ਆਰਾਮ ਨਹੀਂ ਸੀ ਆ ਰਿਹਾ। ਅਕਾਲ ਪੁਰਖ ਦੀ ਮਿਹਰ ਨਾਲ ਆਖਿਰ ਇਸ ਖਾਸ ਬਿਮਾਰੀ ਦਾ ਇਕ ਮਾਹਿਰ ਡਾਕਟਰ ਗੰਗਾ ਨਗਰ ਵਿਚ ਮਿਲ ਗਿਆ ਸੀ ਜੋ ਵਿਦੇਸ਼ ਤੋਂ ਮੈਡੀਕਲ ਟਰੇਨਿੰਗ ਲੈ ਕੇ ਆਇਆ ਸੀ। ਉਸ ਦੇ ਇਲਾਜ ਨਾਲ ਕਾਕਾ ਇੰਦਰਜੀਤ ਸਿੰਘ ਥਥਲਾਉਣੋਂ ਹਟ ਗਿਆ ਤੇ ਹੁਣ ਠੀਕ ਤਰ੍ਹਾਂ ਬੋਲ ਲੈਂਦਾ ਹੈ।

## ਦੋਹਰਾ ਅਨੰਦ ਕਾਰਜ!

ਸੰਤ ਜਰਨੈਲ ਸਿੰਘ ਜੀ ਨੇ ਗ੍ਰਿਹਸਥ ਧਰਮ ਵਿਚ ਪ੍ਰਵੇਸ਼ ਦੋ ਵਾਰ ਅਨੰਦ ਪੜ੍ਹਾ ਕੇ ਕੀਤਾ। ਇਹ ਘਟਨਾ ਬੜੀ ਦਿਲਚਸਪ ਹੈ।

ਦੱਸਿਆ ਜਾਂਦਾ ਹੈ ਕਿ ਅਨੰਦ ਕਾਰਜ ਮੌਕੇ ਗ੍ਰੰਥੀ ਸਿੰਘ ਨੇ ਬਗੈਰ ਵਕਫੇ ਤੋਂ ਲਗਾਤਾਰ ਚਾਰੇ ਲਾਵਾਂ ਪੜ੍ਹ ਦਿੱਤੀਆਂ ਤੇ ਵਿਵਾਹਿਤ ਜੋੜੀ ਨੂੰ ਖੜ੍ਹੇ ਹੋਣ ਤੇ ਫੇਰੇ ਲੈਣ ਦਾ ਮੌਕਾ ਹੀ ਨਾ ਦਿੱਤਾ। ਕਾਰਨ ਇਹ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲੱਗਿਆਂ ਪਿਛਲੇ ਪਾਸੇ ਫੇਰਿਆਂ ਲਈ ਰਸਤਾ ਨਹੀਂ ਸੀ ਛੱਡਿਆ ਜਾ ਸਕਿਆ। ਅਜਿਹਾ ਕਰਨਾ ਗੁਰ - ਮਰਯਾਦਾ ਤੋਂ ਉਲਟ ਸੀ ਕਿਉਂਕਿ ਅਨੰਦ ਕਾਰਜ ਦੀ ਮਰਯਾਦਾ ਅਨੁਸਾਰ ਲਾਵਾਂ ਪੜ੍ਹਨ ਦੇ ਨਾਲ ਨਾਲ ਵਿਵਾਹਿਤ ਜੋੜੀ ਨੂੰ ਫੇਰੇ ਦਿੱਤੇ ਜਾਣੇ ਵੀ ਜ਼ਰੂਰੀ ਹਨ। ਸੰਤ ਜੀ ਨੇ ਲੜਕੀ ਵਾਲਿਆਂ ਤੇ ਅਨੰਦ ਪੜ੍ਹਾਉਣ ਵਾਲੇ ਸਿੰਘਾਂ ਦੇ ਧਿਆਨ ਵਿਚ ਇਹ ਗੱਲ ਲਿਆਂਦੀ ਕਿ ਆਨੰਦ ਕਾਰਜ ਪੂਰਨ ਗੁਰ ਮਰਯਾਦਾ ਮੁਤਾਬਿਕ ਨਹੀਂ ਹੋਇਆ ਤੇ ਮੰਗ ਕੀਤੀ ਕਿ, ਅਨੰਦ ਕਾਰਜ 'ਫੇਰੇ' ਦੇ ਕੇ ਦੂਜੀ ਵਾਰ ਕੀਤਾ ਜਾਏ। ਅਨੰਦ ਪੜ੍ਹਾਉਣ ਵਾਲੇ ਸਿੰਘਾਂ ਨੇ ਪ੍ਰਬੰਧ ਕਰਨ ਵਿਚ ਕੋਤਾਹੀ ਤੇ ਗੁਰ ਮਰਯਾਦਾ ਦੀ ਅਵੱਗਿਆ ਕਾਰਨ ਖਿਮਾ ਮੰਗੀ। ਚੁਨਾਂਚਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਚੌਹੀਂ ਪਾਸੀਂ ਫੇਰਿਆਂ ਲਈ ਰਸਤਾ ਬਣਾ ਕੇ ਦੋਬਾਰਾ ਲਾਵਾਂ ਪੜ੍ਹੀਆਂ ਗਈਆਂ ਤੇ ਹਰ ਲਾਂਵ ਦੇ ਪਾਠ ਉਪਰੰਤ ਜੋੜੀ ਨੂੰ 'ਫੇਰੇ' ਦਿੱਤੇ ਗਏ।



Digitized by Panjab Digital Library / www.panjabdigilib.org

# ਧਰਤੀ ਦੇ ਭਾਗ ਜਾਗੇ

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੇ ਜਗਤ ਪ੍ਰਸਿੱਧ ਸ਼ਖਸੀਅਤ ਬਣ ਜਾਣ ਨਾਲ ਪੰਜਾਬ ਦੇ ਤਿੰਨ ਪਿੰਡਾਂ ਦੀ ਧਰਤੀ ਦੇ ਭਾਗ ਜਾਗ ਪਏ ਹਨ। ਜਿਨ੍ਹਾਂ ਦਾ ਸੰਤ ਜੀ ਦੀ ਸ਼ਖਸੀਅਤ ਨਾਲ ਅਟੁੱਟ ਰਿਸ਼ਤਾ ਹੈ। ਇਹ ਪਿੰਡ ਹਨ: ਰੋਡੇ, ਭਿੰਡਰ ਤੇ ਮਹਿਤਾ। ਸੰਤ ਜਰਨੈਲ ਸਿੰਘ ਜੀ ਦੀ ਸ਼ੋਹਰਤ ਨਾਲ ਇਹ ਤਿੰਨੇ ਪਿੰਡ ਦੁਨੀਆਂ ਭਰ ਵਿਚ ਮਸ਼ਹੂਰ ਹੋ ਗਏ ਹਨ।

• ਪਿੰਡ ਰੋਡੇ: ਇਸ ਕਾਰਨ ਕਿ, ਇਹ ਪਿੰਡ ਸੰਤ ਜਰਨੈਲ ਸਿੰਘ ਜੀ ਦਾ ਜੱਦੀ ਪਿੰਡ ਹੈ ਤੇ ਉਨ੍ਹਾਂ ਦਾ ਜਨਮ - ਅਸਥਾਨ ਹੈ।

• ਪਿੰਡ ਭਿੰਡਰ : ਇਸ ਕਾਰਨ ਕਿ, 'ਭਿੰਡਰਾਂਵਾਲੇ' ਸ਼ਬਦ ਜ਼ਬਾਨ ਤੇ ਆਉਂਦਿਆਂ ਹੀ ਸੰਤ ਜਰਨੈਲ ਸਿੰਘ ਜੀ ਦੀ ਤਸਵੀਰ ਅੱਖਾਂ ਅੱਗੇ ਘੁੰਮਣ ਲੱਗ ਪੈਂਦੀ ਹੈ ਤੇ ਹਰ ਆਦਮੀ ਇਹ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ ਸੰਤ ਜਰਨੈਲ ਸਿੰਘ ਦਾ ਪਿੰਡ 'ਭਿੰਡਰ' ਹੋਵੇਗਾ, ਜਿਸ ਲਈ ਉਨ੍ਹਾਂ ਨੂੰ 'ਭਿੰਡਰਾਂਵਾਲੇ' ਕਹਿ ਕੇ ਪੁਕਾਰਿਆ ਜਾਂਦਾ ਹੈ। ਅਸਲੀਅਤ ਬੇਸ਼ਕ ਇਹ ਹੈ ਕਿ, ਸੰਤ ਸੁੰਦਰ ਸਿੰਘ ਜੀ ਪਿੰਡ ਭਿੰਡਰਕਲਾਂ ਜ਼ਿਲ੍ਹਾ ਫਿਰੋਜ਼ਪੁਰ ਦੇ ਅਸਲ ਵਾਸੀ ਸਨ, ਜਿਨ੍ਹਾਂ ਸਦਕਾ ਸਿੱਖ ਸੰਗਤਾਂ ਨੇ ਦਮਦਮੀ ਟਕਸਾਲ ਦੇ ਵਰਤਮਾਨ ਸਰੂਪ ਨੂੰ 'ਭਿੰਡਰਾਂ ਜਥਾ' ਦਾ ਨਾਂ ਦਿੱਤਾ, ਸੰਤ ਸੁੰਦਰ ਸਿੰਘ ਜੀ ਨੂੰ 'ਭਿੰਡਰਾਂਵਾਲੇ ਸੰਤ' ਕਹਿ ਕੇ ਪੁਕਾਰਨਾ ਸ਼ੁਰੂ ਕੀਤਾ ਤੇ ਉਨ੍ਹਾਂ ਤੋਂ ਪਿੱਛੋਂ 'ਭਿੰਡਰਾਂ ਜਥੇ' ਦੀ ਸੇਵਾ ਸੰਭਾਲਣ ਵਾਲੇ ਹਰ ਸੰਤ ਨੂੰ 'ਭਿੰਡਰਾਂਵਾਲੇ ਸੰਤ' ਅਖਵਾਉਣ ਦਾ ਮਾਣ ਬਖਸ਼ਿਆ।

• ਪਿੰਡ ਮਹਿਤਾ : ਇਸ ਕਾਰਨ ਕਿ ਇਹ ਪਿੰਡ 'ਭਿੰਡਰਾਂ ਜਥੇ' ਦਾ ਹੈੱਡ ਕੁਆਟਰ ਬਣ ਚੁੱਕਾ ਹੈ ਤੇ ਭਿੰਡਰਾਂ ਜਥੇ ਦੇ ਸਰਨਾਵੇਂ ਨਾਲ ਇਸ ਪਿੰਡ ਦਾ ਨਾਂ ਜੁੜ ਕੇ ਅਮਰ ਹੋ ਗਿਆ ਹੈ। ਮਿਸਾਲ ਵਜੋਂ ਭਿੰਡਰਾਂ ਜਥੇ ਦਾ ਪੂਰਾ ਸਰਨਾਵਾ ਇਹ ਹੈ; ਜਥਾ ਭਿੰਡਰਾਂ (ਮਹਿਤਾ), ਪਿੰਡ ਤੇ ਡਾਕਖਾਨਾ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਤਿੰਨਾਂ ਪਿੰਡਾਂ ਬਾਰੇ ਸੰਖੇਪ ਜਾਣਕਾਰੀ ਅੱਗੇ ਦਿੱਤੀ ਜਾ ਰਹੀ ਹੈ:

## ਪਿੰਡ ਰੋਡੇ

ਅੱਜ ਤੋਂ ਸੈਂਕੜੇ ਸਾਲ ਪਹਿਲਾਂ ਇਹ ਪਿੰਡ ਬਰਾੜਾਂ ਨੇ ਵਸਾਇਆ ਸੀ। ਬਰਾੜ ਜੱਟ ਪੰਜ ਗਰਾਇਓਂ ਉਠ ਕੇ ਰਾਜੇਆਣੇ ਆਏ ਤੇ ਫੇਰ ਏਥੇ ਆ ਵਸੇ। ਉਨ੍ਹਾਂ ਵਲੋਂ ਇਸ ਪਿੰਡ ਦਾ ਨਾਂ 'ਜੋਧਪੁਰ' ਰੱਖਿਆ ਗਿਆ ਸੀ ਪਰ ਥੋੜਾ ਚਿਰ ਬਾਅਦ ਏਥੇ ਇਕ ਘੋਨ - ਮੋਨ ਰੋਡਾ ਸਾਧ ਆ ਵਸਿਆ। ਉਸ ਦੀ ਮਨੌਤ ਦੂਰ ਦੂਰ ਤੱਕ ਫੈਲ ਗਈ, ਜਿਸ ਕਰਕੇ ਆਮ ਲੋਕਾਂ ਨੇ ਇਸ ਪਿੰਡ ਨੂੰ ਜੋਧਪੁਰ ਦੀ ਥਾਂ 'ਰੋਡਾ' ਕਹਿਣਾ ਸ਼ੁਰੂ ਕਰ ਦਿੱਤਾ। ਲੋਕ - ਆਵਾਜ਼ ਨੇ 'ਜੋਧਪੁਰ' ਨਾਂ ਦਾ ਭੋਗ ਪਾ ਦਿੱਤਾ ਤੇ ਸਰਕਾਰੀ ਕਾਗਜ਼ਾਂ ਵਿਚ ਵੀ ਪਿੰਡ ਦਾ ਨਾਂ 'ਰੋਡਾ' ਹੀ ਚਾੜ੍ਹਿਆ ਗਿਆ। ਬਾਅਦ ਵਿਚ ਇਸ ਨਾਂ ਨੂੰ ਥੋੜਾ ਜਿਹਾ ਬਾ - ਇਜ਼ਤ ਬਣਾਉਣ ਲਈ 'ਰੋਡੇ' ਕਿਹਾ ਜਾਣ ਲੱਗ ਪਿਆ।



Digitized by Panjab Digital Library / www.panjabdigilib.org

ਰੋਡੇ ਨੇੜੇ 'ਲੰਡੇ' ਨਾਂ ਦਾ ਪਿੰਡ ਵੀ ਹੈ। ਦੰਦ ਕਥਾ ਚਲੀ ਆਉਂਦੀ ਹੈ ਕਿ ਇਕ ਲੰਡਾ ਸਾਨ੍ਹ ਰੋਡੇ ਪਿੰਡ ਦੀਆਂ ਪੈਲੀਆਂ ਵਿਚ ਚਰ ਕੇ ਤੇ ਫਸਲਾਂ ਉਜਾੜ ਕੇ ਏਥੋਂ ਥੋੜੀ ਦੂਰ ਇਕ ਝਿੜੀ ਵਿਚ ਜਾ ਛੁਪਦਾ ਸੀ। ਬਾਅਦ ਵਿਚ ਬਰਾੜਾਂ ਨੇ ਉਥੇ ਇਕ ਪਿੰਡ ਆਬਾਦ ਕਰ ਦਿੱਤਾ, ਜਿਸ ਦਾ ਨਾਂ ਲੋਕਾਂ ਨੇ 'ਲੰਡਾ' ਰੱਖ ਦਿੱਤਾ। ਥੋੜੀ ਦੇਰ ਪਿੱਛੋਂ 'ਲੰਡਾ' ਵੀ 'ਲੰਡੇ' ਵਿਚ ਬਦਲ ਗਿਆ। ਇਲਾਕਾ ਨਿਵਾਸੀਆਂ ਨੇ ਦੋਹਾਂ ਪਿੰਡਾਂ ਨੂੰ ਜੌੜੇ ਪਿੰਡ ਸਮਝ ਕੇ 'ਰੋਡੇ ਲੰਡੇ' ਕਹਿਣਾ ਸ਼ੁਰੂ ਕਰ ਦਿੱਤਾ। ਰੋਡੇ ਤੇ ਲੰਡੇ, ਸਾਧ ਤੇ ਸਾਨ੍ਹ; ਇਨ੍ਹਾਂ ਸ਼ਬਦਾਂ ਦਾ ਜੋੜ - ਮੇਲ ਕਿੰਨਾ ਖੂਬਸੂਰਤ ਦਿਖਾਈ ਦਿੰਦਾ ਹੈ।

ਪਿੰਡ ਰੋਡੇ ਮੋਗਾ - ਕੋਟ ਕਪੂਰਾ ਰੋਡ ਤੇ ਜ਼ਿਲ੍ਹਾ ਫਰੀਦਕੋਟ ਵਿਚ ਹੈ। ਇਹ ਪਿੰਡ ਮੋਗੇ ਤੋਂ 29-30 ਕਿਲੋਮੀਟਰ ਦੂਰ ਹੈ। ਦੋ ਕਿਲੋਮੀਟਰ ਲੰਮੀ ਪਹੁੰਚ ਸੜਕ ਰੋਡੇ ਪਿੰਡ ਨੂੰ ਮੋਗਾ - ਕੋਟ ਕਪੂਰਾ ਮੇਨ ਰੋਡ ਨਾਲ 'ਸਕੂਲ' ਦੇ ਅੱਡੇ ਤੇ ਮਿਲਾਉਂਦੀ ਹੈ। ਪਿੰਡ ਦੇ ਲੋਕ ਮੇਨ ਸੜਕ ਤੇ ਉਸਾਰੇ ਗਏ ਸਕੂਲ ਕਾਲਜ ਕੰਪਲੈਕਸ ਨੂੰ ਨਿਰਾ 'ਸਕੂਲ' ਹੀ ਕਹਿੰਦੇ ਹਨ।

ਰੋਡੇ ਪਿੰਡ ਦੀ ਵਸੋਂ 10-11 ਹਜ਼ਾਰ ਤੋਂ ਘੱਟ ਨਹੀਂ ਹੋਵੇਗੀ। ਪਿੰਡ ਵਿਚ 5 ਪੱਤੀਆਂ ਹਨ: ਬਾਦਲ, ਰੂਪਾ, ਰਜਾਦਾ, ਮਿਹਰਾ ਤੇ ਰਾਏ। 7 ਗੁਰਦੁਆਰੇ ਹਨ, ਜਿਨ੍ਹਾਂ ਵਿਚੋਂ ਇਕ ਨਾਮਧਾਰੀਆਂ ਦਾ ਤੇ ਇਕ ਬ੍ਰਹਮ ਗਿਆਨਣ ਬੀਬੀ ਮਾਨ ਕੌਰ ਦਾ ਹੈ। 13 ਧਰਮਸਾਲਾ ਹਨ।

ਪਿੰਡ ਤੋਂ ਥੋੜੀ ਦੂਰ ਇਕ ਹੋਰ ਛੋਟੀ ਜਿਹੀ ਆਬਾਦੀ ਉਭਰ ਆਈ ਹੈ, ਜਿਸ ਨੂੰ ਲੋਕ ਗੁਰੂ - ਪੁਰਾ ਉਰਫ 'ਕੋਠੇ' ਕਹਿੰਦੇ ਹਨ। ਰੂਪਾ ਪੱਤੀ ਦੇ ਕੁਝ ਕਿਸਾਨਾਂ ਨੇ ਪਿੰਡੋਂ ਬਾਹਰ ਆਪਣੇ ਖੂਹਾਂ ਨਾਲ ਲਗਵੀਂ ਜ਼ਮੀਨ ਵਿਚ ਕੋਠੇ ਉਸਾਰ ਲਏ, ਜਿਸ ਕਾਰਨ ਲੋਕਾਂ ਨੇ ਇਸ ਨਵੀਂ ਬਸਤੀ ਨੂੰ 'ਕੋਠੇ' ਕਹਿਣਾ ਸ਼ੁਰੂ ਕਰ ਦਿੱਤਾ। ਪਰ ਕੋਠਿਆਂ ਦੇ ਵਾਸੀਆਂ ਨੇ ਇਸ ਨਵੀਂ ਬਸਤੀ ਦਾ ਨਾਂ 'ਗੁਰੂ ਪੁਰਾ' ਰੱਖਿਆ ਹੈ। ਸੰਤ ਜਰਨੈਲ ਸਿੰਘ ਜੀ ਦਾ ਆਰ ਪਰਵਾਰ ਗੁਰੂ ਪੁਰਾ ਵਿਚ ਹੀ ਆਬਾਦ ਹੈ।

ਪਿੰਡ ਰੋਡੇ ਨੂੰ 'ਮਾਡਲ ਗਰਾਮ' ਕਰਾਰ ਦੇ ਕੇ ਸਰਕਾਰ ਵਲੋਂ ਗਲੀਆਂ ਪੱਕੀਆਂ ਕਰਵਾਈਆਂ ਜਾ ਚੁੱਕੀਆਂ ਹਨ ਪਰ ਪਿੰਡ ਵਾਸੀਆਂ ਨੂੰ ਪੀਣ ਵਾਸਤੇ ਸਾਫ ਸੁਥਰਾ ਪਾਣੀ ਮੁਹਈਆ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਇਹ ਪਿੰਡ 20-25 ਛੱਪੜਾਂ ਨਾਲ ਘਿਰਿਆ ਹੋਇਆ ਹੈ। ਕਈ ਛੱਪੜ ਤਾਂ ਝੀਲ ਜਿਹਾ ਦ੍ਰਿਸ਼ ਪੇਸ਼ ਕਰਦੇ ਹਨ। ਛੱਪੜਾਂ ਦੀ ਬਹੁਲਤਾ ਕਾਰਨ ਪਿੰਡ ਦੇ ਖੂਹਾਂ ਅਤੇ ਨਲਕਿਆਂ 'ਚੋਂ ਖਰਾਬ ਪਾਣੀ ਨਿਕਲਦਾ ਹੈ ਜੋ ਪੀਣ ਦੇ ਯੋਗ ਨਹੀਂ। ਗਿਆਨੀ ਜ਼ੈਲ ਸਿੰਘ ਦੀ ਵਜ਼ਾਰਤ ਵੇਲੇ 11.12.1976 ਨੂੰ ਪਬਲਿਕ ਹੈਲਥ ਮਨਿਸਟਰ ਜਥੇਦਾਰ ਸੋਹਣ ਸਿੰਘ ਜਲਾਲ-ਉਸਮਾਂ ਨੇ ਪਿੰਡ ਵਾਸੀਆਂ ਨੂੰ ਸਵੱਛ ਪਾਣੀ ਦੇਣ ਲਈ ਇਕ ਵਾਟਰ ਵਰਕਸ ਦਾ ਨੀਂਹ ਪੱਥਰ ਰੱਖਿਆ ਸੀ। ਵਾਟਰ ਵਰਕਸ ਉਸਰਨਾ ਤਾਂ ਇਕ ਪਾਸੇ ਰਿਹਾ, ਨੀਂਹ-ਪੱਥਰ ਵੀ ਢਹਿੰਦਾ ਜਾ ਰਿਹਾ ਹੈ।

ਪਿੰਡ ਦੇ ਲੋਕਾਂ ਦੀ ਸਿਹਤ ਦਾ ਸਰਕਾਰ ਨੇ ਤਾਂ ਕੋਈ ਖਿਆਲ ਨਹੀਂ ਰੱਖਿਆ ਪਰ ਪਿੰਡ ਦੇ ਸੂਝਵਾਨ ਲੋਕਾਂ ਨੇ ਸਿਹਤ ਦੇ ਮਸਲੇ ਨੂੰ ਅਣਗੌਲਿਆ ਨਹੀਂ ਰਹਿਣ ਦਿੱਤਾ। ਪਿੰਡ ਦੇ 200 ਤੋਂ ਉਪਰ ਬੰਦੇ ਕੈਨੇਡਾ ਗਏ ਹੋਏ ਹਨ। ਉਨ੍ਹਾਂ ਨੇ ਆਪਣੀ ਜਨਮ ਭੂਮੀ ਦੇ ਲੋਕਾਂ ਦੀ ਸਿਹਤ ਬਰਕਰਾਰ ਰੱਖਣ ਲਈ ਡਿਸਪੈਂਸਰੀ ਬਣਾਉਣ ਵਾਸਤੇ ਇਕ ਲੱਖ ਵੀਹ ਹਜ਼ਾਰ ਰੁਪਏ ਦਾ ਫੰਡ ਇਕੱਠਾ ਕਰ ਕੇ ਭੇਜਿਆ। ਇਸ ਰਕਮ ਨਾਲ ਪਿੰਡ ਵਿਚ ਨਵੀਨਤਮ ਕਿਸਮ ਦੀ ਇਕ ਬਹੁਤ ਵਧੀਆ ਡਿਸਪੈਂਸਰੀ ਉਸਾਰੀ ਗਈ ਹੈ। ਇਹ ਡਿਸਪੈਂਸਰੀ ਬਣਾਉਣ ਵਾਸਤੇ ਬਾਦਲ ਪੱਤੀ ਨੇ ਡੇਢ ਕਿੱਲਾ ਜ਼ਮੀਨ ਦਾਨ ਕੀਤੀ ਹੈ ਤੇ ਪਿੰਡ ਦੇ ਸਾਰੇ ਲੋਕਾਂ ਨੇ ਲਗਾਤਾਰ



Digitized by Panjab Digital Library | www.panjabdigilib.org

16 ਦਿਨ ਤੱਕ ਨੀਵੀਂ ਜਗ੍ਹਾ ਪੂਰਨ ਵਾਸਤੇ ਫਰੀ ਭਰਤੀ ਪਾਈ ।

ਪਿੰਡ ਦੇ ਲੋਕਾਂ ਨੇ ਸਿਹਤ ਤੋਂ ਇਲਾਵਾ ਵਿਦਿਅਕ ਖੇਤਰ ਵਿਚ ਵੀ ਬਹੁਤ ਵੱਡਾ ਹੰਭਲਾ ਮਾਰਿਆ । ਸਵਰਗਵਾਸੀ ਕਪਤਾਨ ਭਗਵਾਨ ਸਿੰਘ ਜੀ ਦੇ ਯਤਨਾਂ ਨਾਲ ਹਾਈ ਸਕੂਲ ਕਾਇਮ ਹੋਇਆ । ਇਸ ਤੋਂ ਪਿੱਛੋਂ ਗੁਰੂ ਨਾਨਕ ਕਾਲਜ ਬਣਿਆ ਤੇ ਫਿਰ ਪਾਲੀਟੈਕਨਿਕ ਕਾਲਜ ਦੀ ਸਥਾਪਨਾ ਕੀਤੀ ਗਈ । ਇਹ ਸਾਰੀਆਂ ਵਿਦਿਅਕ ਸੰਸਥਾਵਾਂ ਪਿੰਡੋਂ ਬਾਹਰ ਮੋਗਾ - ਕੋਟ ਕਪੂਰਾ ਸੜਕ ਦੇ ਕੰਢੇ ਤੇ ਉਸਾਰੀਆਂ ਗਈਆਂ ਹਨ। ਇਸ ਸਕੂਲ - ਕਾਲਜ ਕੰਪਲੈਕਸ ਨੂੰ ਆਮ ਲੋਕ ਸਿਰਫ 'ਸਕੂਲ' ਹੀ ਕਹਿੰਦੇ ਹਨ ।

ਪਿੰਡ ਵਿਚ ਪੜ੍ਹੇ ਲਿਖੇ ਲੋਕਾਂ ਦੀ ਘਾਟ ਮਹਿਸੂਸ ਨਹੀਂ ਹੋ ਰਹੀ। ਪਿੰਡ ਦੀਆਂ 10 ਕੁੜੀਆਂ ਤੇ 25 ਮੁੰਡਿਆਂ ਨੇ ਐਮ. ਏ. ਪਾਸ ਕੀਤੀ ਹੋਈ ਹੈ, ਜਿਨ੍ਹਾਂ ਵਿਚੋਂ ਬਹੁਤੀ ਗਿਣਤੀ ਬੇਕਾਰਾਂ ਦੀ ਹੈ । ਪਿੰਡ ਨੇ 70-80 ਅਧਿਆਪਕ, 15 ਓਵਰਸੀਅਰ ਤੇ 10 ਪਟਵਾਰੀ ਪੈਦਾ ਕੀਤੇ ਹਨ ।

ਪਿੰਡ ਦੇ ਵਿਸ਼ੇਸ਼ ਵਿਅਕਤੀਆਂ ਵਿਚ ਸਰਦਾਰ ਜੱਗਾ ਸਿੰਘ ਸਰਪੰਚ, ਜਥੇਦਾਰ ਮੁਹਿੰਦਰ ਸਿੰਘ: ਮੈਂਬਰ ਐਸ. ਜੀ. ਪੀ. ਸੀ., ਸੰਤ ਕ੍ਰਿਪਾਲ ਸਿੰਘ, ਸੰਤ ਜਰਨੈਲ ਸਿੰਘ ਜੀ ਦੇ ਖਾਨਦਾਨ ਦੇ ਨਿਕਟਵਰਤੀ ਸਰਦਾਰ ਸੁੱਚਾ ਸਿੰਘ ਤੇ ਸਰਦਾਰ ਸੁਖਦੇਵ ਸਿੰਘ ਬੀ. ਏ., ਬੀ. ਐਡ, ਦੇ ਨਾਂ ਗਿਣੇ ਜਾ ਸਕਦੇ ਹਨ । ਇਨ੍ਹਾਂ ਤੋਂ ਬਿਨਾਂ ਪਿੰਡ ਰੋਡੇ ਨੇ ਕਈ ਸਾਹਿਤਕਾਰਾਂ, ਕਲਾਕਾਰਾਂ, ਭਲਵਾਨਾਂ, ਖਿਡਾਰੀਆਂ, ਫੌਜੀਆਂ ਤੇ ਸਰਕਾਰੀ ਅਫਸਰਾਂ ਨੂੰ ਵੀ ਜਨਮ ਦਿੱਤਾ ਹੈ । ਪਿੰਡ ਵਿਚ ਹਰ ਵਿਚਾਰਧਾਰਾ ਦੇ ਲੋਕ ਮੌਜੂਦ ਹਨ, ਜਿਨ੍ਹਾਂ ਵਿਚ ਅਕਾਲੀ, ਕਾਂਗਰਸ, ਸੀ. ਪੀ. ਆਈ., ਸੀ. ਪੀ. ਐਮ., ਤੇ ਨਕਸਲੀ ਆਦਿ ਪਾਰਟੀਆਂ ਦੇ ਨਾਂ ਗਿਣੇ ਜਾ ਸਕਦੇ ਹਨ । ਲੇਕਿਨ ਪਿੰਡ ਵਿਚ ਜ਼ੋਰ ਅਕਾਲੀਆਂ ਦਾ ਹੀ ਹੈ । ਸਰਦਾਰ ਜਗਜੀਤ ਸਿੰਘ (ਸੰਤ ਜਰਨੈਲ ਸਿੰਘ ਜੀ ਦੇ ਭਰਾ) ਜ਼ਿਲ੍ਹਾ ਅਕਾਲੀ ਜਥਾ ਫਰੀਦਕੋਟ ਦੇ ਜਨਰਲ ਸਕੱਤਰ ਹਨ ।

ਪਿੰਡ ਵਿਚ 13 ਮੈਂਬਰੀ ਪੰਚਾਇਤ ਹੈ । ਪਿੰਡ ਦੇ ਲੋਕਾਂ ਵਿਚ ਸਿਆਸੀ, ਸਮਾਜੀ ਤੇ ਧਾਰਮਿਕ ਸੂਝ ਬੂਝ ਹੈ । ਸੰਤ ਜਰਨੈਲ ਸਿੰਘ ਜੀ ਦੀ ਕਿਰਪਾ ਦੁਆਰਾ ਪਿੰਡ ਵਿਚ ਕੋਈ 'ਬਦਮਾਸ਼' ਨਹੀਂ ਰਿਹਾ । ਹੋਰ ਪਿੰਡਾਂ ਵਾਂਗ ਏਥੇ ਵੀ ਬਦਮਾਸ਼ ਟੋਲੀ ਬਣ ਗਈ ਸੀ, ਲੇਕਿਨ ਪਿੰਡ ਦੇ ਖਾੜਕੂ ਜਥੇ ਨੇ ਬਦਮਾਸ਼ਾਂ ਨੂੰ ਅਜਿਹਾ ਕੁਟਾਪਾ ਚਾੜ੍ਹਿਆ ਕਿ ਉਹ ਬਦਮਾਸ਼ੀ ਤੋਂ ਤੋਬਾ ਕਰ ਗਏ ਤੇ ਮੁਖਾਲਿਫ ਗਰੁੱਪ ਨਾਲ ਸੁਲਾਹ ਕਰਨ ਲਈ ਵਿਚੋਲੇ ਲੱਭਣ ਲੱਗੇ । ਕਿਸੇ ਨੇ ਨੇਕ ਮਸ਼ਵਰਾ ਦਿੱਤਾ ਕਿ ਮਹਿਤਾ ਚੌਕ ਜਾ ਕੇ ਸੰਤ ਜਰਨੈਲ ਸਿੰਘ ਦੇ ਚਰਨੀਂ ਲੱਗ ਜਾਓ, ਅਜਿਹਾ ਕਰਨ ਨਾਲ ਹੀ ਤੁਹਾਡਾ ਬਚਾਅ ਹੋ ਸਕਦਾ ਹੈ। ਵਾਹਿਗੁਰੂ ਨੇ ਵੀ ਉਨ੍ਹਾਂ ਨੂੰ ਸੁਮੱਤ ਬਖਸ਼ੀ ਤੇ ਸਾਰੇ ਬਦਮਾਸ਼ ਸੰਤ ਜਰਨੈਲ ਸਿੰਘ ਦੀ ਸ਼ਰਨ ਵਿਚ ਜਾ ਕੇ ਅੰਮ੍ਰਿਤਧਾਰੀ ਸਿੰਘ ਸਜ ਗਏ ।

ਪਿੰਡ ਰੋਡੇ ਨੂੰ ਆਦਰਸ਼ਕ ਪਿੰਡ ਆਖਿਆ ਜਾ ਸਕਦਾ ਹੈ ਕਿਉਂਕਿ ਸਮੇਂ ਦੀ ਲੋੜ ਮੁਤਾਬਿਕ ਇਸ ਜਗ੍ਹਾ ਵਿਦਿਅਕ ਸੰਸਥਾਵਾਂ ਤੇ ਹੋਰ ਅਦਾਰੇ ਕਾਇਮ ਹਨ ।

ਪਿੰਡ ਵਿਚ ਚਾਰ ਸਰਕਾਰੀ ਪ੍ਰਾਇਮਰੀ ਸਕੂਲ ਹਨ: ਪਹਿਲਾ ਬਸਤੀ ਗੁਰੂ ਪੁਰਾ ਵਿਚ, ਦੂਜਾ ਬਾਦਲ ਪੱਤੀ ਵਿਚ, ਤੀਜਾ ਮਿਹਰਾ ਪੱਤੀ ਵਿਚ ਤੇ ਚੌਥਾ ਰਜਾਦਾ ਪੱਤੀ ਵਿਚ । ਹੋਰ ਵਿਦਿਅਕ ਅਦਾਰੇ ਇਹ ਹਨ:

1 ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਗੁਰੂ ਤੇਗ ਬਹਾਦਰ ਗੜ੍ਹ (ਰੋਡੇ)



Digitized by Panjab Digital Library / www.panjabdigilib.org

2 ਗੁਰੂ ਨਾਨਕ ਗੌਰਮਿੰਟ ਕਾਲਜ, ਗੁਰੂ ਤੇਗ ਬਹਾਦਰ ਗੜ੍ਹ (ਰੋਡੇ)
3 ਗੌਰਮਿੰਟ ਪਾਲੀਟੈਕਨਿਕ ਕਾਲਜ, ਗੁਰੂ ਤੇਗ ਬਹਾਦਰ ਗੜ੍ਹ (ਰੋਡੇ)

ਇਨ੍ਹਾਂ ਤੋਂ ਇਲਾਵਾ ਪਿੰਡ ਵਿਚ ਡਾਕਖਾਨਾ ਹੈ, ਡਿਸਪੈਂਸਰੀ ਹੈ, ਡੰਗਰ ਹਸਪਤਾਲ ਹੈ ਤੇ ਬੈਂਕ ਆਫ ਇੰਡੀਆ ਹੈ ।

ਰੋਡੇ ਪਿੰਡ ਦੇ ਕੁਝ ਬੇਮਿਸਾਲ ਵਿਅਕਤੀਆਂ ਨੇ ਵੀ ਪਿੰਡ ਦਾ ਨਾਂ ਮਸ਼ਹੂਰ ਕੀਤਾ ਹੈ, ਜਿਵੇਂ:

— ਮਾਈ ਭੋਲੀ: ਉਮਰ 110 ਸਾਲ, ਸਿਹਤ ਠੀਕ ਹੈ, ਚੱਲ ਫਿਰ ਸਕਦੀ ਹੈ, ਅੱਖਾਂ ਠੀਕ ਹਨ ਤੇ ਦੰਦ ਵੀ ਕਾਇਮ ਹਨ ।

— ਬਾਬਾ ਫਾਰਾ ਸਿੰਘ : ਦਾੜ੍ਹੀ ਵਧਾਉਣ ਵਿਚ ਰਿਕਾਰਡ ਤੋੜਿਆ ਹੈ । ਉਸ ਦੀ ਦਾੜ੍ਹੀ 5 ਫੁੱਟ 8 ਇੰਚ ਲੰਮੀ ਹੈ । ਉਮਰ 80 ਸਾਲ ਹੈ । ਜਵਾਨੀ ਵੇਲੇ 65 ਕਿੱਲੋ ਭਾਰਾ ਤੇ 20 ਫੁੱਟ ਲੰਮਾ ਸੰਗਲ ਘੁਮਾ ਕੇ ਪਿੰਡ ਦਾ ਨਾਂ ਮਸ਼ਹੂਰ ਕਰਦਾ ਰਿਹਾ ।

— ਹਰਦਿਆਲ ਸਿੰਘ ਮੱਲ : ਡੇਢ ਕੁਇੰਟਲ ਭਾਰਾ ਹੈ! ਮੱਲ ਕਾਹਦਾ ਦਿਉ ਹੈ!

ਪਿੰਡ ਦੇ ਲੋਕ ਸੁਤੰਤਰਤਾ ਸੰਗਰਾਮ ਵਿਚ ਤੇ ਮੋਰਚਿਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਪਾਉਂਦੇ ਰਹੇ ਹਨ । ਇਸ ਬਾਰੇ ਸੰਖੇਪ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ:

— 1935-38 ਵਿਚ ਜਦ ਬਹੁਤ ਸਾਰੇ ਪਿੰਡ ਸੁਤੰਤਰਤਾ ਸੰਗਰਾਮੀਆਂ ਨੂੰ ਕਾਨਫਰੰਸ ਕਰਨ ਲਈ ਜਗ੍ਹਾ ਦੇਣ ਤੋਂ ਡਰਦੇ ਸਨ, ਰੋਡੇ ਵਿਚ ਸਰਬ ਪੰਜਾਬ ਕਾਂਗਰਸ ਦੀ ਬਹੁਤ ਭਾਰੀ ਪੁਲੀਟੀਕਲ ਕਾਨਫਰੰਸ ਹੋਈ, ਜਿਸ ਨੂੰ ਉੱਘੇ ਦੇਸ਼ ਭਗਤ ਸਵਰਗਵਾਸੀ ਜਨਾਬ ਸੈਫੁੱਦੀਨ ਕਿਚਲੂ ਤੇ ਮਿਸਟਰ ਜਿਨਾਹ ਦੀ ਭੈਣ ਨੂਰ ਬੀਬੀ ਨੇ ਸੰਬੋਧਨ ਕੀਤਾ ।

— ਜੈਤੋ ਦੇ ਮੋਰਚੇ ਵਿਚ ਜਥੇਦਾਰ ਭਾਨ ਸਿੰਘ, ਸੁੱਚਾ ਸਿੰਘ, ਦੁੱਲਾ ਸਿੰਘ, ਇੰਦਰ ਸਿੰਘ ਤੇ ਸੋਹਣ ਨੇ 7-7 ਸਾਲ ਕੈਦ ਕੱਟੀ ।

— ਕਾਮਾਗਾਟਾ ਮਾਰੂ ਜਹਾਜ਼ ਦੇ ਜੋਧਿਆਂ ਵਿਚ ਰੋਡੇ ਦੇ 4 ਜੋਧੇ ਸ਼ਾਮਿਲ ਸਨ: ਹਰਨਾਮ ਸਿੰਘ, ਇੰਦਰ ਸਿੰਘ, ਕਿਹਰ ਸਿੰਘ, ਇਕ ਹੋਰ ਕਿਹਰ ਸਿੰਘ ।

— ਗਦਰੀ ਬਾਬਿਆਂ ਵਿਚ ਬਾਬਾ ਰੋਡਾ ਸਿੰਘ ਤੇ ਬਾਬਾ ਸੁਹਾਵਾ ਸਿੰਘ ਜੀ ਸਨ ।

— ਡਸਕੇ ਦੇ ਮੋਰਚੇ ਵਿਚ ਪਿੰਡ ਦੇ 15 ਵਿਅਕਤੀਆਂ ਨੇ ਗ੍ਰਿਫਤਾਰੀ ਦਿੱਤੀ ਸੀ, ਜਿਨ੍ਹਾਂ ਵਿਚੋਂ 5 ਅਜੇ ਤੀਕ ਜਿਉਂਦੇ ਹਨ । ਜਥੇ ਦੀ ਅਗਵਾਈ ਸੁੱਚਾ ਸਿੰਘ ਨੇ ਕੀਤੀ ਸੀ ਤੇ ਜਥੇ ਵਿਚ ਜਾਣ ਵਾਲਿਆਂ 'ਚੋਂ ਸਭ ਤੋਂ ਛੋਟੀ ਉਮਰ 13 ਸਾਲ ਦਾ ਕਾਮਰੇਡ ਰਤਨ ਸਿੰਘ ਸੀ ।

— 'ਲਾਲਾ ਕਤਲ ਕੇਸ' ਵਿਚ ਨਛੱਤਰ ਸਿੰਘ ਨੂੰ ਤੇ ਅੱਤਵਾਦੀ ਘਟਨਾਵਾਂ ਵਿਚ ਜਥੇਦਾਰ ਮੁਹਿੰਦਰ ਸਿੰਘ ਨੂੰ ਦੋਸ਼ੀ ਨਾਮਜ਼ਦ ਕੀਤੇ ਜਾਣ ਨਾਲ ਰੋਡੇ ਪਿੰਡ ਦੀ ਬਹੁਤ ਜ਼ਿਆਦਾ ਚਰਚਾ ਹੁੰਦੀ ਰਹੀ ।

ਏਨਾ ਮਸ਼ਹੂਰ ਤੇ ਕੁਰਬਾਨੀ ਵਾਲਾ ਪਿੰਡ ਹੋਣ ਦੇ ਬਾਵਜੂਦ ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ, ਪਿੰਡ ਦਾ ਕੋਈ ਆਦਮੀ ਐਮ. ਐਲ. ਏ., ਐਮ. ਪੀ. ਤੇ ਮਨਿਸਟਰ ਨਹੀਂ ਬਣ ਸਕਿਆ । 'ਬਰਦਾ' ਕਵੀ ਲਿਖਦਾ ਹੈ:



Digitized by Panjab Digital Library | www.panjabdigilib.org

'ਬਰਦਾ' ਸੈਆਂ ਦਰਖਤਾਂ ਦੀ ਕਰੇ ਰਾਖੀ,
ਫਲ ਲੱਗਣ ਤਾਂ ਖਾਣ ਨਸੀਬ ਵਾਲੇ!

ਐਨ ਇਹੀ ਹਾਲ 'ਰੋਡੇ' ਦਾ ਹੈ! ਸੁਤੰਤਰਤਾ ਦੇ ਰੁੱਖ ਲਾਉਂਦੇ ਰਹੇ 'ਰੋਡੇ' ਵਾਲੇ; ਜਦ ਫਲ ਲੱਗਣੇ ਸ਼ੁਰੂ ਹੋਏ ਤਾਂ ਖਾਣ ਲਈ ਹੋਰ ਨਸੀਬਾਂ ਵਾਲੇ ਅੱਗੇ ਹੋ ਗਏ। ਇਸ ਅਨਿਆਂ ਨਾਲ ਪੰਜਾਬੀ ਕਹਾਵਤ 'ਖਾਣ ਪੀਣ ਨੂੰ ਭਾਗਭਰੀ ਤੇ ਧੌਣ ਭੰਨਾਵੇ ਜੁੰਮਾ' ਦੀ ਪ੍ਰਤੱਖ ਮਿਸਾਲ ਸਾਹਮਣੇ ਆ ਜਾਂਦੀ ਹੈ।

## ਪਿੰਡ ਭਿੰਡਰ

ਦਮਦਮੀ ਟਕਸਾਲ ਦੇ ਵਰਤਮਾਨ ਸਰੂਪ 'ਜੱਥਾ ਭਿੰਡਰਾਂ' ਦੇ ਮੁਖੀ ਸੰਤ ਸੁੰਦਰ ਸਿੰਘ ਜੀ ਦਾ ਜਨਮ ਅਸਥਾਨ ਹੋਣ ਕਾਰਨ ਸਭ ਤੋਂ ਪਹਿਲਾਂ ਇਸ ਪਿੰਡ ਦਾ ਨਾਂ ਸੰਤ ਸੁੰਦਰ ਸਿੰਘ ਜੀ ਦੇ ਨਾਂ ਨਾਲ ਜੁੜਨ ਕਰਕੇ ਮਸ਼ਹੂਰ ਹੋਇਆ ਕਿਉਂਕਿ ਸਿੱਖ ਸੰਗਤਾਂ ਨੇ ਸੰਤ ਜੀ ਨੂੰ ਸੰਤ ਸੁੰਦਰ ਸਿੰਘ 'ਭਿੰਡਰਾਂਵਾਲੇ' ਕਹਿਣਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਪਿੱਛੋਂ ਇਹ ਪਿੰਡ ਦਮਦਮੀ ਟਕਸਾਲ ਦੇ ਦੂਜੇ ਨਾਂ 'ਜੱਥਾ ਭਿੰਡਰਾਂ' ਵਿਚ ਜੁੜ ਕੇ ਇਤਿਹਾਸਕ ਅਹਿਮੀਅਤ ਹਾਸਿਲ ਕਰ ਗਿਆ। ਸੰਤ ਸੁੰਦਰ ਸਿੰਘ ਜੀ ਤੋਂ ਬਾਅਦ ਜਦ 'ਜੱਥਾ ਭਿੰਡਰਾਂ' ਦੇ ਹਰ ਮੁਖੀ ਸੰਤ ਨੇ ਆਪਣੇ ਨਾਂ ਨਾਲ ਸ਼ਬਦ 'ਭਿੰਡਰਾਂਵਾਲੇ' ਬਤੌਰ ਉਪਨਾਮ ਜੋੜਨਾ ਸ਼ੁਰੂ ਕਰ ਦਿੱਤਾ, ਤਾਂ ਪਿੰਡ ਭਿੰਡਰ ਦੇ ਨਾਂ ਦੀ ਸ਼ੋਹਰਤ ਕੁੱਲ ਆਲਮ ਵਿਚ ਫੈਲ ਗਈ।

ਪਿੰਡ ਭਿੰਡਰ ਦੇ ਦੋ ਨਾਂ ਹਨ, ਇਕ ਭਿੰਡਰ ਕਲਾਂ ਤੇ ਦੂਜਾ ਭਿੰਡਰ ਖੁਰਦ। ਇਸ ਪਿੰਡ ਦਾ ਡਾਕਖਾਨਾ ਖਾਸ ਪਿੰਡ ਵਿਚ ਹੈ, ਥਾਣਾ ਧਰਮ ਕੋਟ ਤੇ ਤਹਿਸੀਲ ਜੀਰਾ ਤੇ ਜਿਲ੍ਹਾ ਫਿਰੋਜ਼ਪੁਰ ਹੈ। ਇਹ ਪਿੰਡ ਚੌਹਾਂ ਪਾਸਿਆਂ ਤੋਂ ਸੜਕਾਂ ਨਾਲ ਮਿਲਿਆ ਹੋਇਆ ਹੈ। ਇਕ ਸੜਕ ਜਲਾਲਾਬਾਦ ਨੂੰ ਜਾਂਦੀ ਹੈ, ਦੂਜੀ ਵਹਿਣੀ ਵਾਲ ਨੂੰ, ਤੀਜੀ ਇੰਦ ਗੜ੍ਹ ਨੂੰ ਤੇ ਚੌਥੀ ਕਪੂਰੇ ਨੂੰ। ਭਿੰਡਰ ਪਿੰਡ ਤੋਂ ਧਰਮ ਕੋਟ 5 ਮੀਲ ਹੈ ਤੇ ਮੋਗਾ 10 ਮੀਲ।

ਪਿੰਡ ਭਿੰਡਰ ਛੇ ਸੱਤ ਸੌ ਸਾਲ ਪੁਰਾਣਾ ਪਿੰਡ ਹੈ। ਇਸ ਪਿੰਡ ਦੀ ਵਸੋਂ ਲਗਭਗ ਦੋ ਢਾਈ ਹਜ਼ਾਰ ਹੈ। ਪਿੰਡ ਭਿੰਡਰ ਕਲਾਂ ਦੇ 4 ਅਗਵਾੜ ਤੇ 16 ਪੱਤੀਆਂ ਹਨ। ਭਿੰਡਰ ਖੁਰਦ ਦੇ 3 ਅਗਵਾੜ ਤੇ 12 ਪੱਤੀਆਂ ਹਨ। ਪਿੰਡ ਭਿੰਡਰ ਦੀਆਂ ਮਸ਼ਹੂਰ ਪੱਤੀਆਂ ਦੇ ਨਾਂ ਇਹ ਹਨ: ਸਾਂਡ ਕਾ ਵਾੜ, ਪਰਦਾਸ, ਨਗੀਆ, ਜੱਕੋ ਤੇ ਬਾਸੀਕੇ ਆਦਿ।

ਪਿੰਡ ਭਿੰਡਰ ਵਿਚ 4-5 ਡੇਰੇ, ਇਕ ਸ਼ਿਵਾਂ ਦਾ ਮੰਦਰ ਤੇ ਇਕ ਢੱਠੀ ਹੋਈ ਮਸੀਤ ਹੈ। ਮੁਲਕ ਦੀ ਤਕਸੀਮ ਪਿੱਛੋਂ ਪਿੰਡ ਦੇ ਸਾਰੇ ਮੁਸਲਮਾਨ ਪਾਕਿਸਤਾਨ ਚਲੇ ਗਏ ਸਨ। ਜਦ ਮਸੀਤ ਵਿਚ ਨਮਾਜ਼ ਪੜ੍ਹਨ ਵਾਲਾ ਕੋਈ ਨਾ ਰਿਹਾ ਤਾਂ ਮਸੀਤ ਨੇ ਢਹਿਣਾ ਹੀ ਸੀ। ਮਸੀਤਾਂ ਦੀ ਅਜਿਹੀ ਹਾਲਤ ਬਾਰੇ ਸ਼ਾਇਰ ਇਮਸ਼ਰਕ ਡਾਕਟਰ ਅੱਲਾਮਾ ਸਰ ਮੁਹੰਮਦ ਇਕਬਾਲ ਦਾ ਮਸ਼ਹੂਰ ਮਿਸਰਾ ਹੈ:

"ਮਸਜਿਦੇਂ ਮਰਸੀਆ ਖ਼ਾਂ ਹੈਂ
ਕਿ ਨਮਾਜ਼ੀ ਨ ਰਹੇ।"

ਪਿੰਡ ਦੇ ਚਾਰ ਪੰਜ ਡੇਰਿਆਂ ਵਿਚੋਂ ਇਕ ਡੇਰਾ ਭਾਈ ਲਾਲ ਸਿੰਘ ਬਾਸੀ ਦਾ ਸੀ ਜੋਕਿ ਮਸ਼ਹੂਰ ਪੰਥਕ ਲੀਡਰ, ਗੁਰਨਾਮ ਸਿੰਘ ਵਜ਼ਾਰਤ ਵਿਚ ਰਹਿ ਚੁੱਕੇ ਵਜ਼ੀਰ ਤੇ ਬਹੁਤ ਵੱਡੇ ਠੇਕੇਦਾਰ ਸਰਦਾਰ ਸੋਹਣ ਸਿੰਘ ਬਾਸੀ ਦੇ ਪਿਤਾ ਜੀ ਦਾ ਸੀ। ਰਾਜ ਸੱਤਾ ਦੇ ਸਹਾਰੇ ਸਰਦਾਰ ਸੋਹਣ ਸਿੰਘ ਨੇ ਡੇਰੇ ਦੀ ਸਾਰੀ ਜ਼ਮੀਨ ਨਾਮੀ ਤੇ ਬੇਨਾਮੀ ਆਪਣੇ ਪਰਵਾਰ ਦੇ ਨਾਂ



Digitized by Panjab Digital Library | www.panjabdigilib.org

ਕਰਵਾ ਦਿੱਤੀ ਤੇ ਬਹੁਤ ਵੱਡੇ ਜ਼ਿਮੀਂਦਾਰ ਬਣ ਬੈਠੇ । ਸਰਦਾਰ ਸੋਹਣ ਸਿੰਘ ਬਾਸੀ ਨੇ ਸੰਤ ਬਾਬਾ ਫਤਹਿ ਸਿੰਘ ਜੀ ਦੇ ਅਹਿਦ ਵਿਚ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਫਨਾ ਵੇਖਿਆ ਸੀ । ਲੇਕਿਨ ਸੁਫਨੇ ਦੇ ਸਾਕਾਰ ਹੋਣ ਦੇ ਸਿਲਸਿਲੇ ਵਿਚ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਉਸ ਦੀ ਪੇਸ਼ ਨਹੀਂ ਜਾਣ ਦਿੱਤੀ । ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਵਜ਼ੀਰ ਪਿਉ ਦਾ ਪੁੱਤਰ ਸੁਰਜੀਤ ਸਿੰਘ ਪਿੰਡ ਭਿੰਡਰ ਵਿਚ ਰਿਹਾਇਸ਼ ਰੱਖ ਕੇ ਖੇਤੀਬਾੜੀ ਕਰ ਰਿਹਾ ਹੈ: ਲੇਕਿਨ ਉਹ ਪਿੰਡ ਦਾ ਸਰਪੰਚ ਤੱਕ ਨਹੀਂ ਬਣ ਸਕਿਆ । ਪਿੰਡ ਭਿੰਡਰ ਕਲਾਂ ਦਾ ਸਰਪੰਚ ਸਰਦਾਰ ਬਚਨ ਸਿੰਘ ਹੈ ਤੇ ਭਿੰਡਰ ਖੁਰਦ ਦਾ ਸਰਦਾਰ ਤਿਰਲੋਚਨ ਸਿੰਘ । ਇਕ ਹੋਰ ਅਸਚਰਜ ਵਾਲੀ ਗੱਲ ਇਹ ਹੈ ਕਿ, ਭਾਈ ਲਾਲ ਸਿੰਘ ਜੀ ਦੀ ਅਸਲੀ ਯਾਦਗਾਰ ਨਾ ਉਸ ਦਾ ਡੇਰਾ ਬਾਕੀ ਹੈ ਤੇ ਨਾ ਹੀ ਗੁਰਦੁਆਰੇ, ਜਿੱਥੇ ਕਿਸੇ ਵੇਲੇ ਅਟੁੱਟ ਲੰਗਰ ਵਰਤਿਆ ਕਰਦਾ ਸੀ । ਲੇਕਿਨ ਸਰਦਾਰ ਸੋਹਣ ਸਿੰਘ ਬਾਸੀ ਨੇ ਹਕੂਮਤ ਦਾ ਸਹਾਰਾ ਲੈ ਕੇ ਆਪਣੇ ਪਿਤਾ ਦੀਆਂ ਦੋ ਅਮਰ ਯਾਦਗਾਰਾਂ ਕਾਇਮ ਕਰ ਦਿੱਤੀਆਂ ਹਨ: ਇਕ ਭਾਈ ਲਾਲ ਸਿੰਘ ਜੀ ਦੇ ਨਾਂ ਉਤੇ 25 ਬਿਸਤਰਿਆਂ ਵਾਲਾ ਸਰਕਾਰੀ ਹਸਪਤਾਲ ਤੇ ਦੂਜੀ ਹਸਪਤਾਲ ਨੂੰ ਜਾਣ ਵਾਲੀ ਸੜਕ, ਜਿਸ ਦਾ ਨਾਂ ਭਾਈ ਲਾਲ ਸਿੰਘ ਮਾਰਗ ਹੈ ।

ਪਿੰਡ ਭਿੰਡਰ ਦਾ ਡਾਕਖਾਨਾ ਖਾਸ, ਪਿੰਡ ਭਿੰਡਰ ਕਲਾਂ ਦੇ ਨਾਂ ਤੇ ਹੈ । ਪਿੰਡ ਵਿਚ ਟੈਲੀਫੋਨ ਐਕਸਚੇਂਜ, ਪਸ਼ੂਆਂ ਦਾ ਹਸਪਤਾਲ, ਬਿਜਲੀ ਘਰ, ਗੌਰਮਿੰਟ ਪ੍ਰਾਇਮਰੀ ਸਕੂਲ, ਗੌਰਮਿੰਟ ਹਾਈ ਸਕੂਲ ਤੇ ਗੌਰਮਿੰਟ ਗਰਲਜ਼ ਹਾਈ ਸਕੂਲ ਕਾਇਮ ਹਨ । ਪਿੰਡ ਵਿਚ ਪੰਜਾਬ ਐਂਡ ਸਿੰਘ ਬੈਂਕ ਦੀ ਇਕ ਬ੍ਰਾਂਚ ਵੀ ਹੈ ਜੋ ਕਿ ਸਰਦਾਰ ਸੋਹਣ ਸਿੰਘ ਬਾਸੀ ਦੇ ਮਕਾਨ ਵਿਚ ਖੋਲ੍ਹੀ ਗਈ ਹੈ ।

ਭਿੰਡਰ ਪਿੰਡ ਵਿਚ ਦੋ ਪ੍ਰਸਿੱਧ ਗੁਰਦੁਆਰੇ ਹਨ: ਇਕ ਗੁਰਦੁਆਰਾ ਅਖੰਡ ਪ੍ਰਕਾਸ਼ ਤੇ ਦੂਜਾ ਗੁਰਦੁਆਰਾ ਬਾਬਾ ਸੱਮਣ ਜੀ ਦਾ ।

ਗੁਰਦੁਆਰਾ ਅਖੰਡ ਪ੍ਰਕਾਸ਼ ਪਿੰਡੋਂ ਬਾਹਰ ਸੰਤ ਖਜ਼ਾਨ ਸਿੰਘ ਜੀ ਦੀ ਜ਼ਮੀਨ ਤੇ ਪੈਲੀ ਵਿਚ ਉਸਾਰਿਆ ਗਿਆ ਹੈ । ਸੰਤ ਖਜ਼ਾਨ ਸਿੰਘ ਜੀ ਪਹੁੰਚੇ ਹੋਏ ਸੰਤ ਸਨ ਤੇ ਸੰਤ ਸੁੰਦਰ ਸਿੰਘ ਜੀ ਦੇ ਪਿਤਾ ਸਨ । ਗੁਰਦੁਆਰਾ ਅਖੰਡ ਪ੍ਰਕਾਸ਼ ਦੇ ਨਾਲ ਸੰਤ ਗੁਰਬਚਨ ਸਿੰਘ ਜੀ ਖਾਲਸਾ ਦੀ ਯਾਦ ਵਿਚ ਇਕ ਆਲੀਸ਼ਾਨ ਹਾਲ ਉਸਾਰਿਆ ਜਾ ਰਿਹਾ ਹੈ, ਜੋ ਉਸਾਰੀ ਅਧੀਨ ਹੈ ।

ਗੁਰਦੁਆਰਾ ਸੱਮਣ ਜੀ ਦਰਅਸਲ ਉਦਾਸੀ ਪੰਥ ਦਾ ਡੇਰਾ ਸੀ । ਬਾਅਦ ਵਿਚ ਇਹ ਪੰਥਕ ਪ੍ਰਬੰਧ ਹੇਠ ਆ ਕੇ ਗੁਰਦੁਆਰਾ ਸਾਹਿਬ ਦੀ ਸ਼ਕਲ ਧਾਰਨ ਕਰ ਗਿਆ । ਅਜਕਲ੍ਹ ਇਸ ਗੁਰਦੁਆਰੇ ਦੇ ਮੁਖ ਸੇਵਾਦਾਰ ਸੰਤ ਉਜਾਗਰ ਸਿੰਘ ਜੀ ਹਨ । ਗੁਰਦੁਆਰਾ ਬਾਬਾ ਸੱਮਣ ਜੀ ਦਾ ਪਿਛੋਕੜ ਭਿੰਡਰ ਪਿੰਡ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ ।

ਭਿੰਡਰ ਪਿੰਡ ਦਾ ਪਿਛੋਕੜ ਬੜਾ ਰੋਚਕ ਹੈ । ਦੰਦ ਕਥਾ ਤੁਰੀ ਆਉਂਦੀ ਹੈ ਕਿ ਕਿਸੇ ਵੇਲੇ ਦਿੱਲੀ ਤੇ ਪੰਜਾਬ ਦੇ 'ਤੂਰ' ਜੱਟਾਂ ਦਾ ਰਾਜ ਸੀ । ਤੂਰ ਰਾਜਾ ਦਿੱਲੀ ਰਾਜ ਦੀ ਦੇਖ ਭਾਲ ਆਪਣੇ ਭਾਣਜੇ ਦੇ ਹਵਾਲੇ ਕਰ ਕੇ ਪੰਜਾਬ ਦੀ ਸੈਰ ਕਰਨ ਚਲਾ ਆਇਆ । ਵਾਪਸ ਗਿਆ ਤਾਂ ਭਾਣਜੇ ਨੇ ਬਗ਼ਾਵਤ ਕਰ ਦਿੱਤੀ ਤੇ ਦਿੱਲੀ ਦਾ ਰਾਜ ਉਸ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ । ਮਾਮਾ ਜੀ ਵਿਚ ਏਨੀ ਸ਼ਕਤੀ ਨਹੀਂ ਸੀ ਕਿ ਭਾਣਜੇ ਨੂੰ ਹੱਥੀਂ ਸੰਭਾਲਿਆ ਰਾਜ ਵਾਪਸ ਲੈ ਸਕੇ । ਇਸ ਲਈ ਉਹ ਆਪਣੇ ਲਾਓ ਲਸ਼ਕਰ ਸਮੇਤ ਪੰਜਾਬ ਆਉਣ ਲਈ ਮਜ਼ਬੂਰ ਹੋ ਗਿਆ ।



Digitized by Panjab Digital Library / www.panjabdigilib.org

ਜਿਸ ਜਗ੍ਹਾ ਅਜਕਲ੍ਹ ਭਿੰਡਰ ਪਿੰਡ ਆਬਾਦ ਹੈ, ਬਾਬਾ ਸੱਮਣ ਜੀ ਦੀ ਸਮਾਧ ਹੈ ਤੇ ਸਮਾਧ ਨੇੜੇ ਨਿੱਮ ਦਾ ਪ੍ਰਾਚੀਨ ਰੁੱਖ ਹੈ, ਉਸ ਤੋਂ ਥੋੜੀ ਦੂਰ 'ਤੂਰਾਂ' ਨੇ ਕੋਕਰੀ ਦੇ ਥੇਹ ਤੇ ਡੇਰੇ ਲਾ ਲਏ। ਨਿੱਮ ਦੇ ਰੁੱਖ ਹੇਠਾਂ ਉਦਾਸੀ ਸੰਤ ਦੀ ਕੁਟੀਆ ਸੀ। ਇਕ ਦਿਨ ਅਚਾਨਕ ਹੀ ਤੂਰ ਰਾਜਾ ਉਸ ਕੁਟੀਆ ਵਿਚ ਆ ਪਹੁੰਚਿਆ, ਜਿੱਥੇ ਉਦਾਸੀ ਸਾਧੂ ਸੱਮਣ ਰਹਿੰਦਾ ਸੀ। ਤੂਰ ਰਾਜੇ ਨੇ ਆਖਿਆ ਕਿ "ਬਾਬਾ ਜੀ, ਅਸੀਂ ਇਥੇ ਨਗਰ ਵਸਾਉਣਾ ਚਾਹੁੰਦੇ ਹਾਂ, ਕਿਰਪਾ ਕਰੋ ਤੇ ਦੱਸੋ ਕਿ ਕਿਸ ਜਗ੍ਹਾ ਵਸਾਈਏ?" ਬਾਬਾ ਜੀ ਨੇ ਜਵਾਬ ਦਿੱਤਾ ਕਿ, "ਜੇ ਤੁਸੀਂ ਕੋਕਰੀ ਦੀ ਥੇਹ ਤੇ ਹੀ ਪਿੰਡ ਬੰਨ੍ਹਿਆ ਤਾਂ ਉਸ ਦਾ ਹਾਲ ਵੀ ਥੇਹ ਵਰਗਾ ਹੀ ਹੋਵੇਗਾ; ਪਿੰਡ ਵਿਕਾਸ ਨਹੀਂ ਕਰ ਸਕੇਗਾ। ਪਰ ਜੇ ਤੁਸੀਂ ਇਸ ਨਿੱਮ ਦੇ ਆਲੇ ਦੁਆਲੇ ਆਬਾਦ ਹੋ ਜਾਓ ਤਾਂ ਤੁਹਾਡੀ ਇਹ ਆਬਾਦੀ ਵਧੇ ਫੁੱਲੇਗੀ ਤੇ ਖੁਸ਼ਹਾਲ ਹੋ ਜਾਵੇਗੀ।"

ਇਸ ਤੋਂ ਬਿਨਾਂ ਉਦਾਸੀ ਸਾਧੂ ਨੇ ਤੂਰ ਰਾਜੇ ਨੂੰ ਨਿੱਮ ਦੇ ਰੁੱਖ ਦੀ ਮਹੱਤਤਾ ਬਿਆਨ ਕਰਦੇ ਹੋਏ ਦੱਸਿਆ ਕਿ ਇਸ ਨਿੱਮ ਦੇ ਹੇਠ ਇਕ ਭੇਡ ਆਪਣੇ ਦੋ ਲੇਲਿਆਂ ਸਮੇਤ ਬੈਠੀ ਸੀ ਕਿ ਇਕ ਬਘਿਆੜ ਨੇ ਉਸ ਤੇ ਅਚਾਨਕ ਹਮਲਾ ਕਰ ਦਿੱਤਾ। ਭੇਡ ਸ਼ੀਹਣੀ ਬਣ ਕੇ ਬਘਿਆੜ ਤੇ ਟੁੱਟ ਪਈ। ਉਸ ਨੇ ਬਘਿਆੜ ਦੀਆਂ ਦੌੜਾਂ ਲੁਆ ਦਿੱਤੀਆਂ ਤੇ ਆਪਣੇ ਦੋ ਬੱਚਿਆਂ ਦੀ ਜਾਨ ਬਚਾ ਲਈ। ਇਸ ਕੌਤਕ ਦੀ ਵਿਥਿਆ ਸੁਣ ਕੇ ਤੂਰ ਰਾਜਾ ਬੜਾ ਪ੍ਰਸੰਨ ਹੋਇਆ ਤੇ ਉਸ ਨੇ ਆਪਣੀ ਫੌਜ ਸਮੇਤ ਏਥੇ ਆ ਕੇ ਡੇਰੇ ਲਾ ਲਏ ਤੇ ਪਿੰਡ ਦਾ ਬਾਕਾਇਦਾ ਮੁੱਢ ਬੰਨ੍ਹ ਦਿੱਤਾ।

ਨਿੱਮ ਦਾ ਇਤਿਹਾਸਕ ਦਰੱਖਤ ਅਜੇ ਤੱਕ ਗੁਰਦੁਆਰਾ ਬਾਬਾ ਸੱਮਣ ਜੀ ਦੇ ਮੁੱਢ ਮੌਜੂਦ ਹੈ। ਉਦਾਸੀ ਬਾਬੇ ਦਾ ਵਰਦਾਨ ਵੀ ਠੀਕ ਸਿੱਧ ਹੋਇਆ। ਇਸ ਵੇਲੇ ਪੁਰਾਣੀ ਨਿੱਮ ਦੇ ਇਰਦ ਗਿਰਦ ਦੋ ਪਿੰਡ ਆਬਾਦ ਹੋ ਚੁੱਕੇ ਹਨ: ਪਿੰਡ ਭਿੰਡਰ ਕਲਾਂ ਤੇ ਭਿੰਡਰ ਖੁਰਦ। ਦੋਨੋਂ ਪਿੰਡ ਵਿਕਾਸ ਮਾਰਗ ਤੇ ਛੜੱਪੇ ਮਾਰ ਕੇ ਅੱਗੇ ਵਧ ਰਹੇ ਹਨ। ਦੋਹਾਂ ਪਿੰਡਾਂ ਦੇ ਲੋਕ ਖਾਂਦੇ ਪੀਂਦੇ ਤੇ ਖੁਸ਼ਹਾਲ ਹਨ।

## ਪਿੰਡ ਮਹਿਤਾ

20 ਸਤੰਬਰ 1981 ਨੂੰ ਜਿਸ ਦਿਨ 'ਲਾਲਾ ਕਤਲ ਕਾਂਡ' ਦੇ ਕਥਿਤ ਦੋਸ਼ੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਨੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ) ਜ਼ਿਲ੍ਹਾ ਅੰਮ੍ਰਿਤਸਰ ਵਿਚ ਲੱਖਾਂ ਸਿੱਖ ਸੰਗਤਾਂ ਦੇ ਇਕੱਠ ਵਿਚ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਤੇ ਗ੍ਰਿਫਤਾਰੀ ਪਿੱਛੋਂ ਪੁਲਿਸ ਕਰਮਚਾਰੀਆਂ ਨੇ ਅੰਨ੍ਹੇ ਵਾਹ ਗੋਲੀ ਚਲਾ ਕੇ ਧਰਤੀ ਨੂੰ ਲਹੂਓ ਲੁਹਾਨ ਕਰ ਦਿੱਤਾ, ਉਸ ਦਿਨ ਪਿੰਡ ਮਹਿਤਾ ਦਾ ਨਾਂ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚ ਗਿਆ। ਇਸ ਜਗ੍ਹਾ ਦੀ ਚਰਚਾ ਇਕ ਹਫਤਾ ਪਹਿਲਾਂ 13 ਸਤੰਬਰ ਤੋਂ ਹੀ ਹੋਣ ਲੱਗ ਪਈ ਸੀ ਜਿਸ ਦਿਨ ਸੰਤ ਜਰਨੈਲ ਸਿੰਘ ਜੀ ਨੇ ਚੰਦੋਕਲਾਂ ਤੋਂ ਮਹਿਤਾ ਚੌਕ ਪਹੁੰਚ ਕੇ ਕਿਲਾ - ਨੁਮਾ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਵਿਚ ਪਨਾਹ ਲੈ ਲਈ ਸੀ ਤੇ ਪੰਜਾਬ ਸਰਕਾਰ ਨੇ ਸੰਤਾਂ ਨੂੰ ਗ੍ਰਿਫਤਾਰ ਕਰਨ ਲਈ ਗੁਰਦੁਆਰਾ ਸਾਹਿਬ ਦੇ ਆਸ ਪਾਸ ਦੇ ਇਲਾਕੇ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰਨਾ ਸ਼ੁਰੂ ਕਰ ਦਿੱਤਾ ਸੀ। ਸੰਤ ਜਰਨੈਲ ਸਿੰਘ ਜੀ ਦੀ ਗ੍ਰਿਫਤਾਰੀ ਦੀ ਬਹੁ - ਚਰਚਿਤ ਸੰਭਾਵਿਤ 'ਘਟਨਾ' ਦੀ ਕਵਰੇਜ ਲਈ ਕੌਮੀ ਤੇ ਕੌਮਾਂਤਰੀ ਪ੍ਰੈਸ ਨੇ ਮਹਿਤਾ ਚੌਕ ਪਹੁੰਚਣਾ ਹੀ ਸੀ ਲੇਕਿਨ ਮਜ਼ੇਦਾਰ ਗੱਲ ਇਹ ਹੋਈ ਕਿ ਕਈ ਭੁਲੱਕੜ ਪੱਤਰਕਾਰ ਅੰਮ੍ਰਿਤਸਰ ਪਹੁੰਚ ਕੇ ਮਹਿਤਾ ਚੌਕ ਲੱਭਦੇ ਰਹੇ। ਉਨ੍ਹਾਂ ਦਾ ਖਿਆਲ ਸੀ ਕਿ 'ਮਹਿਤਾ ਚੌਕ' ਅੰਮ੍ਰਿਤਸਰ ਸ਼ਹਿਰ ਦੇ ਹੀ ਕਿਸੇ ਚੌਕ ਦਾ ਨਾਂ ਹੋਵੇਗਾ।



Digitized by Panjab Digital Library | www.panjabdigilib.org

ਪਿੰਡ ਮਹਿਤਾ ਤੇ ਮਹਿਤਾ ਚੌਕ ਅੰਮ੍ਰਿਤਸਰ ਤੋਂ 25 ਕਿਲੋਮੀਟਰ ਦੇ ਫਾਸਲੇ ਤੇ ਹੈ। ਦਰਅਸਲ ਇਹ ਇੱਕੋ ਪਿੰਡ ਦੇ ਦੋ ਨਾਂ ਹਨ। ਜਲੰਧਰ ਤੋਂ ਬਟਾਲਾ ਜਾਣ ਵਾਲੀ ਸੜਕ ਤੇ ਅੰਮ੍ਰਿਤਸਰ ਤੋਂ ਸ੍ਰੀ ਹਰਿਗੋਬਿੰਦ ਪੁਰ ਜਾਣ ਵਾਲੀ ਸੜਕ ਜਿਸ ਜਗ੍ਹਾ ਤੇ ਕਰਾਸ ਕਰਦੀ ਸੀ, ਉਹ ਮਹਿਤਾ ਪਿੰਡ ਦੇ ਨੇੜੇ ਸੀ। ਇਸ ਲਈ ਮਹਿਤਾ ਸਮੇਤ ਆਲੇ ਦੁਆਲੇ ਦੇ ਪਿੰਡਾਂ ਦੀਆਂ ਸਵਾਰੀਆਂ ਤੇ ਬੱਸ ਕੰਡਕਟਰਾਂ ਨੇ ਇਸ ਚੌਕ ਨੂੰ ਮਹਿਤਾ ਚੌਕ ਦਾ ਨਾਂ ਦੇ ਦਿੱਤਾ ਜੋ ਆਮ ਲੋਕਾਂ ਦੀ ਜ਼ਬਾਨ ਤੇ ਚੜ੍ਹ ਗਿਆ। ਕੁਝ ਦੇਰ ਬਾਅਦ ਜਦ ਪਿੰਡ ਮਹਿਤਾ ਦੇ ਬਹੁਤੇ ਲੋਕ ਤੇ ਨੇੜੇ ਦੇ ਪਿੰਡਾਂ ਦੇ ਕੁਝ ਲੋਕ ਚੌਕ ਦੇ ਆਸ ਪਾਸ ਆਬਾਦ ਹੋ ਗਏ ਤਾਂ ਇਹ ਬਹੁਤ ਵੱਡੇ ਸ਼ਾਪਿੰਗ ਸੈਂਟਰ ਦੀ ਸ਼ਕਲ ਵਿਚ ਪ੍ਰਫੁੱਲਤ ਹੋਣਾ ਸ਼ੁਰੂ ਹੋ ਗਿਆ ਕਿਉਂਕਿ ਇਸ ਦਾ ਲਾਭ ਆਲੇ ਦੁਆਲੇ ਦੇ ਅਨੇਕ ਪਿੰਡਾਂ ਨੂੰ ਪਹੁੰਚਦਾ ਸੀ। ਲੋਕ ਬੇਸ਼ਕ ਇਸ ਜਗ੍ਹਾ ਨੂੰ 'ਮਹਿਤਾ ਚੌਕ' ਕਹਿੰਦੇ ਹਨ ਲੇਕਿਨ ਸਰਕਾਰੀ ਕਾਗਜ਼ਾਂ ਵਿਚ ਕੇਵਲ 'ਮਹਿਤਾ' ਲਿਖਿਆ ਜਾਂਦਾ ਹੈ।

ਇਸ ਪਿੰਡ ਦੀ ਆਬਾਦੀ ਦੋ ਹਜ਼ਾਰ ਦੇ ਲਗਭਗ ਹੈ। ਪਿੰਡ ਵਿਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਤੋਂ ਇਲਾਵਾ 3 ਹੋਰ ਛੋਟੇ ਗੁਰਦੁਆਰੇ ਹਨ। ਦੋ ਸਰਕਾਰੀ ਪ੍ਰਾਇਮਰੀ ਸਕੂਲ ਹਨ: ਇਕ ਮੁੰਡਿਆਂ ਦਾ ਤੇ ਦੂਜਾ ਕੁੜੀਆਂ ਦਾ। ਇਕ ਸਿਵਲ ਡਿਸਪੈਂਸਰੀ ਤੇ ਇਕ ਪਸ਼ੂਆਂ ਦਾ ਹਸਪਤਾਲ ਹੈ। ਅੱਠ ਮੈਂਬਰੀ ਪੰਚਾਇਤ ਹੈ, ਜਿਸ ਦੇ ਸਰਪੰਚ ਸਰਦਾਰ ਚਰਨ ਸਿੰਘ ਜੀ ਹਨ। ਪਿੰਡ ਨੂੰ 'ਸ਼ਹੀਦ ਗੁਰਮੁਖ ਸਿੰਘ ਮਾਰਗ' ਨਾਂ ਦੀ ਪਹੁੰਚ ਸੜਕ ਰਾਹੀਂ ਮੇਨ ਰੋਡ ਨਾਲ ਮਿਲਾਇਆ ਗਿਆ ਹੈ। ਸ਼ਹੀਦ ਗੁਰਮੁਖ ਸਿੰਘ ਉਹੀ ਹਨ, ਜੋ ਸੰਤ ਗੁਰਬਚਨ ਸਿੰਘ ਜੀ ਦੇ ਗੜਵਈ ਸਨ ਤੇ ਸੰਤ ਗੁਰਬਚਨ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਕੀਰਤਪੁਰ ਸਾਹਿਬ ਵਿਚ ਉਨ੍ਹਾਂ ਦੀ ਬਲਦੀ ਚਿਖਾ ਵਿਚ ਛਾਲ ਮਾਰ ਕੇ ਸਤੀ ਹੋ ਗਏ ਸਨ।

ਮਹਿਤਾ ਚੌਕ ਦੀ ਵਸੋਂ ਢਾਈ ਤਿੰਨ ਹਜ਼ਾਰ ਦੇ ਕਰੀਬ ਹੈ। ਇਸ ਜਗ੍ਹਾ ਬਹੁਤ ਵੱਡਾ ਸ਼ਾਪਿੰਗ ਸੈਂਟਰ ਬਣ ਚੁੱਕਾ ਹੈ ਜਿੱਥੇ ਘੱਟ ਤੋਂ ਘੱਟ 4-5 ਸੋ ਦੁਕਾਨਾਂ ਹੋਣਗੀਆਂ। ਵਿਕਾਸ ਮਾਰਗ ਤੇ ਵੀ ਮਹਿਤਾ ਚੌਕ ਕਾਫੀ ਅੱਗੇ ਵਧਿਆ ਹੈ: ਏਥੇ ਇਕ ਸਰਕਾਰੀ ਪ੍ਰਾਇਮਰੀ ਸਕੂਲ ਹੈ, ਇਕ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਹੈ, ਥਾਣਾ ਹੈ, ਡਾਕਖਾਨਾ ਹੈ, ਟੈਲੀਫੂਨ ਐਕਸਚੇਂਜ ਹੈ, ਮਿਲਕ ਚਿੱਲਿੰਗ ਪਲਾਂਟ ਹੈ ਤੇ 6 ਰਾਈਸ ਮਿੱਲ੍ਹਾਂ ਹਨ। 'ਚੌਕ' ਵਿਚ ਸਿਰਫ 'ਸਵਾ ਲੱਖ' ਗੁਰਦੁਆਰਾ ਹੈ ਤੇ ਉਹ ਵੀ ਨਿਹੰਗ ਸਿੰਘਾਂ ਦਾ। ਗੁਰਦੁਆਰਾ ਸਾਹਿਬ ਦਾ ਨਾਂ 'ਹਰਿਗੋਬਿੰਦ ਗੜ੍ਹ ਸਾਹਿਬ, ਛਾਉਣੀ ਨਿਹੰਗ ਸਿੰਘਾਂ' ਰੱਖਿਆ ਗਿਆ ਹੈ। ਹੋਰ ਕੋਈ ਮੰਦਰ ਮਸੀਤ ਨਹੀਂ।

ਮਹਿਤਾ ਚੌਕ ਤੋਂ ਚਾਰ ਸੜਕਾਂ ਪਾਟਦੀਆਂ ਹਨ: ਇਕ ਦਾ ਨਾਂ ਜਲੰਧਰ ਰੋਡ ਹੈ, ਦੂਜੀ ਦਾ ਬਟਾਲਾ ਰੋਡ, ਤੀਜੀ ਦਾ ਅੰਮ੍ਰਿਤਸਰ ਰੋਡ ਤੇ ਚੌਥੀ ਦਾ ਸ੍ਰੀ ਹਰਿਗੋਬਿੰਦ ਪੁਰ ਰੋਡ।

ਪਿੰਡ ਮਹਿਤਾ ਤੇ ਮਹਿਤਾ ਚੌਕ ਦੀ ਧਰਤੀ ਦੇ ਭਾਗ ਉਸ ਵਕਤ ਹੀ ਜਾਗ ਪਏ ਸਨ ਜਦ ਤੋਂ ਸਚਖੰਡ ਵਾਸੀ ਪੂਰਨ ਬ੍ਰਹਮ ਗਿਆਨੀ ਸ੍ਰੀਮਾਨ 108 ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਦੇ ਚਰਨ ਪੈਣੇ ਸ਼ੁਰੂ ਹੋਏ ਸਨ, ਲੇਕਿਨ ਉਨ੍ਹਾਂ ਬਾਅਦ ਏਥੇ ਭਿੰਡਰਾਂ ਜਥੇ ਦਾ ਮੁੱਖ ਅਸਥਾਨ ਬਣ ਜਾਣ ਨਾਲ ਤੇ ਸੰਤ ਗੁਰਬਚਨ ਸਿੰਘ ਜੀ ਦੀ ਆਲੀਸ਼ਾਨ ਯਾਂਦਗਾਰ ਬਣ ਜਾਣ ਨਾਲ ਇਸ ਜਗ੍ਹਾ ਨੇ ਪੰਜਾਬ ਦੇ ਧਾਰਮਿਕ ਨਕਸ਼ੇ ਵਿਚ ਵਿਸ਼ੇਸ਼ ਥਾਂ ਬਣਾ ਲਈ ਹੈ।



Digitized by Panjab Digital Library | www.panjabdigilib.org

# ਪੰਥਕ ਏਕਤਾ ਦਾ ਅਲੰਬਰਦਾਰ:

20 ਅਗਸਤ 1980 ਨੂੰ ਸ਼੍ਰੋਮਣੀ ਅਕਾਲੀ ਦਲ ਨਿੱਜੀ ਕਾਰਨਾਂ ਕਰਕੇ ਵਧੇਰੇ ਅਤੇ ਸਿਧਾਂਤਕ ਕਾਰਨਾਂ ਕਰਕੇ ਘੱਟ, ਦੋਫਾੜ ਹੋ ਗਿਆ ਅਤੇ ਉਸ ਦਿਨ ਤੋਂ ਹੀ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਦੇ ਨਾਂ ਉਤੇ ਦੋ ਅਕਾਲੀ ਦਲ ਜਾਣੇ ਜਾਣ ਲੱਗੇ। ਸ਼੍ਰੋਮਣੀ ਅਕਾਲੀ ਦਲ ਦੀ ਵੰਡ ਹੋਣ ਨਾਲ ਦੋਹਾਂ ਧੜਿਆਂ ਦੀ ਸ਼ਕਤੀ ਖੀਣ ਹੋ ਗਈ ਅਤੇ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਨੇ ਇਹ ਪ੍ਰਭਾਵ ਲਿਆ ਕਿ ਸਿੱਖਾਂ ਦੀ ਸਿਆਸੀ ਸ਼ਕਤੀ ਵਿਚ ਕਮੀ ਹੋ ਗਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਇਸ ਧੜੇਬੰਦੀ ਦਾ ਲਾਭ ਉਠਾ ਕੇ ਉਹ ਆਪਣੇ ਹੱਥਠੋਕਿਆਂ ਰਾਹੀਂ ਸਿੱਖ ਜਨਤਾ ਤੇ ਆਪਣਾ ਪ੍ਰਭਾਵ ਜਮਾ ਸਕਦੀ ਸੀ। ਇਹੋ ਕਾਰਨ ਸੀ ਕਿ ਕੇਂਦਰੀ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਯਾਤਰੂ ਜਥੇ ਪਾਕਿਸਤਾਨ ਭੇਜਣ ਦਾ ਉਸ ਦਾ ਅਧਿਕਾਰ ਖੋਹ ਲਿਆ ਅਤੇ ਇਸ ਦੀ ਬਜਾਏ ਜਥੇ ਸ਼੍ਰੋਮਣੀ ਅਕਾਲੀ ਦਲ (ਮਾਸਟਰ ਤਾਰਾ ਸਿੰਘ) ਦੇ ਗਲਬੇ ਹੇਠਲੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਭੇਜਣੇ ਆਰੰਭ ਕਰ ਦਿੱਤੇ। ਇਸ ਤੋਂ ਛੁੱਟ ਹੋਰ ਵੀ ਕਈ ਅਜਿਹੇ ਯਤਨ ਕੀਤੇ ਗਏ, ਜਿਨ੍ਹਾਂ ਰਾਹੀਂ ਸਿੱਖ ਕੌਮ ਦੀ ਸ਼ਕਤੀ ਵਿਚ ਕਮੀ ਕਰਨ ਦਾ ਯਤਨ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਭਾਵੇਂ ਦੋਫਾੜ ਹੋ ਗਿਆ ਸੀ, ਪ੍ਰੰਤੂ ਦੋਵੇਂ ਧੜੇ ਹੀ ਸਰਕਾਰ ਦੀਆਂ ਚਾਲਾਂ ਤੋਂ ਭਲੀ ਭਾਂਤ ਜਾਣੂ ਸਨ ਅਤੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਤਪਰ ਵੀ ਸਨ। ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਨੇ ਇਸ ਦਾ ਪਹਿਲਾਂ ਨੋਟਿਸ ਲਿਆ ਅਤੇ ਕੁਝ ਸਿੱਖ ਹਿਤਾਂ ਕਰਕੇ ਅਤੇ ਕੁਝ ਆਪਣੀ ਘਟੀ ਹੋਈ ਗਿਣਤੀ ਨੂੰ ਵਧਾਉਣ ਲਈ 13 ਅਪ੍ਰੈਲ 1981 ਈ: ਤੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਅੰਮ੍ਰਿਤਸਰ ਸਾਹਿਬ ਵਿਖੇ ਪਾਸ ਕੀਤੇ ਗਏ ਮਤੇ ਦੀ ਪੂਰਤੀ ਲਈ ਦਿੱਲੀ ਵਿਖੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਇਹ ਪ੍ਰਣ ਕੀਤਾ ਕਿ, ਉਹ ਉਨੀ ਦੇਰ ਤੱਕ ਪੰਜਾਬ ਨਹੀਂ ਆਉਣਗੇ, ਜਦੋਂ ਤੱਕ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਤੇ ਅਮਲ ਕਰਾਉਣ ਲਈ ਉਹ ਕੇਂਦਰ ਸਰਕਾਰ ਨੂੰ ਮਨਵਾ ਨਹੀਂ ਲੈਂਦੇ। ਇਹ ਫੈਸਲਾ ਅਗੇਤਾ ਸੀ ਕਿਉਂਕਿ ਨਾ ਤਾਂ ਸਿੱਖ ਸੰਗਤਾਂ ਅਤੇ ਨਾ ਹੀ ਕੇਂਦਰ ਸਰਕਾਰ ਇਸ ਮਤੇ ਦੀਆਂ ਮੱਦਾਂ ਪ੍ਰਤੀ ਸਪਸ਼ਟ ਸੀ ਕਿ ਇਸ ਵਿਚ ਕੀ ਕੀ ਮੰਗ ਕੀਤੀ ਗਈ ਸੀ ਅਤੇ ਉਸ ਦੀ ਪੂਰਤੀ ਕਿਸ ਢੰਗ ਨਾਲ ਹੋ ਸਕਦੀ ਸੀ। ਫਿਰ ਵੀ ਇਹ ਮੋਰਚਾ ਆਰੰਭ ਹੋ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਨਾਲ ਸੰਬੰਧਤ ਪਾਰਟੀ ਦੇ ਵਰਕਰ ਸਪਤਾਹਿਕ ਜਥੇ ਭੇਜ ਕੇ ਗ੍ਰਿਫਤਾਰੀਆਂ ਦੇਣ ਲੱਗੇ। ਇਹ ਵੱਖਰੀ ਗੱਲ ਹੈ ਕਿ, ਇਹ ਮੋਰਚਾ ਨਾ ਸਿੱਖ ਜਨਤਾ ਉਤੇ ਅਤੇ ਨਾ ਹੀ ਕੇਂਦਰ ਸਰਕਾਰ ਉਤੇ ਕੋਈ ਪ੍ਰਭਾਵ ਛੱਡ ਸਕਿਆ ਪ੍ਰੰਤੂ ਮੋਰਚਾ ਲਾਉਣ ਵਿਚ ਨਿਸਚੇ ਹੀ ਅਕਾਲੀ ਦਲ (ਤਲਵੰਡੀ) ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਤੋਂ ਬਾਜ਼ੀ ਲੈ ਗਿਆ।

ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵੀ ਸਿੱਖਾਂ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਅਤੇ ਧੱਕਿਆਂ ਤੋਂ ਅਣਜਾਣ ਨਹੀਂ ਸੀ ਅਤੇ ਉਸ ਨੇ ਵੀ ਜੁਲਾਈ 1981 ਵਿਚ ਵਿਸ਼ਵ ਸਿੱਖ ਕਨਵੈਨਸ਼ਨ ਵਿਚ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਸਿੱਖਾਂ ਅਤੇ ਪੰਜਾਬ ਨਾਲ ਹੋ ਰਹੇ ਵਿਤਕਰਿਆਂ ਦਾ ਕੱਚਾ ਚਿੱਠਾ ਜਾਰੀ ਕੀਤਾ ਗਿਆ ਅਤੇ 45



Digitized by Panjab Digital Library / www.panjabdigilib.org

ਨੁਕਾਤੀ ਮੰਗ ਅਤੇ ਸ਼ਿਕਾਇਤ ਪੱਤਰ ਪ੍ਰਧਾਨ ਮੰਤ੍ਰੀ ਨੂੰ ਭੇਜਿਆ ਗਿਆ ਅਤੇ ਇਸ ਪੱਤਰ ਵਿਚ ਅੰਕਿਤ ਮੰਗਾਂ ਨੂੰ ਮਨਵਾਉਣ ਲਈ ਪਾਰਟੀ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪੂਰਨ ਅਧਿਕਾਰ ਦਿੱਤੇ ਗਏ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਰਕਾਰ ਨੂੰ 45 ਦਿਨਾਂ ਦਾ ਸਮਾਂ ਦਿੱਤਾ ਕਿ, ਉਹ ਉਪਰੋਕਤ ਮੰਗ - ਪੱਤਰ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਨਾਲ ਗੱਲਬਾਤ ਕਰੇ ਅਤੇ ਮੰਗਾਂ ਮੰਨਣ ਦਾ ਐਲਾਨ ਕਰੇ ਨਹੀਂ ਤਾਂ ਇਸ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਅੰਦੋਲਨ ਕਰਨ ਤੇ ਮਜਬੂਰ ਹੋ ਜਾਏਗਾ। ਪ੍ਰਧਾਨ ਮੰਤਰੀ ਵਲੋਂ ਹੁੰਗਾਰਾ ਨਾ ਭਰਨ ਉਪਰੰਤ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ 7 ਸਤੰਬਰ ਨੂੰ ਦਿੱਲੀ ਵਿਖੇ ਜਲੂਸ ਕੱਢਣ ਦਾ ਐਲਾਨ ਕਰ ਦਿੱਤਾ ਗਿਆ। ਇਸ ਜਲੂਸ ਨੂੰ ਰੋਕਣ ਲਈ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਕਈ ਥਾਵਾਂ ਤੇ ਲਾਠੀਚਾਰਜ ਕੀਤੇ ਅਤੇ ਗੋਲੀਆਂ ਚਲਾਈਆਂ। ਸਿੱਟੇ ਵਜੋਂ ਮਧੂਬਨ ਵਿਖੇ ਤਿੰਨ ਸਿੰਘ ਸ਼ਹੀਦ ਹੋ ਗਏ ਪ੍ਰੰਤੂ ਇਸ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) 7 ਸਤੰਬਰ 1981 ਈ: ਨੂੰ ਦਿੱਲੀ ਵਿਖੇ ਇਕ ਵਿਸ਼ਾਲ ਜਲੂਸ ਕੱਢਣ ਵਿਚ ਸਫਲ ਹੋ ਗਿਆ। ਇਸ ਜਲੂਸ ਵਿਚ ਪਈਆਂ ਰੁਕਾਵਟਾਂ ਕਾਰਨ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਕੇਂਦਰ ਸਰਕਾਰ ਵਿਚ ਪਾੜਾ ਵਧ ਗਿਆ। ਗੱਲ ਕੀ ਦੋਵੇਂ ਅਕਾਲੀ ਦਲ ਕੇਂਦਰ ਸਰਕਾਰ ਨਾਲ ਦੁਸ਼ਮਣੀ ਸਹੇੜ ਬੈਠੇ ਸਨ ਅਤੇ ਦੋਹਾਂ ਨੂੰ ਹੀ ਇਕ ਦੂਜੇ ਦੀ ਲੋੜ ਭਾਸਣ ਲੱਗੀ। ਅਜਿਹੀ ਪਿੱਠ ਭੂਮੀ ਵਿਚ 12 ਸਤੰਬਰ 1981 ਈ: ਨੂੰ ਲਾਲਾ ਜਗਤ ਨਾਰਾਇਣ ਕਤਲ ਕਾਂਡ ਵਿਚ ਸੰਤ ਜਰਨੈਲ ਸਿੰਘ ਦੇ ਗ੍ਰਿਫਤਾਰੀ ਵਾਰੰਟ ਜਾਰੀ ਹੋਣ ਅਤੇ ਉਨ੍ਹਾਂ ਨੂੰ 20 ਸਤੰਬਰ 1981 ਈ: ਨੂੰ ਗ੍ਰਿਫਤਾਰੀ ਸਮੇਂ ਸਿੱਖ ਸੰਗਤਾਂ ਵਲੋਂ ਮਿਲੇ ਭਰਵੇਂ ਹੁੰਗਾਰੇ ਕਾਰਨ ਦੋਵੇਂ ਅਕਾਲੀ ਦਲ ਮਹਿਸੂਸ ਕਰਨ ਲੱਗ ਪਏ ਸਨ ਕਿ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਸਿੱਖ ਜਗਤ ਉਪਰ ਕੀਤੇ ਸਖਤ ਧਾਵੇ ਦਾ ਮੁਕਾਬਲਾ ਇਕਮੁਠ ਹੋ ਕੇ ਹੀ ਕੀਤਾ ਜਾ ਸਕਤਾ ਸੀ। ਸੰਤ ਜਰਨੈਲ ਸਿੰਘ ਦੀ ਗ੍ਰਿਫਤਾਰੀ ਸਮੇਂ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ), ਸ਼੍ਰੋਮਣੀ ਅਕਾਲੀ ਦਲ (ਤਲਵੰਡੀ), ਅਕਾਲੀ ਦਲ (ਮਾਸਟਰ ਤਾਰਾ ਸਿੰਘ) ਅਤੇ ਹਰ ਵਰਗ ਦੇ ਸਿੱਖ ਇਕ ਸਟੇਜ ਤੇ ਆ ਇਕੱਤਰ ਹੋਏ ਸਨ। ਸੰਤ ਜਰਨੈਲ ਸਿੰਘ ਇਹ ਦ੍ਰਿਸ਼ ਵੇਖ ਕੇ ਗਦਗਦ ਹੋ ਗਏ ਸਨ ਤੇ ਇਸ ਕਾਰਨ ਹੀ ਉਨ੍ਹਾਂ ਇੱਛਾ ਪ੍ਰਗਟ ਕੀਤੀ ਸੀ ਕਿ ਜਦੋਂ ਉਹ ਲੁਧਿਆਣਾ ਜੇਲ੍ਹ ਪਹੁੰਚਣ ਤਾਂ ਉਨ੍ਹਾਂ ਦੇ ਕੰਨੀਂ ਇਹ ਆਵਾਜ਼ ਆਉਣੀ ਚਾਹੀਦੀ ਹੈ ਕਿ, ਸਮੁੱਚਾ ਸਿੱਖ ਜਗਤ ਇਕੋ ਕੇਸਰੀ ਨਿਸ਼ਾਨ ਸਾਹਿਬ ਹੇਠ ਆ ਇਕੱਤਰ ਹੋਇਆ ਹੈ। ਸੰਤ ਜਰਨੈਲ ਸਿੰਘ ਦੀ ਇਸ ਰੀਝ ਦੇ ਤੁਰੰਤ ਪੂਰੀ ਨਾ ਹੋ ਸਕਣ ਵਿਚ ਵਿਵਹਾਰਕ ਕਠਿਨਾਈਆਂ ਸਨ ਅਤੇ ਕੁਝ ਕੁ ਨੇਤਾ ਨਿੱਜੀ ਮਤਭੇਦਾਂ ਨੂੰ ਲਾਂਭੇ ਰੱਖਣ ਨੂੰ ਤਿਆਰ ਨਹੀਂ ਸਨ। ਸਿੱਖ ਸੰਗਤਾਂ, ਸਭ ਧਾਰਮਿਕ ਅਤੇ ਪ੍ਰਤੀਨਿਧ ਸਿਆਸੀ ਜਥੇਬੰਦੀਆਂ ਵਲੋਂ ਸੰਤ ਜਰਨੈਲ ਸਿੰਘ ਦੀ ਬਿਨਾਂ ਸ਼ਰਤ ਰਿਹਾਈ ਨੇ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਜੇ ਸਮੁੱਚਾ ਸਿੱਖ ਪੰਥ ਇਕ ਮਨ ਇਕ ਚਿਤ ਹੋ ਕੇ ਕਿਸੇ ਵਿਸ਼ੇਸ਼ ਮੰਤਵ ਲਈ ਅੰਦੋਲਨ ਕਰੇ ਤਾਂ ਕੋਈ ਕਾਰਨ ਨਹੀਂ ਕਿ ਸਿੱਖਾਂ ਦੀਆਂ ਆਪਣੇ ਅਤੇ ਪੰਜਾਬ ਨਾਲ ਧੱਕਿਆਂ ਦੀਆਂ ਸ਼ਕਾਇਤਾਂ ਨੂੰ ਦੂਰ ਨਾ ਕੀਤਾ ਜਾ ਸਕੇ।

ਸੰਤ ਜਰਨੈਲ ਸਿੰਘ ਨੇ ਪੰਥਕ ਏਕਤਾ ਦੀ ਆਪਣੀ ਦਿਲੀ ਰੀਝ ਨੂੰ ਪ੍ਰਤੱਖ ਅਮਲੀ ਰੂਪ ਦੇਣ ਲਈ 15 ਅਕਤੂਬਰ ਤੋਂ ਰਿਹਾਈ ਪਿੱਛੋਂ ਵਿਜੱਈ ਦੌਰੇ ਦੌਰਾਨ ਜ਼ੋਰ ਸ਼ੋਰ ਨਾਲ ਪੰਥਕ ਏਕਤਾ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ। ਸੰਤ ਜਰਨੈਲ ਸਿੰਘ ਜਿੱਥੇ ਵੀ ਜਾਂਦੇ, ਸਿੱਖ ਸੰਗਤਾਂ ਨੂੰ ਪ੍ਰੇਰਦੇ ਕਿ ਉਹ ਨੇਤਾਵਾਂ ਨੂੰ ਪੰਥਕ ਏਕਤਾ ਕਰਨ ਲਈ ਮਜਬੂਰ ਕਰਨ। ਸ੍ਰੀ ਅਕਾਲ ਤਖਤ ਸਾਹਿਬ ਦੇ ਸਵਰਗੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨੂੰ ਵੀ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲਾਂ ਵਿਚ ਏਕਤਾ ਕਰਵਾਉਣ ਲਈ ਪ੍ਰੇਰਿਆ ਅਤੇ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਯਤਨਾਂ ਕਾਰਨ ਏਕਤਾ ਵਾਰਤਾ ਵਿਚ ਪ੍ਰਗਤੀ ਵੀ ਹੋਈ,



Digitized by Panjab Digital Library / www.panjabdigilib.org

ਪ੍ਰੰਤੂ ਮੰਦੇ ਭਾਗੀਂ ਉਨ੍ਹਾਂ ਦੇ ਅਕਾਲ ਚਲਾਣੇ ਕਾਰਨ ਇਹ ਯਤਨ ਸਿਰੇ ਨਾ ਚੜ੍ਹ ਸਕੇ। 30 ਮਾਰਚ 1982 ਨੂੰ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਨਮਿਤ ਪਾਠ ਦੇ ਭੋਗ ਦੇ ਅਵਸਰ ਉਤੇ ਸੰਤ ਜਰਨੈਲ ਸਿੰਘ 'ਖਾਲਸਾ' ਨੇ ਪੰਥਕ ਏਕਤਾ ਲਈ ਆਪਣੇ ਭਾਸ਼ਨ ਵਿਚ ਆਵੇਗਪੂਰਨ ਅਪੀਲ ਕੀਤੀ। ਉਨ੍ਹਾਂ ਕਿਹਾ ਕਿ 20 ਸਤੰਬਰ 1981 ਨੂੰ ਚੌਂਕ ਮਹਿਤਾ ਵਿਖੇ 6 ਘੰਟੇ ਦੀ ਪੰਥਕ ਇਕੱਤ੍ਰਤਾ ਨੂੰ ਵੇਖ ਕੇ ਸ਼੍ਰੀਮਤੀ ਗਾਂਧੀ ਨੂੰ ਪੰਜਾਬ ਦੀ ਸਮੱਸਿਆ ਪ੍ਰਤੀ ਗੰਭੀਰਤਾ ਦਾ ਪ੍ਰਗਟਾਵਾ ਕਰਨ ਲਈ ਚੰਡੀਗੜ੍ਹ ਆਉਣਾ ਪਿਆ ਸੀ ਤਾਂ ਸਮੁੱਚੀ ਪੰਥਕ ਏਕਤਾ ਦੇ ਸਨਮੁੱਖ ਸਿੱਖਾਂ ਦੀ ਹਰ ਗੱਲ ਮੰਨੀ ਜਾ ਸਕਦੀ ਹੈ। ਸੰਤ ਜਰਨੈਲ ਸਿੰਘ ਨੇ ਇਹ ਵੀ ਕਿਹਾ ਕਿ, ਉਹ ਪੰਥਕ ਏਕਤਾ ਦੀਆਂ ਅਪੀਲਾਂ ਕਰਦੇ ਥੱਕ ਚੁੱਕੇ ਸਨ ਅਤੇ ਹੁਣ ਜੇ ਸ਼੍ਰੋਮਣੀ ਅਕਾਲੀ ਦਲਾਂ (ਲੌਂਗੋਵਾਲ ਤੇ ਤਲਵੰਡੀ) ਦੇ ਨੇਤਾ ਸੰਗਤ ਪਾਸ ਆਉਣ ਤਾਂ ਉਨ੍ਹਾਂ ਨੂੰ ਸੰਗਤ ਹੱਥ ਜੋੜ ਕੇ ਬੇਨਤੀ ਕਰ ਦੇਵੇ ਕਿ ਜਦੋਂ ਤੱਕ ਪੰਥਕ ਏਕਤਾ ਨਹੀਂ ਹੁੰਦੀ, ਇਨ੍ਹਾਂ ਨੇਤਾਵਾਂ ਨੂੰ ਮੂੰਹ ਨਹੀਂ ਲਾਉਣਗੇ। ਸੰਤ ਜਰਨੈਲ ਸਿੰਘ ਦੇ ਇਸ ਭਾਸ਼ਨ ਨਾਲ ਸ਼੍ਰੋਮਣੀ ਅਕਾਲੀ ਦਲ ਦੀਆਂ ਸਫਾਂ ਵਿਚ ਹਲਚਲ ਮਚ ਗਈ। ਸਿੱਖ ਸੰਗਤਾਂ ਵਲੋਂ ਸੰਤ ਜਰਨੈਲ ਸਿੰਘ ਨੂੰ ਮਿਲੇ ਭਰਵੇਂ ਹੁੰਗਾਰੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੱਧਵਰਤੀ ਨੇਤਾ ਕੁਝ ਵਧੇਰੇ ਭੈਭੀਤ ਸਨ ਅਤੇ ਉਨ੍ਹਾਂ ਵਲੋਂ ਇਹ ਪ੍ਰਚਾਰ ਨਿਰੰਤਰ ਜਾਰੀ ਸੀ ਕਿ ਸੰਤ ਜਰਨੈਲ ਸਿੰਘ ਅਸਲੋਂ ਅਕਾਲੀ ਸਿਆਸਤ ਵਿਚ ਆ ਕੇ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸੰਭਾਲਣੀ ਚਾਹੁੰਦੇ ਸਨ ਅਤੇ ਇਹੋ ਕਾਰਨ ਸੀ ਕਿ ਉਹ ਹਰ ਸਮੇਂ ਪੰਥਕ ਏਕਤਾ ਦੀ ਰਟ ਲਾਉਂਦੇ ਸਨ। ਪ੍ਰੰਤੂ ਸੰਤ ਜਰਨੈਲ ਸਿੰਘ ਇਸ ਪ੍ਰਚਾਰ ਤੋਂ ਬੇਖਬਰ ਆਪਣੇ ਪ੍ਰਚਾਰ ਵਿਚ ਮਗਨ ਰਹੇ। ਇਸੇ ਲਈ ਸ਼੍ਰੋਮਣੀ ਅਕਾਲੀ ਦਲਾਂ ਦੀ ਰਾਜਨੀਤੀ ਵਿਚ ਕੁਝ ਲੋਕਾਂ ਨੇ ਸੰਤ ਜਰਨੈਲ ਸਿੰਘ ਨੂੰ ਕਾਂਗਰਸ ਦਾ ਏਜੰਟ, ਤਾਕਤ ਹਥਿਆਉਣ ਲਈ ਤਤਪਰ ਅਤੇ ਦੂਸਰਿਆਂ ਨੇ ਪੰਥਕ ਏਕਤਾ ਦਾ ਅਲੰਬਰਦਾਰ ਕਰਦਾਨਿਆ। ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਕੁਝ ਕੁ ਮੱਧਵਰਤੀ ਨੇਤਾਵਾਂ ਵਲੋਂ ਵਾਰ ਵਾਰ ਸੰਤ ਜਰਨੈਲ ਸਿੰਘ ਵਿਰੁੱਧ ਦਿੱਤੇ ਜਾਂਦੇ ਨਿਰੰਤਰ ਬਿਆਨਾਂ ਦਾ ਪ੍ਰਭਾਵ ਇਹ ਪਿਆ ਕਿ ਕੇਂਦਰ ਸਰਕਾਰ ਨੇ ਮਹਿਸੂਸ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਅਤੇ ਸੰਤ ਜਰਨੈਲ ਸਿੰਘ ਵਿਚਕਾਰ ਉਹ ਤਾਲਮੇਲ ਨਹੀਂ, ਜੋ ਸਤੰਬਰ 1981 ਵਿਚ ਸੀ। ਇਹ ਪ੍ਰਭਾਵ ਵੀ ਅਪ੍ਰੈਲ 1982 ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕੇਂਦਰ ਸਰਕਾਰ ਵਿਚਕਾਰ ਚੱਲ ਰਹੀ ਵਾਰਤਾ ਟੁੱਟਣ ਦਾ ਇਕ ਕਾਰਨ ਬਣਿਆ।

ਉਪਰੋਕਤ ਸਭ ਕੁਝ ਦੇ ਬਾਵਜੂਦ ਸੰਤ ਜਰਨੈਲ ਸਿੰਘ ਨੇ ਪੰਥਕ ਏਕਤਾ ਦਾ ਆਪਣਾ ਨਾਅਰਾ ਜਾਰੀ ਰੱਖਿਆ ਅਤੇ ਜਿਉਂ ਜਿਉਂ ਰਾਜ ਸਰਕਾਰ ਵਲੋਂ ਅੰਮ੍ਰਿਤਧਾਰੀ ਸਿੱਖਾਂ ਉਤੇ ਜਬਰ ਵਧਦਾ ਗਿਆ, ਤਿਉਂ ਤਿਉਂ ਸੰਤ ਜਰਨੈਲ ਸਿੰਘ ਪੰਥਕ ਏਕਤਾ ਲਈ ਯਤਨ ਅਤੇ ਪ੍ਰਚਾਰ ਤੇਜ਼ ਕਰਦੇ ਰਹੇ। ਜਿਸ ਨਾਲ ਪੰਥਕ ਏਕਤਾ ਲਈ ਪਿੜ ਤਿਆਰ ਰਿਹਾ। ਸੰਤ ਜਰਨੈਲ ਸਿੰਘ ਦੀ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੀਆਂ ਸਫਾਂ ਵਿਚ ਵਿਰੋਧਤਾ ਦਾ ਇਕ ਕਾਰਨ ਇਹ ਵੀ ਸੀ ਕਿ, ਸੰਤ ਜਰਨੈਲ ਸਿੰਘ ਪੰਥਕ ਏਕਤਾ ਦੀ ਚਲਦੀ ਗੱਲ ਨੂੰ ਅਮਲੀ ਰੂਪ ਦੇਣ ਲਈ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੀ ਪਾਰਟੀ ਵਿਚ ਸਨਮਾਨਯੋਗ ਅਸਥਾਨ ਦੁਆਉਣ ਦੇ ਇੱਛਕ ਸਨ, ਤਾਂ ਜੋ ਏਕਤਾ, ਜੋ ਨਿੱਜੀ ਕਾਰਨਾਂ ਕਰਕੇ ਟੁੱਟੀ ਸੀ, ਨੂੰ ਚਿਰ - ਕਾਲੀਨ ਬਣਾਇਆ ਜਾ ਸਕੇ। ਪੰਥਕ ਏਕਤਾ ਦੇ ਵਿਰੋਧੀਆਂ ਨੂੰ ਸੰਤ ਜਰਨੈਲ ਸਿੰਘ ਆਪਣੇ ਪ੍ਰਚਾਰ ਦੌਰਾਨ ਇਸ ਤਰ੍ਹਾਂ ਦਰਸਾਇਆ ਕਰਦੇ ਸਨ: "ਸ਼ਹੀਦਾਂ ਦਾ ਖ਼ੂਨ ਪੀ ਕੇ, ਪੰਥ ਦੇ ਨਾਂ ਦੀ ਡੁਗਡੁਗੀ ਵਜਾ ਕੇ, ਨਰਕਧਾਰੀਆਂ ('ਸੰਤ ਨਿਰੰਕਾਰੀਆਂ') ਨੂੰ ਬਾਪੂ ਕਹਿ ਕੇ, ਕੇਸਰੀ ਨਿਸ਼ਾਨ ਸਾਹਿਬ ਦਾ ਨਾਂ ਵੇਚ ਕੇ, ਜੋ ਆਪਣੀ ਕੁਰਸੀ ਕਾਇਮ ਰੱਖਣੀ ਚਾਹੁੰਦਾ ਹੈ, ਉਸ ਨੂੰ ਖਾਲਸਾ ਜੀ, ਤੁਸੀਂ ਪਛਾਨਣਾ।



Digitized by Panjab Digital Library | www.panjabdigilib.org

ਸੰਤ ਜਰਨੈਲ ਸਿੰਘ ਦੇ ਵਧੇਰੇ ਉਚਿਤ ਯਤਨਾਂ ਦੇ ਬਾਵਜੂਦ ਉਨ੍ਹਾਂ ਨੂੰ 19 ਜੁਲਾਈ 1982, ਜਦੋਂ ਉਨ੍ਹਾਂ ਨੇ ਭਾਈ ਅਮਰੀਕ ਸਿੰਘ ਅਤੇ ਭਿੰਡਰਾਂ ਜਥੇ ਦੇ ਸੇਵਕਾਂ ਦੀ ਅਨੁਚਿਤ ਗ੍ਰਿਫਤਾਰੀ ਵਿਰੁੱਧ ਮੋਰਚਾ ਲਾਇਆ, ਤੱਕ ਪੰਥਕ ਏਕਤਾ ਕਰਵਾਉਣ ਵਿਚ ਕੋਈ ਵਿਸ਼ੇਸ਼ ਸਫਲਤਾ ਪ੍ਰਾਪਤ ਨਾ ਹੋ ਸਕੀ। ਪ੍ਰੰਤੂ ਉਨ੍ਹਾਂ ਨੇ ਅਣਥੱਕ ਯਤਨ ਜਾਰੀ ਰੱਖੇ ਅਤੇ ਉਨ੍ਹਾਂ ਦੇ ਯਤਨਾਂ ਕਾਰਨ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਵਰਤਮਾਨ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ (ਤਲਵੰਡੀ) ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਅਕਾਲੀ ਦਲ (ਸੁਖਜਿੰਦਰ ਸਿੰਘ) ਦੇ ਪ੍ਰਧਾਨ ਸ. ਸੁਖਜਿੰਦਰ ਸਿੰਘ ਨੂੰ ਅਪੀਲ ਕੀਤੀ ਕਿ, ਉਹ ਆਪੋ ਆਪਣੇ ਮੋਰਚੇ ਛੱਡ ਕੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਲੋਂ ਵਿਸ਼ਾਲ ਪੰਥਕ ਹਿਤਾਂ ਲਈ ਲਾਏ ਮੋਰਚੇ ਵਿਚ ਆ ਸ਼ਾਮਲ ਹੋਣ। ਪਹਿਲਾਂ ਸੁਖਜਿੰਦਰ ਸਿੰਘ ਅਤੇ ਬਾਅਦ ਵਿਚ ਸਤੰਬਰ 1982 ਈ: ਵਿਚ ਜਥੇਦਾਰ ਜਗਦੇਵ ਸਿੰਘ ਤਲਵੰਡੀ ਸਿੱਖਾਂ ਦੀ ਮੁੱਖ ਧਾਰਾ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਵਿਚ ਸ਼ਾਮਲ ਹੋ ਗਏ ਅਤੇ ਸਾਂਝੇ ਤੌਰ ਤੇ ਸਿੱਖ ਮੰਗਾਂ ਦੀ ਪੂਰਤੀ ਲਈ ਘੋਲ ਆਰੰਭ ਕਰ ਦਿੱਤਾ। ਇਸ ਤਰ੍ਹਾਂ ਸੰਤ ਜਰਨੈਲ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੀ ਵੰਡ ਦੇ ਦੋ ਸਾਲ ਇਕ ਮਹੀਨੇ ਵਿਚ ਹੀ ਮੁੜ ਏਕਤਾ ਕਰਵਾ ਦਿੱਤੀ ਅਤੇ ਸਮੁੱਚੇ ਸਿੱਖ ਜਗਤ ਨੂੰ ਇਕ ਮੰਚ ਉੱਤੇ ਲਿਆ ਖੜ੍ਹਾ ਕੀਤਾ।



Digitized by Panjab Digital Library | www.panjabdigilib.org

# ਪਿਛਲ ਵਾਰਤਾ

ਚੌਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਜਰਨੈਲ ਸਿੰਘ ਪੰਜਾਬ ਦੀ ਰਾਜਨੀਤੀ ਵਿਚ ਅੱਜ ਸਭ ਤੋਂ ਵੱਧ ਵਿਵਾਦਗ੍ਰਸਤ ਸ਼ਖਸੀਅਤ ਹਨ। ਉਹ ਪੱਤ੍ਰਕਾਰਾਂ ਲਈ ਇਕ ਬੁਝਾਰਤ, ਗ਼ੈਰ - ਸਿੱਖਾਂ ਲਈ ਅਜੂਬਾ, ਗ਼ੈਰ - ਪੰਜਾਬੀਆਂ ਲਈ ਭਿਅੰਕਰ ਅਤਿਵਾਦੀ ਅਤੇ ਸਿੱਖ ਨੌਜਵਾਨਾਂ ਲਈ ਪੁਨਰ - ਸੁਰਜੀਤੀ ਦਾ ਬਿੰਬ ਬਣ ਕੇ ਉੱਭਰੇ ਹਨ।

ਪੰਜਾਬ ਦੀ ਰਾਜਨੀਤੀ ਵਿਚ ਸੰਤ ਜਰਨੈਲ ਸਿੰਘ ਦਾ ਵਰਤਮਾਨ ਅਸਥਾਨ ਅਪ੍ਰੈਲ 1978 ਈ: ਦੇ ਸਿੱਖ - ਨਿਰੰਕਾਰੀ ਸਾਕੇ ਅਤੇ ਉਸ ਦੇ ਪ੍ਰਤੀਕਰਮ ਅਤੇ ਪਰਤਾਵੇਂ ਪ੍ਰਭਾਵ ਕਾਰਨ ਹੋਈਆਂ ਘਟਨਾਵਾਂ ਸਦਕਾ ਹੈ। ਇਹੋ ਕਾਰਨ ਹੈ ਕਿ ਕੁਝ ਕਥਿਤ ਅਗਾਂਹਵਧੂ ਪਾਰਟੀਆਂ, ਜਿਹਾ ਕਿ ਕਮਿਊਨਿਸਟ ਪਾਰਟੀ, ਉਨ੍ਹਾਂ ਨੂੰ ਪ੍ਰਤੀਕ੍ਰਿਆਤਮਕ ਤਾਕਤਾਂ ਦੀ ਪੈਦਾਵਾਰ ਦੱਸਦੀਆਂ ਹਨ। ਸੰਤ ਜਰਨੈਲ ਸਿੰਘ ਦੀ ਵਿਅਕਤੀ ਦੇ ਉਭਾਰ ਦਾ ਕਾਰਨ ਇਹ ਵੀ ਸੀ ਕਿ ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਵਲੋਂ ਸਿੱਖ - ਨਿਰੰਕਾਰੀ ਸਾਕੇ ਵਿਚ ਸੰਤ ਜਰਨੈਲ ਸਿੰਘ ਨੂੰ ਦੋਸ਼ੀ ਗਰਦਾਨਣ ਦਾ ਯਤਨ ਕੀਤਾ ਗਿਆ ਸੀ। ਆਮ ਤੌਰ ਤੇ ਅਖਬਾਰਾਂ ਅਤੇ ਆਮ ਜਨਤਾ ਦੀ ਸਹਾਨੁਭੂਤੀ ਵਧੀਕੀ ਦਾ ਸ਼ਿਕਾਰ ਹੋਏ ਲੋਕਾਂ ਨਾਲ ਹੁੰਦੀ ਹੈ। ਇਹ ਇਕ ਮੰਨੀ ਪ੍ਰਮੰਨੀ ਸਚਾਈ ਹੈ ਕਿ ਸਿੱਖ - ਨਿਰੰਕਾਰੀ ਸਾਕੇ ਦੌਰਾਨ ਸ਼ਰਧਾਵਾਨ ਸਿੱਖ, ਜਿਨ੍ਹਾਂ ਵਿਚ ਭਿੰਡਰਾਂ ਜਥੇ ਦੇ ਮੈਂਬਰ ਵੀ ਸ਼ਾਮਲ ਸਨ, ਬਿਨਾਂ ਹਥਿਆਰਾਂ ਦੇ, ਨਿਰੰਕਾਰੀਆਂ ਨੂੰ ਸਮਾਗਮ ਵਿਚ ਗੁਰ - ਨਿੰਦਾ ਕਰਨ ਤੋਂ ਰੋਕਣ ਗਏ ਸਨ ਅਤੇ ਉਨ੍ਹਾਂ ਉਤੇ ਨਿਰੰਕਾਰੀਆਂ ਨੇ ਭੈਭੀਤ ਹੋ ਕੇ ਹਮਲਾ ਕਰਕੇ ਗੋਲੀ ਚਲਾਈ ਸੀ ਅਤੇ ਇਹੋ ਕੀਰਤਨੀਏ ਅਤੇ ਮਾਨਨੀਯ ਸਿੱਖ ਇਸ ਘੱਲੂਘਾਰੇ ਵਿਚ ਸ਼ਿਕਾਰ ਹੋਏ; ਪ੍ਰੰਤੂ ਇਸ ਦੇ ਬਾਵਜੂਦ ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਨੇ ਸਿੱਖਾਂ ਨੂੰ ਇਸ ਸਾਕੇ ਦਾ ਦੋਸ਼ੀ ਕਰਾਰ ਦੇਣ ਦਾ ਯਤਨ ਕੀਤਾ। ਸੰਤ ਜਰਨੈਲ ਸਿੰਘ ਇਸ ਮੌਕੇ ਉਤੇ ਆਪ ਹਾਜ਼ਰ ਨਹੀਂ ਸਨ ਪ੍ਰੰਤੂ ਇਸ ਦੇ ਬਾਵਜੂਦ ਉਨ੍ਹਾਂ ਨੂੰ ਹੀ ਆਲੋਚਨਾ ਦਾ ਸੁਨਿਸਚਿਤ ਨਿਸ਼ਾਨਾ ਬਣਾਇਆ ਗਿਆ। ਜਲੰਧਰ ਦੀਆਂ ਅਖਬਾਰਾਂ ਵਿਚ 13 ਅਪ੍ਰੈਲ ਤੋਂ 17 ਅਪ੍ਰੈਲ 1978 ਦੌਰਾਨ ਛਪੀਆਂ ਖਬਰਾਂ ਇਸ ਗੱਲ ਦੀਆਂ ਗੁਆਹ ਹਨ ਕਿ, 17 ਅਪ੍ਰੈਲ ਤੱਕ ਤਾਂ ਇਹ ਹੀ ਸਪੱਸ਼ਟ ਨਹੀਂ ਸੀ ਹੋ ਸਕਿਆ ਕਿ ਝਗੜਾ ਨਿਰੰਕਾਰੀਆਂ ਅਤੇ ਸਿੱਖਾਂ ਦੇ ਕਿਸ ਵਰਗ ਵਿਚਕਾਰ ਹੋਇਆ। ਪਹਿਲਾਂ ਤਾਂ ਗ਼ੈਰ - ਸਿੱਖ ਅਖਬਾਰਾਂ ਇਸ ਨੂੰ ਨਿਰੰਕਾਰੀਆਂ ਅਤੇ ਨਿਹੰਗਾਂ ਵਿਚਕਾਰ ਹੋਇਆ ਝਗੜਾ ਦੱਸਦੀਆਂ ਰਹੀਆਂ। ਇਸ ਪਿੱਛੋਂ ਇਸ ਨੂੰ ਅਕਾਲੀ - ਨਿਰੰਕਾਰੀ ਝਗੜਾ ਗਰਦਾਨਿਆ ਗਿਆ ਅਤੇ 17 ਅਪ੍ਰੈਲ ਪਿੱਛੋਂ ਹੀ ਸੰਤ ਜਰਨੈਲ ਸਿੰਘ ਦਾ ਨਾਂ ਇਸ ਬਖੇੜੇ ਵਿਚ ਆਇਆ ਭਾਵੇਂ ਕਿ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੋਣ ਵਾਲੀ 'ਟ੍ਰਿਬਿਊਨ' ਵਿਚ ਪਹਿਲਾਂ ਹੀ ਇਸ ਸਾਕੇ ਸੰਬੰਧੀ ਸਹੀ ਖਬਰ ਦਿੱਤੀ ਗਈ ਸੀ ਕਿ ਝਗੜਾ ਨਿਰੰਕਾਰੀਆਂ ਅਤੇ ਸੰਤ ਜਰਨੈਲ ਸਿੰਘ ਦੇ ਸਹਿਯੋਗੀਆਂ ਅਤੇ ਅਖੰਡ ਕੀਰਤਨੀ ਜਥੇ ਵਿਚਕਾਰ ਹੋਇਆ। (ਟ੍ਰਿਬਿਊਨ, ਅਪ੍ਰੈਲ 14, 1978, ਪੰਨਾ 1)

ਸੰਤ ਜਰਨੈਲ ਸਿੰਘ ਨੂੰ ਨਿਸ਼ਾਨਾ ਬਣਾਉਣ ਦਾ ਇਕ ਕਾਰਨ ਇਹ ਵੀ ਭਾਸਦਾ ਹੈ ਕਿ ਭਿੰਡਰਾਂ ਜਥੇ ਦੇ ਮੈਂਬਰ ਸੰਪ੍ਰਦਾਈ ਪ੍ਰੰਪਰਾ ਅਨੁਸਾਰ ਹਥਿਆਰਬੰਦ ਰਹਿੰਦੇ ਸਨ, ਜੋ ਪੰਜਾਬ



Digitized by Panjab Digital Library | www.panjabdigilib.org

ਦੇ ਗ਼ੈਰ - ਸਿੱਖਾਂ ਨੂੰ ਰੜਕਦਾ ਸੀ। ਦੂਸਰਾ ਇਹ ਕਿ ਅਖੰਡ ਕੀਰਤਨੀ ਜਥਾ ਭਾਵੇਂ ਜਥੇਬੰਦ ਸੀ, ਪ੍ਰੰਤੂ ਸਮੁੱਚੇ ਤੌਰ ਤੇ ਉਹ ਇਕ ਨੇਤਾ ਪੇਸ਼ ਨਹੀਂ ਸਨ ਕਰ ਸਕੇ ਅਤੇ ਉਨ੍ਹਾਂ ਦੇ ਮੁਕਾਬਲੇ ਭਿੰਡਰਾਂ ਜਥਾ ਵਧੇਰੇ ਗਠਿਤ ਰੂਪ ਵਿਚ ਸਾਹਮਣੇ ਆਇਆ ਸੀ ਅਤੇ ਉਸ ਦੇ ਮੁਖੀ ਸੰਤ ਜਰਨੈਲ ਸਿੰਘ ਵਲੋਂ ਨਿਰੰਕਾਰੀ ਮਾਮਲੇ ਵਿਚ ਅਪਣਾਏ ਜੁਝਾਰੂ ਰਵਈਏ ਕਾਰਨ ਸਿੱਖਾਂ ਵਿਚ ਨਾਇਕ ਵਜੋਂ ਉੱਭਰੇ ਸਨ; ਇਸ ਲਈ ਕੁਦਰਤੀ ਸੀ ਕਿ ਉਨ੍ਹਾਂ ਨੂੰ ਹੀ ਆਲੋਚਨਾ ਦਾ ਨਿਸ਼ਾਨਾ ਬਣਾਇਆ ਜਾਂਦਾ।

ਇਕ ਕਾਰਨ ਹੋਰ, ਜਿਸ ਲਈ ਸੰਤ ਜਰਨੈਲ ਸਿੰਘ ਅਤੇ ਉਨ੍ਹਾਂ ਦੇ ਜੱਥੇ ਨੂੰ ਨਿਸ਼ਾਨਾ ਬਣਾਇਆ ਗਿਆ, ਉਹ ਇਹ ਪ੍ਰਤੀਤ ਹੁੰਦਾ ਹੈ ਕਿ 1978 ਈ: ਵਿਚ ਪੰਜਾਬ ਦੇ ਰਵਾਇਤੀ ਫਿਰਕਾਪ੍ਰਸਤ ਅਤੇ ਸਥਾਪਿਤ ਅਕਾਲੀ - ਜਨਤਾ ਸਰਕਾਰ ਦੇ ਵਿਰੋਧੀ ਲੋਕ ਇਹ ਪ੍ਰਭਾਵ ਦੇਣਾ ਚਾਹੁੰਦੇ ਸਨ ਕਿ, ਪੰਜਾਬ ਵਿਚ ਜੇ ਅਕਾਲੀ ਸਰਕਾਰ ਕਾਇਮ ਹੋ ਵੀ ਜਾਏ ਤਾਂ ਵੀ ਸੰਤ ਜਰਨੈਲ ਸਿੰਘ ਵਰਗੇ ਜੁਝਾਰੂ ਲੋਕਾਂ ਦੀ 'ਸਿੱਖਾਸ਼ਾਹੀ' ਨੂੰ ਕਾਬੂ ਵਿਚ ਨਹੀਂ ਰੱਖਿਆ ਜਾ ਸਕਦਾ ਅਤੇ ਇਸ ਤਰ੍ਹਾਂ ਦੀ 'ਸਿੱਖਾਸ਼ਾਹੀ' ਤੋਂ ਪੰਜਾਬ ਦੇ ਗ਼ੈਰ - ਸਿੱਖਾਂ ਨੂੰ ਖਤਰਾ ਹੀ ਖਤਰਾ ਸੀ। ਅਜਿਹਾ ਪ੍ਰਭਾਵ ਦੇਣ ਨਾਲ ਉਨ੍ਹਾਂ ਨੂੰ ਰਾਜਨੀਤਕ ਲਾਭ ਪ੍ਰਾਪਤ ਹੁੰਦਾ ਸੀ ਅਤੇ ਹੋਇਆ ਵੀ।

ਉਪਰੋਕਤ ਕਾਰਨਾਂ ਤੋਂ ਛੁੱਟ ਸੰਤ ਜਰਨੈਲ ਸਿੰਘ ਵਲੋਂ ਸਿੱਖ - ਨਿਰੰਕਾਰੀ ਸਾਕੇ ਪਿੱਛੋਂ ਨਿਰੰਕਾਰੀਆਂ ਵਿਰੁੱਧ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਸੀ ਅਤੇ ਉਹ ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੱਖਾਂ ਦੇ ਪਰਵਾਰਾਂ ਨੂੰ ਸਹਾਇਤਾ ਅਤੇ ਨਿਆਂ ਦੁਆਉਣ ਦੀ ਮੰਗ ਜ਼ੋਰ ਸ਼ੋਰ ਨਾਲ ਕਰ ਰਹੇ ਸਨ। ਅਦਾਲਤਾਂ ਵਿਚੋਂ ਨਿਆਂ ਦੀ ਸ਼ੀਘਰ ਪ੍ਰਾਪਤੀ ਨਾ ਹੁੰਦੀ ਵੇਖ ਕੇ ਸੰਤ ਜਰਨੈਲ ਸਿੰਘ ਸ਼ਹੀਦ ਸਿੰਘਾਂ ਦੇ ਪਰਵਾਰਾਂ ਲਈ ਨਿਆਂ ਪ੍ਰਾਪਤੀ ਲਈ ਪਰਤਾਵੀਂ ਕਾਰਵਾਈ ਕਰਨ ਦੀ ਗੱਲ ਕਰਦੇ। ਪੰਜਾਬੀਆਂ ਅਤੇ ਵਿਸ਼ੇਸ਼ ਤੌਰ ਤੇ ਪੇਂਡੂ ਲੋਕਾਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਨੂੰ ਇਹ ਗੱਲ ਭਾਉਂਦੀ ਸੀ ਅਤੇ ਦਿਹਾਤੀ ਸਿੱਖਾਂ ਵਿਚ ਸੰਤ ਜਰਨੈਲ ਸਿੰਘ ਸੁੱਤੇ ਸਿਧ ਹੀ ਨਾਇਕ ਵਜੋਂ ਉੱਭਰੇ। ਦੂਜੇ ਪਾਸੇ ਵੀਹਵੀਂ ਸਦੀ ਦੇ ਸਿਖਿਅਤ, ਸਭਿਅਕ ਅਤੇ ਲੋਕਤੰਤ੍ਰੀ ਪ੍ਰਸ਼ਾਸਨ ਅਤੇ ਸਮਾਜ ਵਿਚ ਬਦਲੇ ਜਾਂ ਤੁਰੰਤ ਨਿਆਂ ਦੀ ਭਾਲ ਦੇ ਸਿਧਾਂਤ ਦੀ ਗੱਲ ਦੀ ਨਿਆਂ - ਉਚਿਤਤਾ ਨੂੰ ਚੁਨੌਤੀ ਮਿਲਣੀ ਸੁਭਾਵਿਕ ਹੀ ਸੀ। ਇਹ ਚੁਨੌਤੀ ਸਭ ਤੋਂ ਪਹਿਲਾਂ ਜਲੰਧਰ ਦੀ ਗ਼ੈਰ - ਸਿੱਖ ਪ੍ਰੈਸ ਵਲੋਂ ਦਿੱਤੀ ਗਈ।

ਵੀਹਵੀਂ ਸਦੀ ਵਿਚ ਸਿੱਖ ਜਨਤਾ ਜਦੋਂ ਤੋਂ ਜਥੇਬੰਦ ਸੰਘਰਸ਼ ਕਰਨ ਲੱਗੀ ਹੈ, ਕਈ ਵੇਰ ਮੋਰਚੇ ਅਤੇ ਸੰਘਰਸ਼ ਲੰਬੇ ਹੋਏ ਅਤੇ ਸਿੱਖ ਨੌਜੁਆਨਾਂ ਨੇ ਉਤੇਜਿਤ ਹੋ ਕੇ ਸ਼ਾਂਤਮਈ ਸੰਘਰਸ਼ ਤੋਂ ਪਰ੍ਹੇ ਹਟ ਕੇ ਸੰਘਰਸ਼ ਦੇ ਮੰਤਵ ਦੀ ਪ੍ਰਾਪਤੀ ਲਈ ਯਤਨ ਆਰੰਭੇ। ਇਸ ਪ੍ਰਸੰਗ ਵਿਚ ਅਕਾਲੀ ਦਲ ਦੇ ਡੁਰਲੀ ਜੱਥੇ, ਬੱਬਰ ਅਕਾਲੀ ਆਦਿ ਹਿੰਸਾਤਮਕ ਲਹਿਰਾਂ ਦਾ ਵਰਨਣ ਕੀਤਾ ਜਾ ਸਕਦਾ ਹੈ। ਇਸੇ ਪ੍ਰਕਾਰ ਸਿੱਖ - ਨਿਰੰਕਾਰੀ ਸੰਘਰਸ਼ ਪਿੱਛੋਂ ਵੀ ਜਦੋਂ ਨਿਆਂ ਛੇਤੀ ਪ੍ਰਾਪਤ ਹੁੰਦਾ ਪ੍ਰਤੀਤ ਨਾ ਹੋਇਆ ਤਾਂ ਕੁਝ ਅਜਿਹੇ ਉਤਸ਼ਾਹੀ ਨੌਜੁਆਨਾਂ ਨੇ ਸ਼ਾਂਤਮਈ ਸੰਘਰਸ਼ ਅਤੇ ਪ੍ਰਚਾਰ ਦੀ ਰੇਖਾ ਤੋਂ ਪਰ੍ਹੇ ਹਟ ਕੇ ਤੁਰੰਤ ਨਿਆਂ ਪ੍ਰਾਪਤ ਕਰਨ ਦਾ ਯਤਨ ਕੀਤਾ, ਜਿਸ ਕਾਰਨ 1980-81 ਵਿਚ 'ਖਾਲਿਸਤਾਨ' ਲਹਿਰ ਦਾ ਉਭਾਰ ਅਤੇ ਹਿੰਸਕ ਘਟਨਾਵਾਂ ਸਾਹਮਣੇ ਆਈਆਂ। ਜਿਵੇਂ ਕਿ ਹਮੇਸ਼ਾਂ ਹੁੰਦਾ ਆਇਆ ਹੈ, ਅਜਿਹੀਆਂ ਘਟਨਾਵਾਂ ਵੀ ਇਕ ਅਜਿਹੇ ਗਠਿਤ ਰੂਪੋਸ਼ ਟੋਲੇ ਵਲੋਂ ਕੀਤੀਆਂ ਜਾ ਰਹੀਆਂ ਸਨ, ਜਿਨ੍ਹਾਂ ਵਿਚ ਇਕ ਅੱਧ ਵਿਅਕਤੀ ਨੂੰ ਦੋਸ਼ੀ ਨਾਮਜ਼ਦ ਕਰਨਾ ਅਸੰਭਵ ਸੀ। ਸੰਤ ਜਰਨੈਲ ਸਿੰਘ ਜਲੰਧਰ ਦੀਆਂ ਗ਼ੈਰ - ਸਿੱਖ ਅਖਬਾਰਾਂ ਦੀ ਸਿੱਖ - ਨਿਰੰਕਾਰੀ ਸਾਕੇ ਦੌਰਾਨ ਅਤੇ ਪਿੱਛੋਂ



Digitized by Panjab Digital Library | www.panjabdigilib.org

ਨਿਰੰਕਾਰੀਆਂ ਦੀ ਪਿੱਠ ਠੋਕਣ ਦੀ ਨੀਤੀ ਕਾਰਨ ਉਨ੍ਹਾਂ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਨ। ਇਸ ਲਈ ਲਾਲਾ ਜਗਤ ਨਾਰਾਇਣ ਦੇ ਕਤਲ ਪਿੱਛੋਂ ਪੁਲਿਸ ਤੁਰੰਤ ਦੋਸ਼ੀ ਨਾਮਜ਼ਦ ਨਾ ਕਰ ਸਕਣ ਕਾਰਨ, ਉਸ ਨੇ ਸੰਤ ਜਰਨੈਲ ਸਿੰਘ ਨੂੰ ਹੀ ਸੁਨਿਸਚਿਤ ਨਿਸ਼ਾਨਾ ਬਣਾ ਲਿਆ। ਇਕ ਵੇਰ ਜਦੋਂ ਸੰਤ ਜਰਨੈਲ ਸਿੰਘ ਨੂੰ ਇਸ ਕੇਸ ਵਿਚ ਫਸਾ ਲਿਆ ਗਿਆ ਤਾਂ ਉਨ੍ਹਾਂ ਦੀ ਗ੍ਰਿਫਤਾਰੀ ਦੇ ਪ੍ਰਤਿਉਤਰ ਵਜੋਂ ਪੰਜਾਬ ਵਿਚ ਆਪ - ਮੁਹਾਰੇ ਹੋਈਆਂ ਘਟਨਾਵਾਂ ਪਿੱਛੇ ਵੀ ਉਨ੍ਹਾਂ ਦਾ ਗੁਪਤ ਹੱਥ ਲੱਭਣ ਦਾ ਯਤਨ ਕੀਤਾ ਜਾਣਾ ਵੀ ਸੁਭਾਵਿਕ ਹੀ ਸੀ ਕਿਉਂਕਿ ਇਸ ਨਾਲ ਸਰਕਾਰ ਦਾ ਰਾਜਨੀਤਕ ਮੰਤਵ ਹੱਲ ਹੁੰਦਾ ਸੀ ਅਤੇ ਉਹ ਗ਼ੈਰ - ਸਿੱਖ ਵਰਗ ਦੀ ਸੰਤੁਸ਼ਟੀ ਵੀ ਕਰਵਾ ਸਕਦੀ ਸੀ। ਮੁਖ ਮੰਤ੍ਰੀ ਸ. ਦਰਬਾਰਾ ਸਿੰਘ ਵਲੋਂ ਰਾਹੋਂ ਵਿਖੇ ਹੋਏ ਬੰਬ ਧਮਾਕੇ ਦੀ ਸਾਜ਼ਿਸ਼ ਵਿਚ ਸੰਤ ਜਰਨੈਲ ਸਿੰਘ ਦੇ ਸੰਮਿਲਤ ਹੋਣ ਸੰਬੰਧੀ ਲਾਇਆ ਦੂਸ਼ਣ ਵੀ ਇਸੇ ਸਾਜ਼ਿਸ਼ ਦੀ ਕੜੀ ਪ੍ਰਤੀਤ ਹੁੰਦਾ ਹੈ।

ਦਮਦਮੀ ਟਕਸਾਲ ਦੇ ਮੁਖੀ ਹੋਣ ਦੇ ਨਾਤੇ ਸੰਤ ਜਰਨੈਲ ਸਿੰਘ ਦੀ ਮੂਲ ਰੂਪ ਵਿਚ ਰਾਜਨੀਤੀ ਵਿਚ ਦਿਲਚਸਪੀ ਨਹੀਂ ਪ੍ਰੰਤੂ ਪ੍ਰਸਿਥਿਤੀਆਂ ਨੇ ਉਨ੍ਹਾਂ ਦਾ ਰਾਜਨੀਤੀ ਨਾਲ ਪ੍ਰੀਚੈ ਅਵੱਛ ਹੀ ਕਰਵਾ ਦਿੱਤਾ ਹੈ ਅਤੇ ਵਰਤਮਾਨ ਸਥਿਤੀ ਤੇ ਲਿਆ ਖੜ੍ਹਾ ਕੀਤਾ ਹੈ, ਜਿਥੇ ਉਨ੍ਹਾਂ ਨੂੰ ਰਾਜਨੀਤੀ ਤੋਂ ਅਣਜਾਣ ਵੀ ਨਹੀਂ ਕਿਹਾ ਜਾ ਸਕਦਾ। ਸਿੱਖ ਧਰਮ ਦੇ ਹਰ ਪ੍ਰਚਾਰਕ ਵਾਂਗ ਉਹ ਵੀ ਪੰਥ ਦੀ ਚੜ੍ਹਦੀ ਕਲਾ ਦੇ ਇਛੁੱਕ ਹਨ ਅਤੇ ਉਨ੍ਹਾਂ ਦਾ ਪੰਥਕ ਮੁੱਖ ਧਾਰਾ (ਜਿਸ ਦੀ ਪ੍ਰਤੀਨਿਧਤਾ ਸ਼੍ਰੋਮਣੀ ਅਕਾਲੀ ਦਲ ਕਰਦਾ ਹੈ) ਨਾਲ ਜੁੜਨਾ ਸੁਭਾਵਿਕ ਜਿਹੀ ਗੱਲ ਹੈ। ਇਹੋ ਕਾਰਨ ਹੈ ਕਿ ਰਾਜਨੀਤਕ ਪੰਡਿਤ ਟਪਲਾ ਖਾ ਕੇ ਉਨ੍ਹਾਂ ਨੂੰ ਅਕਾਲੀ ਲੀਡਰਸ਼ਿਪ ਦਾ ਸ਼ਰੀਕ ਸਮਝ ਬੈਠਦੇ ਹਨ। ਇਸ ਗੱਲ ਵਿਚ ਕੋਈ ਸ਼ੰਕਾ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਧੜੇਬੰਦੀ ਵਿਚ ਵੱਖ ਵੱਖ ਨੇਤਾਵਾਂ ਨੇ ਸੰਤ ਜਰਨੈਲ ਸਿੰਘ ਨੂੰ ਆਪੋ ਆਪਣੇ ਮੰਤਵ ਲਈ ਵਰਤਣ ਦਾ ਯਤਨ ਕੀਤਾ ਹੈ। ਕਾਂਗਰਸ ਦੀ ਧੜੇਬੰਦੀ ਜੰਗ ਵਿਚ ਵੀ ਉਨ੍ਹਾਂ ਦੇ ਨਾਂ ਨੂੰ ਇਕ ਦੂਜੇ ਉਤੇ ਦੂਸ਼ਣ ਲਾਉਣ ਲਈ ਵਰਤਣ ਦਾ ਯਤਨ ਕੀਤਾ ਗਿਆ ਹੈ ਇਸੇ ਕਾਰਨ ਪੰਜਾਬ ਦੀ ਰਾਜਨੀਤੀ ਵਿਚ ਸੰਤ ਜਰਨੈਲ ਸਿੰਘ ਸਭ ਤੋਂ ਵੱਧ ਗ਼ਲਤ ਸਮਝੇ ਗਏ ਵਿਅਕਤੀ ਹਨ। ਅਕਾਲੀ ਹਲਕਿਆਂ ਵਿਚ ਵੀ ਕਈ ਨੇਤਾ ਅੱਜ ਸੰਤ ਜਰਨੈਲ ਸਿੰਘ ਦੀ ਉਭਰ ਰਹੀ ਵਿਅਕਤੀਗਤ ਤੋਂ ਭੈਭੀਤ ਹਨ; ਸ਼ਾਇਦ ਇਸ ਦੀ ਕਾਰਨ ਇਹ ਵੀ ਹੈ ਕਿ ਸਤੰਬਰ 1981 ਤੋਂ ਸਤੰਬਰ 1982 ਤੱਕ ਦੇ ਇਕ ਸਾਲ ਦੇ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਅਣਭੋਲ ਅਤੇ ਰਾਜਨੀਤਕ ਦਾਅਪੇਚਾਂ ਤੋਂ ਬੇਖਬਰ ਪੰਥਕ ਏਕਤਾ ਉਤੇ ਜ਼ੋਰ ਦਿੰਦੇ ਰਹੇ, ਜੋ ਸ਼੍ਰੋਮਣੀ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਦੇ ਹਿਤਾਂ ਦੇ ਅਨੁਕੂਲ ਨਹੀਂ ਸਨ। ਰਾਜਨੀਤਕ ਹਲਕੇ ਇਸੇ ਕਾਰਨ ਹੀ ਉਨ੍ਹਾਂ ਵਿਚ ਰਾਜਨੀਤਕ ਅਭਿਲਾਸ਼ਾ ਲੱਭਣ ਦਾ ਯਤਨ ਕਰਦੇ ਰਹੇ ਅਤੇ ਸੁਘੜ ਅਤੇ ਰਾਜਨੀਤਕ ਪੰਡਿਤਾਂ ਨੇ ਉਨ੍ਹਾਂ ਨੂੰ ਇਕ ਰਾਜਨੀਤਕ ਸ਼ਕਤੀ ਵਜੋਂ ਵੇਖਣ ਦਾ ਯਤਨ ਕੀਤਾ ਹੈ; ਪ੍ਰੰਤੂ ਸੰਤ ਜਰਨੈਲ ਸਿੰਘ ਦਾ ਵਿਚਾਰ ਹੈ ਕਿ ਉਨ੍ਹਾਂ ਦਾ ਮੁੱਖ ਕੰਮ 'ਪੋਥੀ ਦਾ ਪ੍ਰਚਾਰ' ਹੈ। ਉਹ ਸਿੱਖ ਸੰਗਤਾਂ ਵਿਚ ਕਥਾ ਅਤੇ ਪ੍ਰਚਾਰ ਰਾਹੀਂ ਉਨ੍ਹਾਂ ਦੇ ਅਮੀਰ ਇਤਿਹਾਸਕ ਵਿਰਸੇ ਦੀ ਚੇਤੰਨਤਾ ਕਰਵਾ ਕੇ ਜਾਗਰਤੀ ਲਿਆਉਣਾ ਚਾਹੁੰਦੇ ਹਨ ਤਾਂ ਜੋ ਮੌਕੇ ਦੀਆਂ ਸਰਕਾਰਾਂ ਦੀਆਂ ਸਿੱਖ ਕੌਮ ਦੀ ਸ਼ਕਤੀ ਖੀਣ ਕਰਨ ਦੀਆਂ ਚਾਲ੍ਹਾਂ ਸਫਲ ਨਾ ਹੋ ਸਕਣ।



Digitized by Panjab Digital Library | www.panjabdigilib.org

## ਪਰਚਾਰ ਯਾਤਰਾ

ਸੰਤ ਜਰਨੈਲ ਸਿੰਘ ਨੇ 25 ਅਗਸਤ 1977 ਨੂੰ ਭਿੰਡਰਾਂ ਜਥੇ ਦੀ ਸੇਵਾ ਸੰਭਾਲਣ ਪਿੱਛੋਂ ਭਿੰਡਰਾਂਵਾਲੇ ਸੰਤਾਂ ਨਾਲ ਸ਼ਰਧਾ - ਭਾਵਨਾ ਰੱਖਣ ਵਾਲੇ ਸਿੱਖ ਸੇਵਕਾਂ ਤੇ ਸ਼ਰਧਾਲੂਆਂ ਦੀ ਦਰਸ਼ਨਾਂ ਦੀ ਚਾਹ ਪੂਰੀ ਕਰਨ ਲਈ, ਸਿੱਖੀ ਪਰਚਾਰ ਦੀ ਲਹਿਰ ਵਿਚ ਉਭਾਰ ਲਿਆਉਣ ਲਈ ਤੇ ਅੰਮ੍ਰਿਤ ਪਰਚਾਰ ਦੀ ਮੁਹਿੰਮ ਤੇਜ਼ ਕਰਨ ਲਈ ਪਰਚਾਰ ਯਾਤਰਾ ਸ਼ੁਰੂ ਕਰ ਦਿੱਤੀ। ਜੁਲਾਈ 1977 ਤੋਂ ਲੈ ਕੇ ਜੁਲਾਈ 1982 ਤੱਕ 5 ਸਾਲ ਦੇ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਜੀ ਨੇ ਨਿਹੰਗ ਸਿੰਘਾਂ ਦੇ ਚਲਦੇ ਫਿਰਦੇ ਵਹੀਰ ਵਾਂਗ ਭਿੰਡਰਾਂ ਜਥੇ ਦੇ ਚੋਣਵੇਂ ਸੇਵਕਾਂ ਨੂੰ ਨਾਲ ਲੈ ਕੇ ਪੰਜਾਬ ਦਾ ਤੇ ਦੇਸ਼ ਦਾ ਤੂਫਾਨੀ ਦੌਰਾ ਕੀਤਾ। ਸੰਤ ਜੀ ਨੇ ਪੰਜਾਬ ਦੇ ਹਰ ਜ਼ਿਲ੍ਹੇ ਦੇ ਸ਼ਹਿਰਾਂ, ਕਸਬਿਆਂ ਤੇ ਅਨੇਕ ਪਿੰਡਾਂ ਵਿਚ ਪਹੁੰਚ ਕੇ ਕਥਾ - ਕੀਰਤਨ ਤੇ ਧਰਮ - ਪਰਚਾਰ ਦੀ ਇਸ ਮੁਹਿੰਮ ਨੂੰ ਪੰਜਾਬ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚ ਕੇ 'ਅੰਮ੍ਰਿਤ ਛਕੋ, ਸਿੰਘ ਸਜੋ' ਦੀ ਲਹਿਰ ਨੂੰ ਤੇਜ਼ ਕੀਤਾ। ਸੰਤ ਜਰਨੈਲ ਸਿੰਘ ਜੀ ਨੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੰਦੇਸ਼ ਘਰ ਘਰ ਪਹੁੰਚਾਉਣ ਲਈ ਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਧੁਰ ਕੀ ਬਾਣੀ' ਦੇ ਗਿਆਨ ਦਾ ਪ੍ਰਕਾਸ਼ ਹਨੇਰੀਆਂ ਨੁੱਕਰਾਂ ਵਿਚ ਫੈਲਾਉਣ ਲਈ ਪੰਜਾਬ ਤੋਂ ਬਾਹਰ ਜਿਨ੍ਹਾਂ ਥਾਵਾਂ ਦਾ ਦੌਰਾ ਕੀਤਾ, ਉਨ੍ਹਾਂ ਵਿਚੋਂ ਮਸ਼ਹੂਰ ਥਾਵਾਂ ਇਹ ਹਨ: ਦਿੱਲੀ, ਬੰਬਈ, ਪੂਨਾ, ਨਾਸਕ, ਕੋਪਰ ਗਾਉਂ, ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ, ਔਰੰਗਾਬਾਦ, ਨਾਗਪੁਰ, ਡੋਂਗਰ ਗਾਉਂ, ਦੁਰਗ, ਭਿਲਾਈ, ਬਿਲਾਸ ਪੁਰ, ਕਟਨੀ, ਜੱਬਲਪੁਰ, ਮੰਡਲਾ, ਟਾਟਾ ਨਗਰ, ਦੁਰਗਾ ਪੁਰ, ਕਲਕੱਤਾ, ਤਖਤ ਸ੍ਰੀ ਪਟਨਾ ਸਾਹਿਬ, ਭੋਪਾਲ, ਅਬਦੁੱਲਾ ਗੰਜ, ਲਖਨਊ, ਕਾਨਪੁਰ, ਲਖੀਮ ਪੁਰ, ਸ਼ਾਹਜਹਾਨ ਪੁਰ, ਨੈਣੀਤਾਲ, ਹਲਦਵਾਨੀ, ਬਾਜਪੁਰ, ਰਾਮ ਨਗਰ, ਜਮਨਾ ਨਗਰ, ਗੰਗਾ ਨਗਰ, ਮੇਰਠ, ਅਜਮੇਰ, ਜੈਪੁਰ, ਬੜੌਦਾ, ਗਵਾਲੀਅਰ, ਆਗਰਾ, ਹੇਮ ਕੁੰਟ ਸਾਹਿਬ ਤੇ ਹੋਰ ਕਈ ਅਸਥਾਨ।

ਸੰਤ ਜੀ ਪਾਕਿਸਤਾਨ ਨਹੀਂ ਗਏ। ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੇ ਦਰਸ਼ਨ ਦੀਦਾਰ ਲਈ ਸੰਤ ਜੀ ਜਾਣਾ ਚਾਹੁੰਦੇ ਤਾਂ ਅਨੇਕ ਵਾਰ ਜਥੇ ਸਮੇਤ ਜਾ ਸਕਦੇ ਸਨ। ਲੇਕਿਨ ਸੰਤ ਜੀ ਨੇ ਦ੍ਰਿੜ੍ਹ ਸੰਕਲਪ ਕੀਤਾ ਹੋਇਆ ਸੀ ਕਿ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੀ ਯਾਤਰਾ ਕਰਨ ਲਈ ਉਹ ਦੋਹਾਂ ਸਰਕਾਰਾਂ ਦੀ ਅਧੀਨਗੀ ਹੇਠ ਨਹੀਂ ਜਾਣਗੇ, ਨਾ ਏਧਰ ਦੀ ਸਰਕਾਰ ਦੀ ਅਧੀਨਗੀ ਹੇਠਾਂ ਤੇ ਨਾ ਹੀ ਓਧਰ ਦੀ ਸਰਕਾਰ ਦੀ ਬੰਦਸ਼ ਥੱਲੇ। ਅਕਾਲ ਪੁਰਖ ਦੀ ਮਿਹਰ ਸਦਕਾ ਜੇ ਕਦੀ ਵਿਛੜੇ ਹੋਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਹੋ ਸਕੇ ਤਾਂ ਸੰਤ ਜੀ ਜ਼ਰੂਰ ਕਰਨਗੇ।

## ਮੋਰਚਾ ਫ਼ਤਹਿ

19 ਜੁਲਾਈ 1982 ਨੂੰ ਪੰਜਾਬ ਸਰਕਾਰ ਦੇ ਆਦੇਸ਼ ਨਾਲ ਪੰਜਾਬ ਪੁਲਿਸ ਨੇ ਅੰਮ੍ਰਿਤਸਰ ਦੀਆਂ ਜ਼ਿਲ੍ਹਾ ਕਚਹਿਰੀਆਂ ਵਿਚੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੂੰ ਬਗ਼ੈਰ ਕਸੂਰ ਤੋਂ ਅਚਾਨਕ ਗ੍ਰਿਫਤਾਰ ਕਰ ਕੇ ਸੀਖਾਂ



Digitized by Panjab Digital Library | www.panjabdigilib.org

ਓਹਲੇ ਡੱਕ ਦਿੱਤਾ ਤੇ ਦੂਜੇ ਦਿਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਦੇ ਇੰਨਚਾਰਜ ਭਾਈ ਠਾਰਾ ਸਿੰਘ ਨੂੰ ਵੀ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ।

ਸੰਤ ਜਰਨੈਲ ਸਿੰਘ ਜੀ ਭਾਈ ਅਮਰੀਕ ਸਿੰਘ ਦੀ ਗ੍ਰਿਫਤਾਰੀ ਦੀ ਖਬਰ ਸੁਣਦੇ ਹੀ ਜਥੇ ਸਮੇਤ ਅੰਮ੍ਰਿਤਸਰ ਪਹੁੰਚ ਗਏ ਸਨ ਤੇ ਉਥੇ ਗੁਰੂ ਨਾਨਕ ਨਿਵਾਸ ਵਿਚ ਜਾ ਕੇ ਕਿਲ੍ਹਾਬੰਦੀ ਕਰ ਲਈ ਸੀ ਤੇ ਦੂਜੇ ਦਿਨ 20.7.82 ਤੋਂ ਮੋਰਚਾ ਲਾ ਦਿੱਤਾ ਸੀ। ਇਸ ਮੋਰਚੇ ਦੀ ਮੁਖ ਮੰਗ ਝੂਠੇ ਕੇਸ ਬਣਾ ਕੇ ਨਿਰਦੋਸ਼ ਫੜੇ ਗਏ ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਨੂੰ ਰਿਹਾ ਕਰਾਉਣਾ ਸੀ। ਇਸ ਮੰਗ ਵਿਚ ਹੋਰ ਸਾਰੇ ਬੇਕਸੂਰ ਫੜੇ ਗਏ ਅੰਮ੍ਰਿਤਧਾਰੀ ਸਿੰਘਾਂ ਨੂੰ ਰਿਹਾ ਕਰਾਉਣ ਦੀ ਮੰਗ ਵੀ ਸ਼ਾਮਿਲ ਕਰ ਲਈ ਗਈ ਸੀ ।

ਬਾਅਦ ਵਿਚ 4 ਅਗਸਤ 1982 ਨੂੰ ਜਦ ਸ਼੍ਰੋਮਣੀ ਅਕਾਲੀ ਦਲ ਨੇ ਅੰਮ੍ਰਿਤਸਰ ਤੋਂ 'ਧਰਮ ਯੁੱਧ' ਮੋਰਚਾ ਆਰੰਭ ਕੀਤਾ ਤਾਂ ਉਸ ਵਿਚ 'ਭਿੰਡਰਾਂ ਵਾਲੇ ਮੋਰਚੇ' ਦੀ ਮੰਗ ਵੀ ਸ਼ਾਮਿਲ ਕਰ ਲਈ ਗਈ, ਜਿਸ ਪਿੱਛੋਂ ਸੰਤ ਜਰਨੈਲ ਸਿੰਘ ਜੀ ਨੇ 'ਧਰਮ ਯੁੱਧ' ਮੋਰਚੇ ਵਿਚ ਆਪਣਾ ਮੋਰਚਾ ਸ਼ਾਮਿਲ ਕਰ ਦਿੱਤਾ ਤੇ ਖੁਦ 'ਧਰਮ ਯੁੱਧ' ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ 'ਧਰਮ ਯੁੱਧ' ਵਿਚ ਜੂਝ ਰਹੀਆਂ 'ਫੌਜਾਂ' ਦਾ ਮਾਰਗ ਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ।

ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਤੇ ਬਣਾਏ ਗਏ ਕੇਸਾਂ ਦਾ ਦਿਲਚਸਪ ਪੱਖ ਇਹ ਸੀ ਕਿ ਮੁਕੱਦਮੇ ਝੂਠੇ ਹੋਣ ਕਾਰਨ ਜਦ ਪੁਲਿਸ ਦੋਸ਼ ਸਾਬਤ ਨਾ ਕਰ ਸਕਦੀ ਤਾਂ ਅਦਾਲਤ ਵਲੋਂ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਂਦਾ ਲੇਕਿਨ ਪੁਲਿਸ ਅਧਿਕਾਰੀ ਨਵੇਂ ਬਣਾਏ ਗਏ ਝੂਠੇ ਕੇਸਾਂ ਸੰਬੰਧੀ ਵਾਰੰਟ ਦਿਖਾ ਕੇ ਉਨ੍ਹਾਂ ਨੂੰ ਫਿਰ ਗ੍ਰਿਫਤਾਰ ਕਰ ਲੈਂਦੇ ਤੇ ਜੇਲ੍ਹ ਭੇਜ ਦਿੰਦੇ ।

6 ਅਗਸਤ 1982 ਨੂੰ ਸੰਤ ਜਰਨੈਲ ਸਿੰਘ ਜੀ ਵਲੋਂ ਕੀਤੀ ਗਈ ਜੰਗੀ ਪੱਧਰ ਦੀ ਰਹਿਨੁਮਾਈ ਨਾਲ ਭਿੰਡਰਾਂ ਜਥੇ ਨੇ ਦਰਬਾਰਾ ਸਰਕਾਰ ਦੀ ਉਪਰੋਕਤ ਸਾਜ਼ਿਸ਼ ਅਸਫਲ ਬਣਾ ਕੇ ਰੱਖ ਦਿੱਤੀ। ਉਸ ਦਿਨ ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਅਦਾਲਤ ਵਿਚ ਪੇਸ਼ੀ ਸੀ। ਜਿਉਂ ਹੀ ਉਨ੍ਹਾਂ ਨੂੰ ਐਡੀਸ਼ਨਲ ਸ਼ੈਸ਼ਨ ਜੱਜ ਸ੍ਰੀ ਜੀ. ਐਲ. ਚੋਪੜਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਫ਼ਾਜ਼ਿਲ ਜੱਜ ਨੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਸੁਣਾਇਆ, ਦੇਖਦੇ ਹੀ ਦੇਖਦੇ ਹਜ਼ਾਰਾਂ ਸਿੰਘ ਅਦਾਲਤ ਦੇ ਬਾਹਰ ਇਕੱਠੇ ਹੋ ਗਏ ਤੇ ਉਹ ਰਿਹਾ ਹੋਏ ਦੋਹਾਂ ਆਗੂਆਂ ਨੂੰ ਇਕ ਟਰੱਕ ਵਿਚ ਬਿਠਾ ਕੇ ਜਲੂਸ ਦੀ ਸ਼ਕਲ ਵਿਚ ਦਰਬਾਰ ਸਾਹਿਬ ਲੈ ਗਏ। ਇਸ ਤਰ੍ਹਾਂ ਦਰਬਾਰਾ ਸਰਕਾਰ ਦੀ ਉਨ੍ਹਾਂ ਨੂੰ ਦੁਬਾਰਾ ਗ੍ਰਿਫਤਾਰ ਕਰਨ ਦੀ ਸਾਜ਼ਿਸ਼ ਧਰੀ ਧਰਾਈ ਰਹਿ ਗਈ ।

ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਰਿਹਾਈ 20 ਜੁਲਾਈ 1982 ਨੂੰ ਭਿੰਡਰਾਂ ਜਥੇ ਵਲੋਂ ਲਾਏ ਗਏ ਮੋਰਚੇ ਦੀ ਸ਼ਾਨਦਾਰ ਜਿੱਤ ਹੈ। ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਪਹੁੰਚਣ ਤੇ ਰਿਹਾ ਹੋਏ ਦੋਹਾਂ ਆਗੂਆਂ ਦਾ 'ਧਰਮ ਯੁੱਧ' ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂ ਜਥਾ ਵਲੋਂ ਤੇ ਹਜ਼ਾਰਾਂ ਸਿੰਘਾਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਤੇ ਸ਼ਾਮ ਨੂੰ ਮੰਜੀ ਸਾਹਿਬ ਦੀਵਾਨ ਹਾਲ ਵਿਚ ਉਨ੍ਹਾਂ ਨੂੰ ਸਿਰੋਪਾ ਭੇਟ ਕੀਤੇ ਗਏ। 8 ਅਗਸਤ 1982 ਨੂੰ ਭਾਈ ਅਮਰੀਕ ਸਿੰਘ, ਭਾਈ ਠਾਰਾ ਸਿੰਘ ਤੇ ਉਨ੍ਹਾਂ ਨਾਲ ਰਿਹਾ ਹੋਏ ਚੋਂਦਾਂ ਹੋਰ ਸਿੰਘਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸਨਮਾਨ ਕੀਤਾ ਗਿਆ ।



Digitized by Panjab Digital Library / www.panjabdigilib.org

ਸਨਮਾਨ ਸਮਾਰੋਹ ਵਿਚ ਭਾਸ਼ਨ ਦਿੰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਨੇ ਕਿਹਾ ਕਿ, ਉਨ੍ਹਾਂ ਨੇ ਸਿੱਖ ਪੰਥ ਲਈ ਜੇਲ੍ਹਾਂ ਦੀਆਂ ਮੁਸੀਬਤਾਂ ਬਰਦਾਸ਼ਤ ਕੀਤੀਆਂ ।

ਇਸ ਮੌਕੇ ਤੇ ਸੰਤ ਲੌਂਗੋਵਾਲ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਹੋਰਨਾਂ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੋ ਸਕਿਆ ਅਤੇ ਇਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਇਆ ਗਿਆ ਸੀ । ਇਹ ਕੇਸ ਅਦਾਲਤ ਵਿਚ ਸਾਬਤ ਨਹੀਂ ਹੋ ਸਕੇ ਕਿਉਂਕਿ ਇਨ੍ਹਾਂ ਦੀ ਬੁਨਿਆਦ ਗ਼ਲਤ ਸੀ । ਇਸ ਲਈ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ । ਇਖਲਾਕੀ ਤੌਰ ਤੇ ਇਸ ਸਰਕਾਰ ਨੂੰ ਕਾਇਮ ਰਹਿਣ ਦਾ ਕੋਈ ਹੱਕ ਨਹੀਂ । ਸੰਤ ਲੌਂਗੋਵਾਲ ਨੇ ਇਹ ਇਲਜ਼ਾਮ ਵੀ ਲਾਇਆ ਕਿ ਰਾਜ ਵਿਚ ਜੋ ਹਿੰਸਾ ਦੀਆਂ ਕਾਰਵਾਈਆਂ ਹੋ ਰਹੀਆਂ ਹਨ, ਉਨ੍ਹਾਂ ਲਈ ਸਰਕਾਰ ਜ਼ਿੰਮੇਵਾਰ ਹੈ ।

ਭਿੰਡਰਾਂਵਾਲੇ ਸੰਤਾਂ ਨੇ ਇਸ ਮੌਕੇ ਤੇ ਭਾਸ਼ਨ ਦਿੰਦਿਆਂ ਕਿਹਾ ਕਿ 'ਧਰਮ ਯੁੱਧ' ਮੋਰਚੇ ਦੀ ਸਫਲਤਾ ਲਈ ਇਕੱਠੇ ਰਹਿਣਾ ਚਾਹੀਦਾ ਹੈ ਅਤੇ ਏਕਤਾ ਕਾਇਮ ਰੱਖਣੀ ਚਾਹੀਦੀ ਹੈ । ਸੰਤ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ ਐਲਾਨ ਕੀਤਾ ਕਿ ਉਹ ਆਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਤੇ ਗ੍ਰਿਫਤਾਰ ਸਿੰਘਾਂ ਦੀ ਰਿਹਾਈ ਲਈ ਪੂਰਾ ਮਿਲਵਰਤਣ ਦਿੰਦੇ ਰਹਿਣਗੇ ।

ਇਸ ਤੋਂ ਇਕ ਦਿਨ ਪਹਿਲਾਂ ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੇ ਸਵਾਗਤੀ ਸਮਾਰੋਹ ਵਿਚ ਬੋਲਦਿਆਂ ਸੰਤ ਜਰਨੈਲ ਸਿੰਘ ਨੇ ਕਿਹਾ ਕਿ "ਸਾਡੇ ਦੋਹਾਂ ਆਗੂਆਂ ਦੀ ਰਿਹਾਈ ਸਮੁੱਚੇ ਸਿੱਖ ਜਗਤ ਅਤੇ ਸਿੱਖ ਪੰਥ ਦੀ ਫਤਹਿ ਹੈ । ਇਹ ਸਾਡੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿੱਤ ਹੈ । ਇਹ ਬਦੀ ਉਤੇ ਸਚਾਈ ਦੀ ਵਿਜੈ ਹੈ ।"

ਸੰਤ ਜਰਨੈਲ ਸਿੰਘ ਜੀ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਜਿੰਨਾ ਚਿਰ ਸਾਰੇ ਨਿਰਦੋਸ਼ ਅੰਮ੍ਰਿਤਧਾਰੀ ਸਿੰਘਾਂ ਨੂੰ ਰਿਹਾ ਨਹੀਂ ਕੀਤਾ ਜਾਂਦਾ ਤੇ ਆਨੰਦਪੁਰ ਦੇ ਮਤੇ ਉਤੇ ਅਮਲ ਨਹੀਂ ਕੀਤਾ ਜਾਂਦਾ, ਸਾਡਾ ਇਹ 'ਧਰਮ ਯੁੱਧ' ਮੋਰਚਾ ਜਾਰੀ ਰਹੇਗਾ ।"

## ਅਜੇ ਸਫ਼ਰ ਬਾਕੀ ਹੈ ।

ਇੰਗਲੈਂਡ ਨਿਵਾਸੀ ਪੰਜਾਬੀਆਂ ਦੇ ਹਰਮਨ ਪਿਆਰੇ ਹਫ਼ਤੇਵਾਰ ਅਖਬਾਰ 'ਦੇਸ ਪ੍ਰਦੇਸ' ਲੰਡਨ ਦੇ ਵਿਸ਼ੇਸ਼ ਪ੍ਰਤੀਨਿਧ ਨੇ ਸੰਤ ਜਰਨੈਲ ਸਿੰਘ ਜੀ ਤੋਂ ਪੁੱਛਿਆ, "ਕੀ ਤੁਸੀਂ ਪਰਦੇਸ ਵੀ ਗਏ ਹੋ?" ਸੰਤਾਂ ਨੇ ਜਵਾਬ ਦਿੱਤਾ "ਨਹੀਂ", ਅਜੇ ਤੱਕ ਵਿਦੇਸ਼ ਯਾਤਰਾ ਦਾ ਮੌਕਾ ਨਹੀਂ ਮਿਲਿਆ । ਕਈ ਮੁਲਕਾਂ ਦੀ ਸੰਗਤ ਵਲੋਂ ਯਾਤਰਾ ਲਈ ਸੱਦਾ ਪੱਤਰ ਆਏ ਹੋਏ ਹਨ ਲੇਕਿਨ ਇਸ ਵੇਲੇ ਤਾਂ ਮੇਰੀ ਦੇਸ ਯਾਤਰਾ ਦੇ ਪ੍ਰੋਗਰਾਮ ਵੀ ਕੈਂਸਲ ਹੋ ਚੁੱਕੇ ਹਨ । 'ਧਰਮ ਯੁੱਧ' ਮੋਰਚਾ ਫਤਹਿ ਕਰਨ ਪਿੱਛੋਂ ਮੈਂ ਵਿਦੇਸ਼ ਯਾਤਰਾ ਲਈ ਜਾਣਾ ਚਾਹੁੰਦਾ ਹਾਂ ਪਰ ਜਿਸ ਵਕਤ ਅਕਾਲ ਪੁਰਖ ਨੇ ਚਾਹਿਆ, ਉਸ ਵਕਤ ਹੀ ਜਾ ਸਕਾਂਗਾ:

"ਨਕ ਨੱਥ ਖਸਮ ਹਥ ਕਿਰਤੁ ਧਕੇ ਦੇਇ ।
ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸਚ ਹੇ ।"

ਇਸ ਕਥਨ ਉਤੇ ਮੇਰਾ ਅਟੱਲ ਵਿਸ਼ਵਾਸ ਹੈ । ਸੰਤ ਜੀ ਤੋਂ ਪੁੱਛਿਆ ਗਿਆ ਕਿ ਕੀ ਉਹ ਪਰਦੇਸੀ ਸੰਗਤ ਨੂੰ ਕੋਈ ਸੰਦੇਸ਼ ਦੇਣਾ ਚਾਹੁੰਦੇ ਹਨ? ਤਾਂ ਉਨ੍ਹਾਂ ਜਵਾਬ ਦਿੱਤਾ ਕਿ, "ਮੇਰਾ ਇਹੋ ਸੁਨੇਹਾ ਹੈ: ਨਸ਼ਿਆਂ ਦਾ ਤਿਆਗ ਕਰੋ, ਅੰਮ੍ਰਿਤ ਛਕ ਕੇ ਤਿਆਰ - ਬਰ -



Digitized by Panjab Digital Library | www.panjabdigilib.org

ਤਿਆਰ ਸਿੰਘ ਸਜੋ, ਦੇਹਧਾਰੀ ਗੁਰੂਆਂ ਦੇ ਪਖੰਡ ਦਾ ਖੰਡਨ ਕਰੋ, ਭਾਰਤ ਦੀ ਜਾਬਰ ਸਰਕਾਰ ਵਿਰੁੱਧ ਕੀਤੇ ਜਾ ਰਹੇ ਸੰਘਰਸ਼ ਵਿਚ ਸਾਨੂੰ ਸਹਿਯੋਗ ਦਿਓ ।"

ਸੰਤ ਜਰਨੈਲ ਸਿੰਘ ਜੀ ਇਸ ਵਕਤ 'ਧਰਮ ਯੁੱਧ' ਵਿਚ ਜੂਝ ਰਹੇ ਹਨ। ਉਨ੍ਹਾਂ ਦੇ ਦੇਸ ਅਤੇ ਪਰਦੇਸ ਵਿਚ ਅੰਮ੍ਰਿਤ ਪਰਚਾਰ ਕਰਨ ਦੇ ਕਈ ਪ੍ਰੋਗਰਾਮ ਠੱਪ ਹੋ ਚੁੱਕੇ ਹਨ। 'ਧਰਮ ਯੁੱਧ' ਮੋਰਚੇ ਦੀ ਸਫਲਤਾ ਪਿੱਛੋਂ ਹੀ ਉਹ ਆਪਣਾ ਅਗਲਾ ਪ੍ਰੋਗਰਾਮ ਉਲੀਕ ਸਕਣਗੇ । ਅਜੇ ਸਫ਼ਰ ਬਹੁਤ ਲੰਮਾ ਹੈ! ਅਜੇ ਸਫ਼ਰ ਬਾਕੀ ਹੈ!



Digitized by Panjab Digital Library | www.panjabdigilib.org

# ਭਿੰਡਰਾਂਵਾਲੇ ਸੰਤ:

## ਆਪਣੇ ਹੀ ਆਈਨੇ ਵਿਚ

"ਆਪਨੜੈ ਹਥਿ ਆਰਸੀ ਆਪੇ ਹੀ ਦੇਖੈ ॥

(ਭਾਈ ਗੁਰਦਾਸ ਜੀ)

## ਧਰਮ ਯੁੱਧ

ਮੈਂ ਹਮੇਸ਼ਾਂ ਸਾਰੇ ਸਿੱਖ ਜਗਤ ਨੂੰ ਇਕ ਝੰਡੇ ਥੱਲੇ ਇਕੱਤਰ ਕਰਨ ਦੀ ਗੱਲ ਕੀਤੀ ਹੈ। ਜੇਕਰ ਸਮੁੱਚੀ 'ਸਿੱਖ ਕੌਮ' ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਤਰ ਹੋ ਕੇ ਆਪਣਾ ਨਿੱਜ-ਬੱਲ ਪੈਦਾ ਕਰਦੀ ਹੈ ਤਾਂ ਕੌਮ ਜੋ ਵੀ ਚਿਤਵੇਗੀ, ਮਿਲੇਗਾ। 'ਧਰਮ ਯੁੱਧ' ਮੋਰਚੇ ਨੇ ਸਿੱਖਾਂ ਵਿਚ ਨਵੀਂ ਰੂਹ ਅਤੇ ਨਵਾਂ ਉਤਸ਼ਾਹ ਪੈਦਾ ਕੀਤਾ ਹੈ। ਜੇਕਰ ਇਹ ਇਕਮੁੱਠ ਹੋ ਕੇ ਹੰਭਲਾ ਮਾਰਨ ਤਾਂ ਕੋਈ ਵੀ ਮੰਗ ਅਸੰਭਵ ਨਹੀਂ। ਅੱਜ ਲੋੜ ਹੈ 'ਨਿਸਚੈ ਕਰ ਅਪਨੀ ਜੀਤ ਕਰੋਂ" ਦਾ ਨਾਅਰਾ ਲਾ ਕੇ 'ਧਰਮ ਯੁੱਧ' ਵਿਚ ਕੁੱਦਣ ਦੀ। ਬੱਸ ਜਿੱਤ 'ਸਿੱਖ ਕੌਮ' ਦੀ ਹੋਵੇਗੀ। ਗੱਲ ਸਪੱਸ਼ਟ ਹੈ:

ਕੋਊ ਕਿਸੀ ਕਉ ਰਾਜ ਨਾ ਦੇ ਹੈ।
ਜੋ ਲੇ ਹੈ ਨਿਜ ਬਲ ਸੇ ਲੇ ਹੈ।

## ਮੋਰਚੇ ਦਾ ਮੋਹਰੀ ਕੌਣ?

ਮੋਰਚੇ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਪੁਰਦ ਹੈ। ਮੈਂ ਤਾਂ ਉਨ੍ਹਾਂ ਦਾ ਤੁਛ ਜਿਹਾ ਸੇਵਕ ਹਾਂ। 'ਸਿੱਖ ਕੌਮ' ਕਿਸੇ ਵਿਅਕਤੀ ਵਿਸ਼ੇਸ਼ ਲਈ ਨਹੀਂ, ਧਰਮ ਤੇ ਆਜ਼ਾਦੀ ਦੀ ਰੱਖਿਆ ਲਈ ਖੁਦ ਬਖੁਦ ਮੋਰਚੇ ਵਿਚ ਕੁੱਦ ਰਹੀ ਹੈ ਤੇ ਉਸ ਦੀ ਅਗਵਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰ ਰਹੇ ਹਨ।

ਵੈਸੇ ਜੰਗ ਵਿਚ ਕਿਸੇ ਨੂੰ ਤਾਂ ਜਰਨੈਲ ਬਣਾਉਣਾ ਹੀ ਪੈਂਦਾ ਹੈ।

## ਅਨੰਦਪੁਰ ਸਾਹਿਬ ਦਾ ਮਤਾ

ਸਿੱਖਾਂ ਨੂੰ ਉਨ੍ਹਾਂ ਦੇ ਹੱਕ ਦਿੱਤੇ ਜਾਣ। ਹੱਕ, ਜਿਹੜੇ ਅਸੀਂ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਮੰਗੇ ਹਨ। ਆਨੰਦਪੁਰ ਦਾ ਮਤਾ ਮੈਂ ਤਾਂ ਨਹੀਂ ਬਣਾਇਆ। ਇਹ ਸਾਡੇ ਅਕਾਲੀ ਵੀਰਾਂ ਨੇ ਹੀ ਬਣਾਇਆ ਹੈ। ਅਖਬਾਰਾਂ ਵਾਲੇ ਕਹਿੰਦੇ ਹਨ ਕਿ ਹੁਣ 'ਉਹ' ਆਨੰਦਪੁਰ ਦੇ ਮਤੇ ਤੇ ਜ਼ੋਰ ਨਹੀਂ ਪਾਉਂਦੇ। ਪਰ ਮੈਂ ਕਹਿੰਦਾ ਹਾਂ ਕਿ ਅਖਬਾਰਾਂ ਦੀ ਗੱਲ ਛੱਡੋ। ਉਹ ਤਾਂ ਇਹ ਵੀ ਛਾਪ ਸਕਦੇ ਹਨ ਕਿ ਭਿੰਡਰਾਂਵਾਲੇ ਨੇ ਫਲਾਣੇ ਪ੍ਰੈਸ ਰੀਪੋਰਟਰ ਨੂੰ ਗੋਲੀ ਮਾਰਨ ਦੀ



Digitized by Panjab Digital Library | www.panjabdigilib.org

ਕੋਸ਼ਿਸ਼ ਕੀਤੀ।

ਜੇ ਲੌਂਗੋਵਾਲ ਜੀ ਆਨੰਦਪੁਰ ਦਾ ਮਤਾ ਨਹੀਂ ਮੰਗਦੇ ਤਾਂ ਉਹ ਇਹ ਗੱਲ ਮੇਰੇ ਮੂੰਹ ਤੇ ਆ ਕੇ ਕਹਿਣ ।

## ਧਰਮ ਤੇ ਰਾਜਨੀਤੀ

ਸਿੱਖ ਧਰਮ ਵਿਚ ਧਰਮ ਤੇ ਸਿਆਸਤ ਵੱਖੋ ਵੱਖ ਨਹੀਂ ਸਗੋਂ ਇਕੱਠੇ ਚਲਦੇ ਹਨ। ਸਿੱਖੀ ਵਿਚ ਧਰਮ ਨੂੰ ਸਿਆਸਤ ਨਾਲੋਂ ਵੱਖਰਾ ਨਹੀਂ ਕੀਤਾ ਜਾ ਸਕਦਾ । ਧਰਮ ਤੇ ਸਿਆਸਤ ਇਕ ਹੈ। ਇਹ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸਿੱਖ ਪੰਥ ਨੂੰ ਮਹਾਨ ਦੇਣ ਹੈ ।

## ਖਾਲਿਸਤਾਨ

- ਆਨੰਦਪੁਰ ਸਾਹਿਬ ਦੇ ਮਤੇ ਵਿਚ ਖਾਲਿਸਤਾਨ ਦੀ ਕੋਈ ਮੰਗ ਨਹੀਂ ।
- ਮੈਂ ਡਾਕਟਰ ਜਗਜੀਤ ਸਿੰਘ ਦੀ ਖਾਲਿਸਤਾਨ ਦੀ ਮੰਗ ਦੀ ਨਾ ਹਮੈਤ ਕਰਦਾ ਹਾਂ ਨਾ ਮੁਖਾਲਫ਼ਿਤ । ਮੇਰੇ ਨ੍ਰਿਪੱਖ ਸਟੈਂਡ ਦੇ ਗ਼ਲਤ ਅਰਥ ਕੱਢੇ ਜਾਂਦੇ ਹਨ ।
- ਸਾਨੂੰ ਦੇਸ਼ - ਵਿਰੋਧੀ ਸਮਝਿਆ ਜਾਂਦਾ ਹੈ। ਅਸੀਂ ਭਾਰਤ ਵਿਚ ਰਹਿਣਾ ਚਾਹੁੰਦੇ ਹਾਂ ਪਰ ਕੀ ਭਾਰਤੀ ਸਰਕਾਰ ਸਾਨੂੰ ਆਪਣੇ ਨਾਲ ਰੱਖਣਾ ਚਾਹੁੰਦੀ ਹੈ? ਅਸੀਂ ਪਹਿਲੇ ਦਰਜੇ ਦੇ ਸ਼ਹਿਰੀ ਬਣ ਕੇ ਭਾਰਤ ਵਿਚ ਰਹਿਣਾ ਚਾਹੁੰਦੇ ਹਾਂ, ਹੁਣ ਵਾਂਗ ਦੂਜੇ ਦਰਜੇ ਦੇ ਨਹੀਂ।
- ਅਸੀਂ ਗ਼ੁਲਾਮ ਬਣ ਕੇ ਨਹੀਂ ਰਹਿਣਾ ਚਾਹੁੰਦੇ । ਸਗੋਂ ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਾਂ ਕਿਉਂਕਿ ਅਸੀਂ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ 93 ਫ਼ੀ ਸਦੀ ਸਿਰ ਦਿੱਤੇ ਹਨ। 93 ਫ਼ੀ ਸਦੀ ਸੀਸ ਦੇ ਕੇ ਗ਼ੁਲਾਮ ਰਹਿਣਾ ਸਾਨੂੰ ਪ੍ਰਵਾਨ ਨਹੀਂ। ਇਹ ਕੇਂਦਰ ਸਰਕਾਰ ਦੱਸੇ ਕਿ ਉਸ ਨੇ ਸਾਨੂੰ ਗ਼ੁਲਾਮ ਸ਼ਹਿਰੀ ਬਣਾ ਕੇ ਰੱਖਣਾ ਹੈ ਜਾਂ ਬਰਾਬਰ ਦੇ ਸ਼ਹਿਰੀ ਬਣਾ ਕੇ?
- ਖਾਲਿਸਤਾਨ ਦੀ ਨਾ ਮੈਂ ਹਮੈਤ ਕਰਦਾ ਹਾਂ ਤੇ ਨਾ ਹੀ ਵਿਰੋਧਤਾ ਕਰਦਾ ਹਾਂ। ਇਹ ਫ਼ੈਸਲਾ ਕਰਨਾ ਹੁਣ ਸਰਕਾਰ ਦਾ ਕੰਮ ਹੈ ਕਿ ਉਹ ਸਾਨੂੰ ਆਪਣੇ ਨਾਲ ਰੱਖਣਾ ਚਾਹੁੰਦੀ ਹੈ ਜਾਂ ਨਹੀਂ?

  ਇਹ ਕੰਮ ਕੇਂਦਰ ਦਾ ਹੈ; ਮੇਰਾ ਨਹੀਂ। ਪਰ ਹਾਂ, ਜੇ ਉਹ ਖਾਲਿਸਤਾਨ ਦੇਣਾ ਹੀ ਚਾਹੁੰਦੇ ਹਨ ਤਾਂ ਅਸੀਂ ਉਸ ਨੂੰ ਪਰਵਾਨ ਕਰ ਲਵਾਂਗੇ । ਅਸੀਂ 1947 ਵਾਲੀ ਗ਼ਲਤੀ ਨਹੀਂ ਦੁਹਰਾਵਾਂਗੇ ।

  ਅਸੀਂ ਇਸ ਦੀ ਮੰਗ ਨਹੀਂ ਕਰਦੇ ਪਰ ਜੇ ਉਹ ਸਾਨੂੰ ਦਿੰਦੇ ਹਨ ਤਾਂ ਲੈ ਲਵਾਂਗੇ। ਉਹ 'ਖਾਲਿਸਤਾਨ' ਨੂੰ ਸਾਡੀ ਝੋਲੀ ਵਿਚ ਪਾਉਣ ਤਾਂ ਇਹ ਉਨ੍ਹਾਂ ਦਾ ਕੰਮ ਹੈ । ਖਾਲਿਸਤਾਨੀ ਮੈਂ ਹਾਂ ਜਾਂ ਸਰਕਾਰ?
- ਖਾਲਿਸਤਾਨ ਭਾਵੇਂ ਸਾਡੀ ਮੰਗ ਨਹੀਂ ਹੈ ਪਰ ਜੇਕਰ ਸਿੱਖਾਂ ਵਿਰੁੱਧ ਸਥਿਤੀ ਇਸ ਤਰ੍ਹਾਂ ਹੀ ਬਣੀ ਰਹੀ ਤਾਂ ਉਨ੍ਹਾਂ ਦੀ ਸੋਚਣੀ ਵਿਚ ਖਾਲਿਸਤਾਨ ਦੀ ਤਸਵੀਰ ਉਭਰਨ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ।



Digitized by Panjab Digital Library | www.panjabdigilib.org

# ਜਬਰ ਜ਼ੁਲਮ ਦੀ ਦਾਸਤਾਨ

- ਇਕ ਸਿੱਖ ਕੁੜੀ ਨੂੰ ਨੰਗੀ ਕਰ ਕੇ ਉਸ ਦੇ ਪਿਤਾ ਨੂੰ ਉਸ ਨਾਲ ਭੋਗ ਕਰਨ ਲਈ ਕਿਹਾ ਗਿਆ। ਕਈ ਇਹ ਸਿੱਖਾਂ ਨਾਲ ਇਨਸਾਫ਼ ਹੈ? ਇਹ ਵਾਰਦਾਤ ਪਿੰਡ ਕਾਹਲ ਖੁਰਦ ਤਹਿਸੀਲ ਮੋਗਾ ਦੀ ਹੈ। ਪਿਤਾ ਦਾ ਨਾਂ ਜਗਮੀਰ ਸਿੰਘ ਹੈ। ਉਹ ਹਰੀਜਨ ਹੈ।

- ਦਾਓ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਪੁਲਸੀਆਂ ਨੇ ਇਕ ਸਿੱਖ ਕੁੜੀ ਨੂੰ ਨੰਗੀ ਕਰਕੇ ਉਸ ਦਾ ਜਲੂਸ ਕੱਢਿਆ। ਕੀ ਕਦੇ ਹਿੰਦੂ ਕੁੜੀਆਂ ਨਾਲ ਵੀ ਏਦਾਂ ਕੀਤਾ ਗਿਆ?
- ਪੁਲਿਸ ਵਾਲਿਆਂ ਨੇ ਇਕ ਸਿੱਖ ਗ੍ਰੰਥੀ ਨੂੰ ਫੜ ਲਿਆ। ਇਕ ਪੁਲਸੀਆ ਉਸ ਦੀ ਹਿੱਕ ਤੇ ਬਹਿ ਗਿਆ। ਉਸ ਨੇ ਬੀੜੀ ਪੀਤੀ, ਗ੍ਰੰਥੀ ਦੇ ਮੂੰਹ ਵਿਚ ਥੁੱਕਿਆ, ਤਮਾਖੂ ਵੀ ਪਾਇਆ। ਗ੍ਰੰਥੀ ਦਾ ਨਾਂ ਜਸਬੀਰ ਸਿੰਘ ਸੀ। ਪਿੰਡ ਚੂਪਕੀਤੀ, ਤਹਿਸੀਲ ਮੋਗਾ ਦਾ ਰਹਿਣ ਵਾਲਾ ਸੀ।

- ਪੁਲਸੀਆਂ ਨੇ ਇਕ ਹੋਰ ਸਿੱਖ ਨੂੰ ਫੜ ਲਿਆ। ਉਹ ਕਸੂਰਵਾਰ ਨਾ ਨਿਕਲਿਆ। ਫਿਰ ਵੀ ਉਹਦਾ ਪੱਟ ਚੀਰ ਕੇ ਉਸ ਵਿਚ ਲੂਣ ਭਰ ਦਿੱਤਾ। ਉਹਦਾ ਨਾਂ ਜਾਗੀਰ ਸਿੰਘ ਹੈ। ਪਿੰਡ ਇੱਟਾਂਵਾਲੀ ਹੈ ਤੇ ਮੋਗੇ ਵਿਚ ਰਹਿੰਦਾ ਹੈ।

- ਜਦ ਅਸੀਂ ਮੰਗ ਕਰਦੇ ਹਾਂ ਕਿ ਜਿਨ੍ਹਾਂ ਲੋਕਾਂ ਨੇ ਸਾਡੀਆਂ ਧੀਆਂ ਭੈਣਾਂ ਨੂੰ ਨੰਗਿਆਂ ਕੀਤਾ, ਉਨ੍ਹਾਂ ਨੂੰ ਸਾਡੇ ਹਵਾਲੇ ਕਰ ਦਿਉ ਤਾਂ ਉਹ ਉਨ੍ਹਾਂ ਨੂੰ ਸਾਡੇ ਹਵਾਲੇ ਕਿਉਂ ਨਹੀਂ ਕਰਦੇ? ਕੀ ਸਾਡੇ ਲਈ ਵੱਖਰਾ ਕਾਨੂੰਨ ਹੈ ਤੇ ਸਰਕਾਰ ਲਈ ਵੱਖਰਾ? ਸਰਕਾਰ ਦਾ ਇਹ ਫਰਜ਼ ਹੈ ਕਿ ਉਹ ਦੋਸ਼ੀਆਂ ਨੂੰ ਫੜ ਤੇ ਅਦਾਲਤ ਵਿਚ ਪੇਸ਼ ਕਰੇ। ਇਸ ਤੋਂ ਬਾਅਦ ਜੱਜ ਨੇ ਫੈਸਲਾ ਦੇਣਾ ਹੈ ਕਿ ਉਹ ਉਨ੍ਹਾਂ ਨੂੰ ਛੱਡੇ ਜਾਂ ਨਾ ਛੱਡੇ। ਕੀ ਕਾਨੂੰਨ ਇਸ ਤਰ੍ਹਾਂ ਨਹੀਂ ਕਹਿੰਦਾ? ..... ਤਾਂ ਫਿਰ ਕਿੱਥੇ ਲਿਖਿਆ ਹੈ ਕਿ ਪੁਲਿਸ ਜੱਜ ਪਾਸੋਂ ਦੋਸ਼ੀ ਦੇ ਡਾਕਟਰੀ ਮੁਆਇਨੇ ਦੀ ਆਗਿਆ ਲਵੇ ਪਰ ਅਜਿਹਾ ਕਰਨ ਦੀ ਥਾਂ ਲੋਹੇ ਦੀਆਂ ਸੀਖਾਂ ਤੱਤੀਆਂ ਕਰ ਕੇ ਉਸ ਦੇ ਪੇਟ ਵਿਚ ਖੋਭ ਦੇਵੇ, ਉਸ ਦੇ ਮੱਥੇ ਤੇ ਲਾ ਦੇਵੇ, ਉਸ ਨੂੰ ਗੋਲੀ ਨਾਲ ਭੁੰਨ ਦੇਵੇ? ਕਿਹੜਾ ਕਾਨੂੰਨ ਹੈ, ਜੋ ਸਰਕਾਰ ਨੂੰ ਅਜਿਹਾ ਕਰਨ ਦਾ ਅਧਿਕਾਰ ਦਿੰਦਾ ਹੈ? ਕੁਲਵੰਤ ਸਿੰਘ ਨਾਗੋਕੇ ਨੂੰ ਇਸ ਤਰ੍ਹਾਂ ਤਸੀਹੇ ਦੇ ਕੇ ਮਾਰਿਆ ਗਿਆ। ਸੁਖਦੇਵ ਸਿੰਘ ਨੂੰ ਈਸਾ ਖਾਂ ਵਿਚ ਪੇਟ ਪਾੜ ਕੇ, ਮਾਸ ਤੋੜ ਕੇ, ਅੱਖਾਂ ਕੱਢ ਕੇ ਤੜਫਾਉਣ ਪਿੱਛੋਂ ਗੋਲੀ ਨਾਲ ਉੜਾਇਆ ਗਿਆ। 'ਉਹ' ਦੱਸ ਸਕਦੇ ਹਨ ਕਿ ਉਨ੍ਹਾਂ ਪਾਸੋਂ ਕੀ ਬਰਾਮਦ ਹੋਇਆ? ਉਨ੍ਹਾਂ ਵਿਰੁੱਧ ਉਨ੍ਹਾਂ ਪਾਸ ਕੀ ਸਬੂਤ ਹਨ?
- ਅੱਸੀਆਂ ਵਰ੍ਹਿਆਂ ਦੇ ਬੁੱਢੇ ਲਾਲਾ ਜਗਤ ਨਾਰਾਇਣ ਦਾ ਕਤਲ 9 ਸਤੰਬਰ 1981 ਨੂੰ ਹੋਇਆ। ਇਸ ਸਿਲਸਿਲੇ ਵਿਚ 12 ਸਤੰਬਰ ਨੂੰ ਮੇਰੇ ਵਾਰੰਟ ਜਾਰੀ ਕੀਤੇ ਗਏ। ਪੰਜਾਬ ਪੁਲਿਸ ਮੈਨੂੰ ਗ੍ਰਿਫਤਾਰ ਕਰਨ ਲਈ ਚੰਦੋਕਲਾਂ ਪਹੁੰਚੀ। ਮੈਂ ਨਾ ਮਿਲ ਸਕਿਆ ਤਾਂ ਗੁੱਸੇ ਵਿਚ ਸਾਡੇ ਜਥੇ ਦੀਆਂ ਦੋ ਬੱਸਾਂ ਸਾੜ ਦਿੱਤੀਆਂ, ਜਿਨ੍ਹਾਂ ਵਿਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਤੇ 3 ਲੱਖ ਰੁਪਏ ਦਾ ਕੀਮਤੀ ਸਾਮਾਨ ਸੀ। 16 ਸਤੰਬਰ 1981 ਨੂੰ ਚੌਕ ਮਹਿਤਾ ਵਿਚ ਮੈਨੂੰ ਦੱਸਿਆ ਗਿਆ ਕਿ ਮੇਰੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹਨ। ਕਿਹੜੇ ਕਾਨੂੰਨ ਵਿਚ ਇਹ ਗੱਲ ਲਿਖੀ ਹੋਈ ਹੈ ਕਿ ਪੁਲਿਸ ਨੂੰ ਜਿਸ



Digitized by Panjab Digital Library | www.panjabdigilib.org

ਆਦਮੀ ਉਤੇ ਸ਼ੱਕ ਹੈ, ਉਸ ਦਾ ਸਾਮਾਨ ਅਤੇ ਇਸ਼ਟ ਪਹਿਲਾਂ ਸਾੜ ਦੇਵੇ ਅਤੇ ਫਿਰ ਉਸ ਨੂੰ ਵਾਰੰਟ ਦਿਖਾਵੇ?

- ਪੁਲਿਸ ਨੇ ਲਾਲਾ ਜਗਤ ਨਾਰਾਇਣ ਦਾ ਮਿਰਤਕ ਸਰੀਰ ਉਸ ਦੇ ਲੜਕੇ ਰਮੇਸ਼ ਦੇ ਹਵਾਲੇ ਕਰ ਦਿੱਤਾ ਪਰ ਉਸ ਨੇ ਮਹਿਤਾ ਚੌਕ ਸਾਡੇ 18 ਬੰਦੇ ਮਾਰੇ, ਪਰ ਇਕ ਵੀ ਲਾਸ਼ ਸਾਡੇ ਹਵਾਲੇ ਨਹੀਂ ਕੀਤੀ ।

## ਸਿੱਖਾਂ ਨਾਲ ਧੱਕਾ ਤੇ ਵਿਤਕਰਾ

- 1978 ਵਿਚ ਜਦ ਪੰਡਤਾਂ ਦੀ ਕੁੜੀ ਬੀਬੀ ਇੰਦਰਾ ਗਾਂਧੀ ਨੂੰ ਸਜ਼ਾ ਦੇ ਕੇ ਜੇਲ੍ਹ ਵਿਚ ਭੇਜਿਆ ਗਿਆ ਸੀ ਤਾਂ ਪਾਂਡੇ ਵਰਗੇ ਉਸ ਦੇ ਹਾਮੀਆਂ ਨੇ ਹਵਾਈ ਜਹਾਜ਼ ਅਗਵਾ ਕੀਤਾ । ਉਸ ਨੂੰ ਕੀ ਸਜ਼ਾ ਦਿੱਤੀ ਗਈ? ਉਲਟਾ ਉਸ ਨੂੰ ਐਮ. ਐਲ. ਏ. ਬਣਾ ਦਿੱਤਾ ਗਿਆ ।

ਜੇਕਰ ਸਿੱਖਾਂ ਦੇ ਸਤਿਗੁਰੂ ਗ੍ਰੰਥ ਸਾਹਿਬ ਜਲਾਏ ਜਾਣ ਦੇ ਰੋਸ ਵਜੋਂ ਸਿੱਖਾਂ ਨੇ ਜਹਾਜ਼ ਅਗਵਾ ਕੀਤਾ ਤਾਂ ਉਨ੍ਹਾਂ ਨੂੰ ਦੇਸ ਨਿਕਾਲਾ ਕਿਉਂ? ਜੇ ਕੋਈ ਪੰਡਤਾਂ ਦੀ ਕੁੜੀ ਲਈ ਜਹਾਜ਼ ਅਗਵਾ ਕਰਦਾ ਹੈ ਤਾਂ ਉਸ ਨੂੰ ਅਸੰਬਲੀ ਵਿਚ ਜਗ੍ਹਾ ਮਿਲ ਜਾਂਦੀ ਹੈ ਪਰ ਜੇ ਇਹੀ ਜੁਰਮ ਗੁਰਬਖਸ਼ ਸਿੰਘ ਵਲੋਂ ਆਪਣੇ ਇਸ਼ਟ ਲਈ ਕੀਤਾ ਜਾਂਦਾ ਹੈ ਤਾਂ ਉਸ ਦੀ ਲੱਤ ਕੱਟ ਦਿੱਤੀ ਜਾਂਦੀ ਹੈ । ਜੇ ਕੋਈ ਇਹ ਕਸੂਰ ਪੰਡਤਾਂ ਦੀ ਕੁੜੀ ਖਾਤਿਰ ਕਰਦਾ ਹੈ ਤਾਂ ਉਹ ਦੇਸ਼ ਭਗਤ ਹੈ, ਪਰ ਜੇ ਕੋਈ ਸਿੱਖ ਇਹੀ ਕਸੂਰ ਸਿੱਖ ਧਰਮ ਲਈ ਕਰਦਾ ਹੈ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ । ਜਿਵੇਂ 20 ਅਗਸਤ 1982 ਨੂੰ ਰਾਜਾਸਾਂਸੀ ਹਵਾਈ ਅੱਡੇ ਤੇ ਮਨਜੀਤ ਸਿੰਘ ਉਰਫ ਮੁਸੀਬਤ ਸਿੰਘ ਨੂੰ ਮਾਰੀ ਗਈ । ਕੀ ਸਿੱਖਾਂ ਦੇ ਇਸ਼ਟ ਦੀ ਕੀਮਤ ਇਕ ਬੀਬੀ ਜਿੰਨੀ ਵੀ ਨਹੀਂ?

- ਏਸ਼ੀਅਨ ਖੇਡਾਂ ਦੌਰਾਨ ਉਨ੍ਹਾਂ ਲੀਕ ਖਿੱਚ ਦਿੱਤੀ ਤੇ ਕਿਹਾ ਕਿ, ਜਿਸ ਦੇ ਨਾਂ ਨਾਲ 'ਸਿੰਘ' ਲੱਗਾ ਹੋਇਆ ਹੈ, ਉਹ ਲੀਕ ਟੱਪ ਕੇ ਦਿੱਲੀ ਨਹੀਂ ਜਾ ਸਕਦਾ । ਕੀ ਉਨ੍ਹਾਂ ਕਿਸੇ ਹੋਰ ਨੂੰ ਵੀ ਰੋਕਿਆ?

ਏਸ਼ੀਅਨ ਖੇਡਾਂ ਵੇਲੇ ਹਿੰਦੂਆਂ ਨੂੰ ਅਮਰੀਕਾ ਤੋਂ ਆਉਣ ਦੀ ਖੁੱਲ੍ਹ ਸੀ ਪਰ ਸਿੱਖਾਂ ਤੇ ਪਾਬੰਦੀ । ਕੀ ਇਹ ਸਿੱਖਾਂ ਨਾਲ ਧੱਕਾ ਨਹੀਂ?

ਏਸ਼ੀਅਨ ਖੇਡਾਂ ਦੌਰਾਨ ਮੰਦਰਾਂ ਤੇ ਮਸੀਤਾਂ ਦੀਆਂ ਤਸਵੀਰਾਂ ਟੈਲੀਵਿਯਨ ਤੇ ਦਿਖਾਈਆਂ ਗਈਆਂ ਪਰ ਇਕ ਵੀ ਗੁਰਦੁਆਰਾ ਨਹੀਂ ਦਿਖਾਇਆ । ਕੀ ਇਹ ਵਿਤਕਰਾ ਨਹੀਂ?

- ਪੰਜਾਬੀ ਸੂਬੇ ਦੀ ਪਰਾਪਤੀ ਲਈ ਤੇ ਪੰਜਾਬੀ ਬੋਲੀ ਲਈ ਸਿੱਖਾਂ ਨੇ 57000 ਬੰਦੇ ਜੇਲ੍ਹ ਭੇਜੇ ਤੇ ਕਾਕਾ ਇੰਦਰਜੀਤ ਸਿੰਘ ਵਰਗੇ ਸ਼ਹੀਦ ਹੋਏ, ਜਿਸ ਨੂੰ ਜਾਟਾਂ ਨੇ ਖੂਹ ਵਿਚ ਸੁੱਟਿਆ । ਕੀ ਪਿਛਲੇ 36 ਸਾਲਾਂ ਵਿਚ ਕੋਈ ਹਿੰਦੂ ਵੀ ਅਜਿਹੇ ਯਤਨ ਕਰਦਿਆਂ ਜੇਲ੍ਹ ਗਿਆ?

'ਉਨ੍ਹਾਂ ਨੂੰ ਹਰਿਆਣਾ ਤੇ ਹਿਮਾਚਲ ਮੁਫਤ ਮਿਲ ਗਏ ਜਦ ਕਿ ਸਾਨੂੰ 57,000 ਗ੍ਰਿਫਤਾਰੀਆਂ ਦੀ ਕੀਮਤ ਤਾਰਨੀ ਪਈ । ਜੇ ਅਸੀਂ ਹੁਣ ਇਕ ਟਰੇਨ ਦਾ ਨਾਂ ਦਰਬਾਰ ਸਾਹਿਬ ਦੇ ਨਾਂ ਤੇ ਰਖਵਾਉਣਾ ਚਾਹੁੰਦੇ ਹਾਂ ਜਾਂ ਦਰਬਾਰ ਸਾਹਿਬ ਦਾ ਕੀਰਤਨ ਸੁਣਨ ਲਈ ਟਰਾਂਸਮੀਟਰ ਲਗਾਉਣਾ ਚਾਹੁੰਦੇ ਹਾਂ ਤਾਂ ਇਹ ਲੋਕ ਕਹਿੰਦੇ



Digitized by Panjab Digital Library | www.panjabdigilib.org

ਹਨ ਕਿ, ਸਿੱਖ ਅੱਤਵਾਦੀ ਹਨ।

- ਆਪਣੀਆਂ ਮੰਗਾਂ ਮੰਨਵਾਉਣ ਲਈ ਤੇ ਸਿੱਖਾਂ ਨੂੰ ਵੱਖਰੀ 'ਕੌਮ' ਦਾ ਅਧਿਕਾਰ ਦਿਵਾਉਣ ਲਈ ਇਕ ਲੱਖ ਸਿੱਖਾਂ ਨੂੰ ਜੇਲ੍ਹ ਜਾਣਾ ਪਿਆ, 200 ਤੋਂ ਉਪਰ ਸਿੰਘ ਸ਼ਹੀਦ ਹੋਏ, ਇਸ ਦੇਸ਼ ਵਿਚ ਸਾਨੂੰ ਫਿਰਕਾਪ੍ਰਸਤ ਕਿਹਾ ਜਾਂਦਾ ਹੈ। 'ਉਨ੍ਹਾਂ' ਨੂੰ ਪੁੱਛੋ ਕਿ, ਕੀ ਉਨ੍ਹਾਂ ਵਿਚੋਂ ਵੀ ਕੋਈ ਕਿਸੇ ਟਰੇਨ ਦਾ ਨਾਂ ਮੰਦਰ ਦੇ ਨਾਂ ਤੇ ਰਖਵਾਉਣ ਲਈ ਜੇਲ੍ਹ ਗਿਆ? ਉਨ੍ਹਾਂ ਨੂੰ ਫਿਰਕਾਪ੍ਰਸਤ ਕਿਉਂ ਨਹੀਂ ਕਿਹਾ ਜਾਂਦਾ?
- ਮੈਂ ਹੈਰਾਨ ਹਾਂ ਕਿ ਪੰਜਾਬ ਵਿਚ ਕੇਵਲ ਸਿੱਖਾਂ ਦੇ ਹੀ ਮਕਾਨ ਕਿਉਂ ਸੜਦੇ ਹਨ! ਕਦੀ ਕਿਸੇ ਹਿੰਦੂ ਦਾ ਮਕਾਨ, ਦੁਕਾਨ ਜਾਂ ਫੈਕਟਰੀ ਕਿਉਂ ਨਹੀਂ ਸੜੇ?

ਹਿੰਦੂ ਸੁਰੱਖਿਆ ਸੰਮਤੀ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਪਵਨ ਕੁਮਾਰ ਦੀ ਮਿਸਾਲ ਸਾਹਮਣੇ ਹੈ। ਉਸ ਦੇ ਘਰ 'ਚੋਂ 130 ਗਰਨੇਡ ਬਰਾਮਦ ਹੋਏ ਲੇਕਿਨ ਉਸ ਨੂੰ ਇਕ ਘੰਟਾ ਵੀ ਜੇਲ੍ਹ ਦੀ ਹਵਾ ਨਹੀਂ ਖਾਣੀ ਪਈ। ਉਸ ਨੂੰ 'ਸਜ਼ਾ' ਜ਼ਰੂਰ ਮਿਲੀ। ਪਹਿਲਾਂ ਉਹ ਜ਼ਿਲ੍ਹਾ ਪਰਧਾਨ ਸੀ, ਹੁਣ ਉਸ ਨੂੰ ਪ੍ਰਦੇਸ਼ ਦਾ ਪਰਧਾਨ ਬਣਾ ਦਿੱਤਾ ਗਿਆ ਹੈ।

ਇਸ ਦੇ ਮੁਕਾਬਲੇ ਵਿਚ ਕਿਸੇ ਸਿੱਖ ਪਾਸੋਂ ਬੇਸ਼ਕ ਇਕ ਖਾਲੀ ਕਾਰਤੂਸ ਵੀ ਨਾ ਨਿਕਲੇ, ਜੇ ਉਹ ਕੇਵਲ ਮਸ਼ਕੂਕ ਹੀ ਹੋਵੇ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ ਮਿਸਾਲ ਵਜੋਂ ਬਲਵੰਤ ਸਿੰਘ ਰਿਕਸ਼ਾ ਵਿਚ ਬੈਠਾ ਸੀ, ਉਸ ਨੂੰ ਡੀ. ਐਸ. ਪੀ. ਲਾਜਵੰਤ ਸਿੰਘ ਨੇ ਗੋਲੀ ਨਾਲ ਉਡਾ ਦਿੱਤਾ। ਗੁਰਮੀਤ ਸਿੰਘ ਦੇ ਨਹੁੰ ਨੋਚੇ ਗਏ, ਜ਼ਖਮਾਂ ਵਿਚ ਲੂਣ ਭਰਿਆ ਗਿਆ, ਹੱਥਾਂ ਨੂੰ ਮੋਮ - ਬੱਤੀ ਰੱਖ ਕੇ ਸਾੜਿਆ ਗਿਆ ਤੇ ਮਾਰ ਦਿੱਤਾ ਗਿਆ। ਆਖਿਆ ਗਿਆ ਕਿ ਉਹ 'ਪੁਲਿਸ ਮੁਕਾਬਲੇ' ਵਿਚ ਮਰਿਆ ਹੈ।

'ਉਹ' ਕਹਿੰਦੇ ਹਨ ਕਿ ਸਿੱਖ ਪੁਲਿਸ ਨਾਲ ਮੁਕਾਬਲੇ ਕਰ ਕੇ ਪੁਲਸੀਆਂ ਨੂੰ ਮਾਰਦੇ ਹਨ। ਦਹੇੜੂ ਕਾਂਡ ਨੂੰ ਛੱਡ ਕੇ ਕੀ ਕਦੇ ਕੋਈ ਪੁਲਸੀਆ ਜ਼ਖਮੀਂ ਹੋਇਆ? ਉਹ ਕਾਰਤੂਸ ਕਿੱਥੇ ਹਨ, ਜੋ ਸਿੱਖਾਂ ਨੇ ਪੁਲਿਸ 'ਤੇ ਚਲਾਏ?

- ਪਟਿਆਲੇ ਵਿਚ 8 ਦੁਕਾਨਾਂ ਸੜੀਆਂ - 5 ਸਿੱਖਾਂ ਦੀਆਂ ਤੇ 3 ਹਿੰਦੂਆਂ ਦੀਆਂ। 'ਉਹ' ਕਹਿੰਦੇ ਹਨ ਕਿ ਦੁਕਾਨਾਂ ਸਿੱਖਾਂ ਨੇ ਸਾੜੀਆਂ। ਇਸ ਦਾ ਕੋਈ ਸਬੂਤ ਹੈ?

ਮੇਰੇ ਉਤੇ ਇਲਜ਼ਾਮ ਲਾਉਂਦਿਆਂ ਕਿਹਾ ਗਿਆ ਕਿ ਸਾੜ ਫੂਕ ਭਿੰਡਰਾਂਵਾਲੇ ਨੇ ਕਰਵਾਈ। ਲੇਕਿਨ ਜਦ ਮੁਲਜ਼ਿਮ ਫੜੇ ਗਏ ਤਾਂ ਉਹ ਕਾਂਗਰਸ (ਆਈ) ਦੇ ਨਿਕਲੇ।

- ਬੰਬ ਧਮਾਕੇ ਹੋਏ। ਇਲਜ਼ਾਮ ਲਾਇਆ ਗਿਆ ਕਿ ਭਿੰਡਰਾਂਵਾਲੇ ਨੇ ਕਰਵਾਏ ਪਰ ਜਦ ਕੁੱਤੇ ਛੱਡੇ ਗਏ ਤਾਂ ਕੁੱਤੇ ਪੁਲਿਸ ਥਾਣਿਆਂ ਵਿਚ ਜਾ ਵੜੇ। ਬਾਹਰ ਲਿਆ ਕੇ ਕੁੱਤੇ ਮੁੜ ਛੱਡੇ। ਕੁੱਤਿਆਂ ਨੇ ਥਾਣੇ ਵਿਚ ਵੜ ਕੇ ਥਾਣੇਦਾਰ ਦੀ ਲੱਤ ਫੜ ਲਈ ਤੇ 'ਉਹ' ਇਹ ਕਹਿੰਦੇ ਹੋਏ ਕੁੱਤਿਆਂ ਨੂੰ ਜੀਪ ਵਿਚ ਬਿਠਾ ਕੇ ਲੈ ਗਏ ਕਿ ਕੁੱਤੇ ਵਧੀਆ ਨਸਲ ਦੇ ਨਹੀਂ ਸਨ।
- ਇਕ ਨਿਰੰਕਾਰੀ ਦੇ ਘਰ ਦੀ ਤੋੜ ਫੋੜ ਹੋਈ। ਕੁੱਤੇ ਫਿਰ ਛੱਡੇ ਗਏ। ਕੁੱਤਿਆਂ ਨੇ ਕਿਸੇ ਹੋਰ ਘਰ ਜਾਣ ਦੀ ਥਾਂ ਉਸੇ ਘਰ ਅੰਦਰ ਜਾ ਕੇ ਘਰ ਦੇ ਮਾਲਕ ਦੀ ਲੱਤ ਫੜ ਲਈ। ਜੇ ਕੁੱਤੇ ਪੁਲਸੀਆਂ ਜਾਂ ਨਿਰੰਕਾਰੀਆਂ ਦੀਆਂ ਲੱਤਾਂ ਫੜਨ ਤਾਂ ਨਕਲੀ ਪਰ ਜੇ



Digitized by Panjab Digital Library | www.panjabdigilib.org

ਕਿਸੇ ਸਿੰਘ ਨੂੰ ਫੜਨ ਤਾਂ ਅਸਲੀ! ਕਿਹੜੀ ਗੌਰਮਿੰਟ ਨੂੰ ਕੁੱਤਿਆਂ 'ਤੇ ਵਿਸ਼ਵਾਸ਼ ਹੈ, ਕੰਮ ਕੁੱਤਿਆਂ ਵਾਲਾ ਹੀ ਕਰਨਾ!

- ਸਾਡੇ ਜਥੇ ਦੇ 300 ਦੇ ਲੱਗਭੱਗ ਸਿੰਘ ਨਜ਼ਰਬੰਦ ਹਨ, ਜਿਨ੍ਹਾਂ ਵਿਚੋਂ ਹਰੇਕ 'ਤੇ ਦਸ ਬਾਰਾਂ ਝੂਠੇ ਮੁਕੱਦਮੇ ਬਣਾਏ ਗਏ ਹਨ। ਇਸ ਗਿਣਤੀ ਵਿਚ 'ਰਸਤਾ ਰੋਕੋ' ਅੰਦੋਲਨ ਦੌਰਾਨ ਗ੍ਰਿਫਤਾਰ ਹੋਏ ਸਿੰਘ ਸ਼ਾਮਿਲ ਨਹੀਂ। ਫਾਜ਼ਿਲਕਾ ਜ਼ਿਲ੍ਹਾ ਫਿਰੋਜ਼ਪੁਰ ਦੇ ਥਾਣਾ ਸਦਰ ਦੇ ਥਾਣੇਦਾਰ ਬਿੱਛੂ ਰਾਮ ਨੇ ਇਕ ਅੰਮ੍ਰਿਤਧਾਰੀ ਸਿੰਘ ਫੜ ਲਿਆ। ਉਸ ਨੇ ਉਹਦੀ ਦਾੜ੍ਹੀ ਮੁਨਾ ਦਿੱਤੀ ਤੇ ਕਿਹਾ, "ਜਾਹ, ਜਾ ਕੇ ਭਿੰਡਰਾਂਵਾਲੇ ਨੂੰ ਦੱਸ ਦੇਹ!"
- ਸਿੱਖ ਨੌਜਵਾਨਾਂ ਨੂੰ ਨੌਕਰੀਆਂ ਤੋਂ ਬਰਖਾਸਤ ਕੀਤਾ ਜਾਂਦਾ ਹੈ। ਸਿੱਖਾਂ ਨੂੰ 'ਮੀਸਾ' ਥੱਲੇ ਗ੍ਰਿਫਤਾਰ ਕੀਤਾ ਜਾਂਦਾ ਹੈ। ਕੀ ਕਦੇ ਕਿਸੇ ਹਿੰਦੂ ਨਾਲ ਵੀ ਇਹ ਸਲੂਕ ਕੀਤਾ ਗਿਆ? ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?
- ਕੋਈ ਵੀ ਸਿੱਖ ਮੁੰਡਾ ਉਸ ਵਕਤ ਤੱਕ ਆਪਣੇ ਪਿਓ ਦੀ ਜਾਇਦਾਦ ਦਾ ਵਾਰਸ ਨਹੀਂ ਬਣ ਸਕਦਾ, ਜਦ ਤੱਕ ਉਹ 18 ਸਾਲ ਦਾ ਨਾ ਹੋ ਜਾਏ ਲੇਕਿਨ ਸ਼ਾਲੀ ਰਾਮ ਤੇ ਤੁੱਲੀ ਰਾਮ ਜੰਮਦੇ ਸਾਰ ਵਾਰਿਸ ਬਣ ਜਾਂਦੇ ਹਨ।
- ਜੇ ਕਿਸੇ ਸਿੱਖ ਨੇ ਵਿਦੇਸ਼ ਜਾਣਾ ਹੋਵੇ ਤਾਂ ਉਸ ਨੂੰ ਲਿਖ ਕੇ ਦੇਣਾ ਪੈਂਦਾ ਹੈ ਕਿ ਉਸ ਦੇ ਫੇਰੇ ਹਿੰਦੂ ਰੀਤੀ ਮੁਤਾਬਿਕ ਬੇਦੀ ਉਦਾਲੇ ਹੋਏ ਹਨ, ਗੁਰੂ ਗ੍ਰੰਥ ਸਾਹਿਬ ਉਦਾਲੇ ਨਹੀਂ, ਵਰਨਾ ਉਹ ਵਿਦੇਸ਼ ਨਹੀਂ ਜਾ ਸਕਦਾ। ਕੀ ਇਹ ਸਿੱਖਾਂ ਨਾਲ ਵਿਤਕਰਾ ਨਹੀਂ?
- ਅਜਿਹਾ ਕਿਉਂ ਹੈ ਕਿ ਹਮੇਸ਼ਾਂ ਸਿੱਖਾਂ ਨੂੰ ਹੀ ਪਾਣੀ ਦੇ ਇਕ ਕਤਰੇ ਲਈ ਖ਼ੂਨ ਦਾ ਗਲਾਸ ਭਰ ਕੇ ਦੇਣਾ ਪੈਂਦਾ ਹੈ? ਇਹ ਕਿਉਂ ਹੈ ਕਿ ਸਾਨੂੰ ਬਗੈਰ ਕੁਰਬਾਨੀ ਤੋਂ ਕਦੀ ਕੁਝ ਪਰਾਪਤ ਨਹੀਂ ਹੋਇਆ? ਸਿੱਖ ਆਜ਼ਾਦ ਭਾਰਤ ਵਿਚ ਗੁਲਾਮਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਅੱਜ ਹਰ ਸਿੱਖ ਆਪਣੇ ਆਪ ਨੂੰ ਦੂਜੇ ਦਰਜੇ ਦਾ ਸ਼ਹਿਰੀ ਸਮਝ ਰਿਹਾ ਹੈ। ਅੰਮ੍ਰਿਤਧਾਰੀ ਪੂਰਨ ਗੁਰਸਿੱਖ ਨੂੰ ਭਾਰੀ ਨਫ਼ਰਤ ਨਾਲ ਦੇਖਿਆ ਜਾਂਦਾ ਹੈ। ਉਸ ਦੇ ਸੁੰਦਰ ਸਰੂਪ, ਬਾਣੇ ਤੇ ਰਹਿਤ ਮਰਯਾਦਾ ਦੀ ਖਿੱਲੀ ਉਡਾਈ ਜਾਂਦੀ ਹੈ। ਸਿੱਖ ਇਹ ਸਭ ਕੁਝ ਕਿਵੇਂ ਬ੍ਰਦਾਸ਼ਤ ਕਰ ਸਕਦੇ ਹਨ?

## ਮੇਰਾ 'ਸਵਾਲਨਾਮਾ'

ਮੈਂ ਬੀਬੀ ਇੰਦਰਾ ਤੋਂ 32 ਸਵਾਲ ਪੁੱਛੇ ਹਨ। ਉਸ ਨੂੰ ਚਾਹੀਦਾ ਹੈ ਕਿ ਮੇਰੇ ਸਵਾਲਾਂ ਦਾ ਜਵਾਬ ਦੇਵੇ। ਜੇ ਉਹ ਭਿੰਡਰਾਂਵਾਲੇ ਵਲੋਂ ਪੁੱਛੇ ਗਏ ਸਵਾਲਾਂ 'ਚੋਂ ਇਕ ਨੂੰ ਵੀ ਗਲਤ ਸਾਬਤ ਕਰ ਦੇਵੇ ਤਾਂ ਮੈਂ ਆਪਣਾ ਸਿਰ ਵੱਢ ਕੇ ਸਿੱਖ ਪੰਥ ਦੇ ਚਰਨਾਂ ਵਿਚ ਧਰ ਦਿਆਂਗਾ।

## ਹਿੰਦੂਆਂ ਨੂੰ ਵਾਰਨਿੰਗ!

ਅਸੀਂ ਹਿੰਦੂਆਂ ਨਾਲ ਲੜਨਾ ਨਹੀਂ ਚਾਹੁੰਦੇ। ਪਰ ਜੇ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਦੀ ਜ਼ਿੰਦਗੀ ਖਤਰੇ ਵਿਚ ਪਈ ਤਾਂ ਪੰਜਾਬ ਵਿਚ ਰਹਿੰਦੇ ਹਿੰਦੂ ਵੀ ਇਸ ਦੇ ਨਤੀਜੇ ਤੋਂ ਬਚ ਨਹੀਂ ਸਕਣਗੇ। ਜੇ ਪੰਜਾਬੋਂ ਬਾਹਰ ਕਿਸੇ ਸਿੱਖ ਨੂੰ ਹੱਥ ਲਾਇਆ ਗਿਆ ਤਾਂ ਏਥੇ ਪੰਜਾਬ ਵਿਚ ਹਿੰਦੂਆਂ ਨੂੰ ਵੀ ਹੱਥ ਪਾਇਆ ਜਾਏਗਾ। ਸਿੱਖ ਹਮੇਸ਼ਾਂ ਖਤਰਿਆਂ ਨੂੰ ਜੀ



Digitized by Panjab Digital Library / www.panjabdigilib.org

ਆਇਆਂ ਕਹਿੰਦੇ ਹਨ। ਉਨ੍ਹਾਂ ਦਾ ਜਨਮ ਖੰਡੇ ਦੀ ਧਾਰ 'ਚੋਂ ਹੋਇਆ ਹੈ। ਉਹ ਮਰਨ ਤੋਂ ਨਹੀਂ ਡਰਦੇ। ਉਹ ਨਾ ਕਿਸੇ ਨੂੰ ਡਰਾਉਂਦੇ ਹਨ ਤੇ ਨਾ ਆਪ ਕਿਸੇ ਪਾਸੋਂ ਡਰਦੇ ਹਨ।

## ਹਿੰਦੂ ਅਕ੍ਰਿਤਘਣ ਹਨ

ਹਿੰਦੂ ਜਾਤੀ ਏਨੀ ਅਕ੍ਰਿਤਘਣ ਹੈ ਕਿ, ਰਾਜ ਸੱਤਾ ਦੇ ਨਸ਼ੇ ਵਿਚ ਗੁਰੂ ਸਾਹਿਬਾਨ ਵਲੋਂ ਕੀਤੀਆਂ ਹਿੰਦੂਆਂ ਲਈ ਕੁਰਬਾਨੀਆਂ ਨੂੰ ਵੀ ਭੁੱਲ ਗਈ ਹੈ। ਕੱਲ੍ਹ ਦੀ ਗੱਲ ਹੈ ਕਿ ਇੰਦਰਾ ਗਾਂਧੀ ਨੇ ਜਦੋਂ ਐਮਰਜੈਂਸੀ ਲਾਈ ਤਾਂ ਰਾਤੋ ਰਾਤ ਆਪੋਜ਼ੀਸ਼ਨ ਪਾਰਟੀਆਂ ਦੇ ਨੇਤਾਵਾਂ ਨੂੰ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ। ਉਨ੍ਹਾਂ ਗ੍ਰਿਫਤਾਰੀਆਂ ਵਿਰੁੱਧ ਕਿਸੇ ਦਾ ਕੰਨ ਨਹੀਂ ਫਰਕਿਆ। ਐਮਰਜੈਂਸੀ ਵਿਚ ਕਿਸੇ ਸਿੱਖ ਲੀਡਰ ਨੂੰ ਗ੍ਰਿਫਤਾਰ ਨਹੀਂ ਸੀ ਕੀਤਾ ਗਿਆ; ਸਾਰੇ ਹਿੰਦੂ ਲੀਡਰ ਹੀ ਜੇਲ੍ਹਾ ਵਿਚ ਡੱਕੇ ਗਏ ਸਨ।

ਪਰ ਐਮਰਜੈਂਸੀ ਵਿਰੁੱਧ ਮੋਰਚਾ ਲਾਇਆ ਸਿੱਖਾਂ ਨੇ। ਐਮਰਜੈਂਸੀ ਵਿਚ ਸਿੱਖਾਂ ਦੀ ਕਿਹੜੀ ਨਿੱਜੀ ਮੰਗ ਸੀ? ਸ਼ਹਿਰੀ ਹੱਕਾਂ ਦੀ ਬਹਾਲੀ ਉਸ ਸਮੇਂ ਸਮੁੱਚੇ ਦੇਸ਼ ਦੀ ਮੰਗ ਸੀ, ਪਰ ਮੋਰਚਾ ਲਾਇਆ ਸਿੱਖਾਂ ਨੇ; ਹੋਰ ਕਿਸੇ ਪਾਰਟੀ ਨੇ ਨਹੀਂ ਲਾਇਆ। ਸਿੱਖਾਂ ਨੇ ਨਾ ਕੇਵਲ ਸ਼ਹਿਰੀ ਆਜ਼ਾਦੀਆਂ ਹੀ ਬਹਾਲ ਕਰਾਈਆਂ, ਸਗੋਂ ਹਿੰਦੂ ਲੀਡਰਾਂ ਨੂੰ ਦੇਸ਼ ਦਾ ਰਾਜ ਭਾਗ ਵੀ ਲੈ ਕੇ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੇ ਆਪਸੀ ਫੁੱਟ ਕਾਰਨ ਰਾਜ ਭਾਗ ਗੁਆ ਲਿਆ।

## ਹਿੰਦੂ ਦੌੜ ਰਹੇ ਹਨ!

ਇਕ ਪੱਤਰਕਾਰ ਬੀਬੀ ਮੇਰੇ ਪਾਸ ਆਈ। ਕਹਿਣ ਲੱਗੀ ਕਿ ਲੋਕ ਪੰਜਾਬ ਛੱਡ ਕੇ ਦੌੜ ਰਹੇ ਹਨ। ਮੈਂ ਪੁੱਛਿਆ, "ਕੌਣ ਦੌੜ ਰਿਹਾ ਹੈ?" ਉਹ ਅੱਗਿਓਂ ਬੋਲੀ, "ਹਿੰਦੂ।"

"ਹਿੰਦੂ ਕਿਉਂ ਦੌੜ ਰਹੇ ਹਨ? ਕੀ ਅਸੀਂ ਕਿਸੇ ਹਿੰਦੂ ਨੂੰ ਕਤਲ ਕੀਤਾ ਹੈ?"

"ਤਾਂ ਫਿਰ ਉਹ ਸਹਿਮੇ ਹੋਏ ਕਿਉਂ ਹਨ?" ਬੀਬੀ ਪੁੱਛਣ ਲੱਗੀ।

ਮੈਂ ਜਵਾਬ ਦਿੱਤਾ, "ਉਹਨਾ ਤੋਂ ਪੁੱਛੋ ਜੋ ਡਰਦੇ ਹਨ। ਮੈਂ ਕੀ ਦੱਸਾਂ?"

ਬੀਬੀ ਫੇਰ ਬੋਲੀ, "ਮੈਂ ਸੁਣਿਆ ਹੈ ਕਿ ਕਈ ਜਗ੍ਹਾ ਸਿੱਖ ਹਿੰਦੂਆਂ ਨੂੰ ਧਮਕੀਆਂ ਦਿੰਦੇ ਹਨ।"

ਮੈਂ ਆਖਿਆ, "ਸੁਣ ਬੀਬੀ, ਇਹ ਗੱਲ ਤੂੰ ਦਿੱਲੀ ਵਿਚ ਸੁਣੀ ਹੋਣੀ ਏਂ, ਇਸ ਵੇਲੇ ਤੂੰ ਏਥੇ ਬੈਠੀ ਏਂ। ਦੱਸ, ਮੈਂ ਤੈਨੂੰ ਕੋਈ ਡਰਾਵਾ ਦਿੱਤਾ?"

"ਤਾਂ ਫਿਰ ਪੰਜਾਬ ਛੱਡ ਕੇ ਨੱਸਣ ਵਾਲਿਆਂ ਦੀ ਚਰਚਾ ਕਿਉਂ?" ਬੀਬੀ ਨੇ ਮੁੜ ਉਹੀ ਸਵਾਲ ਦੁਹਰਾਇਆ।

ਮੈਂ ਉਸ ਦੀ ਤਸੱਲੀ ਕਰਾਉਣ ਲਈ ਆਖਿਆ, "ਬੀਬੀ, ਤੂੰ ਜ਼ਰਾ ਅਕਲ ਤੋਂ ਕੰਮ ਲੈ। ਆਖਿਰ ਤੂੰ ਸਮਝਦਾਰ ਹੋਵੇਂਗੀ ਤਾਹੀਉਂ ਅਖਬਾਰ ਵਿਚ ਕੰਮ ਕਰਦੀ ਏਂ। ਸੁਣ, ਜੇ ਤੂੰ ਏਥੋਂ ਉਠ ਕੇ ਨੱਸ ਤੁਰੇਂ ਤਾਂ ਲੋਕੀਂ ਤੈਨੂੰ ਪੁੱਛਣਾ ਸ਼ੁਰੂ ਕਰ ਦੇਣਗੇ ਕਿ ਨੱਸੀ ਕਿਉਂ ਜਾ ਰਹੀ ਏਂ? ਬੇਸ਼ਕ ਮੈਂ ਤੈਨੂੰ ਕੋਈ ਮੰਦਾ ਵਚਨ ਨਹੀਂ ਬੋਲਿਆ, ਕੋਈ ਡਰਾਵਾ ਨਹੀਂ ਦਿੱਤਾ, ਫਿਰ ਵੀ ਲੋਕ ਸ਼ੱਕ ਕਰਨੀ ਸ਼ੁਰੂ ਕਰ ਦੇਣਗੇ ਤੇ ਇਸ ਤਰ੍ਹਾਂ ਸਾਨੂੰ ਬਦਨਾਮ ਕਰਨਾ ਸ਼ੁਰੂ ਕਰ



Digitized by Panjab Digital Library | www.panjabdigilib.org

ਦੇਣਗੇ।"

## ਹਿੰਦੂਓ! ਜਵਾਬ ਦੇਵੋ!

ਅਸੀਂ 'ਹਿੰਦੂ ਸਿੱਖ ਏਕਤਾ' ਦਾ ਨਾਅਰਾ ਲਾਉਂਦੇ ਹਾਂ। ਕੀ ਕਦੇ ਕਿਸੇ ਹਿੰਦੂ ਨੇ 'ਸਿੱਖ ਹਿੰਦੂ ਏਕਤਾ' ਦਾ ਨਾਅਰਾ ਲਾਇਆ ਹੈ?

ਇਥੇ ਅੰਮ੍ਰਿਤਸਰ ਵਿਚ ਇਕ ਹਿੰਦੂ ਸੰਮੇਲਨ ਹੋਇਆ, ਜਿਸ ਵਿਚ ਇਹ ਨਾਅਰੇ ਲਾਏ ਗਏ:

- ਹਿੰਦੂ ਹਿੰਦੂ, ਭਾਈ ਭਾਈ!
- ਕੱਛਾ, ਕੜਾ, ਕਿਰਪਾਨ, ਇਹਨੂੰ ਭੇਜੋ ਪਾਕਿਸਤਾਨ।
- ਢੱਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ।

ਮੈਂ ਪੁੱਛਦਾ ਹਾਂ ਕਿ ਆਜ਼ਾਦੀ ਪਿੱਛੋਂ ਕੋਈ ਵੀ ਹਿੰਦੂ ਧਰਮ ਦੀ ਰੱਖਿਆ ਲਈ ਹਿੰਦੂ ਰਾਜ ਕਾਇਮ ਕਰਨ ਲਈ, ਕਿਸੇ ਟਰੇਨ ਦਾ ਹਿੰਦੂ ਤੀਰਥ ਅਸਥਾਨ ਦੇ ਨਾਂ ਤੇ ਰਖਵਾਉਣ ਲਈ, ਹਿੰਦੂਆਂ ਨੂੰ ਵੱਖਰੀ ਕੌਮ ਮੰਨਵਾਉਣ ਲਈ ਜਾਂ ਹਿੰਦੂਆਂ ਨੂੰ ਜਨੇਊ ਪੁਆਉਣ ਦੀ ਕੋਸ਼ਿਸ਼ ਕਰਨ ਲਈ, ਜੇਲ੍ਹ ਜਾਣਾ ਪਿਆ?

## ਹਿੰਦੂਓ! ਸੋਚੋ!

ਸ਼੍ਰੋਮਣੀ ਅਕਾਲੀ ਦਲ ਦੀਆਂ ਇਕ ਦੋ ਧਾਰਮਿਕ ਮੰਗਾਂ ਨੂੰ ਛੱਡ ਕੇ ਬਾਕੀ ਸਾਰੀਆਂ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਹਨ ਤੇ ਪੰਜਾਬ ਦੇ ਭਲੇ ਲਈ ਹਨ। ਜੇਕਰ ਪੰਜਾਬ ਖੁਸ਼ਹਾਲ ਹੋਵੇਗਾ ਤਾਂ ਪੰਜਾਬ ਦਾ ਹਿੰਦੂ ਵੀ ਖੁਸ਼ਹਾਲੀ ਵਿਚ ਭਾਈਵਾਲ ਹੋਵੇਗਾ। ਪੰਜਾਬ ਦੇ ਹਿੰਦੂ ਨੂੰ ਸੋਚਣਾ ਚਾਹੀਦਾ ਹੈ ਕਿ ਉਸ ਦਾ ਵਪਾਰ ਪਿੰਡ ਦੇ ਜੱਟਾਂ ਤੇ ਨਿਰਭਰ ਹੈ। ਜੇਕਰ ਉਹ ਫਸਲ ਨਹੀਂ ਬੀਜੇਗਾ ਤਾਂ ਮੰਡੀ ਵਿਚ ਕੀ ਲਿਆਵੇਗਾ? ਮੰਡੀਆਂ ਤੇ ਹੋਰ ਸਾਰਾ ਵਪਾਰ ਹਿੰਦੂ ਭਰਾਵਾਂ ਦੇ ਹੱਥ ਹੈ। ਜੇਕਰ ਪੰਜਾਬ ਦਾ ਕਿਸਾਨ ਹੀ ਘਸਿਆਰਾ ਬਣ ਗਿਆ ਤਾਂ ਮੰਡੀਆਂ ਵਿਚ ਉਹ ਕੀ ਲੈ ਕੇ ਆਵੇਗਾ? ਇਸ ਤਰ੍ਹਾਂ ਹਿੰਦੂ ਵੀਰਾਂ ਦਾ ਵਪਾਰ ਵੀ ਤਾਂ ਠੱਪ ਹੋ ਜਾਵੇਗਾ। ਸੋ ਪੰਜਾਬ ਦੀ ਖੁਸ਼ਹਾਲੀ ਜ਼ਿਮੀਂਦਾਰ ਦੀ ਖੁਸ਼ਹਾਲੀ ਤੇ ਨਿਰਭਰ ਹੈ।

## ਮੁਖਾਲਫਿਤ:
## ਸਰਕਾਰ ਦੀ ਨਹੀਂ;
## ਭ੍ਰਿਸ਼ਟਾਚਾਰ ਦੀ!

ਮੈਂ ਸਰਕਾਰ ਦੇ ਖਿਲਾਫ ਨਹੀਂ, ਭ੍ਰਿਸ਼ਟਾਚਾਰ ਤੇ ਜਬਰ ਦੇ ਖਿਲਾਫ ਹਾਂ। ਜੇ ਸਰਕਾਰ ਜਬਰ ਕਰਦੀ ਹੈ ਤਾਂ ਮੈਂ ਉਸ ਦੇ ਖਿਲਾਫ ਹਾਂ। ਜੇ ਕੋਈ ਹੋਰ ਜਬਰ ਕਰਦਾ ਹੈ ਤਾਂ ਮੈਂ ਉਸ ਦੇ ਖਿਲਾਫ ਹਾਂ। ਤੇ ਜੇ ਮੈਂ ਕਰਦਾ ਹਾਂ ਤਾਂ ਮੈਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ।

## ਸੇਠੀ ਦੀ ਗ਼ਲਤ - ਬਿਆਨੀ

ਕੇਂਦਰੀ ਗ੍ਰਹਿ ਮੰਤਰੀ ਪੀ. ਸੀ. ਸੇਠੀ ਜਾਣ ਬੁੱਝ ਕੇ ਗਲਤ ਦੋਸ਼ ਲਾ ਰਿਹਾ ਹੈ ਕਿ



Digitized by Panjab Digital Library | www.panjabdigilib.org

ਗੁਰਦੁਆਰਿਆਂ ਵਿਚ ਅੱਤਵਾਦੀਆਂ ਨੇ ਪਨਾਹ ਲਈ ਹੋਈ ਹੈ। ਇਹ ਕਹਿ ਕੇ ਉਹ ਗੁਰਦੁਆਰਿਆਂ ਨੂੰ ਬਦਨਾਮ ਕਰਨਾ ਚਾਹੁੰਦਾ ਹੈ।

## ਇੰਦਰਾ ਦਾ ਕੋਰਾ ਝੂਠ

ਇੰਦਰਾ ਝੂਠ ਬੋਲਦੀ ਹੈ ਕਿ ਸਾਨੂੰ ਬਾਹਰਲੇ ਮੁਲਕਾਂ ਤੋਂ ਮਦਦ ਮਿਲ ਰਹੀ ਹੈ। ਹੈਰਾਨੀ ਹੈ ਕਿ ਏਨੀ ਵੱਡੀ ਹਸਤੀ ਏਨਾ ਵੱਡਾ ਝੂਠ ਕਿਉਂ ਬੋਲਦੀ ਹੈ! ਜੇ ਉਸ ਪਾਸ ਕੋਈ ਸਬੂਤ ਹੈ ਤਾਂ ਉਹ ਸਾਡੇ ਖਿਲਾਫ ਕਾਰਵਾਈ ਕਿਉਂ ਨਹੀਂ ਕਰਦੀ?

## 'ਇੰਕਾ' - ਅਕਾਲੀ ਸਮਝੌਤਾ!

"ਉਨ੍ਹਾਂ ਨੂੰ ਕਿਸੇ ਸਮਝੌਤੇ ਤੇ ਪਹੁੰਚਣ ਤਾਂ ਦਿਓ, ਫੇਰ ਮੈਂ ਆਪਣੀ ਗੱਲ ਕਰਾਂਗਾ। ਮੈਂ ਭਵਿਖ ਦੀ ਕਾਰਵਾਈ ਬਾਰੇ ਬਹੁਤ ਚਿਰ ਪਹਿਲਾਂ ਸੋਚਣਾ ਠੀਕ ਨਹੀਂ ਸਮਝਦਾ। ਜੇ ਮੈਨੂੰ ਉਹਨਾਂ ਦਾ ਸਮਝੌਤਾ ਪਰਵਾਨ ਨਾ ਹੋਇਆ ਤਾਂ ਮੈਂ ਸੰਗਤ ਸਾਹਮਣੇ ਜਾਵਾਂਗਾ ਤੇ ਆਪਣੇ ਵਿਚਾਰ ਪਰਗਟ ਕਰਦਿਆਂ ਕਹਾਂਗਾ ਕਿ ਹੁਣ ਤੁਸੀਂ ਜਾਣੋ ਜਾਂ 'ਉਹ' ਜਾਨਣ। ਫੇਰ ਇਹ ਨਾ ਆਖਣਾ ਕਿ ਸਾਨੂੰ ਕਿਸੇ ਨੇ ਖ਼ਬਰਦਾਰ ਨਹੀਂ ਕੀਤਾ।

## ਹਿੰਸਾ

ਸਿੱਖ ਹਿੰਸਾ ਵਿਚ ਵਿਸ਼ਵਾਸ ਨਹੀਂ ਰੱਖਦੇ। ਖਾਸ ਕਰਕੇ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਚ।

ਅਵਤਾਰ ਸਿੰਘ ਅਟਵਾਲ ਦਾ ਕਤਲ ਸੋਚ ਸਮਝ ਕੇ 'ਧਰਮ ਯੁੱਧ' ਮੋਰਚਾ ਫੇਅਲ ਕਰਨ ਲਈ ਕਰਵਾਇਆ ਗਿਆ ਹੈ। ਇਹ ਇਕ ਸਾਜ਼ਿਸ਼ ਸੀ, ਜੋ ਪੁਲਿਸ ਵਲੋਂ ਦਰਬਾਰ ਸਾਹਿਬ ਵਿਚ ਦਾਖਲ ਹੋਣ ਲਈ ਰਾਹ ਸਾਫ ਕਰਨ ਵਾਸਤੇ ਰਚੀ ਗਈ ਸੀ। ਇਸ ਘਟਨਾ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਏ, ਥੋੜੀ ਹੈ। ਇਹ ਵਾਰਦਾਤ ਸਰਕਾਰ ਦੀ ਡੂੰਘੀ ਸਾਜ਼ਿਸ਼ ਦਾ ਸਿੱਟਾ ਹੈ। ਤੇ ਕੇਵਲ ਸਿੱਖ ਪੰਥ ਤੇ ਦਰਬਾਰ ਸਾਹਿਬ ਦੀ ਮਹਾਨਤਾ ਨੂੰ ਛੁਟਿਆਉਣ ਲਈ ਤੇ ਅਕਾਲੀ ਆਗੂਆਂ ਵਲੋਂ ਲਾਏ ਗਏ ਮੋਰਚੇ ਨੂੰ ਬਦਨਾਮ ਕਰਨ ਲਈ ਕੋਝੀ ਹਰਕਤ ਹੈ।

## ਅਮਨ

ਮੈਂ ਮੁਲਕ ਵਿਚ ਅਮਨ ਚਾਹੁੰਦਾ ਹਾਂ। ਇਹ ਫੈਸਲਾ ਕਰਨਾ ਸਰਕਾਰ ਦੇ ਹੱਥ ਵੱਸ ਹੈ ਕਿ ਉਹ ਕੀ ਕਰਨਾ ਚਾਹੁੰਦੀ ਹੈ। ਅਮਨ ਕਾਇਮ ਕਰਨਾ ਚਾਹੁੰਦੀ ਹੈ ਜਾਂ ਤਬਾਹੀ ਲਿਆਉਣੀ। ਇਹ ਕੰਮ ਸਰਕਾਰ ਦਾ ਹੈ, ਮੇਰਾ ਨਹੀਂ।

## 'ਰਾਜਾ ਸਾਹਿਬ'

ਸੱਚੀ ਗੱਲ ਤਾਂ ਇਹ ਹੈ ਕਿ ਮੈਂ 'ਰਾਜਾ ਸਾਹਿਬ' (ਅਮਰਿੰਦਰ ਸਿੰਘ) ਤੋਂ ਬਿਨਾਂ ਕਾਂਗਰਸ ਵਿਚ ਹੋਰ ਕਿਸੇ ਨੂੰ ਨਹੀਂ ਜਾਣਦਾ। ਮੇਰਾ ਖਿਆਲ ਹੈ ਕਿ ਬੀਬੀ ਇੰਦਰਾ ਦੀ ਕਾਂਗਰਸ ਵਿਚ ਉਹੀ ਇਕ ਸੱਚਾ ਸੁੱਚਾ ਸਿੱਖ ਹੈ। ਉਸ ਦਾ ਖਾਨਦਾਨੀ ਪਿਛੋਕੜ ਬਹੁਤ ਆਹਲਾ ਹੈ। ਉਸ ਦੇ ਬਜ਼ੁਰਗਾਂ ਦਾ ਗੁਰੂ ਗੋਬਿੰਦ ਸਿੰਘ ਨਾਲ ਸੰਪਰਕ ਸੀ। ਜਿਸ ਘਰ ਵਿਚ ਉਸ ਨੇ ਜਨਮ ਲਿਆ, ਉਸ ਵਿਚ ਦਸਮ ਪਾਤਸ਼ਾਹ ਚਰਨ ਪਾ ਚੁੱਕੇ ਹਨ ਤੇ ਵਰ ਦੇ ਚੁੱਕੇ



Digitized by Panjab Digital Library / www.panjabdigilib.org

ਹਨ: 'ਤੇਰਾ ਘਰ ਮੇਰਾ ਅਸੈ' ਯਾਨੀ ਤੇਰਾ ਘਰ ਮੇਰੇ ਘਰ ਵਰਗਾ ਹੈ ।

## ਸ਼ਰਾਬ

ਜੇ ਕੋਈ ਸਿੱਖ ਸ਼ਰਾਬ ਪੀਂਦਾ ਹੈ, ਉਸ ਨੇ ਅੰਮ੍ਰਿਤ ਛਕਿਆ ਹੈ ਤੇ ਕ੍ਰਿਪਾਨ ਵੀ ਪਾਉਂਦਾ ਹੈ ਤਾਂ ਉਸ ਨੂੰ ਮੇਰੇ ਪਾਸ ਲਿਆਓ। ਮੈਂ ਉਸ 'ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਦਿਆਂਗਾ । ਬੇਸ਼ੱਕ ਮੈਨੂੰ ਅਦਾਲਤ ਵਿਚ ਜਾਣਾ ਪਵੇ ।

## ਪ੍ਰੈੱਸ

- ਅਨੇਕਾਂ ਅਖਬਾਰ ਵਾਲੇ ਮੇਰਾ ਇੰਟਰਵਿਊ ਲੈ ਚੁੱਕੇ ਹਨ । ਪਰ ਜੋ ਮੈਂ ਬੋਲਦਾ ਹਾਂ, ਅਖਬਾਰ ਵਾਲੇ ਉਹ ਲਿਖਦੇ ਨਹੀਂ ਤੇ ਜੋ ਮੈਂ ਨਹੀਂ ਬੋਲਦਾ, ਉਹ ਲਿਖ ਦਿੰਦੇ ਹਨ। ਜੇ ਕਲਮਾਂ ਵਾਲੇ ਸੱਚ ਬੋਲਣ ਤੇ ਸੱਚ ਲਿਖਣ ਦੀ ਦਲੇਰੀ ਕਰਨ ਤਾਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ।
- ਅਖਬਾਰਾਂ ਵਿਚ ਮੇਰੀਆਂ ਤਕਰੀਰਾਂ ਨੂੰ ਤੋੜ ਮਰੋੜ ਕੇ ਛਾਪਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਰੋਟੀ ਕਮਾਉਣੀ ਹੁੰਦੀ ਹੈ। ਮੈਂ ਕਦੀ ਵੀ ਆਪਣੇ ਭਾਸ਼ਨ ਵਿਚ ਭਗਵਾਨ ਕ੍ਰਿਸ਼ਨ, ਭਗਵਾਨ ਰਾਮ, ਈਸਾ ਮਸੀਹ ਤੇ ਮੁਹੰਮਦ ਸਾਹਿਬ ਦੇ ਖਿਲਾਫ ਕੋਈ ਗੱਲ ਨਹੀਂ ਆਖੀ। ਲੇਕਿਨ ਲਾਲਾ ਜਗਤ ਨਾਰਾਇਣ ਦੇ ਅਖਬਾਰ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਦੂਜੇ ਗੁਰੂ ਸਾਹਿਬਾਨ ਦੀ ਸ਼ਾਨ ਦੇ ਖਿਲਾਫ ਬੜਾ ਕੁਝ ਛਾਪਦੇ ਰਹਿੰਦੇ ਹਨ ।
- ਅਖਬਾਰਾਂ ਵਾਲੇ ਸਿੱਖ ਅੱਤਵਾਦੀਆਂ ਬਾਰੇ ਤਾਂ ਬੜਾ ਕੁਝ ਲਿਖਦੇ ਰਹਿੰਦੇ ਹਨ ਪਰ ਉਹ ਕਦੀ ਹਿੰਦੂ ਅੱਤਵਾਦੀਆਂ ਬਾਰੇ ਕਿਉਂ ਨਹੀਂ ਲਿਖਦੇ? ਇਸ ਦੇ ਨਾਲ ਹੀ ਉਹ ਇਹ ਵੀ ਲਿਖੀ ਜਾਂਦੇ ਹਨ ਕਿ ਸਿੱਖ ਹਿੰਦੂ ਧਰਮ ਦਾ ਹੀ ਅੰਗ ਹਨ। ਜੇ ਇਹ ਠੀਕ ਹੈ ਤਾਂ ਇਸ ਦਾ ਮਤਲਬ ਇਹ ਕਿ ਅਸੀਂ ਸਿੱਖ ਨਹੀਂ, ਹਿੰਦੂ ਹਾਂ, ਤਾਂ ਫਿਰ ਜਦ ਉਹ ਅੱਤਵਾਦ ਬਾਰੇ ਲਿਖਦੇ ਹਨ ਤਾਂ ਇਸ ਨੂੰ ਹਿੰਦੂ ਅੱਤਵਾਦ ਕਿਉਂ ਨਹੀਂ ਕਹਿੰਦੇ?

  ਜੇ ਪ੍ਰੈਸ ਨੇ ਸਿੱਖ ਅੱਤਵਾਦੀਆਂ ਦੀ ਗੱਲ ਹੀ ਕਰਨੀ ਹੈ ਤਾਂ ਉਸ ਨੂੰ ਇਹ ਵੀ ਮੰਨਣਾ ਪਵੇਗਾ ਕਿ ਸਿੱਖ ਇਕ ਵੱਖਰੀ 'ਕੌਮ' ਹੈ ।

  ਜਦ ਸਾਨੂੰ ਅੱਤਵਾਦੀ ਕਹਿਣਾ ਹੋਵੇ ਤਾਂ ਸਾਨੂੰ ਅਲੱਗ ਸਮਝਿਆ ਜਾਂਦਾ ਹੈ ਪਰ ਜਦ ਅਸੀਂ ਕੁਝ ਮੰਗਦੇ ਹਾਂ ਤਾਂ ਅਸੀਂ ਹਿੰਦੂ ਬਣ ਜਾਂਦੇ ਹਾਂ । ਇਸ ਦਾ ਕਾਰਨ ਕੀ ਹੈ?ਜਦ 'ਉਹ' ਕੁਝ ਮੰਗਦੇ ਹਨ ਤਾਂ ਸਾਨੂੰ ਅੱਤਵਾਦੀ ਤੇ ਵੱਖਵਾਦੀ ਕਹਿਣ ਲੱਗ ਪੈਂਦੇ ਹਨ ਲੇਕਿਨ ਜਦ ਸਾਡੀਆਂ ਮੰਗਾਂ ਦੀ ਵਾਰੀ ਆਉਂਦੀ ਹੈ ਤਾਂ ਉਹ ਸਾਨੂੰ 'ਖਾਲਸਾ' ਵੀ ਨਹੀਂ ਰਹਿਣ ਦਿੰਦੇ, ਹਿੰਦੂ ਬਣਾ ਦਿੰਦੇ ਹਨ!
- ਹਰ ਸੂਝਵਾਨ ਪੱਤਰਕਾਰ ਮੇਰੇ ਵਿਚਾਰਾਂ ਨਾਲ ਸਹਿਮਤ ਹੋ ਜਾਂਦਾ ਹੈ । ਕੁਲਦੀਪ ਨਈਅਰ ਹੋ ਚੁੱਕਾ ਹੈ । ਖੁਸ਼ਵੰਤ ਸਿੰਘ ਨੇ ਮੇਰੇ ਬਾਰੇ ਸ਼ੁਭ ਵਿਚਾਰ ਪ੍ਰਗਟ ਕੀਤੇ ਹਨ। ਪੱਤਰਕਾਰਾਂ ਨੂੰ ਇਹ ਵਿਚਾਰ ਪੜ੍ਹਨੇ ਚਾਹੀਦੇ ਹਨ ।

  ਜਿਹੜੇ ਪੱਤਰਕਾਰ ਮੈਨੂੰ ਮਿਲਣ ਆਉਂਦੇ ਹਨ, ਮਿਲਣ ਪਿੱਛੋਂ ਸਾਰੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਗ਼ਲਤਫਹਿਮੀਆਂ ਦੂਰ ਹੋ ਗਈਆਂ ਹਨ ।

  ਜਿਹੜੇ ਅਖਬਾਰਾਂ ਵਾਲੇ ਮੈਨੂੰ ਮਿਲਣ ਤੋਂ ਬਿਨਾਂ ਮੇਰੇ ਜੀਵਨ ਬਾਰੇ ਕੋਈ



Digitized by Panjab Digital Library | www.panjabdigilib.org

ਵਾਕਫ਼ੀ ਲੈਣ ਤੋਂ ਬਿਨਾਂ ਤੇ ਮੇਰੇ ਵਰਤਾਓ ਅਤੇ ਸੁਭਾਓ ਨੂੰ ਸਮਝਣ ਤੋਂ ਬਿਨਾਂ ਹੀ ਇਹ ਲਿਖ ਦਿੰਦੇ ਹਨ ਕਿ ਮੈਂ ਬਹੁਤ ਖਤਰਨਾਕ ਆਦਮੀ ਹਾਂ, ਉਹ ਚੰਗਾ ਨਹੀਂ ਕਰਦੇ।

- ਕਲਮ ਵਿਚ ਤਲਵਾਰ ਨਾਲੋਂ ਵਧੇਰੇ ਸ਼ਕਤੀ ਹੁੰਦੀ ਹੈ। ਸਾਡੇ ਪਾਸ ਤਲਵਾਰਾਂ ਬੜੀਆਂ ਹਨ ਪਰ ਕਲਮਾਂ ਨਹੀਂ। ਬਹੁਤੀਆਂ ਕਲਮਾਂ ਵਿਕਾਊ ਹਨ, ਕੁਝ ਕਲਮਾਂ ਸੰਗਾਊ ਹਨ, ਖੁੱਲ੍ਹ ਕੇ ਗੱਲ ਨਹੀਂ ਕਰਦੀਆਂ।
- ਮੈਂ ਸਿੱਖ ਪੱਤਰਕਾਰਾਂ ਤੇ ਐਡੀਟਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਜਾਣ ਤੇ ਘੋਲ ਲਈ ਤਿਆਰ - ਬਰ - ਤਿਆਰ ਰਹਿਣ। ਵਕਤ ਦੀ ਇਹੋ ਹੀ ਮੰਗ ਹੈ।



Digitized by Panjab Digital Library | www.panjabdigilib.org

# ਧਰਮ ਦੀ ਯੁੱਧ ਦੀ ਲੋੜ ਕਿਉਂ?

ਰਾਜ ਬਿਨਾ ਨਹਿ ਧਰਮ ਚਲੇ ਹੈਂ ॥
ਧਰਮ ਬਿਨਾ ਸਭ ਦਲੇ ਮਲੇ ਹੈ ॥
ਕੋ ਕਾਹੂੰ ਕੋ ਰਾਜ ਨ ਦੈ ਹੈ ॥
ਜੋ ਲੈ ਹੈ ਨਿਜ ਬਲ ਸਿਉ ਲੈ ਹੈ ॥

ਖਾਲਸਾ ਪੰਥ ਦਾ ਜਨਮ ਖੰਡੇ ਦੀ ਤਿੱਖੀ ਧਾਰ ਵਿਚੋਂ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਉਸ ਸਮੇਂ ਹੋਇਆ, ਜਦ ਕਿ ਹਿੰਦੁਸਤਾਨੀ ਲੋਕ ਮੁਗਲਾਂ ਦੇ ਅਧੀਨ ਗੁਲਾਮੀ ਦਾ ਜੀਵਨ ਬਤੀਤ ਕਰ ਰਹੇ ਸਨ। ਕਿਸੇ ਨੂੰ ਬੋਲਣ ਦੀ ਆਜ਼ਾਦੀ ਨਹੀਂ, ਸ਼ਸਤਰ ਬਸਤਰ ਰੱਖਣ ਦੀ ਆਜ਼ਾਦੀ ਨਹੀਂ, ਘੋੜ ਸਵਾਰੀ ਦੀ ਆਜ਼ਾਦੀ ਨਹੀਂ ਤੇ ਨਾ ਹੀ ਆਪਣੀ ਧਾਰਮਿਕ ਆਜ਼ਾਦੀ ਨੂੰ ਬਹਾਲ ਰੱਖਿਆ ਜਾ ਸਕਦਾ ਸੀ ਤਾਂ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮ ਸਰਕਾਰ ਦੇ ਜ਼ੁਲਮ ਕਰਨ ਵਾਲੇ ਕਰਿੰਦਿਆਂ ਨੂੰ ਸੋਧਣ ਵਾਸਤੇ ਖਾਲਸਾ ਕੌਮ ਦੀ ਸਾਜਣਾ ਕੀਤੀ। ਉਹ ਖਾਲਸਾ, ਜੋ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਛੁਟਕਾਰਾ ਪਾ ਕੇ ਜ਼ਾਲਮ ਸਰਕਾਰ ਲਈ ਖਤਰਾ ਪੈਦਾ ਕਰ ਦੇਵੇ।

ਖਾਲਸਾ ਸੋਇ ਜੋ ਨਿੰਦਾ ਤਿਆਗੈ ॥
ਖਾਲਸਾ ਸੋਇ ਜੋ ਲੜੈ ਹੋਇ ਆਗੈ ॥
ਖਾਲਸਾ ਸੋਇ ਜੋ ਚੜੇ ਤੁਰੰਗ ॥
ਖਾਲਸਾ ਸੋਇ ਜੋ ਕਰੇ ਨਿਤ ਜੰਗ ॥

(ਤਨਖਾਹਨਾਮਾ ਭਾਈ ਨੰਦ ਲਾਲ ਜੀ)

ਖਾਲਸਾ ਅਕਾਲ ਪੁਰਖ ਕੀ ਫੌਜ ॥
ਪ੍ਰਗਟਯੋ ਖਾਲਸਾ ਪ੍ਰਮਾਤਮ ਕੀ ਮੌਜ ॥

(ਸਰਬ ਲੋਹ ਗਰੰਥ)

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਣਾ ਕਰਕੇ ਜਗਤ ਵਿਚ ਆਉਣ ਦਾ ਉਦੇਸ਼ ਵੀ ਦੱਸਿਆ —

ਯਾਹੀ ਕਾਜ ਧਰਾ ਹਮ ਜਨਮੰ
ਸਮਝ ਲੇਹੁ ਸਾਧੂ ਸਭ ਮਨਮੰ
ਧਰਮ ਚਲਾਵਨ ਸੰਤ ਉਬਾਰਨ
ਦੁਸ਼ਟ ਸਭਨ ਕੋ ਮੂਲ ਉਪਾਰਨ

(ਬਚਿਤਰ ਨਾਟਕ ਪਾਤਸ਼ਾਹੀ 10)

ਇਸੇ ਉਦੇਸ਼ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਯੁੱਧ ਤੋਂ ਲੈ ਕੇ ਖਦਰਾਣੇ ਦੀ ਢਾਬ ਮੁਕਤਸਰ ਤੱਕ ਜੋ ਲੜਾਈਆਂ ਲੜੀਆਂ, ਉਨ੍ਹਾਂ ਦਾ ਉਦੇਸ਼ ਜ਼ਾਲਮਾਂ ਨੂੰ ਸੋਧਣਾ ਸੀ।



Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪਟਨੇ ਦੀ ਧਰਤੀ ਤੇ 1666 ਈ: ਵਿਚ ਹੋਇਆ ਅਤੇ ਗੁਰੂ ਸਾਹਿਬ ਜੀ ਨੇ 1699 ਈ: ਨੂੰ ਖਾਲਸਾ ਪੰਥ ਦੀ ਸਾਜਣਾ ਕੀਤੀ। ਕੀ ਖਾਲਸਾ ਪੰਥ ਦੀ ਸਾਜਣਾ 33 ਸਾਲਾਂ ਬਾਦ ਹੋ ਗਈ? ਨਹੀਂ। ਖਾਲਸਾ ਕੌਮ ਦੀ ਸਥਾਪਨਾ ਲਈ 230 ਸਾਲ ਦਾ ਸਮਾਂ ਲੱਗਿਆ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਖਾਲਸਾ ਸਾਜਿਆ।

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਜਾਬਰ ਹਾਕਮਾਂ ਦੇ ਵਿਰੁੱਧ ਆਵਾਜ਼ ਉਠਾਉਂਦੇ ਹੋਏ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਕਿਹਾ ਅਤੇ ਸੁੱਤੀ ਮਨੁੱਖਤਾ ਨੂੰ 'ਸਿਰ ਧਰ ਤਲੀ ਗਲੀ ਮੇਰੀ ਆਓ' ਲਈ ਪ੍ਰੇਰਿਆ। ਉਸੇ ਦਿਨ ਤੋਂ ਸਿੱਖ ਕੌਮ ਦਾ ਜਬਰ ਜ਼ੁਲਮ ਵਿਰੁੱਧ ਸੰਘਰਸ਼ ਸ਼ੁਰੂ ਹੁੰਦਾ ਹੈ। ਜਿਥੇ ਗੁਰੂ ਸਾਹਿਬਾਨ ਨੇ ਜੇਲ੍ਹਾਂ ਕੱਟੀਆਂ, ਉੱਥੇ ਤੱਤੀਆਂ ਤਵੀਆਂ ਤੇ ਬੈਠ ਕੇ ਤੱਪਦੇ ਰੇਤ ਸਿਰ ਉਪਰ ਪੁਆ ਕੇ ਜ਼ਾਲਮ ਸਰਕਾਰਾਂ ਦੇ ਤਪ ਰਹੇ ਹਿਰਦੇ ਨੂੰ ਠਾਰਿਆ ਤੇ ਰਾਵੀ ਦੀਆਂ ਛੱਲਾਂ ਨੂੰ ਸ਼ਾਂਤ ਕੀਤਾ। ਸਮਾਂ ਆਉਣ ਤੇ ਮੀਰੀ ਤੇ ਪੀਰੀ ਦੀ ਕ੍ਰਿਪਾਨ ਧਾਰਨ ਕਰਦੇ ਹੋਏ ਜ਼ਾਲਮਾਂ ਦੇ ਜ਼ੁਲਮ ਦੂਰ ਕਰਨ ਲਈ ਵੰਗਾਰਿਆ ਤੇ ਦੋ ਹੱਥ ਕਰ ਕੇ ਸਦਾ ਲਈ ਚਿੱਤ ਕੀਤਾ। ਫਰਿਆਦੀਆਂ ਦੀ ਫਰਿਆਦ ਨੂੰ ਸੁਣਿਆ ਤਾਂ ਸ਼ਹੀਦੀ ਦੇਣ ਲਈ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਦਿੱਲੀ ਲਈ ਰਵਾਨਾ ਹੋ ਗਏ। ਲੋੜ ਪਈ ਤਾਂ ਚਾਰ ਪੁੱਤਰ ਅਤੇ ਪੁੱਤਰਾਂ ਤੋਂ ਪਿਆਰੇ ਸਿੰਘ ਕੌਮ ਲਈ ਵਾਰ ਦਿੱਤੇ ਤੇ ਆਖਿਆ ਕਿ:

ਇਨ ਪੁੱਤਰਨ ਕੇ ਸੀਸ ਪਰ ਵਾਰ ਦੀਏ ਸੁੱਤ ਚਾਰ
ਚਾਰ ਮੂਏ ਤੋਂ ਕਿਆ ਕਿਆ ਜੀਵਤ ਕਈ ਹਜ਼ਾਰ।

ਕਲਗੀਧਰ ਪਿਤਾ ਦੇ ਅਦੁਤੀ ਕਾਰਨਾਮਿਆਂ ਨੇ ਦੁਨੀਆਂ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਤੇ ਪਿਤਾ ਦੇ ਬਹਾਦਰ ਸਪੁੱਤਰਾਂ ਨੇ ਕਲਗੀਧਰ ਦੇ ਮਾਰਗ ਤੇ ਚੱਲਦਿਆਂ ਖਾਲਸਾਈ ਰਾਜ ਸਥਾਪਤ ਕੀਤਾ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਚਿਰਵਾਏ ਗਏ, ਸਿਰਾਂ ਦੇ ਮੁੱਲ ਪਏ, ਮਾਵਾਂ ਨੇ ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆ ਕੇ ਤੇਰੇ ਭਾਣੇ ਨੂੰ ਮੰਨਿਆ, ਗੱਡੀਆਂ ਹੇਠ ਪੈ ਗਏ, ਡਾਂਗਾਂ ਤੇ ਛਵ੍ਹੀਆਂ ਦੀਆਂ ਮਾਰਾਂ ਖਾਧੀਆਂ, ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ। ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਂਦੇ ਹੋਏ ਆਪਣੇ ਪ੍ਰਣ ਪੂਰੇ ਕਰ ਗਏ। ਇਹ ਇਕ ਅਜੀਬ ਕ੍ਰਿਸ਼ਮਾ ਸੀ।

ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਸ਼ੁਰੂ ਹੋਇਆ। ਨਾਮਧਾਰੀ ਸਿੰਘਾਂ, ਗਦਰੀ ਬਾਬਿਆਂ ਅਤੇ ਬਬਰ ਅਕਾਲੀ ਸਿੰਘਾਂ ਦੀਆਂ ਲਲਕਾਰਾਂ ਨੇ ਅੰਗਰੇਜ਼ ਨੂੰ ਭਾਰਤ ਤੋਂ ਬੋਰੀ ਬਿਸਤਰਾ ਗੋਲ ਕਰਨ ਤੇ ਮਜ਼ਬੂਰ ਕੀਤਾ ਅਤੇ ਦੇਸ ਵਾਸੀਆਂ ਦੇ ਨਾਮ ਆਦੇਸ਼ ਜਾਰੀ ਕੀਤਾ:

ਦੇਸ਼ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ 'ਚੋਂ ਨਾ ਭੁਲਾ ਦੇਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਕਿਤੇ ਦੇਖ ਕੇ ਨਾ ਘਬਰਾ ਜਾਣਾ।

ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਦੀ ਖਾਤਰ ਆਵਾਜ਼ ਬੁਲੰਦ ਹੋਈ ਤਾਂ ਸਿੰਘਾਂ ਨੇ ਗੁਰੂ ਦੀ ਖਾਤਰ ਇਕ ਦੂਜੇ ਤੋਂ ਮੋਹਰੇ ਹੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸੰਨ 1920 ਤੋਂ 1925 ਤੱਕ 500 ਸਿੰਘ ਸ਼ਹੀਦੀਆਂ ਪਾ ਗਏ ਤੇ ਨਵੰਬਰ 1925 ਨੂੰ ਗੁਰਦੁਆਰਾ ਪ੍ਰਬੰਧ ਕਾਨੂੰਨ ਲਾਗੂ ਹੋਇਆ ਪਰ ਪੰਜਾਬ ਦੇ ਚੱਪੇ ਚੱਪੇ ਤੋਂ ਆਵਾਜ਼ ਸੁਣਾਈ ਦਿੰਦੀ ਸੀ:



Digitized by Panjab Digital Library / www.panjabdigilib.org

ਸਿਰ ਜਾਵੇ ਤਾਂ ਜਾਵੇ
ਮੇਰਾ ਸਿੱਖੀ ਸਿਦਕ ਨਾ ਜਾਵੇ ।

ਸਿੰਘਾਂ ਦੀਆਂ ਕੁਰਬਾਨੀਆਂ ਅਤੇ ਦਲੇਰੀ ਦੁਆਰਾ ਫਤਹਿ ਪ੍ਰਾਪਤ ਕਰਦਿਆਂ ਦੇਖ ਕੇ ਗਾਂਧੀ ਨੇ ਕਿਹਾ ਕਿ "ਸਿੱਖਾਂ ਨੇ ਆਜ਼ਾਦੀ ਦੀ ਪਹਿਲੀ ਜੰਗ ਜਿੱਤ ਲਈ ਹੈ।" ਦੇਸ਼ ਆਜ਼ਾਦ ਕਰਵਾਉਣ ਦੀ ਗੱਲ ਚੱਲੀ ਤੇ ਘੱਟ ਗਿਣਤੀ ਦੇ ਬਾਵਜੂਦ ਸਿੰਘਾਂ ਨੇ ਹਿੰਦੁਸਤਾਨ ਦੇ ਲੋਕਾਂ ਨਾਲੋਂ ਸਭ ਤੋਂ ਵੱਧ ਕੁਰਬਾਨੀ ਦਿੱਤੀ। ਇਸ ਗੱਲ ਦੀ ਗਵਾਹੀ ਅੰਕੜੇ ਭਰਦੇ ਹਨ:

| | ਸਿੱਖ | ਦੂਸਰੇ | ਕੁਲ |
|---|---|---|---|
| 1 ਫਾਂਸੀ ਤੇ ਚੜ੍ਹੇ | 73 | 48 | 121 |
| 2 ਬਜਬਜ ਘਾਟ ਤੇ ਮੌਤ ਦੇ ਘਾਟ ਉਤਾਰੇ ਗਏ | 67 | 46 | 113 |
| 3 ਜਲ੍ਹਿਆਂ ਵਾਲੇ ਬਾਗ ਦਾ ਸਾਕਾ | 799 | 503 | 1302 |
| 4 ਕਾਲੇ ਪਾਣੀ ਅੰਡੇਮਾਨ ਭੇਜੇ | 2147 | 449 | 2646 |
| 5 ਤੋਪਾਂ ਨਾਲ ਉਡਾਏ ਨਾਮਧਾਰੀ ਸਿੰਘ | 91 | — | 91 |
| 6 ਗੁਰਦੁਆਰਿਆਂ ਦੀ ਆਜ਼ਾਦੀ ਲਈ ਸ਼ਹੀਦ | 500 | — | 500 |
| 7 ਗੁਰਧਾਮਾਂ ਦੀ ਆਜ਼ਾਦੀ ਲਈ ਜੇਲ੍ਹ ਯਾਤਰਾ ਕੀਤੀ | 30,000 | — | 30,000 |
| 8 ਜੁਰਮਾਨਾ ਭਰਿਆ | 15 ਲੱਖ | — | 15 ਲੱਖ |

ਜਿੱਥੇ ਦੇਸ਼ ਦੀ ਆਜ਼ਾਦੀ ਲਈ ਵਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ, ਉਥੇ ਸਿੰਘ ਭਾਰਤੀ ਲੋਕਾਂ ਦੀ ਅਗਵਾਈ ਕਰਨ ਵਾਲੇ ਵੀ ਬਣੇ ਤੇ ਭਾਰਤ ਦੇ ਚੱਪੇ ਚੱਪੇ ਤੋਂ ਆਵਾਜ਼ ਗੂੰਜਣ ਲੱਗੀ:

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ,
ਲੁੱਟ ਲਿਆ ਮਾਲ ਤੇਰਾ, ਹਾਲੋਂ ਬੇਹਾਲ ਓਏ ।

ਅੰਗਰੇਜ਼ ਸਿੰਘਾਂ ਨੂੰ ਭਾਰਤ ਦੀ ਤੀਜੀ ਧਿਰ ਮੰਨਦੇ ਸਨ ਅਤੇ ਸਿੱਖਾਂ ਨੂੰ ਵੱਖਰਾ ਦੇਸ਼ ਦੇਣ ਲਈ ਤਿਆਰ ਸਨ। ਪਰ ਉਸ ਸਮੇਂ ਦੇ ਅਕਾਲੀ ਨੇਤਾ ਹਿੰਦੂ ਕਾਂਗਰਸੀ ਨੇਤਾਵਾਂ ਦੀਆਂ ਲੂੰਬੜ ਚਾਲਾਂ ਵਿਚ ਫਸ ਗਏ ਅਤੇ ਕਾਂਗਰਸੀ ਨੇਤਾਵਾਂ ਵਲੋਂ ਕੀਤੇ ਵਾਅਦਿਆਂ ਤੇ ਇਤਬਾਰ ਕਰਨ ਲੱਗ ਪਏ। ਅਖੀਰ ਦੇਸ਼ ਆਜ਼ਾਦ ਹੋਇਆ। ਸਿੰਘਾਂ ਨੇ ਆਪਣੇ ਪ੍ਰਾਣਾਂ ਨਾਲੋਂ ਵੱਧ ਪਿਆਰੇ ਗੁਰਦੁਆਰੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਪੰਜਾ ਸਾਹਿਬ, ਡੇਰਾ ਸਾਹਿਬ ਲਾਹੌਰ ਤੇ ਹੋਰ ਅਣਗਿਣਤ ਗੁਰਦੁਆਰੇ ਪਾਕਿਸਤਾਨ ਛੱਡ ਦਿੱਤੇ । ਲਾਇਲਪੁਰ ਵਰਗੀਆਂ ਉਪਜਾਊ ਜ਼ਮੀਨਾਂ ਛੱਡੀਆਂ ਤੇ ਅਖੀਰ ਭਾਰਤ ਵਿਚ ਘਰੋਂ ਬੇਘਰ ਹੋ ਕੇ ਪਹੁੰਚੇ ਪਰ ਆਜ਼ਾਦ ਭਾਰਤ ਵਿਚ ਸਿੰਘਾਂ ਨੂੰ ਕੀ ਮਿਲਿਆ? ਗੁਲਾਮੀ!

ਆਜ਼ਾਦ ਭਾਰਤ ਦੇ ਵਿਚ ਸਿੰਘਾਂ ਨੇ ਸੋਚਿਆ ਕਿ ਸੁੱਖ ਦਾ ਸਾਹ ਮਿਲੇਗਾ ਤੇ ਆਜ਼ਾਦੀ ਭਰਿਆ ਜੀਵਨ ਬਤੀਤ ਕਰਾਂਗੇ। ਜਦੋਂ ਤੋਂ ਸਿੱਖ ਕੌਮ ਦੀ ਸਥਾਪਨਾ ਹੋਈ ਹੈ, ਉਸ ਤੋਂ ਹਜ਼ਾਰਾਂ ਸਾਲ ਪਹਿਲਾਂ ਹਿੰਦੂ ਮੁਗਲ ਹਾਕਮਾਂ ਦੇ ਅਧੀਨ ਗੁਲਾਮੀ ਦਾ ਜੀਵਨ ਬਸਰ ਕਰਦੇ ਆ ਰਹੇ ਸਨ । ਇਸ ਬਾਰੇ ਸਿੱਖ ਨੇਤਾਵਾਂ ਨੂੰ ਬਹੁਤ ਘੱਟ ਪਤਾ ਸੀ ਕਿ ਹਿੰਦੂ ਬ੍ਰਾਹਮਵਾਦੀ ਕੁਟਲ ਨੀਤੀ ਬਹੁਤ ਖਤਰਨਾਕ ਹੈ । ਜਦੋਂ 1947 ਤੋਂ ਬਾਅਦ ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਥਾਂ ਜ਼ਲੀਲ ਕਰਨਾ ਸ਼ੁਰੂ ਕੀਤਾ ਤਾਂ ਸਿੱਖਾਂ ਨੂੰ ਅਹਿਸਾਸ ਹੋਇਆ ਕਿ ਸਾਡੇ ਨਾਲ ਧੋਖਾ ਹੋਇਆ ਹੈ ।

ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਦਾ ਖਿਤਾਬ ਮਿਲਿਆ ਅਤੇ



Digitized by Panjab Digital Library | www.panjabdigilib.org

ਦੂਜੇ ਨੰਬਰ ਦੇ ਸ਼ਹਿਰੀ ਬਣਾ ਕੇ ਰੱਖ ਦਿੱਤਾ। ਸਿੱਖਾਂ ਨੇ ਭਾਸ਼ਾ ਦੇ ਆਧਾਰ ਤੇ ਸੂਬੇ ਦੀ ਮੰਗ ਕੀਤੀ ਤਾਂ ਇਸ ਮੰਗ ਨੂੰ ਫਿਰਕੂ ਮੰਗ ਕਹਿਣ ਲੱਗ ਪਏ। ਆਜ਼ਾਦ ਭਾਰਤ ਵਿਚ ਵੀ ਸਿੱਖਾਂ ਨੂੰ ਮੋਰਚਿਆਂ ਦਾ ਰਾਹ ਅਖਤਿਆਰ ਕਰਨਾ ਪਿਆ। 1955, 1960 ਅਤੇ 1975 ਵਿਚ ਦਿੱਲੀ ਗੁਰਦੁਆਰਿਆਂ ਦੀ ਆਜ਼ਾਦੀ ਲਈ ਮੋਰਚਾ, ਕਰਨਾਲ ਮੋਰਚਾ, ਮੇਰਠ ਮੋਰਚਾ ਲਾਇਆ ਗਿਆ। ਇਨ੍ਹਾਂ ਮੋਰਚਿਆਂ ਦੌਰਾਨ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ ਪਰ ਕੀ ਪੰਜਾਬੀ ਸੂਬਾ ਪੂਰਾ ਮਿਲ ਗਿਆ? ਨਹੀਂ। ਤਾਂ ਫਿਰ ਸਿੰਘ ਸੋਚਣ ਲਈ ਮਜਬੂਰ ਹੋਏ ਕਿ, ਕੀ ਕੀਤਾ ਜਾਵੇ। ਸੰਨ 1977 ਵਿਚ ਅਕਾਲੀ ਸਰਕਾਰ ਬਣੀ ਪਰ ਕੇਂਦਰ ਵਿਚ ਫਿਰਕਾਪ੍ਰਸਤੀ ਮੁਰਾਰਜੀ ਡਿਸਾਈ ਬੈਠਾ ਸੀ, ਜਿਸ ਨੇ ਸਿੱਖਾਂ ਦੀ ਕਿਸੇ ਮੰਗ ਨੂੰ ਨਾ ਸਵੀਕਾਰਿਆ। ਅੰਮ੍ਰਿਤਸਰ ਦੀ ਧਰਤੀ ਤੇ 13 ਅਪ੍ਰੈਲ 1978 ਨੂੰ ਸ਼ਹੀਦੀ ਸਾਕਾ ਹੋਇਆ ਤੇ 13 ਸਿੰਘ ਸ਼ਹੀਦੀ ਪਾ ਗਏ। ਇਸੇ ਤਰ੍ਹਾਂ 26 ਦਸੰਬਰ 1978 ਨੂੰ 10 ਸਿੰਘ ਕਾਨ੍ਹਪੁਰ ਵਿਚ ਅਤੇ 5 ਨਵੰਬਰ 1978 ਨੂੰ 3 ਸਿੰਘ ਦਿੱਲੀ ਸ਼ਹੀਦੀ ਪਾ ਗਏ। ਇਨ੍ਹਾਂ ਸ਼ਹੀਦੀਆਂ ਨੇ ਕੌਮ ਵਿਚ ਨਵੀਂ ਰੂਹ ਫੂਕੀ। ਨੌਜਵਾਨ ਉੱਠੇ, ਸਿੰਘਾਂ ਵਿਚ ਜਾਗ੍ਰਿਤੀ ਆਈ, ਖਾਲਸਾ ਜੀ ਦੇ ਬੋਲਬਾਲੇ ਦੀ ਆਵਾਜ਼ ਬੁਲੰਦ ਹੋਣ ਲੱਗੀ। ਪੰਜਾਬ ਵਿਚ ਸਾੜ ਫੂਕ, ਬੰਬ ਧਮਾਕੇ, ਮੁਜਾਹਰੇ ਤੇ ਰੈਲੀਆਂ ਹੋਈਆਂ। ਅਕਾਲੀ ਸਰਕਾਰ ਹੋਣ ਦੇ ਬਾਵਜੂਦ ਅਤੇ ਕੇਂਦਰ ਵਿਚ ਜਨਤਾ ਤੇ ਅਕਾਲੀ ਭਾਈਵਾਲ ਸਨ ਪਰ ਫਿਰ ਵੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਬਰੀ ਹੋ ਗਿਆ, ਉਨ੍ਹਾਂ ਦੀ ਕਿਸੇ ਕਿਤਾਬ ਤੇ ਪਾਬੰਦੀ ਨਹੀਂ ਲਗਾਈ। ਭਾਰਤ ਵਿਚ ਫਿਰ ਚੋਣਾਂ ਹੋਈਆਂ। ਕੇਂਦਰ ਵਿਚ ਤੇ ਪੰਜਾਬ ਵਿਚ ਕਾਂਗਰਸ ਸਰਕਾਰ ਬਣੀ। ਪੰਜਾਬ ਦਾ ਮੁੱਖ ਮੰਤਰੀ ਦਰਬਾਰਾ ਸਿੰਘ ਬਣਿਆ। ਜੋ ਇਕ ਬਹੁਤ ਤੰਗ ਦਿਲੀ ਖਿਆਲਾਂ ਵਾਲਾ ਮਨੁੱਖ ਹੈ। ਪੰਜਾਬ ਵਿਚ ਜਦੋਂ ਦਾ ਮੁੱਖ ਮੰਤਰੀ ਦਰਬਾਰਾ ਸਿੰਘ ਬਣਿਆ, ਉਸ ਸਮੇਂ ਤੋਂ ਵਾਤਾਵਰਨ ਠੀਕ ਨਹੀਂ ਹੈ। ਪੰਜਾਬ ਵਿਚ ਕੋਈ ਨਾ ਕੋਈ ਘਟਨਾ ਵਾਪਰਦੀ ਰਹਿੰਦੀ ਹੈ। ਦਰਬਾਰਾ ਸਿੰਘ ਨੇ ਆਉਂਦਿਆਂ ਹੀ ਬੱਸਾਂ ਦੇ ਕਿਰਾਏ ਵਿਚ ਵਾਧਾ ਕਰ ਦਿੱਤਾ। 20 ਜਨਵਰੀ 1981 ਨੂੰ ਅਕਾਲੀ ਦਲ ਤੇ ਪੰਜਾਬ ਦੀਆਂ ਵਿਰੋਧੀ ਪਾਰਟੀਆਂ ਨੇ ਅਸੰਬਲੀ ਦਾ ਸਫਲ ਘੇਰਾਓ ਕੀਤਾ। ਹੱਦੋਂ ਵੱਧ ਨੁਕਸਾਨ ਕਰਵਾਇਆ ਪਰ ਕਮਿਸ਼ਨਾਂ ਤੇ ਕਮੇਟੀਆਂ ਤੋਂ ਬਿਨਾਂ ਬਣਿਆ ਕੁਝ ਵੀ ਨਾ।

ਹੁਣ ਪੰਜਾਬ ਦੇ ਵਾਤਾਵਰਨ ਵਿਚ ਦਲ ਖਾਲਸਾ ਅਤੇ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦੇ ਵਰਕਰਾਂ ਦੁਆਰਾ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗੂੰਜਣ ਲੱਗੇ। ਖਾਲਿਸਤਾਨ ਸੰਬੰਧੀ ਸੈਮੀਨਾਰ ਤੇ ਕਨਵੈਨਸ਼ਨਾਂ ਹੋਣ ਲੱਗੀਆਂ। 15 ਮਾਰਚ 1981 ਨੂੰ ਚੀਫ ਖਾਲਸਾ ਦੀਵਾਨ ਦੀ ਵਿਦਿਅਕ ਕਾਨਫਰੰਸ ਸਮੇਂ ਚੰਡੀਗੜ੍ਹ ਵਿਖੇ ਸ. ਗੰਗਾ ਸਿੰਘ ਢਿੱਲੋਂ ਅਮਰੀਕਾ ਨਿਵਾਸੀ ਨੇ 'ਸਿੱਖ ਇਕ ਕੌਮ ਹੈ' ਦਾ ਮਤਾ ਪਾਸ ਕਰਵਾ ਦਿੱਤਾ, ਜਿਸ ਦੀ ਚਰਚਾ ਹਿੰਦੁਸਤਾਨ ਦੇ ਸਭ ਅਖਬਾਰਾਂ ਨੇ ਕੀਤੀ। ਸ. ਢਿੱਲੋਂ ਨੇ ਜੋ ਵਿਚਾਰ ਕਾਨਫਰੰਸ ਵਿਚ ਰੱਖੇ, ਉਹ ਇਹ ਹਨ:

"ਸਿੱਖਾਂ ਦਾ ਇਕ ਸਾਂਝਾ ਵਿਰਸਾ ਹੈ ਕਿਉਂਕਿ ਉਨ੍ਹਾਂ ਦੇ ਬਜ਼ੁਰਗ ਇਕੋ ਬੰਸਾਵਲੀ ਤੋਂ ਚਲੇ ਆ ਰਹੇ ਹਨ। ਸਿੱਖਾਂ ਦੀ ਇਕ ਸਾਂਝੀ ਭਾਸ਼ਾ ਪੰਜਾਬੀ ਹੈ, ਜਿਸ ਦੀ ਆਪਣੀ ਹੀ ਲਿੱਪੀ ਗੁਰਮੁਖੀ ਹੈ। ਜਿਸ ਦਾ ਭਾਵ ਹੈ ਕਿ ਗੁਰੂ ਦੇ ਮੁੱਖੋਂ ਉਚਰੀ ਹੋਈ। ਭਾਵੇਂ ਭਾਰਤ ਵਿਚ ਕੁਝ ਹਿੰਦੂ ਤੇ ਪਾਕਿਸਤਾਨ ਵਿਚ ਕੁਝ ਮੁਸਲਮਾਨ ਵੀ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ ਹਨ, ਪ੍ਰੰਤੂ ਉਹ ਲਿਖਣ ਲਈ ਗੁਰਮੁਖੀ ਲਿੱਪੀ ਦੀ ਵਰਤੋਂ ਨਹੀਂ ਕਰਦੇ ਤੇ ਪਾਕਿਸਤਾਨ 'ਚ ਉਰਦੂ ਲਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਦਾ ਜੀਵਨ ਢੰਗ ਦੂਸਰਿਆਂ ਨਾਲੋਂ ਬਿਲਕੁਲ ਵੱਖਰਾ ਹੈ। ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ, ਰਸਮਾਂ, ਜ਼ਾਬਤਾ, ਸੰਸਕਾਰ ਦਿਖਾਵਾ ਅਤੇ ਪਹਿਰਾਵੇ ਦਾ ਤੌਰ ਤਰੀਕਾ ਸੰਸਾਰ ਨਾਲੋਂ ਬਿਲਕੁਲ ਵੱਖਰਾ ਹੈ। ਇਹੋ ਜਿਹੇ ਕਿਸਮ ਦੇ ਲੋਕ



Digitized by Panjab Digital Library | www.panjabdigilib.org

ਕਿਸੇ ਖਾਸ ਗਲੀ ਮੁਹੱਲੇ ਜਾਂ ਪ੍ਰਦੇਸ਼ ਵਿਚ ਸੀਮਤ ਨਹੀਂ, ਸਗੋਂ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ ਜਿਸ ਤਰ੍ਹਾਂ ਆਮ ਕਿਹਾ ਜਾਂਦਾ ਹੈ ਕਿ ਸਿੱਖ ਇਕ ਫਿਰਕਾ ਨਹੀਂ ਹੈ। ਪਿਛਲੇ ਲੰਮੇ ਸਮੇਂ ਤੋਂ ਅਜਿਹੀ ਗਲਤ ਧਾਰਨਾ ਬਣ ਚੁੱਕੀ ਹੈ ਕਿ ਇਨ੍ਹਾਂ ਨੂੰ ਤਿਆਗਣਾ ਅਸੰਭਵ ਜਾਪਣ ਲੱਗ ਪੈਂਦਾ ਹੈ। ਫਿਰ ਵੀ ਆਓ! ਅੱਜ ਇਸ ਸਥਾਨ ਅਤੇ ਸਗੋਂ ਆਪਣਿਆਂ ਅਤੇ ਵਿਰੋਧੀਆਂ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਪਰਿਭਾਸ਼ਾ ਰੂਪ ਵਿਚ ਸਿੱਖ ਇਕ ਕੌਮ ਹਨ।"

ਇਸ ਗੱਲ ਤੇ ਸਾਰੀ ਦੁਨੀਆਂ ਦੇ ਸਿੱਖ ਹੈਰਾਨ ਸਨ ਕਿ ਚੀਫ ਖਾਲਸਾ ਦੀਵਾਨ ਨੇ ਇਹ ਮਤਾ ਪਾਸ ਕਰਕੇ ਆਪ ਪਿਛਲੀ ਰੱਖ ਲਈ ਹੈ ਪਰ ਕੁਝ ਸਮੇਂ ਬਾਅਦ 16 ਅਪ੍ਰੈਲ 1981 ਨੂੰ ਚੀਫ ਖਾਲਸਾ ਦੀਵਾਨ ਦੇ ਹਾਈ ਕਮਾਂਡ ਨੇ ਦੀਵਾਨ ਦੀ ਕਾਰਜਕਾਰਨੀ ਤੇ ਐਜੂਕੇਸ਼ਨ ਕਮੇਟੀ ਦੀ ਇਕ ਉਚੇਚੀ ਇਕੱਤ੍ਰਤਾ ਵਿਚ ਮਤਾ ਨੰਬਰ 246 ਮਿਤੀ 16.4.81 ਰਾਹੀਂ ਸਰਬ ਸੰਮਤੀ ਨਾਲ ਬਿਨਾਂ ਕਿਸੇ ਦੇ ਇਤਰਾਜ਼ ਕੀਤਿਆਂ ਚੰਡੀਗੜ੍ਹ ਕਾਨਫਰੰਸ ਸਮੇਂ ਪਾਸ ਕੀਤਾ ਮਤਾ ਵਾਪਸ ਲੈ ਲਿਆ ਤੇ ਸ. ਗੰਗਾ ਸਿੰਘ ਢਿੱਲੋਂ ਦੀ ਵਿਚਾਰਧਾਰਾ ਨਾਲੋਂ ਨਾਤਾ ਤੋੜਨ ਦਾ ਐਲਾਨ ਕੀਤਾ।

ਇਸ ਸਮੇਂ ਪੰਜਾਬ ਵਿਚ ਸੰਤ ਅਕਾਲੀ ਦਲ ਤੇ ਤਲਵੰਡੀ ਅਕਾਲੀ ਦਲ ਬਣ ਚੁੱਕੇ ਸਨ ਅਤੇ ਕੇਂਦਰ ਵਿਚ ਗਿਆਨੀ ਜ਼ੈਲ ਸਿੰਘ ਤੇ ਪੰਜਾਬ ਵਿਚ ਦਰਬਾਰਾ ਸਿੰਘ ਹੋਣ ਕਾਰਨ ਇਨ੍ਹਾਂ ਦੀ ਵੀ ਆਪਸੀ ਨਹੀਂ ਬਣਦੀ ਸੀ। ਇਹ ਇਕ ਦੂਜੇ ਤੇ ਦੋਸ਼ ਲਗਾ ਰਹੇ ਸਨ ਕਿ ਖਾਲਿਸਤਾਨ ਦਾ ਨਾਅਰਾ ਲਗਵਾਉਣ ਵਾਲਾ ਗਿਆਨੀ ਜ਼ੈਲ ਸਿੰਘ ਹੈ ਜਾਂ ਦਰਬਾਰਾ ਸਿੰਘ ਹੈ। ਇਨ੍ਹਾਂ ਦੀ ਆਪਸੀ ਲੜਾਈ ਕਾਰਨ ਖਾਲਿਸਤਾਨ ਦੀ ਗੱਲ ਦਿਨੋਂ ਦਿਨ ਤੁਰਨ ਲੱਗੀ। ਦੂਜੇ ਪਾਸੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ 13 ਅਪਰੈਲ 1981 ਤੋਂ ਸ੍ਰੀ ਅਨੰਦਪੁਰ ਸਾਹਿਬ ਮਤੇ ਦੀ ਪ੍ਰਾਪਤੀ ਲਈ ਦਿੱਲੀ ਤੋਂ ਮੋਰਚਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਸਲਾਹ ਕੀਤੀ ਅਤੇ ਜਨਰਲ ਇਜਲਾਸ ਬੁਲਾ ਕੇ 17 ਮਈ 1981 ਨੂੰ ਤੇਜਾ ਸਿੰਘ ਸਮੁੰਦਰੀ ਹਾਲ ਅੰਮ੍ਰਿਤਸਰ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸਰਬਸੰਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਪਰਧਾਨ ਚੁਣ ਲਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਿੱਖਾਂ ਨਾਲ ਪਿਛਲੇ 35 ਸਾਲਾਂ ਤੋਂ ਹੋ ਰਹੇ ਧੱਕਿਆਂ ਨੂੰ ਦੂਰ ਕਰਵਾਉਣ ਲਈ 26 ਜੁਲਾਈ 1981 ਨੂੰ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਸ੍ਰੀ ਅੰਮ੍ਰਿਤਸਰ ਬੁਲਾ ਲਈ ਅਤੇ ਕੇਂਦਰ ਸਰਕਾਰ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ 31 ਅਗਸਤ 1981 ਤੱਕ ਸਰਕਾਰ ਨੇ ਜੇ ਸਿੱਖਾਂ ਨਾਲ ਧੱਕਾ ਬੰਦ ਨਾ ਕੀਤਾ, ਸਿੱਖਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸ਼੍ਰੋਮਣੀ ਅਕਾਲੀ ਦਲ 'ਧਰਮ ਯੁੱਧ' ਸ਼ੁਰੂ ਕਰ ਦੇਵੇਗਾ। ਸਿੱਖ ਕਨਵੈਨਸ਼ਨ ਵਿਚ ਸੰਸਾਰ ਭਰ ਦੇ ਸਿੱਖਾਂ ਨੇ ਸਾਰੇ ਅਧਿਕਾਰ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੂੰ ਸੌਂਪ ਦਿੱਤੇ। ਕਨਵੈਨਸ਼ਨ ਵਿਚ ਮੰਗਾਂ ਦਾ ਚਾਰਟਰ ਪੇਸ਼ ਕੀਤਾ ਅਤੇ 9 ਮਤੇ ਪਾਸ ਕੀਤੇ। ਸੰਤ ਲੌਂਗੋਵਾਲ ਨੇ ਆਪਣੇ ਭਾਸ਼ਨ ਦੌਰਾਨ ਕਿਹਾ ਕਿ ਜੇ ਸਰਕਾਰ ਨੇ 31 ਅਗਸਤ ਤੱਕ ਸਿੱਖ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ 7 ਸਤੰਬਰ ਨੂੰ ਦਿੱਲੀ ਵਿਚ ਭਾਰੀ ਰੋਸ ਮੁਜਾਹਰਾ ਕੀਤਾ ਜਾਵੇਗਾ।

## ਸੰਸਾਰ ਸਿੱਖ ਧਰਮ ਕਨਵੈਨਸ਼ਨ ਵਿਚ ਪੇਸ਼ ਕੀਤਾ ਸਿੱਖਾਂ ਨਾਲ ਵਧੀਕੀਆਂ ਦਾ ਚਾਰਟਰ ਤੇ ਮਤੇ:

1 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ 1947 ਤੋਂ 1955 ਤੱਕ ਕਾਂਗਰਸ ਸਰਕਾਰ ਨੇ ਆਰਥਿਕ ਤੇ ਰਾਜਸੀ ਸ਼ਕਤੀ ਰਾਹੀਂ ਆਪਣੇ ਏਜੰਟਾਂ ਦਾ ਕਬਜ਼ਾ ਕਰਵਾਉਣਾ।



Digitized by Panjab Digital Library | www.panjabdigilib.org

2 ਪਾਕਿਸਤਾਨ ਵਿਚ ਰਹਿ ਗਏ ਗੁਰਧਾਮਾਂ ਦੀ ਸੇਵਾ ਸੰਭਾਲ ਸਿੱਖਾਂ ਦੇ ਹੱਥਾਂ ਵਿਚ ਦਿਵਾਉਣ ਲਈ ਕੋਈ ਯਤਨ ਨਾ ਕਰਨਾ।

3 ਪ੍ਰਦੇਸ਼ਾਂ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਦੇ ਜਾਨ ਮਾਲ ਤੇ ਧਰਮ ਦੀ ਸੁਰੱਖਿਆ ਵਲੋਂ ਅਵੇਸਲੇ ਰਹਿਣਾ।

4 1971 ਵਿਚ ਦਿੱਲੀ ਦੇ ਗੁਰਦੁਆਰਿਆਂ ਤੇ ਜਬਰਨ ਕਬਜ਼ਾ ਕਰਨਾ ਤੇ 15,000 ਸਿੰਘਾਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਦਿੱਲੀ ਗੁਰਦੁਆਰਾ ਐਕਟ ਬਣਾਉਣਾ ਪਰ ਚੋਣਾਂ ਨਾ ਕਰਾਉਣੀਆਂ।

5 ਹਰਿਆਣੇ ਦੇ ਗੁਰਦੁਆਰਿਆਂ ਵਿਚ ਲੈਂਡ ਸੀਲਿੰਗ ਐਕਟ ਲਾਗੂ ਕਰਨਾ।

6 ਪੰਦਰਾਂ ਵੱਖ ਵੱਖ ਤੀਰਥ ਅਸਥਾਨਾਂ ਦੇ ਨਾਮ ਤੇ ਰੇਲ ਗੱਡੀਆਂ ਦੇ ਨਾਮ ਰੱਖਣੇ ਪਰ ਹਰਿਮੰਦਰ ਸਾਹਿਬ ਐਕਸਪ੍ਰੈਸ ਨਾਮ ਰੱਖਣ ਤੋਂ ਇਨਕਾਰ ਕਰਨਾ।

7 ਹਰਦੁਆਰ, ਕਾਂਸ਼ੀ ਤੇ ਕੁਰਕਸ਼ੇਤਰ ਸ਼ਹਿਰਾਂ ਨੂੰ ਧਾਰਮਿਕ ਸ਼ਹਿਰਾਂ ਦਾ ਦਰਜਾ ਦੇਣਾ ਪਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਧਾਰਮਿਕ ਸ਼ਹਿਰ ਦਾ ਦਰਜਾ ਦੇਣ ਤੋਂ ਵਾਵੇਲਾ ਕਰਨਾ।

8 ਦਰਬਾਰ ਸਾਹਿਬ ਵਿਚ ਟ੍ਰਾਂਸਮੀਟਰ ਲਾਉਣ ਦੀ ਆਗਿਆ ਨਾ ਦੇਣਾ।

9 ਆਲ ਇੰਡੀਆ ਗੁਰਦੁਆਰਾ ਐਕਟ ਨਾ ਬਣਾਉਣਾ।

10 ਸ਼੍ਰ: ਗੁ: ਪ੍ਰ: ਕਮੇਟੀ ਨੂੰ ਸਿੱਖਾਂ ਦੀ ਇਕੋ ਇਕ ਪ੍ਰਤੀਨਿਧ ਸੰਸਥਾ ਮੰਨਣ ਤੋਂ ਇਨਕਾਰੀ ਹੋਣਾ।

11 ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਾਕਿਸਤਾਨ ਤੀਰਥ ਯਾਤਰੂ ਭੇਜਣ ਦੇ ਹੱਕ ਤੇ ਛਾਪਾ ਮਾਰਨਾ।

12 ਸਿੱਖਾਂ ਦੀਆਂ ਧਾਰਮਿਕ ਰਹੁ ਰੀਤਾਂ ਵਿਚ ਦਖਲ ਦੇਣਾ ਤੇ ਸਿੱਖ ਪ੍ਰੰਪਰਾਵਾਂ ਤੇ ਰਵਾਇਤਾਂ ਦੀ ਪਵਿੱਤ੍ਰਤਾ ਨੂੰ ਭੰਗ ਕਰਨਾ।

13 ਸੈਕੂਲਰ ਦੀ ਢੰਡੋਰਚੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਗੈਰ - ਵਿਧਾਨਿਕ, ਪੂਰਨ ਤੇ ਸ਼ਕਤੀ ਪੁਲਿਸ ਦੀ ਸ਼ਰਮਨਾਕ ਵਰਤੋਂ ਕਰਕੇ ਦਿੱਲੀ ਦੇ ਗੁਰਧਾਮਾਂ ਤੇ ਕਬਜ਼ਾ ਕਰਨਾ।

14 ਕਾਂਗਰਸ ਨੇ ਸਿੱਖ ਕੌਮ ਨੂੰ ਰਾਜਸੀ ਵਚਨ ਦਿੱਤਾ ਸੀ ਕਿ ਉਤਰੀ ਭਾਰਤ ਵਿਚ ਇਕ ਅਜਿਹੇ ਖਿੱਤੇ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਸਿੱਖ ਆਜ਼ਾਦੀ ਦਾ ਪੂਰਨ ਆਨੰਦ ਮਾਣ ਸਕਣਗੇ, ਪਰ ਭਾਰਤ ਦੀ ਹੋਮ ਮਨਿਸਟਰੀ ਨੇ 1947 ਵਿਚ ਹੀ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕਰਾਰ ਦੇ ਦਿੱਤਾ।

15 ਭਾਰਤੀ ਵਿਧਾਨ ਅਸਲੀ ਫੈਡਰਲ ਰੂਪ ਵਿਚ ਢਾਲ ਕੇ ਪ੍ਰਦੇਸ਼ਾਂ ਨੂੰ ਅੰਦਰੂਨੀ ਖੁਦ - ਮੁਖਤਾਰੀ ਨਾ ਦੇਣਾ, ਸਗੋਂ ਰਾਜਸੀ ਸ਼ਕਤੀ ਦਾ ਕੇਂਦਰੀ - ਕਰਨ ਕਰਨਾ।

16 ਭਾਰਤ ਵਿਚ ਬੋਲੀ ਦੇ ਆਧਾਰ ਤੇ ਸੂਬੇ ਸਥਾਪਤ ਕਰਨਾ ਪਰ ਪੰਜਾਬੀ ਸੂਬੇ ਦੇ ਨਾਹਰੇ ਤੇ ਪਾਬੰਦੀ ਲਾਉਣੀ। ਸਿੱਖ ਕੌਮ ਨੇ 18 ਸਾਲ ਜਦੋਜਹਿਦ ਕਰਕੇ, ਜਾਇਦਾਦਾਂ ਕੁਰਕ ਕਰਾ ਕੇ, 75 ਹਜ਼ਾਰ ਸਿੰਘ ਜੇਲ੍ਹਾਂ ਵਿਚ ਜਾ ਕੇ, ਜੇਲ੍ਹਾਂ ਵਿਚ ਗੋਲੀਆਂ ਖਾ ਕੇ,



Digitized by Panjab Digital Library | www.panjabdigilib.org

ਬੱਚੇ ਖੂਹਾਂ ਵਿਚ ਸੁਟਵਾ ਕੇ, ਲਾਠੀ ਗੋਲੀ ਦੀ ਕਾਂਗਰਸ ਸਰਕਾਰ ਨੂੰ ਪੰਜਾਬੀ ਸੂਬਾ ਬਣਾਉਣ ਲਈ ਮਜ਼ਬੂਰ ਕੀਤਾ ।

17 ਪੰਜਾਬ ਤੋਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਹੈਡ ਵਰਕਸ ਦਾ ਪ੍ਰਬੰਧ ਤੇ ਦਰਿਆਵਾਂ ਦੇ ਪਾਣੀ ਤੇ ਬਿਜਲੀ ਨੂੰ ਖੋਹਣਾ ।

18 ਨਹਿਰੂ ਭਾਸ਼ਾਈ ਫਾਰਮੂਲੇ ਅਨੁਸਾਰ ਪੰਜਾਬ ਦੇ ਗੁਆਂਢੀ ਰਾਜਾਂ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਨਾ ਦੇਣਾ ।

19 ਸਿੱਖਾਂ ਦੀ ਫੌਜ ਵਿਚ ਭਰਤੀ 20 ਪ੍ਰਤੀਸ਼ਤ ਤੋਂ ਘਟਾ ਕੇ ਡੇਢ ਪ੍ਰਤੀਸ਼ਤ ਕਰ ਦੇਣੀ ।

20 ਸਿੱਖਾਂ ਦੇ ਇਕੋ ਇਕ ਪੰਜਾਬ ਐਂਡ ਸਿੰਧ ਬੈਂਕ ਦਾ ਕੌਮੀਕਰਨ ਕਰਨਾ ।

21 ਸਿੱਖਾਂ ਦਾ ਪਰਸਨਲ ਲਾਅ ਨਾ ਮੰਨਣਾ ।

22 ਸਿੱਖ ਸਭਿਆਚਾਰ ਦੀ ਪ੍ਰਫੁਲਤਾ ਲਈ ਰੇਡੀਓ ਅਤੇ ਟੀ. ਵੀ. ਰਾਹੀਂ ਕੋਈ ਉਦਮ ਨਾ ਕਰਨਾ, ਸਗੋਂ ਫਿਲਮਾਂ ਅਤੇ ਟੀ. ਵੀ. 'ਤੇ ਸਿੱਖ ਕਰੈਕਟਰ ਨੂੰ ਘਟੀਆ ਬਣਾ ਕੇ ਪੇਸ਼ ਕਰਨਾ ।

23 ਸਿੱਖ ਪੰਥ ਨੂੰ ਵਿਧਾਨ ਰਾਹੀਂ ਮਿਲੇ ਕ੍ਰਿਪਾਨ ਦੇ ਅਧਿਕਾਰ ਨੂੰ ਇੰਡੀਅਨ ਏਅਰਵੇਜ਼ ਦੇ ਜਹਾਜ਼ ਵਿਚ ਵਰਤਣ ਤੋਂ ਰੋਕਣਾ ।

24 ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਡਰਾਈਪੋਰਟ ਨਾ ਬਣਾਉਣਾ ।

25 ਪੰਜਾਬ ਨੂੰ ਸੈਂਟਰ ਏਡ ਵਿਚੋਂ ਸਭ ਤੋਂ ਘੱਟ ਰਕਮ ਦੇਣੀ ।

26 ਅਕਾਲੀ ਸਰਕਾਰਾਂ ਨੂੰ ਪੰਜ ਸਾਲ ਦਾ ਪੂਰਾ ਸਮਾਂ ਨਾ ਕਰਨ ਦੇਣਾ ਤੇ ਗ਼ੈਰ - ਵਿਧਾਨਿਕ ਤੇ ਭ੍ਰਿਸ਼ਟਾਚਾਰ ਰਾਹੀਂ ਦਲ - ਬਦਲੀ ਕਰਵਾ ਕੇ ਅਕਾਲੀ ਸਰਕਾਰਾਂ ਨੂੰ ਤੋੜਨਾ ।

27 ਪੰਜਾਬੀਆਂ ਉਪਰ ਬੇਵਿਸਵਾਸੀ ਪ੍ਰਗਟ ਕਰਦਿਆਂ ਨਿਜੀ ਸੁਰੱਖਿਆ ਲਈ ਦਿੱਤੇ ਲਾਇਸੰਸੀ ਹਥਿਆਰਾਂ ਨੂੰ ਖੋਹ ਕੇ ਉਨ੍ਹਾਂ ਨੂੰ ਨਿਹੱਥੇ ਬਣਾਉਣਾ ।

28 ਆਰਥਿਕ ਸ਼ਕਤੀ 5 ਪ੍ਰਤੀਸ਼ਤ ਅਮੀਰ ਲੋਕਾਂ ਦੇ ਹੱਥਾਂ ਵਿਚ ਇਕੱਠੀ ਕਰਕੇ ਅਮੀਰੀ ਤੇ ਗਰੀਬੀ ਦੇ ਪਾੜੇ ਨੂੰ ਵਧਾਉਣਾ ।

29 ਕਾਂਗਰਸ ਨੇ 34 ਸਾਲਾਂ ਦੇ ਰਾਜ ਕਾਲ ਵਿਚ 34 ਕਰੋੜ ਲੋਕਾਂ ਨੂੰ ਅਤੀ ਗਰੀਬ ਬਣਾ ਕੇ ਰੱਖ ਦੇਣਾ ।

30 ਪੰਜਾਬ ਨੂੰ ਤਜਾਰਤੀ ਮੰਡੀ ਬਣਾ ਕੇ ਇਸ ਦੀ ਲੁੱਟ ਖਸੁੱਟ ਕਰਨਾ ।

31 ਕਾਂਗਰਸ ਨੇ ਜਮਾਂ ਖੋਰੀ, ਮੁਨਾਫਾ - ਖੋਰੀ ਤੇ ਚੋਰ - ਬਾਜ਼ਾਰੀ ਨੂੰ ਬੜਾਵਾ ਦੇ ਕੇ ਜਨਤਾ ਨੂੰ ਮਹਿੰਗਾਈ ਦੀ ਚੱਕੀ ਵਿਚ ਪੀਸਣਾ ।

32 ਪੰਜਾਬੀ ਕਿਸਾਨਾਂ ਨੂੰ ਯੂ. ਪੀ. ਤੇ ਹਰਿਆਣੇ ਵਿਚੋਂ ਉਜਾੜਨ ਦੀਆਂ ਕੋਝੀਆਂ ਹਰਕਤਾਂ ਕਰਨੀਆਂ ।

33 ਪੰਜਾਬ ਨੂੰ ਆਰਥਿਕ ਪੱਖੋਂ ਪਛੜਿਆ ਰੱਖਣ ਲਈ ਪੰਜਾਬ ਵਿਚ ਵੱਡੇ ਕਾਰਖਾਨੇ ਨਾ ਲਾਉਣਾ ।



Digitized by Panjab Digital Library | www.panjabdigilib.org

34 ਕਿਸਾਨ ਦੀ ਜ਼ਮੀਨ ਦੀ ਹੱਦ ਸਾਢੇ 7 ਹੈਕਟਰ ਨਿਸਚਿਤ ਕਰਨਾ ਪਰ ਸ਼ਹਿਰੀ ਜਾਇਦਾਦ ਤੇ ਆਮਦਨ ਨੂੰ ਸੀਮਤ ਨਾ ਕਰਨਾ ।

35 ਕਿਸਾਨ ਨੂੰ ਫਸਲ ਦੇ ਬੀਮੇ ਦੀਆਂ ਸਹੂਲਤਾਂ ਨਾ ਦੇਣਾ ।

36 ਕਿਸਾਨਾ ਨੂੰ ਸਨਅਤੀ ਦਰਾਂ ਦੇ ਆਧਾਰ ਤੇ ਕਰਜ਼ਾ ਨਾ ਦੇਣਾ ।

37 ਕਿਸਾਨ ਦੀ ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਦੇ ਭਾਅ ਨਾਲ ਜੋੜ ਕੇ ਉਸ ਦੀ ਪੈਦਾਵਾਰ ਨੂੰ ਯੋਗ ਮੁੱਲ ਨਾ ਦੇਣਾ ।

38 ਕਿਸਾਨ ਦੀ ਜਿਨਸ ਨੂੰ ਸਸਤੇ ਭਾਅ ਲੁੱਟਣਾ ਤੇ ਖੱਪਤਕਾਰਾਂ ਨੂੰ ਮਹਿੰਗੇ ਭਾਅ ਵੇਚਣਾ

39 ਹਰੀਜਨਾਂ, ਕਮਜ਼ੋਰ ਵਰਗਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਦੇ ਹੱਕਾਂ ਦੀ ਰਾਖੀ ਲਈ ਯੋਗ ਕਦਮ ਨਾਂ ਪੁੱਟਣਾ ।

40 ਦੇਸ਼ ਵਿਚ ਵਾਪਰੇ ਹਰ ਕੁਦਰਤੀ ਤੇ ਗ਼ੈਰ - ਕੁਦਰਤੀ ਕਹਿਰ ਲਈ ਮਾਲੀ ਸਹਾਇਤਾ ਦੇਣਾ ਪਰ ਪੰਜਾਬ ਵਿਚ ਜੰਗਾਂ ਦੀ ਵਾਪਰੀ ਭਿਆਨਕ ਤਬਾਹੀ ਦਾ ਕੋਈ ਮੁਆਵਜ਼ਾ ਨਾ ਦੇਣਾ ।

41 ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਾ ਦੇਣਾ ।

42 ਪੈਦਾਵਾਰ ਦੀ ਕੀਮਤ ਪੱਕੇ ਮਾਲ ਦੀ ਕੀਮਤ ਤੇ ਤਨਖਾਹ ਦਾ ਇਨਸਾਫ ਦੇ ਆਧਾਰ ਤੇ ਸੁਮੇਲ ਨਾ ਕਰਨਾ ।

43 ਇੰਪਲਾਈਜ਼ ਇਨਸ਼ੋਰੈਂਸ ਸਕੀਮ ਤਹਿਤ ਜੋ ਮੈਡੀਕਲ ਸਹੂਲਤਾਂ ਫੈਕਟਰੀ ਕਾਮਿਆਂ ਨੂੰ ਦਿੱਤੀਆਂ ਜਾਂਦੀਆਂ ਹਨ, ਉਹ ਕਿਰਤੀ ਤੇ ਕਿਸਾਨਾਂ ਨੂੰ ਨਾ ਦੇਣਾ ।

44 ਕਿਸਾਨ ਦੀ ਸ਼ਹਿਰੀ ਜ਼ਮੀਨ ਨੂੰ ਕੌਡੀਆਂ ਦੇ ਭਾਅ ਜਬਰੀ ਖਰੀਦਣਾ ਤੇ ਅੱਗੋਂ ਸੋਨੇ ਦੇ ਭਾਅ ਵੇਚਣਾ ।

45 ਕਾਰਪੋਰੇਸ਼ਨ ਦੀ ਹੱਦ ਤੋਂ ਪੰਜ ਕਿਲੋਮੀਟਰ ਤੱਕ ਆਉਂਦੇ ਪਿੰਡਾਂ ਤੱਕ ਜ਼ਮੀਨ ਵੇਚਣ ਤੇ ਪਾਬੰਦੀ ਲਾਉਣੀ ।

46 ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਪਾਸ ਕੀਤੇ ਆਨੰਦਪੁਰ ਸਾਹਿਬ ਦੇ ਮਤੇ ਵਿਚਲੀਆਂ ਮੰਗਾਂ ਨੂੰ ਪ੍ਰਵਾਨ ਨਾ ਕਰਨਾ, ਸਗੋਂ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੇ ਅਮਲ ਕਰਦਿਆਂ ਹਿੰਦੂ ਸਿੱਖਾਂ ਵਿਚ ਫੁੱਟ ਪਾਉਣ ਦੀਆਂ ਅਤੇ ਫਿਰਕੂ ਦੰਗੇ ਕਰਾਉਣ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਨੀਆਂ ।

## ਵਿਸ਼ਵ ਸਿੱਖ ਧਰਮ ਕਨਵੈਨਸ਼ਨ ਵਿਚ ਹੇਠ ਲਿਖੇ ਮਤੇ ਸਰਬ ਸੰਮਤੀ ਨਾਲ ਪਾਸ ਕੀਤੇ:

### ਮਤਾ ਨੰਬਰ 1

ਅੱਜ ਦੀ ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਕਾਂਗਰਸ ਦੀ ਅਖੌਤੀ ਸੈਕੂਲਰ ਸਰਕਾਰ ਵਲੋਂ ਲਗਾਤਾਰ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖਲ ਅਤੇ ਡੂੰਘੀਆਂ ਸਾਜ਼ਿਸ਼ਾਂ ਨਾਲ ਸਿੱਖ ਗੁਰਦੁਆਰਿਆਂ ਤੇ ਕਬਜ਼ਾ ਕਰਨ ਦੀਆਂ ਕੋਝੀਆਂ ਚਾਲਾਂ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ ਅਤੇ ਧਰਮ ਤੇ ਜਮਹੂਰੀਅਤ ਦੇ ਅਸੂਲਾਂ ਨੂੰ ਛਿੱਕੇ ਤੇ ਟੰਗ ਕੇ ਦਿੱਲੀ ਦੇ



Digitized by Panjab Digital Library | www.panjabdigilib.org

ਗੁਰਦੁਆਰਾ ਪ੍ਰਬੰਧ ਨੂੰ ਆਪਣੇ ਇਕ ਪਿੱਠੂ ਰਾਹੀਂ ਬਟੋਰਨ ਦੀ ਨਿੰਦਣਯੋਗ ਕਾਰਵਾਈ ਨੂੰ ਸਿੱਖ ਧਰਮ ਵਿਚ ਸਿੱਧਾ ਦਖਲ ਅਤੇ ਸਿੱਖ ਕੌਮ ਲਈ ਅਸਹਿ ਸਮਝਦੀ ਹੈ ।

ਇਹ ਕਨਵੈਨਸ਼ਨ ਭਾਰਤ ਸਰਕਾਰ ਦੀ ਉਸ ਨੀਤੀ ਦਾ ਭੀ ਪੁਰਜ਼ੋਰ ਖੰਡਨ ਕਰਦੀ ਹੈ, ਜਿਸ ਰਾਹੀਂ ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਪਾਕਿਸਤਾਨ ਦੀ ਯਾਤਰਾ ਲਈ ਜਥੇ ਲਿਜਾਣ ਦੇ ਹੱਕ ਨੂੰ ਖੋਹ ਕੇ ਸ਼੍ਰੋਮਣੀ ਕਮੇਟੀ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ ਅਤੇ ਨਨਕਾਣਾ ਸਾਹਿਬ ਬਾਰੇ ਤੇ ਪਾਕਿਸਤਾਨ ਵਿਚ ਰਹਿ ਗਏ ਹੋਰ ਗੁਰਧਾਮਾਂ ਦੀ ਸੇਵਾ ਸੰਭਾਲ ਤੋਂ ਸਿੱਖ ਕੌਮ ਨੂੰ ਮਹਿਰੂਮ ਕੀਤਾ ਹੈ ਅਤੇ ਸਮੁੱਚੀ ਸਿੱਖ ਕੌਮ ਤੇ ਜਜ਼ਬਾਤ ਨੂੰ ਠੇਸ ਪਹੁੰਚਾਈ ਹੈ ।

ਸਰਕਾਰ ਦੀ ਇਸ ਕੁਟਲ ਨੀਤੀ ਦੇ ਟਾਕਰੇ ਲਈ ਅਤੇ ਸਰਕਾਰ ਦਾ ਇਹ ਚੈਲੰਜ ਪਰਵਾਨ ਕਰਦੀ ਹੋਈ ਇਹ 'ਵਿਸ਼ਵ ਸਿੱਖ ਧਰਮ ਕਨਵੈਨਸ਼ਨ' ਸ਼ਰੋਮਣੀ ਅਕਾਲੀ ਦਲ ਨੂੰ ਆਦੇਸ਼ ਦਿੰਦੀ ਹੈ ਕਿ, ਸਿੱਖਾਂ ਦੇ ਧਰਮ ਵਿਚ ਲਗਾਤਾਰ ਦਿੱਤੇ ਜਾ ਰਹੇ ਸਰਕਾਰੀ ਦਖਲ ਨੂੰ ਸਿੱਖ ਭਾਵਨਾਵਾਂ ਦੇ ਬਾਰ ਬਾਰ ਕਤਲ ਅਤੇ ਸਿੱਖ ਧਰਮ ਦੀ ਪਵਿੱਤ੍ਰਤਾ ਭੰਗ ਕਰਨ ਦੀਆਂ ਸਰਕਾਰ ਦੀਆਂ ਕਾਰਵਾਈਆਂ ਖਤਮ ਕਰਨ ਲਈ ਧਰਮ ਯੁੱਧ ਲਈ ਪ੍ਰੋਗਰਾਮ ਉਲੀਕ ਕੇ ਸੰਘਰਸ਼ ਆਰੰਭ ਕਰੇ ।

ਇਹ ਕਨਵੈਨਸ਼ਨ ਸਮੂੰਹ ਸਿੱਖ ਸੰਗਤਾਂ ਨੂੰ ਅਪੀਲ ਕਰਦੀ ਹੈ ਕਿ, ਉਹ ਇਸ ਸੰਘਰਸ਼ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਹਰ ਪ੍ਰਕਾਰ ਦਾ ਮਿਲਵਰਤਣ ਦੇਣ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਤੋਂ ਵੀ ਸੰਕੋਚ ਨਾ ਕਰਨ ।

## ਮਤਾ ਨੰਬਰ 2

ਅੱਜ ਦੀ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਸ਼ਰੋਮਣੀ ਅਕਾਲੀ ਦਲ ਵਲੋਂ ਪ੍ਰਵਾਣਿਤ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਸਿੱਖ ਕੌਮ ਦੇ ਮਿਥੇ ਹੋਏ ਨਿਸ਼ਾਨਿਆਂ ਨੂੰ ਪ੍ਰਵਾਨ ਕਰਦੀ ਹੈ ਅਤੇ ਸ਼ਰੋਮਣੀ ਅਕਾਲੀ ਦਲ ਨੂੰ ਪੂਰਨ ਅਧਿਕਾਰ ਦਿੰਦੀ ਹੈ ਕਿ ਉਹ ਇਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਲਈ ਪ੍ਰੋਗਰਾਮ ਉਲੀਕ ਕੇ ਜਦੋਜਹਿਦ ਆਰੰਭ ਕਰੇ । ਸਰਬ ਸਿੱਖ ਸੰਸਾਰ ਉਸ ਨੂੰ ਪੂਰਨ ਮਿਲਵਰਤਣ ਦੇਵੇਗਾ ਅਤੇ ਕੁਰਬਾਨੀਆਂ ਕਰਨ ਨੂੰ ਤਤਪਰ ਰਹੇਗਾ ।

ਇਹ ਕਨਵੈਨਸ਼ਨ ਇਹ ਵੀ ਸਪੱਸ਼ਟ ਕਰਦੀ ਹੈ ਕਿ ਸਾਡਾ ਦੇਸ਼ ਤੋਂ ਵੱਖ ਹੋਣ ਦਾ ਕੋਈ ਪ੍ਰੋਗਰਾਮ ਨਹੀਂ ਸੀ ਤੇ ਨਾ ਹੈ ।

## ਮਤਾ ਨੰਬਰ 3

ਅੱਜ ਦੀ ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਇਸ ਹਕੀਕਤ ਨੂੰ ਦੁਹਰਾਉਂਦੀ ਹੈ ਕਿ, ਇਹ ਭਾਰਤ ਇਕ ਬਹੁ - ਕੌਮੀ ਦੇਸ਼ ਹੈ । ਇਹ ਕਨਵੈਨਸ਼ਨ ਸਪੱਸ਼ਟ ਐਲਾਨ ਕਰਦੀ ਹੈ ਕਿ, ਸਿੱਖ ਇਕ ਵੱਖਰੀ ਕੌਮ ਹੈ; ਜਿਸ ਦਾ ਧਾਰਮਿਕ, ਰਾਜਨੀਤਕ, ਇਤਿਹਾਸਕ ਅਤੇ ਸਭਿਆਚਾਰਕ ਵਿਰਸਾ ਇਸ ਗੱਲ ਨੂੰ ਭਲੀ ਭਾਂਤ ਪ੍ਰਗਟ ਕਰਦਾ ਹੈ ।

## ਮਤਾ ਨੰਬਰ 4

ਅੱਜ ਦੀ ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਬਰਤਾਨੀਆ ਵਿਚ ਹੋ ਰਹੇ ਨਸਲੀ ਦੰਗਿਆਂ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ । ਇਹ ਕਨਵੈਨਸ਼ਨ ਬਰਤਾਨੀਆ ਵਿਚ ਵਸਦੇ ਏਸ਼ੀਅਨ ਲੋਕਾਂ, ਭਾਰਤੀਆਂ ਅਤੇ ਖਾਸ ਕਰਕੇ ਸਿੱਖਾਂ ਅਤੇ ਪੰਜਾਬੀਆਂ ਦੇ ਜਾਨ ਮਾਲ



Digitized by Panjab Digital Library | www.panjabdigilib.org

ਤੇ ਹੋਏ ਹਮਲਿਆਂ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ ਅਤੇ ਬਰਤਾਨੀਆ ਸਰਕਾਰ ਵਲੋਂ ਉਨ੍ਹਾਂ ਦੇ ਜਾਨ ਮਾਲ ਦੀ ਰੱਖਿਆ ਕਰਨ ਵਿਚ ਅਸਫਲਤਾ ਅਤੇ ਦੰਗੇ ਨਾ ਰੋਕਣ ਦੀ ਕਾਰਵਾਈ ਦੀ ਕਰੜੀ ਨਿੰਦਾ ਕਰਦੀ ਹੈ ।

ਇਹ ਕਨਵੈਨਸ਼ਨ ਭਾਰਤ ਸਰਕਾਰ ਵਲੋਂ ਬਰਤਾਨੀਆ ਦਾ ਨਸਲੀ ਕਾਨੂੰਨ ਵਾਪਸ ਕਰਵਾਉਣ ਵਿਚ ਅਸਫਲਤਾ ਦੀ ਭੀ ਨਿਖੇਧੀ ਕਰਦੀ ਹੈ ਅਤੇ ਭਾਰਤ ਸਰਕਾਰ ਤੇ ਜ਼ੋਰ ਦਿੰਦੀ ਹੈ ਕਿ, ਉਹ ਬਰਤਾਨੀਆ ਵਿਚ ਵਸਦੇ ਭਾਰਤੀਆਂ ਦੀ ਚਿਰਾਂ ਤੋਂ ਚਲੀ ਆ ਰਹੀ ਦੂਹਰੀ ਸ਼ਹਿਰੀਅਤ ਦੀ ਮੰਗ ਨੂੰ ਤੁਰੰਤ ਹੀ ਪਰਵਾਨ ਕਰੇ ।

## ਮਤਾ ਨੰਬਰ 5

ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਯੂ. ਪੀ. ਪ੍ਰਦੇਸ਼ ਸਰਕਾਰ ਦੀ ਸਿੱਖ ਕ੍ਰਿਸਾਨਾਂ ਨੂੰ ਉਜਾੜਨ ਦੀ ਨੀਤੀ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ, ਜਿਸ ਨਾਲ ਉਨ੍ਹਾਂ ਵਲੋਂ ਲਗਨ, ਮਿਹਨਤ ਅਤੇ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਖਰੀਦ ਕੇ ਪ੍ਰਫੁਲਤ ਕੀਤੀਆਂ ਜਾ ਰਹੀਆਂ ਬੰਜਰ ਜ਼ਮੀਨਾਂ ਆਬਾਦ ਕੀਤੀਆਂ ਅਤੇ ਦੇਸ਼ ਦੇ ਅੰਨ - ਭੰਡਾਰ ਵਿਚ ਸ਼ਲਾਘਾਯੋਗ ਹਿੱਸਾ ਪਾਇਆ । ਇਨ੍ਹਾਂ ਜ਼ਮੀਨਾਂ ਤੋਂ ਉਨ੍ਹਾਂ ਨੂੰ ਬੇਦਖਲ ਕਰਨ ਦੀਆਂ ਕੋਝੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ । ਇਹ ਕਨਵੈਨਸ਼ਨ ਮਹਿਸੂਸ ਕਰਦੀ ਹੈ ਕਿ, ਸ਼੍ਰੋਮਣੀ ਅਕਾਲੀ ਦਲ ਵਲੋਂ ਸਮੇਂ ਸਮੇਂ ਉਠਾਈ ਆਵਾਜ਼ ਕਾਰਨ ਇਹ ਬੇਦਖਲੀਆਂ ਆਰਜ਼ੀ ਤੌਰ 'ਤੇ ਰੋਕੀਆਂ ਜਾਂਦੀਆਂ ਰਹੀਆਂ ਹਨ ਪਰ ਕਿਸੇ ਨਾ ਕਿਸੇ ਢੰਗ ਨਾਲ ਕੋਈ ਨਾ ਕੋਈ ਗ਼ੈਰ - ਕਾਨੂੰਨੀ ਅਤੇ ਕੁਦਰਤੀ ਤਲਵਾਰ ਉਨ੍ਹਾਂ ਦੇ ਸਿਰਾਂ 'ਤੇ ਲਟਕਦੀ ਰਹਿੰਦੀ ਹੈ । ਇਹ ਕਨਵੈਨਸ਼ਨ ਯੂ. ਪੀ. ਸਰਕਾਰ ਤੋਂ ਮੰਗ ਕਰਦੀ ਹੈ ਕਿ, ਉਸ ਵਲੋਂ ਇਨ੍ਹਾਂ ਦੀ ਬੇਦਖਲੀ ਲਈ ਜਾਰੀ ਕੀਤਾ ਆਰਡੀਨੈਂਸ ਤੁਰੰਤ ਵਾਪਸ ਲੈ ਕੇ ਉਨ੍ਹਾਂ ਵਿਚੋਂ ਉਜਾੜੇ ਦਾ ਸਹਿਮ ਸਦਾ ਲਈ ਖਤਮ ਕਰਕੇ ਉਨ੍ਹਾਂ ਨੂੰ ਮਾਲਕੀ ਹੱਕ ਦੇਵੇ ਅਤੇ ਉਨ੍ਹਾਂ ਦੀ ਪੈਦਾਵਾਰ ਵਿਚ ਵਾਧਾ ਕਰਨ ਦੇ ਉਦਮ ਜਾਰੀ ਰੱਖਣ ਲਈ ਉਤਸਾਹਿਤ ਕੀਤਾ ਜਾਵੇ ।

## ਮਤਾ ਨੰਬਰ 6

ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਕੇਂਦਰੀ ਸਰਕਾਰ ਦੀ ਕ੍ਰਿਸਾਨ ਅਤੇ ਲੋਕ ਮਾਰੂ ਨੀਤੀ ਦਾ ਖੰਡਨ ਕਰਦੀ ਹੈ ਅਤੇ ਪੁਰਜ਼ੋਰ ਸ਼ਬਦਾਂ ਵਿਚ ਮੰਗ ਕਰਦੀ ਹੈ ਕਿ ਆਮ ਕ੍ਰਿਸਾਨ ਨਾਲ ਨਿਤ ਵਰਤੋਂ ਦੀਆਂ ਵਸਤੂਆਂ ਖਾਦ, ਡੀਜ਼ਲ ਆਦਿ ਦੇ ਭਾਅ ਘਟਾਏ ਜਾਣ ਅਤੇ ਕ੍ਰਿਸਾਨ ਦੀ ਉਪਜ ਦੀਆਂ ਕੀਮਤਾਂ ਸਨਅਤੀ ਪੈਦਾਵਾਰ ਦੀਆਂ ਕੀਮਤਾਂ ਨਾਲ ਅਤੇ ਪ੍ਰਾਈਸ - ਇੰਡੈਕਸ ਨਾਲ ਜੋੜੀਆਂ ਜਾਣ, ਤਾਂ ਜੋ ਕ੍ਰਿਸਾਨ ਦੇ ਗਾੜ੍ਹੇ ਪਸੀਨੇ ਦੀ ਕਮਾਈ ਦੀ ਲੁੱਟ ਖਸੁੱਟ ਬੰਦ ਹੋਵੇ ।

ਇਹ ਵੀ ਮੰਗ ਕੀਤੀ ਜਾਂਦੀ ਹੈ ਕਿ ਕ੍ਰਿਸਾਨਾਂ ਅਤੇ ਸਨਅਤੀ ਅਦਾਰਿਆਂ ਦੀ ਬਿਜਲੀ ਸਪਲਾਈ ਯਕੀਨੀ ਬਣਾ ਕੇ ਉਨ੍ਹਾਂ ਨੂੰ ਰਾਜ ਵਿਚ ਪੈਦਾਵਾਰ ਲਈ ਉਦਮਸ਼ੀਲ ਬਣਾਇਆ ਜਾਵੇ ।

## ਮਤਾ ਨੰਬਰ 7

ਇਹ ਵਿਸ਼ਵ ਸਿੱਖ ਧਰਮ ਕਨਵੈਨਸ਼ਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨਾਂ ਨੂੰ ਝੂਠੇ ਅਤੇ ਬੇਬੁਨਿਆਦ ਮੁਕਦਮੇ ਬਣਾ ਕੇ ਸਰਕਾਰ ਦੀ ਗ੍ਰਿਫਤਾਰ ਕਰਨ ਦੀ ਕਾਰਵਾਈ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਨ੍ਹਾਂ ਨੂੰ ਤੁਰੰਤ ਰਿਹਾ ਕਰਕੇ ਝੂਠੇ ਕੇਸ ਸੁਲਝਾਉਣ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ ।



Digitized by Panjab Digital Library | www.panjabdigilib.org

## ਮਤਾ ਨੰਬਰ 8

ਵਿਸ਼ਵ ਸਿੱਖ ਕਨਵੈਨਸ਼ਨ ਮਹਿਸੂਸ ਕਰਦੀ ਹੈ ਕਿ ਭਾਰਤ ਦੇ ਕੁਝ ਧਾਰਮਿਕ ਸ਼ਹਿਰਾਂ - ਕਾਸ਼ੀਪੁਰੀ, ਕੁਰਕਸ਼ੇਤਰ ਤੇ ਹਰਿਦੁਆਰ ਨੂੰ ਧਾਰਮਿਕ ਸ਼ਹਿਰ ਕਰਾਰ ਦੇ ਕੇ ਮਾਨਤਾ ਦੇਣੀ ਅਤੇ ਸ੍ਰੀ ਅੰਮ੍ਰਿਤਸਰ ਦੇ ਪਵਿੱਤਰ ਧਾਰਮਿਕ ਸ਼ਹਿਰ ਨੂੰ ਅਜਿਹੀ ਮਾਨਤਾ ਨਾ ਦੇਣੀ ਇਕ ਬਹੁਤ ਵੱਡੀ ਬੇਇਨਸਾਫੀ ਹੈ, ਜਿਸ ਨੂੰ ਤੁਰੰਤ ਦੂਰ ਕਰ ਕੇ ਇਸ ਪਾਵਨ ਨਗਰੀ ਨੂੰ ਪਵਿੱਤਰ ਸ਼ਹਿਰ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਇਥੇ ਹਰ ਪ੍ਰਕਾਰ ਦੇ ਤੰਬਾਕੂ ਅਤੇ ਹੋਰ ਨਸ਼ੇ ਵਿਵਰਜਤ ਕਰਾਰ ਦਿੱਤੇ ਜਾਣ ।

## ਮਤਾ ਨੰਬਰ 9

ਵਿਸ਼ਵ ਸਿੱਖ ਧਰਮ ਕਨਵੈਨਸ਼ਨ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੂੰ ਪੂਰਨ ਅਧਿਕਾਰ ਦਿੰਦੀ ਹੈ ਕਿ ਉਹ ਧਾਰਮਿਕ, ਰਾਜਸੀ, ਆਰਥਿਕ, ਅਧੀਨਗੀ ਤੇ ਅਸਮਾਨਤਾ ਦੀਆਂ ਜੰਜ਼ੀਰਾਂ ਤੋੜਨ ਲਈ ਧਰਮ ਯੁੱਧ ਆਰੰਭ ਕਰਕੇ ਲੋੜੀਂਦੇ ਕਦਮ ਚੁੱਕਣ । ਸਿੱਖ ਕੌਮ ਉਨ੍ਹਾਂ ਦੇ ਹਰ ਆਦੇਸ਼ ਤੇ ਕੁਰਬਾਨੀ ਦੇਵੇਗੀ ।

ਭਾਰਤ ਸਰਕਾਰ ਨੇ ਅਕਾਲੀ ਦਲ ਦੀਆਂ ਮੰਗਾਂ ਵੱਲ ਕੋਈ ਧਿਆਨ ਨਾ ਦਿੱਤਾ ਤਾਂ ਸ਼੍ਰੋਮਣੀ ਅਕਾਲੀ ਦਲ ਨੇ 7 ਸਤੰਬਰ ਨੂੰ ਦਿੱਲੀ ਵਿਖੇ ਰੋਸ ਮੁਜਾਹਰਾ ਕਰਨ ਦਾ ਐਲਾਨ ਕਰ ਦਿੱਤਾ । ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਨੇ ਇਸ ਮੁਜਾਹਰੇ ਨੂੰ ਰੋਕਣ ਲਈ ਹਰ ਤਰ੍ਹਾਂ ਦਾ ਜਬਰ ਤੇ ਤਸ਼ੱਦਦ ਕੀਤਾ । ਦਿੱਲੀ ਜਾਂਦੇ ਸਿੰਘਾਂ ਦੀ ਥਾਂ ਥਾਂ ਚੈਕਿੰਗ ਕੀਤੀ ਗਈ । ਹਰਿਆਣੇ ਵਿਚ 'ਮਧੂਬਨ' ਦੇ ਅਸਥਾਨ ਤੇ ਅੰਧਾਧੁੰਦ ਲਾਠੀਚਾਰਜ ਤੋਂ ਬਾਦ ਗੋਲੀਆਂ ਦੀ ਵਾਛੜ ਕੀਤੀ ਗਈ, ਜਿਸ ਨਾਲ ਤਿੰਨ ਸਿੰਘ ਸ਼ਹੀਦੀ ਪਾ ਗਏ ਅਤੇ ਸੈਂਕੜੇ ਜ਼ਖਮੀਂ ਹੋ ਗਏ ਪਰ ਫਿਰ ਵੀ ਗੁਰੂ ਦੇ ਸਿੰਘ ਕੋਈ ਪ੍ਰਵਾਹ ਨਾ ਕਰਦੇ ਹੋਏ ਦਿੱਲੀ ਵੱਲ ਵਧਦੇ ਗਏ । ਇਸ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ, ਫਿਰੋਜ਼ਪੁਰ ਤੇ ਬਠਿੰਡਾ ਆਦਿ ਸ਼ਹਿਰਾਂ ਵਿਚ ਸਟੇਸ਼ਨਾਂ ਤੇ ਸਿੰਘਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਭਾਰੀ ਤਸ਼ੱਦਦ ਕੀਤਾ । ਇੰਨੀ ਸਖਤੀ ਹੋਣ ਦੇ ਬਾਵਜੂਦ 3 ਲੱਖ ਸਿੰਘਾਂ ਨੇ ਦਿੱਲੀ ਦੀਆਂ ਸੜਕਾਂ ਤੇ ਸ਼ਾਂਤਮਈ ਜਲੂਸ ਕੱਢਿਆ ਤੇ ਸੰਤ ਜੀ ਨੇ ਦਫਾ 144 ਤੋੜਦਿਆਂ ਹੋਇਆ 10 ਹਜ਼ਾਰ ਸਿੰਘਾਂ ਨਾਲ ਗ੍ਰਿਫਤਾਰੀ ਦਿੱਤੀ ਪਰ ਸ਼ਾਮ ਨੂੰ 7 ਵਜੇ ਫੜੇ ਸਿੰਘਾਂ ਨੂੰ ਛੱਡ ਕੇ ਪੁਲਿਸ ਦੌੜ ਗਈ ਅਤੇ ਸਰਕਾਰ ਘਬਰਾ ਗਈ ।

9 ਸਤੰਬਰ ਨੂੰ ਲਾਲਾ ਜਗਤ ਨਾਰਾਇਣ ਦਾ ਕਤਲ ਹੋ ਗਿਆ । ਇਸ ਕਤਲ ਕੇਸ ਵਿਚ ਸਰਕਾਰ ਨੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਫਸਾਉਣਾ ਚਾਹਿਆ ਪਰ ਸੰਤ ਜੀ ਉਸ ਸਮੇਂ ਹਰਿਆਣਾ ਦੇ ਇਕ ਪਿੰਡ ਚੰਦੋਕਲਾਂ ਵਿਚ ਕਥਾ ਕਰ ਰਹੇ ਸਨ । ਜਦ ਸੰਤਾਂ ਨੂੰ ਗ੍ਰਿਫਤਾਰੀ ਦੇ ਵਾਰੰਟ ਦੀ ਖਬਰ ਹੋਈ ਤਾਂ ਆਪ ਰਾਤੋ ਰਾਤ ਮਹਿਤੇ ਪਹੁੰਚ ਗਏ ਪਰ ਪਿੱਛੋਂ ਪੰਜਾਬ ਤੇ ਹਰਿਆਣਾ ਪੁਲਿਸ ਨੇ ਚੰਦੋਕਲਾਂ ਪਿੰਡ ਨੂੰ ਘੇਰ ਕੇ ਅੰਧਾਧੁੰਦ ਗੋਲੀ ਚਲਾਈ । ਸੰਤਾਂ ਦੀਆਂ ਬੱਸਾਂ ਸਾੜ ਦਿੱਤੀਆਂ, ਜਿਸ ਵਿਚ ਗੁਰੂ ਗਰੰਥ ਸਾਹਿਬ ਜੀ ਦੀਆਂ ਸੈਂਚੀਆਂ, ਸੰਤ ਗੁਰਬਚਨ ਸਿੰਘ ਜੀ ਖਾਲਸਾ ਤੇ ਮਹਾਂਪੁਰਸ਼ਾਂ ਦੀਆਂ ਕਥਾ ਦੀਆਂ ਟੇਪ ਕੀਤੀਆਂ ਹੋਈਆਂ ਟੇਪਾਂ ਤੇ ਹੋਰ ਬਹੁਤ ਧਾਰਮਿਕ ਲਿਟਰੇਚਰ ਸੀ । ਸੰਤ ਭਿੰਡਰਾਂਵਾਲਿਆਂ ਨੇ 20 ਸਤੰਬਰ ਨੂੰ ਗ੍ਰਿਫਤਾਰੀ ਦੇਣ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ । ਮਹਿਤੇ ਵਿਚ ਸੰਗਤਾਂ ਪੁੱਜਣੀਆਂ ਸ਼ੁਰੂ ਹੋ ਗਈਆਂ । 20 ਸਤੰਬਰ 1981 ਨੂੰ ਲੱਖਾਂ ਦੀ ਗਿਣਤੀ ਦੇ ਇਕੱਠ ਵਿਚ ਸੰਤਾਂ ਨੇ ਗ੍ਰਿਫਤਾਰੀ ਦਿੱਤੀ । ਜਦ ਸ਼ਾਂਤਮਈ ਢੰਗ ਨਾਲ ਗ੍ਰਿਫਤਾਰੀ ਹੋ ਗਈ ਤਾਂ ਬਾਅਦ ਵਿਚ ਪੁਲਿਸ ਨੇ ਗੋਲੀ ਚਲਾ ਦਿੱਤੀ, ਜਿਸ ਨਾਲ 24 ਸਿੰਘ ਸ਼ਹੀਦੀ ਪਾ ਗਏ ਅਤੇ ਸੈਂਕੜੇ ਜ਼ਖਮੀਂ ਹੋ ਗਏ ।



Digitized by Panjab Digital Library | www.panjabdigilib.org

ਸੰਤਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਵਿਚ ਪੂਰੀ ਗੜਬੜ ਫੈਲ ਗਈ। ਥਾਂ ਥਾਂ ਮੁਜਾਹਰੇ, ਬੰਬ ਧਮਾਕੇ, ਰੇਲਾਂ ਗੱਡੀਆਂ ਦਾ ਪਟੜੀਆਂ ਤੋਂ ਉਤਰਨਾ, ਥਾਂ ਥਾਂ ਅੱਗਾਂ ਲੱਗਣੀਆਂ ਸ਼ੁਰੂ ਹੋ ਗਈਆਂ । ਇਹ ਦੇਖ ਕੇ ਸਰਕਾਰ ਘਬਰਾ ਗਈ.। ਇੰਦਰਾ ਗਾਂਧੀ ਨੇ ਵਿਦੇਸ਼ ਜਾਣਾ ਸੀ ਪਰ ਪਹਿਲਾਂ ਚੰਡੀਗੜ੍ਹ ਆਈ ਕਿ ਅਕਾਲੀ ਨੇਤਾਵਾਂ ਨਾਲ ਗੱਲਬਾਤ ਕੀਤੀ ਜਾ ਸਕੇ ।

27 ਸਤੰਬਰ ਦੀ ਆਲਮਗੀਰ ਕਾਨਫਰੰਸ ਵਿਚ ਬੋਲਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ, ਜੇ 16 ਅਕਤੂਬਰ ਤੱਕ ਸੰਤ ਭਿੰਡਰਾਂਵਾਲਿਆਂ ਨੂੰ ਰਿਹਾ ਨਾ ਕੀਤਾ ਤੇ ਸਿੱਖ ਮੰਗਾਂ ਨਾ ਮੰਨੀਆਂ ਤਾਂ 17 ਅਕਤੂਬਰ ਤੋਂ ਸਿਵਲ ਨਾ ਫੁਰਮਾਨੀ ਸ਼ੁਰੂ ਕਰ ਦਿੱਤੀ ਜਾਵੇਗੀ । ਪੰਜਾਬ ਦੀ ਸਥਿਤੀ ਵਿਗੜਦੀ ਗਈ । 29 ਸਤੰਬਰ ਨੂੰ ਦਲ ਖਾਲਸਾ ਦੇ ਪੰਜ ਨੌਜਵਾਨਾਂ ਨੇ ਭਾਰਤੀ ਹਵਾਈ ਜਹਾਜ਼ ਅਗਵਾ ਕੀਤਾ ਤੇ ਪਾਕਿਸਤਾਨ ਲੈ ਗਏ । ਪੰਜਾਬ ਦੀ ਸਥਿਤੀ ਨੂੰ ਵੇਖਦਿਆਂ ਸ੍ਰੀਮਤੀ ਇੰਦਰਾ ਗਾਂਧੀ ਨੇ ਅਕਾਲੀ ਨੇਤਾਵਾਂ ਨੂੰ 13 ਅਕਤੂਬਰ ਨੂੰ ਗੱਲਬਾਤ ਦਾ ਸੱਦਾ ਦਿੱਤਾ ਪਰ ਅਕਾਲੀ ਨੇਤਾਵਾਂ ਨੇ ਸਪੱਸ਼ਟ ਕਿਹਾ ਕਿ, ਜਦ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਰਿਹਾ ਨਹੀਂ ਕੀਤਾ ਜਾਂਦਾ, 'ਚੰਦੋਕਲਾਂ ਅਤੇ ਚੌਕ ਮਹਿਤਾ ਵਿਚ ਹੋਏ ਜਬਰ ਤੇ ਕਤਲੇਆਮ ਦੀ ਜੁਡੀਸ਼ਲ ਜਾਂਚ ਦੀ ਸ਼ਰਤ ਨਹੀਂ ਮੰਨੀ ਜਾਂਦੀ, ਅਸੀਂ ਕੋਈ ਗੱਲ ਕਰਨ ਲਈ ਤਿਆਰ ਨਹੀਂ। ਅਖੀਰ 15 ਅਕਤੂਬਰ ਨੂੰ ਸੰਤ ਭਿੰਡਰਾਂਵਾਲਿਆਂ ਨੂੰ ਰਿਹਾ ਕਰ ਦਿੱਤਾ ਅਤੇ ਚੰਦੋਕਲਾਂ ਤੇ ਚੌਕ ਮਹਿਤੇ ਦੀ ਜੁਡੀਸ਼ੀਅਲ ਜਾਂਚ ਦੇ ਹੁਕਮ ਦੇ ਦਿੱਤੇ ।

ਅਕਾਲੀ ਨੇਤਾਵਾਂ ਦੀ ਬੀਬੀ ਇੰਦਰਾ ਨਾਲ ਗੱਲਬਾਤ ਹੋਈ ਪਰ ਕੋਈ ਗੱਲ ਸਿਰੇ ਨਾ ਲੱਗੀ। ਪੰਜਾਬ ਵਿਚ ਦਰਬਾਰਾ ਸਿੰਘ ਨੂੰ ਆਪਣੀ ਕੁਰਸੀ ਦਾ ਫਿਕਰ ਪੈ ਗਿਆ। ਉਸ ਨੇ ਸਿੱਖ ਨੌਜਵਾਨਾਂ ਤੇ ਅੰਮ੍ਰਿਤਧਾਰੀ ਸਿੰਘਾਂ ਅਤੇ ਬੀਬੀਆਂ ਤੇ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ। ਨਿਰਦੋਸ਼ ਸਿੰਘਾਂ ਨੂੰ ਪੁਲਿਸ ਥਾਣਿਆਂ ਵਿਚ ਕੁੱਟਿਆ ਗਿਆ । ਸ਼ਰੋਮਣੀ ਅਕਾਲੀ ਦਲ ਨੇ ਇਸ ਨਾਜ਼ਕ ਸਮੇਂ ਜਿਸ ਥਾਂ ਤੇ ਤਸ਼ੱਦਦ ਹੋਇਆ, ਉਥੇ ਕਾਨਫਰੰਸਾਂ ਰੱਖ ਦਿੱਤੀਆਂ ਤੇ ਸਿੰਘਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ । ਕੇਂਦਰ ਨਾਲ ਫਿਰ ਗੱਲਬਾਤ ਹੋਈ ਪਰ ਕੋਈ ਗੱਲ ਸਿਰੇ ਨਾ ਚੜ੍ਹੀ ਮੰਗਾਂ ਬਿਲਕੁਲ ਸਪੱਸ਼ਟ ਸਨ ਪਰ ਉਹ ਸਿੱਖਾਂ ਨੂੰ ਜਲੀਲ ਕਰਨਾ ਚਾਹੁੰਦੇ ਹਨ। ਅਖੀਰ 8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਨੇ ਰਾਵੀ ਬਿਆਸ ਪਾਣੀ ਦੇ ਮਸਲੇ ਨੂੰ ਲਮਕਾਉਂਦਿਆਂ ਸਤਲੁਜ - ਯਮਨਾ ਲਿੰਕ ਨਹਿਰ ਦਾ ਉਦਘਾਟਨ ਕੀਤਾ ਤਾਂ ਦੂਜੇ ਪਾਸੇ ਸੰਤ ਹਰਚੰਦ ਸਿੰਘ ਨੇ ਘਨੌਰ ਅਕਾਲੀ ਕਾਨਫਰੰਸ ਸੱਦ ਕੇ ਲੱਖਾਂ ਦੀ ਹਾਜ਼ਰੀ ਵਿਚ 24 ਅਪਰੈਲ ਤੋਂ 'ਨਹਿਰ ਰੋਕੂ' ਮੋਰਚੇ ਦਾ ਐਲਾਨ ਕਰ ਦਿੱਤਾ। ਇਸ 'ਨਹਿਰ ਰੋਕੂ' ਮੋਰਚੇ ਦੌਰਾਨ ਜਥੇਦਾਰ ਅਮਰ ਸਿੰਘ ਲੀਨੀ ਨੇ 3000 ਸਿੰਘਾਂ ਨਾਲ ਕਪੂਰੀ ਪਹੁੰਚ ਕੇ ਗ੍ਰਿਫਤਾਰੀ ਲਈ ਪੇਸ਼ ਕੀਤਾ ਪਰ ਕੋਈ ਗ੍ਰਿਫਤਾਰੀ ਨਾ ਹੋਈ। ਇਸ ਸਮੇਂ ਦੌਰਾਨ ਫਰੀਦਕੋਟ ਦੀ ਜਿਮਨੀ ਚੋਣ ਆ ਗਈ ਅਤੇ ਅੰਮ੍ਰਿਤਸਰ ਵਿਚ ਗਊਆਂ ਦੇ ਸਿਰ ਮੰਦਰਾਂ ਮੂਹਰੇ ਸੁੱਟਣ ਕਾਰਨ ਫਸਾਦ ਭੜਕ ਪਏ। ਅੰਮ੍ਰਿਤਸਰ, ਪਟਿਆਲਾ ਵਿਚ ਕਰਫੀਊ ਲੱਗ ਗਿਆ। ਚੋਣਾਂ ਨੂੰ ਦੇਖਦੇ ਸ਼ਰੋਮਣੀ ਅਕਾਲੀ ਦਲ ਨੇ ਅਗਲਾ ਐਕਸ਼ਨ 24 ਮਈ ਤੇ ਪਾ ਦਿੱਤਾ। 24 ਮਈ 1982 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 6000 ਵਰਕਰਾਂ ਸਮੇਤ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਅਤੇ ਕਰੇਨਾਂ ਦੁਆਰਾ ਪੁੱਟੀ ਗਈ ਜ਼ਮੀਨ ਨੂੰ ਫਿਰ ਮਿੱਟੀ ਨਾਲ ਭਰ ਕੇ ਸਰਕਾਰ ਨੂੰ ਵੰਗਾਰਿਆ। ਜਥੇ ਨੂੰ ਗ੍ਰਿਫਤਾਰ ਕਰ ਲਿਆ ਗਿਆ । ਅਖੀਰ ਪਟਿਆਲਾ ਜੇਲ੍ਹ ਮੂਹਰੇ ਲਿਆ ਕੇ ਰਾਤ ਨੂੰ ਛੱਡ ਦਿੱਤਾ ਗਿਆ । ਇਸ ਵਿਚ ਸਰਕਾਰ ਦੀ ਹਾਰ ਸੀ । 25 ਮਈ ਤੋਂ 21-21 ਸਿੰਘਾਂ ਦੇ ਜਥੇ ਨੇ ਕਪੂਰੀ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ। ਇਨ੍ਹਾਂ ਜਥਿਆਂ ਵਿਚ ਤਾਲਿਬ ਸਿੰਘ



Digitized by Panjab Digital Library | www.panjabdigilib.org

ਸੰਧੂ, ਸੰਤ ਅਜੀਤ ਸਿੰਘ ਰੋਪੜ, ਜਥੇਦਾਰ ਗੁਰਬਖਸ਼ ਸਿੰਘ ਸੰਗਰੂਰ, ਜਥੇਦਾਰ ਮੁਖਤਿਆਰ ਸਿੰਘ ਜੋੜਕੀਆਂ, ਜਥੇਦਾਰ ਹੀਰਾ ਸਿੰਘ ਜੀ ਮੁਕਤਸਰ, ਜਥੇਦਾਰ ਮੋਹਣ ਸਿੰਘ ਮਟੀਆਂ ਅੰਮ੍ਰਿਤਸਰ, ਜਥੇਦਾਰ ਮੋਹਰ ਸਿੰਘ ਫਿਰੋਜ਼ਪੁਰ, ਜਥੇਦਾਰ ਨਸੀਬ ਸਿੰਘ ਹੁਸ਼ਿਆਰਪੁਰ ਆਦਿ ਦੇ ਜਥੇ ਧਰਨੇ ਤੇ ਬੈਠੇ ।

ਸ਼ਰੋਮਣੀ ਅਕਾਲੀ ਦਲ ਨੇ ਪਹਿਲੀ ਜੂਨ ਤੋਂ ਸਿਵਲ ਨਾ - ਫੁਰਮਾਨੀ ਲਹਿਰ ਸ਼ੁਰੂ ਕੀਤੀ, ਜੋ ਪੂਰੀ ਤਰ੍ਹਾਂ ਸਫਲ ਰਹੀ । ਇਸੇ ਸਮੇਂ ਦੌਰਾਨ ਭਾਈ ਕੁਲਵੰਤ ਸਿੰਘ ਨਾਗੋਕੇ ਨੂੰ ਸ਼ਹੀਦ ਕੀਤਾ ਗਿਆ ਤੇ ਪਿੰਡ ਮਾਖਾਂ ਜਿਲ੍ਹਾਂ ਬਠਿੰਡਾ ਵਿਚ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਅਗਨ ਭੇਟ ਕਰ ਦਿੱਤੀਆਂ । ਸ਼੍ਰੋਮਣੀ ਅਕਾਲੀ ਦਲ ਨੇ 18 ਜੂਨ ਨੂੰ ਰੋਸ ਦਿਵਸ ਦੇ ਤੌਰ ਤੇ ਮਨਾਇਆ । ਕਈ ਥਾਂ ਗੜਬੜ ਹੋਈ । ਇਹ ਪੰਜਾਬ ਸਰਕਾਰ ਸਿੱਖ ਨੌਜਵਾਨਾਂ ਨੂੰ ਇਸ ਸ਼ਹੀਦਾਂ ਦੀ ਧਰਤੀ ਤੇ ਵਿਚਰਦਿਆਂ ਦੇਖ ਕੇ ਖੁਸ਼ ਨਹੀਂ । ਸਰਕਾਰ ਨੇ ਜਾਣ ਬੁੱਝ ਕੇ ਸਿੱਖਾਂ ਨੂੰ ਨਾਜਾਇਜ਼ ਤੌਰ ਤੇ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ । ਇਨ੍ਹਾਂ ਜੇਲ੍ਹ ਅੰਦਰ ਬੰਦ ਨੌਜਵਾਨਾਂ ਦੀ ਪੈਰਵਾਈ ਭਾਈ ਅਮਰੀਕ ਸਿੰਘ ਜੀ ਕਰ ਰਹੇ ਸਨ । ਸਰਕਾਰ ਭਾਈ ਅਮਰੀਕ ਸਿੰਘ ਜੀ ਦੀ ਇਸ ਤਰ੍ਹਾਂ ਕਾਰਵਾਈ ਕਰਨ ਤੇ ਅੱਖ ਰੱਖ ਰਹੀ ਸੀ । ਭਾਈ ਅਮਰੀਕ ਸਿੰਘ ਜੀ 19 ਜੁਲਾਈ 1982 ਨੂੰ ਅੰਮ੍ਰਿਤਸਰ ਦੀ ਕਚਹਿਰੀ ਵਿਚ ਪੁਲਿਸ ਵਲੋਂ ਨਾਜਾਇਜ਼ ਤੌਰ ਤੇ ਫੜੇ ਸ. ਅਜਾਇਬ ਸਿੰਘ, ਸ. ਜਾਗੀਰ ਸਿੰਘ ਤੇ ਸ. ਨਰਿੰਦਰ ਸਿੰਘ ਦੀ ਪੁੱਛ ਪੜਤਾਲ ਅਤੇ ਆਪਣੇ ਵਕੀਲ ਸ. ਪੂਰਨ ਸਿੰਘ ਨਾਲ ਸਿੰਘਾਂ ਦੀ ਜਮਾਨਤ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਸਨ ਤਾਂ ਪੰਜਾਬ ਸਰਕਾਰ ਦੇ ਜ਼ਾਲਮ ਕਰਿੰਦਿਆਂ ਦੇ ਹੁਕਮ ਨਾਲ ਪੁਲਿਸ ਨੇ ਕਚਹਿਰੀ ਵਿਚ ਹੀ ਗ੍ਰਿਫਤਾਰ ਕਰ ਲਿਆ । ਇਸ ਖਬਰ ਨੂੰ ਸੁਣਦਿਆਂ ਹੀ ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਸਿੰਘਾਂ ਨਾਲ ਸਲਾਹ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਹਿਯੋਗ ਨਾਲ ਉਸੇ ਦਿਨ ਤੋਂ 51-51 ਸਿੰਘਾਂ ਦੇ ਜਥੇ ਭੇਜ ਕੇ ਮੋਰਚਾ ਸ਼ੁਰੂ ਕਰ ਦਿੱਤਾ । ਉਸ ਤੋਂ ਅਗਲੇ ਦਿਨ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਦੇ ਇਨਚਾਰਜ ਬਾਬਾ ਥਾਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ । ਇਸ ਕਾਰਵਾਈ ਨਾਲ ਮੋਰਚਾ ਭਖ ਗਿਆ ਅਤੇ ਸਿੰਘਾਂ ਵਿਚ ਜੋਸ਼ ਆ ਗਿਆ । ਸੰਤ ਜਰਨੈਲ ਸਿੰਘ ਜੀ ਖਾਲਸਾ ਨੇ ਇਸ ਮੋਰਚੇ ਨੂੰ ਹੋਰ ਤੇਜ਼ ਕਰਨ ਵਾਸਤੇ 25 ਜੁਲਾਈ ਨੂੰ ਮੰਜੀ ਸਾਹਿਬ ਵਿਚ ਪੰਥਕ ਕਨਵੈਨਸ਼ਨ ਬੁਲਾ ਲਈ । ਪਰ ਦੂਜੇ ਪਾਸੇ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਚੱਲ ਰਹੇ ਮੋਰਚੇ ਤੇ ਵਿਚਾਰ ਕਰਨ ਲਈ 26 ਜੁਲਾਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਜਨਰਲ ਇਜਲਾਸ ਬੁਲਾਇਆ ਅਤੇ ਅਖੀਰ 4 ਅਗਸਤ 1982 ਨੂੰ ਇਹ ਮੋਰਚਾ ਸ਼੍ਰੋਮਣੀ ਅਕਾਲੀ ਦਲ ਨੇ ਸੰਭਾਲ ਲਿਆ ਅਤੇ ਇਸ ਮੋਰਚੇ ਨੂੰ 'ਧਰਮ ਯੁੱਧ' ਦਾ ਰੂਪ ਦੇ ਦਿੱਤਾ । ਖਾਲਸਾ ਪੰਥ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮੋਰਚੇ ਦਾ ਡਿਕਟੇਟਰ ਥਾਪ ਦਿੱਤਾ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ 'ਧਰਮ ਯੁੱਧ' ਮੋਰਚੇ ਵਿਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਐਲਾਨ ਕੀਤਾ ਅਤੇ ਸਮੁਚੀ ਸਿੱਖ ਕੌਮ ਨੂੰ ਇਸ ਧਰਮ ਯੁੱਧ ਵਿਚ ਕੁੱਦਣ ਲਈ ਅਪੀਲ ਕੀਤੀ । ਅੱਜ ਭਾਵੇਂ ਭਾਈ ਅਮਰੀਕ ਸਿੰਘ, ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਬਾਬਾ ਥਾਰਾ ਸਿੰਘ ਰਿਹਾ ਹੋ ਚੁੱਕੇ ਹਨ ਪਰ ਮੋਰਚਾ ਫਿਰ ਵੀ ਸ਼ਾਂਤਮਈ ਢੰਗ ਨਾਲ ਲਗਾਤਾਰ ਚਲਦਾ ਆ ਰਿਹਾ ਹੈ । ਸਫਲਤਾ ਵਾਹਿਗੁਰੂ ਜੀ ਨੇ ਆਪ ਬਖਸ਼ਣੀ ਹੈ ਤੇ ਫਤਹਿ ਪੰਥ ਦੀ ਹੋਣੀ ਹੈ ।



Digitized by Panjab Digital Library | www.panjabdigilib.org

# 'ਧਰਮ ਯੁੱਧ' ਦੀ ਸ਼ੁਰੂਆਤ .... ਅੱਜ!

ਧੌਂਸਾ ਵਜਿਆ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।
ਚੜ੍ਹੇ ਪੁੱਤਰ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।
ਚੜ੍ਹੇ ਸਭ ਮਝੈਲ, ਮਲਵਈ ਦੁਆਬੀਏ ਜੀ, ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ ।
ਸ਼ਾਹ ਮੁਹੰਮਦਾ ਚੜ੍ਹੇ ਜਮੂਰ ਖਾਨੇ, ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ ।

ਸ਼ਰੋਮਣੀ ਅਕਾਲੀ ਦਲ ਨੇ 4 ਅਗਸਤ 1982 ਨੂੰ ਧਰਮ ਯੁੱਧ ਲਈ ਪਹਿਲੇ ਜਥੇ ਨੂੰ ਗ੍ਰਿਫਤਾਰੀ ਲਈ ਭੇਜਣਾ ਸੀ । ਪਹਿਲੇ ਜਥੇ ਦੀ ਅਗਵਾਈ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਕਰ ਰਹੇ ਸਨ । ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਧਰਮ ਯੁੱਧ ਲਈ ਅੰਮ੍ਰਿਤਸਰ ਪੁੱਜਣੀਆਂ ਸ਼ੁਰੂ ਹੋ ਗਈਆਂ । ਦੀਵਾਨ ਮੰਜੀ ਸਾਹਿਬ ਹਾਲ ਭਰਿਆ ਹੋਇਆ ਸੀ । ਸੰਗਤਾਂ ਦੇ ਦਸਤਾਰਾਂ ਬੰਨੀਆਂ ਹੋਈਆਂ ਸਨ, ਖੱਟੀਆਂ ਪੱਟੀਆਂ ਤੇ ਗਲੇ ਵਿਚ ਪਾਏ ਹੋਏ ਸਰੋਪੇ ਤੇ ਹਾਰਾਂ ਤੋਂ ਇਸ ਤਰ੍ਹਾਂ ਮਹਿਸੂਸ ਹੁੰਦਾ ਸੀ ਕਿ ਜਿਵੇਂ ਸਿੰਘ ਲਾੜੀ ਮੌਤ ਨੂੰ ਖੁਸ਼ੀ ਖੁਸ਼ੀ ਵਿਆਹੁਣ ਚੱਲੇ ਹਨ । ਜਲ੍ਹਿਆਂਵਾਲਾ ਬਾਗ ਤੋਂ ਲੈ ਕੇ ਕੋਤਵਾਲੀ ਤੱਕ ਹਰ ਪਾਸੇ ਪੁਲਿਸ ਹੀ ਪੁਲਿਸ ਨਜ਼ਰ ਆ ਰਹੀ ਸੀ । ਅੱਜ ਅੰਮ੍ਰਿਤਸਰ ਦਾ ਸਥਾਨ ਇਕ ਜੰਗ ਦਾ ਮੈਦਾਨ ਨਜ਼ਰ ਆ ਰਿਹਾ ਸੀ । ਸਰਕਾਰ ਅਤੇ ਅਕਾਲੀ ਸਿੰਘਾਂ ਦੀਆਂ ਮੋਰਚੇ ਲਈ ਕੀਤੀਆਂ ਤਿਆਰੀਆਂ ਦੇਖ ਕੇ ਮਹਿਸੂਸ ਹੋਣ ਲੱਗਾ:

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ, ਦੋਵੇਂ ਪਾਤਸ਼ਾਹੀਆਂ ਫੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ ।

ਦੀਵਾਨ ਮੰਜੀ ਸਾਹਿਬ ਵਿਖੇ ਨੇਤਾਵਾਂ ਦੇ ਭਾਸ਼ਨ ਸ਼ੁਰੂ ਹੋਏ । ਸੰਤ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲਿਆਂ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀਆਂ ਜੋਸ਼ੀਲੀਆਂ ਤਕਰੀਰਾਂ ਨੇ ਸਿੰਘਾਂ ਵਿਚ ਜੋਸ਼ ਭਰ ਦਿੱਤਾ । ਵੱਖ ਵੱਖ ਨੇਤਾਵਾਂ ਨੇ ਧਰਮ ਯੁੱਧ ਮੋਰਚੇ ਸੰਬੰਧੀ ਆਪਣੇ ਵਿਚਾਰ ਰੱਖੇ । ਬੀਬੀਆਂ ਨੇ ਬਾਦਲ ਸਾਹਿਬ ਜੀ ਨੂੰ ਰੱਖੜੀਆਂ ਬੰਨ੍ਹ ਕੇ ਪਿਆਰ ਭਰੀ ਵਿਦਾਇਗੀ ਦਿੱਤੀ ।

ਅਖੀਰ ਵਿਚ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਆਪਣੇ ਭਾਸ਼ਨ ਵਿਚ ਸਿੱਖਾਂ ਨਾਲ ਪਿਛਲੇ 35 ਸਾਲਾਂ ਤੋਂ ਹੋ ਰਹੀਆਂ ਵਧੀਕੀਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ, ਸਰਕਾਰ ਸਾਨੂੰ ਜ਼ਲੀਲ ਕਰਨਾ ਚਾਹੁੰਦੀ ਹੈ ਅਤੇ ਸਾਡੇ ਕੋਲ 'ਧਰਮ ਯੁੱਧ' ਲੜਨ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਗਿਆ । ਸੰਤ ਜੀ ਨੇ ਆਪਣੇ ਭਾਸ਼ਨ ਵਿਚ ਮਹਾਰਾਣੀ ਜ਼ਿੰਦਾਂ ਦੇ ਉਹ ਸ਼ਬਦ, ਜੋ ਉਸ ਨੇ ਲਾਰਡ ਡਲਹੌਜ਼ੀ ਨੂੰ ਪੰਜਾਬ ਉਤੇ ਕਬਜ਼ਾ ਕਰਨ ਵੇਲੇ ਅਤੇ ਉਸ ਤੋਂ ਉਸ ਦਾ ਦਲੀਪ ਖੋਹ ਲੈਣ ਸਮੇਂ ਲਿਖੇ ਸਨ, ਸੁਣਾਏ:

"ਰੱਖ ਲੈ ਦੋ ਚਾਰ ਨਿਮਕ ਹਰਾਮਾਂ ਨੂੰ ਤੇ ਬਾਕੀ ਸਾਰੇ ਪੰਜਾਬ ਨੂੰ ਫਾਂਸੀ ਚਾੜ੍ਹ ਦੇ"। ਉਸ ਸਮੇਂ ਖਾਲਸਾ ਪੰਥ ਵਿਚ ਫੁੱਟ ਸੀ ਪਰ ਹੁਣ ਸਿੰਘ ਸੂਰਮੇ ਜਾਗੇ ਹੋਏ ਹਨ । ਸੰਤ ਜੀ ਨੇ ਕਿਹਾ



Digitized by Panjab Digital Library | www.panjabdigilib.org

ਕਿ, ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਸਾਡਾ ਮੁਖ ਉਦੇਸ਼ ਹੈ, ਜਿਸ ਰਾਹੀਂ ਸੂਬਿਆਂ ਨੂੰ ਆਰਥਕ ਆਤਮ ਨਿਰਣੇ ਦਾ ਹੱਕ ਦਿਲਵਾਉਣਾ ਹੈ। ਧਰਮ ਵਿਚ ਕਿਸੇ ਪ੍ਰਕਾਰ ਦਾ ਧੱਕਾ ਨਹੀਂ ਸਹਾਰਨਾ ਅਤੇ ਸਾਰੀਆਂ ਮੰਗਾਂ ਦੀ ਪੂਰਤੀ ਤੱਕ ਮੋਰਚਾ ਪੁਰ - ਅਮਨ ਚੱਲੇਗਾ।

ਸਰਬੱਤ ਖਾਲਸਾ ਜੀ ਨੂੰ ਅਪੀਲ ਕਰਦੇ ਹੋਏ ਕਿਹਾ ਕਿ, ਮੋਰਚਾ ਪਤਾ ਨਹੀਂ, ਕਿੰਨਾ ਲੰਮਾ ਚੱਲੇ ਪਰ ਅਖੀਰ ਫਤਹਿ ਖਾਲਸਾ ਪੰਥ ਦੀ ਹੋਵੇਗੀ। ਆਪਣੇ ਪੈਗਾਮ ਰਾਹੀਂ ਪੰਜਾਬ ਦੀ ਜਵਾਨੀ, ਬੀਰਤਾ ਅਤੇ ਅਣਖ ਨੂੰ ਵੰਗਾਰਿਆ ਅਤੇ ਕਿਹਾ ਕਿ "ਜਵਾਨੀ ਉਹੀ ਹੈ, ਜੋ ਕੌਮ ਦੇ ਕੰਮ ਆਏ।" ਆਖਰ ਵਿਚ ਸੰਤ ਜੀ ਨੇ ਫਿਰ ਸੰਗਤਾਂ ਨੂੰ ਅਪੀਲ ਕੀਤੀ ਕਿ, ਕਿਸੇ ਵੀ ਸਿੰਘ ਨੇ ਜੋਸ਼ ਵਿਚੋਂ ਬਾਹਰ ਨਹੀਂ ਹੋਣਾ। ਕੋਈ ਇਹੋ ਜਿਹੀ ਹਰਕਤ ਨਹੀਂ ਕਰਨੀ, ਜਿਸ ਨਾਲ ਸਰਕਾਰ ਨੂੰ ਤਸ਼ੱਦਦ ਕਰਨ ਦਾ ਮੌਕਾ ਮਿਲੇ। ਅਰਦਾਸ ਉਪਰੰਤ ਜਥੇ ਦੇ ਸਿੰਘ ਅਕਾਲ ਤਖਤ ਸਾਹਿਬ ਮੱਥਾ ਟੇਕਣ ਗਏ ਅਤੇ ਹੁਣ ਜਥੇ ਨੇ ਗ੍ਰਿਫਤਾਰੀ ਲਈ ਵਿਦਾਇਗੀ ਲੈਣੀ ਸੀ। ਬਾਹਰ ਬੈਂਡਵਾਜੇ 'ਦੇਹੁ ਸਿਵਾ ....' ਦੀਆਂ ਧੁੰਨਾਂ ਗੂੰਜਾ ਰਹੇ ਸਨ। ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਰਾਜਾ ਨਰਿੰਦਰ ਸਿੰਘ ਨਾਭਾ, ਸ੍ਰੀ ਅਨਵਰ ਅਹਿਮਦ ਮਲੇਰ ਕੋਟਲਾ, ਸ. ਨੱਥਾ ਸਿੰਘ ਦਾਲਮ, ਸ. ਕੁੰਦਨ ਸਿੰਘ ਪਤੰਗਾ, ਸਾਬਕਾ ਚੇਅਰਮੈਨ, ਵਕੀਲ, ਐਡਵੋਕੇਟ, ਸਰਪੰਚ, ਪੰਚ, ਨੰਬਰਦਾਰ ਤੇ ਮੈਂਬਰ ਸਾਹਿਬਾਨ ਕਾਫੀ ਗਿਣਤੀ ਵਿਚ ਸਨ। ਹਰ ਪਾਸੇ ਸਤਿ ਸ੍ਰੀ ਅਕਾਲ, ਦੇਗ ਤੇਗ ਫਤਹਿ, ਪੰਥ ਕੀ ਜੀਤ, ਰਾਜ ਕਰੇਗਾ ਖਾਲਸਾ ਅਤੇ ਸ਼ਰੋਮਣੀ ਅਕਾਲੀ ਦਲ ਜ਼ਿੰਦਾਬਾਦ ਦੇ ਨਾਹਰੇ ਗੂੰਜ ਰਹੇ ਸਨ। ਜਥਾ ਤੁਰਨ ਦੀ ਹੀ ਦੇਰ ਸੀ। ਸਿੰਘ ਇਕ ਦੂਜੇ ਤੋਂ ਅੱਗੇ ਹੋ ਤੁਰੇ। ਜਿਵੇਂ ਇਨ੍ਹਾਂ ਦਾ ਕੋਈ ਮਾਲਕ ਨਹੀਂ ਹੁੰਦਾ ਤੇ ਆਪ ਮੁਹਾਰੇ ਸ਼ਹੀਦੀਆਂ ਪਾਉਣ ਲਈ ਤੁਰ ਪਏ ਹੋਣ:

ਸੁਣ ਕੇ ਖਬਰ ਯੁੱਧ ਧਰਮ ਕੀ ਚੜ੍ਹੇ ਸਭੇ, ਫੌਜਾਂ ਬੇਮੁਹਾਰੀਆਂ ਹੋ ਤੁਰੀਆਂ।
ਫੇਰ ਵਾਰ ਕੁਵਾਰ ਨਾ ਕਿਸੇ ਡਿੱਠਾ, ਇਕ ਦੂਸਰੇ ਦੇ ਪਿੱਛੇ ਲੱਗ ਤੁਰੀਆਂ।

ਕੋਤਵਾਲੀ ਦੇ ਕੋਲ ਜਾ ਕੇ ਸਿੰਘਾਂ ਦੇ ਸਿਰਾਂ ਦਾ ਠਾਠਾਂ ਮਾਰਦਾ ਸਮੁੰਦਰ ਦੇਖ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਦੀ ਯਾਦ ਤਾਜ਼ਾ ਹੋ ਰਹੀ ਸੀ। ਜਥੇ ਨੂੰ ਗ੍ਰਿਫਤਾਰੀ ਤੋਂ ਬਾਅਦ ਲੁਧਿਆਣਾ ਮਾਡਲ ਜੇਲ੍ਹ ਭੇਜ ਦਿੱਤਾ ਗਿਆ। ਇਸ ਜੇਲ੍ਹ ਦਾ ਨੀਂਹ ਪੱਥਰ ਸ. ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੀ ਸਰਕਾਰ ਸਮੇਂ ਆਪ ਹੀ ਰੱਖਿਆ ਸੀ ਅਤੇ ਜੇਲ੍ਹ ਆਗਮਨ ਉਦਘਾਟਨ ਵੀ ਆਪ ਹੀ ਕੀਤਾ। ਭਾਵੇਂ ਇਸ ਜੇਲ੍ਹ ਵਿਚ ਕੋਈ ਪ੍ਰਬੰਧ ਨਹੀਂ ਸੀ ਪਰ ਸਿੰਘਾਂ ਨੇ ਹੌਲੀ ਹੌਲੀ ਸਾਰੇ ਪ੍ਰਬੰਧ ਕਰ ਲਏ। ਬਾਦਲ ਸਾਹਿਬ ਦੇ ਜਥੇ ਵਿਚ 1126 ਸਿੰਘਾਂ ਨੇ ਗ੍ਰਿਫਤਾਰੀ ਦਿੱਤੀ। ਸਿੰਘਾਂ ਵਿਚ ਧਰਮ ਯੁੱਧ ਮੋਰਚੇ ਲਈ ਪੂਰਾ ਜੋਸ਼ ਸੀ। ਸੈਂਕੜਿਆਂ ਦੀ ਗਿਣਤੀ ਵਿਚ ਹਰ ਰੋਜ਼ ਗ੍ਰਿਫਤਾਰੀਆਂ ਹੋ ਰਹੀਆਂ ਸਨ। ਬੱਚੇ, ਬੁੱਢੇ, ਜਵਾਨ, ਅਧਖੜ, ਬੀਬੀਆਂ, ਮਾਵਾਂ, ਭੈਣਾਂ ਸਭ ਧਰਮ ਯੁੱਧ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਤੁਰ ਪਏ। ਦਰਬਾਰਾ ਸਿੰਘ ਕਹਿ ਰਿਹਾ ਸੀ ਕਿ ਗ੍ਰਿਫਤਾਰੀ ਦੇਣ ਵਾਲੇ ਸ਼ਰੋਮਣੀ ਕਮੇਟੀ ਦੇ ਮੁਲਾਜ਼ਮ ਹਨ ਜੋ 5-6 ਹਜ਼ਾਰ ਦੀ ਗਿਣਤੀ ਵਿਚ ਹਨ ਪਰ ਇਹ ਭੁਲੇਖਾ ਵੀ ਦੂਰ ਹੋ ਗਿਆ, ਜਦੋਂ ਦਿਨਾਂ ਵਿਚ ਜੇਲ੍ਹਾਂ ਭਰ ਗਈਆਂ।

ਦਰਬਾਰਾ ਸਿੰਘ ਨੇ ਹੁਣ ਇਕ ਨਵੀਂ ਚਾਲ ਚੱਲੀ ਕਿ, ਮੋਰਚੇ ਨੂੰ ਫੇਅਲ ਕਰਨ ਲਈ ਜਥੇਦਾਰਾਂ ਨੂੰ ਘਰਾਂ ਵਿਚੋਂ ਗ੍ਰਿਫਤਾਰ ਕਰ ਲਿਆ। ਪੰਜਾਬ ਪੁਲਿਸ ਨੇ 26 ਅਗਸਤ 1982 ਤੱਕ ਪੰਜਾਬ ਭਰ ਵਿਚ ਛਾਪੇ ਮਾਰੇ ਤੇ ਇਕ ਹਜ਼ਾਰ ਤੋਂ ਉਪਰ ਸਿੰਘਾਂ ਨੂੰ ਘਰਾਂ ਵਿਚੋਂ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਪਰ ਗ੍ਰਿਫਤਾਰੀਆਂ ਵਿਚ ਕੋਈ ਫਰਕ ਨਾ ਪਿਆ। ਮੋਰਚਾ ਉਸੇ ਤਰ੍ਹਾਂ ਚਲਦਾ ਰਿਹਾ। ਸਗੋਂ ਗ੍ਰਿਫਤਾਰੀਆਂ ਹੋਣ ਨਾਲ ਸਿੰਘਾਂ ਵਿਚ ਹੋਰ



Digitized by Panjab Digital Library | www.panjabdigilib.org

ਜੋਸ਼ ਆ ਗਿਆ ।

ਹੁਣ 5 ਸਤੰਬਰ 1982 ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਆਪਣੇ ਜਥੇ ਨਾਲ ਗ੍ਰਿਫਤਾਰੀ ਦੇਣੀ ਸੀ । ਦਰਬਾਰਾ ਸਿੰਘ ਕਹਿ ਰਿਹਾ ਸੀ ਕਿ ਸ਼ਰੋਮਣੀ ਕਮੇਟੀ ਦੇ ਮੁਲਾਜ਼ਮ ਗ੍ਰਿਫਤਾਰੀਆਂ ਦਿੰਦੇ ਹਨ । ਇਸ ਤੋਂ ਵੱਧ ਗ੍ਰਿਫਤਾਰੀਆਂ ਨਹੀਂ ਹੋ ਸਕਦੀਆਂ ਪਰ ਉਸ ਸਮੇਂ ਦਰਬਾਰਾ ਸਿੰਘ ਨੂੰ ਡੁੱਬ ਕੇ ਮਰ ਜਾਣਾ ਚਾਹੀਦਾ ਸੀ, ਜਦੋਂ ਜਥੇਦਾਰ ਟੌਹੜਾ ਜੀ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਤੋਂ 4 ਸਤੰਬਰ ਨੂੰ 5-6 ਹਜ਼ਾਰ ਦੇ ਕਰੀਬ ਸਿੰਘਾਂ ਦਾ ਜਥਾ ਜਲੂਸ ਦੀ ਸ਼ਕਲ ਵਿਚ ਲੈ ਕੇ ਤੁਰੇ । ਟੌਹੜਾ ਸਾਹਿਬ ਨੇ ਸਰਕਾਰੀ ਝੂਠ ਦਾ ਜਨਾਜ਼ਾ 150 ਮੀਲ ਤੱਕ ਕੱਢਿਆ । ਥਾਂ ਥਾਂ ਤੇ ਲੋਕਾਂ ਨੇ ਜਥੇ ਦਾ ਸਵਾਗਤ ਕੀਤਾ । ਲੋਕਾਂ ਵਿਚ ਪੂਰਾ ਉਤਸ਼ਾਹ ਸੀ । ਲੋਕ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਸਨ । ਸਰਕਾਰ ਤੋਂ ਕੋਈ ਪੁੱਛੇ ਕਿ ਇਨ੍ਹਾਂ ਸਿੰਘਾਂ ਦਾ ਪ੍ਰਬੰਧ ਕੀ ਸਰਕਾਰ ਨੇ ਕੀਤਾ ਹੈ? ਇਹ ਗ੍ਰਿਫਤਾਰੀ ਦੇਣ ਵਾਲੇ ਸਿੰਘ ਕਿੱਥੋਂ ਆ ਗਏ? ਇਸ ਜਥੇ ਵਿਚ ਪਿੰਡਾਂ ਦੇ ਸਰਪੰਚ, ਪੰਚ, ਨੰਬਰਦਾਰ, ਸਾਬਕਾ ਮੈਂਬਰ, ਚੇਅਰਮੈਨ ਮਾਰਕਫੈਡ, ਪੰਚਾਇਤ ਸੰਮਤੀ ਤੇ ਪੜ੍ਹੇ ਲਿਖੇ ਨੌਜਵਾਨ ਫੌਜੀ ਜਰਨੈਲ ਸਨ । ਜਥੇਦਾਰ ਸਾਹਿਬ ਨੇ 5 ਸਤੰਬਰ ਨੂੰ ਗ੍ਰਿਫਤਾਰੀ ਦੇਣੀ ਸੀ । ਸੰਤ ਜੀ ਦੇ ਕਹਿਣ ਤੇ ਟੌਹੜਾ ਸਾਹਿਬ ਜੀ ਨੇ 3100 ਸਿੰਘਾਂ ਨਾਲ ਗ੍ਰਿਫਤਾਰੀ ਦਿੱਤੀ ਤੇ ਬਾਕੀ ਸਿੰਘ ਅੰਮ੍ਰਿਤਸਰ ਰਹਿ ਗਏ ਤਾਂ ਜੋ ਬਾਕੀ ਜਥਿਆਂ ਨਾਲ ਭੇਜੇ ਜਾ ਸਕਣ । ਪੰਜਾਬ ਦੀਆਂ ਜੇਲ੍ਹਾਂ ਭਰ ਚੁੱਕੀਆਂ ਸਨ ।

ਹੁਣ ਸਰਕਾਰ ਕੋਲ ਸਿੰਘਾਂ ਦੇ ਰੱਖਣ ਵਾਸਤੇ ਥਾਂ ਨਹੀਂ ਸੀ । ਸ. ਟੌਹੜਾ ਸਾਹਿਬ ਦੇ ਜਥੇ ਨੂੰ ਫਿਰੋਜ਼ਪੁਰ ਜੇਹਲ ਵਿਚ ਭੇਜਿਆ ਗਿਆ । ਜਨਰਲ ਸੁਬੇਗ ਸਿੰਘ ਜੀ ਦੇ ਨਾਲ ਜੋ ਟੌਹੜਾ ਸਾਹਿਬ ਦੇ ਜਥੇ ਦੇ ਸਿੰਘ ਸਨ, ਮਾਡਲ ਜੇਲ੍ਹ ਲੁਧਿਆਣਾ ਭੇਜ ਦਿੱਤਾ । ਪਰ ਮਾਡਲ ਜੇਲ੍ਹ ਤਾਂ ਪਹਿਲਾਂ ਹੀ ਭਰ ਚੁੱਕੀ ਸੀ । ਜਨਰਲ ਸਾਹਿਬ ਆਪਣੇ ਸਿੰਘਾਂ ਦੇ ਜਥੇ ਨੂੰ ਨਾਲ ਲੈ ਕੇ ਜੇਲ੍ਹ ਦੇ ਬਾਹਰ ਕੱਪੜੇ ਉਤਾਰ ਕੇ ਬੈਠ ਗਏ ਅਤੇ ਧੁੱਪ ਵਿਚ ਪਾਠ ਕਰਨ ਲੱਗੇ । ਇਸ ਅਜੀਬ ਨਜ਼ਾਰੇ ਨੂੰ ਦੁਨੀਆਂ ਦੇ ਲੋਕਾਂ ਨੇ ਦੇਖਿਆ । ਅਖੀਰ ਜਨਰਲ ਸਾਹਿਬ ਦੇ ਸਿੰਘਾਂ ਨੂੰ ਪਟਿਆਲਾ ਜੇਹਲ ਵਿਚ ਭੇਜਿਆ ਗਿਆ । ਇਸ ਧਰਮ ਯੁੱਧ ਵਿਚ ਮੌਜੂਦਾ ਐਮ. ਪੀ., ਐਮ. ਐਲ. ਏ. ਸਾਹਿਬਾਨ, ਮੈਂਬਰ ਸ਼ਰੋਮਣੀ ਕਮੇਟੀ, ਜਥੇਦਾਰ ਸਾਹਿਬਾਨ ਅਤੇ ਸੰਤ ਮਹਾਤਮਾਵਾਂ ਨੇ ਬਹੁਤ ਭਾਰੀ ਗਿਣਤੀ ਵਿਚ ਗ੍ਰਿਫਤਾਰੀ ਦਿੱਤੀ ।

ਪੰਜਾਬ ਦੀਆਂ ਸਾਰੀਆਂ ਜੇਹਲਾਂ ਸਿੰਘਾਂ ਨਾਲ ਭਰ ਗਈਆਂ । 55 ਦਿਨਾਂ ਦੇ ਵਿਚ ਹੀ 20 ਹਜ਼ਾਰ ਪੰਜ ਸੌ ਸਤਵੰਜਾ ਸਿੰਘ ਜੇਹਲਾਂ ਵਿਚ ਜਾ ਚੁੱਕੇ ਸਨ ਤੇ 46 ਸ਼ਹੀਦੀ ਪਾ ਚੁੱਕੇ ਸਨ । ਜੇਹਲਾਂ ਵਿਚ ਖਾਣ ਪੀਣ, ਨਹਾਣ ਧੋਣ ਤੇ ਰਹਿਣ ਦਾ ਪ੍ਰਬੰਧ ਬਹੁਤ ਮਾੜਾ ਸੀ, ਜਿਸ ਕਾਰਨ ਜੇਹਲਾਂ ਦੇ ਅੰਦਰ ਹੀ ਸਿੰਘ ਬਿਮਾਰ ਪੈਣੇ ਸ਼ੁਰੂ ਹੋ ਗਏ ਅਤੇ ਭਾਰੀ ਗਿਣਤੀ ਵਿਚ ਸਿੰਘ ਸ਼ਹੀਦੀ ਪਾਉਣ ਲੱਗ ਪਏ ।

ਮੋਰਚਾ ਸ਼ਾਂਤਮਈ ਚੱਲ ਰਿਹਾ ਸੀ । ਗ੍ਰਿਫਤਾਰੀਆਂ ਲਗਾਤਾਰ ਜਾਰੀ ਸਨ । 11 ਸਤੰਬਰ 1982 ਨੂੰ ਜਥੇਦਾਰ ਬਚਨ ਸਿੰਘ ਜੀ ਦੀ ਅਗਵਾਈ ਹੇਠ ਸਿੰਘਾਂ ਨੇ ਗ੍ਰਿਫਤਾਰੀ ਦਿੱਤੀ । ਇਸ ਜਥੇ ਨੂੰ ਅੰਮ੍ਰਿਤਸਰ ਤੋਂ ਬਠਿੰਡੇ ਲਿਜਾਇਆ ਜਾ ਰਿਹਾ ਸੀ ਤਾਂ ਤਰਨਤਾਰਨ ਫਾਟਕ ਤੇ 34 ਸਿੰਘ ਸ਼ਹੀਦੀ ਪਾ ਗਏ ਅਤੇ ਅਨੇਕਾਂ ਜ਼ਖਮੀਂ ਹੋ ਗਏ । ਇਸ ਜਥੇ ਵਿਚ ਸ੍ਰੀ ਆਨੰਦਪੁਰ ਸਾਹਿਬ, ਨੰਗਲ, ਬੈਂਸ, ਭਲੜੀ, ਝੁਮੇਵਾਲ, ਕੁਲਗਰਾਂ, ਲਹਰੀਆਂ, ਔਲਖ, ਕਲਮਾਂ, ਪਹੂਵਾਲਾ, ਸੁਵਾੜਾ, ਬਸੀ, ਅਲਗਰਾਂ, ਸ਼ਾਹਪੁਰ ਅਤੇ ਭੁਲਰ (ਜਲੰਧਰ) ਦੇ ਸਿੰਘ ਸਨ । ਇਹ ਮਾਵਾਂ ਦੇ ਲਾਲ, ਭੈਣਾਂ ਦੇ ਭਰਾ, ਮਾਸੂਮ ਤੇ ਪਿਆਰੇ ਪੁੱਤਰਾਂ ਦੇ ਪਿਤਾ, ਬੀਬੀਆਂ ਦੇ



Digitized by Panjab Digital Library | www.panjabdigilib.org

ਸਿਰਾਂ ਦੇ ਸਾਈਂ, ਨਵਵਿਆਹੀਆਂ ਦੇ ਸੁਹਾਗ ਲਾੜੀ ਮੌਤ ਨੂੰ ਵਿਆਹੇ ਗਏ। ਇਨ੍ਹਾਂ ਵਿਚ ਉਹ ਸੁੰਦਰ ਨੌਜਵਾਨ, ਜਿਨ੍ਹਾਂ ਨੇ ਅਜੇ ਜਵਾਨੀ ਵਿਚ ਪੈਰ ਧਰਿਆ ਸੀ, ਮਾਂਵਾਂ ਦੇ ਇਕਲੌਤੇ ਪੁੱਤਰ, ਨਵਵਿਆਹੇ, ਸੂਰਬੀਰ ਯੋਧੇ ਸਨ, ਜੋ ਕੌਮ ਲਈ ਸ਼ਹੀਦੀਆਂ ਪਾ ਗਏ ਪਰ ਸਭ ਨੇ ਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਿਆ। ਇਨ੍ਹਾਂ 34 ਸਿੰਘਾਂ ਦੀਆਂ ਅਸਥੀਆਂ ਦਾ ਜਲੂਸ ਪੰਜਾਬ ਤੋਂ ਸ਼ੁਰੂ ਕਰਕੇ ਦਿੱਲੀ ਲਿਜਾਇਆ ਗਿਆ, ਜਿਥੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਯਾਦ ਪੱਤਰ ਦੇਣਾ ਸੀ ਪਰ ਭਾਰਤ ਦੀ ਅਖੌਤੀ ਇਨਸਾਫ ਦੇਣ ਵਾਲੀ ਪਾਰਲੀਮੈਂਟ ਦੇ ਸਾਹਮਣੇ 6 ਅਕਤੂਬਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ 6 ਸਿੰਘ ਸ਼ਹੀਦੀ ਪਾ ਗਏ। 15 ਅਕਤੂਬਰ ਤੱਕ 30 ਹਜ਼ਾਰ ਤੋਂ ਉਪਰ ਸਿੰਘ ਜੇਹਲਾਂ ਵਿਚ ਜਾ ਚੁੱਕੇ ਸਨ ਤਾਂ 16 ਅਕਤੂਬਰ ਨੂੰ 11000 ਸਿੰਘਾਂ ਦੇ ਜਥੇ ਨੇ ਗ੍ਰਿਫਤਾਰੀ ਦੇਣੀ ਸੀ, ਸਰਕਾਰ ਇਹ ਦੇਖ ਕੇ ਘਬਰਾ ਗਈ।

ਮੋਰਚਾ ਆਪਣੀ ਚਾਲ ਚਲਦਾ ਗਿਆ। ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਅਪੀਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਕੋਸ਼ਿਸ਼ਾਂ ਦੇ ਨਾਲ 28 ਸਤੰਬਰ 1982 ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਸੰਤ ਜੀ ਦੀ ਕਮਾਨ ਹੇਠ ਚੱਲ ਰਹੇ ਧਰਮ ਯੁੱਧ ਮੋਰਚੇ ਵਿਚ ਸ਼ਾਮਲ ਹੋ ਗਏ ਅਤੇ ਇਸ ਸਮੇਂ ਸੁਖਜਿੰਦਰ ਸਿੰਘ ਵੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਮੋਰਚੇ ਨੂੰ ਹੋਰ ਤਾਕਤ ਮਿਲੀ। ਪਰ ਸਰਕਾਰ ਨੇ 16 ਅਕਤੂਬਰ ਨੂੰ ਜਥੇ ਦਾ ਉਤਸ਼ਾਹ ਦੇਖਦਿਆਂ ਹੋਇਆ 15 ਅਕਤੂਬਰ ਨੂੰ ਪੰਜਾਬ ਵਿਚਲੀਆਂ ਜੇਹਲਾਂ ਅੰਦਰ ਬੰਦ ਸਿੰਘਾਂ ਦੀ ਰਿਹਾਈ ਬਿਨਾਂ ਸ਼ਰਤ ਕਰਨ ਦਾ ਹੁਕਮ ਕਰ ਦਿੱਤਾ ਅਤੇ 18 ਅਕਤੂਬਰ ਤੱਕ ਪੰਜਾਬ ਦੀਆਂ ਸਾਰੀਆਂ ਜੇਹਲਾਂ ਖਾਲੀ ਹੋ ਗਈਆਂ। ਇਸ ਨਾਲ ਮੋਰਚੇ ਨੂੰ ਬਹੁਤ ਠੇਸ ਪਹੁੰਚੀ। ਮੋਰਚਾ ਭਾਵੇਂ ਉਸੇ ਤਰ੍ਹਾਂ ਜਾਰੀ ਰਿਹਾ। ਹੁਣ ਸਰਕਾਰ ਸਿੰਘਾਂ ਨੂੰ ਫੜ ਕੇ 24 ਜਾਂ 48 ਘੰਟੇ ਬਾਅਦ ਛੱਡ ਦਿੰਦੀ। ਸਿੰਘਾਂ ਨੂੰ ਜੇਹਲਾਂ ਵਿਚ ਨਾ ਭੇਜਿਆ ਜਾਂਦਾ ਸਗੋਂ ਬੱਸਾਂ ਰਾਹੀਂ ਹੀ ਸੈਰ ਕਰਵਾਈ ਜਾਂਦੀ। ਹੁਣ ਅਕਾਲੀ ਦਲ ਦੇ ਸਾਹਮਣੇ 19 ਨਵੰਬਰ ਤੋਂ ਦਿੱਲੀ ਹੋ ਰਹੀਆਂ ਏਸ਼ਿਆਈ ਖੇਡਾਂ ਸਨ, ਜਿਸ ਸੰਬੰਧ ਵਿਚ 4 ਨਵੰਬਰ 1982 ਨੂੰ ਮੰਜੀ ਸਾਹਿਬ ਕਨਵੈਨਸ਼ਨ ਕੀਤੀ ਗਈ ਅਤੇ 19 ਸਤੰਬਰ ਤੋਂ 4 ਸਤੰਬਰ ਤੱਕ ਦਿੱਲੀ ਏਸ਼ਿਆਈ ਖੇਡਾਂ ਸਮੇਂ ਗ੍ਰਿਫਤਾਰੀਆਂ ਦਿੱਤੀਆਂ ਗਈਆਂ। ਏਸ਼ਿਆਈ ਖੇਡਾਂ ਸਮੇਂ ਜਿਸ ਤਰੀਕੇ ਨਾਲ ਸਿੰਘਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਤੇ ਸਿੰਘਾਂ ਨੂੰ ਜਲੀਲ ਕੀਤਾ ਗਿਆ, ਉਹੋ ਜਿਹੀ ਉਦਾਹਰਨ ਇਤਿਹਾਸ ਵਿਚ ਕਿਸੇ ਪਾਸੇ ਹੋਰ ਨਹੀਂ ਮਿਲਦੀ। 23 ਦਸੰਬਰ 1982 ਨੂੰ ਸ਼ਰੋਮਣੀ ਅਕਾਲੀ ਦਲ ਨੇ ਸਾਬਕਾ ਫੌਜੀ ਜਰਨੈਲਾਂ ਦੀ ਕਨਵੈਨਸ਼ਨ ਬੁਲਾਈ। ਇਸ ਕਨਵੈਨਸ਼ਨ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਾਬਕਾ ਫੌਜੀ ਤੇ ਜਰਨੈਲ ਪਹੁੰਚੇ, ਜਿਨ੍ਹਾਂ ਨੇ ਆਪਣੀਆਂ ਸੇਵਾਵਾਂ ਸ਼ਰੋਮਣੀ ਅਕਾਲੀ ਦਲ ਨੂੰ ਅਰਪਣ ਕੀਤੀਆਂ।

ਸ਼ਰੋਮਣੀ ਅਕਾਲੀ ਦਲ ਸਾਰੇ ਵਰਗਾਂ ਦੇ ਲੋਕਾਂ ਨੂੰ ਨਾਲ ਜੋੜਨਾ ਚਾਹੁੰਦਾ ਸੀ ਤਾਂ ਜੋ ਧਰਮ ਯੁੱਧ ਤੋਂ ਹਰੇਕ ਵਰਗ ਦੇ ਲੋਕ ਪੂਰੀ ਤਰ੍ਹਾਂ ਜਾਣੂ ਹੋ ਸਕਣ। ਇਸੇ ਸੰਬੰਧ ਵਿਚ ਸ਼ਰੋਮਣੀ ਅਕਾਲੀ ਦਲ ਨੇ 9 ਜਨਵਰੀ 1983 ਨੂੰ ਸਿੱਖ ਬੁਧੀਜੀਵੀਆਂ ਦੀ ਕਨਵੈਨਸ਼ਨ ਬੁਲਾਈ। ਬੁਧੀਜੀਵੀ ਵਰਗ ਨੇ ਅਕਾਲੀ ਦਲ ਨੂੰ ਭਰਵਾਂ ਹੁੰਗਾਰਾ ਦਿੱਤਾ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਪ੍ਰਣ ਕੀਤਾ।

ਸ਼ਰੋਮਣੀ ਅਕਾਲੀ ਦਲ ਜਬਰ ਦਾ ਮੁਕਾਬਲਾ ਸਬਰ ਨਾਲ ਕਰਦਾ ਰਿਹਾ ਪਰ ਭਾਰਤ ਦੇ ਹਾਕਮ ਸਿੱਖ ਧਰਮ, ਸਿੱਖੀ ਕਲਚਰ ਤੇ ਸਿੱਖੀ ਸਰੂਪ ਨੂੰ ਮਿਟਾਉਣ ਤੇ ਤੁਲ ਪਏ। ਸੋ ਸੰਤ ਜੀ ਨੇ ਸਾਰੇ ਐਮ. ਪੀ. ਤੇ ਐਮ. ਐਲ. ਏ. ਸਾਹਿਬਾਨ ਦੇ ਅਸਤੀਫੇ 26 ਜਨਵਰੀ ਨੂੰ ਦੇਣ ਦਾ



Digitized by Panjab Digital Library | www.panjabdigilib.org

ਪ੍ਰੋਗਰਾਮ ਬਣਾਇਆ ਅਤੇ 27 ਜਨਵਰੀ ਨੂੰ ਆਪਣੇ ਅਸਤੀਫਿਆਂ ਉਤੇ 21 ਫਰਵਰੀ ਦੀ ਤਰੀਕ ਪਾ ਕੇ ਸੰਬੰਧਤ ਅਧਿਕਾਰੀਆਂ ਨੂੰ ਭੇਜ ਦਿੱਤੇ, ਜੋ ਅਜੇ ਤੱਕ ਮਨਜ਼ੂਰ ਨਹੀਂ ਕੀਤੇ ਗਏ।

ਸ਼੍ਰੋਮਣੀ ਅਕਾਲੀ ਦਲ ਨੇ 4 ਅਪਰੈਲ ਨੂੰ ਰਸਤਾ ਰੋਕੂ ਪ੍ਰੋਗਰਾਮ ਉਲੀਕਿਆ। ਪਰ ਸਰਕਾਰ ਨੇ ਸ਼ਾਂਤਮਈ ਪਾਠ ਕਰ ਰਹੇ ਸਿੰਘਾਂ, ਮੁਸਲਮਾਨਾਂ ਅਤੇ ਹਿੰਦੂਆਂ ਉਪਰ ਗੋਲੀਆਂ ਚਲਾ ਕੇ 24 ਸਿੰਘ ਸ਼ਹੀਦ ਕਰ ਦਿੱਤੇ ਪਰ ਅਕਾਲੀ ਦਲ ਫਿਰ ਵੀ ਸ਼ਾਂਤ ਰਿਹਾ। ਸ਼੍ਰੋਮਣੀ ਅਕਾਲੀ ਦਲ ਨੇ ਹੁਣ ਮਰਜੀਵੜੇ ਭਰਤੀ ਕਰਨ ਲਈ ਵੰਗਾਰ ਦਿੱਤੀ ਤਾਂ 14 ਅਪਰੈਲ ਤੋਂ 12 ਮਈ, 1983 ਤੱਕ ਇਕ ਲੱਖ 5 ਹਜ਼ਾਰ ਮਰਜੀਵੜਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰ ਹੋ ਕੇ ਤਨ, ਮਨ, ਧਨ ਵਾਰਨ ਦੀ ਕਸਮ ਖਾਧੀ ਤੇ ਫਿਰ ਇਹ ਤਰੀਕ 31 ਮਈ ਤੱਕ ਕਰ ਦਿੱਤੀ ਗਈ। ਇਨ੍ਹਾਂ ਮਰਜੀਵੜਿਆਂ ਦਾ 6 ਤੋਂ 9 ਜੂਨ ਤੱਕ ਸ੍ਰੀ ਆਨੰਦਪੁਰ ਸਾਹਿਬ ਟਰੇਨਿੰਗ ਕੈਂਪ ਲਗਾਇਆ ਗਿਆ।

ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੇ ਇਨ੍ਹਾਂ ਸਾਰੇ ਐਕਸ਼ਨਾਂ ਦਾ ਸਰਕਾਰ ਤੇ ਕੋਈ ਅਸਰ ਨਾ ਹੋਇਆ। ਦਰਬਾਰਾ ਸਿੰਘ ਕਹੇ ਕਿ, ਮੋਰਚਾ ਫੇਅਲ ਹੈ ਤੇ ਪੰਜਾਬ ਸ਼ਾਂਤ ਹੈ। ਇਸੇ ਲਈ 29 ਮਈ 1983 ਨੂੰ ਸ੍ਰੀਮਤੀ ਇੰਦਰਾ ਗਾਂਧੀ ਨੇ ਨਾਭਾ, ਲੁਧਿਆਣਾ ਤੇ ਗੁਰਦਾਸਪੁਰ ਦੇ ਥਾਵਾਂ ਤੇ ਦੌਰਾ ਕਰਕੇ ਲੋਕਾਂ ਨੂੰ ਸੰਬੋਧਨ ਕੀਤਾ। ਦਰਬਾਰਾ ਸਿੰਘ ਇਹ ਦੱਸਣਾ ਚਾਹੁੰਦਾ ਸੀ ਕਿ, ਪੰਜਾਬ ਦੇ ਲੋਕ ਸ਼ਾਂਤਮਈ ਰਹਿ ਰਹੇ ਹਨ ਤੇ ਉਸ ਦੇ ਨਾਲ ਹਨ। ਜਦ ਬੀਬੀ ਇੰਦਰਾ ਨਾਭੇ ਬੋਲ ਰਹੀ ਸੀ ਤਾਂ ਨੌਜਵਾਨ ਜੁਝਾਰੂ ਵੀਰਾਂ ਨੇ ਸਰਕਾਰ ਵਿਰੁੱਧ ਨਾਅਰੇ ਲਾਏ। ਇਸੇ ਸੰਬੰਧ ਵਿਚ ਸ. ਹਰਚੰਦ ਸਿੰਘ (ਧਬਲਾਨ), ਅਮਰੀਕ ਸਿੰਘ ਲੰਗ, ਸ. ਮੇਜਰ ਸਿੰਘ ਦਿੜ੍ਹਪੁਰ ਜਟਾਂ, ਸ. ਦਰਸ਼ਨ ਸਿੰਘ ਰਖੜਾ, ਸ. ਬੁਧ ਸਿੰਘ ਖਰੌੜਾ ਤੇ ਸ. ਰਾਏ ਸਿੰਘ ਬਾਗੜੀਆਂ ਨੂੰ ਫੜ ਕੇ ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੌਜਵਾਨਾਂ ਨੂੰ ਬਹੁਤ ਤਸੀਹੇ ਦਿੱਤੇ ਗਏ ਤੇ ਇਸੇ ਤਰ੍ਹਾਂ ਗੁਰਦਾਸਪੁਰ ਬੀਬੀ ਜਸਬੀਰ ਕੌਰ ਤੇ ਉਸ ਦੀਆਂ ਸਾਥਣਾਂ ਨੇ ਮੁਜਾਹਰਾ ਕੀਤਾ।

ਸ਼੍ਰੋਮਣੀ ਅਕਾਲੀ ਦਲ ਨੇ ਹੁਣ 19 ਜੂਨ ਨੂੰ 'ਰੇਲ ਰੋਕੋ' ਪ੍ਰੋਗਰਾਮ ਦਾ ਐਲਾਨ ਕੀਤਾ। ਪਰ ਸਰਕਾਰ ਨੇ 18 ਜੂਨ ਨੂੰ ਸਾਰੀਆਂ ਗੱਡੀਆਂ ਬੰਦ ਕਰ ਦਿੱਤੀਆਂ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਬਹੁਤ ਵੱਡੀ ਜਿੱਤ ਹੋਈ ਤੇ 19 ਜੂਨ ਨੂੰ ਹੋਣ ਵਾਲਾ ਸਾਕਾ ਸ਼ਾਂਤਮਈ ਵਾਤਾਵਰਣ ਵਿਚ ਗੁਜ਼ਰ ਗਿਆ। ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ। ਥਾਂ ਥਾਂ ਸਿੱਖ ਨੌਜਵਾਨਾਂ ਨੂੰ ਫੜ ਕੇ ਝੂਠੇ ਕੇਸਾਂ ਵਿਚ ਫਸਾ ਦਿੱਤਾ ਗਿਆ ਤੇ ਫਸਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ 4 ਅਗਸਤ ਤੋਂ ਸ਼ੁਰੂ ਕੀਤਾ ਧਰਮ ਯੁੱਧ ਮੋਰਚਾ ਸ਼ਾਂਤਮਈ ਚੱਲ ਰਿਹਾ ਹੈ ਪਰ ਸਰਕਾਰ ਨੌਜਵਾਨਾਂ ਨੂੰ ਪੂਰੇ ਤਸੀਹੇ ਦੇ ਕੇ ਸ਼ਹੀਦ ਕਰ ਰਹੀ ਹੈ। 4 ਅਗਸਤ 1983 ਨੂੰ ਮੋਰਚੇ ਨੂੰ ਇਕ ਸਾਲ ਹੋ ਗਿਆ ਅਤੇ 6 ਅਗਸਤ ਨੂੰ ਭਾਈ ਅਮਰੀਕ ਸਿੰਘ, ਭਾਈ ਥਾਰਾ ਸਿੰਘ ਤੇ ਫੈਡਰੇਸ਼ਨ ਦੇ ਹੋਰ ਵੀਰ ਜੇਹਲਾਂ ਤੋਂ ਰਿਹਾ ਹੋ ਗਏ। ਸਰਕਾਰ ਉਨ੍ਹਾਂ ਉਪਰ ਕੋਈ ਕੇਸ ਸਾਬਤ ਨਾ ਕਰ ਸਕੀ। ਸ਼੍ਰੋਮਣੀ ਅਕਾਲੀ ਦਲ ਨੇ 29 ਅਗਸਤ ਨੂੰ 'ਪੰਜਾਬ ਬੰਦ' ਕਰਨ ਦਾ ਸੱਦਾ ਦਿੱਤਾ, ਜੋ ਪੂਰੀ ਤਰ੍ਹਾਂ ਸਫਲ ਰਿਹਾ। ਕੌਮ ਤਿਆਰ ਹੈ ਪਰ ਪ੍ਰੋਗਰਾਮ ਤਾਂ ਹਾਲੇ ਅਕਾਲੀ ਦਲ ਨੇ ਦੇਣਾ ਹੈ। ਬਾਕੀ ਅਕਾਲ ਪੁਰਖ ਵਾਹਿਗੁਰੂ ਜੀ ਦੇ ਹੱਥ ਹੈ ਜੋ ਉਸ ਨੂੰ ਭਾਉਂਦਾ ਹੈ, ਉਹੀ ਹੁੰਦਾ ਹੈ।



Digitized by Panjab Digital Library | www.panjabdigilib.org

# ਧਰਮ ਯੁੱਧ ਤੇ ਸ਼ਹੀਦ:

ਰੁੱਤ ਆ ਗਈ ਸ਼ਹੀਦੀ ਦੀ ਸਿੰਘੋ ਕਰ ਲੋ ਤੁਸੀਂ ਤਿਆਰੇ ।
ਸਮਾਂ ਨਾਜ਼ਕ ਦੀਹਦਾ ਹੈ, ਤੁਹਾਡੇ ਸਿਰਾਂ ਤੇ ਚੱਲਣੇ ਆਰੇ ।

ਸਿੱਖ ਕੌਮ ਨੇ ਆਪਣੇ ਜਨਮ ਤੋਂ ਲੈ ਕੇ ਅੱਜ ਤੱਕ ਮਨੁੱਖਤਾ ਦੇ ਭਲੇ ਅਤੇ ਕੌਮ ਦੀ ਚੜ੍ਹਦੀ ਕਲਾ ਲਈ ਸ਼ਹੀਦੀਆਂ ਦਿੱਤੀਆਂ ਹਨ। ਭਾਵੇਂ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਹੋਵੇ, ਪੰਜਾਬੀ ਸੂਬੇ ਦਾ ਮੋਰਚਾ ਹੋਵੇ, ਜਾਂ ਜਮਹੂਰੀਅਤ ਦੀ ਆਜ਼ਾਦੀ ਲਈ ਲੜਿਆ ਜਾ ਰਿਹਾ ਘੋਲ ਹੋਵੇ, ਸਿੱਖ ਕੌਮ ਦੇ ਜੁਝਾਰੂ ਹਮੇਸ਼ਾਂ ਮੂਹਰਲੀ ਕਤਾਰ ਵਿਚ ਡਟ ਕੇ ਜੂਝਦੇ ਰਹੇ ਹਨ ਪੰਜਾਬ ਦੇ ਛੇਵੇਂ ਦਰਿਆ ਪ੍ਰੋ: ਪੂਰਨ ਸਿੰਘ ਜੀ ਅਨੁਸਾਰ:

ਪੰਜਾਬ ਦੇ ਗੱਭਰੂ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਾ ਡਰਨ,
ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਥੀਂ ਆਪਣੀ ਵਾਰ ਦਿੰਦੇ ।
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ ।

'ਪੰਜਾਬ ਤਾਂ ਜਿਉਂਦਾ ਹੀ ਗੁਰਾਂ ਦੇ ਨਾਂ ਤੇ', ਪੰਜਾਬ ਦੇ ਗਭਰੂ ਗੁਰੂ ਪਿੱਛੇ ਆਪਾ ਵਾਰਦੇ ਰਹੇ ਹਨ ਤੇ ਗੁਰੂ ਦੇ ਨਾਂ ਤੇ ਕੁਰਬਾਨੀ ਕਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਦੇਸ਼ ਨੂੰ ਆਜ਼ਾਦ ਕਰਾਉਣ ਦੀ ਖਾਤਰ ਵਿਦੇਸ਼ੀ ਸਰਕਾਰਾਂ ਨਾਲ ਲੜਾਈ ਲੜਨੀ ਪਈ ਤਾਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਦੇ ਬੱਬਰ ਜੁਝਾਰੂਆਂ ਨੇ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਸਭ ਤੋਂ ਵੱਧ ਕੁਰਬਾਨੀ ਦਿੱਤੀ ਪਰ ਬੇਅਰਥ! ਕਿਉਂ?

ਜੇ ਤੁਸੀਂ ਪੰਜਾਬ ਦੇ ਜੰਮਪਲ ਹੋਵੋਂਗੇ, ਪੰਜਾਬ ਦੀ ਧਰਤੀ ਤੇ ਰਹਿੰਦੇ ਹੋਏ ਸਭ ਕੁਝ ਸਮਝ ਰਹੇ ਹੋਵੋਂਗੇ, ਪਰ ਚੁੱਪ ਹੋ। ਦੇਸ਼ ਦੀ ਆਜ਼ਾਦੀ ਧੋਤੀ, ਟੋਪੀ ਜਾਂ ਡੰਗੋਰੀ ਜਾਂ ਚਾਰ ਥਣਾਂ ਵਾਲੀ ਬੱਕਰੀ ਨਾਲ ਨਹੀਂ ਮਿਲੀ। ਇਸ ਪਿੱਛੇ ਸਿੰਘਾਂ ਨੂੰ ਫਾਂਸੀ ਦੇ ਰੱਸਿਆਂ ਨੂੰ ਚੁੰਮਦਿਆਂ ਹੋਇਆਂ ਅਲਾਹੀ ਗੀਤ ਅਲਾਪਣੇ ਪਏ ਹਨ, ਜੇਹਲਾਂ ਦੀਆਂ ਕਾਲ ਕੋਠੜੀਆਂ ਵਿਚ ਤਸੀਹੇ ਝੱਲਦਿਆਂ ਹੋਇਆਂ ਜ਼ਮੀਨਾਂ ਕੁਰਕ ਕਰਵਾਉਣੀਆਂ ਪਈਆਂ ਹਨ ਤਾਂ ਫਿਰ ਵਿਦੇਸ਼ੀ ਦਰਿੰਦੇ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦ ਕੀਤਾ ਪਰ ਜਾਂਦੇ ਜਾਂਦੇ ਆਪਣੇ ਵਾਲਾ ਗੁਰ ਕਾਲੇ ਅੰਗਰੇਜ਼ਾਂ ਨੂੰ ਸਿਖਾ ਗਏ ਜੋ ਪਿਛਲੇ 35 ਸਾਲਾਂ ਤੋਂ ਸਿੱਖ ਕੌਮ ਨਾਲ ਕਦਮ ਕਦਮ ਤੇ ਧੱਕੇ ਕਰ ਰਹੇ ਹਨ ।

ਪੰਜਾਬੀ ਸੂਬੇ ਦਾ ਮੋਰਚਾ ਲੱਗਿਆ। 60,000 ਸਿੰਘ ਜੇਹਲਾਂ ਵਿਚ ਗਏ। ਇਸ ਮੋਰਚੇ ਦੌਰਾਨ 36 ਸਿੰਘ ਪੰਜਾਬ ਵਿਚ ਅਤੇ 7 ਸਿੰਘ ਦਿੱਲੀ ਵਿਖੇ ਸ਼ਹੀਦੀ ਪਾ ਗਏ ਪਰ ਫਿਰ ਵੀ ਪੰਜਾਬੀ ਸੂਬਾ ਅਧੂਰੇ ਦਾ ਅਧੂਰਾ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਕੌਮ ਨਾਲ ਹੋ ਰਹੇ ਧੱਕਿਆਂ ਨੂੰ ਦੂਰ ਕਰਨ ਲਈ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ 4



Digitized by Panjab Digital Library | www.panjabdigilib.org

ਅਗਸਤ 1982 ਤੋਂ ਜੋ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਹੈ, ਉਸ ਵਾਸਤੇ ਸਿੰਘਾਂ ਨੂੰ ਜੋ ਕੁਰਬਾਨੀਆਂ ਦੇਣੀਆਂ ਪਈਆਂ ਹਨ, ਉਸ ਚੀਜ਼ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ ਧਰਮ ਯੁੱਧ ਮੋਰਚਾ ਚੱਲ ਰਿਹਾ ਹੈ, ਸਰਕਾਰ ਸਿੰਘਾਂ ਦੇ ਖ਼ੂਨ ਦੀ ਹੋਲੀ ਖੇਡ ਕੇ ਆਪਣੇ ਹੱਥ ਇਸ ਪਵਿੱਤਰ ਖ਼ੂਨ ਵਿਚ ਰੰਗ ਰਹੀ ਹੈ ਪਰ ਇਸ ਸਰਕਾਰ ਦਾ ਲੇਖਾ ਜੋਖਾ ਕਾਲੇ ਅੱਖਰਾਂ ਵਿਚ ਲਿਖਿਆ ਜਾਵੇਗਾ। ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਕੌਮ ਵਿਚ ਨਵੀਂ ਰੂਹ ਫੂਕਦੇ ਹਨ। ਸ਼ਹੀਦਾਂ ਦਾ ਇਤਿਹਾਸ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਧਰਮ ਯੁੱਧ ਦੌਰਾਨ ਸ਼ਹੀਦੀ ਪਾਉਣ ਵਾਲੇ ਸਿੰਘ, ਜਿਨ੍ਹਾਂ ਨੇ ਹੱਸ ਹੱਸ ਕੇ ਸ਼ਹੀਦੀ ਜਾਮ ਪੀਤੇ ਤੇ ਗੁਰੂ ਚਰਨਾਂ ਵਿਚ ਜਾ ਬਿਰਾਜੇ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

## ਤਰਨਤਾਰਨ ਵਿਖੇ ਰੇਲ - ਬੱਸ ਹਾਦਸੇ ਦੇ ਸ਼ਹੀਦ
## 12 ਸਤੰਬਰ 1982

1 ਸ. ਹਰਬੰਸ ਸਿੰਘ ਕੋਹਲੀ, ਸਪੁੱਤਰ ਸ. ਸੁਜਾਨ ਸਿੰਘ ਕੋਹਲੀ, ਨੰਗਲ ਟਾਊਨ ਸ਼ਿਪ (ਰੋਪੜ)
2 ਸ. ਜਗਤਾਰ ਸਿੰਘ ਸਪੁੱਤਰ ਸ. ਊਧਮ ਸਿੰਘ, ਸੰਗਤਪੁਰਾ, ਰੋਪੜ
3 ਸ. ਬੰਤਾ ਸਿੰਘ ਸਪੁੱਤਰ ਸ. ਅੱਛਰ ਸਿੰਘ, ਕੁਲਗਰਾਂ, ਰੋਪੜ।
4 ਸ. ਕਿਸ਼ਨ ਸਿੰਘ, ਸਪੁੱਤਰ ਸ. ਸਾਧੂ ਸਿੰਘ, ਭੱਲੜੀ, ਰੋਪੜ
5 ਸ. ਗੁਰਦਾਸ ਸਿੰਘ, ਸਪੁੱਤਰ ਸ. ਇੰਦਰ ਸਿੰਘ, ਪਿੰਡ ਭੱਲੜੀ, ਰੋਪੜ।
6 ਸ. ਮਹਿੰਦਰ ਸਿੰਘ ਸਪੁੱਤਰ ਸ. ਸਾਊਣ ਸਿੰਘ, ਪਿੰਡ ਭੱਲੜੀ, ਰੋਪੜ।
7 ਸ. ਦੀਵਾਨ ਸਿੰਘ ਸਪੁੱਤਰ ਰਾਮਦੱਤ ਜੀ, ਪਿੰਡ ਭੱਲੜੀ, ਰੋਪੜ।
8 ਸ. ਤਾਰਾ ਸਿੰਘ ਸਪੁੱਤਰ ਸ. ਨੱਥਾ ਸਿੰਘ, ਪਿੰਡ ਐਲਗਰਾਂ, ਰੋਪੜ
9 ਸ. ਚੇਤ ਸਿੰਘ ਸਪੁੱਤਰ ਸ. ਮਾਨ ਸਿੰਘ, ਪਿੰਡ ਸੁਆੜਾ, ਰੋਪੜ।
10 ਕਾਕਾ ਨਸੀਬ ਸਿੰਘ ਸਪੁੱਤਰ ਸ. ਮਹਿੰਗਾ ਸਿੰਘ ਸੈਣੀ, ਪਿੰਡ ਕਲਮਾਂ, ਜ਼ਿਲ੍ਹਾ ਰੋਪੜ।
11 ਕਾਕਾ ਜੋਗਾ ਸਿੰਘ ਸਪੁੱਤਰ ਸ. ਚੰਨਣ ਸਿੰਘ, ਪਿੰਡ ਡੂਮੇਵਾਲ, ਰੋਪੜ।
12 ਕਾਕਾ ਦਰਸ਼ਨ ਸਿੰਘ ਸਪੁੱਤਰ ਸ. ਅਮਰ ਸਿੰਘ, ਡੂਮੇਵਾਲ, ਰੋਪੜ।
13 ਕਾਕਾ ਮੰਗਲ ਸਿੰਘ, ਸਪੁੱਤਰ ਸ੍ਰੀ ਦੀਨਾ ਨਾਥ, ਡੂਮੇਵਾਲ, ਰੋਪੜ।
14 ਸ. ਬੰਤਾ ਸਿੰਘ ਸਪੁੱਤਰ ਸ੍ਰੀ ਚੰਦੂ ਰਾਮ, ਸ਼ਮੀਰੋਵਾਲ, ਰੋਪੜ।
15 ਸ. ਮੰਗਲ ਸਿੰਘ, ਸਪੁੱਤਰ ਸ. ਸੰਗਤ ਸਿੰਘ, ਪਿੰਡ ਬਸੀ, ਰੋਪੜ।
16 ਸ. ਰੁਘਾ ਸਿੰਘ ਸਪੁੱਤਰ ਸ. ਨਿਸ਼ਾ ਸਿੰਘ, ਬੱਸੀ, ਰੋਪੜ।
17 ਸ. ਸੀਤਲ ਸਿੰਘ ਸਪੁੱਤਰ ਸ. ਰੁਲਦਾ ਸਿੰਘ ਪਿੰਡ ਬਸੀ, ਰੋਪੜ।
18 ਸ. ਪਿਆਰਾ ਸਿੰਘ ਸਪੁੱਤਰ ਸ. ਗੁਰਬਚਨ ਸਿੰਘ, ਪਿੰਡ ਸ਼ਾਹਪੁਰ ਬੇਲਾ, ਰੋਪੜ।
19 ਸ. ਬਚਨ ਸਿੰਘ, ਸਪੁੱਤਰ ਸ. ਹਾਕਮ ਸਿੰਘ, ਪਿੰਡ ਭਾਊਵਾਲ, ਰੋਪੜ।
20 ਸ. ਮੁਨਸ਼ਾ ਸਿੰਘ ਸਪੁੱਤਰ ਸ. ਜੀਵਾ ਸਿੰਘ, ਭਾਊਵਾਲ, ਰੋਪੜ।
21 ਸ. ਨਸੀਬ ਸਿੰਘ, ਸਪੁੱਤਰ ਸ. ਪ੍ਰਤਾਪ ਸਿੰਘ, ਪਿੰਡ ਬੈਂਸ, ਰੋਪੜ।
22 ਸ. ਮਨਸ਼ਾ ਸਿੰਘ, ਸਪੁੱਤਰ ਸ. ਕਰਮ ਸਿੰਘ, ਬੈਂਸ, ਰੋਪੜ।
23 ਸ. ਨਰਿੰਜਨ ਸਿੰਘ ਸਪੁੱਤਰ ਸ. ਈਸ਼ਰ ਸਿੰਘ, ਬੈਂਸ, ਰੋਪੜ।
24 ਸ. ਬੇਲੀ ਸਿੰਘ, ਸਪੁੱਤਰ ਸ. ਬੰਤਾ ਸਿੰਘ, ਪਿੰਡ ਅਲਖ, ਰੋਪੜ।
25 ਸ. ਛੱਜਾ ਸਿੰਘ ਸਪੁੱਤਰ ਸ. ਝੰਡਾ ਸਿੰਘ, ਪਿੰਡ ਲਹਿੜੀਆਂ, ਰੋਪੜ।
26 ਸ. ਬੁੱਧ ਸਿੰਘ, ਸਪੁੱਤਰ ਸ੍ਰੀ ਛਿਬਾ ਰਾਮ, ਲਹਿੜੀਆਂ, ਰੋਪੜ।
27 ਸ. ਨੱਥਾ ਸਿੰਘ ਸਪੁੱਤਰ ਸ੍ਰੀ ਜੈ ਚੰਦ, ਪਿੰਡ ਮੁੰਨੇ, ਰੋਪੜ।



Digitized by Panjab Digital Library | www.panjabdigilib.org

28 ਸ. ਨਰਿੰਜਨ ਸਿੰਘ ਸਪੁੱਤਰ ਸ. ਹਰੀ ਸਿੰਘ ਪਿੰਡ ਬਾਹਮਣ ਮਾਜਰਾ, ਰੋਪੜ ।
29 ਸ. ਚੇਤ ਸਿੰਘ ਸਪੁੱਤਰ ਸ. ਦਲੀਪ ਸਿੰਘ, ਪਿੰਡ ਅਵਿਆਣਾ ਖੁਰਦ, ਰੋਪੜ ।
30 ਸ. ਨਾਹਰ ਸਿੰਘ, ਸਪੁੱਤਰ ਸ. ਮੇਵਾ ਸਿੰਘ, ਆਨੰਦਪੁਰ ਸਾਹਿਬ, ਰੋਪੜ ।
31 ਸ. ਰਾਜਾ ਸਿੰਘ, ਸਪੁੱਤਰ ਸ. ਭਗਵਾਨ ਸਿੰਘ, ਪਿੰਡ ਕੁਕੜ ਮਾਜਰਾ, ਹੁਸ਼ਿਆਰਪੁਰ ।
32 ਸ. ਸੋਹਣ ਸਿੰਘ ਭੁਲਰ ਸਪੁੱਤਰ ਸ. ਹਾਕਮ ਸਿੰਘ, ਪਿੰਡ ਭੁਲਰ, ਜਲੰਧਰ ।
33 ਪੰਡਤ ਸ੍ਰੀ ਕੇਵਲ ਸਿੰਘ ਸਪੁੱਤਰ ਸ੍ਰੀ ਗੋਂਦਾ ਪਿੰਡ ਭੁੱਲਰ, ਜਲੰਧਰ ।
34 ਸ. ਭਜਨ ਸਿੰਘ ਸਪੁੱਤਰ ਸ. ਦਲੀਪ ਸਿੰਘ ਪਿੰਡ ਕੁਕੜ ਮਾਜਰਾ, ਹੁਸ਼ਿਆਰਪੁਰ ।

ਸ਼੍ਰੋਮਣੀ ਅਕਾਲੀ ਦਲ ਨੇ 34 ਸ਼ਹੀਦ ਸਿੰਘਾਂ ਲਈ ਸ਼ਰਧਾਂਜਲੀ ਜਲੂਸ ਕੱਢਿਆ ਜਿਸ ਨਾਲ ਹਰ ਪਾਸੇ ਜੋਸ਼ ਫੈਲ ਗਿਆ। ਜਦ ਸ਼ਾਂਤਮਈ ਜਲੂਸ ਦਿੱਲੀ ਪਹੁੰਚਿਆ ਤਾਂ ਦਿੱਲੀ ਦੀ ਜ਼ਾਲਮ ਸਰਕਾਰ ਸਿੰਘਾਂ ਦਾ ਇਕੱਠ ਦੇਖ ਕੇ ਖੁਸ਼ ਨਾ ਹੋ ਸਕੀ ਤੇ ਪਾਰਲੀਮੈਂਟ ਦੇ ਸਾਹਮਣੇ 11 ਅਕਤੂਬਰ 1982 ਨੂੰ ਗੋਲੀਆਂ ਚਲਾ ਕੇ ਸਿੱਖ ਕੌਮ ਨੂੰ ਇਨਸਾਫ ਦਿੱਤਾ, ਜਿਸ ਨਾਲ 4 ਸਿੰਘ ਸ਼ਹੀਦ ਹੋ ਗਏ ।

## ਦਿੱਲੀ ਵਿਖੇ ਸ਼ਹੀਦੀ ਪਾਉਣ ਵਾਲੇ ਸਿੰਘ

1 ਸੰਤ ਜੰਗ ਸਿੰਘ ਜੀ ਕਰਨਾਲ ਵਾਲੇ, ਪਿੰਡ ਮੌੜਾਂ ਜਿਲ੍ਹਾ ਸੰਗਰੂਰ ।
2 ਸ. ਗੁਰਦੀਪ ਸਿੰਘ ਜੀ, ਮਹਾਲਾਂ ਕਲਾਂ, ਫਰੀਦਕੋਟ ।
3 ਸ. ਗੁਰਚੇਤ ਸਿੰਘ ਜੀ, ਗੁਰਦਿਤੀ ਵਾਲੀ, ਫਿਰੋਜ਼ਪੁਰ ।
4 ਸ. ਬਰਕਤ ਸਿੰਘ ਹੀਰਾ, ਦਿੱਲੀ ।

## 4 ਅਪਰੈਲ 1983 ਨੂੰ ਰਸਤਾ ਰੋਕੂ ਅੰਦੋਲਨ ਵਿਚ ਸ਼ਹੀਦ ਹੋਣ ਵਾਲੇ ਸਿੰਘ

1 ਸ. ਮੱਘਰ ਸਿੰਘ ਸਪੁੱਤਰ ਸ. ਹਰਨੇਕ ਸਿੰਘ, ਲਸੋਈ, ਸੰਗਰੂਰ ।
2 ਸ. ਭਾਗ ਸਿੰਘ ਸਪੁੱਤਰ ਸ. ਰਾਮਦਿਤਾ ਸਿੰਘ ਜੀ, ਜੰਡਿਆਲੀ ਖੁਰਦ, ਸੰਗਰੂਰ ।
3 ਸ. ਗੁਰਚਰਨ ਸਿੰਘ ਸਪੁੱਤਰ ਸ. ਘੁੱਦਾ ਸਿੰਘ ਕੰਗਣਵਾਲ, ਸੰਗਰੂਰ ।
4 ਸ. ਗੁਰਮੀਤ ਸਿੰਘ ਸਪੁੱਤਰ ਸ. ਹਰੀ ਸਿੰਘ, ਮਾਨਵੀ, ਸੰਗਰੂਰ ।
5 ਸ. ਅਮਰਜੀਤ ਸਿੰਘ, ਸਪੁੱਤਰ ਸ. ਕਰਤਾਰ ਸਿੰਘ, ਮੰਡਿਆਲਾ, ਸੰਗਰੂਰ ।
6 ਸ. ਗੁਰਦਿਆਲ ਸਿੰਘ ਸਪੁੱਤਰ ਸ. ਬਹਿਲਾ ਸਿੰਘ, ਉਪੋਕੇ, ਸੰਗਰੂਰ ।
7 ਸ੍ਰੀ ਪਵਨ ਕੁਮਾਰ ਸਪੁੱਤਰ ਸ੍ਰੀ ਸਾਧੂ ਰਾਮ, ਖਾਨਪੁਰ, ਸੰਗਰੂਰ ।
8 ਭਾਈ ਇਲਮਦੀਨ ਸਪੁੱਤਰ ਸਜਾਦਾਂ, ਰਾਣਵਾ, ਸੰਗਰੂਰ ।
9 ਭਾਈ ਮੁਹੰਮਦ ਰਫੀਕ ਸਪੁੱਤਰ ਖਰਾਦੀਨ, ਮਲੇਰ ਕੋਟਲਾ, ਸੰਗਰੂਰ ।
10 ਬੀਬੀ ਧਰਮ ਕੌਰ ਸੁਪਤਨੀ ਸ. ਮੋਹਨ ਸਿੰਘ, ਪਿਆਰੇਆਣਾ, ਫਿਰੋਜ਼ਪੁਰ ।
11 ਬੀਬੀ ਰਾਜਪਾਲ ਕੌਰ, ਭੁੱਚੋ ਮੰਡੀ, ਬਠਿੰਡਾ ।
12 ਸ. ਜੋਰਾ ਸਿੰਘ ਸਪੁੱਤਰ ਸ. ਮਾਨ ਸਿੰਘ, ਨਥਾਣਾ, ਬਠਿੰਡਾ ।
13 ਬਖਤਾਵਰ ਸਿੰਘ, ਭਾਖਰਪੁਰ, ਪਟਿਆਲਾ ।
14 ਸ. ਜਗੀਰ ਸਿੰਘ ਸਪੁਤੱਰ ਸ. ਪਰਸਨ ਸਿੰਘ, ਖਰਾਜਪੁਰ, ਪਟਿਆਲਾ ।
15 ਸ. ਸੁਖਾ ਸਿੰਘ ਸਪੁੱਤਰ ਸ. ਰੂੜ ਸਿੰਘ, ਸਰੌਦ, ਪਟਿਆਲਾ ।
16 ਸ. ਗੁਰਨਾਮ ਸਿੰਘ ਸਪੁੱਤਰ ਸ. ਹੰਸਰਾਜ ਸਿੰਘ, ਬਸੋਲੀ, ਪਟਿਆਲਾ ।
17 ਸ. ਸੁਰਿੰਦਰ ਸਿੰਘ, ਗੁ: ਦੂਖ ਨਿਵਾਰਨ ਸਾਹਿਬ, ਪਟਿਆਲਾ ।
18 ਸ. ਜੋਗਿੰਦਰ ਸਿੰਘ, ਦੌਣ ਕਲਾਂ, ਪਟਿਆਲਾ ।



Digitized by Panjab Digital Library | www.panjabdigilib.org

19 ਸ. ਇੰਦਰਜੀਤ ਸਿੰਘ ਸਪੁੱਤਰ ਸ. ਸਾਧੂ ਸਿੰਘ, ਦੁਧਾਲ, ਲੁਧਿਆਣਾ।
20 ਸ. ਉਜਾਗਰ ਸਿੰਘ ਸਪੁੱਤਰ ਸ. ਕਿਸ਼ਨ ਸਿੰਘ, ਜੋਗੀ ਮਾਜਰਾ, ਲੁਧਿਆਣਾ।
21 ਸ. ਅਮਰ ਸਿੰਘ, ਗੌਂਸਪੁਰ, ਫਗਵਾੜਾ।
22 ਸ੍ਰੀ ਅਸ਼ਵਨੀ ਕੁਮਾਰ, ਫਗਵਾੜਾ।
23 ਸ. ਗੋਪਾਲ ਸਿੰਘ, ਸਪੁੱਤਰ ਸ. ਬੇਲਾ ਸਿੰਘ, ਮਦੋਕੇ ਲੋਪੋਕੇ, ਅੰਮ੍ਰਿਤਸਰ।
24 ਸ. ਜਗੀਰ ਸਿੰਘ ਸਪੁੱਤਰ ਸ. ਪ੍ਰਤਾਪ ਸਿੰਘ, ਜੋਗੀ ਮਾਜਰਾ, ਲੁਧਿਆਣਾ।

## ਝੂਠੇ ਪੁਲਿਸ ਮੁਕਾਬਲਿਆਂ ਵਿਚ ਸ਼ਹੀਦੀ ਪਾਉਣ ਵਾਲੇ ਸਿੰਘ

1 ਸ. ਕੁਲਵੰਤ ਸਿੰਘ ਨਾਗੋਕੇ, ਅੰਮ੍ਰਿਤਸਰ।
2 ਸ. ਅਮਰਜੀਤ ਸਿੰਘ ਦਹੇੜੂ, ਲੁਧਿਆਣਾ।
3 ਸ. ਬਲਜੀਤ ਸਿੰਘ
4 ਗੁਰਮੀਤ ਸਿੰਘ ਧੂੜਕੋਟ, ਲੁਧਿਆਣਾ।
5 ਸ. ਜਸਦੇਵ ਸਿੰਘ ਕੋਟਈਸ਼ੇ ਖਾਂ, ਫਿਰੋਜ਼ਪੁਰ।
6 ਸ. ਸਖਦੇਵ ਸਿੰਘ ਕੋਟਈਸ਼ੇ ਖਾਂ, ਫਿਰੋਜ਼ਪੁਰ।
7 ਸ. ਮੁਸੀਬਤ ਸਿੰਘ, ਅੰਮ੍ਰਿਤਸਰ।
8 ਸ. ਭੋਲਾ ਸਿੰਘ ਰੋਡੇ, ਫਰੀਦਕੋਟ।
9 ਸ. ਕਸ਼ਮੀਰ ਸਿੰਘ ਲਧੂਵਾਲਾ ਅਵਤਾੜ, ਫਿਰੋਜ਼ਪੁਰ।
10 ਸ. ਹਰਦੇਵ ਸਿੰਘ ਰੋਡੇ, ਫਰੀਦਕੋਟ।
11 ਸ. ਬਲਵੰਤ ਸਿੰਘ ਨਿਹੰਗ।
12 ਸ. ਦਰਸ਼ਨ ਸਿੰਘ ਪਾਠੀ, ਜੰਮੂ ਕਸ਼ਮੀਰ।

## ਧਰਮ ਯੁੱਧ ਮੋਰਚੇ ਦੌਰਾਨ ਜੇਲ੍ਹਾਂ ਵਿਚ ਸ਼ਹੀਦ ਹੋਏ ਸਿੰਘ

1 ਸ. ਗੱਜਨ ਸਿੰਘ, ਪਿੰਡ ਇਸ਼ਨ ਮਾਜਰੀ, ਤਹਿਸੀਲ ਅਮਲੋਹ, ਪਟਿਆਲਾ।
2 ਈਸ਼ਰ ਸਿੰਘ, ਪਿੰਡ ਸਲਾਲਾ, ਜੀਵਨ ਸਿੰਘ ਵਾਲਾ, ਪਟਿਆਲਾ।
3 ਮੁਕੰਦ ਸਿੰਘ, ਪਿੰਡ ਨਮਾਦਿਆਂ, ਪਟਿਆਲਾ।
4 ਜੈਮਲ ਸਿੰਘ, ਪਿੰਡ ਕੁਲਾਰਾਂ, ਪਟਿਆਲਾ।
5 ਚੰਦ ਸਿੰਘ, ਪਿੰਡ ਕਾਕੜਾ, ਸੰਗਰੂਰ।
6 ਜੀਤਾ ਸਿੰਘ, ਪਿੰਡ ਧਨੌਲੀ, ਪਟਿਆਲਾ।
7 ਜਥੇਦਾਰ ਇੰਦਰ ਸਿੰਘ ਪਹਿਲਵਾਨ, ਪਿੰਡ ਭਗੜਾਨਾ, ਪਟਿਆਲਾ।
8 ਸੂਰਤਾ ਸਿੰਘ, ਪਿੰਡ ਰਾਉ ਮਾਜਰਾ, ਪਟਿਆਲਾ।
9 ਸ. ਸੰਤਾ ਸਿੰਘ, ਪਿੰਡ ਸ਼ੰਭੂ ਕਲਾਂ, ਪਟਿਆਲਾ।
10 ਸ. ਸੁੱਚਾ ਸਿੰਘ, ਭਵਾਨੀਗੜ੍ਹ, ਸੰਗਰੂਰ।
11 ਸ. ਬਾਰਾ ਸਿੰਘ, ਕਾਦਰਾਬਾਦ, ਪਟਿਆਲਾ।
12 ਸ. ਅਮਰ ਸਿੰਘ, ਬਹੇੜਪੁਰ, ਜਨਹੇੜੀਆਂ, ਪਟਿਆਲਾ।
13 ਸ. ਕਰਨੈਲ ਸਿੰਘ, ਬਲ ਬਾਵਾ, ਅੰਮ੍ਰਿਤਸਰ।
14 ਸ. ਪਾਲ ਸਿੰਘ, ਘੋਲੀਆਂ ਖੁਰਦ, ਫਰੀਦਕੋਟ।
15 ਸ. ਗੁਰਬਚਨ ਸਿੰਘ, ਮੋਤੀ ਪੁਰ, ਜਲੰਧਰ।
16 ਸ. ਅਵਤਾਰ ਸਿੰਘ, ਜਲੰਧਰ।
17 ਜਥੇਦਾਰ ਦਲਬਾਰਾ ਸਿੰਘ, ਢਹਿਲਾਵਾਲੀ, ਬਠਿੰਡਾ।



Digitized by Panjab Digital Library | www.panjabdigilib.org

18 ਸ. ਗੁਰਦਿਆਲ ਸਿੰਘ, ਕੋਟੜਾ, ਬਠਿੰਡਾ ।
19 ਸ. ਦੀਦਾਰ ਸਿੰਘ, ਨਸ਼ਹਿਰਾ ਪੰਨੂਵਾਂ, ਅੰਮ੍ਰਿਤਸਰ ।
20 ਸ. ਕਰਤਾਰ ਸਿੰਘ, ਪਿੰਡ ਵਰਨਾਲਾ, ਅੰਮ੍ਰਿਤਸਰ ।
21 ਸ. ਦਲੀਪ ਸਿੰਘ, ਹਰਦਝੰਡੇ, ਗੁਰਦਾਸਪੁਰ ।
22 ਵਿਰਸਾ ਸਿੰਘ, ਡੇਹਰੀਵਾਨ, ਗੁਰਦਾਸਪੁਰ ।
23 ਮਾਨ ਸਿੰਘ, ਜੰਡਿਆਲਾ, ਜਲੰਧਰ ।
24 ਜੀਵਨ ਸਿੰਘ, ਧਨੋਏ, ਅੰਮ੍ਰਿਤਸਰ ।
25 ਜੋਰਾ ਸਿੰਘ, ਰਾਮਪੁਰ, ਸੰਗਰੂਰ ।
26 ਸ. ਸਾਧਾ ਸਿੰਘ, ਕਟੋਰਾ, ਫਿਰੋਜ਼ਪੁਰ ।
27 ਸ. ਜਰਨੈਲ ਸਿੰਘ, ਸੁਧਾਰ, ਅੰਮ੍ਰਿਤਸਰ ।
28 ਸ. ਜੀਵਨ ਸਿੰਘ, ਟਲੇਵਾਲ, ਸੰਗਰੂਰ ।
29 ਨਿਰਮਲ ਸਿੰਘ, ਪਪਰਾਲਾ, ਰੋਪੜ ।
30 ਸ. ਬਲਵੰਤ ਸਿੰਘ, ਢਠੇ, ਅੰਮ੍ਰਿਤਸਰ ।
31 ਬਲਕਾਰ ਸਿੰਘ ।
32 ਸ. ਦਰਸ਼ਨ ਸਿੰਘ, ਗੋਬਿੰਦਪੁਰ, ਜੰਮੂ ।
33 ਜਥੇਦਾਰ ਤਾਰਾ ਸਿੰਘ, ਧੀਰ, ਗੁਰਦਾਸਪੁਰ ।
34 ਸ. ਦਾਨ ਸਿੰਘ, ਲੌਂਗੋਵਾਲ, ਸੰਗਰੂਰ ।
35 ਸ. ਪੂਰਨ ਸਿੰਘ, ਮਹਾਂਵਾਲੀ, ਫਰੀਦਕੋਟ ।
36 ਸ. ਬਲਦੇਵ ਸਿੰਘ, ਪੂਹਲੀ, ਬਠਿੰਡਾ ।
37 ਸ. ਬਹਾਦਰ ਸਿੰਘ, ਖੇੜੀ, ਸੰਗਰੂਰ ।
38 ਸ. ਈਸ਼ਰ ਸਿੰਘ ਡਰਾਈਵਰ, ਕੌਲੀ, ਪਟਿਆਲਾ ।
39 ਸ. ਕੌਰ ਸਿੰਘ, ਚੋਟੀਆਂ, ਬਠਿੰਡਾ ।



Digitized by Panjab Digital Library | www.panjabdigilib.org

# ਪੰਜਾਬ ਦੀਆਂ ਜੇਲ੍ਹਾਂ ਤੇ ਸਿੰਘ

ਸਦਾ ਨਾ ਰੰਗਲੀ ਮਹਿੰਦੀ, ਸਦਾ ਨਾ ਕਾਲੇ ਕੇਸ ।
ਸਦਾ ਨਾ ਬਾਗੀਂ ਬੁਲਬੁਲਾਂ, ਸਦਾ ਨਾ ਸਾਧੂ ਦਰਵੇਸ਼ ।
ਸਦਾ ਨਾ ਰਹਿਣਾ ਜੇਲ੍ਹੀਂ, ਸਦਾ ਨਾ ਚੱਲਦੇ ਕੇਸ ।
ਸਦਾ ਨਾ ਬਾਗੀਂ ਆਉਣ ਬਹਾਰਾਂ, ਆਖਰ ਤੁਰ ਜਾਣਾ ਪਰਦੇਸ ।

ਇਸ ਸੰਸਾਰ ਤੇ ਜਦੋਂ ਦਾ ਮਨੁੱਖ ਨੇ ਜਨਮ ਲਿਆ ਹੈ, ਉਸ ਸਮੇਂ ਤੋਂ ਹੀ ਨੇਕੀ, ਬਦੀ, ਦੇਵਤਾ, ਦੈਂਤ ਅਤੇ ਅਮੀਰ, ਗਰੀਬ ਦੀ ਜੰਗ ਜਾਰੀ ਰਹੀ ਹੈ । ਦੁਨੀਆਂ ਤੇ ਰਾਜ ਕਰਨ ਵਾਲੇ ਵੱਖ ਵੱਖ ਸ਼ਾਸਕਾਂ ਨੇ ਆਪਣੇ ਵਿਰੋਧੀਆਂ ਨੂੰ ਦਬਾਉਣ ਵਾਸਤੇ ਤਾਂ ਜੋ ਵਿਰੋਧੀ ਕੁਚਲੇ ਜਾ ਸਕਣ, ਬੰਦੀਖਾਨੇ ਸਥਾਪਤ ਕੀਤੇ । ਇਨ੍ਹਾਂ ਬੰਦੀਖਾਨਿਆਂ ਵਿਚ ਜਾਇਜ਼ ਨਾਜਾਇਜ਼ ਹਰ ਤਰ੍ਹਾਂ ਦੇ ਬੰਦਿਆਂ ਨੂੰ ਕੈਦ ਕੀਤਾ ਗਿਆ । ਇਤਿਹਾਸ ਗਵਾਹ ਹੈ ਕਿ, ਰਾਜਾ ਕੰਸ ਨੇ ਆਪਣੀ ਭੈਣ ਦੇਵਕੀ ਨੂੰ ਕੈਦ 'ਚ ਰੱਖਿਆ ਤੇ ਉਥੇ ਹੀ ਕ੍ਰਿਸ਼ਨ ਜੀ ਦਾ ਜਨਮ ਹੋਇਆ । ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਆਵਾਜ਼ ਨੂੰ ਬੁਲੰਦ ਕਰਦਿਆਂ ਬਾਬਰ ਦੀਆਂ ਚੱਕੀਆਂ ਜੇਲ੍ਹ ਦੀ ਚਾਰਦੀਵਾਰੀ ਅੰਦਰ ਪੀਸੀਆਂ । ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਿਆਂ ਨਾਲ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਰਹੇ । ਮੁਗਲਾਂ ਦੇ ਬੰਦੀਖਾਨਿਆਂ ਵਿਚ ਸਿੱਖ ਨੌਜਵਾਨਾਂ, ਬੀਬੀਆਂ, ਬਜ਼ੁਰਗਾਂ ਅਤੇ ਹੋਰ ਮਰਜੀਵੜਿਆਂ ਨੂੰ ਜਬਰੀ ਬੰਦੀ ਬਣਾ ਕੇ ਤਸੀਹੇ ਦਿੱਤੇ ਜਾਂਦੇ ਰਹੇ । ਅੰਗਰੇਜ਼ ਦੇ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਬਿਨਾਂ ਕਿਸੇ ਨੂੰ ਦੱਸੇ ਅਣਮਿਥੇ ਸਮੇਂ ਲਈ ਨਜ਼ਰਬੰਦ ਕਰ ਦਿੱਤਾ ਜਾਂਦਾ ਰਿਹਾ । ਸੈਂਕੜੇ ਬੰਦੀ ਹਰ ਸਾਲ ਜੇਲ੍ਹ ਵਿਚਲੇ ਗੰਦੇ ਵਾਤਾਵਰਨ ਕਾਰਨ, ਮਾੜੇ ਖਾਣੇ ਅਤੇ ਅਣਮਨੁੱਖੀ ਢੰਗ ਨਾਲ ਦਿੱਤੇ ਜਾਂਦੇ ਤਸੀਹਿਆਂ ਕਾਰਨ ਚੜ੍ਹਾਈ ਕਰ ਜਾਂਦੇ । ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਭਾਰਤ ਦੀਆਂ ਜੇਲ੍ਹਾਂ ਦਾ ਹਾਲ ਬਹੁਤ ਮਾੜਾ ਸੀ ਪਰ ਕੀ ਦੇਸ਼ ਆਜ਼ਾਦ ਹੁੰਦਿਆਂ ਕਿਸੇ ਨੇ ਜੇਲ੍ਹ ਸੁਧਾਰ ਵੱਲ ਧਿਆਨ ਦਿੱਤਾ ਹੈ?

ਭਾਰਤ ਦੀਆਂ ਬਹੁਤੀਆਂ ਜੇਲ੍ਹਾਂ ਅੱਜ ਵੀ ਨਰਕ ਹਨ । ਪੰਜਾਬ ਦੀਆਂ ਜੇਲ੍ਹਾਂ ਵੱਲ ਅਕਾਲੀ ਸਰਕਾਰ ਦੌਰਾਨ ਕੁਝ ਧਿਆਨ ਜ਼ਰੂਰ ਦਿੱਤਾ ਗਿਆ ਪਰ ਸਮੁੱਚੀਆਂ ਜੇਲ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ । ਅੱਜ ਪੰਜਾਬ ਦੀਆਂ ਜੇਲ੍ਹਾਂ ਵਿਚ ਪੱਖੇ ਲੱਗੇ ਹੋਏ ਹਨ, ਫਲੱਸ਼ ਸਿਸਟਮ ਹੈ, ਖਾਣਾ ਅੰਗਰੇਜ਼ੀ ਰਾਜ ਨਾਲੋਂ ਚੰਗਾ ਮਿਲਦਾ ਹੈ ਪਰ ਜੇਲ੍ਹ ਮੈਨੂਅਲ ਉਹੀ ਅੰਗਰੇਜ਼ ਦੇ ਸਮੇਂ ਦਾ ਚਲਿਆ ਆ ਰਿਹਾ ਹੈ ।

ਸ਼੍ਰੋਮਣੀ ਅਕਾਲੀ ਦਲ ਦਾ ਤਾਂ ਇਤਿਹਾਸ ਹੀ ਮੋਰਚਿਆਂ ਦਾ ਇਤਿਹਾਸ ਹੈ । ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰਿਆਂ ਦੀ ਆਜ਼ਾਦੀ ਖਾਤਰ ਅੰਗਰੇਜ਼ ਸਰਕਾਰ ਵਿਰੁੱਧ ਮੋਰਚੇ ਲਗਾਏ ਤੇ ਅੱਜ ਵੀ ਆਪਣੇ ਹੱਕਾਂ ਦੀ ਖਾਤਰ ਮੋਰਚੇ ਲਗਾਏ ਜਾ ਰਹੇ ਹਨ । ਮੋਰਚਿਆਂ ਦੌਰਾਨ ਜੇਲ੍ਹ ਯਾਤਰਾ ਕਰਨੀ ਸੁਭਾਵਿਕ ਹੀ ਹੈ । ਦੇਸ਼ ਦੀ ਆਜ਼ਾਦੀ ਦੀ ਖਾਤਰ ਸਿੰਘਾਂ ਨੇ ਸਭ ਤੋਂ ਮੂਹਰੇ ਹੋ ਕੇ ਕੁਰਬਾਨੀਆਂ ਦਿੱਤੀਆਂ । ਦੇਸ਼ ਆਜ਼ਾਦ ਕਰਵਾਇਆ ਪਰ ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਕੀ ਮਿਲਿਆ? ਗ਼ੁਲਾਮੀ ਭਰਿਆ ਜੀਵਨ ਤੇ ਜੇਲ੍ਹਾਂ!



Digitized by Panjab Digital Library | www.panjabdigilib.org

ਸੰਨ 1947 ਤੋਂ ਬਾਅਦ ਜਦ ਮਾਸਟਰ ਤਾਰਾ ਸਿੰਘ ਆਪਣੀਆਂ ਮੰਗਾਂ ਖਾਤਰ ਜਵਾਹਰ ਲਾਲ ਨਹਿਰੂ ਨੂੰ ਦਿੱਲੀ ਮਿਲਣ ਲਈ ਰੇਲ ਰਾਹੀਂ ਜਾ ਰਹੇ ਸਨ ਤਾਂ ਪਹਿਲੀ ਵਾਰ ਆਜ਼ਾਦ ਭਾਰਤ ਵਿਚ ਮਾਸਟਰ ਜੀ ਨੂੰ ਨਾਰੈਲਾ ਸਟੇਸ਼ਨ ਤੇ ਗ੍ਰਿਫਤਾਰ ਕਰ ਲਿਆ ਤੇ ਜੇਲ੍ਹ ਭੇਜ ਦਿੱਤਾ। ਪੰਜਾਬੀ ਸੂਬਾ ਜ਼ਿੰਦਾਬਾਦ ਨਾਅਰੇ ਦੀ ਬਹਾਲੀ ਵਾਸਤੇ ਮੋਰਚਾ, ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਦੋ ਵਾਰੀ ਮੋਰਚਾ, ਦਿੱਲੀ ਗੁਰਦੁਆਰਿਆਂ ਦੀ ਆਜ਼ਾਦੀ ਲਈ ਮੋਰਚਾ, ਐਮਰਜੰਸੀ ਵਿਰੁੱਧ ਮੋਰਚਾ, ਮੇਰਠ ਗੁਰਦੁਆਰਾ ਆਜ਼ਾਦ ਕਰਵਾਉਣ ਲਈ ਮੋਰਚਾ ਜਾਂ ਮੌਜੂਦਾ ਧਰਮ ਯੁੱਧ ਮੋਰਚਾ ਹੈ। ਸਿੰਘਾਂ ਨੂੰ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਗ੍ਰਿਫਤਾਰੀਆਂ ਦੇਣੀਆਂ ਪਈਆਂ ਹਨ। ਜੇਲ੍ਹ ਅੰਦਰ ਕੈਦ ਕੱਟ ਰਹੇ ਸਿੰਘਾਂ ਨੂੰ ਸਰਕਾਰ ਦੁਆਰਾ ਨਹੀਂ ਬਖਸ਼ਿਆ ਗਿਆ। ਜੇਲ੍ਹ ਅੰਦਰ ਵੀ ਸਿੰਘਾਂ ਤੇ ਤਸੀਹੇ ਜਾਰੀ ਰਹੇ। ਸਿੰਘਾਂ ਨੂੰ ਰਾਸ਼ਨ ਪੂਰਾ ਨਾ ਦੇਣਾ, ਮਾੜਾ ਰਾਸ਼ਨ ਦੇਣਾ, ਆਟੇ ਵਿਚ ਮਿੱਟੀ ਮਿਲਾ ਕੇ ਦੇਣੀ, ਇਹੋ ਜਿਹੀਆਂ ਕੋਝੀਆਂ ਹਰਕਤਾਂ ਸਰਕਾਰ ਦੁਆਰਾ ਕੀਤੀਆਂ ਜਾਂਦੀਆਂ ਰਹੀਆਂ ਹਨ। 21 ਸਤੰਬਰ 1960 ਨੂੰ ਕਾਕਾ ਇੰਦਰਜੀਤ ਸਿੰਘ ਖੂਹ ਵਿਚ ਸੁੱਟ ਕੇ ਸ਼ਹੀਦ ਕੀਤਾ ਗਿਆ। 9 ਅਕਤੂਬਰ 1961 ਨੂੰ ਬਠਿੰਡਾ ਜੇਲ੍ਹ ਵਿਚ ਬੰਦ ਸਿੰਘਾਂ ਤੇ ਗੋਲੀ ਚਲਾਈ ਗਈ। 4 ਸਿੰਘ ਸ਼ਹੀਦੀ ਪਾ ਗਏ ਅਤੇ ਸੈਂਕੜੇ ਸਿੰਘਾਂ ਤੇ ਗੋਲੀਆਂ ਚੱਲੀਆਂ ਤੇ ਸਿੰਘ ਜ਼ਖਮੀਂ ਹੋ ਗਏ। ਬਠਿੰਡਾ ਜੇਲ੍ਹ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਮ ਇਸ ਤਰ੍ਹਾਂ ਹਨ:

1 ਸ਼ਹੀਦ ਨਾਜ਼ਰ ਸਿੰਘ ਜੀ - ਆਪ ਜੀ ਦੀ ਉਮਰ 53 ਸਾਲ ਸੀ। ਆਪ ਸ. ਬਹਾਦਰ ਸਿੰਘ ਜੀ ਦੇ ਸਪੁੱਤਰ ਪਿੰਡ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਆਪ ਪਿੱਛੇ ਦੋ ਮੁੰਡੇ, ਦੋ ਧੀਆਂ ਤੇ ਸੁਪਤਨੀ ਛੱਡ ਗਏ।

2 ਸ਼ਹੀਦ ਚੰਚਲ ਸਿੰਘ ਜੀ - ਆਪ ਜੀ ਦੀ ਉਮਰ 31 ਸਾਲ ਸੀ। ਆਪ ਸੁਲਤਾਨ ਵਿੰਡ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਇਸ ਸਾਊ ਨੌਜਵਾਨ ਪਰ ਅਣਖੀਲੇ ਗਭਰੂ ਦੇ ਦੋ ਪੁੱਤਰ ਤੇ ਇਕ ਧੀ ਤੇ ਸੁਪਤਨੀ ਹੈ।

3 ਸ਼ਹੀਦ ਰਣਜੀਤ ਸਿੰਘ ਜੀ - ਇਹ ਨੌਜਵਾਨ 27 ਸਾਲ ਦਾ ਅਤੇ ਸਰਾਏ ਤਲਵੰਡੀ, ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਸੱਜ ਵਿਆਹਿਆ ਫੁਰਤੀਲਾ ਇਹ ਗਭਰੂ, ਇਕ ਸਾਲ ਦੀ ਪੁੱਤਰੀ ਅਤੇ ਸੱਜਰੇ ਚੂੜੇ ਵਾਲੀ ਪਤਨੀ ਨੂੰ ਅੰਤਮ ਦਰਸ਼ਨ ਦੇਣ ਤੋਂ ਬਿਨਾਂ ਪੁਲਿਸ ਨੇ ਲੰਬੂ ਲਾ ਕੇ ਸਸਕਾਰ ਕਰ ਦਿੱਤਾ।

4 ਸ਼ਹੀਦ ਜਸਵੰਤ ਸਿੰਘ ਜੀ, ਇਸ ਨੌਜਵਾਨ ਦੀ ਉਮਰ 22 ਸਾਲ ਸੀ। ਕੋਟ ਕਸੋਦੀਮਲ, ਅੰਮ੍ਰਿਤਸਰ ਦਾ ਰਹਿਣ ਵਾਲਾ ਪਟਵਾਰੀ ਸੀ। ਇਸ ਨੌਜਵਾਨ ਦਾ ਅਗਲੇ ਮਹੀਨੇ ਵਿਆਹ ਹੋਣ ਵਾਲਾ ਸੀ ਪਰ ਵਿਆਹਿਆ ਗਿਆ ਲਾੜੀ ਮੌਤ ਨਾਲ! ਜਦ ਜਸਵੰਤ ਸਿੰਘ ਦੇ ਗੋਲੀ ਲੱਗਣ ਤੋਂ ਬਾਅਦ ਸਹਿਕ ਰਹੇ ਸਨ ਤਾਂ ਸਿੰਘਾਂ ਨੇ ਆਪ ਜੀ ਦੇ ਮੂੰਹ ਵਿਚ ਪਾਣੀ ਪਾ ਕੇ ਬੁਲਾਇਆ। ਆਪ ਜੀ ਨੇ ਅੱਖਾਂ ਖੋਹਲੀਆਂ ਅਤੇ ਬੇਨਤੀ ਕਰਕੇ ਸਿੰਘਾਂ ਨੂੰ ਕਹਿਣ ਲੱਗੇ, "ਮੇਰਾ ਸਿਰ ਗੁਰੂ ਗੋਬਿੰਦ ਸਿੰਘ ਜੀ ਆਪਣੀ ਗੋਦ ਵਿਚ ਲੈ ਕੇ ਬੈਠੇ ਹਨ। ਮੈਨੂੰ ਬੁਲਾਓ ਨਾ, ਮੈਂ ਗੁਰੂ ਜੀ ਤੋਂ ਵਿਛੜ ਜਾਵਾਂਗਾ।"

ਧੰਨ ਸਿੱਖੀ! ਧੰਨ ਹਨ ਗੁਰੂ ਦੇ ਲਾਲ, ਜਿਨ੍ਹਾਂ ਨੇ ਹੱਸ ਹੱਸ ਕੇ ਛਾਤੀ ਵਿਚ ਗੋਲੀਆਂ ਖਾਧੀਆਂ। ਕਿਸੇ ਵੀ ਸਿੰਘ ਦੇ ਪਿੱਠ ਵਿਚ ਗੋਲੀ ਨਹੀਂ ਲੱਗੀ। ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਕਈ ਹੋਰ ਸਿੰਘ ਵੀ ਜੇਲ੍ਹਾਂ ਦਾ ਪ੍ਰਬੰਧ ਮਾੜਾ ਹੋਣ ਕਾਰਨ ਸ਼ਹੀਦੀ ਪਾ ਗਏ।



Digitized by Panjab Digital Library | www.panjabdigilib.org

ਸ਼੍ਰੋਮਣੀ ਅਕਾਲੀ ਦਲ ਵਲੋਂ ਐਮਰਜੰਸੀ ਵਿਰੁੱਧ ਅਤੇ ਜਮਹੂਰੀਅਤ ਬਹਾਲ ਕਰਵਾਉਣ ਦੀ ਖਾਤਰ ਲਗਾਏ ਗਏ ਮੋਰਚੇ ਦੌਰਾਨ ਸ. ਕੌਰ ਸਿੰਘ ਅਤੇ ਸ. ਪ੍ਰੇਮ ਸਿੰਘ ਜੇਲ੍ਹ ਵਿਚ ਸ਼ਹੀਦੀ ਪਾ ਗਏ। ਐਮਰਜੈਂਸੀ ਤੋਂ ਬਾਅਦ ਪੰਜਾਬ ਵਿਚ ਅਕਾਲੀ ਸਰਕਾਰ ਬਣੀ ਤਾਂ ਪੰਜਾਬ ਦੀਆਂ ਜੇਲ੍ਹਾਂ ਦਾ ਕੁਝ ਸੁਧਾਰ ਹੋਇਆ। ਅਕਾਲੀ ਦਲ ਨੂੰ ਪਤਾ ਹੀ ਹੈ ਕਿ ਸਰਕਾਰ ਨਾਲ ਟੱਕਰ ਰਹਿਣੀ ਹੀ ਰਹਿਣੀ ਹੈ ਤੇ ਅਸੀਂ ਜੇਲ੍ਹਾਂ ਕੱਟਣੀਆਂ ਹਨ, ਇਸ ਲਈ ਜੇਲ੍ਹਾਂ ਦਾ ਪ੍ਰਬੰਧ ਠੀਕ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਜਦ 4 ਅਗਸਤ 1982 ਨੂੰ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਤਾਂ ਪਹਿਲੇ ਜਥੇ ਦੀ ਅਗਵਾਈ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਕਰ ਰਹੇ ਸਨ। ਇਸ ਜਥੇ ਵਿਚ ਹਜ਼ਾਰਾਂ ਸਿੰਘਾਂ, ਮੁਸਲਮਾਨਾਂ ਤੇ ਹਿੰਦੂਆਂ ਨੇ ਗ੍ਰਿਫਤਾਰੀ ਦਿੱਤੀ। ਬਾਦਲ ਸਾਹਿਬ ਦੇ ਜਥੇ ਨੂੰ ਮਾਡਲ ਜੇਲ੍ਹ ਲੁਧਿਆਣਾ ਵਿਚ ਭੇਜ ਦਿੱਤਾ ਗਿਆ। ਇਸ ਜੇਲ੍ਹ ਦਾ ਨੀਂਹ ਪੱਥਰ ਬਾਦਲ ਸਾਹਿਬ ਨੇ ਆਪ ਹੀ ਰੱਖਿਆ ਸੀ। ਜੇਲ੍ਹ ਵਿਚ ਤੰਬੂ ਲਗਾਏ ਗਏ। ਕੋਈ ਪ੍ਰਬੰਧ ਨਾ ਕੀਤਾ ਗਿਆ। ਸਿੰਘਾਂ ਨੇ ਆਪ ਹਰ ਰੋਜ਼ ਕਈ ਸੱਪ ਮਾਰਨੇ ਤੇ ਸਫਾਈ ਕਰਨੀ। ਇਸ ਜੇਲ੍ਹ ਵਿਚ 2000 ਤੋਂ ਉਪਰ ਸਿੰਘ ਸਨ ਪਰ ਪ੍ਰਬੰਧ ਪੂਰਾ ਨਹੀਂ ਸੀ। ਪਟਿਆਲਾ ਜੇਲ੍ਹ ਵਿਚ ਸਿੰਘ ਤੇ ਇਖਲਾਕੀ ਕੈਦੀ 3000 ਤੋਂ ਉਪਰ ਹੋ ਗਏ। ਇਸੇ ਤਰ੍ਹਾਂ ਫਿਰੋਜ਼ਪੁਰ ਜੇਲ੍ਹ ਵਿਚ ਟੌਹੜਾ ਸਾਹਿਬ ਦਾ ਜੱਥਾ ਪਹੁੰਚ ਜਾਣ ਕਾਰਨ ਪੈਰ ਧਰਨ ਦੀ ਥਾਂ ਨਾ ਰਹੀ। ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਨੱਕੋ ਨੱਕ ਭਰ ਗਈਆਂ। ਦਰਬਾਰਾ ਸਰਕਾਰ ਦੀਆਂ ਫੜਾਂ ਠੁੱਸ ਹੋ ਗਈਆਂ। ਅਖੀਰ ਬਹਾਦਰਗੜ੍ਹ ਪਟਿਆਲਾ ਦਾ ਕਿਲ੍ਹਾ, ਲੱਡਾ ਕੋਠੀ, ਸੰਗਰੂਰ, ਪੰਜਾਬ ਦੀਆਂ ਆਈ. ਟੀ. ਆਈ. ਸੰਸਥਾਵਾਂ, ਪਬਲਿਕ ਸਥਾਨ ਨਾਭੇ ਦੀ ਖੁੱਲ੍ਹੀ ਜੇਲ੍ਹ ਤੇ ਕਈ ਸਕੂਲਾਂ ਵਿਚ ਸਿੰਘਾਂ ਨੂੰ ਰੱਖਣ ਦਾ ਪ੍ਰਬੰਧ ਕੀਤਾ ਗਿਆ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਗ੍ਰਿਫਤਾਰੀਆਂ ਦੇ ਰਹੇ ਸਨ ਪਰ ਸਰਕਾਰ ਕੋਲ ਸਿੰਘਾਂ ਨੂੰ ਠਹਿਰਾਣ ਵਾਸਤੇ ਥਾਂ ਨਹੀਂ ਸੀ। ਸਿੰਘਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਾਭਾ, ਸੰਗਰੂਰ, ਲੁਧਿਆਣਾ ਦੀਆਂ ਸੜਕਾਂ ਤੇ ਦੀਵਾਨ ਸਜਾਏ। ਇਸ ਅਜੀਬ ਕ੍ਰਿਸ਼ਮੇ ਨੂੰ ਦੁਨੀਆਂ ਭਰ ਦੇ ਲੋਕਾਂ ਨੇ ਦੇਖਿਆ। ਗ੍ਰਿਫਤਾਰੀਆਂ ਦਾ ਹੜ੍ਹ ਆ ਗਿਆ ਪਰ ਸਰਕਾਰ ਕੋਲ ਥਾਂ ਨਹੀਂ ਸੀ।

ਜੇਲ੍ਹਾਂ ਵਿਚ ਥਾਂ ਦੀ ਬਹੁਤ ਕਮੀ ਸੀ ਜਿਵੇਂ ਗੁਰਦਾਸਪੁਰ ਵਿਚ 257 ਕੈਦੀਆਂ ਦੀ ਥਾਂ ਹੈ ਪਰ ਉਥੇ 1300 ਸਿੰਘਾਂ ਨੂੰ ਡੱਕਣ ਦਾ ਯਤਨ ਕੀਤਾ। ਪਟਿਆਲਾ ਜੇਲ੍ਹ ਵਿਚ 1100 ਕੈਦੀ ਆ ਸਕਦੇ ਹਨ ਪਰ ਇਸ ਜੇਲ੍ਹ ਵਿਚ 3000 ਦੇ ਕਰੀਬ ਸਿੰਘ ਬੰਦ ਸਨ। ਜੇਲ੍ਹ ਵਿਚ ਰਾਸ਼ਨ ਪੂਰਾ ਨਾ ਆਉਣਾ, ਡਾਕਟਰੀ ਸਹਾਇਤਾ ਦੀ ਘਾਟ ਅਤੇ ਸਫ਼ਾਈ ਦਾ ਬੁਰਾ ਹਾਲ ਹੋਣ ਕਾਰਨ ਸਿੰਘ ਬੀਮਾਰ ਹੋਣੇ ਸ਼ੁਰੂ ਹੋ ਗਏ ਤੇ ਪੰਜਾਬ ਦੀਆਂ ਜੇਲ੍ਹਾਂ ਵਿਚ 40 ਤੋਂ ਉਪਰ ਸਿੰਘ ਸ਼ਹੀਦੀ ਪਾ ਗਏ। ਟੌਹੜਾ ਸਾਹਿਬ ਨੇ ਹਾਈਕੋਰਟ ਰਿਟ ਕੀਤੀ। ਹਾਈਕੋਰਟ ਦੇ ਜੱਜ ਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਜਦੋਂ ਜੇਲ੍ਹਾਂ ਦਾ ਹਾਲ ਦੇਖਿਆ ਤਾਂ ਹੈਰਾਨ ਰਹਿ ਗਏ ਕਿ ਕਿਸ ਤਰ੍ਹਾਂ ਸਿੰਘ ਜੇਲ੍ਹਾਂ ਵਿਚ ਇਸਤਰ੍ਹਾਂ ਜੀਵਨ ਬਤੀਤ ਕਰ ਰਹੇ ਹਨ।

ਭਾਵੇਂ ਜੇਲ੍ਹਾਂ ਵਿਚ ਥਾਂ ਦੀ ਕਮੀ ਸੀ, ਸਿੰਘ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਹਰ ਜੇਲ੍ਹ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਸਿੰਘਾਂ ਨੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਦੀਵਾਨ ਸਜਾਏ। ਇਨ੍ਹਾਂ ਦੀਵਾਨਾਂ ਵਿਚ ਪਾਠ, ਕੀਰਤਨ, ਕਥਾ, ਵਾਰਾਂ ਅਤੇ ਧਾਰਮਿਕ ਗੀਤ ਗਾਏ ਜਾਂਦੇ। ਪੰਜਾਬ ਦੇ ਮਹਾਨ ਗਾਇਕਾਂ, ਕਵੀਆਂ ਤੇ ਢਾਡੀਆਂ ਨੇ ਜੇਲ੍ਹਾਂ ਵਿਚ ਜਾ ਕੇ ਖਾਲਸਾਈ ਜੋਸ਼ ਭਰਿਆ।

ਮਾਡਲ ਜੇਲ੍ਹ ਲੁਧਿਆਣਾ ਵਿਚ ਬਾਦਲ ਸਾਹਿਬ ਦਾ ਵੱਖਰਾ ਸਜਿਆ ਹੋਇਆ



Digitized by Panjab Digital Library | www.panjabdigilib.org

ਕਮਰਾ ਵੇਖਣ ਯੋਗ ਸੀ। ਜਿਥੇ ਕਬੂਤਰ ਉਡਾਏ ਜਾਂਦੇ, ਤਿੱਤਰ ਤੇ ਕੁੱਕੜ ਲੜਦੇ ਅਤੇ ਸ਼ਾਮ ਨੂੰ ਚਿੜੀ ਛਿਕਾ ਖੇਡਿਆ ਜਾਂਦਾ। ਇਸੇ ਤਰ੍ਹਾਂ ਦੂਜੀਆਂ ਜੇਲ੍ਹਾਂ ਵਿਚ ਵੀ ਵਿਹਲੇ ਸਮੇਂ ਸਿੰਘ ਬਾਲੀਵਾਲ ਤੇ ਫੁੱਟਬਾਲ ਖੇਡਦੇ ਤੇ ਘੋਲ ਘੁਲਦੇ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨ ਤਕਰੀਬਨ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਵਿਚ ਸਨ। ਨੌਜਵਾਨ ਹੋਰ ਵਿਦਿਆਰਥੀਆਂ ਨੂੰ ਇਕੱਠੇ ਕਰਕੇ ਸਟੱਡੀ ਸਰਕਲ ਲਾਉਂਦੇ ਤੇ ਵਿਚਾਰਾਂ ਕਰਦੇ। ਮਾਡਲ ਜੇਲ੍ਹ ਲੁਧਿਆਣਾ ਤੇ ਕੇਂਦਰੀ ਜੇਲ੍ਹ ਪਟਿਆਲਾ ਵਿਚ ਹਰਵਿੰਦਰ ਸਿੰਘ ਖਾਲਸਾ ਦੇ ਲਿਖੇ ਹੋਏ ਡਰਾਮੇ 'ਕੀ ਅਸੀਂ ਅਤਿਵਾਦੀ ਹਾਂ?' ਅਤੇ 'ਵਧ ਰਹੇ ਕਾਫਲੇ' ਖੇਡੇ ਗਏ ਅਤੇ ਇਨ੍ਹਾਂ ਤੋਂ ਇਲਾਵਾ ਆਪਸੀ ਖੇਡ ਮੁਕਾਬਲੇ ਰੱਖੇ ਗਏ ਪਰ ਸਿੰਘਾਂ ਨੂੰ ਜੇਲ੍ਹਾਂ ਖਾਲੀ ਕਰਨ ਦਾ ਹੁਕਮ ਦਿੱਤਾ ਗਿਆ ਅਤੇ 18 ਅਕਤੂਬਰ 1982 ਨੂੰ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਖਾਲੀ ਹੋ ਗਈਆਂ। ਇਖਲਾਕੀ ਕੈਦੀ ਫਿਰ ਉਸੇ ਤਰ੍ਹਾਂ ਆਪਣੀ ਮੁਸ਼ਕਿਲ ਵਿਚ ਰੁੱਝ ਗਏ ਤੇ ਫਿਰ 'ਸਭ ਅੱਛਾ ਹੈ' ਦੀਆਂ ਆਵਾਜ਼ਾਂ ਪੈਣੀਆਂ ਸ਼ੁਰੂ ਹੋ ਗਈਆਂ। ਇਖਲਾਕੀ ਕੈਦੀਆਂ ਦੇ ਜੀਵਨ ਅਤੇ ਰਾਜਸੀ ਕੈਦੀਆਂ ਦੇ ਜੀਵਨ ਵਿਚ ਬਹੁਤ ਫਰਕ ਹੁੰਦਾ ਹੈ। ਇਕ ਇਖਲਾਕੀ ਕੈਦੀ ਦਾ ਜੀਵਨ ਅਸੀਂ ਜੇਲ੍ਹ ਵਿਚ ਲਿਖੀ 'ਸੁਧਾਰ ਘਰ' ਕ੍ਵਿਤਾ ਵਿਚੋਂ ਪੜ੍ਹ ਕੇ ਅਨੁਮਾਨ ਲਗਾ ਸਕਦੇ ਹਾਂ:

## ਸੁਧਾਰ ਘਰ

ਕੈਦੀਆਂ ਦੀ ਜੂਨ ਚੰਦਰੀ
ਰੱਬਾ ਕੈਦ ਨਾ ਕਿਸੇ ਨੂੰ ਹੋ ਜਾਵੇ।
ਸਮਾਜ ਨਾਲੋਂ ਜਾਂਦੇ ਟੁੱਟ ਜੀ
ਹੱਕ ਵੋਟ ਦਾ ਖਤਮ ਹੋ ਜਾਵੇ।
ਵੀਹ ਸਾਲ ਕੈਦ ਸੁਣ ਕੇ
ਹਿੱਲ ਜਾਂਦੇ ਨੇ ਧਰਤੀ ਚੁਬਾਰੇ।
ਕੈਦੀਆਂ ਦੀ ਜੂਨ ....

ਗਲੋਂ ਰੇਸ਼ਮੀ 'ਲਵਾ 'ਤੇ
ਉੱਤੋਂ ਖੱਦਰ ਪੁਆ 'ਤੇ।
ਹੋ ਗਿਆ ਮੁਲਾਜਾ ਤੇ
ਦਿੱਤੇ ਲੰਗਰ ਵਿਚ ਪਾ।

ਰੋਟੀਆਂ ਪਕਾ ਨਾਲੇ ਸਬਜ਼ੀ ਬਣਾ,
ਉਸ ਨੂੰ ਰੋਟੀ ਪਕਾਉਣੀ ਨਾ ਆਵੇ।
ਕੈਦੀਆਂ ਦੀ ਜੂਨ .....

ਰੋਟੀਆਂ ਪਰਾਤ ਜਿੱਡੀਆਂ,
ਵਿਚ ਸਾਬਤ ਕਣਕ ਦੇ ਦਾਣੇ।
ਕੈਦੀਆਂ ਦੇ ਦੁੱਖ ਚੰਦਰੇ
ਤੂੰ ਕੀ ਜਾਣਦੀ ਅੱਲੜ ਅਨਜਾਣੇ।
ਸੁੱਕੀਆਂ ਨਾ ਜਾਣ ਚੱਬੀਆਂ



Digitized by Panjab Digital Library | www.panjabdigilib.org

ਦਾਲ ਵਿਚ ਕੋਈ ਦਾਣਾ ਨਾ ਥਿਆਵੇ ।
ਕੈਦੀਆਂ ਦੀ ਜੂਨ .....

ਉਮਰੋਂ ਪੱਕੀ ਰਿੰਨਣੋਂ ਕੱਚੀ,
ਸਬਜ਼ੀ ਜਦ ਬਣਾਉਂਦੇ
ਸਬਜ਼ੀ ਦਾ ਨਾਂ ਲੈ ਕੇ,
ਉਹ ਤਾਂ ਸਾਡਾ ਮਖੌਲ ਉਡਾਉਂਦੇ ।
ਬਿਨਾਂ ਛਿੱਲੇ ਆਲੂ ਉਬਲੇ,
ਜਿਨ੍ਹਾਂ ਖਾਂਦਿਆਂ ਦਰਦ ਛਿੜ ਜਾਵੇ ।
ਕੈਦੀਆਂ ਦੀ ਜੂਨ .....

ਕਾਗਜ਼ਾਂ 'ਚ ਬਹੁਤ ਲਿਖਦੇ,
ਸਾਡੇ ਕੱਖ ਵੀ ਹੱਥ ਨਾ ਆਵੇ ।
ਕੰਮ ਪੂਰਾ ਬਾਰਾਂ ਘੰਟੇ,
ਵਾਂਗ ਪਸ਼ੂਆਂ ਸਾਥੋਂ ਕਰਾਵੇ ।
ਜੇ ਕੋਈ ਉਸ ਤੋਂ ਪੁੱਛ ਲੈਂਦਾ,
ਕੁੱਟ ਪੈਂਦਿਆਂ ਕੋਈ ਨਾ ਛਡਾਵੇ ।
ਕੈਦੀਆਂ ਦੀ ਜੂਨ .....

ਨਾਂ ਇਨ੍ਹਾਂ ਸੁਧਾਰ ਘਰ ਰੱਖਿਆ,
ਇਸ ਤਰ੍ਹਾਂ ਸੁਧਾਰ ਨਾ ਹੋਵੇ ।
ਤੰਗ ਹਰ ਕੈਦੀ ਕਰ ਤਾ,
ਕੋਈ ਸੁੱਖ ਦੀ ਨੀਂਦ ਨਾ ਸੌਵੇ ।
'ਖਾਲਸੇ' ਕੋਲ ਦੁਖ ਫੋਲਦੇ,
ਸਾਨੂੰ ਮਿੱਤਰਾਂ ਦੀ ਯਾਦ ਸਤਾਵੇ ।
ਕੈਦੀਆਂ ਦੀ ਜੂਨ ..... ।

(ਕਾਵਿ ਸੰਗ੍ਰਹਿ 'ਅਤਿਵਾਦੀ' 'ਚੋਂ)



Digitized by Panjab Digital Library | www.panjabdigilib.org

# ਅਤਿਵਾਦ ਕੀ ਹੈ?

ਸ਼ੇਰਾਂ ਵਾਲਾ ਰੂਪ ਧਾਰ ਜੂਝੀਏ ਮੈਦਾਨ ਵਿਚ,
ਬਾਂਦਰਾਂ ਦੀ ਮਾਰ ਧਾੜ ਕੱਢੀਏ ਬੁਖਾਰ ਨੂੰ ।
ਭਾਲਿਆਂ ਨਾ ਲੱਭੂ ਕੋਈ ਫਿਰਕੂਆਂ ਦਾ ਖੁਰਾ ਖੋਜ,
ਕੱਢਾਂਗੇ ਮਿਆਨ ਵਿਚੋਂ ਜਦੋਂ ਤਲਵਾਰ ਨੂੰ ।

ਅੱਜ ਹਿੰਦੁਸਤਾਨ ਦਾ ਅਖਬਾਰ, ਮੈਗਜ਼ੀਨ ਜਾਂ ਰਸਾਲਾ ਚੁੱਕ ਕੇ ਪੜ੍ਹੋ ਤਾਂ ਉਸ ਵਿਚ ਅਤਿਵਾਦ ਤੇ ਵੱਖਵਾਦ ਦੀ ਗੱਲ ਜ਼ਰੂਰ ਹੋਵੇਗੀ। ਪਰ ਕੀ ਕਦੇ ਸੋਚਿਆ ਹੈ ਕਿ, ਅਤਿਵਾਦੀ ਕੌਣ ਹਨ? ਅੱਜ ਹਰ ਪਾਸੇ ਵਾਦਾਂ ਦੀ ਚਰਚਾ ਹੈ। ਕੋਈ ਵੀ ਵਾਦ ਵਿਵਾਦ ਤੋਂ ਬਿਨਾਂ ਨਹੀਂ ਹੈ। ਭਾਰਤ ਵਿਚ ਇੱਟ ਚੁੱਕਿਆਂ ਨਵਾਂ ਵਾਦ ਪੈਦਾ ਹੋ ਜਾਂਦਾ ਹੈ। ਜੇ ਵਾਦਾਂ ਦੀ ਗੱਲ ਤੋਰੀਏ ਤਾਂ ਮਾਰਕਸਵਾਦ, ਲੈਨਿਨਵਾਦ, ਮਾਊਵਾਦ, ਨਵਅਮਰੀਕੀਵਾਦ, ਸੰਰਚਨਾਵਾਦ, ਅਸਤਿਤਵਾਦ, ਗਾਂਧੀਵਾਦ, ਨਹਿਰੂਵਾਦ, ਦਰਬਾਰਾਵਾਦ, ਕੇਵਲ ਕ੍ਰਿਸ਼ਨਵਾਦ ..... ਗੱਲ ਕੀ, 'ਵਾਦ' ਜਿਸ ਨਾਲ ਮਰਜ਼ੀ ਲਾ ਲਾ ਕੇ ਵਿਵਾਦ ਵਿਚ ਬਦਲ ਦਿਓ ।

ਅਤਿਵਾਦ ਸ਼ਬਦ ਦਾ ਪ੍ਰਯੋਗ ਅੱਜ ਨਹੀਂ, ਪਿਛਲੇ ਲੰਬੇ ਅਰਸੇ ਤੋਂ ਚਲਦਾ ਆ ਰਿਹਾ ਹੈ। ਪਰ ਅੱਜ ਪੰਜਾਬ ਵਿਚ ਸਿੱਖ ਨੌਜਵਾਨ, ਵਿਦਿਆਰਥੀਆਂ ਨੂੰ ਅਤਿਵਾਦੀ ਕਹਿ ਕੇ ਸ਼ਹੀਦ ਕੀਤਾ ਜਾ ਰਿਹਾ ਹੈ। ਪਰ ਇਹ ਪੰਜਾਬ ਵਿਚ ਅਤਿਵਾਦ ਦੀ ਲਹਿਰ ਪੈਦਾ ਕਿਉਂ ਹੋਈ? ਇਸ ਪਾਸੇ ਧਿਆਨ ਨਹੀਂ ਦਿੱਤਾ। ਕੇਂਦਰ ਸਰਕਾਰ ਦੀ ਚਾਲ ਰਹੀ ਹੈ ਕਿ, ਸਿੱਖ ਕੌਮ ਨੂੰ ਪਾੜ ਕੇ ਰੱਖਿਆ ਜਾਵੇ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਸਿੱਖ ਕੌਮ ਨੂੰ ਕਮਜ਼ੋਰ ਕੀਤਾ ਜਾਵੇ। ਇਸ ਗੱਲ ਨੂੰ ਦੇਖਦਿਆਂ ਹੋਇਆਂ ਕੇਂਦਰ ਸਰਕਾਰ ਨੇ ਸਿੱਖ ਕੌਮ ਨੂੰ ਖਤਮ ਕਰਨ ਦੀ ਸਾਜ਼ਿਸ਼ ਸ਼ੁਰੂ ਕੀਤੀ । ਕੁਝ ਇਹੋ ਜਿਹੇ ਫਿਰਕਿਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣੀ ਸ਼ੁਰੂ ਕੀਤੀ, ਜੋ ਸਿੱਖ ਧਰਮ ਦੇ ਵਿਰੁੱਧ ਵੱਧ ਤੋਂ ਵੱਧ ਪ੍ਰਚਾਰ ਕਰ ਸਕੇ। ਨਕਲੀ ਨਿਰੰਕਾਰੀ ਉਨ੍ਹਾਂ ਵਿਚੋਂ ਇਕ ਫਿਰਕਾ ਹੈ। ਨਕਲੀ ਨਿਰੰਕਾਰੀਆਂ ਨੇ ਸਿੱਖ ਧਰਮ ਦੇ ਵਿਰੁੱਧ ਗ਼ਲਤ ਪ੍ਰਚਾਰ ਕਰਨਾ ਸ਼ੁਰੂ ਕੀਤਾ ਅਤੇ ਸਿੱਖ ਗੁਰੂ ਸਾਹਿਬਾਨ ਬਾਰੇ ਊਲ ਜਲੂਲ ਬੋਲਣਾ ਤੇ ਲਿਖਣਾ ਸ਼ੁਰੂ ਕਰ ਦਿੱਤਾ। ਸਿੱਖ ਕੌਮ ਦੇ ਨੇਤਾਵਾਂ ਨੇ ਪਹਿਲਾਂ ਕੋਈ ਧਿਆਨ ਨਾ ਦਿੱਤਾ। ਜੇ ਧਿਆਨ ਦਿੱਤਾ ਵੀ ਤਾਂ ਬਹੁਤ ਘੱਟ। ਇਸ ਤਰ੍ਹਾਂ ਨਿਰੰਕਾਰੀ ਦਿਨੋਂ ਦਿਨ ਗ਼ਲਤ ਪ੍ਰਚਾਰ ਕਰਦੇ ਗਏ ਅਤੇ ਸਰਕਾਰ ਵੀ ਵੱਧ ਤੋਂ ਵੱਧ ਸਹਾਇਤਾ ਕਰਦੀ ਗਈ ।

## 13 ਅਪਰੈਲ 1978 ਨੂੰ ਸ਼ਹੀਦੀ ਪਾਉਣ ਵਾਲੇ ਸਿੰਘ

1 ਭਾਈ ਫੌਜਾ ਸਿੰਘ ਜੀ ।
2 ਭਾਈ ਅਮਰੀਕ ਸਿੰਘ ਜੀ ।
3 ਭਾਈ ਗੁਰਦਿਆਲ ਸਿੰਘ ਜੀ ।
4 ਭਾਈ ਰਣਧੀਰ ਸਿੰਘ ਫੌਜੀ ।



Digitized by Panjab Digital Library | www.panjabdigilib.org

5 ਭਾਈ ਹਰੀ ਸਿੰਘ ਜੀ ।
6 ਭਾਈ ਦਰਸ਼ਨ ਸਿੰਘ ਜੀ ।
7 ਭਾਈ ਰਘਬੀਰ ਸਿੰਘ ਜੀ ।
8 ਭਾਈ ਹਰਭਜਨ ਸਿੰਘ ਜੀ ।
9 ਭਾਈ ਗੁਰਚਰਨ ਸਿੰਘ ਜੀ ।
10 ਭਾਈ ਪਿਆਰਾ ਸਿੰਘ ਜੀ ।
11 ਭਾਈ ਅਵਤਾਰ ਸਿੰਘ ਜੀ ।
12 ਭਾਈ ਧਰਮਵੀਰ ਸਿੰਘ ਜੀ ।
13 ਭਾਈ ਕੇਵਲ ਸਿੰਘ ਜੀ ।

ਇਸੇ ਤਰ੍ਹਾਂ 21 ਸਤੰਬਰ 1978 ਨੂੰ 10 ਸਿੰਘ ਕਾਨ੍ਹਪੁਰ ਵਿਖੇ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦੀ ਪਾ ਗਏ ਅਤੇ ਅਨੇਕਾਂ ਜ਼ਖਮੀਂ ਹੋ ਗਏ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ:

1 ਭਾਈ ਕਸ਼ਮੀਰਾ ਸਿੰਘ ਜੀ ਕਾਨ੍ਹਪੁਰ ।
2 ਭਾਈ ਜਗਜੀਤ ਸਿੰਘ ਜੀ ਕਾਨ੍ਹਪੁਰ ।
3 ਭਾਈ ਹਰਚਰਨ ਸਿੰਘ ਜੀ ਕਾਨ੍ਹਪੁਰ ।
4 ਭਾਈ ਮਨਮੋਹਨ ਸਿੰਘ ਜੀ ਕਾਨ੍ਹਪੁਰ ।
5 ਬੀਬੀ ਦਰਸ਼ਨ ਕੌਰ ਜੀ ਕਾਨ੍ਹਪੁਰ ।
6 ਭਾਈ ਗੁਰਮੀਤ ਸਿੰਘ ਜੀ ਕਾਨ੍ਹਪੁਰ ।
7 ਭਾਈ ਬਲਵੰਤ ਸਿੰਘ ਜੀ ਕਾਨ੍ਹਪੁਰ ।
8 ਭਾਈ ਕਿਸ਼ਨ ਸਿੰਘ ਜੀ ਕਾਨ੍ਹਪੁਰ ।
9 ਭਾਈ ਕਰਮ ਸਿੰਘ ਜੀ ਕਾਨ੍ਹਪੁਰ ।
10 ਭਾਈ ਗੁਰਬੀਰ ਸਿੰਘ ਜੀ ਕਾਨ੍ਹਪੁਰ ।

ਦਿੱਲੀ ਵਿਖੇ ਸਿੰਘਾਂ ਵਲੋਂ ਨਕਲੀ ਨਿਰੰਕਾਰੀਆਂ ਵਿਰੁੱਧ ਵਿਖਾਵਾ ਕੀਤਾ ਜਾ ਰਿਹਾ ਸੀ ਤਾਂ 5 ਨਵੰਬਰ 1978 ਨੂੰ 3 ਸਿੰਘ ਸ਼ਹੀਦੀ ਪਾ ਗਏ ਅਤੇ ਅਨੇਕਾਂ ਜ਼ਖਮੀਂ ਹੋ ਗਏ। ਸ਼ਹੀਦ ਹੋਏ ਸਿੰਘਾਂ ਦੇ ਨਾਮ ਇਸ ਪ੍ਰਕਾਰ ਹਨ:

1 ਭਾਈ ਅਵਤਾਰ ਸਿੰਘ ਜੀ ਦਿੱਲੀ ।
2 ਭਾਈ ਮਨਿੰਦਰ ਸਿੰਘ ਜੀ ਦਿੱਲੀ ।
3 ਭਾਈ ਗੋਬਿੰਦ ਸਿੰਘ ਜੀ ਦਿੱਲੀ ।

ਨਿਰੰਕਾਰੀਆਂ ਵਲੋਂ 26 ਸਿੰਘ ਇਕੋ ਸਾਲ ਵਿਚ ਸ਼ਹੀਦ ਹੋਣ ਦੇ ਬਾਵਜੂਦ ਸਰਕਾਰ ਨੇ ਨਿਰੰਕਾਰੀਆਂ ਤੇ ਕੋਈ ਐਕਸ਼ਨ ਨਾ ਲਿਆ ਸਗੋਂ ਗੁਰਬਚਨ ਸਿੰਘ ਦੀ ਰੱਖਿਆ ਵਾਸਤੇ ਹੋਰ ਸੁਰੱਖਿਆ ਪ੍ਰਦਾਨ ਕੀਤੀ ਅਤੇ ਕਰਨਾਲ ਕੋਰਟ ਨੇ ਗੁਰਬਚਨ ਸਿੰਘ ਤੇ ਬਾਕੀ ਨਿਰੰਕਾਰੀਆਂ ਨੂੰ ਬਾਇਜ਼ਤ ਬਰੀ ਕਰ ਦਿੱਤਾ। ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਅਜੀਬ ਘਟਨਾ ਸੀ। ਪੰਜਾਬ ਵਿਚ ਥਾਂ ਥਾਂ ਮੁਜਾਹਰੇ ਹੋਏ, ਸਾੜ ਫੂਕ ਦੀਆਂ ਘਟਨਾਵਾਂ ਹੋਈਆਂ ਪਰ ਨਿਰੰਕਾਰੀਆਂ ਤੇ ਇਸ ਦਾ ਕੋਈ ਅਸਰ ਨਾ ਹੋਇਆ। ਅਖੀਰ ਗੁਰੂ ਦੇ ਸਿੰਘਾਂ ਨੇ 24 ਅਪਰੈਲ 1980 ਨੂੰ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਸਿੰਘ ਦਾ ਕਤਲ ਕਰਕੇ ਸਿੱਖ ਕੌਮ ਦੇ ਮੱਥੇ ਤੇ ਲੱਗਿਆ ਕਲੰਕ ਧੋ ਦਿੱਤਾ। ਉਸ ਸਮੇਂ ਤੋਂ ਬਾਅਦ ਅੱਜ ਤੱਕ ਜੋ ਵੀ ਘਟਨਾਵਾਂ ਹੋਈਆਂ, ਉਸ ਨੂੰ ਅਤਿਵਾਦ ਦੇ ਨਾਂ ਨਾਲ ਜੋੜਿਆ ਜਾਂਦਾ ਹੈ, ਭਾਵੇਂ ਉਹ ਕਿਸੇ ਨੇ ਨਿੱਜੀ ਦੁਸ਼ਮਣੀ ਕਰਕੇ ਕੋਈ ਬਦਲਾ ਲਿਆ ਹੋਵੇ।



Digitized by Panjab Digital Library | www.panjabdigilib.org

ਲੋਕਤੰਤਰੀ ਰਾਜ ਦੇ ਵਿਚ ਇਨਸਾਫ਼ ਲੈਣ ਵਾਸਤੇ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਂਦਾ ਹੈ ਪਰ ਜਿਥੇ ਕੋਰਟ ਵਾਲੇ ਵੀ ਇਨਸਾਫ਼ ਨਾ ਦੇਣ ਤਾਂ ਫਿਰ ਬੰਦਾ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ ਕਿ, ਕੀ ਕਰੇ। ਸਿੱਖ ਕੌਮ ਨੇ ਕੋਰਟ ਤੋਂ ਇਨਸਾਫ਼ ਮੰਗਿਆ ਪਰ ਇਨਸਾਫ਼ ਨਾ ਮਿਲਿਆ। ਸਿੱਖ ਕੌਮ ਪਿਛਲੇ 35 ਸਾਲਾਂ ਤੋਂ ਕੇਂਦਰ ਸਰਕਾਰ ਵੱਲ ਦੇਖਦੀ ਆ ਰਹੀ ਹੈ ਪਰ ਨਿਆਂ ਨਹੀਂ ਮਿਲ ਰਿਹਾ। ਅਖੀਰ ਕਲਗੀਧਰ ਦੇ ਜੁਝਾਰੂਆਂ ਨੇ ਆਪ ਇਨਸਾਫ਼ ਕਰਨ ਦੇ ਲਈ, ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗ ਜਾਵੇ, ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਸ਼ਬਦਾਂ ਨੂੰ ਸੱਚ ਕਰ ਦਿਖਾਇਆ:

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ।

ਇਸ ਗੱਲ ਵੱਲ ਦੇਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਅਤਿਵਾਦ ਪੈਦਾ ਕਰਨ ਵਾਲੀ ਸਰਕਾਰ ਆਪ ਹੈ ਅਤੇ ਸਰਕਾਰ ਦੇ ਗ਼ਲਤ ਕਾਰਨਾਮਿਆਂ ਨੇ ਹੀ ਸਿੱਖ ਨੌਜਵਾਨਾਂ ਨੂੰ ਅਤਿਵਾਦ ਵੱਲ ਪ੍ਰੇਰ ਕੇ ਅਤਿਵਾਦੀ ਬਣਾਇਆ ਹੈ। ਸਚਾਈ ਲਈ ਜੂਝਣ ਦਾ ਨਾਂ ਅਤਿਵਾਦ ਹੈ ਤਾਂ ਇਸ ਤਰ੍ਹਾਂ ਦਾ ਅਤਿਵਾਦ ਹੋਣਾ ਕੋਈ ਮਾੜੀ ਗੱਲ ਨਹੀਂ। ਹਾਂ, ਇਸ ਨੂੰ ਗ਼ਲਤ ਰੰਗਤ ਵਿਚ ਨਾ ਲਿਆ ਜਾਵੇ। ਕੌਮ ਦੀ ਚੜ੍ਹਦੀ ਕਲਾ ਲਈ ਅਤਿਵਾਦੀ ਬਣਨਾ ਕੋਈ ਗ਼ਲਤ ਗੱਲ ਨਹੀਂ। ਸਰਕਾਰ ਜੇ ਹੁਣ ਵੀ ਨਾ ਸਮਝੀ ਤਾਂ ਇਹ ਅਤਿਵਾਦ ਸਰਕਾਰ ਲਈ ਘਾਤਕ ਸਿੱਧ ਹੋ ਸਕਦਾ ਹੈ ਤੇ ਇਸ ਨੂੰ ਦਬਾਇਆ ਨਹੀਂ ਜਾ ਸਕਦਾ।



Digitized by Panjab Digital Library | www.panjabdigilib.org

# ਸਿੱਖ ਨੌਜਵਾਨ ਅਤਿਵਾਦੀ ਹਨ?

ਤੁਸੀਂ ਮੰਨੋ ਤੇ ਭਾਵੇਂ ਨਾ ਮੰਨੋ
ਕੇਸ ਤੁਹਾਡੇ ਤੇ ਪਾਇਆ ਜਾ ਰਿਹਾ ਏ ।
ਖਾਲਸਾ ਕੌਮ ਨੇ ਆਪਾ ਵਾਰ ਦਿੱਤਾ ।
ਦੇਸ਼ ਗਦਾਰ ਬਣਾਇਆ ਜਾ ਰਿਹਾ ਏ ।
ਤੁਸੀਂ ਅਤਿਵਾਦੀ ਤੁਸੀਂ ਅਤਿਵਾਦੀ ।

ਅੱਜ ਸਿੱਖੀ ਦੀ ਗੱਲ ਕਰਨ ਵਾਲੇ ਹਰੇਕ ਸਿੱਖ ਨੂੰ ਪੰਜਾਬ ਸਰਕਾਰ ਤੇ ਫਿਰਕੂ ਅਨਸਰ ਅਤਿਵਾਦੀ ਸਮਝਣ ਲੱਗ ਪਿਆ ਹੈ । ਸਰਕਾਰ ਤਾਂ ਹਰ ਸਿੱਖ ਨੌਜਵਾਨ ਨੂੰ ਅਤਿਵਾਦੀ ਸਮਝਦੀ ਹੈ ਅਤੇ ਚਾਹੁੰਦੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਇਨ੍ਹਾਂ ਸਿੱਖ ਨੌਜਵਾਨਾਂ ਨੂੰ ਖਤਮ ਕੀਤਾ ਜਾਵੇ । ਹੁਣ ਤੱਕ ਸਿੱਖ ਨੌਜਵਾਨਾਂ ਨੂੰ ਅਤਿਵਾਦੀ ਕਹਿ ਕਹਿ ਕੇ ਝੂਠੇ ਮੁਕਾਬਲਿਆਂ ਵਿਚ ਬਹੁਤ ਗਿਣਤੀ ਵਿਚ ਸ਼ਹੀਦ ਕੀਤਾ ਜਾ ਚੁੱਕਾ ਹੈ । ਸਰਕਾਰ ਸਮਝਦੀ ਹੈ ਕਿ ਅਤਿਵਾਦੀਆਂ ਦੇ ਨੇਤਾ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਹਨ ਜੋ ਸਾਰੀਆਂ ਅਤਿਵਾਦੀ ਕਾਰਵਾਈਆਂ ਕਰਵਾ ਰਹੇ ਹਨ । ਸਰਕਾਰ ਸੰਤ ਭਿੰਡਰਾਂਵਾਲਿਆਂ ਨੂੰ ਅਤਿਵਾਦੀ ਨੇਤਾ ਸਮਝੇ ਵੀ ਕਿਉਂ ਨਾ? ਸੰਤ ਭਿੰਡਰਾਂਵਾਲੇ ਸਿੱਖੀ ਦਾ ਪ੍ਰਚਾਰ ਕਰਦੇ ਹਨ, ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਦੇ ਹਨ, ਰਹਿਤ ਮਰਯਾਦਾ ਵਿਚ ਪ੍ਰਪੱਕ ਰਹਿਣ ਅਤੇ ਗੁਰਬਾਣੀ ਪੜ੍ਹਨ ਲਈ ਕਹਿੰਦੇ ਹਨ । ਸੰਤ ਭਿੰਡਰਾਂਵਾਲੇ ਸਿੰਘਾਂ ਨੂੰ ਸਿੱਖੀ ਵਿਚ ਪ੍ਰਪੱਕ ਕਰ ਰਹੇ ਹਨ । ਉਹ ਤਾਂ ਇਹ ਵੀ ਕਹਿੰਦੇ ਹਨ ਕਿ ਸਿੱਖਾਂ ਤੋਂ ਇਲਾਵਾ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਵਿਚ ਪੱਕਾ ਅਤੇ ਸੱਚਾ ਹੋਣਾ ਚਾਹੀਦਾ ਹੈ । ਪਰ ਇਹ ਗੱਲ ਸਰਕਾਰ ਦੇ ਉਲਟ ਜਾਂਦੀ ਹੈ । ਸਰਕਾਰ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦੀ । ਇਸ ਤਰ੍ਹਾਂ ਹੋਣ ਨਾਲ ਪੰਜਾਬ ਅੰਦਰ ਸਰਕਾਰ ਕਮਜ਼ੋਰ ਹੁੰਦੀ ਹੈ ਤੇ ਸਿੱਖੀ ਦੀ ਗੱਲ ਕਰਨ ਵਾਲਿਆਂ ਦੇ ਪੈਰ ਮਜ਼ਬੂਤ ਹੁੰਦੇ ਹਨ । ਸਰਕਾਰ ਕੋਲ ਪ੍ਰਚਾਰ ਦੇ ਸਾਧਨ ਹਨ । ਉਹ ਜੋ ਚਾਹੇ, ਆਪਣੀ ਮਨਮਰਜ਼ੀ ਦਾ ਪ੍ਰਚਾਰ ਕਰ ਸਕਦੀ ਹੈ । ਪਰੈਸ ਸਾਰੀ ਸਰਕਾਰ ਦੇ ਅਧੀਨ ਹੈ । ਜੇ ਪ੍ਰੈਸ ਸੱਚੀ ਗੱਲ ਕਹਿੰਦੀ ਹੈ ਤਾਂ ਸਰਕਾਰ ਪ੍ਰੈਸ ਵਾਲਿਆਂ ਦੇ ਇਸ਼ਤਿਹਾਰ ਬੰਦ ਕਰ ਦਿੰਦੀ ਹੈ । ਇਸ ਲਈ ਪ੍ਰੈਸ ਵਾਲੇ ਆਪਣੇ ਵਿਉਪਾਰਕ ਪੱਖ ਤੋਂ ਸੋਚਦੇ ਹਨ ਜਾਂ ਚੁੱਪ ਰਹਿ ਜਾਂਦੇ ਹਨ । ਪਰ ਸਮਾਂ ਆਉਣ ਤੇ ਜਦ ਸਚਾਈ ਦਾ ਪਤਾ ਲੱਗੇਗਾ ਤਾਂ ਸਭ ਹੈਰਾਨ ਰਹਿ ਜਾਣਗੇ ਕਿ ਸਰਕਾਰ ਜਿਨ੍ਹਾਂ ਨੂੰ ਅਤਿਵਾਦੀ ਕਹਿੰਦੀ ਹੈ, ਉਹ ਅਸਲ ਵਿਚ ਕੀ ਹਨ?

ਅੱਜ ਅਖਬਾਰਾਂ ਵਿਚ ਆਮ ਚਰਚਾ ਦਾ ਵਿਸ਼ਾ ਹੈ ਕਿ ਜੋ ਘਟਨਾਵਾਂ ਪੰਜਾਬ ਵਿਚ ਵਾਪਰ ਰਹੀਆਂ ਹਨ, ਉਹ ਅਤਿਵਾਦੀ ਕਰਵਾ ਰਹੇ ਹਨ । ਅਤਿਵਾਦੀ ਗੁਰਦਵਾਰਿਆਂ ਵਿਚ ਛੁਪੇ ਹੋਏ ਹਨ । ਅਤਿਵਾਦੀਆਂ ਦਾ ਦੂਜੇ ਦੇਸ਼ਾਂ ਨਾਲ ਸੰਬੰਧ ਹੈ, ਅਤਿਵਾਦੀ ਦੇਸ਼ ਦੇ ਟੁਕੜੇ ਕਰਨਾ ਚਾਹੁੰਦੇ ਹਨ ਅਤੇ ਕਈ ਵਿਰੋਧੀ ਪਾਰਟੀਆਂ ਦੇ ਨੇਤਾ ਇਹ ਵੀ ਕਹਿੰਦੇ ਹਨ ਕਿ ਅਤਿਵਾਦੀ ਕਾਰਵਾਈਆਂ ਸਰਕਾਰ ਆਪ ਕਰਵਾ ਰਹੀ ਹੈ । ਇਨ੍ਹਾਂ ਸਾਰੀਆਂ ਗੱਲਾਂ ਬਾਰੇ ਵਿਚਾਰ ਕਰਨੀ ਬਹੁਤ ਜ਼ਰੂਰੀ ਹੈ ।

ਇਤਿਹਾਸ ਗਵਾਹ ਹੈ ਕਿ ਸੱਚ ਦੀ ਗੱਲ ਕਰਨ ਵਾਲਿਆਂ, ਸੱਚੀ ਤੇ ਸੁੱਚੀ



Digitized by Panjab Digital Library | www.panjabdigilib.org

ਵਿਚਾਰਧਾਰਾ ਰੱਖਣ ਵਾਲਿਆਂ, ਹੱਕ, ਸੱਚ ਤੇ ਇਨਸਾਫ ਲਈ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲਿਆਂ ਅਤੇ ਸੱਚੇ ਦਿਲੋਂ ਕੌਮ ਤੇ ਦੇਸ਼ ਲਈ ਮਰ ਮਿਟਣ ਵਾਲਿਆਂ ਨੂੰ ਸਰਕਾਰ ਸਮੇਂ ਸਮੇਂ ਅਨੁਸਾਰ ਕਦੇ ਬਾਗ਼ੀ, ਉਗਰਵਾਦੀ, ਅਤਿਵਾਦੀ ਅਤੇ ਦੇਸ਼ ਦੇ ਗਦਾਰ ਦੇ ਫਤਵੇ ਦਿੰਦੀ ਰਹੀ ਹੈ ।

ਗੁਰੂ ਨਾਨਕ ਦੇਵ ਜੀ ਨੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਜਰਵਾਣਿਆਂ ਹਾਕਮਾਂ ਨੂੰ ਲਲਕਾਰਿਆ । ਇਸੇ ਕਾਰਨ ਗੁਰੂ ਸਾਹਿਬ ਨੂੰ ਬਾਬਰ ਦੀ ਜੇਲ੍ਹ ਵਿਚ ਚੱਕੀ ਪੀਸਣੀ ਪਈ । ਮਨੁੱਖਤਾ ਦੀ ਗੱਲ ਕਰ ਰਹੇ ਸ਼ਾਂਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਸ ਸਮੇਂ ਦੇ ਹਾਕਮਾਂ ਨੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨ ਵਾਲਾ ਕਹਿ ਕੇ ਤੱਤੀ ਤਵੀ ਤੇ ਬਿਠਾਇਆ ਤੇ ਉਤੇ ਗਰਮ ਰੇਤ ਪਾ ਕੇ ਆਪਣੇ ਅੰਦਰ ਬਲ ਰਹੀ ਅੱਗ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸੇ ਅੱਗ ਵਿਚ ਉਨ੍ਹਾਂ ਨੂੰ ਆਪ ਸੜਨਾ ਪਿਆ ।

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਲੋਕਾਂ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ। ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਪਹਿਨੀਆਂ ਪਰ ਸਰਕਾਰ ਨੂੰ ਇਹ ਗੱਲ ਚੰਗੀ ਨਾ ਲੱਗੀ ਤੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ । ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੱਬੇ ਕੁਚਲੇ ਤੇ ਲਿਤਾੜੇ ਹੋਏ ਲੋਕਾਂ ਨੂੰ ਸੰਗਠਨ ਕਰਕੇ ਸਰਕਾਰ ਦੇ ਵਿਰੁੱਧ ਹਥਿਆਰਬੰਦ ਕੀਤਾ। ਸਰਕਾਰ ਨੇ ਗੁਰੂ ਸਾਹਿਬ ਜੀ ਨੂੰ ਬਾਗ਼ੀ ਕਰਾਰ ਦਿੱਤਾ । ਗੁਰੂ ਸਾਹਿਬ ਜੀ ਨੇ ਆਪਣੇ ਮਿਸ਼ਨ ਨੂੰ ਜਾਰੀ ਰੱਖਿਆ ਤੇ ਸਿੱਖੀ ਪ੍ਰਚਾਰ ਲਈ ਡਟੇ ਰਹੇ ।

ਗੁਰੂ ਤੇਗ਼ ਬਹਾਦਰ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਫਰਿਆਦ ਕਰਨ ਆਏ ਫਰਿਆਦੀਆਂ ਦੀ ਬਾਂਹ ਫੜੀ ਤੇ ਦੁਨੀਆਂ ਭਰ ਦੇ ਲੋਕਾਂ ਨੂੰ ਸਰਬੱਤ ਦੇ ਭਲੇ ਦਾ ਮਾਰਗ ਦਰਸ਼ਨ ਦਿਖਾਉਂਦੇ ਹੋਏ ਦਿੱਲੀ ਪਹੁੰਚੇ ਪਰ ਸਰਕਾਰ ਨੇ ਗੁਰੂ ਸਾਹਿਬ ਜੀ ਨੂੰ ਆਪਣੇ ਲਈ ਖਤਰਨਾਕ ਸਮਝਦਿਆਂ ਹੋਇਆ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦ ਕਰ ਦਿੱਤਾ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲਿਆ ਗਿਆ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ । ਇਹ ਸ਼ਹੀਦ ਮੁਗਲ ਸਰਕਾਰ ਲਈ ਅਤਿਵਾਦੀ ਸਨ। ਪਰ ਇਹ ਸ਼ਹੀਦੀ ਕਿਸ ਖਾਤਰ ਹੋਈ?

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ,
ਕੀਨੋ ਬਡੋ ਕਲੂ ਮਹਿ ਸਾਕਾ ।
(ਬਚਿਤਰ ਨਾਟਕ ਪਾਤਸ਼ਾਹੀ 10)

ਜਿਨ੍ਹਾਂ ਦੀ ਖਾਤਰ ਗੁਰੂ ਤੇਗ਼ ਬਹਾਦਰ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਚੱਲ ਕੇ ਦਿੱਲੀ ਸ਼ਹੀਦੀ ਦਿੱਤੀ, ਉਹੀ ਲੋਕ ਸ੍ਰੀ ਆਨੰਦਪੁਰ ਦੇ ਨਾਂ ਨੂੰ ਘ੍ਰਿਣਾ ਕਰਦੇ ਹੋਏ ਨਫਰਤ ਦੀ ਨਿਗਾਹ ਨਾਲ ਦੇਖਦੇ ਹਨ। ਦਿੱਲੀ ਦੇ ਤਾਜਦਾਰੋ! ਚੇਤੇ ਰੱਖੋ, ਔਰੰਗਜ਼ੇਬ ਨੇ ਜਿਨ੍ਹਾਂ ਨੂੰ ਅਤਿਵਾਦੀ ਕਹਿ ਕੇ ਸ਼ਹੀਦ ਕੀਤਾ, ਉਨ੍ਹਾਂ ਦੇ ਸਥਾਨ ਤੇ 24 ਘੰਟੇ ਇਲਾਹੀ ਕੀਰਤਨ ਹੁੰਦਾ ਹੈ ਤੇ ਦੁਨੀਆ ਭਰ ਦੇ ਲੋਕ ਦਰਸ਼ਨ ਕਰਨ ਲਈ ਆਉਂਦੇ ਹਨ । ਪਰ ਔਰੰਗਜ਼ੇਬ ਦੀ ਮਜਾਰ ਤੇ ਕੋਈ ਦੀਵਾ ਵੀ ਨਹੀਂ ਜਗਾਉਂਦਾ । ਇਹ ਫੈਸਲਾ ਤੁਸੀਂ ਆਪ ਕਰਨਾ ਹੈ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ ।

ਗੁਰੂ ਗੋਬਿੰਦ ਸਿੰਘ ਜੀ ਮੁਗਲ ਸਰਕਾਰ ਦੇ ਬਾਗ਼ੀ ਸਨ, ਜਿਨ੍ਹਾਂ ਨੇ ਇਸ



Digitized by Panjab Digital Library | www.panjabdigilib.org

ਹਿੰਦੁਸਤਾਨ ਦੀ ਖਾਤਰ ਮਾਤਾ ਪਿਤਾ, ਚਾਰੇ ਪੁੱਤਰ ਤੇ ਲੱਖਾਂ ਦੀ ਗਿਣਤੀ ਵਿਚ ਸਿੰਘ ਸ਼ਹੀਦ ਕਰਵਾ ਕੇ ਮਾਛੀਵਾੜੇ ਦੇ ਜੰਗਲਾਂ ਵਿਚ ਅਕਾਲ ਪੁਰਖ ਦਾ ਧੰਨਵਾਦ ਕਰਦੇ ਹੋਏ ਇੱਟ ਦਾ ਸਰਾਹਣਾ ਲਗਾ ਕੇ ਕਹਿ ਰਹੇ ਹਨ:

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ।

ਅੱਜ ਦਾ ਸਿੱਖ ਨੌਜਵਾਨ ਗੁਰੂ ਗੋਬਿੰਦ ਸਿੰਘ ਜੀ ਦਾ ਸਪੁੱਤਰ ਤੇ ਵਾਰਸ ਹੈ । ਜੇ ਗੁਰੂ ਗੋਬਿੰਦ ਸਿੰਘ ਮੁਗਲ ਸਰਕਾਰ ਲਈ ਬਾਗ਼ੀ ਹੋ ਸਕਦੇ ਹਨ ਤਾਂ ਅੱਜ ਸਰਕਾਰ ਵਲੋਂ ਸਿੱਖ ਨੌਜਵਾਨਾਂ ਨੂੰ ਅਤਿਵਾਦੀ ਕਹਿਣਾ ਕੋਈ ਅਤਕਥਨੀ ਨਹੀਂ ਹੈ ।

ਹਿੰਦੁਸਤਾਨ ਤੇ ਨਾਦਰ ਅਬਦਾਲੀ ਚੜ੍ਹ ਕੇ ਆਏ ਅਤੇ ਹਿੰਦੁਸਤਾਨ ਦੀ ਇਜ਼ਤ, ਬਹੂ ਬੇਟੀਆਂ ਲੁੱਟ ਕੇ ਲੈ ਗਏ, ਗਜ਼ਨੀ ਨੇ ਹਿੰਦੁਸਤਾਨ ਵਿਚ ਕੁਝ ਵੀ ਨਾ ਛੱਡਿਆ । ਉਸ ਸਮੇਂ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਮੁਗਲਾਂ ਦੇ ਪੰਜੇ ਵਿਚੋਂ ਹਿੰਦੂ ਬਹੂ ਬੇਟੀਆਂ ਨੂੰ ਛੁਡਵਾਇਆ । ਕਸੂਰ ਤੇ ਇਕ ਬ੍ਰਾਹਮਣੀ ਨੂੰ ਛੁਡਾਉਣ ਲਈ ਹਮਲਾ ਕੀਤਾ । ਹਿੰਦੁਸਤਾਨ ਦੀ ਇੱਜ਼ਤ ਬਚਾਉਣ ਖਾਤਰ ਸਮੇਂ ਸਮੇਂ ਅਨੁਸਾਰ ਸਿੰਘਾਂ ਨੇ ਸਰਕਾਰ ਅਤੇ ਵਿਦੇਸ਼ੀ ਦਰਿੰਦਿਆਂ ਨਾਲ ਟੱਕਰ ਲਈ । ਇਹ ਸਿੰਘ ਉਸ ਸਮੇਂ ਦੀ ਸਰਕਾਰ ਦੇ ਬਾਗ਼ੀ ਸਨ । ਉਸ ਸਮੇਂ ਹਾਲਾਤ ਇਸ ਤਰ੍ਹਾਂ ਸਨ ਕਿ ਇਕ ਮੁਰਗੀ ਦੀ ਕੀਮਤ ਤਾਂ ਸੀ ਪਰ ਇਕ ਹਿੰਦੂ ਬਹੂ ਬੇਟੀ ਦੀ ਕੀਮਤ ਕੋਈ ਨਹੀਂ ਸੀ । ਇਹ ਜਰਵਾਣੇ ਇਹਨਾਂ ਬਹੂ ਬੇਟੀਆਂ ਨੂੰ ਟਕੇ ਟਕੇ ਵਿਚ ਗਜ਼ਨੀ ਵਿਚ ਵੇਚਦੇ ਸਨ । ਮਸਲਾ ਕੀ ਸੀ? ਜ਼ੁਲਮ ਦੇ ਵਿਰੁੱਧ ਟੱਕਰ ਸੀ । ਅੱਜ ਕੀ ਹੈ? ਸਿੰਘਾਂ ਤੇ ਜ਼ੁਲਮ ਹੋ ਰਿਹਾ ਹੈ ਤੇ ਜ਼ੁਲਮ ਦੇ ਵਿਰੁੱਧ ਲੜਾਈ ਹੈ । ਮੁਗਲ ਸਰਕਾਰ ਨੇ ਸਿੰਘਾਂ ਨੂੰ ਬਾਗ਼ੀ ਕਰਾਰ ਦਿੱਤਾ ਸੀ । ਅੱਜ ਦੀ ਕਾਂਗਰਸ ਸਰਕਾਰ ਸਿੱਖ ਨੌਜਵਾਨਾਂ ਨੂੰ ਅਤਿਵਾਦੀ ਕਰਾਰ ਦੇ ਰਹੀ ਹੈ । ਫੇਰ ਮੁਗਲ ਸਰਕਾਰ ਤੇ ਕਾਂਗਰਸ ਸਰਕਾਰ ਵਿਚ ਫਰਕ ਕੀ ਰਿਹਾ?

ਭਾਰਤ ਦੀ ਆਜ਼ਾਦੀ ਦਾ ਇਤਿਹਾਸ ਗਵਾਹ ਹੈ । ਗਦਰੀ ਬਾਬੇ ਕੌਣ ਸਨ? ਗਦਰ ਪਾਰਟੀ ਦੇ ਕਾਰਕੁੰਨ ਕੌਣ ਸਨ? ਭਗਤ ਸਿੰਘ ਤੇ ਉਸ ਦੇ ਸਾਥੀ ਕੌਣ ਸਨ? ਇਸ ਸਦੀ ਦੇ ਪਹਿਲੇ ਦਹਾਕੇ ਵਿਚ ਸੈਨਿਕ ਅੰਦੋਲਨ ਦੇ ਤਿੰਨ ਵੱਡੇ ਸਰਪ੍ਰਸਤ ਬਾਲ ਗੰਗਾਧਰ ਤਿਲਕ, ਸ੍ਰੀ ਬਿਪਿਨ ਚੰਦਰ ਪਾਲ ਤੇ ਲਾਲਾ ਲਾਜਪਤ ਰਾਏ ਅਤੇ ਉਨ੍ਹਾਂ ਦੇ ਅੰਦੋਲਨ ਦੇ ਕਾਰਨ ਹੀ ਅੰਦੋਲਨ ਬਾਲ - ਪਾਲ - ਲਾਲ ਦੇ ਸੈਨਿਕ ਰਾਸ਼ਟਰੀ ਅੰਦੋਲਨ ਦੇ ਨਾਮ ਨਾਲ ਜਾਣਿਆ ਜਾਣ ਲੱਗ ਪਿਆ । ਉਹ ਸ਼ਕਤੀ ਸੰਪਰਦਾਇ ਸ੍ਰੰਥ ਦੇ ਮਾਰਗ ਦੇ ਧਾਰਨੀ ਸਨ । ਜਦੋਂ ਅਰਜ਼ਾਂ ਬੇਨਤੀਆਂ ਸਭ ਵਿਅਰਥ ਗਈਆਂ ਤਾਂ ਉਨ੍ਹਾਂ ਨੇ ਆਪਣੇ ਬਾਹੂ ਬਲ ਦੁਆਰਾ ਸਵੈ ਨਿਭਰਤਾ ਦੇ ਤਰੀਕਿਆਂ ਦਾ ਪ੍ਰਚਾਰ ਕੀਤਾ ਤੇ ਕਿਹਾ ਕਿ ਇਕ ਔਂਸ ਸਿੱਕਾ ਕਈ ਟਨ ਦਲੀਲਾਂ ਅਤੇ ਅਚਰਨਕ ਦਬਾਉ ਤੋਂ ਵਧੇਰੇ ਕੰਮ ਕਰਦਾ ਹੈ ।

ਸਰ ਵੀ. ਚਿਰੋਲ ਅਨੁਸਾਰ ਮਹਾਂਰਾਸ਼ਟਰ ਸੈਨਿਕਵਾ ਦੀ ਅੰਦੋਲਨ ਦਾ ਨੇਤਾ ਬਾਲ ਗੰਗਾਧਰ ਤਿਲਕ ਜੋ ਅਸੰਤੋਸ਼ ਦੇ ਸਭ ਤੋਂ ਖਤਰਨਾਕ ਨਾਇਕਾਂ ਵਿਚੋਂ ਇਕ ਸੀ ਅਤੇ ਭਾਰਤੀ ਬੇਚੈਨੀ ਦਾ ਪਿਤਾ ਸੀ ।

ਉਸ ਸਮੇਂ ਦੀ ਸਰਕਾਰ ਵੀ ਸਰਦਾਰ ਅਜੀਤ ਸਿੰਘ, ਪੀ. ਐਸ. ਖਾਨ, ਚੰਦਰ ਸ਼ੇਖਰ, ਲਾਲਾ ਲਾਜਪਤ ਰਾਏ, ਸੁਰਿੰਦਰ ਮੋਹਨ ਬੋਸ, ਕਰਤਾਰ ਸਿੰਘ ਸਰਾਭਾ, ਬਾਬਾ ਗੁਰਮੁਖ ਸਿੰਘ, ਬਾਬਾ ਨਰਿੰਜਨ ਸਿੰਘ, ਬਾਬਾ ਪ੍ਰਿਥਵੀ ਸਿੰਘ ਆਜ਼ਾਦ, ਬਾਬਾ ਸੋਹਨ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਭਾਈ ਮਥਰਾ ਸਿੰਘ ਤੇ ਭਗਤ ਸਿੰਘ ਆਦਿ ਦੇਸ਼ ਭਗਤਾਂ ਨੂੰ ਅਤਿਵਾਦੀ ਤੇ ਵੱਖਵਾਦੀ ਸਮਝਦੀ ਸੀ ਪਰ ਇਹ ਅੱਜ ਕੀ ਹਨ? ਤੁਹਾਡੇ ਕੋਲ ਕੋਈ ਉੱਤਰ ਹੈ?



Digitized by Panjab Digital Library | www.panjabdigilib.org

ਜੇ ਕੋਈ ਅੱਜ ਸਿੱਖ ਨੌਜਵਾਨ ਲਿਖ ਕੇ ਸਿੱਖੀ ਪਰਚਾਰ ਕਰਦਾ ਹੈ, ਜਾਂ ਸਰਕਾਰ ਦੇ ਕਾਰਨਾਮਿਆਂ ਨੂੰ ਲੋਕਾਂ ਤੱਕ ਪਹੁੰਚਾਉਂਦਾ ਹੈ ਤਾਂ ਉਹ ਅਤਿਵਾਦੀ ਹੈ। ਬੰਗਾਲ ਦੇ ਇਕ ਜਲਾਵਤਨ ਸੁਰਿੰਦਰ ਮੋਹਨ ਬੋਸ ਨੇ ਇਕ ਅੰਗਰੇਜ਼ੀ ਵਿਚ ਮਾਸਿਕ ਪੱਤਰ 'ਫਰੀ ਇੰਡੀਆ' ਕੱਢਿਆ। ਇਹ ਮਾਸਕ ਪੱਤਰ ਭਾਰਤ ਵਿਚ ਬਰਤਾਨਵੀ ਸਾਸ਼ਨ ਵਿਰੁੱਧ ਹਥਿਆਰਬੰਦ ਬਗਾਵਤ ਦੀ ਹਮਾਇਤ ਕਰਦਾ ਸੀ (ਗ੍ਰਹਿ ਵਿਭਾਗ ਰਾਜਸੀ, ਭਾਰਤ ਸਰਕਾਰ, ਅਪ੍ਰੈਲ 1921 ਕਾਰਵਾਈ ਨੰਬਰ 18)

ਪਰ ਸਿੱਖ ਨੌਜਵਾਨਾਂ ਨੇ ਤਾਂ ਕੋਈ ਬਗਾਵਤ ਨਹੀਂ ਕੀਤੀ। ਸਿੱਖੀ ਦੀ ਗੱਲ ਤੋਰੀ ਹੈ। ਹੋ ਸਕਦਾ ਹੈ ਕਿ ਸਰਕਾਰ ਦੇ ਇਨ੍ਹਾਂ ਔਰੰਗਜ਼ੇਬੀ ਕਾਰਨਾਮਿਆਂ ਤੋਂ ਤੰਗ ਆ ਕੇ ਨੌਜਵਾਨ ਹਥਿਆਰਬੰਦ ਬਗਾਵਤ ਵੀ ਕਰ ਦੇਣ। ਇਹ ਤਾਂ ਸਰਕਾਰ ਨੇ ਸੋਚਣਾ ਹੈ ਕਿ ਉਹ ਸ਼ਾਂਤੀ ਚਾਹੁੰਦੀ ਹੈ ਜਾਂ ਬਗਾਵਤ?

ਜਿਨ੍ਹਾਂ ਸੂਰਬੀਰਾਂ ਨੇ ਦੇਸ਼ ਦੀ ਆਜ਼ਾਦੀ ਦੀ ਖਾਤਰ ਆਪਾ ਵਾਰਿਆ, ਲੋਕਾਂ ਨੇ ਉਨ੍ਹਾਂ ਨੂੰ ਸ਼ਹੀਦਾਂ ਦੇ ਤੌਰ ਤੇ ਪੂਰਾ ਸਨਮਾਨ ਦੇਣਾ ਸ਼ੁਰੂ ਕੀਤਾ। ਇਸ ਗੱਲ ਦਾ ਗਾਂਧੀ ਦੇ ਵਾਰਸਾਂ ਤੇ ਬਹੁਤ ਅਸਰ ਪਿਆ ਅਤੇ ਸੋਚਣ ਲਈ ਮਜ਼ਬੂਰ ਹੋਏ ਕਿ ਇਨ੍ਹਾਂ ਲੋਕ - ਸ਼ਹੀਦਾਂ ਦਾ ਅਸੀਂ ਵੀ ਸਤਿਕਾਰ ਕਰੀਏ। ਉਨ੍ਹਾਂ ਨੇ ਸ਼ਹੀਦਾਂ ਦੇ ਬੁੱਤ ਬਣਾ ਕੇ ਉਨ੍ਹਾਂ ਨੂੰ ਹਾਰ ਪਾਉਣੇ ਸ਼ੁਰੂ ਕੀਤੇ ਤੇ ਯਾਦਗਾਰਾਂ ਬਣਾਉਣੀਆਂ ਸ਼ੁਰੂ ਕੀਤੀਆਂ। ਪਰ ਅਸੀਂ ਗਾਂਧੀ ਦੇ ਵਾਰਸਾਂ ਨੂੰ ਪੁੱਛਦੇ ਹਾਂ ਕਿ:

"ਗਾਂਧੀ ਨੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ 'ਬਾਗੀ, ਸਿਰਫਿਰੇ, ਅਤਿਵਾਦੀ, ਗੁਮਰਾਹ ਹੋਏ' ਆਦਿਕ ਨਾਵਾਂ ਨਾਲ ਪ੍ਰਚਾਰ ਕੇ ਉਨ੍ਹਾਂ ਨੂੰ ਦੇਸ਼ ਦੀ ਕੌਮੀ ਲਹਿਰ ਨਾਲੋਂ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਮਨਾਂ ਵਿਚ ਉਨ੍ਹਾਂ ਦਾ ਸਤਿਕਾਰ ਪੈਦਾ ਹੋ ਚੁੱਕਿਆ ਸੀ। ਪਰ ਇਹ ਕੀ ਕ੍ਰਿਸ਼ਮਾ ਹੈ ਕਿ ਉਸੇ ਧਰਤੀ ਤੇ ਉਸੇ ਗਾਂਧੀ ਦੇ ਵਾਰਸ, ਜਿਹੜੇ ਹਿੰਸਾ ਹਿੰਸਾ ਕੂਕਦੇ ਸਨ ਤੇ ਅੱਜ ਅਹਿੰਸਾਵਾਦੀ, ਸਿਰਫਿਰੇ, ਅਤਿਵਾਦੀਆਂ ਦੀਆਂ ਯਾਦਗਾਰਾਂ ਮਨਾਉਂਦੇ ਹਨ? ਇਹ ਤਾਂ ਇਨ੍ਹਾਂ ਦਾ ਕਿਰਦਾਰ ਹੀ ਹੈ। ਪੰਜਾਬ ਦਾ ਸਾਬਕਾ ਮੁਖ ਮੰਤਰੀ ਕਿਹਾ ਕਰਦਾ ਸੀ ਕਿ ਪੰਜਾਬੀ ਸੂਬਾ ਮੇਰੀ ਲਾਸ਼ ਤੇ ਬਣੇਗਾ। ਅੱਜ ਉਹੀ ਇਸ ਰਾਜ ਦਾ ਮੁਖ ਮੰਤਰੀ ਬਣਿਆ। ਇਹਨਾਂ ਦਾ ਤਾਂ ਰੱਬ ਹੀ ਰਾਖਾ ਹੈ।"

ਪੰਜਾਬ ਦੀ ਧਰਤੀ ਨੂੰ ਮਾਣ ਹੈ ਕਿ ਜਦੋਂ ਵੀ ਜ਼ਾਲਮ ਜਾਬਰਾਂ ਦੇ ਜ਼ੁਲਮਾਂ ਦੁਆਰਾ ਲਤਾੜੀ ਜਾ ਰਹੀ ਧਰਤੀ ਨੇ ਲਹੂ ਦੇ ਹੰਝੂ ਕੇਰਦਿਆਂ ਇਨ੍ਹਾਂ ਕਰਿੰਦਿਆਂ ਦੇ ਜ਼ੁਲਮਾਂ ਨੂੰ ਠੱਲ ਪਾਉਣ ਲਈ ਸੱਚ ਲਈ ਮਰ ਮਿਟਣ ਵਾਲੇ ਮਰਜੀਵੜਿਆਂ ਨੂੰ ਪੁਕਾਰ ਕੀਤੀ, ਤਾਂ ਗੁਰੂ ਦੇ ਸਿੰਘ ਇਕ ਦੂਜੇ ਤੋਂ ਅੱਗੇ ਹੋ ਕੇ ਆਪਣਾ ਸੀਸ ਤਲੀ ਤੇ ਧਰ ਕੇ ਜ਼ਾਲਮਾਂ ਦਾ ਨਾਸ ਕਰਨ ਲਈ ਮੈਦਾਨੇ ਜੰਗ ਵਿਚ ਨਿਤਰਦੇ ਰਹੇ ਹਨ ਤੇ ਨਿਤਰਦੇ ਰਹਿਣਗੇ। ਇਨ੍ਹਾਂ ਸ਼ਹੀਦਾਂ ਦਾ ਡੁੱਲ੍ਹਿਆ ਖ਼ੂਨ ਆਉਣ ਵਾਲੀ ਪਨੀਰੀ ਲਈ ਇਕ ਰੋਸ਼ਨ ਮੁਨਾਰਾ ਹੁੰਦਾ ਹੈ। ਅੱਜ ਜਿਨ੍ਹਾਂ ਨੂੰ ਅਤਿਵਾਦੀ ਕਹਿ ਕੇ ਸ਼ਹੀਦ ਕੀਤਾ ਜਾ ਰਿਹਾ ਹੈ, ਇਹੀ ਲੋਕ ਕੱਲ੍ਹ ਨੂੰ ਉਨ੍ਹਾਂ ਨੂੰ ਪ੍ਰਣਾਮ ਕਰਨਗੇ।

ਅੱਜ ਹਿੰਦ, ਹਿੰਦੀ, ਹਿੰਦੁਸਤਾਨ, ਪੀਕਿੰਗ ਤੇ ਮਾਸਕੋ ਦੀ ਗੱਲ ਕਰਨ ਵਾਲੇ ਤਾਂ ਦੇਸ਼ ਭਗਤ ਹਨ ਪਰ ਸਿੱਖੀ ਦੀ ਗੱਲ ਕਰਨ ਵਾਲੇ ਸਿੱਖ ਨੌਜਵਾਨ ਅਤਿਵਾਦੀ ਕਿਉਂ? ਸਰਕਾਰ ਨੂੰ ਜੇ ਡਰ ਹੈ, ਤਾਂ ਸਿੱਖ ਨੌਜਵਾਨਾਂ ਦੇ ਫੌਲਾਦੀ ਜਜ਼ਬਾਤਾਂ ਅਤੇ ਗੁਰੂ ਜੀ ਦੀ ਬਖਸ਼ੀ ਦ੍ਰਿੜ੍ਹਤਾ ਤੋਂ ਹੈ। ਹੋਵੇ ਵੀ ਕਿਉਂ ਨਾ? ਅਸੀਂ ਕਲਗੀਧਰ ਦੇ ਪੁੱਤਰ ਹਾਂ। ਅਸੀਂ ਹਰੀ ਸਿੰਘ ਨਲੂਆਂ ਦੇ ਵਾਰਸ ਹਾਂ, ਜਿਸ ਦੇ ਨਾਮ ਤੋਂ ਹਾਲੇ ਵੀ ਪਠਾਣ ਲੋਕ ਡਰਦੇ ਹਨ। ਗੁਰੂ ਨਾਨਕ



Digitized by Panjab Digital Library | www.panjabdigilib.org

ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੀ ਗੱਲ ਕਰਨ ਵਾਲਿਆਂ ਨੂੰ ਜੇ ਸਰਕਾਰ ਅਤਿਵਾਦੀ ਸਮਝਦੀ ਹੈ ਤਾਂ ਅਸੀਂ ਸਾਰੇ ਅਤਿਵਾਦੀ ਹਾਂ ।

## ਕੀ ਇਹ ਨੌਜਵਾਨ ਅਤਿਵਾਦੀ ਹਨ?

ਭਾਈ ਅਮਰੀਕ ਸਿੰਘ ਜੀ, ਸਰਦਾਰ ਹਰਵਿੰਦਰ ਸਿੰਘ ਖਾਲਸਾ, ਸਰਦਾਰ ਹਰਮਿੰਦਰ ਸਿੰਘ ਸੰਧੂ, ਸਰਦਾਰ ਅਮਰਜੀਤ ਸਿੰਘ ਚਾਵਲਾ, ਸਰਦਾਰ ਹਰਮਿੰਦਰ ਸਿੰਘ ਗਿੱਲ, ਸ. ਭੂਆ ਸਿੰਘ, ਸਰਦਾਰ ਨਰਿੰਦਰ ਸਿੰਘ, ਸ. ਰੁਪਿੰਦਰ ਸਿੰਘ, ਸ. ਸਤਿੰਦਰ ਜੀਤ ਸਿੰਘ ਖਾਲਸਾ, ਹਰਪਾਲ ਸਿੰਘ, ਸੁਖਜੀਤ ਸਿੰਘ, ਰਣਜੀਤ ਸਿੰਘ ਰਾਣਾ, ਇੰਦਰਜੀਤ ਸਿੰਘ ਬਾਗ਼ੀ, ਹਰਪਰੀਤ ਸਿੰਘ, ਸਰਦਾਰ ਮਨਜੀਤ ਸਿੰਘ, ਸ. ਰਾਜਿੰਦਰ ਸਿੰਘ ਮਹਿਤਾ, ਸ. ਕੁਲਵੰਤ ਸਿੰਘ, ਮਹਿੰਦਰ ਸਿੰਘ ਬਾਗੀ, ਦਲਜੀਤ ਸਿੰਘ, ਅਵਤਾਰ ਸਿੰਘ ਸੰਧੂ, ਨਿਰਮਲ ਸਿੰਘ, ਅਮਰਜੀਤ ਸਿੰਘ, ਬਲਬੀਰ ਸਿੰਘ, ਗੁਰਿੰਦਰ ਸਿੰਘ, ਸ. ਵਿਰਸਾ ਸਿੰਘ, ਸੁਰਿੰਦਰ ਸਿੰਘ ਵਲੀਪੁਰ ਤੇ ਸੁਖਜੀਤ ਸਿੰਘ ਢੱਠ ਅਤੇ ਹੋਰ ਨੌਜਵਾਨ, ਜਿਨ੍ਹਾਂ ਨੂੰ ਸਰਕਾਰ ਨੇ ਸਾਲ ਸਾਲ ਤੋਂ ਵੱਧ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਬੰਦ ਰੱਖਿਆ ਅਤੇ ਸਿਰਾਂ ਦੇ ਮੁੱਲ ਰੱਖੇ। ਸਰਕਾਰ ਇਨ੍ਹਾਂ ਨੌਜਵਾਨਾਂ ਦਾ ਸਿੱਖੀ ਸਰੂਪ ਦੇਖ ਕੇ ਖੁਸ਼ ਨਹੀਂ ਹੈ। ਉਹ ਨਹੀਂ ਚਾਹੁੰਦੀ ਕਿ ਪੰਜਾਬ ਦੀ ਧਰਤੀ ਤੇ ਗੁਰੂ ਸਾਹਿਬ ਦੀ ਗੱਲ ਚੱਲੇ ।

ਜ਼ਰਾ ਸੋਚੋ! ਅੱਜ ਗਾਂਧੀ ਦੇ ਚਮਚੇ ਉਸੇ ਭਾਰਤ ਦੇਸ਼ ਅੰਦਰ ਸ਼ਹੀਦ ਭਗਤ ਸਿੰਘ ਅਤੇ ਦੇਸ਼ ਗਦਾਰ ਗਾਂਧੀ ਦੇ ਬੁੱਤ ਬਣਾ ਕੇ ਉਨ੍ਹਾਂ ਨੂੰ ਹਾਰ ਪਾ ਰਹੇ ਹਨ। ਕਿੰਨੀ ਹਾਸੋਹੀਣੀ ਗੱਲ ਹੈ! ਹਾਂ, ਯਾਦ ਰੱਖੋ, ਜਿਹੜੀ ਸਰਕਾਰ ਸਿੱਖ ਨੌਜਵਾਨ ਵਿਦਿਆਰਥੀਆਂ ਨੂੰ ਅਤਿਵਾਦੀ ਕਹਿ ਕੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੀ ਹੈ, ਉਹ ਕੌਮ ਦੇ ਸ਼ਹੀਦ ਹਨ ਅਤੇ ਆਉਣ ਵਾਲੀ ਪਨੀਰੀ ਇਨ੍ਹਾਂ ਸ਼ਹੀਦਾਂ ਦੇ ਪੂਰਨਿਆਂ ਤੇ ਚਲਦੀ ਹੋਈ ਦੋ ਕਦਮ ਹੋਰ ਅਗਾਂਹ ਵਧੇਗੀ ।

ਅੱਜ ਹੈਰਾਨੀ ਦੀ ਗੱਲ ਹੈ ਕਿ ਹੱਕ, ਸੱਚ, ਇਨਸਾਫ ਲਈ ਆਵਾਜ਼ ਬੁਲੰਦ ਕਰਨ ਵਾਲੇ ਨੌਜਵਾਨ ਅਤਿਵਾਦੀ ਹਨ। ਪਰ ਹਿੰਦੂ ਧਰਮ ਦੀ ਮਾਤਾ ਤੇ ਪਿਤਾ (ਗਊ?) ਜਿਸ ਦੀ ਇਹ ਲੋਕ ਮੱਥੇ ਰਗੜ ਰਗੜ ਕੇ ਪੂਜਾ ਕਰਦੇ ਹਨ ਤੇ ਉਨ੍ਹਾਂ ਦੀ ਚਰਬੀ ਘਿਓ ਵਿਚ ਮਿਲਾ ਕੇ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਖੁਆ ਰਹੇ ਹਨ, ਉਹ ਦੇਸ਼ ਭਗਤ ਹਨ? ਪਰ ਸਮੁੱਚਾ ਹਿੰਦੂ ਵਰਗ ਇਸ ਗੱਲ ਤੇ ਚੁੱਪ ਹੈ । ਕਿਉਂ?

## ਜਿਹੜੇ ਸਿੱਖ ਨੌਜਵਾਨਾਂ ਨੂੰ ਸਰਕਾਰ ਨੇ ਅਖੌਤੀ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ, ਕੀ ਉਹ ਅਤਿਵਾਦੀ ਸਨ

1 ਸ. ਕੁਲਵੰਤ ਸਿੰਘ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ
2 ਸ. ਅਮਰਜੀਤ ਸਿੰਘ ਦਹੇੜੂ, ਜ਼ਿਲ੍ਹਾ ਲੁਧਿਆਣਾ ।
3 ਸ. ਬਲਜੀਤ ਸਿੰਘ ਜੀ ।
4 ਸ. ਗੁਰਮੀਤ ਸਿੰਘ ਧੂਲਕੋਟ, ਜ਼ਿਲ੍ਹਾ ਲੁਧਿਆਣਾ ।
5 ਸ. ਜਸਦੇਵ ਸਿੰਘ ਕੋਟ ਈਸੇ ਖਾਂ, ਜ਼ਿਲ੍ਹਾ ਫਿਰੋਜ਼ਪੁਰ ।



Digitized by Panjab Digital Library | www.panjabdigilib.org

6 ਸ. ਸੁਖਦੇਵ ਸਿੰਘ ਕੋਟ ਈਸੇ ਖਾਂ, ਜ਼ਿਲ੍ਹਾ ਫਿਰੋਜ਼ਪੁਰ ।
7 ਸ. ਮੁਸੀਬਤ ਸਿੰਘ, ਅੰਮ੍ਰਿਤਸਰ ।
8 ਸ. ਭੋਲਾ ਸਿੰਘ, ਪਿੰਡ ਰੋਡੇ, ਜ਼ਿਲ੍ਹਾ ਫਰੀਦਕੋਟ ।
9 ਸ. ਕਸ਼ਮੀਰ ਸਿੰਘ ਲਧੂਵਾਲਾ ਅਵਤਾੜ, ਜ਼ਿਲ੍ਹਾ ਫਿਰੋਜ਼ਪੁਰ ।
10 ਸ. ਹਰਦੇਵ ਸਿੰਘ ਰੋਡੇ, ਜ਼ਿਲ੍ਹਾ ਫਰੀਦਕੋਟ ।

ਇਹ ਅਤਿਵਾਦੀ ਨਹੀਂ, ਇਹ ਸਤਿਵਾਦੀ ਸਨ ਤੇ ਹੁਣ ਕੌਮ ਦੇ ਸ਼ਹੀਦ ਹਨ। ਸਰਕਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਜਿਥੇ ਅਤਿਵਾਦੀ ਨੇਤਾ ਗਿਣਦੀ ਹੈ, ਉਥੇ ਹੋਰ ਸਿੰਘਾਂ ਨੂੰ ਅਤਿਵਾਦੀ ਐਲਾਨਿਆ ਹੋਇਆ ਹੈ । ਬੀਬੀ ਅਮਰਜੀਤ ਕੌਰ, ਸ. ਵਧਾਵਾ ਸਿੰਘ, ਸ. ਤਰਸੇਮ ਸਿੰਘ, ਸ. ਅਨੋਖ ਸਿੰਘ ਤੇ ਸ. ਸੁਰਿੰਦਰ ਸਿੰਘ ਗਿੱਲ ਆਦਿ ਸਿੰਘਾਂ ਨੂੰ ਵੀ ਅਤਿਵਾਦੀ ਐਲਾਨਿਆ ਹੈ ਅਤੇ ਸਿਰਾਂ ਦੇ ਮੁੱਲ ਰੱਖੇ ਹਨ ।

ਸਿੱਖੀ ਦੀ ਗੱਲ ਕਰਨ ਵਾਲੇ ਨੌਜਵਾਨ ਵਿਦਿਆਰਥੀਆਂ ਤੇ ਸਿੰਘਾਂ ਨੂੰ ਅਤਿਵਾਦੀ ਕਹਿ ਕੇ ਭੰਡਿਆ ਜਾ ਰਿਹਾ ਹੈ । ਨਾ ਇਹ ਅਤਿਵਾਦੀ ਹਨ, ਨਾ ਇਹ ਵੱਖਵਾਦੀ ਹਨ। ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਤੇ ਚਲਦੇ ਹੋਏ ਖਾਲਸਾ ਜੀ ਦੇ ਬੋਲਬਾਲੇ ਦੀ ਗੱਲ ਕਰਦੇ ਹਨ। ਇਹ ਗੱਲ ਸਰਕਾਰ ਨੂੰ ਚੰਗੀ ਨਹੀਂ ਲਗਦੀ। ਸਰਕਾਰ ਨੂੰ ਚੰਗੀ ਲੱਗੇ ਜਾਂ ਨਾ ਲੱਗੇ ਪਰ ਕਲਗੀਧਰ ਪਿਤਾ ਜੀ ਨੂੰ ਤਾਂ ਚੰਗੀ ਲਗਦੀ ਹੈ।

ਇਹ ਆਮ ਕਿਹਾ ਜਾਂਦਾ ਹੈ ਕਿ ਅਤਿਵਾਦੀ ਗੁਰਦੁਆਰਿਆਂ ਵਿਚ ਹਨ। ਗੁਰਦੁਆਰੇ ਸਾਰਿਆਂ ਦੇ ਸਾਂਝੇ ਹਨ। ਇਥੇ ਕੋਈ ਵੀ ਆ ਕੇ ਠਹਿਰ ਸਕਦਾ ਹੈ। ਕਿਸੇ ਦੇ ਮੂੰਹ ਤੇ ਨਹੀਂ ਲਿਖਿਆ ਕਿ ਇਹ ਚੋਰ ਹੈ ਜਾਂ ਸਾਧ। ਜਿਥੋਂ ਤੱਕ ਗੁਰੂ ਨਾਨਕ ਨਿਵਾਸ ਦਾ ਸੰਬੰਧ ਹੈ, ਉਥੇ ਸੰਤ ਜਰਨੈਲ ਸਿੰਘ ਜੀ ਖਾਲਸਾ ਤੋਂ ਇਲਾਵਾ, ਉਨ੍ਹਾਂ ਦੇ ਨਿਕਟ ਵਰਤੀ ਸੇਵਕ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨ, ਸ਼ਰੋਮਣੀ ਅਕਾਲੀ ਦਲ ਦੇ ਵਰਕਰ ਅਤੇ ਅਖੰਡ ਕੀਰਤਨੀ ਜਥੇ ਦੇ ਮੈਂਬਰਾਂ ਤੋਂ ਇਲਾਵਾ ਉਹਨਾਂ ਸ਼ਹੀਦ ਪਰਵਾਰਾਂ ਦੇ ਮੈਂਬਰ ਰਹਿੰਦੇ ਹਨ, ਜਿਨ੍ਹਾਂ ਨੂੰ ਸਰਕਾਰ ਨੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿੱਤਾ ਹੈ ।

ਗੁਰਦੁਆਰੇ ਬੇਆਸਰਿਆਂ ਨੂੰ ਆਸਰਾ ਦੇਣ ਵਾਲੇ ਧਾਰਮਿਕ ਸਥਾਨ ਹਨ। ਜਿਥੇ ਜ਼ਾਲਮ ਸਰਕਾਰ ਦੁਆਰਾ ਸਤਾਏ ਲੋਕਾਂ ਨੂੰ ਸਹਾਰਾ ਮਿਲਦਾ ਹੈ। ਇਥੇ ਹਰ ਧਰਮ ਤੇ ਵਰਗ ਦੇ ਲੋਕਾਂ ਨੂੰ ਪਨਾਹ ਦਿੱਤੀ ਜਾਂਦੀ ਰਹੀ ਹੈ। ਜੇ ਅੱਜ ਸਿੱਖੀ ਦੀ ਗੱਲ ਕਰਨ ਵਾਲਿਆਂ ਨੂੰ ਸਰਕਾਰ ਤੰਗ ਕਰ ਰਹੀ ਹੈ, ਉਹ ਨੌਜਵਾਨ ਤੇ ਸਿੰਘ ਉਥੇ ਆ ਗਏ ਹਨ ਤਾਂ ਕੀ ਕਹਿਰ ਵਰਤ ਗਿਆ ਹੈ। ਗੁਰਦੁਆਰਿਆਂ ਵਿਚ ਸਿੱਖ ਹੀ ਹਨ, ਕੋਈ ਵਿਦੇਸ਼ੀ ਏਜੰਟ ਨਹੀਂ ਹਨ। ਇਨ੍ਹਾਂ ਸਿੱਖ ਨੌਜਵਾਨਾਂ ਦਾ ਕਿਸੇ ਵਿਦੇਸ਼ੀ ਸਰਕਾਰ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਦੇਸ਼ ਦੇ ਟੁਕੜੇ ਟੁਕੜੇ ਕਰਨਾ ਚਾਹੁੰਦੇ ਹਨ। ਭਾਰਤ ਸਾਡਾ ਹੈ, ਅਸੀਂ ਭਾਰਤ ਦੇਸ਼ ਦੇ ਮਾਲਕ ਹਾਂ। ਸਿੱਖ ਨੌਜਵਾਨ ਕੋਈ ਗੜਬੜ ਨਹੀਂ ਕਰ ਰਹੇ, ਸਗੋਂ ਸਰਕਾਰ ਆਪ ਗੜਬੜ ਕਰਵਾ ਕੇ ਪੰਜਾਬ ਦੀ ਆਰਥਿਕਤਾ ਤਬਾਹ ਕਰਨਾ ਚਾਹੁੰਦੀ ਹੈ ਅਤੇ ਸਿੱਖਾਂ ਤੇ ਹਿੰਦੂਆਂ ਨੂੰ ਲੜਾ ਕੇ ਰਾਜ ਕਰਨਾ ਚਾਹੁੰਦੀ ਹੈ । ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਕਈ ਵਾਰ ਸਪੱਸ਼ਟ ਕਰ ਚੁੱਕੇ ਹਨ ਕਿ ਸਾਡਾ ਅਤਿਵਾਦੀ ਕਾਰਵਾਈਆਂ ਨਾਲ ਕੋਈ ਸੰਬੰਧ ਨਹੀਂ । ਸਿੱਖ ਨੌਜਵਾਨਾਂ ਨੂੰ ਅਤਿਵਾਦੀ ਕਹਿ ਕੇ ਪੁਲਿਸ ਮੁਕਾਬਲੇ ਬਣਾ ਕੇ ਤੇ ਨਹਿਰਾਂ ਵਿਚ ਸੁੱਟ ਦੇਣਾ, ਇਹ ਗੱਲ ਦੇਸ਼ ਦੇ ਭਲੇ ਵਿਚ ਨਹੀਂ ਜਾਂਦੀ ।



Digitized by Panjab Digital Library | www.panjabdigilib.org

ਖਾਲਸਾ ਜੀ! ਹਰ ਜਾਬਰ ਹਕੂਮਤ ਸੱਚ ਤੇ ਇਨਸਾਫ ਦੀ ਗੱਲ ਕਰਨ ਵਾਲਿਆਂ ਨੂੰ ਜਿਉਂਦੇ ਜੀਅ ਲੱਖਾਂ ਤਸੀਹੇ ਦਿੰਦੀ ਹੈ, ਝੂਠੇ ਪੁਲਿਸ ਮੁਕਾਬਲੇ ਰਾਹੀਂ ਜਾਂ ਫਾਂਸੀ ਤੇ ਚਾੜ੍ਹ ਕੇ ਸ਼ਹੀਦ ਕਰਦੀ ਹੈ। ਜਦ ਉਨ੍ਹਾਂ ਨੂੰ ਖਤਮ ਕਰਨ ਦੇ ਬਾਵਜੂਦ ਉਸ ਵਿਚਾਰਧਾਰਾ ਨੂੰ ਖਤਮ ਨਹੀਂ ਕਰ ਸਕਦੀ ਤਾਂ ਉਹੀ ਸਰਕਾਰ ਉਨ੍ਹਾਂ ਸ਼ਹੀਦਾਂ ਪ੍ਰਤੀ ਝੂਠਾ ਆਡੰਬਰ ਰਚ ਕੇ ਲੋਕਾਂ ਨੂੰ ਬੁੱਧੂ ਬਣਾਉਣ ਦਾ ਕੋਈ ਰਾਹ ਅਖਤਿਆਰ ਕਰਦੀ ਹੈ। ਸਮਾਂ ਦੱਸੇਗਾ ਕਿ ਕੌਮ ਲਈ ਸ਼ਹੀਦੀਆਂ ਪਾਉਣ ਵਾਲੇ ਨੌਜਵਾਨਾਂ ਦਾ ਖੂਨ ਰੰਗ ਲਿਆਵੇਗਾ।

ਅੱਜ ਅਤਿਵਾਦ ਦੇ ਨਾਲ ਵੱਖਵਾਦ ਦੀ ਗੱਲ ਵੀ ਪੂਰੀ ਜ਼ੋਰਾਂ ਤੇ ਹੈ। ਵੱਖਵਾਦ ਦਾ ਭਾਵ ਹੈ ਕਿ ਸਿੱਖ ਦੇਸ਼ ਤੋਂ ਵੱਖ ਹੋ ਕੇ ਖਾਲਿਸਤਾਨ ਬਣਾਉਣਾ ਚਾਹੁੰਦੇ ਹਨ। ਇਹ ਗੱਲ ਅੱਜ ਨਹੀਂ, 1940 ਤੋਂ ਚਲੀ ਆ ਰਹੀ ਹੈ ਪਰ 13 ਅਪਰੈਲ 1978 ਦੇ ਸ਼ਹੀਦੀ ਸਾਕੇ ਤੋਂ ਬਾਅਦ ਇਹ ਗੱਲ ਬਹੁਤ ਉਭਰ ਕੇ ਸਾਹਮਣੇ ਆਈ ਤੇ ਅੱਜ ਸੰਸਾਰ ਭਰ ਵਿਚ ਇਸ ਵੱਖਵਾਦ ਦੀ ਚਰਚਾ ਹੈ।

1 ਮਈ 1982 ਨੂੰ ਭਾਰਤ ਸਰਕਾਰ ਨੇ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਅਤੇ ਦਲ ਖਾਲਸਾ ਤੇ ਪਾਬੰਦੀ ਲਗਾ ਦਿੱਤੀ। ਜਿਸ ਨੂੰ ਇਨ੍ਹਾਂ ਜਥੇਬੰਦੀਆਂ ਬਾਰੇ ਪਤਾ ਨਹੀਂ ਸੀ, ਉਨ੍ਹਾਂ ਨੂੰ ਵੀ ਪਤਾ ਲੱਗ ਗਿਆ। ਦਲ ਖਾਲਸਾ ਦੇ ਨੌਜਵਾਨਾਂ ਨੇ ਹਵਾਈ ਜਹਾਜ਼ ਅਗਵਾ ਕੀਤਾ ਤੇ ਫਿਰ ਗਊਆਂ ਦੇ ਸਿਰ ਵੱਢਣ ਦੀ ਜ਼ਿੰਮੇਵਾਰੀ ਆਪਣੇ ਜ਼ੁੰਮੇ ਲਈ, ਜਿਸ ਵਿਚ ਸ. ਜਸਵੰਤ ਸਿੰਘ ਠੇਕੇਦਾਰ, ਤੇ ਸ. ਮਨਮੋਹਣ ਸਿੰਘ ਚੰਡੀਗੜ੍ਹ ਦਾ ਸਰਕਾਰ ਨੇ 50 ਹਜ਼ਾਰ ਰੁਪਏ ਸਿਰਾਂ ਦਾ ਮੁੱਲ ਰੱਖਿਆ। ਅੱਜ ਹਿੰਦੁਸਤਾਨ ਦੇ ਸਮੁੱਚੇ ਅਖਬਾਰਾਂ ਵਿਚ, ਜਿਥੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਨਾਮ ਅਤਿਵਾਦੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ, ਉਥੇ ਡਾ. ਜਗਜੀਤ ਸਿੰਘ ਅਤੇ ਸ. ਬਲਬੀਰ ਸਿੰਘ ਸੰਧੂ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਸ. ਖੁਸ਼ਵੰਤ ਸਿੰਘ ਦੇ ਅਨੁਸਾਰ ਸਿੱਖ ਖਾਲਿਸਤਾਨ ਨਹੀਂ ਚਾਹੁੰਦੇ ਪਰ ਭਜਨ ਲਾਲ ਵਰਗੇ ਫਿਰਕਾਪ੍ਰਸਤਾਂ ਦੀ ਫਿਰਕਾਪ੍ਰਸਤੀ ਕਰਕੇ ਖਾਲਿਸਤਾਨ ਬਣ ਜਾਵੇਗਾ। ਦੇਖੋ ਸਮਾਂ ਕਰਵੱਟ ਕੀ ਲੈਂਦਾ ਹੈ। ਸਮੁੱਚਾ ਪੰਥ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਧਰਮ ਯੁੱਧ ਲੜ ਰਿਹਾ ਹੈ। ਜੇ ਸਰਕਾਰ ਦਾ ਰਵਈਆ ਇਸੇ ਤਰ੍ਹਾਂ ਰਿਹਾ, ਤਾਂ ਹੋ ਸਕਦਾ ਹੈ ਕਿ ਸਿੱਖ ਕੌਮ ਦੀਆਂ ਮੰਗਾਂ ਵਿਚ ਤਬਦੀਲੀ ਆ ਜਾਵੇ ਤੇ ਦੇਸ਼ ਦਾ ਨਕਸ਼ਾ ਹੀ ਹੋਰ ਹੋ ਜਾਵੇ। ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਸਰਕਾਰ ਹੁਣ ਵੀ ਨਾ ਸਮਝੀ ਤਾਂ ਇਹ ਅਤਿਵਾਦ ਤੇ ਵੱਖਵਾਦ ਸਰਕਾਰ ਲਈ ਘਾਤਕ ਸਿੱਧ ਹੋ ਸਕਦਾ ਹੈ ਤੇ ਇਸ ਨੂੰ ਦਬਾਇਆ ਨਹੀਂ ਜਾ ਸਕਦਾ।

## ਉਹ ਸਿੱਖ ਨੌਜਵਾਨ, ਜਿਨ੍ਹਾਂ ਦਾ ਸਰਕਾਰ ਨੇ ਮੁੱਲ ਰੱਖਿਆ ਤੇ ਭਗੌੜੇ ਕਰਾਰ ਦਿੱਤਾ:

1 ਸ. ਰਣਜੀਤ ਸਿੰਘ ਦਿੱਲੀ, 50 ਹਜ਼ਾਰ ਰੁਪਏ ਸਰਕਾਰ ਅਤੇ 1 ਲੱਖ ਰੁਪਏ ਨਿਰੰਕਾਰੀਆਂ ਵਲੋਂ।
2 ਸ. ਤਲਵਿੰਦਰ ਸਿੰਘ, 50 ਹਜ਼ਾਰ ਰੁਪਏ।
3 ਸ. ਬਹਾਦਰ ਸਿੰਘ, 50 ਹਜ਼ਾਰ ਰੁਪਏ (ਰਾਹੋਂ ਕੇਸ)
4 ਸ. ਤਰਸੇਮ ਸਿੰਘ, 25 ਹਜ਼ਾਰ ਰੁਪਏ।



Digitized by Panjab Digital Library | www.panjabdigilib.org

5 ਸ. ਵਿਧਾਵਾ ਸਿੰਘ, 52 ਹਜ਼ਾਰ ਰੁਪਏ ।
6 ਸ. ਅੰਮ੍ਰਿਤਪਾਲ ਸਿੰਘ, 25 ਹਜ਼ਾਰ ਰੁਪਏ ।
7 ਸ. ਅਮਰਜੀਤ ਸਿੰਘ, 25 ਹਜ਼ਾਰ ਰੁਪਏ ।
8 ਸ. ਸੇਵਾ ਸਿੰਘ, 25 ਹਜ਼ਾਰ ਰੁਪਏ ।
9 ਸ. ਗੁਰਨਾਮ ਸਿੰਘ, 25 ਹਜ਼ਾਰ ਰੁਪਏ ।
10 ਸ. ਸੁਰਿੰਦਰ ਸਿੰਘ ਗਿੱਲ ਇਨਸਪੈਕਟਰ, 10 ਹਜ਼ਾਰ ਰੁਪਏ - ਪੱਟੀ ਤਰਨਤਾਰਨ ਕਾਂਡ ।
11 ਸ. ਲੱਖਾ ਸਿੰਘ ਨਾਗੋਕੇ, 10 ਹਜ਼ਾਰ ਰੁਪਏ, ਤਰਨਤਾਰਨ ਕਾਂਡ ।
12 ਸ. ਜੱਗਾ ਸਿੰਘ, 10 ਹਜ਼ਾਰ ਰੁਪਏ, ਤਰਨਤਾਰਨ ਕਾਂਡ ।
13 ਸ. ਬੁਕਣ ਸਿੰਘ ਨਾਗੋਕੇ, 10 ਹਜ਼ਾਰ ਰੁਪਏ, ਤਰਨਤਾਰਨ ਕਾਂਡ ।
14 ਸ. ਧੰਨਾ ਸਿੰਘ, ਬਹਾਦਰਪੁਰ, 10 ਹਜ਼ਾਰ ਰੁਪਏ, ਤਰਨਤਾਰਨ ਕਾਂਡ ।
15 ਸ. ਸਵਰਨ ਸਿੰਘ, 10 ਹਜ਼ਾਰ ਰੁਪਏ, ਪੱਟੀ ਕਾਂਡ ।
16 ਸ. ਅਮਰ ਸਿੰਘ ਭਗੋੜਾ, ਪੱਟੀ ਕਾਂਡ ।
17 ਸ. ਸ਼ੇਰ ਸਿੰਘ ਮੀਆਂ ਵਿੰਡ ਪੱਟੀ ਕਾਂਡ ।
18 ਸ. ਕੁਲਵੰਤ ਸਿੰਘ ਪੰਜਾਬ ਐਂਡ ਸਿੰਧ ਬੈਂਕ ਤਰਨਤਾਰਨ ਕਾਂਡ ।
19 ਸ. ਬਖਸ਼ੀਸ ਸਿੰਘ ਪਾਂਛਟਾਂ ਕਾਂਡ ।
20 ਸ.ਅਨੋਖ ਸਿੰਘ ਭਗੋੜਾ ਮਾਨਾਂਵਾਲਾ ਕਾਂਡ ।
21 ਸ. ਰੂਪ ਸਿੰਘ ਪੱਟੀ ਤੇ ਸ਼ਾਂਤ ਕੇਸ ।
22 ਸ. ਕਾਬਲ ਸਿੰਘ ਨਿਰੰਕਾਰੀ ਗੁਰਬਚਨ ਸਿੰਘ ਕਤਲ ਕੇਸ ।
23 ਸ. ਦਲਬੀਰ ਸਿੰਘ ਲਾਲਾ ਕਤਲ ਕੇਸ ।
24 ਸ. ਸਤਿਨਾਮ ਸਿੰਘ ਭਗੋੜਾ ।
25 ਸ. ਰੇਸ਼ਮ ਸਿੰਘ ਭਗੋੜਾ ।
26 ਸ. ਸੁਲੱਖਣ ਸਿੰਘ ਪੱਟੀ ਤਰਨਤਾਰਨ ਕੇਸ ।
27 ਸ. ਸੁੱਖਾ ਸਿੰਘ ਪੱਟੀ ਤਰਨਤਾਰਨ ਕੇਸ ।
28 ਸ. ਸੁਰਜੀਤ ਸਿੰਘ ਇੰਸਪੈਕਟਰ ਬਠਿੰਡਾ ਜੇਲ ।
29 ਸ. ਦਲਬੀਰ ਸਿੰਘ ਭਗੋੜਾ ।
30 ਸ. ਠਾਕਰ ਸਿੰਘ ਭਗੋੜਾ ।
31 ਜਥੇਦਾਰ ਰਾਮ ਸਿੰਘ ਭਗੋੜਾ ।



Digitized by Panjab Digital Library | www.panjabdigilib.org

# ਏਸ਼ਿਆਈ ਖੇਡਾਂ ਤੇ ਸਿੱਖ

ਹੁਕਮ ਹੋਇਆ ਦਿੱਲੀ ਦੇ ਜਾਵਣੇ ਨੂੰ,
ਸਿੰਘਾਂ ਦਿੱਲੀ ਨੂੰ ਘੇਰੇ ਘੱਤ ਦਿੱਤੇ ।

ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਸਿੰਘਾਂ ਨਾਲ ਭਰੀਆਂ ਪਈਆਂ ਸਨ । ਸਰਕਾਰ ਸਿੰਘਾਂ ਨੂੰ ਰੱਖਣ ਵਾਸਤੇ ਜਿੰਨਾ ਪ੍ਰਬੰਧ ਕਰਦੀ, ਉਹ ਥਾਂ ਦਿਨਾਂ ਵਿਚ ਹੀ ਭਰ ਜਾਂਦਾ । ਹਰ ਪਾਸੇ ਗਹਿਮਾ ਗਹਿਮ ਮਚੀ ਹੋਈ ਸੀ । ਜਥੇ ਗ੍ਰਿਫਤਾਰੀਆਂ ਦੇ ਰਹੇ ਸਨ । ਪੰਜਾਬ ਵਿਚਲੇ ਕਿਲ੍ਹੇ, ਸਰਕਾਰੀ ਇਮਾਰਤਾਂ, ਸਕੂਲ, ਆਈ. ਟੀ. ਆਈ. ਸੰਸਥਾਵਾਂ ਸਿੰਘਾਂ ਦੇ ਚਰਨ ਪੈਣ ਕਾਰਨ ਪਵਿੱਤਰ ਹੋਣ ਲੱਗੀਆਂ । ਸੰਤ ਹਰਚੰਦ ਸਿੰਘ ਲੌਂਗੋਵਾਲ ਨੇ 16 ਅਕਤੂਬਰ 1982 ਦਿਵਾਲੀ ਵਾਲੇ ਦਿਨ 11 ਹਜ਼ਾਰ ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਣ ਦਾ ਐਲਾਨ ਕੀਤਾ । ਸਰਕਾਰ ਕੋਲ ਤਾਂ ਅੱਗੇ ਹੀ ਥਾਂ ਨਹੀਂ ਸੀ । ਹਾਈਕੋਰਟ ਅਤੇ ਪਾਰਲੀਮੈਂਟ ਦੇ ਮੈਂਬਰ ਜੇਲ੍ਹਾਂ ਵਿਚਲਾ ਬੁਰਾ ਹਾਲ ਦੇਖ ਕੇ ਦਬਾਅ ਪਾ ਰਹੇ ਸਨ ਕਿ ਜੇਲ੍ਹਾਂ ਵਿਚਲਾ ਪ੍ਰਬੰਧ ਠੀਕ ਕੀਤਾ ਜਾਵੇ ਪਰ ਸਰਕਾਰ ਤੇ ਇਸ ਗੱਲ ਦਾ ਕੋਈ ਅਸਰ ਨਾ ਹੋਇਆ । ਹਰ ਰੋਜ਼ ਕਿਸੇ ਨਾ ਕਿਸੇ ਜੇਲ੍ਹ ਵਿਚ ਇਕ ਜਾਂ ਦੋ ਸਿੰਘ ਸ਼ਹੀਦੀ ਪਾ ਜਾਂਦੇ । ਅਸੀਂ ਜੇਲ੍ਹਾਂ ਵਿਚ ਬੈਠੇ ਬਾਹਰਲੇ ਹਾਲਾਤ ਸੁਣਨ ਲਈ ਉਤਾਵਲੇ ਹੁੰਦੇ । ਅਖੀਰ 15 ਅਕਤੂਬਰ ਦੀ ਰਾਤ 9 ਵਜੇ ਖਬਰਾਂ ਸੁਣ ਰਹੇ ਸਾਂ ਤਾਂ ਹੈਰਾਨ ਰਹਿ ਗਏ, ਜਦੋਂ ਖਬਰ ਵਿਚ ਦੱਸਿਆ ਗਿਆ ਕਿ ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਕਿਹਾ ਕਿ, ਉਹ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਅਕਾਲੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਦਾ ਹੁਕਮ ਕਰ ਦੇਵੇ । ਸਾਰੇ ਅਕਾਲੀ ਸਿੰਘ ਸੋਚਣ ਲਈ ਮਜਬੂਰ ਹੋ ਗਏ ਕਿ ਇਹ ਕੀ ਭਾਣਾ ਵਰਤ ਗਿਆ ਹੈ? ਅੰਮ੍ਰਿਤਸਰ ਮੁੱਖ ਦਫਤਰ ਵਿਚੋਂ ਕੁਝ ਪਤਾ ਨਾ ਲੱਗ ਸਕਿਆ । ਅਗਲੇ ਦਿਨ ਸਨਿਚਰਵਾਰ, 16 ਅਕਤੂਬਰ ਨੂੰ ਕਾਲੀ ਦਿਵਾਲੀ ਦੇ ਤੌਰ ਤੇ ਦਿਨ ਬਿਤਾਇਆ । ਅਖੀਰ ਇਹ ਫੈਸਲਾ ਹੋਇਆ ਕਿ, ਜਦ ਤਕ ਹਾਈਕਮਾਨ ਦਾ ਕੋਈ ਹੁਕਮ ਨਹੀਂ ਆਉਂਦਾ, ਜੇਲ੍ਹਾਂ ਖਾਲੀ ਨਹੀਂ ਕਰਨੀਆਂ । ਸਿੰਘਾਂ ਨੇ ਜੇਲ੍ਹਾਂ ਵਿਚਲੇ ਰਾਸ਼ਨ ਦੇ ਭੰਡਾਰਾਂ ਤੇ ਕਬਜ਼ੇ ਕਰ ਲਏ ਅਤੇ ਜੇਲ੍ਹਾਂ ਤੋਂ ਬਾਹਰ ਨਾ ਜਾਣ ਦਾ ਫੈਸਲਾ ਕਰ ਲਿਆ । ਅਖੀਰ 18 ਅਕਤੂਬਰ 1982 ਨੂੰ ਹਾਈਕਮਾਨ ਦਾ ਹੁਕਮ ਆਉਣ ਤੇ ਸਿੰਘਾਂ ਨੇ ਪੰਜਾਬ ਦੀਆਂ ਜੇਲ੍ਹਾਂ ਖਾਲੀ ਕਰ ਦਿੱਤੀਆਂ । ਇਸ ਵਿਚ ਭਾਵੇਂ ਸਰਕਾਰ ਦੀ ਹਾਰ ਸੀ ਪਰ ਮੋਰਚੇ ਨੂੰ ਬਹੁਤ ਵੱਡਾ ਧੱਕਾ ਲੱਗਿਆ । ਬਿਨਾਂ ਕੁਝ ਪ੍ਰਾਪਤੀ ਦੇ ਸਿੰਘ ਘਰਾਂ ਨੂੰ ਵਾਪਿਸ ਜਾ ਰਹੇ ਸਨ । ਗ੍ਰਿਫਤਾਰੀਆਂ ਲਗਾਤਾਰ ਜਾਰੀ ਰਹੀਆਂ ਪਰ ਸਰਕਾਰ ਨੇ ਸਿੰਘਾਂ ਨੂੰ ਫੜ ਕੇ ਜੇਲ੍ਹ ਭੇਜਣਾ ਬੰਦ ਕਰ ਦਿੱਤਾ ।

ਭਾਰਤ ਵਿਚ ਏਸ਼ਿਆਈ ਖੇਡਾਂ 19 ਨਵੰਬਰ ਤੋਂ ਦਿੱਲੀ ਵਿਖੇ ਸ਼ੁਰੂ ਹੋਣੀਆਂ ਸਨ, ਜਿਸ ਵਿਚ ਦੁਨੀਆਂ ਭਰ ਦੇ ਖਿਡਾਰੀਆਂ ਨੇ ਹਿੱਸਾ ਲੈਣਾ ਸੀ । ਸ਼੍ਰੋਮਣੀ ਅਕਾਲੀ ਦਲ ਵਲੋਂ 4 ਨਵੰਬਰ 1982 ਨੂੰ ਮੰਜੀ ਸਾਹਿਬ ਕਨਵੈਨਸ਼ਨ ਰੱਖੀ ਗਈ । ਮੰਜੀ ਸਾਹਿਬ ਨੱਕੋ ਨੱਕ ਭਰਿਆ ਹੋਇਆ ਸੀ । ਉਥੇ ਤਿਲ ਸੁੱਟਣ ਨੂੰ ਕੋਈ ਥਾਂ ਨਹੀਂ ਥਿਆਉਂਦਾ ਸੀ । ਲੋਕ ਅਗਲਾ ਪ੍ਰੋਗਰਾਮ ਲੈਣ ਲਈ ਉਤਾਵਲੇ ਸਨ । ਏਸ਼ਿਆਈ ਖੇਡਾਂ ਕਰਕੇ ਸਰਕਾਰ ਵੀ ਪੂਰੀ ਤਰ੍ਹਾਂ ਘਬਰਾਈ ਹੋਈ ਸੀ । ਸਰਕਾਰ ਨਹੀਂ ਚਾਹੁੰਦੀ ਸੀ ਕਿ, ਏਸ਼ਿਆਈ ਖੇਡਾਂ ਸਮੇਂ ਦਿੱਲੀ ਵਿਖੇ ਕੋਈ ਮੁਜਾਹਰਾ ਹੋਵੇ । ਕਨਵੈਨਸ਼ਨ ਵਿਚ ਸਾਰੇ ਨੇਤਾਵਾਂ ਨੇ ਆਪਣੇ ਆਪਣੇ ਵਿਚਾਰ ਰੱਖੇ ।



Digitized by Panjab Digital Library | www.panjabdigilib.org

ਅਖੀਰ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਨੇ ਏਸ਼ਿਆਈ ਖੇਡਾਂ ਸਮੇਂ ਦਿੱਲੀ ਜਾ ਕੇ ਗ੍ਰਿਫਤਾਰੀਆਂ ਦੇਣ ਦਾ ਐਲਾਨ ਕਰ ਦਿੱਤਾ। ਸੰਗਤਾਂ ਪ੍ਰੋਗਰਾਮ ਸੁਣ ਕੇ ਵਾਪਿਸ ਘਰਾਂ ਨੂੰ ਤੁਰ ਪਈਆਂ।

ਏਸ਼ਿਆਈ ਖੇਡਾਂ ਨੂੰ ਦੇਖਦਿਆਂ ਕੇਂਦਰ ਸਰਕਾਰ ਨੇ ਰਾਜਾਂ ਦੀਆਂ ਸਰਕਾਰਾਂ ਨੂੰ ਹਦਾਇਤ ਕੀਤੀ ਕਿ, ਉਹ ਸਰਗਰਮ ਵਰਕਰਾਂ ਤੇ ਧਿਆਨ ਰੱਖਣ। ਸਰਕਾਰ ਵੀ ਅਕਾਲੀ ਮੰਗਾਂ ਦਾ ਐਲਾਨ ਕਰਨ ਲਈ ਤਿਆਰ ਸੀ ਪਰ ਕੋਈ ਗੱਲ ਨਾ ਬਣ ਸਕੀ। ਪੰਜਾਬ ਸਰਕਾਰ ਨੇ 15-16 ਨਵੰਬਰ ਤੱਕ ਹਜ਼ਾਰਾਂ ਅਕਾਲੀ ਵਰਕਰਾਂ ਨੂੰ ਘਰਾਂ ਵਿਚੋਂ ਛਾਪੇ ਮਾਰ ਕੇ ਗ੍ਰਿਫਤਾਰ ਕਰ ਲਿਆ। ਜਿਹੜੇ ਦਿੱਲੀ ਜਾਣਾ ਚਾਹੁੰਦੇ ਸਨ, ਉਨ੍ਹਾਂ ਨੂੰ ਹਰਿਆਣਾ ਪੁਲਿਸ ਨੇ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਦਿੱਲੀ ਜਾਂਦੇ ਹਰ ਸਿੱਖ ਤੇ ਪੂਰੀ ਨਜ਼ਰ ਰੱਖੀ ਜਾਂਦੀ। ਹਰਿਆਣਾ ਸਰਕਾਰ ਨੇ ਤਾਂ ਹੱਦ ਹੀ ਕਰ ਦਿੱਤੀ। ਹਰਿਆਣਾ ਪੁਲਿਸ ਨੇ ਦਿੱਲੀ ਜਾ ਰਹੇ ਹਰ ਕਾਂਗਰਸੀ, ਅਕਾਲੀ ਜਾਂ ਸਾਧਾਰਨ ਸਿੱਖ, ਜਿਸ ਦੇ ਸਿਰ ਉਪਰ ਦਸਤਾਰ ਬੰਨ੍ਹੀ ਹੁੰਦੀ, ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਹਰ ਤਰ੍ਹਾਂ ਤਲਾਸ਼ੀ ਲਈ ਜਾਂਦੀ ਤੇ ਬੱਸਾਂ, ਗੱਡੀਆਂ ਤੋਂ ਥੱਲੇ ਉਤਾਰ ਕੇ ਬੇਇਜ਼ਤੀ ਕੀਤੀ ਜਾਂਦੀ। ਇਸ ਗੱਲ ਦੀ ਚਰਚਾ ਹਰ ਪਾਸੇ ਹੋਈ ਪਰ ਪੁੱਛਦਾ ਕੌਣ ਸੀ? ਇਸ ਸਮੇਂ ਸਿੱਖਾਂ ਨੂੰ ਅਹਿਸਾਸ ਹੋਇਆ ਕਿ ਭਾਰਤ ਵਿਚ ਸਾਡਾ ਕੀ ਸਤਿਕਾਰ ਹੈ ਅਤੇ ਸਾਨੂੰ ਦੋ ਨੰਬਰ ਦੇ ਸ਼ਹਿਰੀ ਕਿਸ ਤਰ੍ਹਾਂ ਸਮਝਿਆ ਜਾਂਦਾ ਹੈ। ਹਰਿਆਣਾ ਸਰਕਾਰ ਨੇ ਤਾਂ ਕਿਸੇ ਸਿੱਖ ਅਫਸਰ ਨੂੰ ਵੀ ਨਹੀਂ ਬਖਸ਼ਿਆ। ਕਈ ਬਰਾਤਾਂ ਵੀ ਵਾਪਿਸ ਪੰਜਾਬ ਭੇਜੀਆਂ ਗਈਆਂ। ਹਰਿਆਣਾ ਸਰਕਾਰ ਨੇ ਇਸ ਤਰ੍ਹਾਂ ਦਾ ਕਾਰਨਾਮਾ ਕਰਕੇ ਆਪਣੀ ਫਿਰਕਾਪ੍ਰਸਤੀ ਦਾ ਸਬੂਤ ਦਿੰਦਿਆਂ ਪੰਜਾਬ ਤੇ ਹਰਿਆਣਾ ਦੀ ਹੱਦਬੰਦੀ ਹੋਣ ਦਾ ਐਲਾਨ ਕੀਤਾ।

ਏਸ਼ਿਆਈ ਖੇਡਾਂ ਸਮੇਂ ਹਰਿਆਣਾ ਸਰਕਾਰ ਦੇ ਕੋਝੇ ਕਾਰਨਾਮਿਆਂ ਨੂੰ ਦੇਖਦੇ ਹੋਏ ਖੁਸ਼ਵੰਤ ਸਿੰਘ ਜੀ ਨੇ ਕਿਹਾ: "ਏਸ਼ਿਆਈ ਖੇਡਾਂ ਸਮੇਂ ਜਿਵੇਂ ਸਿੱਖਾਂ ਨੂੰ ਬੱਸਾਂ, ਗੱਡੀਆਂ, ਕਾਰਾਂ, ਸਕੂਟਰਾਂ ਤੇ ਆਜ਼ਾਦੀ ਨਾਲ ਸਫਰ ਨਾ ਕਰਨ ਦਿੱਤਾ ਗਿਆ, ਇਹ ਗੱਲ ਸਾਡੇ ਦੇਸ਼ ਨੂੰ ਬਹੁਤ ਮਹਿੰਗੀ ਪੈਣੀ ਹੈ। ਕੀ ਹਰਿਆਣੇ ਦੇ ਵਿਚ ਸਿੱਧੇ ਤੌਰ ਤੇ ਸਿੱਖਾਂ ਨਾਲ ਜ਼ਿਆਦਤੀਆਂ ਨਹੀਂ ਕੀਤੀਆਂ ਗਈਆਂ? ਕੀ ਇਹ ਵਤੀਰਾ ਕਦੇ ਕਿਸੇ ਹੋਰ ਭਾਰਤੀ ਨਾਲ ਹੋਇਆ ਹੈ? ਖਾਲਿਸਤਾਨ ਦੀ ਲਹਿਰ ਇਨ੍ਹਾਂ ਜ਼ਿਆਦਤੀਆਂ ਕਾਰਨ ਹੀ ਪੈਦਾ ਹੋਈ। ਸਿੱਖਾਂ ਨੂੰ ਦੋਸ਼ ਦੇਣ ਦੀ ਥਾਂ ਲੋੜ ਤਾਂ ਇਸ ਗੱਲ ਦੀ ਹੈ ਕਿ ਸਰਕਾਰ ਇਨ੍ਹਾਂ ਜ਼ਿਆਦਤੀਆਂ ਲਈ ਸਿੱਖਾਂ ਤੋਂ ਮੁਆਫੀ ਮੰਗੇ।"

ਕੀ ਇੰਨਾਂ ਕੁਝ ਹੋਣ ਦੇ ਬਾਵਜੂਦ ਸਿੱਖ ਦਿੱਲੀ ਨਹੀਂ ਪਹੁੰਚੇ? ਸਿੰਘਾਂ ਲਈ ਦਿੱਲੀ ਪਹੁੰਚਣਾ ਜੰਮਣ ਮਰਨ ਦੇ ਬਰਾਬਰ ਹੋ ਗਿਆ ਸੀ। ਸਿੰਘ ਕਿਸੇ ਨਾ ਕਿਸੇ ਤਰੀਕੇ ਦਿੱਲੀ ਬੰਗਲਾ ਸਾਹਿਬ ਪਹੁੰਚਣੇ ਸ਼ੁਰੂ ਹੋ ਗਏ। ਪਹਿਲੀ ਵਾਰ ਚਿੱਟਾ ਸੂਟ ਤੇ ਚਿੱਟੀ ਪੱਗ ਬੰਨ੍ਹ ਕੇ ਜਦ ਗੁਰੂ ਜੀ ਦੀ ਕ੍ਰਿਪਾ ਦੁਆਰਾ ਬੰਗਲਾ ਸਾਹਿਬ ਦਿੱਲੀ ਪਹੁੰਚਿਆ ਤਾਂ ਕੋਈ ਪਹਿਚਾਣ ਨਾ ਸਕਿਆ। ਗੁਰਦੁਆਰਾ ਬੰਗਲਾ ਸਾਹਿਬ ਪਹੁੰਚ ਕੇ ਦੇਖਿਆ ਕਿ ਟਾਵਾਂ ਟਾਵਾਂ ਸਿੰਘ ਪਹੁੰਚਿਆ ਹੈ। ਅਖੀਰ 19 ਨਵੰਬਰ ਆਇਆ। 18 ਨਵੰਬਰ ਦੀ ਰਾਤ ਅਕਾਲੀ ਦਲ ਤੇ ਕੇਂਦਰ ਸਰਕਾਰ ਦਾ ਸਮਝੌਤਾ ਹੁੰਦਾ ਹੁੰਦਾ ਵਿਚੇ ਰਹਿ ਗਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੌਜਵਾਨ ਤੇ ਬਾਕੀ ਸਿੰਘ ਦਿੱਲੀ ਬੰਗਲਾ ਸਾਹਿਬ ਪਹੁੰਚ ਚੁੱਕੇ ਸਨ। ਅਗਲੇ ਦਿਨ 19 ਨਵੰਬਰ ਨੂੰ 3 ਵਜੇ ਖੇਡਾਂ ਸ਼ੁਰੂ ਹੋਣੀਆਂ ਸਨ ਤੇ ਸ਼ਾਮ ਨੂੰ 7 ਵਜੇ ਪਹਿਲੇ ਜਥੇ ਨੇ ਗ੍ਰਿਫਤਾਰੀ ਦੇਣੀ ਸੀ। ਬੰਗਲਾ ਸਾਹਿਬ ਦੇ ਹਰ ਪਾਸੇ ਪੁਲਿਸ ਹੀ ਪੁਲਿਸ ਨਜ਼ਰ ਆ ਰਹੀ ਸੀ ਦਿੱਲੀ ਦੇ ਅਕਾਲੀ ਨੇਤਾ ਤੇ ਸਰਗਰਮ ਵਰਕਰ ਪਹਿਲਾਂ ਹੀ ਫੜੇ ਜਾ ਚੁੱਕੇ ਸਨ। ਅਸੀਂ



Digitized by Panjab Digital Library | www.panjabdigilib.org

ਫੈਸਲਾ ਕੀਤਾ ਸੀ ਕਿ ਸਟੇਡੀਅਮ ਵਿਚ ਦਾਖਲ ਹੋਣਾ ਹੈ ਤੇ ਆਪਣੀ ਗੱਲ ਕਿਸੇ ਨਾ ਕਿਸੇ ਤਰੀਕੇ ਨਾਲ ਲੋਕਾਂ ਤੱਕ ਪਹੁੰਚਾਉਣੀ ਹੈ। ਅਸੀਂ 19 ਨਵੰਬਰ ਨੂੰ 15 ਫੈਡਰੇਸ਼ਨ ਦੇ ਵਰਕਰਾਂ ਅਤੇ ਬੀਬੀਆਂ ਨੂੰ ਟਿਕਟਾਂ ਦੇ ਕੇ ਸਟੇਡੀਅਮ ਭੇਜ ਦਿੱਤਾ, ਜਿਨ੍ਹਾਂ ਨੇ ਸਟੇਡੀਅਮ ਵਿਚ ਨਾਅਰੇ ਲਗਾਏ ਤੇ ਇਸ਼ਤਿਹਾਰ ਸੁੱਟੇ। ਇਨ੍ਹਾਂ 15 ਵਿਚੋਂ 9 ਵਰਕਰ ਪੁਲਿਸ ਨੇ ਫੜ ਲਏ ਤੇ ਜੇਲ੍ਹ ਭੇਜ ਦਿੱਤੇ ।

ਅਸੀਂ ਬੰਗਲਾ ਸਾਹਿਬ ਤੋਂ ਹਵਾ ਦਾ ਰੁਖ ਦੇਖ ਕੇ 1 ਵਜੇ ਦੇ ਕਰੀਬ ਗੁਬਾਰਿਆਂ ਨਾਲ ਇਸ਼ਤਿਹਾਰ ਬੰਨ੍ਹ ਕੇ ਉਡਾਉਣੇ ਸ਼ੁਰੂ ਕੀਤੇ ਜੋ ਖੇਡਾਂ ਸ਼ੁਰੂ ਹੋਣ ਸਮੇਂ ਸਟੇਡੀਅਮ ਅਤੇ ਸਟੇਡੀਅਮ ਦੇ ਆਸ ਪਾਸ ਡਿਗਣੇ ਸ਼ੁਰੂ ਹੋ ਗਏ। ਅੰਤਰ ਰਾਸ਼ਟਰੀ ਪ੍ਰੈਸ ਨੇ ਮੋਰਚੇ ਸੰਬੰਧੀ ਪੂਰਾ ਪ੍ਰਚਾਰ ਕੀਤਾ। ਅਖੀਰ ਗੁਰਦੁਆਰਾ ਬੰਗਲਾ ਸਾਹਿਬ ਵਿਚ ਦੀਵਾਨ ਲੱਗਿਆ ਤੇ ਸੰਗਤਾਂ ਇਕੱਠੀਆਂ ਹੋਣੀਆਂ ਸ਼ੁਰੂ ਹੋ ਗਈਆਂ। ਸ਼ਾਮ ਨੂੰ 5 ਵਜੇ ਜਥੇ ਨੇ ਗ੍ਰਿਫਤਾਰੀ ਦੇਣੀ ਸੀ। ਪਹਿਲੇ ਜਥੇ ਦੀ ਅਗਵਾਈ ਸ. ਪ੍ਰਕਾਸ਼ ਸਿੰਘ ਮਜੀਠਾ ਕਰ ਰਹੇ ਸਨ। ਸਟੇਜ ਸਕੱਤਰ ਦੀ ਸੇਵਾ ਪ੍ਰਿੰਸੀਪਲ ਸੁੱਚਾ ਸਿੰਘ ਜੀ ਨਿਭਾ ਰਹੇ ਸਨ। ਸਟੇਜ ਤੇ ਸ. ਮਨਜੀਤ ਸਿੰਘ ਤਰਨਤਾਰਨ, ਸ. ਹਰਬੰਸ ਸਿੰਘ ਮਨਚੰਦਾ, ਸ. ਅਵਤਾਰ ਸਿੰਘ ਹਿੱਤ, ਸ. ਉਂਕਾਰ ਸਿੰਘ ਥਾਪਰ, ਪ੍ਰੋ. ਜੋਗਿੰਦਰ ਸਿੰਘ ਜੀ, ਡਾ. ਰਾਜਿੰਦਰ ਕੌਰ ਤੇ ਸ. ਹਰਵਿੰਦਰ ਸਿੰਘ ਖਾਲਸਾ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਅਰਦਾਸ ਉਪਰੰਤ ਹਜ਼ਾਰਾਂ ਸੰਗਤਾਂ ਨੇ ਸ. ਮਜੀਠਾ ਦੇ ਜਥੇ ਨੂੰ ਨਿੱਘੀ ਵਿਦਾਇਗੀ ਦਿੱਤੀ। ਦਿੱਲੀ ਪੁਲਿਸ ਨੇ ਪਟੇਲ ਚੌਂਕ ਕੋਲ ਜਥੇ ਨੂੰ ਗ੍ਰਿਫਤਾਰ ਕਰ ਲਿਆ ਤੇ 15 ਦਿਨ ਲਈ ਜੇਲ੍ਹ ਭੇਜ ਦਿੱਤਾ। ਗ੍ਰਿਫਤਾਰੀਆਂ 4 ਦਸੰਬਰ ਤੱਕ ਜਾਰੀ ਰਹੀਆਂ। 20 ਨਵੰਬਰ ਨੂੰ ਸ. ਦੀਪਇੰਦਰ ਸਿੰਘ, 21 ਨਵੰਬਰ ਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋ. ਗੁ: ਪ੍ਰ: ਕਮੇਟੀ, 22 ਨਵੰਬਰ ਨੂੰ ਸ. ਇੰਦਰਜੀਤ ਸਿੰਘ ਬਾਗੀ, 26 ਨਵੰਬਰ ਨੂੰ ਬੀਬੀ ਰਜਿੰਦਰ ਕੌਰ ਐਮ. ਪੀ., 28 ਨਵੰਬਰ ਨੂੰ ਸ. ਹਰਵਿੰਦਰ ਸਿੰਘ ਖਾਲਸਾ ਮੀਤ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, 29 ਨਵੰਬਰ ਨੂੰ ਸ. ਰਵੀਇੰਦਰ ਸਿੰਘ ਅਤੇ 4 ਦਸੰਬਰ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ ਨੇ ਆਪਣੇ ਜਥੇ ਨਾਲ ਗ੍ਰਿਫਤਾਰੀ ਦਿੱਤੀ ।

ਸਿੰਘਾਂ ਨੇ ਜੇਲ੍ਹਾਂ ਦੇ ਅੰਦਰ ਦੀਵਾਨ ਲਾਉਣੇ ਸ਼ੁਰੂ ਕੀਤੇ ਤੇ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿੰਦੇ। ਦਿੱਲੀ ਦੀ ਤਿਹਾੜ ਜੇਲ੍ਹ ਤੇ ਪਿਛਲੀ ਜੇਲ੍ਹ ਭਰ ਜਾਣ ਨਾਲ ਸਿੰਘਾਂ ਦੇ ਰਹਿਣ ਲਈ ਸਕੂਲਾਂ ਨੂੰ ਜੇਲ੍ਹਾਂ ਦਾ ਰੂਪ ਦੇਣਾ ਪਿਆ। ਜਿਹੜੇ ਸਿੰਘ ਦਿੱਲੀ ਵਿਚੋਂ ਫੜੇ ਗਏ ਸਨ, ਉਨ੍ਹਾਂ ਵਿਚੋਂ ਮਨਜੀਤ ਸਿੰਘ ਕਲਕੱਤਾ, ਪ੍ਰੋ: ਅਜਾਇਬ ਸਿੰਘ, ਪ੍ਰੋ. ਜਸਪਾਲ ਸਿੰਘ, ਸ. ਸੁਖਬੀਰ ਸਿੰਘ ਖਾਲਸਾ, ਸ. ਸਰਨਾ ਜੀ, ਬਖਸ਼ੀ ਜਗਦੇਵ ਸਿੰਘ, ਸ. ਅਵਤਾਰ ਸਿੰਘ ਤੇ ਹੋਰ ਚੋਣਵੇਂ ਸਿੰਘ ਤਿਹਾੜ ਜੇਲ੍ਹ ਵਿਚ ਸਨ। ਬੀਬੀ ਰਾਜਿੰਦਰ ਕੌਰ ਦੇ ਜਥੇ ਵਿਚ ਬੀਬੀ ਕੁਲਦੀਪ ਕੌਰ ਲੁਧਿਆਣਾ, ਬੀਬੀ ਜਸਬੀਰ ਕੌਰ ਗੁਰਦਾਸਪੁਰ ਤੇ ਪੁਸ਼ਵਿੰਦਰ ਕੌਰ ਦਿੱਲੀ, ਹਰਭਜਨ ਕੌਰ, ਚਰਨਜੀਤ ਕੌਰ ਤੇ ਹੋਰ ਬੀਬੀਆਂ ਹਮੇਸ਼ਾਂ ਰੌਣਕ ਲਗਾਈ ਰੱਖਦੀਆਂ। ਇਸੇ ਜੇਲ੍ਹ ਵਿਚ ਸ. ਕੁਲਦੀਪ ਸਿੰਘ ਵਡਾਲਾ, ਸ.ਰਣਜੀਤ ਸਿੰਘ ਨਾਜ, ਸ. ਸੰਤ ਸਿੰਘ ਗੁਜਰਖਾਨੀ ਤੇ ਹੋਰ ਚੜ੍ਹਦੀ ਕਲਾ ਦੇ ਸਿੰਘ ਸਨ ।

ਤਿਹਾੜ ਦੇ ਪਿਛਲੀ ਜੇਲ੍ਹ ਵਿਚ ਜ. ਗੁਰਚਰਨ ਸਿੰਘ ਟੌਹੜਾ, ਸ. ਸੁਰਿੰਦਰਪਾਲ ਸਿੰਘ ਮਾਨ, ਸ. ਕਮਲਜੀਤ ਸਿੰਘ (ਕੈਪਟਨ), ਸ. ਪ੍ਰਕਾਸ਼ ਸਿੰਘ ਮਜੀਠਾ, ਸ. ਦੀਪਇੰਦਰ ਸਿੰਘ, ਸ. ਇੰਦਰਜੀਤ ਸਿੰਘ ਬਾਗੀ, ਸ. ਪ੍ਰੇਮ ਸਿੰਘ ਚੰਦੂ ਮਾਜਰਾ, ਬਲਦੇਵ ਲੰਗ, ਹਰਚੰਦ ਸਿੰਘ ਬਰਸਟ, ਸ਼੍ਰੀਮਤੀ ਵਿਨੋਦ ਚੱਢਾ, ਸ. ਦਰਬਾਰਾ ਸਿੰਘ ਸਿਊਨਾਂ, ਦਿੱਲੀ ਆਸ਼ਰਮ ਦੇ ਨੌਜਵਾਨ ਸਿੰਘ ਤੇ ਜੋ ਵੀਰ ਤੇ ਬੀਬੀਆਂ ਸਟੇਡੀਅਮ ਵਿਚੋਂ ਨਾਅਰੇ ਲਾਉਂਦੇ ਫੜੇ ਗਏ ਸਨ,



Digitized by Panjab Digital Library | www.panjabdigilib.org

ਉਨ੍ਹਾਂ ਵਿਚੋਂ ਸ. ਬਲਦੇਵ ਸਿੰਘ, ਸ. ਅਵਤਾਰ ਸਿੰਘ ਜੰਮੂ, ਸ. ਬੁਲਵੰਤ ਸਿੰਘ ਬੁਢਲਾਡਾ, ਸ. ਗੁਰਚਰਨ ਸਿੰਘ, ਬੀਬੀ ਮਨਜੀਤ ਕੌਰ ਬਾਠ, ਬੀਬੀ ਜਸਵੰਤ ਕੌਰ ਖੰਨਾ, ਬੀਬੀ ਮਨਜੀਤ ਕੌਰ, ਬੀਬੀ ਸੁਖਵਿੰਦਰ ਕੌਰ ਮਾਨ ਦੀਨਾ ਨਗਰ ਤੇ ਹੋਰ ਸਿੰਘ ਤੇ ਸਿੰਘਣੀਆਂ ਇਸੇ ਜੇਲ੍ਹ ਵਿਚ ਬੰਦ ਸਨ।

ਜਦ ਜੇਲ੍ਹਾਂ ਪੂਰੀ ਤਰ੍ਹਾਂ ਭਰ ਗਈਆਂ ਤਾਂ ਸਾਡੇ ਜਥੇ ਨੂੰ ਕ੍ਰਿਸ਼ਨ ਨਗਰ ਦੇ ਸਕੂਲ ਵਿਚ ਰੱਖਿਆ ਗਿਆ। ਇਸ ਸਕੂਲ ਵਿਚ ਸ. ਰਵੀਇੰਦਰ ਸਿੰਘ, ਹਰਵਿੰਦਰ ਸਿੰਘ ਖਾਲਸਾ, ਸ. ਉਪਕਾਰ ਸਿੰਘ ਰੰਧਾਵਾ, ਸ. ਹਰਬੰਸ ਸਿੰਘ ਬਿਲੂ, ਜਥੇਦਾਰ ਭਾਟੀਆ ਸਾਹਿਬ, ਸ. ਬੀ. ਵਰਿੰਦਰਜੀਤ ਸਿੰਘ, ਸ. ਸਰਬਜੀਤ ਸਿੰਘ ਜੰਮੂ, ਸ. ਪ੍ਰਿਤਪਾਲ ਸਿੰਘ ਤੇ ਸ. ਮਹਿੰਦਰ ਸਿੰਘ ਸੂਫੀ ਜੰਮੂ, ਸ. ਜਤਿੰਦਰਪਾਲ ਸਿੰਘ ਭਾਟੀਆ, ਸ. ਗੁਰਮੇਜ ਸਿੰਘ ਪਟਿਆਲਾ, ਸ. ਤੇਜਿੰਦਰ ਸਿੰਘ, ਸ. ਗੁਰਵਿੰਦਰ ਸਿੰਘ, ਸ. ਮਹਿੰਦਰ ਸਿੰਘ, ਸ. ਹਰਬਿੰਦਰ ਸਿੰਘ ਦਿੱਲੀ ਵਾਲੇ ਸਨ। ਅਸੀਂ ਹਮੇਸ਼ਾਂ ਦੀਵਾਨ ਲਗਾਉਂਦੇ ਤੇ ਅਖੀਰ 6 ਦਸੰਬਰ 1982 ਨੂੰ ਸਾਨੂੰ ਰਿਹਾ ਕਰ ਦਿੱਤਾ ਗਿਆ।



Digitized by Panjab Digital Library | www.panjabdigilib.org

## ਕੇਂਦਰ ਸਰਕਾਰ ਤੇ ਸਿੱਖ:

ਹਿੰਦੂਆਂ ਨੂੰ ਮਿਲਿਆ ਹਿੰਦੁਸਤਾਨ ।
ਮੁਸਲਮਾਨਾਂ ਨੂੰ ਮਿਲਿਆ ਪਾਕਿਸਤਾਨ ।
ਸਿੱਖਾਂ ਦੇ ਹੱਥ ਵਿਚ ਰਹਿ ਗਈ ਕ੍ਰਿਪਾਨ ।

ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ ਸੀ। ਅੰਗਰੇਜ਼ ਸਿੱਖਾਂ ਨੂੰ ਵੱਖਰਾ ਰਾਜ ਦੇਣ ਲਈ ਤਿਆਰ ਸਨ। ਮਿਸਟਰ ਜਿਨਾਹ ਪਾਕਿਸਤਾਨ ਬਣਾਉਣ ਲਈ ਦ੍ਰਿੜ ਸੀ। ਉਸ ਨੇ ਇੰਗਲੈਂਡ ਦੀ ਗੋਲਮੇਜ ਕਾਨਫਰੰਸ ਵਿਚ ਵੇਟ ਪੇਪਰ ਹੱਥ ਵਿਚ ਚੁੱਕਦਿਆਂ ਹੋਇਆਂ ਕਿਹਾ ਸੀ ਕਿ ਸਾਨੂੰ ਵੇਟ ਪੇਪਰ ਜਿੰਨਾ ਹੀ ਥਾਂ ਮਿਲ ਜਾਏ, ਅਸੀਂ ਇਹ ਤਾਂ ਕਹਾਂਗੇ ਕਿ ਇਹ ਸਾਡਾ ਆਪਣਾ ਹੈ। ਇਸ ਤਰ੍ਹਾਂ ਮਿਸਟਰ ਜਿਨਾਹ ਪਾਕਿਸਤਾਨ ਬਣਾਉਣ ਵਿਚ ਸਫਲ ਹੋ ਗਿਆ। ਪਰ ਸਿੱਖ ਨੇਤਾ ਕਾਂਗਰਸੀ ਨੇਤਾਵਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਆ ਕੇ ਟਪਲਾ ਖਾ ਗਏ ਅਤੇ ਕੌਮ ਨੂੰ ਫਿਰ ਗ਼ੁਲਾਮ ਬਣਾ ਦਿੱਤਾ। ਕੇਂਦਰ ਵਿਚ ਕਾਂਗਰਸ ਪਾਰਟੀ ਦਾ ਕਬਜ਼ਾ ਹੋ ਗਿਆ ਕਿਉਂਕਿ ਦੇਸ਼ ਦੀ ਆਜ਼ਾਦੀ ਸਮੇਂ ਕਾਂਗਰਸ ਪਾਰਟੀ ਦੇ ਨੇਤਾ ਅਗਵਾਈ ਕਰ ਰਹੇ ਸਨ। ਕਾਂਗਰਸੀ ਨੇਤਾਵਾਂ ਨੇ ਸਿੱਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨਾ ਸ਼ੁਰੂ ਕਰ ਦਿੱਤਾ ਤੇ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖ ਦਿੱਤਾ।

ਆਜ਼ਾਦ ਭਾਰਤ ਵਿਚ ਸਭ ਤੋਂ ਪਹਿਲਾਂ ਸਿੱਖਾਂ ਦੇ ਨੇਤਾ ਮਾਸਟਰ ਤਾਰਾ ਸਿੰਘ ਜੀ ਨੂੰ ਹੱਥਕੜੀ ਲਗਾਈ ਗਈ।

ਭਾਰਤ ਸਰਕਾਰ ਨੇ ਇਕ ਗੁਪਤ ਸਰਕੂਲਰ ਕੱਢ ਕੇ 1948 ਨੂੰ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਦਾ ਖਿਤਾਬ ਦਿੱਤਾ।

ਮੋਤੀ ਲਾਲ ਨਹਿਰੂ ਤੇ ਬਾਕੀ ਨੇਤਾਵਾਂ ਨੇ ਕਿਹਾ ਸੀ ਕਿ, ਆਜ਼ਾਦ ਭਾਰਤ ਵਿਚ ਭਾਸ਼ਾ ਦੇ ਆਧਾਰ ਤੇ ਸੂਬੇ ਬਣਨਗੇ। ਆਂਧਰਾ ਵਿਚ ਇਕ ਰੀਮੋਲੋ ਨਾਂ ਦਾ ਸ਼ਹੀਦ ਹੋਇਆ, ਤਾਂ ਆਂਧਰਾ ਪ੍ਰਦੇਸ਼ ਬਣ ਗਿਆ ਤੇ ਇਸੇ ਤਰ੍ਹਾਂ ਬਾਕੀ ਸੂਬੇ ਵੀ ਭਾਸ਼ਾ ਦੇ ਆਧਾਰ ਤੇ ਬਣਾ ਦਿੱਤੇ ਗਏ। ਪਰ ਜਦ ਪੰਜਾਬ ਵਿਚ ਪੰਜਾਬੀ ਸੂਬੇ ਦੀ ਮੰਗ ਕੀਤੀ ਗਈ ਤਾਂ 'ਪੰਜਾਬੀ ਸੂਬਾ - ਜ਼ਿੰਦਾਬਾਦ' ਦੇ ਨਾਹਰੇ ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਸੰਬੰਧ ਵਿਚ 13,000 ਸਿੰਘਾਂ ਨੇ ਗ੍ਰਿਫਤਾਰੀਆਂ ਦਿੱਤੀਆਂ ਤੇ 'ਪੰਜਾਬੀ ਸੂਬਾ - ਜ਼ਿੰਦਾਬਾਦ' ਦੇ ਨਾਅਰੇ ਤੇ ਲੱਗੀ ਪਾਬੰਦੀ ਹਟਾਈ ਗਈ। ਇਕ ਛੋਟੀ ਜਿਹੀ ਮੰਗ ਖਾਤਰ ਇੰਨੇ ਸਿੰਘਾਂ ਨੂੰ ਜੇਲ੍ਹ ਯਾਤਰਾ ਕਰਨੀ ਪਈ।

ਪੰਜਾਬ ਵਿਚ ਭਾਸ਼ਾ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਮੰਗ ਚੱਲੀ। ਇਸ ਮੰਗ ਦੀ ਖਾਤਰ 57,000 ਸਿੰਘ ਜੇਲ੍ਹਾਂ ਵਿਚ ਗਏ। ਮੋਰਚੇ ਦੌਰਾਨ 43 ਸਿੰਘ ਸ਼ਹੀਦੀ ਪਾ ਗਏ ਪਰ ਫਿਰ ਵੀ ਪੰਜਾਬੀ ਸੂਬਾ ਨਾ ਬਣ ਸਕਿਆ।

ਦੁਨੀਆਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਘਟਨਾ ਵਾਪਰੀ ਕਿ, ਜੇਲ੍ਹ ਵਿਚ ਬੰਦ ਸਿੰਘਾਂ ਤੇ ਬਠਿੰਡਾ ਵਿਖੇ 9 ਅਕਤੂਬਰ 1960 ਅੰਧਾਧੁੰਦ ਗੋਲੀ ਚਲਾਈ ਗਈ, ਜਿਸ ਨਾਲ ਚੰਚਲ ਸਿੰਘ, ਨਾਜ਼ਰ ਸਿੰਘ, ਜਸਵੰਤ ਸਿੰਘ, ਰਣਜੀਤ ਸਿੰਘ ਸ਼ਹੀਦੀ ਪਾ ਗਏ



Digitized by Panjab Digital Library | www.panjabdigilib.org

ਤੇ ਕਈ ਸਿੰਘ ਗੰਭੀਰ ਰੂਪ ਵਿਚ ਜ਼ਖਮੀਂ ਹੋ ਗਏ ।

ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਨੇ ਮਰਨ ਵਰਤ ਰੱਖੇ ਪਰ ਕੇਂਦਰ ਸਰਕਾਰ ਦੇ ਨੁਮਾਇੰਦੇ ਇਹ ਕਹਿ ਕੇ ਵਰਤ ਛੁਡਵਾਉਂਦੇ ਰਹੇ ਕਿ ਪੰਜਾਬੀ ਸੂਬਾ ਬਣਾ ਦਿੱਤਾ ਜਾਵੇਗਾ ਤੇ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇ ਦਿੱਤੇ ਜਾਣਗੇ ਪਰ ਅਜੇ ਤੱਕ ਇਹ ਕੰਮ ਪੂਰਾ ਨਹੀਂ ਕੀਤਾ ਗਿਆ ।

ਪੰਜਾਬੀ ਸੂਬੇ ਨੂੰ ਮੁਕੰਮਲ ਕਰਵਾਉਣ ਲਈ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿਵਾਉਣ ਲਈ ਸ. ਦਰਸ਼ਨ ਸਿੰਘ ਫੇਰੂਮਾਨ 74 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅ 27 ਅਕਤੂਬਰ 1969 ਨੂੰ ਸ਼ਹੀਦੀ ਪਾ ਗਏ ਪਰ ਉਸ ਸ਼ਹੀਦ ਦੇ ਸੁਪਨੇ ਅਜੇ ਤੱਕ ਸਾਕਾਰ ਨਹੀਂ ਹੋਏ । ਪੰਜਾਬੀ ਸੂਬੇ ਨੂੰ ਮੁਕੰਮਲ ਕਰਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਕਈ ਰੈਲੀਆਂ ਤੇ ਮੁਜਾਹਰੇ ਕੀਤੇ ਗਏ ਪਰ ਫਿਰ ਵੀ ਕੇਂਦਰ ਸਰਕਾਰ ਤੇ ਕੋਈ ਅਸਰ ਨਾ ਹੋਇਆ । ਇਸ ਗੱਲ ਦੀ ਹਮਾਇਤ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਕਰਦੀਆਂ ਹਨ, ਕਾਂਗਰਸ ਪਾਰਟੀ ਆਪ ਵੀ ਇਸ ਗੱਲ ਦੀ ਹਮਾਇਤ ਕਰਦੀ ਹੈ ਪਰ ਕੇਂਦਰ ਸਰਕਾਰ ਸਿੱਖਾਂ ਨੂੰ ਜਲੀਲ ਕਰਕੇ, ਹਰਿਆਣਾ ਤੇ ਰਾਜਿਸਥਾਨ ਦੇ ਲੋਕਾਂ ਨੂੰ ਖੁਸ਼ ਰੱਖਣਾ ਚਾਹੁੰਦੀ ਹੈ ।

ਕੇਂਦਰ ਸਰਕਾਰ ਨੂੰ ਪਤਾ ਹੈ ਕਿ ਪੰਜਾਬ ਸਭ ਤੋਂ ਛੋਟਾ ਰਾਜ ਹੈ ਪਰ ਸਭ ਤੋਂ ਪ੍ਰਫੁਲਤ ਸੂਬਾ ਹੈ। ਦੇਸ਼ ਦੇ ਅੰਨ ਭੰਡਾਰ ਵਿਚ ਸਭ ਤੋਂ ਜ਼ਿਆਦਾ ਅੰਨ ਪੰਜਾਬ ਪਾਉਂਦਾ ਹੈ। ਅੰਨ ਤਾਂ ਹੀ ਹੋਵੇਗਾ, ਜੇ ਸਾਡੇ ਕੋਲ ਪਾਣੀ ਤੇ ਬਿਜਲੀ ਹੋਵੇਗੀ । ਕੇਂਦਰ ਸਰਕਾਰ ਨੇ ਪੰਜਾਬ ਦਾ ਪਾਣੀ ਖੋਹ ਕੇ ਹਰਿਆਣਾ ਤੇ ਰਾਜਿਸਥਾਨ ਨੂੰ ਦੇ ਦਿੱਤਾ । ਕੇਂਦਰ ਪੰਜਾਬ ਦੀ ਧਰਤੀ ਨੂੰ ਬੰਜਰ ਕਰਨਾ ਚਾਹੁੰਦੀ ਹੈ । ਪਰ ਉਸ ਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਜੇ ਪੰਜਾਬ ਦੀ ਧਰਤੀ ਬੰਜਰ ਹੋਗਈ ਤਾਂ ਦੇਸ਼ ਦਾ ਕੀ ਬਣੇਗਾ? ਕੇਂਦਰ ਪੰਜਾਬ ਨਾਲ ਧੱਕਾ ਇਸ ਲਈ ਕਰ ਰਿਹਾ ਹੈ, ਕਿਉਂਕਿ ਇਥੇ ਸਿੱਖ ਵਸਦੇ ਹਨ ।

ਦੁਨੀਆਂ ਭਰ ਦੇ ਲੋਕ ਜਾਣਦੇ ਹਨ ਕਿ ਸਿੱਖ ਕੌਮ ਬਹਾਦਰਾਂ ਦੀ ਕੌਮ ਹੈ। ਜਦੋਂ ਵੀ ਦੇਸ਼ ਤੇ ਭੀੜ ਬਣੀ ਹੈ, ਪੰਜਾਬੀ ਤੇ ਖਾਸ ਕਰਕੇ ਸਿੱਖ ਸਭ ਤੋਂ ਮੂਹਰੇ ਹੋ ਕੇ ਲੜੇ ਹਨ, ਇਸ ਗੱਲ ਦੀ ਗਵਾਹੀ ਦੇਸ਼ ਦੀ ਆਜ਼ਾਦੀ ਤੋਂ ਬਾਅਦ 1962, 1965 ਤੇ 1971 ਦੇ ਜੰਗਾਂ ਦੀ ਲੜਾਈ ਤੋਂ ਮਿਲਦੀ ਹੈ । ਪਰ ਕੀ ਫੌਜਾਂ ਵਿਚ ਕੋਈ ਜਰਨੈਲ ਸਿੱਖ ਬਣਿਆ ਹੈ? ਫੌਜਾਂ ਵਿਚ ਜਿੱਥੇ ਸਿੱਖਾਂ ਦੀ ਭਰਤੀ ਸਭ ਤੋਂ ਵੱਧ ਹੁੰਦੀ ਸੀ, ਹੁਣ 1.3% ਕਰ ਦਿੱਤੀ ਹੈ । ਇਸ ਪਿੱਛੇ ਕੇਂਦਰ ਸਰਕਾਰ ਦੀ ਸਿੱਖਾਂ ਨੂੰ ਕਮਜ਼ੋਰ ਕਰਨ ਦੀ ਨੀਤੀ ਕੰਮ ਨਹੀਂ ਕਰ ਰਹੀ? ਸੰਨ 1971 ਵਿਚ ਹਿੰਦ - ਪਾਕ ਜੰਗ ਵਿਚ ਜਨਰਲ ਜਗਜੀਤ ਸਿੰਘ ਅਰੋੜਾ ਨੇ ਬੰਗਲਾ ਦੇਸ਼ ਵਿਚ 90 ਹਜ਼ਾਰ ਫੌਜੀਆਂ ਦੇ ਹਥਿਆਰ ਸੁਟਵਾਏ । ਪਹਿਲਾਂ ਤਾਂ ਇਹ ਕਿਹਾ ਗਿਆ ਕਿ ਇਹ ਕਾਰਵਾਈ ਜਨਰਲ ਮਾਣਕ ਸ਼ਾਹ ਦੇ ਸਾਹਮਣੇ ਹੋਵੇਗੀ ਤੇ ਉਸ ਦੇ ਅੱਗੇ ਹੀ ਨਿਆਜੀ ਹਥਿਆਰ ਸੁੱਟੇਗਾ ਪਰ ਜਦ ਨਿਆਜੀ ਨੇ ਕਿਹਾ ਕਿ, ਬਹਾਦਰ ਕੌਮ, ਬਹਾਦਰਾਂ ਅੱਗੇ ਹੀ ਹਥਿਆਰ ਸੁੱਟ ਸਕਦੀ ਹੈ, ਕਿਸੇ ਹੋਰ ਅੱਗੇ ਨਹੀਂ ਤਾਂ ਜਗਜੀਤ ਸਿੰਘ ਅਰੋੜਾ ਦੇ ਅੱਗੇ ਨਿਆਜੀ ਨੇ ਹਥਿਆਰ ਸੁੱਟੇ । ਪਰ ਜਦ ਫਿਲਮ ਦਿਖਾਈ ਜਾਂਦੀ ਹੈ ਤਾਂ ਜਨਰਲ ਜਗਜੀਤ ਸਿੰਘ ਅਰੋੜਾ ਦਾ ਹੱਥ ਦਿਖਾਇਆ ਜਾਂਦਾ ਹੈ, ਚਿਹਰਾ ਨਹੀਂ ਕਿਉਂਕਿ ਉਹ ਸਿੱਖ ਕੌਮ ਦੀ ਵਡਿਆਈ ਨਹੀਂ ਕਰਨੀ ਚਾਹੁੰਦੇ । ਕੇਂਦਰ ਸਰਕਾਰ ਨੇ ਜਨਰਲ ਜਗਜੀਤ ਸਿੰਘ ਅਰੋੜਾ ਨੂੰ ਤਾਂ ਰਿਟਾਇਰਮੈਂਟ ਦੇ ਦਿੱਤੀ ਪਰ ਮਾਣਕ ਸ਼ਾਹ ਨੂੰ ਹੋਰ ਵੱਡਾ ਅਹੁਦਾ ਦੇ ਦਿੱਤਾ । ਇਹ ਕੇਂਦਰ ਦਾ ਸਿੱਖਾਂ ਨਾਲ ਧੱਕਾ ਨਹੀਂ? ਕੇਂਦਰ ਸਰਕਾਰ ਪੰਜਾਬ ਵਿਚ ਕੋਈ ਵੱਡਾ ਕਾਰਖਾਨਾ ਨਹੀਂ ਲਗਾ ਰਹੀ ਕਿਉਂਕਿ ਇਥੇ ਸਿੰਘ ਵਸਦੇ ਹਨ। ਸਿੱਖ ਮਿਹਨਤੀ ਹਨ। ਜਿਥੇ ਜਾਂਦੇ ਹਨ, ਆਪਣੀ ਮਿਹਨਤ



Digitized by Panjab Digital Library | www.panjabdigilib.org

ਦੁਆਰਾ ਕੁਝ ਸਮੇਂ ਬਾਅਦ ਹੀ ਪ੍ਰਫੁਲਤ ਹੋ ਜਾਂਦੇ ਹਨ। ਸਰਕਾਰ ਸੋਚਦੀ ਹੈ ਕਿ ਜੇ ਪੰਜਾਬ ਵਿਚ ਕਾਰਖਾਨੇ ਲਗਾ ਦਿੱਤੇ ਤਾਂ ਸਿੱਖ ਕੌਮ ਹੋਰ ਮਜ਼ਬੂਤ ਹੋ ਜਾਵੇਗੀ।

ਕੇਂਦਰ ਸਰਕਾਰ ਨੇ ਸਿੱਖਾਂ ਦੇ ਧਰਮ ਵਿਚ ਹਮੇਸ਼ਾਂ ਦਖਲ ਦਿੱਤਾ। ਦਿੱਲੀ ਗੁਰਦੁਆਰਿਆਂ ਤੇ ਕਬਜ਼ਾ ਕਰਵਾਇਆ ਤੇ ਫਿਰ ਆਪਣੇ ਪਿੱਠੂਆਂ ਨੂੰ ਕਾਬਜ਼ ਕਰਨ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ। ਪੰਜਾਬ ਵਿਚ ਗੁਰਦੁਆਰਿਆਂ ਦੀਆਂ ਜ਼ਮੀਨਾਂ ਦੀ ਸੀਲਿੰਗ ਦਾ ਐਲਾਨ ਕੀਤਾ ਪਰ ਜਦ ਜਥੇਦਾਰ ਟੌਹੜਾ ਸਾਹਿਬ ਨੇ ਸਰਕਾਰ ਨਾਲ ਟਾਕਰੇ ਦਾ ਐਲਾਨ ਕੀਤਾ ਤਾਂ ਸਰਕਾਰ ਨੇ ਆਪਣੇ ਬਿਆਨ ਵਾਪਿਸ ਲੈ ਲਏ। ਕੇਂਦਰ ਸਰਕਾਰ ਵਲੋਂ ਸਿੱਖਾਂ ਨੂੰ ਬਦਨਾਮ ਕਰਨਾ ਕਿ, ਕਾਤਲ ਗੁਰਦੁਆਰੇ ਵਿਚ ਲੁਕੇ ਹੋਏ ਹਨ, ਤੇ ਫਿਰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਸਾਜ਼ਿਸ਼ ਬਣਾਉਣੀ ਤੇ ਪਿੱਛੋਂ ਮੁੱਕਰ ਜਾਣਾ, ਇਹ ਸਭ ਸਿੱਖਾਂ ਨੂੰ ਕਮਜ਼ੋਰ ਕਰਨ ਲਈ ਕੀਤਾ ਜਾ ਰਿਹਾ ਹੈ।

ਸ਼ਰੋਮਣੀ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਅਤੇ ਸਿੱਖ ਮੰਗਾਂ ਦੀ ਖਾਤਰ ਧਰਮ ਯੁੱਧ ਸ਼ੁਰੂ ਕੀਤਾ, ਜਿਸ ਸੰਬੰਧੀ ਕੇਂਦਰ ਨਾਲ ਕਈ ਵਾਰ ਵਾਰਤਾ ਹੋਈ ਪਰ ਕੋਈ ਗੱਲ ਸਿਰੇ ਨਹੀਂ ਚੜ੍ਹੀ। ਕੇਂਦਰ ਸਰਕਾਰ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਦੀਆਂ ਪਹਿਲਾਂ ਦਿੱਲੀ ਵਿਖੇ 27 ਅਕਤੂਬਰ 1981 ਤੇ ਫਿਰ 5 ਅਪ੍ਰੈਲ 1982 ਨੂੰ ਵਾਰਤਾਵਾਂ ਹੋਈਆਂ। ਇਸ ਵਾਰਤਾ ਦੌਰਾਨ ਅਕਾਲੀ ਦਲ ਨੇ ਆਪਣੀਆਂ ਮੰਗਾਂ ਸਪੱਸ਼ਟ ਕੀਤੀਆਂ। ਪਹਿਲਾਂ 24-25 ਅਕਤੂਬਰ 1981 ਨੂੰ ਕੇਂਦਰੀ ਮੰਤਰੀ ਨਰਸਿਮਹਾ ਰਾਓ ਨੇ ਅਕਾਲੀ ਦਲ ਦੀ ਸਬ ਕਮੇਟੀ ਸ. ਸੁਰਜੀਤ ਸਿੰਘ ਬਰਨਾਲਾ, ਸ. ਅਜੀਤ ਸਿੰਘ ਸਰਹੱਦੀ, ਸ. ਬਲਵੰਤ ਸਿੰਘ, ਸ. ਰਵੀਇੰਦਰ ਸਿੰਘ ਤੇ ਸ. ਭਾਨ ਸਿੰਘ ਨਾਲ ਗੱਲਬਾਤ ਕੀਤੀ ਤੇ ਵਿਸਥਾਰ ਸਹਿਤ ਮੰਗਾਂ ਬਾਰੇ ਦੱਸਿਆ। ਮੋਰਚਾ ਚਲਦਾ ਰਿਹਾ ਪਰ ਕੋਈ ਗੱਲ ਨਾ ਬਣੀ। ਬੀਬੀ ਨੇ ਫਿਰ ਗੱਲਬਾਤ ਕਰਨ ਲਈ 28-29 ਅਕਤੂਬਰ 1982 ਨੂੰ ਸਵਰਨ ਸਿੰਘ ਨੂੰ ਭੇਜਿਆ, ਜਿਸ ਦੀ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਪ੍ਰਕਾਸ਼ ਸਿੰਘ ਬਾਦਲ, ਸ. ਸੁਖਜਿੰਦਰ ਸਿੰਘ ਤੇ ਸ. ਬਲਵੰਤ ਸਿੰਘ ਨਾਲ ਫਤਹਿਗੜ੍ਹ ਸਾਹਿਬ ਗੱਲਬਾਤ ਹੋਈ ਪਰ ਕੋਈ ਸਿੱਟਾ ਨਾ ਨਿਕਲਿਆ। ਉਸ ਤੋਂ ਬਾਅਦ ਸ੍ਰੀ ਰਾਜੀਵ ਗਾਂਧੀ, ਡਾ. ਫਾਰੂਕ ਤੇ ਸ. ਅਮਰਿੰਦਰ ਸਿੰਘ ਪੂਰਾ ਜ਼ੋਰ ਲਾਉਂਦੇ ਰਹੇ ਪਰ ਕੋਈ ਗੱਲ ਨਾ ਬਣੀ। ਕੇਂਦਰੀ ਵਜ਼ੀਰਾਂ ਦੀ ਫਿਰ ਅਕਾਲੀ ਦਲ ਨਾਲ 11 ਅਤੇ 18 ਜਨਵਰੀ 1983 ਨੂੰ ਚੰਡੀਗੜ੍ਹ ਗੱਲਬਾਤ ਹੋਈ। ਫਿਰ ਤਿੰਨ ਧਿਰੀ ਵਾਰਤਾ 24, 25 ਜਨਵਰੀ 8, 9, 10, 15, 18,19 ਤੇ 20 ਫਰਵਰੀ ਨੂੰ ਹੋਈ। ਕੋਈ ਨਤੀਜਾ ਨਾ ਨਿਕਲਿਆ। ਕੇਂਦਰ ਚਾਹੇ ਤਾਂ ਸਭ ਕੁਝ ਕਰ ਸਕਦਾ ਹੈ ਪਰ ਉਹ ਸਿੱਖਾਂ ਨੂੰ ਜਲੀਲ ਕਰਨਾ ਚਾਹੁੰਦਾ ਹੈ।

**ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਦੇ ਐਮ. ਪੀ. ਨੂੰ ਚਿੱਠੀ ਲਿਖੀ, ਜਿਸ ਵਿਚ ਸਾਰੀਆਂ ਮੰਗਾਂ ਸਪੱਸ਼ਟ ਹਨ। ਪਰ ਇਹ ਲੋਕ ਵੀ ਕੁਝ ਨਹੀਂ ਕਰ ਰਹੇ।**

ੴ ਵਾਹਿਗੁਰੂ ਜੀ ਕੀ ਫਤਹਿ ॥

ਸੈਕੂਲਰ, ਲੋਕਤੰਤਰ ਤੇ ਸਮਾਜਵਾਦ ਦੇ ਹਾਮੀ ਐਮ. ਪੀ. ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਮਾਨਵ ਕਲਿਆਨੀ ਜਗਤ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸਮਾਜਿਕ ਤੇ



Digitized by Panjab Digital Library | www.panjabdigilib.org

ਆਤਮਕ ਮੁਕਤੀ ਦਾ ਉਪਦੇਸ਼ ਦਿੱਤਾ। ਦਸ ਗੁਰੂ ਸਾਹਿਬਾਨ ਜੀ ਨੇ ਸਵਾ ਸੌ ਸਾਲ ਮਹਾਨ ਕੁਰਬਾਨੀਆਂ ਕਰਕੇ ਆਪਣੇ ਅਮਲੀ ਜੀਵਨ ਰਾਹੀਂ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਕੀਤਾ ਖਾਲਸਾ ਪੰਥ ਨੇ ਆਪਣੀ ਕਰਨੀ, ਬੀਰਤਾ ਤੇ ਕੁਰਬਾਨੀਆਂ ਰਾਹੀਂ ਸਦੀਆਂ ਦਾ ਇਤਿਹਾਸ ਬਦਲ ਕੇ ਪੰਜਾਬ ਦੀ ਪਾਵਨ ਧਰਤੀ ਤੇ ਖਾਲਸਾ ਰਾਜ ਕਾਇਮ ਕੀਤਾ ਜੋ ਪੰਥਕ ਗਦਾਰਾਂ ਤੇ ਨਿਮਕ ਹਰਾਮਾਂ ਦੀਆਂ ਕਾਲੀਆਂ ਕਰਤੂਤਾਂ ਕਾਰਨ ਖਤਮ ਹੋ ਗਿਆ। ਸਿੱਖ ਕੌਮ ਨੇ ਅੰਗਰੇਜ਼ਾਂ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਅਸਹਿ ਤੇ ਅਕਹਿ ਘਾਲਣਾਂ ਘਾਲੀਆਂ। ਭਾਰਤੀ ਸੁਤੰਤਰਤਾ ਸੰਗਰਾਮ ਵਿਚ 2125 ਸ਼ਹੀਦਾਂ ਵਿਚੋਂ 1550 ਸਿੱਖ ਤੇ ਬਾਕੀ 575 ਦੂਜੀਆਂ ਜ਼ਾਤੀਆਂ ਦੇ ਸਨ ਅਤੇ 2646 ਜਲਾਵਤਨ ਹੋਏ, ਜਿਨ੍ਹਾਂ ਵਿਚੋਂ 2147 ਸਿੱਖ ਤੇ 499 ਹੋਰ ਵਿਅਕਤੀ ਸਨ। ਆਜ਼ਾਦ ਹਿੰਦ ਫੌਜ ਦੇ 20,000 ਸਿਰਲੱਥ ਜੋਧਿਆਂ ਵਿਚੋਂ 12,000 ਸਿੱਖ ਸਨ। ਆਜ਼ਾਦੀ ਖਾਤਰ ਅੱਧੀ ਤੋਂ ਵੱਧ ਸਿੱਖ ਕੌਮ ਘਰੋਂ ਬੇਘਰ ਹੋਈ। ਪੰਜਾਬ ਦੋਫਾੜ ਹੋਇਆ ਤੇ ਪੰਜਾਬ ਦਾ 73 ਪ੍ਰਤੀਸ਼ਤ ਸਰਸਬਜ਼ ਇਲਾਕਾ ਤੇ 83 ਪ੍ਰਤੀਸ਼ਤ ਨਹਿਰੀ ਪਾਣੀ ਵੀ ਖੋਹਿਆ ਗਿਆ। ਸਿੱਖ ਕੌਮ ਨੂੰ ਜਾਨ ਮਾਲ ਨਾਲੋਂ ਪਿਆਰੇ 170 ਗੁਰਧਾਮਾਂ ਤੋਂ ਵਿਛੜਨਾ ਪਿਆ। ਪਰ ਅਫਸੋਸ! ਸਿੱਖ ਕੌਮ ਨਾਲ ਆਜ਼ਾਦ ਭਾਰਤ ਵਿਚ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਗਿਆ।

ਕਾਂਗਰਸ ਨੇ 1929, 1937 ਤੇ 1946 ਦੇ ਕਾਂਗਰਸ ਸੈਸ਼ਨਾਂ ਵਿਚ ਬਾਰ ਬਾਰ ਕਸਮਾਂ ਖਾ ਕੇ ਸਿੱਖ ਕੌਮ ਨਾਲ ਵਾਇਦਿਆਂ ਨੂੰ ਪੂਰਾ ਕਰਨ ਲਈ ਪੰਜਾਬ ਨੂੰ ਕਸ਼ਮੀਰ ਵਾਂਗ ਵਿਸ਼ੇਸ਼ ਅਧਿਕਾਰ ਦੇਣਾ ਤਾਂ ਇਕ ਪਾਸੇ ਰਿਹਾ, ਸਗੋਂ 35 ਸਾਲ ਗੁਜ਼ਰਨ ਤੋਂ ਬਾਅਦ ਵੀ ਪੰਜਾਬੀ ਸੂਬਾ ਸੰਪੂਰਨ ਕਰਨ ਲਈ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਹੈਡਵਰਕਸ, ਪਾਣੀ ਤੇ ਬਿਜਲੀ ਪੰਜਾਬ ਨੂੰ ਨਹੀਂ ਦਿੱਤੇ। ਵੱਡੇ ਕਾਰਖਾਨਿਆਂ ਤੋਂ ਵਾਂਝਿਆ ਰੱਖ ਕੇ ਪੰਜਾਬ ਨੂੰ ਮੰਡੀ ਬਣਾ ਕੇ ਲੁੱਟਿਆ ਗਿਆ। ਪੰਜਾਬੀ ਸੂਰਬੀਰ ਕਿਸਾਨਾਂ ਨੇ ਸੱਪਾਂ ਦੀਆਂ ਸਿਰੀਆਂ ਲਿਤਾੜ ਕੇ ਪੋਹ ਦੇ ਕੱਕਰ ਜਾਲ ਕੇ ਤੇ ਹਾੜ ਦੀਆਂ ਧੁੱਪਾਂ ਸਹਾਰ ਕੇ ਭਾਰਤ ਦੀ ਭੁੱਖਮਰੀ ਨੂੰ ਦੂਰ ਕੀਤਾ,ਪਰ ਕਿਸਾਨ ਦੀ ਫਸਲ ਦਾ ਬੀਮਾ ਕਰਕੇ, ਸਨਅਤੀ ਦਰਾਂ ਦੇ ਆਧਾਰ ਤੇ ਕਰਜ਼ਾ ਦੇ ਕੇ, ਪੱਕਿਆਂ ਖਾਲਿਆਂ ਦਾ ਕਰਜ਼ਾ ਸਰਕਾਰ ਜ਼ੁੰਮੇ ਪਾ ਕੇ, ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਨਾਲ ਜੋੜ ਕੇ, ਕਿਸਾਨ ਦੀ ਖੂਨ ਪਸੀਨੇ ਦੀ ਕਮਾਈ ਦਾ ਲਾਹੇਵੰਦ ਭਾਅ ਨਾ ਦਿੱਤਾ। ਕਿਸਾਨ ਦੀ ਮਿਥੀ ਜ਼ਮੀਨ ਦੀ ਹੱਦ ਸਾਢੇ 7 ਹੈਕਟਰ ਤੇ ਆਧਾਰਤ ਸੀਮਤ ਆਮਦਨ ਤੇ ਸੀਮਤ ਜਾਇਦਾਦ ਦਾ ਕਾਨੂੰਨ ਅਪਨਾ ਕੇ ਅਮੀਰੀ ਗਰੀਬੀ ਦੇ ਖੱਪੇ ਨੂੰ ਨਾ ਪੂਰਿਆ। ਦਿੱਲੀ ਦੇ ਤਾਜਦਾਰਾਂ ਨੇ ਕਾਨੂੰਨ ਨੂੰ ਅੱਖੋਂ ਪਰੋਖੇ ਕਰ ਕੇ ਤੇ ਇਖਲਾਕੀ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਲਿਤਾੜ ਕੇ ਪੰਜਾਬ ਦੇ ਰਾਵੀ, ਬਿਆਸ ਤੇ ਸਤਲੁਜ ਦਰਿਆ ਦੇ 3 ਕਰੋੜ 10 ਲੱਖ ਏਕੜ ਫੁੱਟ ਪਾਣੀ ਵਿਚੋਂ 1 ਕਰੋੜ 82 ਲੱਖ ਏਕੜ ਫੁੱਟ ਪਾਣੀ ਰਾਜਿਸਥਾਨ ਤੇ ਹਰਿਆਣੇ ਦੀ ਝੋਲੀ ਪਾਉਣ ਦੀ ਸਾਜ਼ਿਸ਼ ਕੀਤੀ। ਭਾਰਤ ਦੇ ਦੂਜੇ ਪ੍ਰਦੇਸ਼ਾਂ ਵਿਚ ਮਿਲੀਆਂ ਕੁਦਰਤੀ ਧਾਤਾਂ, ਸੋਨਾ, ਚਾਂਦੀ, ਲੋਹਾ ਤੇ ਕੋਲਾ ਆਦਿ ਪੰਜਾਬ ਮੁੱਲ ਤਾਰ ਕੇ ਖ਼ਰੀਦਦਾ ਹੈ। ਪਰ ਪੰਜਾਬ ਦੀ ਕੁਦਰਤੀ ਦਾਤ 20 ਅਰਬ ਰੁਪਏ ਦੇ ਮੁੱਲ ਦੇ ਪਾਣੀ ਨੂੰ ਮੁਫਤ ਲੁੱਟਿਆ ਜਾ ਰਿਹਾ ਹੈ। ਕਾਂਗਰਸ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤੇ ਅਮਲ ਕਰਦਿਆਂ ਪੰਜਾਬ ਵਿਚ ਹਿੰਦੂ - ਸਿੱਖ ਫਸਾਦ ਕਰਾਉਣ ਲਈ ਮਾਸੂਮਾਂ ਤੇ ਬੇਗੁਨਾਹਾਂ ਦਾ ਖੂਨ ਬਹਾਇਆ, ਸ੍ਰੀ ਗੁਰੂ ਗਰੰਥ ਸਾਹਿਬ ਦੀਆਂ ਸੈਂਚੀਆਂ ਨੂੰ ਅਗਨ ਭੇਟ ਕਰਾਇਆ, ਗੁਰਧਾਮਾਂ ਤੇ ਹਮਲੇ ਕਰਵਾਏ ਤੇ ਮੰਦਰਾਂ ਵਿਚ ਗਊਆਂ ਦੇ ਸਿਰ, ਮਾਸ ਤੇ ਪੂਛਾਂ ਸੁਟਵਾਈਆਂ, ਸੈਕੂਲਰ ਦੀ ਢੰਡੋਰਚੀ ਕਾਂਗਰਸ ਨੇ ਗ਼ੈਰ - ਵਿਧਾਨਿਕ ਦੋਸ਼ ਪੂਰਨ ਤੇ ਪੁਲਿਸ ਸ਼ਕਤੀ ਦੀ ਸ਼ਰਮਨਾਕ ਵਰਤੋਂ ਕਰਕੇ ਕਈ ਵਾਰ ਗੁਰਧਾਮਾਂ ਤੇ ਕਬਜ਼ੇ ਕੀਤੇ।



Digitized by Panjab Digital Library | www.panjabdigilib.org

ਆਜ਼ਾਦ ਭਾਰਤ ਵਿਚ 1 ਲੱਖ 75 ਹਜ਼ਾਰ ਸਿੰਘਾਂ, ਸਿੰਘਣੀਆਂ ਨੂੰ ਜੇਲ੍ਹਾਂ ਦੀਆਂ ਸਲਾਖਾਂ ਵਿਚ ਬੰਦ ਕੀਤਾ ਗਿਆ ਤੇ 121 ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ। ਦਰਅਸਲ ਲੋਕਤੰਤਰ ਦੇ ਅਖੌਤੀ ਠੇਕੇਦਾਰ, ਸਮਾਜਵਾਦ ਦੇ ਪਰਦੇ ਪਿੱਛੇ ਬੈਠੇ ਸਰਮਾਏਦਾਰ, ਧਰਮ ਨ੍ਰਿਪੱਖਤਾ ਦੇ ਝੂਠੇ ਝੰਡਾ ਬਰਦਾਰ, ਰਾਜ ਤੇ ਮਾਲ ਦੇ ਰੰਗ ਵਿਚ ਰੱਤੇ ਦਿੱਲੀ ਦੇ ਤਾਜਦਾਰ ਸਿੱਖ ਧਰਮ, ਸਿੱਖੀ ਕਲਚਰ ਤੇ ਸਿੱਖੀ ਸਰੂਪ ਨੂੰ ਮਿਟਾ ਕੇ ਸਿੱਖ ਕੌਮ ਨੂੰ ਗੁਲਾਮ ਬਣਾਉਣ ਦੀ ਭਰਪੂਰ ਕੋਸ਼ਿਸ਼ ਕਰ ਰਹੇ ਹਨ, ਜੋ ਸਾਡੇ ਲਈ ਅਸਹਿ ਹੈ, ਜਿਸ ਲਈ ਅਸੀਂ ਸਮਾਜਿਕ, ਆਰਥਿਕ, ਰਾਜਸੀ ਤੇ ਧਾਰਮਿਕ ਅਸਮਾਨਤਾ ਤੇ ਅਧੀਨਗੀ ਦੀਆਂ ਜੰਜ਼ੀਰਾਂ ਤੋੜਨ ਲਈ ਸਿਵਲ ਨਾ - ਫੁਰਮਾਨੀ ਦਾ ਹਥਿਆਰ ਵਰਤਣ ਲਈ ਮਜ਼ਬੂਰ ਹੋਏ ਹਾਂ ਅਤੇ ਜਿੰਨਾਂ ਚਿਰ ਹੇਠ ਲਿਖੀਆਂ ਪੰਥਕ ਤੇ ਜਨਤਕ ਮੰਗਾਂ ਪ੍ਰਵਾਨ ਨਹੀਂ ਕਰਵਾ ਲੈਂਦੇ, ਧਰਮ ਯੁੱਧ ਜਾਰੀ ਰਹੇਗਾ:

## ਪੰਥਕ ਤੇ ਜਨਤਕ ਮੰਗਾਂ:

1 ਗੁਰਧਾਮਾਂ ਵਿਚ ਸਰਕਾਰੀ ਦਖਲ ਖਤਮ ਕਰਾਉਣਾ ਤੇ ਸਰਬ - ਹਿੰਦ ਗੁਰਦੁਆਰਾ ਐਕਟ ਬਣਵਾਉਣਾ।

2 ਗੁਰਬਾਣੀ ਦੇ ਪ੍ਰਵਾਹ ਲਈ ਸ੍ਰੀ ਹਰਿਮੰਦਰ ਸਾਹਿਬ ਟਰਾਂਸਮੀਟਰ ਲਗਵਾਉਣਾ ਤੇ ਸ੍ਰੀ ਅੰਮ੍ਰਿਤਸਰ ਨੂੰ ਧਾਰਮਿਕ ਸ਼ਹਿਰ ਬਣਵਾਉਣਾ।

3 ਪੰਜਾਬੀ ਸੂਬਾ ਸੰਪੂਰਨ ਕਰਨ ਲਈ ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬ ਦੇ ਹੈੱਡ ਵਰਕਸ, ਪੰਜਾਬ ਦਾ ਪਾਣੀ ਤੇ ਬਿਜਲੀ ਪੰਜਾਬ ਨੂੰ ਦਿਵਾਉਣਾ।

4 ਨਹਿਰੂ ਭਾਸ਼ਾਈ ਫਾਰਮੂਲੇ ਅਨੁਸਾਰ ਗੁਆਂਢੀ ਪ੍ਰਦੇਸ਼ਾਂ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਿਵਾਉਣਾ।

5 ਪੰਜਾਬ ਦੀ ਉੱਨਤੀ ਤੇ ਖੁਸ਼ਹਾਲੀ ਲਈ ਪੰਜਾਬ ਵਿਚ ਵੱਡੇ ਅਤੇ ਖੇਤੀ ਤੇ ਆਧਾਰਤ ਕਾਰਖਾਨੇ ਲਗਵਾਉਣਾ।

6 ਫਸਲ ਦੇ ਬੀਮੇ ਦੀ ਸਹੂਲਤ ਤੇ ਸਨੱਅਤ ਵਾਂਗ ਕਰਜ਼ਾ ਦਿਵਾ ਕੇ ਪੱਕੇ ਖਾਲਿਆਂ ਦੇ ਪੈਸੇ ਸਰਕਾਰ ਦੇ ਜ਼ਿੰਮੇ ਪਵਾਉਣਾ ਤੇ ਜਿਨਸ ਦੇ ਭਾਅ ਨੂੰ ਪੈਦਾਵਾਰੀ ਸਾਧਨਾਂ ਦੇ ਮੁੱਲ ਨਾਲ ਜੋੜ ਕੇ ਕਿਸਾਨ ਦੀ ਫਸਲ ਦਾ ਲਾਹੇਵੰਦ ਭਾਅ ਦਿਲਵਾਉਣਾ।

7 ਅਮੀਰੀ - ਗਰੀਬੀ ਦਾ ਖੱਪਾ ਪੂਰਨ ਲਈ ਜ਼ਮੀਨ ਦੀ ਮਿੱਥੀ ਹੱਦ ਸਾਢੇ 7 ਹੈਕਟਰ ਤੇ ਆਧਾਰਤ ਸੀਮਤ ਆਮਦਨ ਤੇ ਸੀਮਤ ਜਾਇਦਾਦ ਦਾ ਕਾਨੂੰਨ ਬਣਵਾਉਣਾ।

8 ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਭਾਰਤ ਵਿਚ ਅਸਲੀ ਰੂਪ ਵਿਚ ਸੰਘੀ ਸਰਕਾਰ ਸਥਾਪਿਤ ਕਰਨ ਲਈ ਪ੍ਰਦੇਸ਼ਾਂ ਨੂੰ ਵੱਧ ਅਧਿਕਾਰ ਦਿਵਾਉਣਾ।

9 ਅਕਾਲੀ ਵਰਕਰਾਂ, ਵਿਦਿਆਰਥੀਆਂ, ਅੰਮ੍ਰਿਤਧਾਰੀ ਸਿੰਘਾਂ ਤੇ ਮਾਸੂਮ ਸ਼ਹਿਰੀਆਂ ਤੇ ਪੁਲਿਸ ਵਲੋਂ ਬਣਾਏ ਝੂਠੇ ਕੇਸਾਂ ਨੂੰ ਵਾਪਿਸ ਕਰਾਉਣਾ।

10 ਅਤਿਵਾਦੀਆਂ ਦੇ ਨਾਮ ਥੱਲੇ ਪੁਲਿਸ ਹੱਥੋਂ ਸਤਿਵਾਦੀਆਂ ਦੇ ਕਤਲ ਦੀ ਅਦਾਲਤੀ ਜਾਂਚ ਕਰਵਾਉਣਾ ਆਦਿ।



Digitized by Panjab Digital Library | www.panjabdigilib.org

ਕੌਮ ਨੂੰ ਗ਼ੁਲਾਮ ਰੱਖਣ ਲਈ ਕੌਮਾਂ ਦੇ ਗਦਾਰਾਂ ਨੂੰ ਸੋਨੇ ਦੇ ਪਿੰਜਰੇ ਵਿਚ ਪਾਉਣਾ, ਰਾਜਸੀ ਸਵਾਰਥੀਆਂ ਨੂੰ ਕੁਰਸੀਆਂ ਤੇ ਬਿਠਾਉਣਾ, ਕੌਮੀ ਪਰਵਾਨਿਆਂ ਨੂੰ ਕਾਲ ਕੋਠੜੀਆਂ ਵਿਚ ਬੰਦ ਕਰਨਾ ਪੁਰਾਣੇ ਰਾਜਸੀ ਜਾਲ ਹਨ। ਦਿੱਲੀ ਦੇ ਤਾਜਦਾਰ ਸਿੱਖ ਕੌਮ ਨੂੰ ਗ਼ੁਲਾਮ ਬਣਾਉਣ ਲਈ ਕਈ ਵਾਰ ਉਪਰੋਕਤ ਹਰਬੇ ਵਰਤ ਚੁੱਕੇ ਹਨ। ਸਿੱਖ ਕੌਮ ਦਾ ਸਬਰ ਦਾ ਪਿਆਲਾ ਭਰ ਚੁੱਕਾ ਹੈ। ਹੁਣ ਭਾਰਤ ਦਾ ਭਲਾ ਇਸੇ ਵਿਚ ਹੀ ਹੈ ਕਿ ਸਿੱਖ ਕੌਮ ਨੂੰ ਸਮਾਜਿਕ, ਆਰਥਿਕ, ਰਾਜਸੀ ਤੇ ਧਾਰਮਿਕ ਸਮਾਨਤਾ ਤੇ ਸੁਤੰਤ੍ਰਤਾ ਦਾ ਭਾਈਵਾਲ ਬਣਾਇਆ ਜਾਵੇ ਤਾਂ ਕਿ ਸਿੱਖ ਕੌਮ ਦਾ ਭਾਰਤੀ ਲੋਕਤੰਤਰ ਵਿਚ ਵਿਸ਼ਵਾਸ ਬਣਿਆ ਰਹੇ।

ਮੈਨੂੰ ਪੂਰਨ ਆਸ ਹੈ ਕਿ ਆਪ ਜੀ ਪੰਥਕ ਤੇ ਜਨਤਕ ਮੰਗਾਂ ਲਈ ਭਾਰਤੀ ਲੋਕਤੰਤ੍ਰ ਦੇ ਮੰਦਰ ਵਿਚ ਆਵਾਜ਼ ਉਠਾ ਕੇ ਪੰਜਾਬੀਆਂ ਦਾ ਪੱਖ ਕਰਕੇ ਸਿੱਖ ਕੌਮ ਨਾਲ ਹੋ ਰਹੀਆਂ 35 ਸਾਲਾਂ ਦੀਆਂ ਵਧੀਕੀਆਂ ਨੂੰ ਦੂਰ ਕਰਨ ਲਈ ਪੂਰੀ ਕੋਸ਼ਿਸ਼ ਕਰੋਗੇ।

ਗੁਰੂ ਪੰਥ ਦਾ ਦਾਸ

ਹਰਚੰਦ ਸਿੰਘ (ਸੰਤ)

ਪਰਧਾਨ, ਸ਼ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ (ਪੰਜਾਬ)

ਕੀ ਤੁਹਾਨੂੰ ਵਿਸ਼ਵਾਸ ਹੈ ਕਿ ਕੇਂਦਰ ਤੋਂ ਸਿੱਖਾਂ ਨੂੰ ਇਨਸਾਫ ਮਿਲੇਗਾ?



Digitized by Panjab Digital Library | www.panjabdigilib.org

# ਧਰਮ ਯੁੱਧ ਤੇ ਪੰਜਾਬ ਸਰਕਾਰ

ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ ।
ਜਿਉਂ ਜਿਉਂ ਮੰਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ ।

ਪੰਜਾਬੀਆਂ ਲਈ ਆਮ ਕਹਾਵਤ ਹੈ ਕਿ 'ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ' ਪੰਜਾਬ ਦੀ ਧਰਤੀ ਤੇ ਜਿਹੜਾ ਵੀ ਜਾਬਰ ਆਇਆ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ । ਪੰਜਾਬ ਦੇ ਲੋਕਾਂ ਨੇ ਜਿਥੇ ਤਸੀਹੇ ਝੱਲੇ, ਉਥੇ ਬਹਾਦਰੀ ਦੇ ਪੱਖੋਂ ਕਦੇ ਪਿੱਛੇ ਨਹੀਂ ਰਹੇ । ਜਾਬਰਾਂ ਨੇ ਮਜ਼ਲੂਮਾਂ ਤੇ ਜ਼ੁਲਮ ਕੀਤਾ ਤਾਂ ਪੰਜਾਬੀਆਂ ਨੇ ਹੱਥ ਖੰਡਾ ਫੜ ਕੇ ਜਾਬਰਾਂ ਨੂੰ ਐਸਾ ਭਜਾਇਆ ਕਿ ਮੁੜ ਕੇ ਉਨ੍ਹਾਂ ਨੂੰ ਪੰਜਾਬ ਵੱਲ ਦੇਖਣ ਦੀ ਹਿੰਮਤ ਨਾ ਪਈ ।

ਪੰਜਾਬ ਵਿਚ ਜਦੋਂ ਦੀ ਦਰਬਾਰਾ ਸਿੰਘ ਦੀ ਸਰਕਾਰ ਬਣੀ, ਉਸੇ ਸਮੇਂ ਤੋਂ ਕੋਈ ਨਾ ਕੋਈ ਚੱਕਰ ਚਲਦਾ ਪਿਆ ਹੈ । ਦਰਬਾਰਾ ਸਿੰਘ ਨੇ ਆਉਂਦੇ ਸਾਰ ਬੱਸਾਂ ਦੇ ਕਿਰਾਏ ਵਧਾ ਦਿੱਤੇ । ਪੰਜਾਬ ਵਿਚ ਸ਼ਰੋਮਣੀ ਅਕਾਲੀ ਦਲ ਤੇ ਵਿਰੋਧੀ ਪਾਰਟੀਆਂ ਨੇ ਰਲ ਕੇ ਕਿਰਾਇਆ ਘੋਲ ਲੜਿਆ । ਇਸ ਕਿਰਾਏ ਘੋਲ ਦੌਰਾਨ ਜ਼ਿਲ੍ਹਾ ਪੱਧਰ ਤੇ ਡੀ. ਸੀ. ਦਫਤਰਾਂ ਦਾ ਘਿਰਾਓ ਕੀਤਾ ਗਿਆ ਤੇ ਫਿਰ ਪੰਜਾਬ ਅਸੈਂਬਲੀ ਦਾ ਘਿਰਾਓ ਕੀਤਾ । ਦਰਬਾਰਾ ਸਿੰਘ ਨੇ ਕਿਰਾਏ ਘਟਾਉਣ ਲਈ ਵਿਰੋਧੀ ਪਾਰਟੀ ਨੇਤਾਵਾਂ ਨੂੰ ਨਾਲ ਲੈ ਕੇ ਕਮੇਟੀ ਬਣਾ ਦਿੱਤੀ, ਜਿਸ ਨੇ ਵਧੇ ਕਿਰਾਇਆਂ ਬਾਰੇ ਵਿਚਾਰ ਕਰਨੀ ਸੀ ।

ਸ਼ਰੋਮਣੀ ਅਕਾਲੀ ਦਲ ਨੇ ਸਿੱਖ ਮੰਗਾਂ ਦੀ ਖਾਤਰ ਪੰਜਾਬ ਵਿਚ ਪ੍ਰਚਾਰ ਸ਼ੁਰੂ ਕਰ ਦਿੱਤਾ । ਕੇਂਦਰ ਵਿਚ ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਸੀ ਤੇ ਪੰਜਾਬ ਵਿਚ ਦਰਬਾਰਾ ਸਿੰਘ ਮੁੱਖ ਮੰਤਰੀ । ਇਨ੍ਹਾਂ ਦੀ ਆਪਸੀ ਬਣਦੀ ਨਾ ਹੋਣ ਕਾਰਨ ਪੰਜਾਬ ਦੇ ਭਲੇ ਲਈ ਕੁਝ ਸੋਚ ਨਾ ਸਕੇ । ਸ਼ਰੋਮਣੀ ਅਕਾਲੀ ਦਲ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਅਤੇ ਸਿੱਖ ਮੰਗਾਂ ਮੰਨਵਾਉਣ ਦੀ ਖਾਤਰ ਧਰਮ ਯੁੱਧ ਦੀਆਂ ਤਿਆਰੀਆਂ ਆਰੰਭ ਦਿੱਤੀਆਂ ।

ਕੇਂਦਰ ਸਰਕਾਰ ਨੇ ਪੰਜਾਬ ਦਾ ਪਾਣੀ ਖੋਹ ਕੇ ਹਰਿਆਣਾ ਤੇ ਰਾਜਿਸਥਾਨ ਨੂੰ ਦੇ ਦਿੱਤਾ ਤੇ ਅਕਾਲੀ ਦਲ ਦੀ ਸਰਕਾਰ ਸਮੇਂ ਅਕਾਲੀ ਦਲ ਵਲੋਂ ਸੁਪਰੀਮ ਕੋਰਟ ਵਿਚ ਪਾਣੀ ਦੇ ਮਸਲੇ ਲਈ ਕੀਤਾ ਕੇਸ ਵਾਪਿਸ ਲੈ ਲਿਆ । ਕੇਂਦਰ ਤੇ ਪੰਜਾਬ ਦੋਹਾਂ ਥਾਵਾਂ ਤੇ ਕਾਂਗਰਸ ਸਰਕਾਰ ਸੀ ਪਰ ਅਕਾਲੀ ਦਲ ਨੇ ਇਸ ਗੱਲ ਦਾ ਵਿਰੋਧ ਕੀਤਾ । ਸ਼ਰੋਮਣੀ ਅਕਾਲੀ ਦਲ ਵਲੋਂ ਕਪੂਰੀ ਮੋਰਚਾ ਸ਼ੁਰੂ ਹੋ ਗਿਆ ਪਰ ਪੰਜਾਬ ਸਰਕਾਰ ਨੇ ਕਿਸੇ ਅਕਾਲੀ ਨੂੰ ਗ੍ਰਿਫਤਾਰ ਨਾ ਕੀਤਾ ।

ਪੰਜਾਬ ਵਿਚ 13 ਅਪਰੈਲ 1978 ਦੇ ਸਾਕੇ ਤੋਂ ਬਾਅਦ ਸਿੱਖ ਨੌਜਵਾਨਾਂ ਵਿਚ ਬਹੁਤ ਜਾਗਰਤੀ ਆ ਚੁੱਕੀ ਸੀ । ਭਾਰਤ ਸਰਕਾਰ ਨੇ ਨਿਰੰਕਾਰੀ ਕਾਂਡ ਵਿਚ ਸਿੱਖਾਂ ਨੂੰ ਕੋਈ ਇਨਸਾਫ ਨਾ ਦਿੱਤਾ ਤਾਂ ਜੁਝਾਰੂ ਸਿੰਘਾਂ ਨੇ ਜ਼ਾਲਮਾਂ ਨੂੰ ਆਪ ਸੋਧਣ ਦਾ ਪ੍ਰੋਗਰਾਮ ਬਣਾ ਲਿਆ । ਪੰਜਾਬ ਵਿਚ ਨਿਰੰਕਾਰੀਆਂ ਦਾ ਕਤਲ ਹੋਣਾ ਸ਼ੁਰੂ ਹੋ ਗਿਆ ਤੇ ਸਰਕਾਰ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰਦੀ ਸੀ ਤੇ ਨਾ ਹੀ ਕਾਤਲ ਲੱਭ ਸਕਦੇ ਸਨ । ਪੰਜਾਬ ਵਿਚ 9 ਸਤੰਬਰ 1981 ਨੂੰ ਲਾਲਾ ਜਗਤ ਨਾਰਾਇਣ ਦਾ ਕਤਲ ਹੋ ਗਿਆ । ਸੰਤ ਜਰਨੈਲ ਸਿੰਘ



Digitized by Panjab Digital Library | www.panjabdigilib.org

ਭਿੰਡਰਾਂਵਾਲੇ ਉਸ ਸਮੇਂ ਚੰਦੋਂਕਲਾਂ ਹਰਿਆਣੇ ਵਿਚ ਕਥਾ ਦਾ ਪ੍ਰਵਾਹ ਚਲਾ ਰਹੇ ਸਨ। ਜਦ ਸੰਤਾਂ ਨੂੰ ਸਰਕਾਰ ਦੀ ਕਾਰਵਾਈ ਦਾ ਪਤਾ ਲੱਗਿਆ ਤਾਂ ਆਪ ਰਾਤੋ ਰਾਤ ਮਹਿਤੇ ਪਹੁੰਚ ਗਏ। ਪਰ ਪੰਜਾਬ ਤੇ ਹਰਿਆਣਾ ਸਰਕਾਰ ਦੀ ਪੁਲਿਸ ਨੇ ਚੰਦੋਂਕਲਾਂ ਵਿਚ ਸੰਤਾਂ ਦੀਆਂ ਗੱਡੀਆਂ ਸਾੜ ਦਿੱਤੀਆਂ। ਅਖੀਰ ਸੰਤ ਭਿੰਡਰਾਂ ਵਾਲਿਆਂ ਨੇ 20 ਸਤੰਬਰ 1981 ਨੂੰ ਮਹਿਤੇ ਗ੍ਰਿਫਤਾਰੀ ਦੇ ਦਿੱਤੀ ਪਰ ਪਿੱਛੋਂ ਪੁਲਿਸ ਨੇ ਅੰਧਾਧੁੰਦ ਗੋਲੀ ਚਲਾ ਕੇ 24 ਸਿੰਘ ਸ਼ਹੀਦ ਕਰ ਦਿੱਤੇ। ਸੰਤਾਂ ਤੋਂ ਪੁੱਛਗਿੱਛ ਤੋਂ ਬਾਅਦ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਤੇ ਫਿਰ 15 ਅਕਤੂਬਰ ਨੂੰ ਬਿਨਾਂ ਸ਼ਰਤ ਰਿਹਾ ਕਰ ਦਿੱਤਾ। ਇਸ ਵਿਚ ਪੰਜਾਬ ਸਰਕਾਰ ਦੀ ਬਹੁਤ ਵੱਡੀ ਹਾਰ ਸੀ। ਜੇ ਲਾਲੇ ਦਾ ਕਤਲ ਸੰਤਾਂ ਨੇ ਕੀਤਾ ਸੀ ਤਾਂ ਸੰਤਾਂ ਨੂੰ ਛੱਡਿਆ ਕਿਉਂ ਗਿਆ? ਜੇ ਲਾਲੇ ਦਾ ਕਤਲ ਸੰਤਾਂ ਨੇ ਨਹੀਂ ਸੀ ਕੀਤਾ, ਤਾਂ ਸੰਤਾਂ ਨੂੰ ਗ੍ਰਿਫਤਾਰ ਕਿਉਂ ਕੀਤਾ ਗਿਆ? ਸੰਤਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਦਾ ਮਾਹੌਲ ਖਰਾਬ ਹੋ ਗਿਆ। ਥਾਂ ਥਾਂ ਰੈਲੀਆਂ, ਮੁਜਾਹਰੇ, ਬੰਬ ਧਮਾਕੇ, ਗੋਲੀ ਕਾਂਡ, ਬੱਸਾਂ ਦੀ ਸਾੜ੍ਹ ਫੂਕ ਸ਼ੁਰੂ ਹੋ ਗਈ। ਇਹ ਮਾਹੌਲ ਵਿਗੜਦਾ ਹੀ ਗਿਆ। ਸਰਕਾਰ ਨੇ ਸਿੱਖ ਨੌਜਵਾਨਾਂ ਨੂੰ ਫੜ ਕੇ ਝੂਠੇ ਕੇਸ ਪਾ ਕੇ ਜੇਲ੍ਹ ਭੇਜ ਦਿੱਤਾ ਤੇ ਝੂਠੇ ਪੁਲਿਸ ਮੁਕਾਬਲੇ ਬਣਾਉਣੇ ਸ਼ੁਰੂ ਕਰ ਦਿੱਤੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਭਾਈ ਅਮਰੀਕ ਸਿੰਘ ਹੀ ਜ਼ਿਆਦਾਤਰ ਨੌਜਵਾਨਾਂ ਦੇ ਕੇਸਾਂ ਦੀ ਪੈਰਵਾਈ ਕਰਦੇ ਸਨ। ਪੰਜਾਬ ਸਰਕਾਰ ਨੇ 19 ਜੁਲਾਈ 1982 ਨੂੰ ਭਾਈ ਅਮਰੀਕ ਸਿੰਘ ਤੇ ਬਾਬਾ ਥਾਰਾ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਸ ਦਿਨ ਤੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ 51-51 ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ ਤੇ ਮੋਰਚਾ ਲਗਾ ਦਿੱਤਾ। ਅਖੀਰ ਸ਼੍ਰੋਮਣੀ ਅਕਾਲੀ ਦਲ ਨੇ ਇਸੇ ਮੋਰਚੇ ਨੂੰ ਧਰਮ ਯੁੱਧ ਦਾ ਰੂਪ ਦੇ ਦਿੱਤਾ।

ਪੰਜਾਬ ਸਰਕਾਰ ਨੇ ਪਿੰਡਾਂ ਵਿਚ ਮੋਰਚੇ ਵਿਰੁੱਧ ਪ੍ਰਚਾਰ ਕੀਤਾ। ਪਿੰਡਾਂ ਦੀਆਂ ਪੰਚਾਇਤਾਂ ਤੋਂ ਮੋਰਚੇ ਵਿਰੁੱਧ ਮਤੇ ਕਰਵਾਏ ਤੇ ਕਿਹਾ ਕਿ ਮੋਰਚੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹੀ ਚਲਾ ਰਹੇ ਹਨ, ਜਿਨ੍ਹਾਂ ਦੀ ਗਿਣਤੀ 5-6 ਹਜ਼ਾਰ ਦੇ ਕਰੀਬ ਹੈ। ਪਰ ਸਰਕਾਰ ਦੀ ਕਹੀ ਹੋਈ ਗੱਲ ਗ਼ਲਤ ਸਾਬਤ ਹੋਈ, ਜਦੋਂ ਦਿਨ੍ਹਾਂ ਵਿਚ ਹੀ ਪੰਜਾਬ ਦੀਆਂ ਜੇਲ੍ਹਾਂ ਭਰ ਗਈਆਂ। ਹੁਣ ਪੰਜਾਬ ਸਰਕਾਰ ਨੇ ਘਰਾਂ ਤੋਂ ਅਕਾਲੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਪਰ ਮੋਰਚਾ ਫਿਰ ਵੀ ਉਸੇ ਰਫ਼ਤਾਰ ਨਾਲ ਚਲਦਾ ਰਿਹਾ।

ਪੰਜਾਬ ਸਰਕਾਰ ਨੇ ਕੇਂਦਰ ਨੂੰ ਗ਼ਲਤ ਰੀਪੋਰਟਾਂ ਦਿੱਤੀਆਂ। ਕਦਮ ਕਦਮ ਤੇ ਝੂਠ ਬੋਲਿਆ ਪਰ ਸਚਾਈ ਸਾਹਮਣੇ ਆਉਂਦੀ ਗਈ। ਪੰਜਾਬ ਸਰਕਾਰ ਦੇ ਵਜ਼ੀਰਾਂ ਦੀਆਂ ਪਿੰਡ ਪਿੰਡ ਫਿਰਨ ਦੀਆਂ ਡਿਊਟੀਆਂ ਲੱਗ ਗਈਆਂ ਪਰ ਇਸ ਨਾਲ ਵੀ ਉਹ ਮੋਰਚੇ ਨੂੰ ਠੰਢਾ ਨਾ ਕਰ ਸਕੇ। ਸਗੋਂ ਜਿਨ੍ਹਾਂ ਲੋਕਾਂ ਨੂੰ ਮੋਰਚੇ ਬਾਰੇ ਪਤਾ ਨਹੀਂ ਸੀ, ਉਨ੍ਹਾਂ ਨੂੰ ਵੀ ਪਤਾ ਲੱਗ ਗਿਆ। ਸਰਕਾਰ ਨੇ ਮੋਰਚੇ ਵਿਰੁੱਧ ਹੱਦੋਂ ਵੱਧ ਖਰਚ ਕੀਤਾ ਤੇ ਹੱਦੋ ਵੱਧ ਪਰਚਾਰ ਕੀਤਾ ਪਰ ਲੋਕਾਂ ਵਿਚ ਪੂਰਾ ਜੋਸ਼ ਸੀ। ਅਖੀਰ ਸਰਕਾਰ ਨੇ 16 ਅਕਤੂਬਰ ਨੂੰ ਜੇਲ੍ਹਾਂ ਵਿਚੋਂ ਸਾਰੇ ਸਿੰਘ ਬਿਨਾਂ ਸ਼ਰਤ ਰਿਹਾ ਕਰ ਦਿੱਤੇ ਪਰ ਮੋਰਚਾ ਉਸੇ ਤਰ੍ਹਾਂ ਚੱਲ ਰਿਹਾ ਹੈ। ਸਰਕਾਰ ਸਿੰਘਾਂ ਨੂੰ ਗ੍ਰਿਫਤਾਰ ਨਹੀਂ ਕਰਦੀ ਕਿਉਂਕਿ ਦਰਬਾਰਾ ਸਿੰਘ ਨੇ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਕ੍ਰਿਸ਼ਮਾ ਦੇਖ ਲਿਆ ਹੈ।

ਪੰਜਾਬ ਸਰਕਾਰ ਦੇ ਮੰਤਰੀ ਤਰ੍ਹਾ ਤਰ੍ਹਾਂ ਦੀ ਬੋਲੀ ਬੋਲਣ ਲੱਗੇ ਹਨ ਕਿ ਇਹ ਮੋਰਚਾ ਫਿਰਕੂ ਹੈ, ਇਸ ਮੋਰਚੇ ਨੂੰ ਵਿਦੇਸ਼ੀ ਸ਼ਹਿ ਹੈ, ਇਹ ਮੋਰਚਾ ਹਿੰਦੂਆਂ ਦੇ ਵਿਰੁੱਧ ਹੈ, ਅਕਾਲੀ ਖਾਲਿਸਤਾਨ ਦੀ ਮੰਗ ਕਰ ਰਹੇ ਹਨ, ਮੋਰਚਾ ਹੁਣ ਅਤਿਵਾਦੀਆਂ ਦੇ ਹੱਥਾਂ ਵਿਚ ਚਲਾ ਗਿਆ ਹੈ, ਅਕਾਲੀਆਂ ਦਾ ਮੋਰਚਾ ਤਬਾਹੀ ਵਾਲੇ ਪਾਸੇ ਜਾ ਰਿਹਾ ਹੈ, ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਅਸਲ ਵਿਚ ਕੁਰਸੀ ਯੁੱਧ ਮੋਰਚਾ ਹੈ.... ਇਹ ਗ਼ਲਤ ਪਰਚਾਰ ਪੰਜਾਬ



Digitized by Panjab Digital Library | www.panjabdigilib.org

ਸਰਕਾਰ ਵਲੋਂ ਕੀਤਾ ਗਿਆ ਪਰ ਇਸ ਪ੍ਰਚਾਰ ਦਾ ਲੋਕਾਂ ਉਪਰ ਕੋਈ ਅਸਰ ਨਾ ਪਿਆ।

ਦਰਬਾਰਾ ਸਿੰਘ ਨੇ ਕੇਂਦਰ ਦੀ ਸ਼ਹਿ ਤੇ ਹੁਣ ਸਿੱਖ ਨੌਜਵਾਨਾਂ ਅਤੇ ਸਿੱਖੀ ਦੀ ਗੱਲ ਕਰਨ ਵਾਲਿਆਂ ਨੂੰ ਤਸੀਹੇ ਦੇਣੇ ਸ਼ੁਰੂ ਕੀਤੇ। ਪੁਲਿਸ ਨੂੰ ਖੁੱਲ੍ਹੇ ਅਧਿਕਾਰ ਦੇ ਦਿੱਤੇ ਕਿ, ਜਿਥੇ ਕੋਈ ਸਿੱਖ ਨੌਜਵਾਨ ਮਿਲੇ, ਗੋਲੀ ਮਾਰ ਦਿਓ। ਥਾਂ ਥਾਂ ਸਿੱਖ ਨੌਜਵਾਨਾਂ ਨੂੰ ਅਖੌਤੀ ਪੁਲਿਸ ਮੁਕਾਬਲਿਆਂ ਰਾਹੀਂ ਸ਼ਹੀਦ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਕੇ ਰਾਜਿਸਥਾਨ ਦੀ ਨਹਿਰ ਵਿਚ ਸੁੱਟਿਆ ਗਿਆ। ਇਸ ਗੱਲ ਦੀ ਤਰਦੀਦ ਰਾਜਿਸਥਾਨ ਦੀ ਸਰਕਾਰ ਨੇ ਵੀ ਕਰ ਚੁੱਕੀ ਹੈ। ਅੱਜ ਜੋ ਜ਼ੁਲਮ ਦਰਬਾਰਾ ਸਿੰਘ ਕਰਵਾ ਰਿਹਾ ਹੈ ਤੇ ਪੰਜਾਬ ਪੁਲਿਸ ਕਰ ਰਹੀ ਹੈ, ਇਸ ਨੇ ਮੁਗਲਾਂ ਤੇ ਅੰਗਰੇਜ਼ਾਂ ਨੂੰ ਵੀ ਮਾਤ ਪਾ ਦਿੱਤਾ ਹੈ। ਪਰ ਸਮਾਂ ਆਉਣ ਤੇ ਇਸ ਗੱਲ ਦਾ ਭੁਗਤਾਨ ਭੁਗਤਣਾ ਪਵੇਗਾ। ਇਤਿਹਾਸ ਗਵਾਹ ਹੈ ਕਿ ਸਿੱਖਾਂ ਤੇ ਜ਼ੁਲਮ ਕਰਨ ਵਾਲੇ ਦਾ ਮਗਰੋਂ ਹਾਲ ਕੀ ਹੋਇਆ ਹੈ। ਇਸ ਬਾਰੇ ਸੋਚ ਲੈਣਾ ਚਾਹੀਦਾ ਹੈ। ਪੰਜਾਬ ਸਰਕਾਰ ਦੇ ਕਾਰਕੁੰਨੋ! ਕੰਨ ਖੋਲ੍ਹ ਕੇ ਸੁਣ ਲਵੋ, ਸਿੱਖਾਂ ਤੇ ਜ਼ੁਲਮ ਕਰਨ ਵਾਲੇ ਪ੍ਰਤਾਪ ਸਿੰਘ ਕੈਰੋਂ ਦੀ ਲਾਸ਼ 10 ਘੰਟੇ ਜੀ. ਟੀ. ਰੋਡ ਤੇ ਪਈ ਰਹੀ, ਕਿਸੇ ਨੇ ਨਾ ਚੁੱਕੀ। ਤੁਹਾਡੀ ਤਾਂ ਲਾਸ਼ ਕਿਸੇ ਨੇ ਚੁੱਕਣੀ ਤੱਕ ਨਹੀਂ। ਹੋਸ਼ ਵਿਚ ਆਵੋ! ਪੰਜਾਬ ਸਰਕਾਰ ਖਤਮ ਹੋ ਜਾਵੇਗੀ ਤੇ ਅਖੀਰ ਫਤਹਿ ਖਾਲਸਾ ਪੰਥ ਦੀ ਹੋਵੇਗੀ।



Digitized by Panjab Digital Library | www.panjabdigilib.org

# ਧਰਮ ਯੁੱਧ ਦੀ ਵਰ੍ਹੇ ਗੰਢ

ਮਿਲਦਾ ਅੰਮ੍ਰਿਤਸਰ ਸ਼ਹਾਦਤ ਦਾ ਹੈ ਅੰਮ੍ਰਿਤ
ਸੁਣ ਕੇ ਚੱਲੇ ਹਾਂ ਅਸੀਂ ਘਮਸਾਨ ਅੰਦਰ
ਛਨੇ ਫੜੀ ਸ਼ਹੀਦ ਉਡੀਕਦੇ ਨੇ
ਪੀਵੇ ਸੋ ਜੋ ਨਿਤਰੇ ਮੈਦਾਨ ਅੰਦਰ ।

ਸ਼ਰੋਮਣੀ ਅਕਾਲੀ ਦਲ ਨੇ 4 ਅਗਸਤ 1982 ਨੂੰ ਸ. ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿਚ 1100 ਸਿੰਘਾਂ ਦਾ ਜਥਾ ਭੇਜ ਕੇ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਸੀ । ਇਸ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਖਾਲਸਾ ਜੀ ਨੇ 19 ਜੁਲਾਈ 1982 ਤੋਂ 3 ਅਗਸਤ 1982 ਤੱਕ ਹਰ ਰੋਜ਼ 51-51 ਸਿੰਘਾਂ ਦੇ ਜਥੇ ਭੇਜੇ ਸਨ ਪਰ 4 ਅਗਸਤ ਤੋਂ ਸ਼ਰੋਮਣੀ ਅਕਾਲੀ ਦਲ ਨੇ ਇਸ ਮੋਰਚੇ ਨੂੰ ਧਰਮ ਯੁੱਧ ਵਿਚ ਬਦਲ ਦਿੱਤਾ।

ਸ਼ਰੋਮਣੀ ਅਕਾਲੀ ਦਲ ਵਲੋਂ 4 ਅਗਸਤ 1983 ਨੂੰ ਧਰਮ ਯੁੱਧ ਮੋਰਚੇ ਦੀ ਵਰ੍ਹੇ ਗੰਢ ਮਨਾਈ ਗਈ । ਇਹ ਇਕ ਸਾਲ ਦੇ ਧਰਮ ਯੁੱਧ ਮੋਰਚੇ ਦੌਰਾਨ ਸ਼ਰੋਮਣੀ ਅਕਾਲੀ ਦਲ ਨੂੰ ਕੀ ਪ੍ਰਾਪਤ ਹੋਈ? ਮੋਰਚਾ ਕਿੱਥੇ ਪਹੁੰਚਿਆ ਅਤੇ ਹੁਣ ਕਿੱਥੇ ਚੱਲ ਰਿਹਾ ਹੈ? ਇਸ ਬਾਰੇ ਅਨੁਮਾਨ ਲਗਾਉਣਾ ਬਹੁਤ ਜ਼ਰੂਰੀ ਹੈ । ਸ਼ਰੋਮਣੀ ਅਕਾਲੀ ਦਲ ਦੇ ਪ੍ਰੋਗਰਾਮ ਅਨੁਸਾਰ 4 ਅਗਸਤ ਨੂੰ ਪਿੰਡਾਂ ਤੇ ਸ਼ਹਿਰਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਅਤੇ ਮੋਰਚੇ ਦੀ ਸਫਲਤਾ ਲਈ ਅਰਦਾਸਾਂ ਕੀਤੀਆਂ ਗਈਆਂ । ਅਕਾਲੀ ਦਲ ਦਾ ਇਹ ਦਿਨ ਮੁਖ ਸਮਾਗਮ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਅੰਮ੍ਰਿਤਸਰ ਵਿਚ ਸੀ । ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਇਕੱਠੀਆਂ ਹੋਈਆਂ । ਇਸ ਸਮਾਗਮ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੇ ਵਿਚਾਰ ਰੱਖੇ ਤੇ ਮੋਰਚੇ ਨੂੰ ਹੋਰ ਤਕੜਾ ਕਰਨ ਲਈ ਸੰਗਤਾਂ ਅੱਗੇ ਅਪੀਲ ਕੀਤੀ ਕਿ ਸਾਡੀ ਕੇਂਦਰ ਨਾਲ ਫੈਸਲਾਕੁੰਨ ਲੜਾਈ ਹੈ । ਇਹ ਲੜਾਈ ਲੰਬੀ ਹੋ ਸਕਦੀ ਹੈ ਪਰ ਸੰਗਤਾਂ ਨੂੰ ਚਾਹੀਦਾ ਹੈ ਕਿ ਉਹ ਉਸੇ ਤਰ੍ਹਾਂ ਸਾਥ ਦਿੰਦੇ ਰਹਿਣ, ਅਖੀਰ ਫਤਹਿ ਖਾਲਸਾ ਪੰਥ ਦੀ ਹੋਵੇਗੀ ।

ਭਾਰਤ ਤੋਂ ਬਾਹਰ ਬੈਠੇ ਸਿੰਘਾਂ ਨੇ ਵੀ ਮੋਰਚੇ ਦੀ ਸਫਲਤਾ ਲਈ ਅਰਦਾਸ ਕੀਤੀ ਅਤੇ ਸੰਤ ਲੌਂਗੋਵਾਲ ਜੀ ਨੂੰ ਇਕ ਸਾਲ ਲਗਾਤਾਰ ਸ਼ਾਂਤਮਈ ਢੰਗ ਨਾਲ ਮੋਰਚਾ ਚਲਾਉਣ ਦੀ ਵਧਾਈ ਦਿੱਤੀ । ਸ. ਗੰਗਾ ਸਿੰਘ ਢਿੱਲੋਂ ਨੇ ਅਮਰੀਕਾ ਤੋਂ ਇਕ ਸਾਲ ਲਗਾਤਾਰ ਸ਼ਾਂਤਮਈ ਢੰਗ ਨਾਲ ਚੱਲ ਰਹੇ ਮੋਰਚੇ ਬਾਰੇ ਵਧਾਈ ਦਿੰਦਿਆਂ ਹੋਇਆ ਆਖਿਆ ਕਿ:

ਸ਼੍ਰੋਮਣੀ ਅਕਾਲੀ ਦਲ ਵਲੋਂ ਚੱਲ ਰਿਹਾ ਧਰਮ ਯੁੱਧ ਮੋਰਚਾ ਦੇਸ਼ ਦੇ ਵੱਧ ਅਧਿਕਾਰਾਂ ਲਈ ਹੈ । ਇਸ ਵਿਚ ਖਾਲਿਸਤਾਨ ਦੀ ਮੰਗ ਨਹੀਂ ਕੀਤੀ ਗਈ ।

ਮੋਰਚੇ ਨੂੰ ਸ਼ੁਰੂ ਹੋਇਆਂ ਇਕ ਸਾਲ ਹੋ ਗਿਆ ਹੈ । ਹੁਣ ਤੱਕ ਡੇਢ ਲੱਖ ਸਿੰਘ ਗ੍ਰਿਫਤਾਰੀਆਂ ਦੇ ਚੁੱਕੇ ਹਨ ਤੇ 200 ਦੇ ਕਰੀਬ ਸਿੰਘ ਸ਼ਹੀਦੀ ਪਾ ਚੁੱਕੇ ਹਨ ਪਰ ਸਰਕਾਰ ਤੇ ਇਸ ਗੱਲਦਾ ਕੋਈ ਅਸਰ ਮਹਿਸੂਸ ਨਹੀਂ ਹੁੰਦਾ ।

ਮੋਰਚੇ ਦੌਰਾਨ ਸਭ ਤੋਂ ਵੱਡੀ ਪਰਾਪਤੀ ਪੰਥਕ ਏਕਤਾ ਦਾ ਹੋਣਾ ਹੈ ਜੋ ਬਹੁਤ ਜ਼ਰੂਰੀ



Digitized by Panjab Digital Library | www.panjabdigilib.org

ਸੀ। ਏਕਤਾ ਬਿਨਾਂ ਕੋਈ ਕੰਮ ਨਹੀਂ ਹੋ ਸਕਦਾ। ਏਕਤਾ ਦੇ ਨਾਂ ਤੋਂ ਸਰਕਾਰ ਵੀ ਡਰਦੀ ਹੈ ਕਿਉਂਕਿ ਸਰਕਾਰ ਦੀ ਨੀਤੀ ਰਹੀ ਹੈ 'ਪਾੜੋ ਤੇ ਰਾਜ ਕਰੋ'। ਪਰ ਇਸ ਏਕਤਾ ਹੋਣ ਦੇ ਬਾਵਜੂਦ ਮੋਰਚਾ ਲੰਬਾ ਹੁੰਦਾ ਜਾ ਰਿਹਾ ਹੈ। ਸਰਕਾਰ ਇਸ ਨੂੰ ਆਸਾਮ ਵਾਲੇ ਹਾਲਾਤ ਵਿਚ ਲੈ ਜਾਣਾ ਚਾਹੁੰਦੀ ਹੈ ਪਰ ਸਰਕਾਰ ਨੂੰ ਬਹੁਤ ਵੱਡਾ ਭੁਲੇਖਾ ਹੈ। ਉਹ ਸਿੰਘਾਂ ਦੇ ਜੋਸ਼ ਨੂੰ ਨਹੀਂ ਜਾਣਦੀ। ਜਿਸ ਦਿਨ ਸਿੰਘ ਆਪਣੇ ਆਪਣੇ ਥਾਂ ਡਟ ਗਏ ਤਾਂ ਫਿਰ ਸਰਕਾਰ ਨੂੰ ਸਿੰਘਾਂ ਮੂਹਰੇ ਖੜ੍ਹਨਾ ਔਖਾ ਹੋ ਜਾਵੇਗਾ। ਮੋਰਚੇ ਦੌਰਾਨ ਜੋ ਸ਼ਹੀਦੀਆਂ ਹੋਈਆਂ ਹਨ, ਵਿਅਰਥ ਨਹੀਂ ਜਾਣਗੀਆਂ। ਸ਼ਹੀਦਾਂ ਦਾ ਖੂਨ ਰੰਗ ਲਿਆਵੇਗਾ। ਸੰਤ ਲੌਂਗੋਵਾਲ ਜੀ ਨੇ ਕਿਹਾ ਕਿ ਅਸੀਂ ਆਪਣੀਆਂ ਮੰਗਾਂ ਬਾਰੇ ਬਹੁਤ ਵਾਰੀ ਸਪੱਸ਼ਟ ਕਰ ਚੁੱਕੇ ਹਾਂ। ਜਿਸ ਨੂੰ ਕੋਈ ਸ਼ੰਕਾ ਹੋਵੇ, ਉਹ ਸਾਡੇ ਕੋਲ ਆ ਕੇ ਆਪਣਾ ਸ਼ੰਕਾ ਨਿਵਿਰਤ ਕਰ ਸਕਦਾ ਹੈ। ਅਸੀਂ ਸ਼ਾਂਤਮਈ ਮੋਰਚਾ ਚਲਾ ਰਹੇ ਹਾਂ। ਸਾਡਾ ਅਤਿਵਾਦੀ ਕਾਰਵਾਈਆਂ ਨਾਲ ਕੋਈ ਸੰਬੰਧ ਨਹੀਂ। ਇਹ ਅਤਿਵਾਦੀ ਕਾਰਵਾਈਆਂ ਸਰਕਾਰ ਆਪ ਕਰਵਾ ਰਹੀ ਹੈ। ਅਸੀਂ ਆਪਣਾ ਮੋਰਚਾ ਰਾਜਾਂ ਨੂੰ ਖੁਦ ਮੁਖਤਿਆਰੀ ਤੇ ਆਪਣੀਆਂ ਮੰਗਾਂ ਮਨਵਾਉਣ ਤੱਕ ਜਾਰੀ ਰੱਖਾਂਗੇ। ਸਮੁੱਚਾ ਖਾਲਸਾ ਪੰਥ ਮੋਰਚੇ ਦੀ ਸਫਲਤਾ ਲਈ ਅਰਦਾਸ ਕਰੇ।



Digitized by Panjab Digital Library | www.panjabdigilib.org

# ਮੋਰਚੇ ਦਾ ਕੀ ਬਣੇਗਾ?

ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ
ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ ।

ਸ਼ਰੋਮਣੀ ਅਕਾਲੀ ਦਲ ਵਲੋਂ ਚੱਲ ਰਿਹਾ ਧਰਮ ਯੁੱਧ ਮੋਰਚਾ ਆਪਣੀ ਵਰ੍ਹੇ ਗੰਢ ਮਨਾ ਚੁੱਕਿਆ ਹੈ ਅਤੇ ਮੋਰਚਾ ਦਿਨੋਂ ਦਿਨ ਲੰਬਾ ਹੁੰਦਾ ਜਾ ਰਿਹਾ ਹੈ । ਆਮ ਲੋਕ ਗੱਲਾਂ ਕਰਨ ਲੱਗ ਪਏ ਹਨ ਕਿ ਅੱਗੇ ਇੰਨਾ ਲੰਬਾ ਮੋਰਚਾ ਕਦੇ ਨਹੀਂ ਲੱਗਿਆ । ਕੇਂਦਰ ਸਰਕਾਰ ਢੀਠ ਹੋ ਗਈ ਹੈ ਅਤੇ ਆਖਿਰ ਮੋਰਚੇ ਦਾ ਸਿੱਟਾ ਕੀ ਨਿਕਲੇਗਾ?

ਹਰ ਰੋਜ਼ ਸੈਂਕੜੇ ਸਿੰਘ ਮਿਲਣ ਆਉਂਦੇ ਹਨ ਅਤੇ ਇਹ ਹੀ ਪ੍ਰਸ਼ਨ ਕਰਦੇ ਹਨ ਕਿ ਮੋਰਚੇ ਦਾ ਕੀ ਹੋਵੇਗਾ ਅਤੇ ਅਖੀਰ ਸਿੱਟੇ ਕੀ ਨਿਕਲਣਗੇ ।

ਅਸੀਂ ਹਮੇਸ਼ਾਂ ਉੱਤਰ ਦਿੰਦੇ ਹਾਂ ਕਿ ਮੋਰਚਾ ਫਤਹਿ ਹੋਵੇਗਾ ਅਤੇ ਜਿੱਤ ਸਿੱਖ ਕੌਮ ਦੀ ਹੋਵੇਗੀ ।

ਪਰ ਇਸ ਨਾਲ ਉਨ੍ਹਾਂ ਦੇ ਮਨ ਨੂੰ ਤਸੱਲੀ ਨਹੀਂ ਆਉਂਦੀ ਤੇ ਫਿਰ ਕਹਿੰਦੇ ਹਨ ਕਿ ਅਖੀਰ ਬਣੇਗਾ ਕੀ?

ਅਸੀਂ ਗੁਰੂ ਦੀ ਕਿਰਪਾ ਦੁਆਰਾ ਕਹਿੰਦੇ ਹਾਂ ਕਿ, ਆਨੰਦਪੁਰ ਦਾ ਮਤਾ ਪ੍ਰਵਾਨ ਹੋਵੇਗਾ ਅਤੇ ਸ਼ਰੋਮਣੀ ਅਕਾਲੀ ਦਲ ਜ਼ਿੰਦਾਬਾਦ ਦੇ ਨਾਅਰੇ ਗੂੰਜਣਗੇ । ਕੇਂਦਰ ਸਰਕਾਰ ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਮੰਨਣਾ ਪੈਣਾ ਹੈ ਅਤੇ ਸਿੱਖ ਕੌਮ ਨੂੰ ਮੰਨਦੇ ਹੋਏ ਸਾਰੀਆਂ ਮੰਗਾਂ ਦੀ ਪ੍ਰਵਾਨਗੀ ਦੇਣੀ ਹੋਵੇਗੀ ।

ਤੁਸੀਂ ਆਪ ਸੋਚੋ ਕਿ, ਮੋਰਚਾ ਪੂਰੇ ਇਕ ਸਾਲ ਤੋਂ ਨਿਰੰਤਰ ਆਪਣੀ ਚਾਲ ਚੱਲੀ ਜਾ ਰਿਹਾ ਹੈ । ਭਾਵੇਂ ਇੰਨਾ ਲੰਬਾ ਮੋਰਚਾ ਅੱਗੇ ਕਦੇ ਨਹੀਂ ਲੱਗਿਆ ਪਰ ਇਸ ਧਰਮ ਯੁੱਧ ਮੋਰਚੇ ਲਈ ਜੋ ਉਤਸ਼ਾਹ ਸਿੱਖ ਸੰਗਤਾਂ ਵਿਚ ਹੈ, ਉਹੋ ਜਿਹਾ ਉਤਸ਼ਾਹ ਪਹਿਲਾਂ ਕਦੇ ਦੇਖਣ ਵਿਚ ਨਹੀਂ ਆਇਆ । ਉਹ ਕਲਗੀਧਰ ਪਿਤਾ ਹੀ ਹੈ, ਜਿਸ ਨੇ ਇਸ ਮੋਰਚੇ ਨੂੰ ਇਕ ਸਾਲ ਥਿੜਕਣ ਨਹੀਂ ਦਿੱਤਾ ਤੇ ਹੁਣ ਇਸ ਨੂੰ ਮੰਜ਼ਲ ਤੱਕ ਪਹੁੰਚਾ ਕੇ ਹੀ ਛੱਡੇਗਾ ।

ਕਿਤੇ ਮਨ ਦੇ ਵਿਚ ਇਹ ਨਾ ਸੋਚ ਬੈਠਣਾ ਕਿ ਇਸ ਧਰਮ ਯੁੱਧ ਨੂੰ ਕੋਈ ਪੰਜ ਭੂਤਕ ਸਰੀਰ ਚਲਾ ਰਿਹਾ ਹੈ । ਨਹੀਂ, ਇਸ ਪਿੱਛੇ ਹੈ ਇਲਾਹੀ ਸ਼ਕਤੀ । ਇਸ ਪਿੱਛੇ ਸਿੱਖ ਕੌਮ ਦੀ ਸਾਜਣਾ ਕਰਨ ਵਾਲੇ ਦਸ਼ਮੇਸ਼ ਪਿਤਾ ਦਾ ਹੱਥ ਹੈ । ਕਲਗੀਧਰ ਦੀ ਕਿਰਪਾ ਦੁਆਰਾ ਹੀ ਇਹ ਮੋਰਚਾ ਪੂਰੀ ਤਰ੍ਹਾਂ ਫਤਹਿ ਹਾਸਲ ਕਰੇਗਾ ।

## ਮੈਂ ਤੁਹਾਥੋਂ ਪੁੱਛਦਾ ਹਾਂ, ਕਿ:

1 ਜਿੰਨੀ ਰਫਤਾਰ ਨਾਲ ਇਸ ਮੋਰਚੇ ਵਿਚ ਗ੍ਰਿਫਤਾਰੀਆਂ ਹੋਈਆਂ, ਅੱਗੇ ਕਿਸੇ ਮੋਰਚੇ ਵਿਚ ਹੋਈਆਂ?



Digitized by Panjab Digital Library | www.panjabdigilib.org

2 ਜਿੰਨੇ ਸੰਤ ਮਹਾਤਮਾ ਮਹਾਂਪੁਰਸ਼ ਭਜਨੀਕ ਸੰਤ ਸਿਪਾਹੀ ਤੇ ਸੰਪ੍ਰਦਾਵਾਂ ਦੇ ਮੁਖੀ ਇਸ ਮੋਰਚੇ ਵਿਚ ਗਏ, ਅੱਗੇ ਕਦੇ ਗਏ ਹਨ?

3 ਜਿੰਨੀਆਂ ਸ਼ਹੀਦੀਆਂ ਜੇਲ੍ਹਾਂ 'ਚ ਇਸ ਮੋਰਚੇ ਦੌਰਾਨ ਹੋਈਆਂ, ਕਦੇ ਹੋਈਆਂ ਹਨ?

4 ਜਿੰਨੇ ਨੌਜਵਾਨਾਂ ਦੇ ਪੁਲਿਸ ਮੁਕਾਬਲੇ ਇਸ ਸਮੇਂ ਬਣਾਏ ਗਏ, ਕੀ ਕਦੀ ਅੱਗੇ ਸਿੱਖ ਨੌਜਵਾਨਾਂ ਨੂੰ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਗਿਆ ਹੈ?

5 ਕੀ ਕੋਈ ਸਿੱਖ ਜੇਲ੍ਹ ਵਿਚੋਂ ਮੁਆਫੀ ਮੰਗ ਕੇ ਬਾਹਰ ਆਇਆ?

6 ਕੀ ਅੱਗੇ ਕਿਸੇ ਮੋਰਚੇ ਵਿਚ ਡੇਢ ਲੱਖ ਸਿੰਘ ਜੇਲ੍ਹਾਂ ਅੰਦਰ ਗਏ?

7 ਕੀ ਜਿੰਨੀ ਪੰਥ ਵਿਚ ਹੁਣ ਏਕਤਾ ਹੈ, ਇੰਨੀ ਅੱਗੇ ਕਦੇ ਸੀ?

8 ਜਿੰਨੀਆਂ ਗ੍ਰਿਫਤਾਰੀਆਂ ਸਿੱਖ ਨੌਜਵਾਨਾਂ ਨੇ ਇਸ ਮੋਰਚੇ ਦੌਰਾਨ ਦਿੱਤੀਆਂ, ਅੱਗੇ ਕਦੇ ਇੰਨੀ ਗਿਣਤੀ ਵਿਚ ਨੌਜਵਾਨ ਜੇਲ੍ਹਾਂ ਵਿਚ ਗਏ?

9 ਕੀ ਅੱਗੇ ਕਿਸੇ ਮੋਰਚੇ ਵਿਚ ਸਿੱਖ, ਮੁਸਲਮਾਨ ਤੇ ਹਿੰਦੂ ਇਕ ਥਾਂ ਬੈਠ ਕੇ ਗੋਲੀਆਂ ਦਾ ਨਿਸ਼ਾਨਾ ਬਣੇ?

10 ਧਰਮ ਯੁੱਧ ਮੋਰਚੇ ਸੰਬੰਧੀ ਜਿੰਨਾ ਪ੍ਰਚਾਰ ਇਸ ਸਮੇਂ ਹੋਇਆ, ਕੀ ਅੱਗੇ ਕਦੇ ਹੋਇਆ ਹੈ?

ਜਵਾਬ ਨਹੀਂ ਵਿਚ ਮਿਲਦਾ ਹੈ। ਫੇਰ ਤੁਸੀਂ ਆਪ ਹੀ ਸੋਚ ਲਵੋ ਕਿ, ਮੋਰਚੇ ਦਾ ਕੀ ਬਣੇਗਾ? ਮੋਰਚਾ ਭਾਵੇਂ ਹੋਰ ਲੰਬਾ ਹੋ ਜਾਵੇ, ਕੋਈ ਗੱਲ ਨਹੀਂ, ਸਾਨੂੰ ਏਕਤਾ ਰੱਖਣੀ ਚਾਹੀਦੀ ਹੈ ਅਤੇ ਆਪਣੇ ਨਿਸ਼ਾਨੇ ਤੇ ਡਟੇ ਰਹਿਣਾ ਚਾਹੀਦਾ ਹੈ।

ਅਸੀਂ ਵੀ ਸੁੱਤੇ ਪਏ ਸਾਂ, ਹੁਣ ਕੁਝ ਜਾਗੇ ਹਾਂ। ਕਲਗੀਧਰ ਪਿਤਾ ਸਾਡਾ ਇਮਤਿਹਾਨ ਲੈ ਰਿਹਾ ਹੈ ਕਿ, ਸਿੱਖ ਕੌਮ ਦੀ ਖਾਤਰ ਕਿੰਨਾ ਲੰਬਾ ਸਮਾਂ ਸੰਘਰਸ਼ ਲੜ ਸਕਦੇ ਹਨ। ਇਸ ਸਮੇਂ ਸੁਚੇਤ ਹੋਣ ਦੀ ਲੋੜ ਹੈ, ਘਬਰਾਉਣ ਦੀ ਨਹੀਂ। ਵਾਹਿਗੁਰੂ ਜੀ ਆਪ ਕਿਰਪਾ ਕਰਨਗੇ।

ਕੁਝ ਸਿੰਘ ਕਹਿੰਦੇ ਹਨ ਕਿ, ਕੇਂਦਰ ਸਰਕਾਰ ਢੀਠ ਹੋ ਗਈ ਹੈ। ਪਰ ਸੋਚੋ ਕਿ, ਮੀਰ ਮੰਨੂੰ, ਜਕਰੀਆ ਖਾਨ ਫਰਖਸ਼ੀਅਰ ਵਰਗੇ ਤਾਨਾਸ਼ਾਹੀ ਸ਼ਾਸਕ, ਜੋ ਕਹਿੰਦੇ ਸਨ ਕਿ, ਅਸੀਂ ਸਿੰਘਾਂ ਨੂੰ ਖਤਮ ਕਰ ਦਿੱਤਾ ਤੇ ਬਾਕੀ ਰਹਿੰਦਿਆਂ ਨੂੰ ਖਤਮ ਕਰ ਦਿਆਂਗੇ, ਉਹ ਭਾਵੇਂ ਕਿੰਨੇ ਵੀ ਢੀਠ ਸਨ, ਪਰ ਉਨ੍ਹਾਂ ਦਾ ਨਾਮ ਨਿਸ਼ਾਨ ਨਹੀਂ ਥਿਆਉਂਦਾ। ਇੰਦਰਾ ਵਿਚਾਰੀ ਕੀ ਹੈ, ਇਸ ਦਾ ਢੀਠਪੁਣਾ ਕੀ ਕਰੇਗਾ? ਅਜੇ ਤਾਂ ਸਿੱਖ ਹੀ ਚੁੱਪ ਹਨ। ਜਿਸ ਦਿਨ ਅਕਾਲ ਪੁਰਖ ਦਾ ਹੁਕਮ ਹੋ ਗਿਆ, ਉਸੇ ਦਿਨ ਇੰਦਰਾ ਤੇ ਉਸ ਦੀ ਢੀਠ ਸਰਕਾਰ ਤੁਰਦੀ ਬਣੇਗੀ। ਇਹ ਤਾਂ ਸਮਾਂ ਦੱਸੇਗਾ ਕਿ ਮੈਦਾਨ ਵਿਚ ਫਤਹਿ ਕਿਸ ਦੀ ਹੁੰਦੀ ਹੈ ਅਤੇ ਗੰਡਣੀਆਂ ਕਿਸ ਦੀਆਂ ਲਗਦੀਆਂ ਹਨ ਤੇ ਸਰਕਾਰ ਦੇ ਪਿੱਠੂ ਕਿਹੜੇ ਪਾਸੇ ਵੱਲ ਮੂੰਹ ਕਰਕੇ ਦੌੜਦੇ ਹਨ। ਸਿੰਘ ਸ਼ਾਂਤਮਈ ਢੰਗ ਨਾਲ ਮੋਰਚਾ ਚਲਾ ਰਹੇ ਹਨ ਪਰ ਕੇਂਦਰ ਸਰਕਾਰ ਇਸ ਪਾਸੇ ਵੱਲ ਧਿਆਨ ਨਹੀਂ ਦੇ ਰਹੀ। ਪੰਜਾਬ ਮਸਲਾ ਪੇਚੀਦਾ ਹੁੰਦਾ ਜਾ ਰਿਹਾ ਹੈ। ਜੇ ਇਸ ਪਾਸੇ ਪੂਰਾ ਧਿਆਨ ਨਾ ਦਿੱਤਾ ਤਾਂ ਦੇਖੋ ਕਿ ਮੋਰਚਾ ਕਿਹੜਾ ਰੁਖ ਅਖਤਿਆਰ ਕਰਦਾ ਹੈ। ਕੇਂਦਰ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇਹ ਆਸਾਮ ਨਹੀਂ, ਅਲੀਗੜ੍ਹ ਨਹੀਂ, ਇਹ ਪੰਜਾਬ ਹੈ, ਜਿਸ ਦੇ ਚੱਪੇ ਚੱਪੇ ਦੀ ਧਰਤੀ ਤੇ ਸਿੰਘਾਂ ਦਾ ਖੂਨ ਡੁੱਲ੍ਹਿਆ ਹੈ। ਪੰਜਾਬ ਦੀ ਧਰਤੀ ਖੂਨ



Digitized by Panjab Digital Library | www.panjabdigilib.org

ਨਾਲ ਸਿੰਜੀ ਹੋਈ ਹੈ। ਇਸ ਦੇ ਕਦਮ ਕਦਮ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ ਟਾਪ ਦੀ ਆਵਾਜ਼ ਸੁਣਾਈ ਦਿੰਦੀ ਹੈ। ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਮਸਲੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਉਸ ਨੂੰ ਇਹ ਖਿਆਲ ਵੀ ਕੱਢ ਦੇਣਾ ਚਾਹੀਦਾ ਹੈ ਕਿ ਉਹ ਸਿੰਘਾਂ ਦੀ ਆਵਾਜ਼ ਨੂੰ ਦਬਾ ਲਵੇਗੀ।

ਇਕ ਦਿਨ ਯੂਨੀਵਰਸਿਟੀ ਵਿਚ ਖੜ੍ਹੇ ਸਾਰੇ ਵੀਰ ਗੱਲਾਂ ਕਰ ਰਹੇ ਸਨ ਕਿ ਭਾਰਤ ਦੇ ਸਾਰੇ ਰਾਜਾਂ ਵਿਚ ਅਸ਼ਾਂਤੀ ਫੈਲੀ ਹੋਈ ਹੈ ਤੇ ਪੰਜਾਬ ਦਾ ਮਸਲਾ ਸਭ ਰਾਜਾਂ ਨਾਲੋਂ ਗੰਭੀਰ ਹੈ। ਵਿਚੋਂ ਹੀ ਇਕ ਵੀਰ ਬੋਲਿਆ ਕਿ ਹੁਣ ਇਸ ਹਿੰਦੁਸਤਾਨ ਦਾ ਕੀ ਬਣੇਗਾ,ਤਾਂ ਦੂਜੇ ਖੜ੍ਹੇ ਵੀਰ ਨੇ ਝੱਟ ਉਤਰ ਦਿੱਤਾ, ਕਿ ਹਿੰਦੁਸਤਾਨ ਦਾ ਕੀ ਬਣਨਾ ਹੈ, ਬਣੂਗਾ ਹੁਣ ਖਾਲਿਸਤਾਨ।

ਲੋਕ ਸੋਚਣ ਲੱਗ ਪਏ ਹਨ ਕਿ ਅਖੀਰ ਸਾਨੂੰ ਕੀ ਕਰਨਾ ਪਵੇਗਾ, ਕਿਉਂਕਿ ਕੇਂਦਰ ਸਰਕਾਰ ਸਿੰਘਾਂ ਨੂੰ ਦੋ ਨੰਬਰ ਦੇ ਸ਼ਹਿਰੀ ਬਣਾਉਣਾ ਚਾਹੁੰਦੀ ਹੈ ਪਰ ਸਿੰਘ ਅਣਖ ਦੀ ਜ਼ਿੰਦਗੀ ਜਿਉਣਾ ਚਾਹੁੰਦੇ ਹਨ। ਕੌਮ ਦੇ ਜੁਝਾਰ ਉਠ ਚੁੱਕੇ ਹਨ। ਹੁਣ ਘਬਰਾਉਣ ਦੀ ਲੋੜ ਨਹੀਂ। ਸਿੱਖ ਕੌਮ ਚੜ੍ਹਦੀ ਕਲਾ ਵਿਚ ਰਹੀ ਹੈ ਅਤੇ ਰਹੇਗੀ।

ਖਾਲਸਾ ਜੀ, ਕਲਗੀਧਰ ਤੇ ਭਰੋਸਾ ਰੱਖੋ! ਇਹ ਸੋਚਣਾ ਛੱਡ ਦਿਓ ਕਿ "ਕੀ ਹੋਵੇਗਾ ਤੇ ਕੀ ਬਣੇਗਾ?" ਜੋ ਕੁਝ ਵੀ ਹੋਣਾ ਹੈ, ਉਸ ਦੇ ਹੁਕਮ ਅਨੁਸਾਰ ਹੋਣਾ ਹੈ। ਤੁਸੀਂ ਪੂਰੀ ਤਰ੍ਹਾਂ ਡਟੇ ਰਹੋ। ਸ਼ਾਹ ਮੁਹੰਮਦ ਦੇ ਕਹਿਣ ਅਨੁਸਾਰ:

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।



Digitized by Panjab Digital Library | www.panjabdigilib.org

# ਧਰਮ ਯੁੱਧ ਤੇ ਵਿਰੋਧੀ ਪਾਰਟੀ ਦੇ ਨੇਤਾ:

'ਅੱਗ ਲਾਈ ਤੇ ਡੱਬੂ ਕੁੱਤਾ ਕੰਧ ਤੇ', ਇਹ ਗੱਲ ਆਮ ਪ੍ਰਚਲਤ ਹੈ ਤੇ ਪੰਜਾਬੀਆਂ ਨਾਲ ਵੀ ਹੋ ਰਹੀ ਹੈ। ਭਾਰਤ ਦੇ ਬਾਕੀ ਰਾਜਾਂ ਨੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਲੋੜ ਦੀ ਮੰਗ ਕੀਤੀ। ਪਰ ਅੱਜ ਜਦ ਕੇਂਦਰ ਵਿਚ ਕਾਂਗਰਸ ਸਰਕਾਰ ਹੈ ਤੇ ਜਿਹੜੀਆਂ ਪਾਰਟੀਆਂ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਲੋੜ ਲਈ ਮੰਗ ਕਰਦੀਆਂ ਸਨ, ਅੱਜ ਚੁੱਪ ਹਨ। ਜੇ ਕਦੀ ਕਦਾਈਂ ਕੋਈ ਬੋਲਦਾ ਵੀ ਹੈ ਤਾਂ ਬਿਆਨ ਦੇ ਕੇ ਚੁੱਪ ਕਰ ਜਾਂਦਾ ਹੈ। ਕੀ ਇਸ ਪਿੱਛੇ ਕੋਈ ਸੋਚੀ ਸਮਝੀ ਸਾਜਿਸ਼ ਤਾਂ ਕੰਮ ਨਹੀਂ ਕਰ ਰਹੀ?

ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਅਤੇ ਸਿੱਖ ਮੰਗਾਂ ਦੀ ਖਾਤਰ 4 ਅਗਸਤ 1982 ਤੋਂ ਧਰਮ ਯੁੱਧ ਮੋਰਚਾ ਸ਼ੁਰੂ ਕੀਤਾ ਹੋਇਆ ਹੈ। ਭਾਰਤ ਵਿਚ ਬਹੁਗਿਣਤੀ ਹਿੰਦੂਆਂ ਦੀ ਹੈ। ਸਿੱਖ, ਮੁਸਲਮਾਨ, ਈਸਾਈ ਘੱਟ ਗਿਣਤੀ ਵਿਚ ਹਨ। ਸਰਕਾਰ ਵਿਚ ਅਤੇ ਵਿਰੋਧੀ ਨੇਤਾਵਾਂ ਵਿਚ ਵੀ ਬਹੁਤਗਿਣਤੀ ਹਿੰਦੂਆਂ ਦੀ ਹੈ। ਸਭ ਨੂੰ ਅਕਾਲੀ ਦਲ ਦੀਆਂ ਮੰਗਾਂ ਬਾਰੇ ਸਪੱਸ਼ਟ ਹੈ ਪਰ ਉਹ ਲੋਕ ਫਿਰ ਵੀ ਅਕਾਲੀ ਦਲ ਦੀਆਂ ਮੰਗਾਂ ਦੀ ਖੁੱਲ੍ਹ ਕੇ ਹਿਮਾਇਤ ਨਹੀਂ ਕਰ ਰਹੇ। ਕੀ ਇਸ ਪਿੱਛੇ ਬ੍ਰਾਹਮਣਵਾਦੀ ਕੁਟਲ ਨੀਤੀ ਤਾਂ ਨਹੀਂ ਕੰਮ ਕਰ ਰਹੀ? ਜੋ ਖਾਲਸਾ ਜੀ ਦੇ ਬੋਲਬਾਲੇ ਤੋਂ ਚਿੜ੍ਹਦੀ ਹੈ। ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਪੰਜਾਬ ਆ ਕੇ ਧਰਮ ਯੁੱਧ ਮੋਰਚੇ ਵਿਚ ਜਾ ਕੇ ਸਿੰਘਾਂ ਨੂੰ ਦੇਖਿਆ। ਪੰਜਾਬ ਦੇ ਵਾਤਾਵਰਣ ਨੂੰ ਸਮਝਿਆ ਪਰ ਬਿਆਨ ਦੇਣ ਤੋਂ ਬਾਅਦ ਚੁੱਪ ਸਾਧ ਲਈ। ਇਹ ਸਮਝ ਨਹੀਂ ਆ ਰਹੀ ਹੈ ਕਿ, ਇਸ ਦਾ ਕਾਰਨ ਕੀ ਹੈ?

ਇਥੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਸਾਡੇ ਹੱਕ ਵਿਚ ਬਿਆਨ ਦਿੱਤੇ ਤੇ ਸਾਡੀਆਂ ਮੰਗਾਂ ਦੀ ਹਮਾਇਤ ਕੀਤੀ। ਉਸੇ ਸਤਾਧਾਰੀ ਪਾਰਟੀ ਦੇ ਮੈਂਬਰਾਂ ਨੂੰ ਵੀ ਸੱਚ ਬੋਲਣਾ ਪਿਆ। ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧੀ ਪਾਰਟੀਆਂ ਦਾ ਹਮੇਸ਼ਾਂ ਸਾਥ ਦਿੱਤਾ। ਐਮਰਜੰਸੀ ਦੇ ਵਿਰੁੱਧ ਮੋਰਚਾ ਸ਼੍ਰੋਮਣੀ ਅਕਾਲੀ ਦਲ ਨੇ ਸਿਰਫ ਵਿਰੋਧੀ ਪਾਰਟੀਆਂ ਦੇ ਕਰਕੇ ਹੀ ਲਾਇਆ। ਐਮਰਜੰਸੀ ਲਗਾ ਕੇ ਇੰਦਰਾ ਗਾਂਧੀ ਨੇ ਕਿਸੇ ਅਕਾਲੀ ਨੇਤਾ ਨੂੰ ਨਹੀਂ ਫੜਿਆ, ਸਗੋਂ ਵਿਰੋਧੀ ਨੇਤਾਵਾਂ ਨੂੰ ਫੜ ਕੇ ਨਜ਼ਰਬੰਦ ਕਰ ਦਿੱਤਾ। ਵਿਰੋਧੀ ਪਾਰਟੀਆਂ ਨੂੰ ਤਾਂ ਸ਼੍ਰੋਮਣੀ ਅਕਾਲੀ ਦਲ ਦਾ ਅਹਿਸਾਨ ਹੀ ਨਹੀਂ ਭੁੱਲਣਾ ਚਾਹੀਦਾ।

ਸ਼੍ਰੀਮਤੀ ਇੰਦਰਾ ਗਾਂਧੀ ਨੇ ਵਿਰੋਧੀ ਪਾਰਟੀ ਦੇ ਨੇਤਾਵਾਂ ਨੂੰ ਨਾਲ ਲੈ ਕੇ ਸ਼੍ਰੋਮਣੀ ਅਕਾਲੀ ਦਲ ਨਾਲ ਤਿੰਨ ਧਿਰੀ ਵਾਰਤਾ ਕਰਨ ਦਾ ਐਲਾਨ ਕੀਤਾ। ਤਿੰਨ ਧਿਰੀ ਵਾਰਤਾ ਵਿਚ ਸ਼੍ਰੋਮਣੀ ਅਕਾਲੀ ਦਲ ਵਲੋਂ ਸ. ਸੁਰਜੀਤ ਸਿੰਘ ਬਰਨਾਲਾ, ਸ. ਬਲਵੰਤ ਸਿੰਘ ਤੇ ਸ. ਰਵੀਇੰਦਰ ਸਿੰਘ ਸ਼ਾਮਲ ਹੋਏ। ਇਹ ਤਿੰਨ ਧਿਰੀ ਵਾਰਤਾ 24, 25 ਜਨਵਰੀ ਤੇ ਫਿਰ 8, 9, 10, 15, 18, 19 ਤੇ 20 ਫਰਵਰੀ 1983 ਨੂੰ ਹੋਈ। ਸ਼੍ਰੋਮਣੀ ਅਕਾਲੀ ਦਲ ਦੀ ਤਿੰਨ ਮੈਂਬਰੀ ਕਮੇਟੀ ਨੇ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਸਪੱਸ਼ਟ ਕੀਤੀਆਂ ਸਨ ਪਰ ਫਿਰ ਵੀ ਕੋਈ ਗੱਲ ਨਾ ਬਣੀ ਤੇ ਤਿੰਨ ਧਿਰੀ ਵਾਰਤਾ ਬਿਨਾਂ ਕੋਈ ਸਿੱਟੇ ਕੱਢੇ ਖਤਮ ਹੋ ਗਈ।



Digitized by Panjab Digital Library | www.panjabdigilib.org

ਵਿਰੋਧੀ ਪਾਰਟੀ ਦੇ ਨੇਤਾਵਾਂ ਵਲੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਮੰਗਾਂ ਬਾਰੇ ਹੱਕ ਵਿਚ ਅਤੇ ਵਿਰੋਧ ਵਿਚ ਦਿੱਤੇ ਗਏ ਬਿਆਨ:

ਚੌਧਰੀ ਚਰਨ ਸਿੰਘ, ਜਿਸ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਹਰ ਤਰ੍ਹਾਂ ਸਹਾਇਤਾ ਕੀਤੀ, ਕਾਰਾਂ ਭੇਟ ਕੀਤੀਆਂ ਤੇ ਪੂਰਾ ਸਾਥ ਦਿੱਤਾ, ਉਸ ਨੇ ਅਕਾਲੀ ਦਲ ਬਾਰੇ ਬਿਆਨ ਦਿੰਦਿਆਂ ਕਿਹਾ ਕਿ, "ਇਖਲਾਕੀ ਪਾਰਟੀਆਂ ਫਿਰਕੇਦਾਰਾਨਾ ਆਧਾਰ ਤੇ ਹੁੰਦੀਆਂ ਹਨ। ਇਨ੍ਹਾਂ ਤੇ ਪਾਬੰਦੀ ਲਗਾਉਣੀ ਚਾਹੀਦੀ ਹੈ ।"

ਚੰਦਰ ਸ਼ੇਖਰ: "ਅਕਾਲੀ ਦਲ ਦੀਆਂ ਮੰਗਾਂ ਵਿਚੋਂ ਕੁਝ ਮੰਗਾਂ ਮੰਨਣ ਯੋਗ ਨਹੀਂ ਹਨ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇ ਕੇ ਪਾਣੀ ਦਾ ਕੇਸ ਸੁਪਰੀਮ ਕੋਰਟ ਦੇ ਹਵਾਲੇ ਕਰਨਾ ਚਾਹੀਦਾ ਹੈ। ਅਕਾਲੀ ਦਲ ਖਾਲਿਸਤਾਨ ਦੀ ਮੰਗ ਨਹੀਂ ਕਰ ਰਿਹਾ।

ਕੇਂਦਰ ਜਾਣ ਬੁੱਝ ਕੇ ਪੰਜਾਬ ਦਾ ਮਸਲਾ ਲਟਕਾ ਰਿਹਾ ਹੈ ।"

(ਚੰਦਰਜੀਤ ਯਾਦਵ ਪ੍ਰਧਾਨ ਜਨਵਾਦੀ ਪਾਰਟੀ)

"ਪੰਜਾਬ ਵਿਚਲੀ ਹਾਲਤ ਲਈ ਇੰਕਾ ਜ਼ੁੰਮੇਵਾਰ ਹੈ। ਹਿੰਸਾ ਤੇ ਸਖਤ ਹੱਥੀਂ ਕਾਬੂ ਪਾਇਆ ਜਾਣਾ ਚਾਹੀਦਾ ਹੈ ਅਤੇ ਤਿੰਨ ਧਿਰੀ ਵਾਰਤਾਲਾਪ ਮੁੜ ਸ਼ੁਰੂ ਕਰਨੀ ਚਾਹੀਦੀ ਹੈ।

(ਅਡਵਾਨੀ ਜ. ਸਕੱਤਰ ਭਾਰਤੀ ਜਨਤਾ ਪਾਰਟੀ)

"ਬਿਨਾਂ ਕਿਸੇ ਦੇਰੀ ਦੇ ਰਾਜਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ। ਗੁਰਦੁਆਰਿਆਂ ਦੀ ਦੇਖ ਭਾਲ ਲਈ ਆਲ ਇੰਡੀਆ ਗੁਰਦੁਆਰਾ ਐਕਟ ਜ਼ਰੂਰੀ ਹੈ। ਚੰਡੀਗੜ੍ਹ, ਅਬੋਹਰ, ਫਾਜ਼ਿਲਕਾ ਤੇ ਪੰਜਾਬ ਦਾ ਹੱਕ ਹੈ।"

(ਸ੍ਰੀ ਸੀ. ਟੀ. ਚੰਡਪਾਨੀ, ਡੀ. ਐਮ. ਕੇ.)

"ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਖਾਲਿਸਤਾਨ ਦੀ ਮੰਗ ਨਹੀਂ ਕਰਦਾ। ਅਕਾਲੀ ਦਲ ਦੀਆਂ ਮੁਖ ਤੌਰ ਤੇ ਚਾਰ ਧਾਰਮਿਕ ਮੰਗਾਂ ਹਨ: 1 ਅੰਮ੍ਰਿਤਸਰ ਨੂੰ ਪਵਿੱਤਰ ਕਰਾਰ ਦੇਣਾ 2 ਅਕਾਸ਼ਬਾਣੀ ਤੋਂ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾਵੇ 3 ਹਵਾਈ ਜਹਾਜ਼ ਦੇ ਸਫ਼ਰ ਸਮੇਂ ਕ੍ਰਿਪਾਨ ਤੇ ਲਗਾਈ ਪਾਬੰਦੀ ਹਟਾਈ ਜਾਵੇ 4 ਆਲ ਇੰਡੀਆ ਗੁਰਦੁਆਰਾ ਐਕਟ ਬਣਾਇਆ ਜਾਵੇ ।

## ਰਾਜਨੀਤਕ ਮੁੱਖ ਮੰਗਾਂ:

1 ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ ਜਾਣ ।
2 ਰਾਜਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ ।
3 ਪਾਣੀ ਦਾ ਫੈਸਲਾ ਸਰਵਉਚ ਅਦਾਲਤ ਦੁਆਰਾ ਕਰਾਇਆ ਜਾਵੇ ।

(ਇੰਦਰਜੀਤ ਗੁਜਰਾਲ)

"ਵੱਧ ਅਧਿਕਾਰਾਂ ਬਿਨਾਂ ਰਾਜ ਤਰੱਕੀ ਨਹੀਂ ਕਰ ਸਕਦੇ ।" (ਐਨ. ਟੀ. ਰਾਮਾਰਾਓ)

"ਅਕਾਲੀ ਦਲ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੀਆਂ ਜਾਣ ।" (ਬਹੁਗੁਣਾ)

"ਰਾਜਾਂ ਦੇ ਪ੍ਰਫੁਲਤ ਹੋਣ ਲਈ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਬਹੁਤ ਲੋੜ ਹੈ ।" (ਜਯੋਤੀ ਬਾਸੂ)



Digitized by Panjab Digital Library | www.panjabdigilib.org

"ਅਕਾਲੀ ਦਲ ਦੀਆਂ ਧਾਰਮਿਕ ਮੰਗਾਂ ਮੰਨੀਆਂ ਜਾਣ। ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਤੁਰੰਤ ਪੰਜਾਬ ਨੂੰ ਦੇ ਕੇ ਪਾਣੀ ਦੇ ਮਸਲੇ ਦਾ ਹੱਲ ਲੱਭਿਆ ਜਾਵੇ" (ਸੇਠ ਰਾਮ ਨਾਥ ਜੈਤੋ)

"ਸਰਕਾਰ ਨੇ 4 ਅਪਰੈਲ ਨੂੰ ਨਿਹੱਥੇ ਲੋਕਾਂ ਤੇ ਗੋਲੀ ਚਲਾ ਕੇ ਮਨੁੱਖਤਾ ਦਾ ਘਾਤ ਕੀਤਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ, ਅਕਾਲੀ ਦਲ ਦੀਆਂ ਯੋਗ ਮੰਗਾਂ ਮੰਨ ਕੇ ਪੰਜਾਬ ਦੇ ਵਾਤਾਵਰਣ ਨੂੰ ਸ਼ਾਂਤ ਕਰੇ।"

(ਮਧੂ ਦੰਡਵਤੇ)

"ਸਰਕਾਰ ਘੱਟ ਗਿਣਤੀ ਲੋਕਾਂ ਨੂੰ ਖਤਮ ਕਰਨਾ ਚਾਹੁੰਦੀ ਹੈ। ਅਕਾਲੀ ਦਲ ਦੀਆਂ ਮੰਗਾਂ ਜਾਇਜ਼ ਹਨ ਤੇ ਰਾਜਾਂ ਨੂੰ ਵੱਧ ਅਧਿਕਾਰਾਂ ਦੀ ਲੋੜ ਹੈ।"

(ਮੁਹੰਮਦ ਅਬਦੁਲਾ ਬਖਾਰੀ)

"ਅਕਾਲੀ ਦਲ ਖਾਲਿਸਤਾਨ ਦੀ ਮੰਗ ਨਹੀਂ ਕਰ ਰਿਹਾ।" (ਸਵਰਨ ਸਿੰਘ)

"ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਅਕਾਲੀ ਦਲ ਦੀਆਂ ਮੰਗਾਂ ਮੰਨਣ ਤੋਂ ਪਹਿਲਾਂ ਪੰਜਾਬ ਵਿਚਲੀਆਂ ਵਿਰੋਧੀ ਪਾਰਟੀਆਂ ਨੂੰ ਨਾਲ ਲਵੇ।"

(ਅਟਲ ਬਿਹਾਰੀ ਵਾਜਪਾਈ)

"ਅਕਾਲੀ ਦਲ ਦੀਆਂ ਮੰਗਾਂ ਜਾਇਜ਼ ਹਨ। ਇਸ ਵਿਚ ਕੋਈ ਫਿਰਕੂ ਮੰਗ ਨਹੀਂ। ਰਾਜ ਵੱਧ ਮਾਲੀ ਅਧਿਕਾਰਾਂ ਬਿਨਾਂ ਤਰੱਕੀ ਨਹੀਂ ਕਰ ਸਕਦੇ।" (ਫਾਰੂਕ ਅਬਦੁਲਾ)

"ਪੰਜਾਬ ਦਾ ਮਾਹੌਲ ਸ਼ਾਂਤ ਕਰਨ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਕਾਲੀ ਦਲ ਦੀਆਂ ਮੰਗਾਂ ਮੰਨਣ ਦਾ ਐਲਾਨ ਕਰੇ।" (ਕੁਲਦੀਪ ਨਈਅਰ)

"ਅਕਾਲੀ ਦਲ ਦੀਆਂ ਮੰਗਾਂ ਜਾਇਜ਼ ਹਨ। ਸਿੱਖ ਭਾਰਤ ਤੋਂ ਵੱਖ ਹੋਣਾ ਨਹੀਂ ਚਾਹੁੰਦੇ। ਜੇ ਸੰਤ ਭਿੰਡਰਾਂਵਾਲੇ ਅਤਿਵਾਦੀ ਹਨ ਤਾਂ ਮੈਂ ਆਪ ਅਤਿਵਾਦੀ ਹਾਂ।"

(ਰਾਮ ਜੇਠ ਮਲਾਨੀ)

"ਆਨੰਦਪੁਰ ਸਾਹਿਬ ਦੇ ਮਤੇ ਦੇ ਕਈ ਰੂਪ ਸਾਹਮਣੇ ਆਏ ਹਨ। ਇਸ ਦਾ ਠੀਕ ਰੂਪ ਲੈਣਾ ਚਾਹੀਦਾ ਹੈ ਪਰ ਅਕਾਲੀਆਂ ਦੀਆਂ ਹੋਰ ਕਈ ਮੰਗਾਂ ਤਾਂ ਸਹਿਜੇ ਹੀ ਮੰਨੀਆਂ ਜਾ ਸਕਦੀਆਂ ਹਨ। ਫਲਾਇੰਗ ਮੇਲ ਦਾ ਨਾਂ ਹਰਿਮੰਦਰ ਐਕਸਪਰੈਸ, ਹਰਿਮੰਦਰ ਸਾਹਿਬ ਤੋਂ ਕੀਰਤਨ ਦਾ ਪ੍ਰਸਾਰਨ, ਹਵਾਈ ਯਾਤਰਾ ਸਮੇਂ ਕਿਰਪਾਨ ਦੀ ਆਗਿਆ, ਆਲ ਇੰਡੀਆ ਗੁਰਦੁਆਰਾ ਐਕਟ, ਇਸ ਤੋਂ ਬਿਨਾਂ ਵੀ ਪੰਜਾਬ ਨੂੰ ਵੱਡੇ ਕਾਰਖਾਨੇ ਦਿਓ ਤਾਂ ਕਿ ਉਥੋਂ ਦੀ ਆਰਥਿਕਤਾ ਉਜੜੇ ਨਾ। ਮੈਂ ਇਹ ਗੱਲਾਂ ਇਕ ਸਿੱਖ ਪੰਜਾਬੀ ਤੇ ਭਾਰਤੀ ਤੌਰ ਤੇ ਉਠਾਉਣੀਆਂ ਜ਼ਰੂਰੀ ਸਮਝਦਾ ਹਾਂ। ਪੰਜਾਬ ਦੀ ਸਮੱਸਿਆ ਨੂੰ ਜੇਕਰ ਹੱਲ ਨਾ ਕੀਤਾ ਗਿਆ ਤਾਂ ਇਕ ਹੋਰ ਆਸਾਮ ਬਣ ਜਾਵੇਗਾ।"

(ਖੁਸ਼ਵੰਤ ਸਿੰਘ - ਰਾਜ ਸਭਾ)

ਕੇਂਦਰ ਵਿਰੋਧੀ ਪਾਰਟੀ ਨੇਤਾਵਾਂ ਤੇ ਦੋਸ਼ ਲਾਉਂਦਾ ਹੈ ਤੇ ਵਿਰੋਧੀ ਨੇਤਾ ਕੇਂਦਰ ਤੇ ਦੋਸ਼ ਲਾ ਰਹੇ ਹਨ। ਪੰਜਾਬ ਸੜ ਰਿਹਾ ਹੈ। ਆਉਣ ਵਾਲੇ ਸਮੇਂ ਨੇ ਇਨ੍ਹਾਂ ਨੇਤਾਵਾਂ ਨੂੰ ਕਦੇ ਮੁਆਫ ਨਹੀਂ ਕਰਨਾ।



Digitized by Panjab Digital Library | www.panjabdigilib.org

# ਧਰਮ ਯੁੱਧ ਤੇ ਹਿੰਦੂ ਫਿਰਕਾਪ੍ਰਸਤੀ:

ਸਿੰਘਾਂ ਦੀ ਕੋਈ ਗੱਲ ਨਾ ਮੰਨਣੀ, ਫਿਰਕੂ ਇਨ੍ਹਾਂ ਨੂੰ ਕਹਿਣਾ।
ਹਿੰਦੂ ਹਿੰਦੀ ਵਾਲਾ ਸਾਰਾ ਹਿੰਦੁਸਤਾਨ ਹੈ ਬਣਾਉਣਾ।
ਇਹ ਫਿਰਕੂ ਨਹੀਂ ਚਾਹੁੰਦੇ ਭਾਵੇਂ ਹਿੰਦੂ ਸ਼ਾਸਨ ਕਾਲ।
ਉਠੋ ਉਠੋ ਲੋਕੋ ਸਾਰੇ, ਇੰਦਰਾ ਦਾ ਇਹ ਕਮਾਲ।

ਸ਼ਰੋਮਣੀ ਅਕਾਲੀ ਦਲ ਵਲੋਂ ਸ਼ੁਰੂ ਕੀਤਾ ਧਰਮ ਯੁੱਧ ਮੋਰਚਾ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਅਤੇ ਸਿੱਖ ਮੰਗਾਂ ਦੀ ਖਾਤਰ ਲਾਇਆ ਗਿਆ। ਹੁਣ ਤੱਕ ਸਭ ਨੂੰ ਸਪੱਸ਼ਟ ਹੋ ਚੁੱਕਿਆ ਹੈ ਕਿ ਸ਼ਰੋਮਣੀ ਅਕਾਲੀ ਦਲ ਖਾਲਿਸਤਾਨ ਦੀ ਮੰਗ ਨਹੀਂ ਕਰ ਰਿਹਾ ਤੇ ਨਾ ਹੀ ਭਾਰਤ ਤੋਂ ਵੱਖ ਹੋਣ ਦੀ ਮੰਗ ਕੀਤੀ ਹੈ। ਪਰ ਪੰਜਾਬ ਦਾ ਮਹਾਸ਼ਾ ਪ੍ਰੈਸ ਤੇ ਮਹਾਸ਼ੇ ਲੋਕ ਸ਼ਰੋਮਣੀ ਅਕਾਲੀ ਦਲ ਦੀਆਂ ਮੰਗਾਂ ਨੂੰ ਗ਼ਲਤ ਰੰਗ ਵਿਚ ਪੇਸ਼ ਕਰ ਰਹੇ ਹਨ। ਇਕ ਵਾਰ ਸੀ. ਪੀ. ਆਈ ਦੇ ਨੇਤਾ ਰਾਜੇਸ਼ਵਰ ਰਾਉ ਨੇ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ 'ਹਿੰਦੂ ਭਾਵੇਂ ਕਿਸੇ ਵੀ ਪਾਰਟੀ ਵਿਚ ਹੈ, ਉਹ ਪਹਿਲਾਂ ਹਿੰਦੂ ਹੀ ਹੈ।' ਇਸੇ ਤਰ੍ਹਾਂ ਪੰਜਾਬ ਦੇ ਖਜ਼ਾਨਾ ਮੰਤਰੀ ਕੇਵਲ ਕ੍ਰਿਸ਼ਨ ਨੇ ਆਪਣੇ ਭਾਸ਼ਨ ਵਿਚ ਪਟਿਆਲਾ ਵਿਖੇ ਬੋਲਦੇ ਹੋਏ ਕਿਹਾ ਕਿ "ਪਹਿਲਾਂ ਮੈਂ ਹਿੰਦੂ ਹਾਂ ਤੇ ਫਿਰ ਭਾਰਤੀ ਹਾਂ" ਪਰ ਜੇ ਕੋਈ ਸਿੱਖ ਇਹ ਕਹਿੰਦਾ ਹੈ ਕਿ "ਅਸੀਂ ਪਹਿਲਾਂ ਸਿੱਖ ਹਾਂ, ਫਿਰ ਹੋਰ ਕੁਝ" ਤਾਂ ਸਿੱਖਾਂ ਨੂੰ ਫਿਰਕਾਪ੍ਰਸਤ ਕਿਹਾ ਜਾਂਦਾ ਹੈ। ਪਰ ਹਿੰਦੂ ਹਿੰਦੀ ਹਿੰਦੁਸਤਾਨ ਦੀ ਗੱਲਬਾਤ ਕਰਨ ਵਾਲੇ ਫਿਰਕਾਪ੍ਰਸਤ ਨਹੀਂ?

ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਨੇ ਹਿੰਦੂਆਂ ਨਾਲ ਹਮੇਸ਼ਾਂ ਚੰਗਾ ਵਰਤਾਓ ਕੀਤਾ ਹੈ ਤੇ ਹਰ ਤਰ੍ਹਾਂ ਸਹਾਇਤਾ ਕੀਤੀ ਪਰ ਹਿੰਦੂਆਂ ਨੇ ਹਮੇਸ਼ਾਂ ਬ੍ਰਾਹਮਣਵਾਦੀ ਫਿਰਕਾਪ੍ਰਸਤ ਕੁਟਲ ਨੀਤੀ ਖੇਡੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਹਿੰਦੂ ਪਹਾੜੀ ਰਾਜੇ ਛੁਡਵਾਏ ਪਰ ਉਨ੍ਹਾਂ ਰਾਜਿਆਂ ਵਿਚੋਂ ਹੀ ਕੁਝ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕੀਤਾ। ਲਗਾਤਾਰ ਸੰਘਰਸ਼ ਕਰਕੇ ਤੇ ਕੀਮਤੀ ਖ਼ੂਨ ਵਹਾ ਕੇ ਪ੍ਰਾਪਤ ਕੀਤਾ ਖਾਲਸਾ ਰਾਜ ਵੀ ਹਿੰਦੂ ਫਿਰਕਾਪ੍ਰਸਤਾਂ ਦੀ ਕੁਟਲ ਨੀਤੀ ਦੁਆਰਾ ਜਾਂਦਾ ਰਿਹਾ ਤੇ ਬਣਿਆ ਬਣਾਇਆ ਰਾਜ ਢਹਿ ਢੇਰੀ ਹੋ ਗਿਆ। ਕਿਹਾ ਜਾਂਦਾ ਹੈ ਕਿ, ਸੱਪ ਮਰ ਤਾਂ ਜਾਂਦਾ ਹੈ ਪਰ ਉਸ ਦੀ ਵਿਸ ਨਹੀਂ ਜਾਂਦੀ। ਇਸੇ ਤਰ੍ਹਾਂ ਹਿੰਦੂ ਸਭ ਕੁਝ ਛੱਡ ਜਾਂਦਾ ਹੈ ਪਰ ਉਸ ਵਿਚੋਂ ਫਿਰਕਾਪ੍ਰਸਤੀ ਨਹੀਂ ਜਾਂਦੀ।

ਅੱਜ ਦੇਸ਼ ਦੇ ਲੋਕ ਗਾਂਧੀ ਨੂੰ ਰਾਸ਼ਟਰ ਪਿਤਾ ਕਹਿੰਦੇ ਹਨ, ਜਿਸ ਨੇ ਅਹਿੰਸਾ ਦੀ ਲਹਿਰ ਨੂੰ ਜਨਮ ਦਿੱਤਾ ਪਰ ਭੁੱਲ ਜਾਂਦੇ ਹਨ, ਨਾਮਧਾਰੀ ਬਾਬਾ ਰਾਮ ਸਿੰਘ ਜੀ ਨੂੰ, ਜਿਨ੍ਹਾਂ ਨੇ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕਰਕੇ ਨਾ - ਮਿਲਵਰਤਣ ਲਹਿਰ ਚਲਾਈ। ਬਾਬਾ ਰਾਮ ਸਿੰਘ ਜੀ ਦਾ ਨਾਮ ਇਸ ਕਰਕੇ ਨਹੀਂ ਲਿਆ ਜਾਂਦਾ, ਕਿਉਂਕਿ ਉਹ ਸਿੱਖ ਸੀ। ਜਿਸ ਸਮੇਂ ਇਹ ਲਹਿਰ ਚੱਲੀ, ਉਸ ਸਮੇਂ ਤਾਂ ਕਾਂਗਰਸ ਪਾਰਟੀ ਦਾ ਜਨਮ ਵੀ ਨਹੀਂ ਸੀ ਹੋਇਆ। ਕੇਂਦਰੀ ਪੁਲਿਸ ਦਫਤਰ ਲਾਹੌਰ ਵਲੋਂ ਜ਼ਿਲ੍ਹਾ ਸੁਪਰਡੈਂਟ ਪੁਲਿਸ ਨੂੰ ਜੋ ਗੁਪਤ ਸਰਕੁਲਰ 19 ਜਨਵਰੀ 1867 ਨੂੰ ਜਾਰੀ ਹੋਇਆ, ਉਸ ਵਿਚੋਂ ਹੀ ਲਵੋ:



Digitized by Panjab Digital Library | www.panjabdigilib.org

"ਕੂਕੇ, ਜਿਨ੍ਹਾਂ ਨੂੰ ਕਦਾਈਂ ਸੰਤ ਖਾਲਸਾ ਆਖਿਆ ਜਾਂਦਾ ਹੈ, ਉਨ੍ਹਾਂ ਦਾ ਡਾਕਖਾਨਾ ਆਪਣੀ ਨਿਜੀ ਹੈ ਜਿਸ ਦਾ ਸੰਗਠਨ ਬੜਾ ਸ਼ਲਾਘਾਯੋਗ ਜਾਪਦਾ ਹੈ। ਸਕਾਟ ਲੈਂਡ ਵਿਚ ਬੀਤੇ ਦਿਨਾਂ ਵਿਚ ਬੜੇ ਗੁਪਤ ਹੁਕਮ ਕੀਤੇ ਗਏ ਹਨ। ਇਕ ਦੂਜੇ ਪਾਸ ਜਦੋਂ ਕੋਈ ਉਸ ਫਿਰਕੇ ਦਾ ਵਿਅਕਤੀ ਡਾਕ ਲੈ ਕੇ ਪੁੱਜਦਾ ਹੈ ਤਾਂ ਉਸ ਵੇਲੇ ਭਾਵੇਂ ਉਹ ਕਿਸੇ ਕੰਮ ਵਿਚ ਲੱਗਾ ਹੋਇਆ ਹੋਵੇ, ਤੁਰੰਤ ਛੱਡ ਦਿੰਦਾ ਹੈ। ਜੇਕਰ ਉਹ ਖਾ ਰਿਹਾ ਹੈ, ਤਾਂ ਹੋਰ ਬੁਰਕੀ ਮੂੰਹ ਵਿਚ ਨਹੀਂ ਪਾਉਂਦਾ, ਉਹ ਕੋਈ ਸਵਾਲ ਨਹੀਂ ਪੁੱਛਦਾ, ਲਿਖਤੀ ਸੰਦੇਸ਼ ਲੈ ਕੇ ਚੱਲ ਪੈਂਦਾ ਹੈ ਅਤੇ ਇਸ ਨੂੰ ਅਗਲੇ ਪੜਾਅ ਤੇ ਜਾਂ ਧੁਰ ਨਿਸ਼ਾਨੇ ਤੇ ਪਹੁੰਚਾ ਦਿੰਦਾ ਹੈ। ਮਹੱਤਵਪੂਰਨ ਸੰਦੇਸ਼ ਜ਼ਬਾਨੀ ਭੇਜੇ ਜਾਂਦੇ ਹਨ ਅਤੇ ਉਹ ਲਿਖਤ ਦੇ ਪਾਬੰਦ ਨਹੀਂ ਹੁੰਦੇ। ਜਿਵੇਂ ਕਿ ਮੇਜਰ ਪਾਰਕਿਨ ਦੇ ਕਹਿਣ ਅਨੁਸਾਰ ਉਹ ਜੀ. ਟੀ. ਰੋਡ ਦਾ ਰਾਹ ਛੱਡ ਕੇ ਫੇਰ ਵਾਲੇ ਰਾਹ ਥਾਣੀਂ ਸੰਦੇਸ਼ ਲੈ ਕੇ ਜਾਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ। ਭਾਵੇਂ ਇਹ ਮਸ਼ੀਨਰੀ ਧਾਰਮਿਕ ਸੁਧਾਰ ਲਈ ਸ਼ੁਰੂ ਕੀਤੀ ਗਈ ਹੈ ਪਰ ਫਿਰ ਵੀ ਜੇਕਰ ਇਹ ਕਿਸੇ ਚਲਾਕ ਅਤੇ ਬੇਈਮਾਨ ਆਦਮੀ ਦੇ ਹੱਥਾਂ ਵਿਚ ਆ ਗਈ ਹੈ, ਇਹ ਰਾਜਨੀਤਕ ਖਤਰੇ ਦਾ ਇੰਜਨ ਬਣਾਈ ਜਾ ਸਕੇਗੀ। ਮੇਜਰ ਪਾਰਕਿਨ ਪਾਸ ਇਹ ਸੂਚਨਾਵਾਂ ਪੁੱਜੀਆਂ ਹਨ ਕਿ ਕਿਸੇ ਸਮੇਂ ਜਦੋਂ ਦੇਸ਼ ਦੀ ਸਾਰੀ ਧਰਤੀ ਤੇ ਨਵੀਨ ਧਰਮ ਚੱਲੇਗਾ, ਕੂਕੇ ਆਪਣੇ ਦੇਸ਼ ਦੇ ਸਵਾਮੀ ਹੋਣ ਦੀਆਂ ਖੁੱਲ੍ਹਮ ਖੁੱਲ੍ਹੀਆਂ ਗੱਲਾਂ ਕਰਦੇ ਹਨ।

(ਗਾਂਧੀ ਜੀ ਤੇ ਸਿੱਖ - ਸਫਾ 9)

ਪਰ ਕੀ ਕਦੇ ਕਿਸੇ ਸਕੂਲ ਜਾਂ ਕਾਲਜ ਦੀ ਕਿਤਾਬ ਵਿਚ ਕੂਕਿਆਂ ਬਾਰੇ ਜਾਂ ਸਿੱਖ ਸ਼ਹੀਦਾਂ ਬਾਰੇ ਪੜ੍ਹਿਆ ਹੈ? ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਖਾਤਰ ਆਪਣਾ ਤਨ, ਮਨ ਤੇ ਧਨ ਸਭ ਦੇਸ਼ ਲਈ ਅਰਪਣ ਕਰ ਦਿੱਤਾ। ਜੇ ਪੜ੍ਹਦੇ ਹਾਂ ਤਾਂ ਕਿਤਾਬਾਂ ਵਿਚ ਗਾਂਧੀ ਤੇ ਨਹਿਰੂ ਦੇ ਫੋਟੋਆਂ ਦੇ ਨਾਲ ਉਨ੍ਹਾਂ ਦਾ ਜੀਵਨ ਤੇ ਅੱਗੇ ਚੱਲ ਕੇ ਉਨ੍ਹਾਂ ਦੇ ਚੇਲਿਆਂ ਦਾ ਹਾਲ ਦਰਜ ਕਰਕੇ ਹੁਣ ਅਖੌਤੀ ਨੇਤਾਵਾਂ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਹਿੰਦੂ ਫਿਰਕਾਪ੍ਰਸਤੀ ਨਹੀਂ ਤਾਂ ਕੀ ਦੇਸ਼ ਭਗਤੀ ਹੈ? ਗੁਰੂ ਗੋਬਿੰਦ ਸਿੰਘ ਜੀ ਨੂੰ ਭੁੱਲਕੜ ਦੇਸ਼ ਭਗਤ ਕਹਿਣ ਵਾਲਾ ਗਾਂਧੀ ਇਕ ਨੰਬਰ ਦਾ ਫਿਰਕਾਪ੍ਰਸਤ ਸੀ, ਜਿਸ ਨੇ ਹਿੰਦੁਸਤਾਨ ਵਿਚ ਫਿਰਕਾਪ੍ਰਸਤੀ ਦਾ ਬੀਜ ਬੀਜਿਆ, ਜੋ ਹਮੇਸ਼ਾਂ ਲਈ ਲੱਗ ਗਿਆ।

ਮੌਜੂਦਾ ਸਮੇਂ ਵਿਚ ਅਕਾਲੀ ਮੰਗਾਂ ਪੰਜਾਬ ਦੇ ਹੱਕ ਵਿਚ ਹਨ। ਪੰਜਾਬ ਵਿਚ ਸਿੱਖਾਂ ਦੇ ਨਾਲ 47 ਫੀ ਸਦੀ ਹਿੰਦੂ ਵੀ ਰਹਿ ਰਹੇ ਹਨ। ਜੇ ਪੰਜਾਬ ਨੂੰ ਪਾਣੀ ਬਿਜਲੀ ਤੇ ਖਾਦ ਮਿਲੇਗੀ, ਤਾਂ ਉਸ ਦਾ ਲਾਭ ਸਾਰੇ ਪੰਜਾਬ ਨੂੰ ਹੈ। ਨਾ ਕਿ ਕੇਵਲ ਸਿੱਖਾਂ ਨੂੰ ਹੋਵੇਗਾ। ਅਕਾਲੀ ਮੰਗਾਂ ਦੀ ਹਮਾਇਤ ਤਾਂ ਹਿੰਦੂਆਂ ਨੇ ਕੀ ਕਰਨੀ ਸੀ, ਸਗੋਂ ਗਲਤ ਪ੍ਰਚਾਰ ਕਰਨ ਉਤੇ ਲੱਗੇ ਹੋਏ ਹਨ। ਹਿੰਦੁਸਤਾਨ ਦੀ ਪ੍ਰੈਸ ਹਿੰਦੂਆਂ ਦੇ ਹੱਥ ਵਿਚ ਹੈ ਤੇ ਪ੍ਰੈਸ ਪ੍ਰਚਾਰ ਕਰ ਰਹੀ ਹੈ ਕਿ, ਅਕਾਲੀ ਦੇਸ਼ ਤੋਂ ਵੱਖ ਹੋਣਾ ਚਾਹੁੰਦੇ ਹਨ, ਪੰਜਾਬ ਵਿਚ ਹਿੰਦੂ ਤੇ ਸਿੱਖਾਂ ਦੇ ਫਸਾਦ ਹੋ ਰਹੇ ਹਨ ਤੇ ਸਿੱਖ ਹਿੰਦੂਆਂ ਨੂੰ ਪੰਜਾਬ ਵਿਚੋਂ ਕੱਢਣਾ ਚਾਹੁੰਦੇ ਹਨ। ਜਦੋਂ ਦਾ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਹੈ, ਕੋਈ ਹਿੰਦੂ ਪੰਜਾਬ ਵਿਚੋਂ ਕੱਢਿਆ ਨਹੀਂ ਗਿਆ ਤੇ ਨਾ ਹੀ ਪੰਜਾਬ ਵਿਚ ਕੋਈ ਹਿੰਦੂ - ਸਿੱਖ ਫਸਾਦ ਹੋਇਆ। ਪਟਿਆਲਾ ਸ਼ਹਿਰ ਵਿਚ 2 ਮਈ 1983 ਨੂੰ ਕੁਝ ਮਹਾਸ਼ਿਆਂ ਨੇ ਸ਼ਰਾਰਤ ਕੀਤੀ ਤੇ ਪੰਜਾਬ ਵਿਚ ਹਾਲਾਤ ਵਿਗੜ ਗਏ। 30 ਅਪਰੈਲ ਨੂੰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਦਿਨ ਦੇ ਸੰਬੰਧ ਵਿਚ ਸਿੰਘਾਂ ਨੇ ਸ਼ਹਿਰ ਵਿਚ ਬਹੁਤ ਭਾਰੀ ਗਿਣਤੀ ਵਿਚ ਜਲੂਸ ਕੱਢਿਆ, ਕਿਉਂਕਿ ਸ਼ਿਵਰਾਤਰੀ ਦੇ ਸਮੇਂ ਹਿੰਦੂ ਸੰਮਤੀ ਵਾਲਿਆਂ ਨੇ ਤ੍ਰਿਸ਼ੂਲਾਂ ਨਾਲ ਜਲੂਸ ਕੱਢਿਆ ਸੀ ਤੇ ਸਿੱਖਾਂ ਵਿਰੁੱਧ ਨਾਅਰੇ ਲਗਾਏ ਸਨ ਸਿੰਘਾਂ ਵਲੋਂ ਜੋ ਨਗਰ ਕੀਰਤਨ ਕੱਢਿਆ ਗਿਆ, ਉਸ ਨਾਲ ਸ਼ਹਿਰ ਵਿਚ ਪੂਰੀ ਦਹਿਸ਼ਤ



Digitized by Panjab Digital Library | www.panjabdigilib.org

ਸੀ ਪਰ ਕਿਸੇ ਵਿਰੁੱਧ ਕੋਈ ਨਾਅਰਾ ਨਹੀਂ ਲਗਾਇਆ ਗਿਆ। ਸ਼ਹਿਰ ਵਿਚ ਦੁਕਾਨਦਾਰਾਂ ਨੇ ਕੀਰਤਨ ਲਈ ਸਪੀਕਰ ਲਗਾ ਛੱਡੇ ਸਨ ਤੇ 4 ਮਈ ਨੂੰ ਸ਼ਹੀਦਾਂ ਦੀਆਂ ਅਸਥੀਆਂ ਦਾ ਜਲੂਸ ਵੀ ਆਉਣਾ ਸੀ। ਇਸ ਲਈ ਸਿੰਘਾਂ ਨੇ ਐਸ. ਡੀ. ਐਮ. ਪਟਿਆਲਾ ਤੋਂ 4 ਮਈ ਤੱਕ ਸਪੀਕਰ ਲੱਗੇ ਰਹਿਣ ਦੀ ਇਜਾਜ਼ਤ ਲੈ ਲਈ। ਇਨ੍ਹਾਂ ਸਪੀਕਰਾਂ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੀਰਤਨ ਹੋ ਰਿਹਾ ਸੀ ਪਰ ਕੁਝ ਹਿੰਦੂ ਫਿਰਕਾਪ੍ਰਸਤ ਅਨਸਰ ਨੇ 2 ਮਈ ਨੂੰ ਕੀਰਤਨ ਬੰਦ ਕਰਨ ਲਈ ਕਿਹਾ। ਅੱਜ ਉਹੀ ਲੋਕ, ਜਿਨ੍ਹਾਂ ਖਾਤਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਵਿਖੇ ਸ਼ਹੀਦੀ ਪ੍ਰਾਪਤ ਕੀਤੀ, ਉਸੇ ਗੁਰੂ ਜੀ ਦੇ ਸ਼ਬਦਾਂ ਨੂੰ ਘ੍ਰਿਣਾ ਕਰਨ ਲੱਗ ਪਏ ਹਨ। ਸਿੰਘਾਂ ਨੇ ਕੀਰਤਨ ਬੰਦ ਨਾ ਕੀਤਾ ਤਾਂ ਫਿਰਕੂ ਨੇਤਾ ਨੇ ਸਪੀਕਰ ਦੀਆਂ ਤਾਰਾਂ ਖਿੱਚ ਦਿੱਤੀਆਂ, ਜਿਸ ਤੋਂ ਝਗੜਾ ਹੋ ਗਿਆ। ਝਗੜਾ ਵਧਦਾ ਗਿਆ, ਅੱਗਾਂ ਲੱਗਣੀਆਂ ਸ਼ੁਰੂ ਹੋ ਗਈਆਂ, ਬਾਜ਼ਾਰ ਬੰਦ ਹੋ ਗਏ, ਕੁੱਟ ਮਾਰ ਸ਼ੁਰੂ ਹੋ ਗਈ ਤੇ ਸਰਕਾਰ ਨੇ ਹਾਲਾਤ ਦੇ ਕਾਬੂ ਪਾਉਣ ਲਈ ਕਰਫੀਊ ਲਾ ਦਿੱਤਾ, ਜੋ 20 ਦਿਨ ਚਲਦਾ ਰਿਹਾ। ਮਲੇਰਕੋਟਲੇ ਵਿਚ ਫਿਰਕੂ ਹਿੰਦੂਆਂ ਨੇ ਮੁਸਲਮਾਨਾਂ ਨਾਲ ਜ਼ਿਆਦਤੀ ਕੀਤੀ। ਜਲੰਧਰ ਵਿਚ ਸੋਡਲ ਮੰਦਰ ਤੇ ਗੁਰਦੁਆਰੇ ਦੇ ਝਗੜੇ ਤੋਂ ਕਰਫੀਊ ਲੱਗ ਗਿਆ।

ਹਿੰਦੂ ਫਿਰਕਾਪ੍ਰਸਤੀ ਦਾ ਦਿਵਾਲਾ ਉਸ ਸਮੇਂ ਨਿਕਲ ਗਿਆ, ਜਦ ਉਨ੍ਹਾਂ ਨੇ ਹਰਿਆਣੇ ਦੇ ਸਿੰਘਾਂ ਨੂੰ ਕੁੱਟਿਆ ਤੇ ਸਿੰਘਾਂ ਦੇ ਕੇਸ ਕੱਟ ਦਿੱਤੇ। ਸ. ਖ਼ੁਸ਼ਵੰਤ ਸਿੰਘ ਜੀ ਅਨੁਸਾਰ 'ਸਿੱਖ ਖਾਲਿਸਤਾਨ ਦੀ ਮੰਗ ਨਹੀਂ ਕਰਦੇ, ਭਜਨ ਲਾਲ ਵਰਗੇ ਫਿਰਕਾਪ੍ਰਸਤ ਆਪ ਖਾਲਿਸਤਾਨ ਬਣਾ ਕੇ ਸਿੱਖਾਂ ਨੂੰ ਦੇਣਗੇ', ਠੀਕ ਸਾਬਤ ਹੁੰਦਾ ਜਾ ਰਿਹਾ ਸੀ।

ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਚਾਹੇ ਤਾਂ ਪੰਜਾਬ ਦਾ ਮਸਲਾ ਕੁਝ ਹੀ ਮਿੰਟਾਂ ਵਿਚ ਹੱਲ ਹੋ ਸਕਦਾ ਹੈ ਪਰ ਉਸ ਦੇ ਆਸੇ ਪਾਸੇ ਵੀ ਫਿਰਕਾਪ੍ਰਸਤ ਟੋਲੇ ਦਾ ਗਲਬਾ ਹੈ, ਜੋ ਬੀਬੀ ਨੂੰ ਸਿੱਖਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਕਰਨ ਦਿੰਦਾ ਸਗੋਂ ਸਿੰਘਾਂ ਦੇ ਵਿਰੁੱਧ ਬੀਬੀ ਦੇ ਕੰਨ ਭਰੀ ਜਾ ਰਿਹਾ ਹੈ। ਪੰਜਾਬ ਸਰਕਾਰ ਨੇ 1 ਮਈ 1982 ਨੂੰ ਦਲ ਖਾਲਸਾ ਤੇ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਤੇ ਪਾਬੰਦੀ ਲਗਾ ਦਿੱਤੀ ਹੈ। ਪਰ ਆਰ. ਐਸ. ਐਸ. ਜਾਂ ਕਿਸੇ ਹੋਰ ਹਿੰਦੂ ਜਥੇਬੰਦੀ ਤੇ ਕੋਈ ਪਾਬੰਦੀ ਨਹੀਂ ਲਗਾਈ। ਜਦ ਕਿ ਇਸ ਦੀ ਮੰਗ ਕਾਂਗਰਸ ਵਾਲੇ ਆਪ ਵੀ ਕਰ ਰਹੇ ਹਨ।

"ਪੰਜਾਬ ਵਿਚ ਆਰ. ਐਸ. ਐਸ. ਤੇ ਪਾਬੰਦੀ ਲਗਾਓ। ਆਰ. ਐਸ. ਐਸ. ਆਪਣੇ ਵਰਕਰਾਂ ਨੂੰ ਹਥਿਆਰਬੰਦ ਟਰੇਨਿੰਗ ਦੇ ਰਿਹਾ ਹੈ। ਪੰਜਾਬ ਵਿਚ ਆਰ. ਐਸ. ਐਸ. ਹਿੰਦੂ ਤੇ ਸਿੱਖਾਂ ਵਿਚ ਫੁੱਟ ਪਾ ਰਹੇ ਹਨ।"

(ਯੂਥ ਕਾਂਗਰਸ ਗੁਰਦਰਸ਼ਨ ਸ਼ਰਮਾ, ਅੰਮ੍ਰਿਤਸਰ)

"ਸਿੱਖਾਂ ਦੀਆਂ ਸਾਰੀਆਂ ਮੰਗਾਂ ਜਾਇਜ਼ ਹਨ। ਕੋਈ ਮੰਗ ਦੇਸ਼ ਵਿਰੋਧੀ ਜਾਂ ਫਿਰਕਾਪ੍ਰਸਤੀ ਪੈਦਾ ਕਰਨ ਵਾਲੀ ਨਹੀਂ ਹੈ।"
(ਰਾਮ ਜੇਠ ਮਲਾਨੀ )

ਸਰਕਾਰ ਆਪ ਫਿਰਕਾਪ੍ਰਸਤੀ ਰਾਹੀਂ ਪੰਜਾਬ ਵਿਚ ਫਸਾਦ ਕਰਵਾਉਣਾ ਚਾਹੁੰਦੀ ਹੈ ਮਹਾਸ਼ਾ ਪ੍ਰੈਸ ਫਿਰਕਾਪ੍ਰਸਤੀ ਦਾ ਬੀਜ ਬੀਜ ਕੇ ਪੂਰੀ ਤਰ੍ਹਾਂ ਅੱਗ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਸਭ ਗੱਲਾਂ ਨੂੰ ਬ੍ਰਦਾਸ਼ਤ ਕਰਦਾ ਹੋਇਆ ਸ਼ਾਂਤਮਈ ਢੰਗ ਨਾਲ ਧਰਮ ਯੁੱਧ ਮੋਰਚਾ ਚਲਾ ਰਿਹਾ ਹੈ। ਪੰਜਾਬ ਦੇ ਹਿੰਦੂਆਂ ਨੂੰ ਚਾਹੀਦਾ ਹੈ ਕਿ ਫਿਰਕਾਪ੍ਰਸਤੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਕਰਨ।



Digitized by Panjab Digital Library | www.panjabdigilib.org

# ਬਾਬਾ ਸੰਤਾ ਸਿੰਘ ਜੀ
# ਬੁੱਢਾ ਦਲ ਦੇ ਨਾਂ:

ਪਰਮ ਸਤਿਕਾਰ ਯੋਗ ਬਾਬਾ ਸੰਤਾ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਆਪ ਇਸ ਸਮੇਂ ਨਿਹੰਗ ਸਿੰਘ ਚਲਦਾ ਵਹੀਰ ਬੁੱਢਾ ਦਲ ਦੇ ਚਕਰਵਰਤੀ ਛਿਆਨਵੇਂ ਕਰੋੜੀ ਪੰਜਵਾਂ ਤਖਤ ਦੇ ਮੁਖੀ ਹੋ। ਬੁੱਢਾ ਦਲ ਦਾ ਗੌਰਵਮਈ ਇਤਿਹਾਸ ਦੱਸਦਾ ਹੈ ਕਿ, ਬੁੱਢਾ ਦਲ ਦੇ ਸਿੰਘਾਂ ਨੇ ਸਿੱਖ ਕੌਮ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਹੀ ਨਹੀਂ ਦਿੱਤਾ, ਸਗੋਂ ਸਿੱਖਾਂ ਦੀ ਅਗਵਾਈ ਕਰਦੇ ਹੋਏ ਲਾਹੌਰ ਦੇ ਕਿਲ੍ਹੇ ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਖਾਲਸਾਈ ਸਿੱਕਾ ਵੀ ਜਾਰੀ ਕੀਤਾ ਹੈ। ਬੁੱਢਾ ਦਲ ਦੇ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਪ੍ਰਪੱਕ ਰਹਿੰਦਿਆਂ ਵਿਚਾਰਧਾਰਾ ਨੂੰ ਅੱਗੇ ਤੋਰਿਆ ਹੈ। ਲੋੜ ਪੈਣ ਤੇ ਹਰ ਮਜ਼ਲੂਮ ਦੀ ਸਹਾਇਤਾ ਕੀਤੀ, ਜੋ ਲੋੜਵੰਦ ਫਰਿਆਦੀ ਆਇਆ, ਉਹ ਖਾਲੀ ਨਹੀਂ ਗਿਆ। ਗੁਰੂ ਜੀ ਦੀਆਂ ਲਾਡਲੀਆਂ ਫੌਜਾਂ ਖਾਲਸਾ ਜੀ ਦੇ ਬੋਲਬਾਲੇ ਲਈ ਹਮੇਸ਼ਾਂ ਤਿਆਰ ਰਹਿੰਦੀਆਂ ਸਨ ਤੇ ਲੋੜ ਪੈਣ ਤੇ ਜੂਝਦੀਆਂ ਸਨ।

ਭਾਰਤ ਨੂੰ ਆਜ਼ਾਦ ਹੋਇਆਂ 35 ਸਾਲ ਹੋ ਗਏ ਹਨ ਤੇ ਸਿੱਖਾਂ ਨਾਲ ਕੇਂਦਰ ਸਰਕਾਰ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਆਜ਼ਾਦ ਭਾਰਤ ਵਿਚ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਿਆ ਜਾਂਦਾ ਹੈ, ਕਦਮ ਕਦਮ ਤੇ ਧੱਕੇ ਹੋ ਰਹੇ ਹਨ ਅਤੇ ਸਿੱਖ ਕੌਮ ਦੀ ਵੱਖਰੀ ਹੋਂਦ ਨੂੰ ਖਤਮ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਮਨਸੂਬੇ ਘੜੇ ਜਾ ਰਹੇ ਹਨ। ਪਰ ਇਸ ਸਮੇਂ ਬੁੱਢਾ ਦਲ ਦੇ ਸਿੰਘ ਚੁੱਪ ਹਨ।

ਬਾਬਾ ਜੀ, ਧਰਮ ਯੁੱਧ ਸ਼ੁਰੂ ਹੋਇਆਂ ਸਾਲ ਤੋਂ ਉਪਰ ਹੋ ਗਿਆ ਹੈ। ਅਣਗਿਣਤ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਗਿਆ ਹੈ ਅਤੇ ਸ਼ਹੀਦ ਕਰਕੇ ਨਹਿਰਾਂ ਵਿਚ ਸੁੱਟਿਆ ਜਾ ਰਿਹਾ ਹੈ ਪਰ ਆਪ ਜੀ ਨੇ ਚੁੱਪ ਕਿਉਂ ਸਾਧੀ ਹੋਈ ਹੈ? ਆਪ ਜੀ ਦੀ ਇਸ ਚੁੱਪ ਨਾਲ ਸਿੱਖ ਕੌਮ ਵਿਚ ਕਈ ਤਰ੍ਹਾਂ ਦੇ ਗਲਤ ਖਿਆਲ ਪੈਦਾ ਹੋ ਰਹੇ ਹਨ। ਆਪ ਜੀ ਨੂੰ ਚਾਹੀਦਾ ਹੈ ਕਿ ਇਸ ਨਾਜ਼ਕ ਸਮੇਂ ਸਿੱਖ ਕੌਮ ਦਾ ਸਾਥ ਦਿੰਦੇ ਹੋਏ ਜ਼ੁਲਮ ਦੇ ਵਿਰੁੱਧ ਡਟੋ ਤਾਂ ਜੋ ਖਾਲਸਾ ਜੀ ਦੇ ਬੋਲਬਾਲੇ ਹੋ ਸਕਣ। ਉਮੀਦ ਹੈ ਕਿ ਬੇਨਤੀ ਸਵੀਕਾਰ ਕਰਦੇ ਹੋਏ ਸਿੱਖ ਕੌਮ ਦੇ ਮੁਫਾਦ ਨੂੰ ਪਹਿਲ ਦੇ ਕੇ ਸਿੱਖ ਕੌਮ ਦਾ ਪੂਰਾ ਸਾਥ ਦੇਣ ਦੀ ਕ੍ਰਿਪਾਲਤਾ ਕਰੋਗੇ।

ਸਿੱਖ ਪੰਥ ਦਾ ਦਾਸ,
ਹਰਵਿੰਦਰ ਸਿੰਘ ਖਾਲਸਾ



Digitized by Panjab Digital Library | www.panjabdigilib.org

# ਸ਼ਰੋਮਣੀ ਅਕਾਲੀ ਦਲ ਦੇ ਨੇਤਾਵਾਂ ਦੇ ਨਾਂ:

ਪਰਮ ਸਤਿਕਾਰ ਯੋਗ ਨੇਤਾਜਨ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਸ਼੍ਰੋਮਣੀ ਅਕਾਲੀ ਦਲ ਵਲੋਂ ਚੱਲ ਰਿਹਾ ਧਰਮ ਯੁੱਧ ਮੋਰਚਾ ਦੂਜੇ ਸਾਲ ਵਿਚ ਦਾਖਲ ਹੋ ਚੁੱਕਿਆ ਹੈ। ਮੋਰਚਾ ਅਕਾਲ ਪੁਰਖ ਦੀ ਕ੍ਰਿਪਾ ਦੁਆਰਾ ਠੀਕ ਚੱਲ ਰਿਹਾ ਹੈ ਪਰ ਸਰਕਾਰ ਇਸ ਨਿਰੰਤਰ ਢੰਗ ਨਾਲ ਚੱਲ ਰਹੇ ਮੋਰਚੇ ਨੂੰ ਦੇਖ ਕੇ ਖੁਸ਼ ਨਹੀਂ। ਸਰਕਾਰ ਚਾਹੁੰਦੀ ਹੈਕਿ ਮੋਰਚੇ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਫੇਅਲ ਕੀਤਾ ਜਾਵੇ ਜਾਂ ਅਕਾਲੀ ਨੇਤਾਵਾਂ ਨੂੰ ਆਪਸ ਵਿਚ ਲੜਾ ਕੇ ਸਿੱਖ ਕੌਮ ਦੀ ਸ਼ਕਤੀ ਨੂੰ ਖੁਰਦ ਬੁਰਦ ਕੀਤਾ ਜਾਵੇ।

ਸ਼੍ਰੋਮਣੀ ਅਕਾਲੀ ਦਲ ਵਲੋਂ 1920 ਤੋਂ ਲੈ ਕੇ ਅੱਜ ਤੱਕ ਜੋ ਵੀ ਮੋਰਚੇ ਲੱਗੇ ਹਨ, ਉਸ ਵਿਚ ਖਾਲਸਾ ਪੰਥ ਨੂੰ ਜਿੱਤ ਹੋਈ ਹੈ ਪਰ ਮੋਰਚੇ ਦੀ ਜਿੱਤ ਤੋਂ ਬਾਅਦ ਸ਼ਰੋਮਣੀ ਅਕਾਲੀ ਦਲ ਦੋਫਾੜ ਹੁੰਦਾ ਰਿਹਾ, ਜਿਸ ਨਾਲ ਸਿੱਖ ਕੌਮ ਨੂੰ ਸਮੇਂ ਸਮੇਂ ਤੇ ਬਹੁਤ ਘਾਟਾ ਮਹਿਸੂਸ ਹੋਇਆ ਹੈ। ਸਰਕਾਰ ਦੇ ਹੱਥ ਬਹੁਤ ਲੰਬੇ ਹਨ। ਤੁਹਾਡਾ ਇਕੱਠ, ਆਪਸੀ ਮਿਲਵਰਤਣ ਸਰਕਾਰ ਦੀਆਂ ਅੱਖਾਂ ਵਿਚ ਚੁੱਭ ਰਿਹਾ ਹੈ। ਉਹ ਉਸ ਸਮੇਂ ਦੀ ਉਡੀਕ ਵਿਚ ਹੈ ਕਿ ਕਿਹੜਾ ਲੀਡਰ ਥਿੜਕੇ ਤੇ ਸਰਕਾਰ ਉਸ ਨੂੰ ਖਰੀਦ ਕੇ ਸਿੱਖ ਕੌਮ ਨਾਲ ਗਦਾਰੀ ਕਰਵਾ ਕੇ ਕੌਮ ਨੂੰ ਦੋਫਾੜ ਕਰ ਦੇਵੇ।

ਸਿੱਖ ਕੌਮ ਵਿਚ ਜਿੱਥੇ ਬਹਾਦਰਾਂ ਦੀ ਘਾਟ ਨਹੀਂ, ਉਥੇ ਗਦਾਰਾਂ ਦੀ ਵੀ ਕੋਈ ਕਮੀ ਨਹੀਂ ਹੈ ਪਰ ਇਤਿਹਾਸ ਗਵਾਹ ਹੈ ਕਿ ਜਿਸ ਨੇ ਸਿੱਖ ਕੌਮ ਨਾਲ ਗਦਾਰੀ ਕੀਤੀ ਹੈ, ਉਸ ਦਾ ਅਖੀਰ ਤੇ ਹਾਲ ਬਹੁਤ ਬੁਰਾ ਹੋਇਆ ਹੈ। ਕੌਮ ਨਾਲ ਗਦਾਰੀ ਕਰਨ ਵਾਲੇ ਕੁੱਤਿਆਂ ਦੀ ਮੌਤ ਮਰੇ ਹਨ ਤੇ ਕਈ ਪੰਥ ਗਦਾਰਾਂ ਨੂੰ ਮੌਤ ਦੇ ਸਮੇਂ ਪਛਾਣਿਆ ਵੀ ਨਹੀਂ ਜਾ ਸਕਿਆ ਕਿ, ਇਹ ਕਿਸ ਦੀ ਲੋਥ ਹੈ। ਸੋ ਯਾਦ ਰੱਖੋ ਕਿ ਇਸ ਨਾਜ਼ਕ ਸਮੇਂ ਜੋ ਕੋਈ ਨੇਤਾ ਕੌਮ ਨਾਲ ਗਦਾਰੀ ਕਰਦਾ ਹੈ, ਉਸ ਨੂੰ ਨਾ ਤਾਂ ਸਿੱਖ ਕੌਮ ਨੇ ਬਖਸ਼ਣਾ ਹੈ ਤੇ ਨਾ ਹੀ ਗੁਰੂ ਮਹਾਰਾਜ ਨੇ ਬਖਸ਼ਣਾ ਹੈ। ਸਾਡੀ ਤਾਂ ਹਮੇਸ਼ਾਂ ਇਹੀ ਅਰਦਾਸ ਹੈ ਕਿ ਗੁਰੂ ਮਹਾਰਾਜ ਕੌਮ ਦੀ ਸੇਵਾ ਕਰ ਰਹੇ ਨੇਤਾਵਾਂ ਨੂੰ ਬਲ, ਬੁੱਧੀ, ਸਮਰਥਾ ਤੇ ਆਪਸੀ ਪਿਆਰ ਬਖਸ਼ੇ ਤਾਂ ਜੋ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਛੇਤੀ ਤੋਂ ਛੇਤੀ ਖਾਲਸਾ ਜੀ ਦੇ ਬੋਲਬਾਲੇ ਕਰਾ ਸਕਣ।

ਖਾਲਸਾ ਪੰਥ ਦਾ ਦਾਸ,
ਹਰਵਿੰਦਰ ਸਿੰਘ ਖਾਲਸਾ।

# ਸੰਤ ਹਰਚੰਦ ਸਿੰਘ ਲੌਂਗੋਵਾਲ

ਤੁਸੀਂ ਆਪਣੀ ਗੱਲ ਕੀਤੀ, ਫੇਰ ਦੂਜੇ ਸਿੰਘ ਨੇ ਗੱਲ ਮੁਕਾਈ। ਸਾਰੇ ਸਿੰਘ ਆਪਣੀ ਆਪਣੀ ਗੱਲ ਕਰੀ ਜਾਣਗੇ। ਪਰ ਸ਼ਾਂਤ ਚਿੱਤ ਤੇ ਭਖਵਾਂ ਚਿਹਰਾ, ਜਿਸ ਸਾਹਮਣੇ ਗੱਲਾਂ



Digitized by Panjab Digital Library | www.panjabdigilib.org

ਹੋਈਆਂ, ਬੜੇ ਧਿਆਨ ਨਾਲ ਸੁਣਦੇ ਰਹੇ, ਪਰ ਕੁਝ ਬੋਲੇ ਨਹੀਂ, ਅਖੀਰ ਤੁਸੀਂ ਫਤਹਿ ਬੁਲਾ ਕੇ ਤੁਰ ਪਓਗੇ ਤਾਂ ਅੱਗੋਂ ਹੋਲੀ ਜਿਹੀ ਮੂੰਹ ਵਿਚੋਂ ਫਤਹਿ ਦੀ ਆਵਾਜ਼ ਆਏਗੀ। ਇਹ ਆਵਾਜ਼ ਧਰਮ ਯੁੱਧ ਮੋਰਚਾ ਡਿਕਟੇਟਰ ਸੰਤ ਬਾਬਾ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੀ ਹੋਵੇਗੀ, ਜਿਨ੍ਹਾਂ ਕੋਲ ਹਜ਼ਾਰਾਂ ਸੰਗਤਾਂ ਹਰ ਰੋਜ਼ ਨਵਾਂ ਪ੍ਰੋਗਰਾਮ ਲੈਣ ਲਈ ਆਉਂਦੀਆਂ ਹਨ। ਅੰਤਰ ਰਾਸ਼ਟਰੀ ਤੇ ਰਾਸ਼ਟਰ ਪੱਧਰ ਦੇ ਪ੍ਰੈਸ ਵਾਲੇ ਅਤੇ ਵਿਰੋਧੀ ਪਾਰਟੀ ਦੇ ਨੇਤਾ ਆਉਂਦੇ ਹਨ ਅਤੇ ਸੰਤੁਸ਼ਟ ਹੋ ਕੇ ਵਾਪਸ ਜਾਂਦੇ ਹਨ।

ਐਮਰਜੈਂਸੀ ਤੋਂ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਬਾਰੇ ਬਹੁਤ ਘੱਟ ਲੋਕ ਜਾਣਦੇ ਸਨ ਪਰ ਜਦ ਜਥੇਦਾਰ ਮੋਹਨ ਸਿੰਘ ਤੁੜ ਤੋਂ ਬਾਅਦ ਸ਼੍ਰੋਮਣੀ ਦਲ ਵਲੋਂ ਐਮਰਜੈਂਸੀ ਵਿਰੁੱਧ ਲਗਾਏ ਗਏ ਮੋਰਚਾ ਡਿਕਟੇਟਰ ਬਣੇ ਤਾਂ ਲੋਕਾਂ ਨੂੰ ਸੰਤ ਜੀ ਬਾਰੇ ਪਤਾ ਲੱਗਿਆ ਕਿ ਕੋਈ ਭਾਈ ਮਨੀ ਸਿੰਘ ਜੀ ਦੇ ਸਥਾਨ ਤੇ ਸੇਵਾ ਕਰ ਰਹੇ ਲੌਂਗੋਵਾਲ ਦੇ ਜੰਮਪਲ ਇਹੋ ਜਿਹੇ ਸੰਤ ਵੀ ਹਨ, ਜਿਨ੍ਹਾਂ ਨੂੰ ਕਿਸੇ ਐਮ. ਪੀ. ਜਾਂ ਐਮ. ਐਲ. ਏ. ਦੀ ਕੁਰਸੀ ਦੀ ਜਾਂ ਕਿਸੇ ਚੌਧਰ ਦੀ ਭੁੱਖ ਨਹੀਂ ਹੈ ਪਰ ਕੌਮ ਦੀ ਚੜ੍ਹਦੀ ਕਲਾ ਦੇਖਣੀ ਚਾਹੁੰਦੇ ਹਨ।

ਆਪ ਭਜਨ ਬੰਦਗੀ ਵਾਲੇ, ਮਿੱਠ ਬੋਲੜੇ ਤੇ ਕੀਰਤਨ ਦੇ ਰਸੀਏ ਹਨ ਤੇ ਆਪ ਵੀ ਕੀਰਤਨ ਕਰ ਲੈਂਦੇ ਹਨ। ਨਾਮ ਬਾਣੀ ਦੀ ਕ੍ਰਿਪਾ ਕਰਕੇ ਹੀ ਆਪ ਕਿਸੇ ਨਾਲ ਗੁੱਸੇ ਨਹੀਂ ਹੁੰਦੇ। ਸੰਤ ਜੀ ਕੋਲ ਆਉਣ ਵਾਲਾ ਹਰ ਇਨਸਾਨ ਕੁਝ ਚਿਰ ਬੈਠ ਕੇ ਜਦ ਵਾਪਿਸ ਜਾਂਦਾ ਹੈ ਤਾਂ ਇਹੀ ਸੋਚਦਾ ਹੈ ਕਿ, ਸੰਤ ਜੀ ਮੇਰੇ ਬਹੁਤ ਨਜ਼ਦੀਕੀ ਹਨ। ਆਪ ਅੱਜ ਭਾਵੇਂ ਮੋਰਚਾ ਡਿਕਟੇਟਰ ਹਨ ਪਰ ਕੋਈ ਵੀ ਪੰਥਕ ਫੈਸਲਾ ਇਕੱਲੇ ਨਹੀਂ ਲੈਂਦੇ। ਇਹ ਇਨ੍ਹਾਂ ਦੀ ਕਮਜ਼ੋਰੀ ਸਮਝ ਲਓ ਜਾਂ ਮਾਣ ਸਮਝ ਲਓ। ਸਮੁੱਚੀ ਅਕਾਲੀ ਲੀਡਰਸ਼ਿਪ ਆਪ ਜੀ ਦਾ ਸਤਿਕਾਰ ਕਰਦੀ ਹੋਈ ਹਰ ਹੁਕਮ ਮੰਨਦੀ ਹੈ। ਕਿਸੇ ਨੇ ਆਪ ਜੀ ਦੇ ਚਿਹਰੇ ਤੇ ਅੱਜ ਤੱਕ ਗੁੱਸਾ ਨਹੀਂ ਦੇਖਿਆ। ਮੈਂ ਇਕ ਦਿਨ ਕਿਹਾ ਕਿ, ਬਾਬਾ ਜੀ, ਮੋਰਚਾ ਲੰਬਾ ਹੁੰਦਾ ਜਾ ਰਿਹਾ ਹੈ। ਮੋਰਚੇ ਦਾ ਕੀ ਬਣੇਗਾ? ਮੈਨੂੰ ਕਹਿਣ ਲੱਗੇ, ਖਾਲਸਾਜੀ, ਘਬਰਾਈਦਾ ਨਹੀਂ। ਤੈਨੂੰ ਤਾਂ ਸਭ ਕੁਝ ਪਤਾ ਹੈ ਕਿ ਗੁਰੂ ਜੀ ਨੇ ਮੋਰਚਾ ਆਪਣੇ ਹੁਕਮ ਅਨੁਸਾਰ ਲਗਾਇਆ ਹੈ ਤੇ ਉਸ ਦੇ ਹੁਕਮ ਅਨੁਸਾਰ ਫਤਹਿ ਹੋਣੀ ਹੈ। ਮੈਂ ਕਿਹਾ ਕਿ ਜਿਸ ਨੂੰ ਗੁਰੂ ਦੇ ਹੁਕਮ ਬਾਰੇ ਪਤਾ ਲੱਗ ਜਾਵੇ, ਉਹ ਮਾਰ ਨਹੀਂ ਖਾ ਸਕਦਾ।

## ਸੰਤ ਜਰਨੈਲ ਸਿੰਘ 'ਖਾਲਸਾ'

ਜੇ ਕਦੀ ਤੁਹਾਨੂੰ ਕਿਸੇ ਧਾਰਮਿਕ ਸਟੇਜ ਤੇ ਉੱਚੇ ਲੰਬੇ ਭਰਵਾਂ ਤੇ ਪ੍ਰਕਾਸ਼ ਕੀਤਾ ਹੋਇਆ ਦਾਹੜਾ, ਲੰਬਾ ਚਿੱਟਾ ਚੋਲਾ, ਉੱਤੋਂ ਦੀ ਕਾਲੇ ਰੰਗ ਦੇ ਚੌੜੇ ਗਾਤਰੇ ਵਿਚ ਪਾਈ ਕ੍ਰਿਪਾਨ, ਸਿਰ ਤੇ ਸਜੀ ਨੀਲੇ ਰੰਗ ਦੀ ਗੋਲ ਦਸਤਾਰ ਤੇ ਹੱਥ ਵਿਚ ਫੜਿਆ ਹੋਇਆ ਲਿਸ਼ਕਾਰੇ ਮਾਰਦਾ ਤੀਰ, ਆਵਾਜ਼ ਵਿਚ ਜੋਸ਼, ਚਿਹਰੇ ਤੇ ਤਰ੍ਹਾਂ ਤਰ੍ਹਾਂ ਦੇ ਪ੍ਰਭਾਵ ਅਧੀਨ ਗੁਰੂ ਦੇ ਸਨਮੁਖ ਖੜ੍ਹੇ ਸੰਗਤਾਂ ਨੂੰ ਪੂਰੀ ਦਲੇਰੀ ਨਾਲ ਸੱਚੀ ਗੱਲ ਕਹਿ ਰਹੇ ਹੋਣ ਤਾਂ ਉਹ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਹੋਣਗੇ।

ਭਿੰਡਰਾਂਵਾਲੇ ਟਕਸਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਚਲਦੀ ਆ ਰਹੀ ਹੈ ਪਰ ਇਸ ਟਕਸਾਲ ਬਾਰੇ ਜੋ ਪ੍ਰਚਾਰ ਇਨ੍ਹਾਂ ਦਿਨਾਂ ਵਿਚ ਹੋਇਆ ਹੈ, ਪਹਿਲਾਂ ਕਦੇ ਨਹੀਂ ਹੋਇਆ ਸੀ। ਮਾਲਵਾ ਦੀ ਧਰਤੀ ਜ਼ਿਲ੍ਹਾ ਫਰੀਦਕੋਟ, ਪਿੰਡ ਰੋਡੇ ਵਿਖੇ 1947 ਦੇ ਘੱਲੂਘਾਰੇ ਸਮੇਂ ਜਨਮ ਲੈਣ ਵਾਲੇ ਸੰਤ ਜਰਨੈਲ ਸਿੰਘ ਜੀ ਬਾਰੇ ਕਿਸੇ ਨੂੰ ਕੀ ਪਤਾ ਸੀ ਕਿ ਉਹ ਕਿਸੇ ਦਿਨ ਸੰਸਾਰ ਭਰ ਦੇ ਲੋਕਾਂ ਲਈ ਚਰਚਾ ਦਾ ਵਿਸ਼ਾ ਬਣਨਗੇ। ਘਰ ਵਿਚੋਂ ਸਿੱਖੀ ਦੀ ਗੁੜ੍ਹਤੀ ਲੈ ਕੇ



Digitized by Panjab Digital Library | www.panjabdigilib.org

ਸਮੁੱਚੀ ਸਿੱਖ ਕੌਮ ਨੂੰ ਇਕ ਪਲੇਟ ਫਾਰਮ ਤੇ ਇਕੱਠੇ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੀ ਗੱਲ ਤੋਰਨ ਵਾਲੇ ਬਾਰੇ ਕੌਣ ਜਾਣਦਾ ਸੀ ਕਿ, ਪਿੰਡ ਵਿਚ ਛੋਟੇ ਬੱਚਿਆਂ ਨਾਲ ਖੇਡਣ ਵਾਲਾ ਬਾਬਾ ਜਰਨੈਲ ਸਿੰਘ ਜੀ ਆਪਣੇ ਪਿੰਡ ਦਾ ਨਾਂ ਰੋਸ਼ਨ ਕਰਦਿਆਂ ਹੋਇਆਂ ਇੰਨੀ ਛੋਟੀ ਅਵਸਥਾ ਵਿਚ ਦੁਨੀਆਂ ਭਰ ਦੀਆਂ ਅਖ਼ਬਾਰਾਂ ਲਈ ਚਰਚਾ ਦਾ ਵਿਸ਼ਾ ਬਣ ਜਾਵੇਗਾ।

ਸੰਤ ਜਰਨੈਲ ਸਿੰਘ ਖ਼ਾਲਸਾ ਜੀ ਨੇ ਸੰਤ ਕਰਤਾਰ ਸਿੰਘ ਖ਼ਾਲਸਾ ਜੀ ਤੋਂ ਬਾਅਦ ਭਿੰਡਰਾਂਵਾਲੀ ਟਕਸਾਲ ਦੀ ਸੇਵਾ ਸੰਭਾਲੀ। ਜਦੋਂ ਦੀ ਸੰਤ ਜੀ ਨੇ ਟਕਸਾਲ ਦੀ ਜ਼ਿੰਮੇਵਾਰੀ ਸੰਭਾਲੀ ਹੈ, ਉਸ ਸਮੇਂ ਤੋਂ ਕੁਝ ਚਿਰ ਬਾਅਦ ਤੋਂ ਲੈ ਕੇ ਅੱਜ ਤੱਕ ਕੋਈ ਨਾ ਕੋਈ ਸੰਕਟ ਚਲਦਾ ਆ ਰਿਹਾ ਹੈ ਤੇ ਆਪ ਅਕਾਲ ਪੁਰਖ ਦੀ ਕਿਰਪਾ ਦੁਆਰਾ ਹਰ ਸੰਕਟ ਦਾ ਟਾਕਰਾ ਬੜੀ ਦਲੇਰੀ ਨਾਲ ਕਰ ਰਹੇ ਹਨ।

ਸੰਤ ਜਰਨੈਲ ਸਿੰਘ ਜੀ ਸਰਕਾਰ ਲਈ ਖ਼ਤਰਾ ਹਨ, ਫਿਰਕੂ ਅਖ਼ਬਾਰਾਂ ਦੁਆਰਾ ਕੀਤੇ ਗਏ ਪ੍ਰਚਾਰ ਰਾਹੀਂ, ਜਿਨ੍ਹਾਂ ਨੂੰ ਅਸਲੀਅਤ ਬਾਰੇ ਕੁਝ ਪਤਾ ਨਹੀਂ, ਉਨ੍ਹਾਂ ਨੇ ਮਨ ਵਿਚ ਸੰਤਾਂ ਦਾ ਬਿੰਬ ਇਕ ਆਦਮਖੋਰ ਦੇ ਤੌਰ ਤੇ ਉਭਰਿਆ ਹੈ ਕਿ ਇਹ ਸੰਤ ਜੀ ਪਤਾ ਨਹੀਂ, ਕਿੰਨੇ ਕੁ ਭਿਆਨਕ ਤੇ ਖ਼ਤਰਨਾਕ ਹਨ ਪਰ ਕਿਸੇ ਨੂੰ ਕੀ ਪਤਾ ਹੈ ਕਿ, ਸਾਰੇ ਦਿਨ ਵਿਚੋਂ ਸਿਰਫ ਦੋ ਢਾਈ ਘੰਟੇ ਆਰਾਮ ਕਰਨ ਵਾਲੇ ਤੇ ਬਾਕੀ ਦਾ ਸਮਾਂ ਸਿਮਰਨ ਭਗਤੀ ਵਿਚ ਬਿਤਾਉਣ ਵਾਲੇ ਹਮੇਸ਼ਾਂ ਮਨੁੱਖਤਾ ਦੇ ਭਲੇ ਦੀ ਗੱਲ ਕਰਦੇ ਹੋਏ ਹਰ ਇਨਸਾਨ ਨੂੰ ਆਪਣੇ ਧਰਮ ਵਿਚ ਪ੍ਰਪੱਕ ਹੋਣ ਲਈ ਪਰੇਰਦੇ ਹਨ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਅਸਲੀਅਤ ਕੀ ਹੈ? ਪਰ ਇਸ ਸਮੇਂ ਸੰਤ ਜੀ ਸਹੀ ਅਰਥਾਂ ਵਿਚ ਸੰਤ ਤੇ ਸਿਪਾਹੀ ਦਾ ਰੂਪ ਹਨ।

## ਜਥੇਦਾਰ ਜਗਦੇਵ ਸਿੰਘ ਤਲਵੰਡੀ

ਪੇਂਡੂ ਵਾਤਾਵਰਨ ਵਿਚੋਂ ਉਠ ਕੇ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸੰਭਾਲਣ ਵਾਲਾ, ਪੇਂਡੂ ਪਹਿਰਾਵੇ ਵਿਚ ਹੱਥ ਫੜੀ ਤਿੰਨ ਕੁ ਫੁੱਟੀ ਕ੍ਰਿਪਾਨ ਦਰਸ਼ਨੀ ਦਾਹੜੇ ਮੂਹਰੇ ਦੋ ਉੱਚੇ ਦੰਦ, ਕਿਸੇ ਨਾਲ ਗੱਲ ਕਰਨ ਤੋਂ ਪਹਿਲਾਂ ਘੱਟ ਸੋਚ ਕੇ ਅੱਖੜ ਜ਼ਬਾਨ ਵਿਚ ਬੋਲਣ ਵਾਲਾ, ਪਰ ਰਾਜ ਸਭਾ ਵਿਚ ਚੁੱਪ ਬੈਠ ਕੇ ਸੁਣਨ ਵਾਲਾ ਪੂਰਾ ਰੋਹਬ, ਲੋਹ ਪੁਰਸ਼ ਪਰ ਹੁਣ ਕੁਝ ਕਹਿਣ ਤੋਂ ਪਹਿਲਾਂ ਸ਼ਾਂਤ ਚਿਤ ਨਾਲ ਸੋਚਣ ਵਾਲਾ ਜਥੇਦਾਰ ਜਗਦੇਵ ਸਿੰਘ ਤਲਵੰਡੀ ਹਨ।

ਆਪ ਪਿੰਡ ਤਲਵੰਡੀ, ਜ਼ਿਲ੍ਹਾ ਲੁਧਿਆਣਾ ਦੇ ਜੰਮਪਲ, ਘਰ ਤੋਂ ਸਿੱਖੀ ਗ੍ਰਹਿਣ ਕਰਕੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਤਪਰ ਪਰ ਅੜਬ ਸੁਭਾਅ ਨੇ ਬਹੁਤ ਨੁਕਸਾਨ ਕਰਵਾਇਆ ਪਰ ਫਿਰ ਵੀ ਫ਼ਿਰਤਾ ਨਹੀਂ ਛੱਡਣੀ ਤੇ ਆਨੰਦਪੁਰ ਸਾਹਿਬ ਦੇ ਮਤੇ ਲਈ ਡਟੇ ਰਹਿਣਾ, ਇਸ ਪਿੱਛੇ ਵੀ ਕੋਈ ਰਾਜ਼ ਹੈ।

ਜਥੇਦਾਰ ਸਾਹਿਬ ਪੂਰਨ ਗੁਰਸਿੱਖ ਅੰਮ੍ਰਿਤਧਾਰੀ ਤੇ ਪੱਕੇ ਨਿਤਨੇਮੀ ਹਨ, ਜੋ ਅੰਮ੍ਰਿਤ ਵੇਲੇ ਕੇਸੀ ਇਸ਼ਨਾਨ ਕਰਕੇ ਨਿਤਨੇਮ ਕਰਨ ਉਪਰੰਤ ਰੋਜ਼ਾਨਾ ਜ਼ਿੰਦਗੀ ਸੁਧਾਰ ਕਰਦੇ ਹਨ। ਜਥੇਦਾਰ ਅਕਾਲ ਤਖ਼ਤ ਸਾਹਿਬ ਜੀ ਨੇ ਜਦ ਆਪ ਜੀ ਨੂੰ ਧਰਮ ਯੁੱਧ ਮੋਰਚੇ ਵਿਚ ਆਉਣ ਲਈ ਅਪੀਲ ਕੀਤੀ ਤਾਂ ਆਪ ਦਿੱਲੀ ਵਿਖੇ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਲਈ ਚੱਲ ਰਹੇ ਮੋਰਚੇ ਨੂੰ ਛੱਡ ਕੇ ਧਰਮ ਯੁੱਧ ਵਿਚ ਕੁੱਦ ਪਏ।



Digitized by Panjab Digital Library | www.panjabdigilib.org

ਸਾਡਾ ਆਖਰੀ ਨਿਸ਼ਾਨਾ ਸ੍ਰੀ ਆਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਹੈ, ਇਹ ਸ਼ਬਦ ਜਥੇਦਾਰ ਤਲਵੰਡੀ ਜੀ ਦੇ ਕਹੇ ਹੋਏ ਹਨ ਤੇ ਕਹਿ ਰਹੇ ਹਨ। ਆਪ ਵਚਨਬੱਧ ਹਨ ਕਿ ਜਦ ਤੱਕ ਸ੍ਰੀ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਨਹੀਂ ਹੋ ਜਾਂਦਾ, ਉਹ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹਨ ਤੇ ਤਿਆਰ ਰਹਿਣਗੇ। ਜਥੇਦਾਰ ਜੀ ਦਾ ਗੁਰੂ ਤੇ ਪੂਰਾ ਭਰੋਸਾ ਹੈ ਕਿ ਅਕਾਲ ਪੁਰਖ ਸਾਨੂੰ ਅਵੱਸ਼ ਫਤਹਿ ਬਖਸ਼ਣਗੇ। ਜਥੇਦਾਰ ਜੀ ਹੁਣ ਸ਼੍ਰੋਮਣੀ ਅਕਾਲੀ ਦਲ ਲਈ ਹਰ ਤਰ੍ਹਾਂ ਕੰਮ ਕਰ ਰਹੇ ਹਨ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ, ਮੋਰਚਾ ਡਿਕਟੇਟਰ ਦੇ ਹੁਕਮ ਦੀ ਪਾਲਣਾ ਕਰਦੇ ਹਨ। ਜੇ ਅਕਾਲੀ ਦਲ ਨੇ ਆਪਣੀਆਂ ਯੋਗ ਮੰਗਾਂ ਮੰਨਵਾ ਕੇ ਮੋਰਚਾ ਵਾਪਿਸ ਲੈ ਲਿਆ ਤਾਂ ਕੀ ਜਥੇਦਾਰ ਸਾਹਿਬ ਆਨੰਦਪੁਰ ਸਾਹਿਬ ਦੇ ਮਤੇ ਲਈ ਲੜਾਈ ਲੜਣਗੇ?

## ਜਥੇਦਾਰ ਗੁਰਚਰਨ ਸਿੰਘ ਟੌਹੜਾ

"ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਸੁਪਰੀਮ ਕੋਰਟ ਦਾ ਵਕੀਲ ਹੋਣਾ ਚਾਹੀਦਾ ਸੀ" ਇਹ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੇ, ਜੋ ਚੰਡੀਗੜ੍ਹ ਵਿਚ ਅਕਾਲੀ ਦਲ ਦੇ ਨੇਤਾਵਾਂ ਨਾਲ ਗੱਲਬਾਤ ਕਰਨ ਲਈ ਆਏ ਸਨ, ਕਹੇ ਹੋਏ ਸ਼ਬਦ ਹਨ। ਇਸ ਵਿਚ ਕੋਈ ਝੂਠ ਨਹੀਂ ਕਿ, ਜਥੇਦਾਰ ਜੀ ਇਕ ਉਚ ਕੋਟੀ ਦੇ ਰਾਜਨੀਤਕ, ਪ੍ਰਬੰਧਕ, ਸੂਝਵਾਨ, ਦਲੀਲ ਦੁਆਰਾ ਗੱਲ ਕਰਨ ਵਾਲੇ ਉਹ ਇਨਸਾਨ ਹਨ, ਜੋ 26 ਜਨਵਰੀ 1973 ਤੋਂ ਲੈ ਕੇ ਅੱਜ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਬਣਦੇ ਆ ਰਹੇ ਹਨ। ਇਹ ਉਨ੍ਹਾਂ ਦੀ ਸਿਆਣਪ ਅਤੇ ਦਲੇਰੀ ਦਾ ਸਦਕਾ ਹੀ ਹੈ ਕਿ, ਇਕ ਵਰਕਰ ਪੱਧਰ ਤੋਂ ਉਠ ਕੇ ਅੰਤਰ ਰਾਸ਼ਟਰੀ ਪੱਧਰ ਤੇ ਨਾਮ ਚਮਕਣਾ।

ਪਟਿਆਲਾ ਸਰਹੰਦ ਰੋਡ ਦੇ ਖੱਬੇ ਪਾਸੇ ਟੌਹੜਾ ਪਿੰਡ ਦੇ ਵਸਨੀਕ, ਜਿੱਥੇ ਬਚਪਨ ਗੁਜ਼ਾਰਿਆ, ਪਿੰਡ ਵਿਚ ਕਾਂਗਰਸੀ ਨੇਤਾਵਾਂ ਦਾ ਬੋਲਬਾਲਾ ਹੋਣ ਦੇ ਬਾਵਜੂਦ ਸੰਘਰਸ਼ ਜਾਰੀ ਰੱਖਿਆ ਤੇ ਫਤਹਿ ਪਰਾਪਤ ਕਰਕੇ ਹਰ ਪਾਸੇ 'ਟੌਹੜਾ' ਪਿੰਡ ਦੀ ਗੱਲ ਚਲਾ ਦਿੱਤੀ। ਆਪ ਜੀ ਦੇ ਮਨ ਵਿਚ ਵਰਕਰਾਂ ਲਈ ਬਹੁਤ ਸਤਿਕਾਰ ਹੈ ਤੇ ਮੌਕਾ ਮਿਲਣ ਤੇ ਦੁੱਖ ਸੁੱਖ ਦੇ ਸਮੇਂ ਹਰ ਵਰਕਰ ਕੋਲ ਪਹੁੰਚਦੇ ਹਨ। ਇਹੀ ਕਾਰਨ ਹੈ ਕਿ ਵਾਹਿਗੁਰੂ ਜੀ ਦੀ ਕਿਰਪਾ ਦੁਆਰਾ ਆਪ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ ਹਨ ਤੇ ਵਿਚਾਰ ਪਾਏ ਜਾਂਦੇ ਹਨ ਕਿ, ਜਥੇਦਾਰ ਜੀ ਕੁਰਸੀ ਦੀ ਖਾਤਰ ਸਭ ਕੁਝ ਕੁਰਬਾਨ ਕਰ ਜਾਂਦੇ ਹਨ। ਪਰੰਤੂ ਇਸ ਗੱਲ ਦੇ ਬਾਰੇ ਪਰਧਾਨ ਸਾਹਿਬ ਆਪ ਹੀ ਜਾਣਦੇ ਹਨ ਜਾਂ ਵਾਹਿਗੁਰੂ ਜਾਣਦਾ ਹੈ ਕਿ ਇਹ ਵੀ ਕਿਹਾ ਜਾਂਦਾ ਹੈ ਕਿ, ਇਹ ਪਰਚਾਰ ਉਹੀ ਲੋਕ ਕਰਦੇ ਹਨ, ਜੋ ਜ਼ਿੰਦਗੀ ਵਿਚ ਆਪ ਕੁਝ ਪ੍ਰਾਪਤ ਨਹੀਂ ਕਰ ਸਕਦੇ ਤੇ ਦੂਜੇ ਨੂੰ ਦੇਖ ਕੇ ਖੁਸ਼ ਨਹੀਂ ਹੁੰਦੇ। ਆਪ ਪੰਥ ਦੀ ਚੜ੍ਹਦੀ ਕਲਾ ਅਤੇ ਏਕਤਾ ਦੇ ਮੁੱਦਈ ਹਨ। ਆਪ ਜੀ ਦੇ ਅੰਦਰ ਸਿੱਖੀ ਪਿਆਰ ਠਾਠਾਂ ਮਾਰ ਰਿਹਾ ਹੈ ਆਪ ਖਾਲਸਾ ਜੀ ਦੇ ਬੋਲਬਾਲੇ ਦੀ ਗੱਲ ਚਾਹੁੰਦੇ ਸਨ ਪਰ ਸਮਾਂ ਇਜਾਜ਼ਤ ਨਹੀਂ ਦੇ ਰਿਹਾ ਹੈ। ਆਪ ਜੀ ਦੀ ਪਾਰਖੂ ਅੱਖ ਵਰਕਰ ਨੂੰ ਪਛਾਣਦੀ ਹੈ ਪਰ ਕਈ ਵਾਰ ਝਪਕਾ ਵੀ ਖਾ ਜਾਂਦੀ ਹੈ। ਇਸ ਸਮੇਂ ਧਰਮ ਯੁੱਧ ਮੋਰਚੇ ਲਈ ਜਿੰਨਾ ਕੰਮ ਆਪ ਕਰ ਰਹੇ ਹਨ, ਸ਼ਾਇਦ ਹੀ ਹੋਰ ਕੋਈ ਨੇਤਾ ਕਰ ਰਿਹਾ ਹੈ ਤੇ ਕਰ ਸਕਦਾ ਹੋਵੇ। ਇਹ ਤਾਂ ਸਮਾਂ ਹੀ ਦੱਸੇਗਾ ਕਿ ਆਉਣ ਵਾਲੇ ਸਮੇਂ ਵਿਚ ਕੌਮ ਨੂੰ ਕੀ ਪ੍ਰੋਗਰਾਮ ਦਿੰਦੇ ਹਨ।

## ਸ. ਪ੍ਰਕਾਸ਼ ਸਿੰਘ 'ਬਾਦਲ'

ਉੱਚਾ ਲੰਬਾ 6 ਫੁੱਟ ਕੱਦ, ਢਿੱਲੀ ਪੱਗ ਤੇ ਬੰਨ੍ਹੇ ਹੋਏ ਦਾਹੜੇ ਵਿਚ ਟਾਵਾਂ ਟਾਵਾਂ



Digitized by Panjab Digital Library | www.panjabdigilib.org

ਕਾਲਾ ਕੇਸ ਤੇ ਕਾਲੀਆਂ ਮੁੱਛਾਂ, ਕਦੇ ਪੈਂਟ ਕੋਟ ਪਾਈ, ਟਾਈ ਲੱਗੀ ਹੋਈ, ਆਪਣੀ ਮਸਤੀ ਵਿਚ ਰਹਿਣ ਵਾਲਾ, ਇਹ ਮਸਤੀ ਧਨ ਦੀ ਹੈ ਜਾਂ ਕਿਸੇ ਹੋਰ ਚੀਜ਼ ਦੀ ਹੈ, ਇਹ ਤੁਸੀਂ ਪਤਾ ਲਗਾ ਸਕਦੇ ਹੋ ਕਿ, ਮਾਲਵੇ ਦੇ ਪਿੰਡ 'ਬਾਦਲ' ਦਾ ਜੰਮਪਲ ਸ. ਪ੍ਰਕਾਸ਼ ਸਿੰਘ ਬਾਦਲ ਹੈ। ਕੋਈ ਦੇਖ ਕੇ ਕਹਿ ਨਹੀਂ ਸਕਦਾ ਕਿ, ਇਹ ਕਦੀ ਪੰਜਾਬ ਦੇ ਮੁੱਖ ਮੰਤਰੀ ਰਹੇ ਹੋਣਗੇ।

ਬਾਦਲ ਸਾਹਿਬ ਮਿਲਾਪੜੇ ਮਿੱਠ ਬੋਲੜੇ ਤੇ ਨਰਮ ਸੁਭਾਅ ਦੇ ਵਿਅਕਤੀ ਹਨ। ਬਾਦਲ ਸਾਹਿਬ ਦੇ ਚੇਹਰੇ ਤੇ ਕਦੇ ਕਿਸੇ ਨੇ ਗੁੱਸਾ ਨਹੀਂ ਦੇਖਿਆ। ਉਦਾਸੀ ਜ਼ਰੂਰ ਦੇਖੀ ਹੈ। ਭਾਵੇਂ ਮੁੱਖ ਮੰਤਰੀ ਪੰਜਾਬ ਹੋਣ, ਵਿਰੋਧੀ ਧਿਰ ਦੇ ਨੇਤਾ ਹੋਣ ਜਾਂ ਵਿਅਕਤੀ ਦੇ ਰੂਪ ਵਿਚ ਪਰ ਪਹਿਰਾਵਾ ਹਮੇਸ਼ਾਂ ਸਾਦਾ ਰੱਖਦੇ ਹਨ। ਆਪ ਧਨਾਢ ਘਰਾਣੇ ਨਾਲ ਸੰਬੰਧਤ ਹੋਣ ਦੇ ਕਾਰਨ ਬੜੀ ਛੇਤੀ ਗਿਆਨੀ ਕਰਤਾਰ ਸਿੰਘ ਰਾਹੀਂ ਰਾਜਨੀਤੀ ਵਿਚ ਪ੍ਰਵੇਸ਼ ਕਰ ਗਏ ਤੇ ਥੋੜੇ ਸਮੇਂ ਵਿਚ ਹੀ ਮੂਹਰਲੀ ਕਤਾਰ ਦੇ ਨੇਤਾਵਾਂ ਵਿਚ ਜਾ ਖੜ੍ਹੇ ਹੋਏ।

ਪੰਜਾਬ ਦਾ ਕ੍ਰਿਸਾਣੀ ਤੱਬਕਾ, ਹਿੰਦੂ, ਹਰੀਜਨ ਵਰਗ ਦੇ ਲੋਕ ਆਪ ਜੀ ਨੂੰ ਪਿਆਰ ਕਰਦੇ ਹਨ। ਆਪ ਪੰਜਾਬ ਦੇ ਹਿੰਦੂਆਂ ਦੇ, ਖਾਸ ਕਰਕੇ ਜਨਸੰਘੀਆਂ ਦੇ ਨੇੜੇ ਸਮਝੇ ਜਾਂਦੇ ਹਨ। ਜਦੋਂ ਵੀ ਆਪ ਪੰਜਾਬ ਦੇ ਮੁੱਖ ਮੰਤਰੀ ਬਣੇ, ਜਨਸੰਘੀ ਮਹਾਸ਼ੇ ਆਪ ਜੀ ਦੇ ਮੰਤਰੀ ਮੰਡਲ ਵਿਚ ਭਾਈਵਾਲ ਸਨ। ਜਿਥੇ ਪੰਜਾਬ ਵਿਚ ਆਪ ਜੀ ਦਾ ਸਤਿਕਾਰ ਹੈ, ਉਥੇ ਭਾਰਤ ਪੱਧਰ ਦੇ ਨੇਤਾ ਆਪ ਨੂੰ ਬਹੁਤ ਪਿਆਰ ਕਰਦੇ ਹਨ। ਇਹ ਵਿਰੋਧੀ ਧਿਰ ਦੇ ਮਹਾਸ਼ੇ ਨੇਤਾ ਬਾਦਲ ਸਾਹਿਬ ਨੂੰ ਪਿਆਰ ਕਿਉਂ ਕਰਦੇ ਹਨ? ਇਹ ਤਾਂ ਉਹ ਜਾਣਦੇ ਹਨ। ਪਰ ਮਹਾਸ਼ਿਆਂ ਨੇ ਕਦੇ ਪੰਜਾਬ ਦੇ ਭਲੇ ਲਈ ਨਹੀਂ ਸੋਚਿਆ। ਬਾਦਲ ਸਾਹਿਬ ਹੁਣ ਢਲਦੀ ਜਵਾਨੀ ਵਿਚ ਹਨ। ਧਰਮ ਯੁੱਧ ਮੋਰਚੇ ਲਈ 4 ਅਗਸਤ 1982 ਨੂੰ ਪਹਿਲੇ ਜਥੇ ਦੀ ਅਗਵਾਈ ਆਪ ਜੀ ਨੇ ਕੀਤੀ। ਆਪ ਜੀ ਸ਼ਾਂਤੀ ਦੇ ਪੁਜਾਰੀ ਹਨ। ਇਹੀ ਕਾਰਨ ਹੈ ਕਿ ਮੋਰਚਾ ਸ਼ਾਂਤਮਈ ਢੰਗ ਨਾਲ ਚੱਲ ਕੇ ਲੰਬਾ ਹੁੰਦਾ ਜਾ ਰਿਹਾ ਹੈ। ਭਾਵੇਂ ਅੱਜ ਕਲ ਆਪ ਜੀ ਦੀ ਸਿਹਤ ਠੀਕ ਨਹੀਂ, ਫਿਰ ਵੀ ਸ਼ਰੋਮਣੀ ਅਕਾਲੀ ਦਲ ਹਰ ਕਾਰਵਾਈ ਤੋਂ ਪਹਿਲਾਂ ਆਪ ਜੀ ਦੀ ਸਲਾਹ ਲੈਂਦਾ ਹੈ।

## ਸ. ਸੁਖਜਿੰਦਰ ਸਿੰਘ ਜੀ

"ਅਸੀਂ ਖਾਲਿਸਤਾਨ ਨਹੀਂ ਚਾਹੁੰਦੇ ਪਰ ਸਰਕਾਰ ਸਾਨੂੰ ਮੱਲੋਮੱਲੀ ਖਾਲਿਸਤਾਨ ਦੇਣਾ ਚਾਹੁੰਦੀ ਹੈ", ਆਪਣੇ ਭਾਸ਼ਨ ਵਿਚ ਬੋਲਦਿਆਂ ਹੋਇਆ ਚੂੜੀਦਾਰ ਪਜਾਮਾ ਕੁੜਤਾ ਤੇ ਕੇਸਰੀ ਦਸਤਾਰ ਸਜਾਈ ਉਚੇ ਭਰਵੇਂ ਸਰੀਰ ਵਾਲੇ ਅਕਾਲੀ ਨੇਤਾ ਸ. ਸੁਖਜਿੰਦਰ ਸਿੰਘ ਨੇ ਕਿਹਾ। ਆਪ ਦਿਲੋਂ ਖਾਲਿਸਤਾਨ ਦੇ ਮੁਦਈ ਹਨ ਪਰ ਇਸ ਸਮੇਂ ਸ਼ਰੋਮਣੀ ਅਕਾਲੀ ਦਲ ਦੀ ਨੀਤੀ ਅਨੁਸਾਰ ਚੱਲ ਰਹੇ ਹਨ।

ਆਪ ਬਾਦਲ ਸਮੇਂ ਪੰਜਾਬ ਦੇ ਵਿਦਿਆ ਮੰਤਰੀ ਰਹੇ। ਆਪ ਵਿਦਿਆ ਵਿਚ ਤਬਦੀਲੀ ਲਿਆ ਕੇ ਸਕੂਲਾਂ ਤੇ ਕਾਲਜਾਂ ਵਿਚ ਸਿੱਖੀ ਦੀ ਗੱਲ ਤੋਰਨੀ ਚਾਹੁੰਦੇ ਸਨ ਪਰ ਪਤਾ ਨਹੀਂ, ਇਹ ਕੰਮ ਕਿਉਂ ਨਾ ਹੋ ਸਕਿਆ ਅਤੇ ਛੇਤੀ ਹੀ ਬਾਦਲ ਸਾਹਿਬ ਨੇ ਸ. ਸੁਖਜਿੰਦਰ ਸਿੰਘ ਨੂੰ ਆਪਣੇ ਮੰਤਰੀ ਮੰਡਲ ਤੋਂ ਪਰ੍ਹੇ ਕਰਕੇ ਇਕ ਆਮ ਐਮ. ਐਲ. ਏ. ਦੀ ਪਦਵੀ ਤੇ ਵਾਪਿਸ ਲਿਆ ਦਿੱਤਾ।

ਸ. ਸੁਖਜਿੰਦਰ ਸਿੰਘ ਜੀ ਸਿੱਖੀ ਦੀ ਗੱਲ ਕਰਨ ਵਾਲੇ ਜਜ਼ਬਾਤੀ ਨੇਤਾ ਹਨ। ਆਪ ਜੀ ਨੂੰ ਖਾਲਿਸਤਾਨੀ ਨੇਤਾ ਸਮਝਦੇ ਹਨ। ਇਹੀ ਕਾਰਨ ਹੈ ਕਿ 4 ਨਵੰਬਰ 1982 ਨੂੰ ਮੰਜੀ ਸਾਹਿਬ ਦੀ ਕਨਵੈਨਸ਼ਨ ਸਮੇਂ ਆਪ ਦੇ ਭਾਸ਼ਨ ਦੌਰਾਨ ਖਾਲਿਸਤਾਨ ਦੇ ਨਾਅਰੇ



Digitized by Panjab Digital Library | www.panjabdigilib.org

ਲੱਗਣੇ ਸ਼ੁਰੂ ਹੋ ਗਏ ਤੇ ਮਾਹੌਲ ਤਬਦੀਲ ਹੋ ਗਿਆ। ਜਦ ਕਿ ਸ. ਸੁਖਜਿੰਦਰ ਸਿੰਘ ਕਹਿਣਾ ਕੁਝ ਹੋਰ ਚਾਹੁੰਦੇ ਸਨ ਤੇ ਲੋਕਾਂ ਨੇ ਹੋਰ ਕੁਝ ਸਮਝ ਲਿਆ। ਉਸੇ ਸਮੇਂ ਸਟੇਜ ਸਕੱਤਰ ਨੇ ਆਪ ਜੀ ਦੇ ਮੂਹਰਿਓਂ ਮਾਈਕ ਪਰ੍ਹੇ ਕਰ ਦਿੱਤਾ ਤੇ ਬਾਂਹ ਤੋਂ ਫੜ ਕੇ ਬੈਠਣ ਲਈ ਕਹਿ ਦਿੱਤਾ। ਲੋਕਾਂ ਵਿਚ ਜੋਸ਼ ਸੀ। ਪਤਾ ਨਹੀਂ ਸਟੇਜ ਸਕੱਤਰ ਦੀ ਇਹ ਕਰਨ ਦੀ ਹਿੰਮਤ ਕਿਵੇਂ ਪਈ। ਕੁਝ ਵੀ ਹੋਵੇ, ਸ. ਸੁਖਜਿੰਦਰ ਸਿੰਘ ਦੇ ਅੰਦਰ ਸਿੱਖੀ ਜਜ਼ਬਾ ਹੈ, ਸਿੱਖੀ ਕੁੱਟ ਕੁੱਟ ਕੇ ਭਰੀ ਪਈ ਹੈ ਤੇ ਧਰਮ ਯੁੱਧ ਮੋਰਚੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹਨ। ਸ. ਸੁਖਜਿੰਦਰ ਸਿੰਘ ਜੀ ਦੇ ਇਲਾਕੇ ਵਿਚ ਜ਼ਿਆਦਾਤਰ ਸਿੰਘਾਂ ਨੂੰ ਤਸੀਹੇ ਦਿੱਤੇ ਗਏ ਤੇ ਸ਼ਹੀਦ ਕੀਤਾ ਗਿਆ। ਦੇਖੋ ਬੱਬਰਾਂ ਦੀ ਧਰਤੀ ਬੱਬਰ ਕੌਮ ਦੀ ਚੜ੍ਹਦੀ ਕਲਾ ਲਈ ਕੀ ਕਰਦੀ ਹੈ?

## ਬੀਬੀ ਇੰਦਰਾ ਦੇ ਨਾਂ:

ਭਾਰਤ ਦੇਸ਼ ਦੀ ਰਾਣੀ ਇੰਦਰਾ ਜੀ:

ਗੁਰਫਤਹਿ ॥

ਭਾਰਤ ਨੂੰ ਦੁਨੀਆਂ ਭਰ ਦੇ ਦੇਸ਼ਾਂ ਵਿਚ ਰਿਸ਼ੀਆਂ, ਮੁਨੀਆਂ, ਪੀਰਾਂ, ਫਕੀਰਾਂ, ਗੁਰੂਆਂ ਤੇ ਸ਼ਹੀਦਾਂ ਦੀ ਧਰਤੀ ਕਰਕੇ ਯਾਦ ਕੀਤਾ ਜਾ ਰਿਹਾ ਹੈ। ਇਸੇ ਭਾਰਤ ਦੀ ਪ੍ਰਧਾਨ ਮੰਤਰੀ ਦੇ ਤੌਰ ਤੇ ਆਪ 15 ਸਾਲ ਤੋਂ ਗੱਦੀ ਸੰਭਾਲੀ ਬੈਠੇ ਹੋ। ਅੱਜ ਭਾਰਤ ਦੇ ਹਰ ਸੂਬੇ ਵਿਚ ਗੜਬੜ ਹੈ ਅਤੇ ਖਾਸ ਕਰਕੇ ਪੰਜਾਬ, ਜੋ ਭਾਰਤ ਦਾ ਸਭ ਤੋਂ ਛੋਟਾ ਤੇ ਸਭ ਤੋਂ ਮਜ਼ਬੂਤ ਰਾਜ ਹੈ, ਸੜ ਰਿਹਾ ਹੈ। ਪਰ ਤੁਸੀਂ ਇਸ ਦੇਸ਼ ਦੀ ਮਹਾਨ ਪਦਵੀ ਤੇ ਬੈਠੇ ਇਹ ਸਭ ਕੁਝ ਦੇਖ ਕੇ ਖੁਸ਼ ਹੋ ਰਹੇ ਹੋ।

ਮੈਨੂੰ ਲਗਦਾ ਹੈ ਕਿ ਤੁਹਾਨੂੰ ਆਪਣੀ ਪਿਛਲੇ 900 ਸਾਲਾਂ ਦੀ ਮੁਗਲਾਂ ਅਤੇ ਅੰਗਰੇਜ਼ਾਂ ਦੀ ਕੱਟੀ ਗੁਲਾਮੀ ਦਾ ਸਮਾਂ ਭੁੱਲ ਗਿਆ ਹੈ। ਜਦੋਂ ਤੁਹਾਨੂੰ ਇਸ ਦੇਸ਼ ਦੇ ਗੁਲਾਮ ਸਮਝਿਆ ਜਾਂਦਾ ਸੀ ਅਤੇ ਇਸੇ ਤਰ੍ਹਾਂ ਵਰਤਾਓ ਕੀਤਾ ਜਾਂਦਾ ਸੀ ਕਿ ਜਿਵੇਂ ਤੁਸੀਂ ਬ੍ਰਾਹਮਣੀਵਾਦੀ ਕੁਟਲ ਨੀਤੀ ਦੁਆਰਾ ਹਰੀਜਨਾਂ ਨਾਲ ਕਰਦੇ ਰਹੇ ਹੋ ਤੇ ਕਰ ਰਹੇ ਹੋ। ਮੈਂ ਸਮਝਦਾ ਹਾਂ ਕਿ ਬੀਬੀ, ਆਪ ਨੂੰ ਉਹ ਸਮਾਂ ਭੁੱਲ ਗਿਆ ਹੈ, ਜਦੋਂ ਤੁਹਾਡੇ ਲੱਕੜ ਦਾਦੇ, ਪੜਦਾਦੇ, ਗੁਰੂ ਤੇਗ ਬਹਾਦਰ ਜੀ ਮੂਹਰੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਤੇ ਪੁਕਾਰ ਕਰਨ ਆਏ ਸਨ ਤੇ ਇਸੇ ਪੁਕਾਰ ਨੂੰ ਸੁਣਦਿਆਂ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਜਾ ਕੇ ਸ਼ਹੀਦੀ ਪ੍ਰਾਪਤ ਕੀਤੀ। ਅੱਜ ਉਸੇ ਗੁਰੂ ਦੇ ਵਰਗਾਂ ਤੇ ਆਨੰਦਪੁਰ ਸਾਹਿਬ ਦੇ ਨਾਮ ਤੋਂ ਚਿੜ ਕਿਉਂ ਹੈ?

ਇਸ ਤਰ੍ਹਾਂ ਹੋ ਸਕਦਾ ਹੈ ਕਿ ਤੁਸੀਂ ਸਿੱਖ ਕੌਮ ਬਾਰੇ ਕੁਝ ਕਰਨਾ ਚਾਹੁੰਦੇ ਹੋਵੋਂ ਅਤੇ ਅਕ੍ਰਿਤਘਣਤਾ ਦਾ ਦਾਗ ਧੋਣ ਲਈ ਕੁਝ ਕਰ ਦਿੰਦੇ ਪਰ ਸ਼ਾਇਦ ਆਪ ਦੇ ਆਸੇ ਪਾਸੇ ਫਿਰਕੂ ਬੰਦਿਆਂ ਦੀ ਟੋਲੀ ਹੋ ਸਕਦੀ ਹੈ, ਜੋ ਆਪ ਦੇ ਗਲਤ ਕੰਨ ਭਰ ਰਹੀ ਹੋਵੇ। ਜਿਨ੍ਹਾਂ ਨੇ ਆਪ ਦੇ ਮਨ ਵਿਚ ਸਿੱਖਾਂ ਲਈ ਨਫਰਤ ਭਰ ਦਿੱਤੀ ਹੋਵੇ। ਬੀਬੀ ਤੈਨੂੰ ਆਪ ਸੋਚਣਾ ਚਾਹੀਦਾ ਹੈ, ਅਸਲੀ ਭਾਰਤ ਦੇ ਵਾਰਸ ਤੇ ਮਾਲਕ ਸਿੱਖ ਹੀ ਹਨ। ਇਨ੍ਹਾਂ ਨਾਲ ਵਿਗਾੜ ਕੇ ਤੈਨੂੰ ਕੁਝ ਨਹੀਂ ਮਿਲਣਾ ਸਗੋਂ ਪਛਤਾਣਾ ਪਵੇਗਾ। ਸਿੱਖ ਤੇਰੇ ਤੋਂ ਭੀਖ ਨਹੀਂ ਮੰਗਦੇ ਸਗੋਂ ਆਪ ਦੇ ਪਿਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਵਾਉਣਾ ਚਾਹੁੰਦੇ ਹਨ। ਚੇਤੇ ਰੱਖ ਕਿ ਜੇ ਤੂੰ ਸਿੱਖ ਕੌਮ ਦੀ ਨਬਜ਼ ਨੂੰ ਨਾ ਪਛਾਣਿਆ ਤਾਂ ਆਉਣ ਵਾਲਾ ਸਮਾਂ ਤੇਰੇ ਲਈ ਘਾਤਕ ਸਿੱਧ ਹੋਵੇਗਾ। ਨਹਿਰੂ ਖਾਨਦਾਨ ਦੀਏ ਦੁਲਾਰੀਏ! ਇਸ ਸਮੇਂ ਨੂੰ ਹੱਥੋਂ ਨਾ ਗਵਾ ਤੇ ਸਿੱਖ



Digitized by Panjab Digital Library | www.panjabdigilib.org

ਕੌਮ ਦੀਆਂ ਮੰਗਾਂ ਪੂਰੀਆਂ ਕਰਕੇ ਸੁਰਖਰੂ ਹੋ।

ਸੁਲੱਖਣੀ ਘੜੀ ਦੀ ਉਡੀਕ ਵਿਚ,
ਹਰਵਿੰਦਰ ਸਿੰਘ ਖਾਲਸਾ।

## ਭਾਰਤ ਦੇ ਰਾਸ਼ਟਰਪਤੀ ਗਿ: ਜ਼ੈਲ ਸਿੰਘ ਦੇ ਨਾਂ:

ਪਰਮ ਸਤਿਕਾਰ ਨਾਲ ਗਿਆਨੀ ਜੀ,

ਗੁਰਫਤਹਿ ॥

ਆਪ ਜੀ ਨੂੰ ਭਾਰਤ ਦੇ ਰਾਸ਼ਟਰਪਤੀ ਬਣਿਆਂ ਸਾਲ ਤੋਂ ਉਪਰ ਸਮਾਂ ਬੀਤ ਗਿਆ ਹੈ ਅਤੇ ਸ਼ਰੋਮਣੀ ਅਕਾਲੀ ਦਲ ਵਲੋਂ ਧਰਮ ਯੁੱਧ ਸ਼ੁਰੂ ਕੀਤਿਆਂ ਵੀ ਸਾਲ ਤੋਂ ਉਪਰ ਸਮਾਂ ਹੋ ਚੁੱਕਿਆ ਹੈ। ਸ਼ਰੋਮਣੀ ਅਕਾਲੀ ਦਲ ਦੇ ਨੇਤਾ ਤੁਹਾਡਾ ਸਿੱਖ ਹੋਣ ਦੇ ਨਾਤੇ ਹੀ ਸਤਿਕਾਰ ਕਰਦੇ ਹਨ ਪਰ ਪਿਛਲੇ ਦਿਨੀਂ ਅਖਬਾਰਾਂ ਵਿਚ ਤੁਹਾਡੇ ਵਲੋਂ ਛਪਿਆ ਬਿਆਨ ਕਿ "ਸਿੱਖ ਕੌਮ ਨਹੀਂ ਹੈ" ਪੜ੍ਹ ਕੇ ਬੜੀ ਹੈਰਾਨੀ ਹੋਈ।

ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਇਹ ਬਿਆਨ ਤੁਸੀਂ ਆਪ ਨਹੀਂ ਦਿੱਤਾ, ਸਗੋਂ ਤੁਹਾਡੇ ਤੋਂ ਬਦੋਬਦੀ ਦੁਆਇਆ ਗਿਆ ਹੈ। ਗਿਆਨੀ ਜੀ, ਕੀ ਤੁਸੀਂ ਸਿੱਖ ਕੌਮ ਦੇ ਵਿਰਸੇ ਨੂੰ ਭੁੱਲ ਚੁੱਕੇ ਹੋ? ਤੁਹਾਨੂੰ ਤਾਂ ਸਿੱਖ ਇਤਿਹਾਸ ਬਾਰੇ ਬਹੁਤ ਕੁਝ ਪਤਾ ਹੈ ਅਤੇ ਸ਼ਰੋਮਣੀ ਅਕਾਲੀ ਦਲ ਵਿਚ ਰਹਿੰਦੇ ਹੋਏ ਸਿੱਖ ਕੌਮ ਦੀ ਖਾਤਰ ਪੂਰੀ ਤਰ੍ਹਾਂ ਅਕਹਿ ਤੇ ਅਸਹਿ ਤਸੀਹੇ ਵੀ ਝੱਲੇ ਹਨ। ਪਤਾ ਨਹੀਂ ਇਹ ਬਿਆਨ ਤੁਸੀਂ ਆਪਣੀ ਜਮੀਰ ਨੂੰ ਮਾਰ ਕੇ ਕਿਸ ਤਰ੍ਹਾਂ ਦੇ ਦਿੱਤਾ? ਠੀਕ ਹੈ, ਬੀਬੀ ਨੇ ਤੁਹਾਨੂੰ ਰਾਸ਼ਟਰਪਤੀ ਬਣਾਇਆ ਅਤੇ ਤੁਸੀਂ ਵੀ ਨਹਿਰੂ ਪ੍ਰਵਾਰ ਦਾ ਪੂਰਾ ਸਾਥ ਦਿੱਤਾ ਪਰ ਇਹ ਨਹੀਂ ਕਿ, ਕੁਰਸੀ ਦੀ ਖਾਤਰ ਸਮੁੱਚੀ ਕੌਮ ਨੂੰ ਇਕ ਪਾਸੇ ਰੱਖ ਦਿੱਤਾ ਜਾਏ। ਤੁਹਾਨੂੰ ਸਾਰੀ ਦੁਨੀਆ ਵਿਚ ਸਿੱਖ ਕੌਮ ਦੇ ਕਰਕੇ ਹੀ ਸਿੱਖ ਜਾਣਿਆ ਜਾਂਦਾ ਹੈ, ਹੋਰ ਕਿਸੇ ਕਰਕੇ ਨਹੀਂ। ਜੇ ਤੁਸੀਂ ਸਮਝਦੇ ਹੋ ਕਿ ਦੇਸ਼ ਦੇ ਰਾਸ਼ਟਰਪਤੀ ਨੂੰ ਕਿਸੇ ਵੀ ਧਰਮ ਬਾਰੇ ਕੋਈ ਬਿਆਨ ਨਹੀਂ ਦੇਣਾ ਚਾਹੀਦਾ, ਸਗੋਂ ਨਿਰਪੱਖ ਰਹਿਣਾ ਚਾਹੀਦਾ ਹੈ ਪਰ ਪਤਾ ਨਹੀਂ, ਤੁਸੀਂ ਬੀਬੀ ਦੇ ਮਗਰ ਲੱਗ ਕੇ ਚੁੱਕੇ ਚੁਕਾਏ ਬਿਆਨ ਦੇ ਦਿੱਤਾ, ਜੋ ਆਉਣ ਵਾਲੇ ਸਮੇਂ ਦੌਰਾਨ ਲਿਖੇ ਜਾਣ ਵਾਲੇ ਇਤਿਹਾਸ ਵਿਚ ਇਕ ਬਹੁਤ ਵੱਡੀ ਭੁੱਲ ਤੇ ਗ਼ਲਤੀ ਸਮਝਿਆ ਜਾਵੇਗਾ। ਤੁਸੀਂ ਸਿੱਖ ਕੌਮ ਬਾਰੇ ਬਿਆਨ ਤਾਂ ਦੇ ਦਿੱਤਾ ਪਰ ਸਿੱਖ ਕੌਮ ਦੇ ਨੌਜਵਾਨ ਜੁਝਾਰੂਆਂ ਤੇ ਜੋ ਜ਼ੁਲਮ ਹੋ ਰਿਹਾ ਹੈ ਅਤੇ ਨੌਜਵਾਨਾਂ ਨੂੰ ਨਿਸ਼ਾਨੇ ਬਣਾ ਕੇ ਨਹਿਰਾਂ ਵਿਚ ਸੁੱਟਿਆ ਜਾ ਰਿਹਾ ਹੈ, ਉਸ ਬਾਰੇ ਚੁੱਪ ਕਿਉਂ ਹੋ? ਕੀ ਸਿੱਖ ਕੌਮ ਦੇ ਜੁਝਾਰੂਆਂ ਦਾ ਖ਼ੂਨ ਪਾਣੀ ਦੇ ਭਾਅ ਮਿਲਦਾ ਹੈ?

ਤੁਹਾਡੇ ਜਵਾਬ ਦੀ ਇੰਤਜ਼ਾਰ ਵਿਚ,
ਹਰਵਿੰਦਰ ਸਿੰਘ ਖਾਲਸਾ।

## ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਦੇ ਨਾਂ ਚਿੱਠੀ:

ਦਿੱਲੀ ਸਰਕਾਰ ਦੇ ਫ਼ੌਜਦਾਰ ਫਿਰਕਾ ਪ੍ਰਸਤ ਭਜਨ ਲਾਲ:

ਗੁਰਫਤਹਿ ॥



Digitized by Panjab Digital Library | www.panjabdigilib.org

ਜਿਸ ਦਿਨ ਦੇ ਆਪ ਹਰਿਆਣਾ ਰਾਜ ਦੇ ਮੁੱਖ ਮੰਤਰੀ ਬਣੇ ਹੋਏ ਹੋ, ਉਸੇ ਦਿਨ ਤੋਂ ਆਪ ਪਿਛਲੇ ਕਿਰਦਾਰ ਨੂੰ ਭੁੱਲ ਕੇ ਦਿੱਲੀ ਦੇ ਇਸ਼ਾਰਿਆਂ ਤੇ ਨੱਚਣਾ ਸ਼ੁਰੂ ਕੀਤਾ ਹੋਇਆ ਹੈ। ਪਰ ਆਪ ਇਸੇ ਗੱਲ ਵਿਚ ਆਪਣਾ ਮਾਣ ਮਹਿਸੂਸ ਕਰਦੇ ਹੋ। ਕਰੋ ਵੀ ਕਿਉਂ ਨਾ, ਦਿੱਲੀ ਦੇ ਤਾਜਦਾਰਾਂ ਨੇ ਹਰਿਆਣਾ ਵਾਸਤੇ ਹਰ ਤਰ੍ਹਾਂ ਦੇ ਭੰਡਾਰਿਆਂ ਦੇ ਮੂੰਹ ਖੋਲ੍ਹੇ ਹੋਏ ਹਨ। ਸਾਨੂੰ ਇਸ ਗੱਲ ਦਾ ਕੋਈ ਦੁੱਖ ਨਹੀਂ ਹੈ ਅਤੇ ਨਾ ਹੀ ਹਰਿਆਣਾ ਵਾਸੀਆਂ ਨਾਲ ਲੜਾਈ ਹੈ।

ਪਰ ਆਪ ਨੇ 19 ਨਵੰਬਰ 1972 ਤੋਂ 4 ਦਸੰਬਰ 1982 ਤੱਕ ਸਿੰਘਾਂ ਨਾਲ ਜੋ ਸਲੂਕ ਕੀਤਾ ਹੈ, ਉਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਭਾਵੇਂ ਇਹ ਸਭ ਕੁਝ ਆਪ ਨੇ ਤੇ ਆਪ ਦੇ ਚਾਟੜੇ ਪੁਲਿਸ ਵਾਲਿਆਂ ਨੇ ਕੇਂਦਰ ਸਰਕਾਰ ਦੀ ਸ਼ਹਿ ਤੇ ਕੀਤਾ ਪਰ ਚੇਤੇ ਰੱਖੋ ਕਿ, ਜੋ ਕਾਰਾ ਕੋਈ ਕਰਦਾ ਹੈ, ਉਸ ਦਾ ਭੁਗਤਾਨ ਉਸ ਨੂੰ ਆਪ ਹੀ ਭਰਨਾ ਪੈਂਦਾ ਹੈ। ਆਪ ਨੇ ਤਾਂ ਬੰਸੀ ਲਾਲ ਨੂੰ ਵੀ ਮਾਤ ਪਾ ਦਿੱਤਾ। ਬੰਸੀ ਲਾਲ ਨੇ ਸਿੰਘਾਂ ਨਾਲ ਧੱਕਾ ਕੀਤਾ ਤਾਂ ਬੰਸੀ ਲਾਲ ਦੀ ਬੰਸੀ ਵੱਜ ਗਈ। ਭਜਨ ਲਾਲ! ਸਮਾਂ ਜ਼ਰੂਰ ਲੱਗੇਗਾ ਪਰ ਗੁਰੂ ਦੇ ਹੁਕਮ ਨਾਲ। ਆਪ ਜੀ ਦਾ ਭਜਨ ਜ਼ਰੂਰ ਗਾਇਆ ਜਾਵੇਗਾ। ਜਿਹੜਾ ਬੰਦਾ ਕਿਸੇ ਦੇ ਸਿਰ ਭਾਜੀ ਚਾੜ੍ਹਦਾ ਹੈ, ਉਹ ਸਮਾਂ ਮਿਲਣ ਤੇ ਉਤਾਰੀ ਜਾਂਦੀ ਹੈ। ਪਰ ਏਸ਼ਿਆਈ ਖੇਡਾਂ ਸਮੇਂ ਸਿੰਘਾਂ ਨੂੰ ਜਲੀਲ ਕਰਕੇ ਜੋ ਭਾਜੀ ਆਪ ਨੇ ਸਿੱਖ ਕੌਮ ਨੂੰ ਪਾਈ ਹੈ, ਉਹ ਜ਼ਰੂਰ ਉਤਾਰੀ ਜਾਵੇਗੀ। ਇਹ ਕੋਈ ਕੱਚੇ ਪਿੱਲਿਆਂ ਦੀ ਕੌਮ ਨਹੀਂ, ਜਿਨ੍ਹਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਗਜ਼ਨੀ ਦੇ ਸ਼ਹਿਰਾਂ ਵਿਚ ਕੌਡੀਆਂ ਦੇ ਭਾਅ ਵਿਕੀ ਹੋਵੇ। ਇਹ ਉਹ ਕੌਮ ਹੈ, ਜਿਸ ਦਾ ਜਨਮ ਖੰਡੇ ਦੀ ਤਿੱਖੀ ਧਾਰ ਵਿਚੋਂ ਹੋਇਆ ਹੈ, ਜਿਸ ਨੇ ਜ਼ਾਲਮਾਂ ਨੂੰ ਸੋਧਿਆ ਹੈ ਤੇ ਮਜ਼ਲੂਮਾਂ ਦੀ ਰੱਖਿਆ ਕੀਤੀ ਹੈ। ਯਾਦ ਰੱਖ! ਜਦੋਂ ਅਕਾਲ ਪੁਰਖ ਦਾ ਹੁਕਮ ਹੋਇਆ, ਕੌਮ ਦੇ ਜੁਝਾਰੂ ਤੈਨੂੰ ਦਿੱਲੀ ਸਰਕਾਰ ਦੀ ਬੁੱਕਲ ਵਿਚੋਂ ਵੀ ਕੱਢ ਲਿਆਉਣਗੇ, ਜਿੱਥੇ ਤੂੰ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰੇਂਗਾ। ਜਦੋਂ ਪਾਪ ਦਾ ਘੜਾ ਭਰ ਜਾਂਦਾ ਹੈ ਤਾਂ ਡੁੱਬ ਜਾਇਆ ਕਰਦਾ ਹੈ। ਕੌਮ ਦੇ ਸਿਰ ਆਪ ਦਾ ਕਰਜ਼ਾ ਹੈ, ਕੋਈ ਉੱਠੂ ਮਾਈ ਦਾ ਲਾਲ, ਜਿਹੜਾ ਸਣੇ ਵਿਆਜ ਕਰਜਾ ਉਤਾਰ ਕੇ ਕੌਮ ਦਾ ਭਾਰ ਹਲਕਾ ਕਰੇਗਾ।

ਸਮੇਂ ਦੀ ਉਡੀਕ ਵਿਚ,
......................... ?



Digitized by Panjab Digital Library | www.panjabdigilib.org

# ਵਿਚਾਰ ਆਪੋ ਆਪਣੇ

"ਕੌਮ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੀ ਹੈ । ਅਕਾਲੀ ਵਰਕਰਾਂ ਤੇ ਨੇਤਾਵਾਂ ਨੂੰ ਚੋਣਾਂ ਦੇ ਸੁਪਨੇ ਲੈਣੇ ਬੰਦ ਕਰ ਦੇਣੇ ਚਾਹੀਦੇ ਹਨ । ਕੌਮ ਦਾ ਵਕਾਰ ਹਰ ਕੀਮਤ ਤੇ ਬਹਾਲ ਰੱਖਿਆ ਜਾਵੇਗਾ ।"

(ਸੰਤ ਹਰਚੰਦ ਸਿੰਘ ਲੌਂਗੋਵਾਲ)

"ਗੁਰਦੁਆਰੇ ਕੋਈ ਇੰਟੈਰੋਗੇਸ਼ਨ ਸੈਂਟਰ ਨਹੀਂ, ਜਿਥੇ ਪਤਾ ਲਗਾ ਸਕੀਏ ਕਿ ਕਿਹੜਾ ਦੋਸ਼ੀ ਹੈ ਤੇ ਪੁਲਿਸ ਨੂੰ ਚਾਹੀਦਾ ਹੈ ।"

(ਗੁਰਚਰਨ ਸਿੰਘ ਟੌਹੜਾ)

"ਪੰਜਾਬ ਦੀ ਸਥਿਤੀ ਸੁਧਰ ਸਕਦੀ ਹੈ ਜੇ ਸਿੱਖਾਂ ਦੀ ਗੁਲਾਮੀ ਗਲੋਂ ਲੱਥ ਜਾਵੇ ਤੇ ਇਹ ਬਰਾਬਰ ਦੇ ਸ਼ਹਿਰੀ ਬਣ ਜਾਣ ।"

(ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ)

"'ਅਸੀਂ ਹਿੰਸਾ ਵਿਚ ਯਕੀਨ ਨਹੀਂ ਰੱਖਦੇ । ਸਾਡਾ ਧਰਮ ਯੁੱਧ ਮੋਰਚਾ ਸ਼ਾਂਤਮਈ ਚੱਲ ਰਿਹਾ ਹੈ ।"

(ਪ੍ਰਕਾਸ਼ ਸਿੰਘ ਬਾਦਲ)

"ਸਿੱਖਾਂ ਨੂੰ ਪੰਜਾਬ ਸਰਕਾਰ ਦੇ ਮੁਕਾਬਲੇ ਤੇ ਆਪਣੀ ਸਰਕਾਰ ਬਣਾ ਲੈਣੀ ਚਾਹੀਦੀ ਹੈ"

(ਜਗਦੇਵ ਸਿੰਘ ਤਲਵੰਡੀ)

"ਸਾਨੂੰ ਰੋਜ਼ ਰੋਜ਼ ਲੜਾਈਆਂ ਲੜਨ ਨਾਲੋਂ 'ਸਿੱਖ ਕੌਮ' ਲਈ ਇਕੋ ਵਾਰ ਲੜਾਈ ਲੜ ਲੈਣੀ ਚਾਹੀਦੀ ਹੈ ।"

(ਸੁਖਜਿੰਦਰ ਸਿੰਘ)

"ਅਸੀਂ ਆਸਾਮੀਆਂ ਵਾਂਗ ਗ਼ਲਤੀ ਨਹੀਂ ਕਰਦੇ । ਜੇ ਪੰਜਾਬ ਵਿਚ ਚੋਣਾਂ ਹੋਈਆਂ ਤਾਂ ਅਸੀਂ ਚੋਣਾਂ ਜ਼ਰੂਰ ਲੜਾਂਗੇ ।"

(ਬਲਵੰਤ ਸਿੰਘ)

"ਸਰਕਾਰ ਸਿੱਖ ਗੁਰਧਾਮਾਂ ਨੂੰ ਬਦਨਾਮ ਕਰਨ ਲਈ ਗਲਤ ਪਰਚਾਰ ਕਰ ਰਹੀ ਹੈ । ਸ੍ਰੀ ਹਰਿਮੰਦਰ ਸਾਹਿਬ ਦੇ ਘੇਰੇ ਵਿਚ ਕਿਸੇ ਕਿਸਮ ਦਾ ਕੋਈ ਤਨਾਅ ਨਹੀਂ ।"

(ਭਾਨ ਸਿੰਘ, ਸਕੱਤਰ ਸ਼੍ਰੋਮਣੀ ਗੁ. ਪ੍ਰ. ਕਮੇਟੀ)

"ਸਿੱਖ ਹਿੰਦੂਆਂ ਨਾਲ ਪਿਆਰ ਤੇ ਏਕਤਾ ਚਾਹੁੰਦੇ ਹਨ ਪਰ ਉਹ ਹਿੰਦੂਆਂ ਦੀ ਗੁਲਾਮੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ । ਸਿੱਖਾਂ ਦੀ ਦਿਲੀ ਮੰਗ ਸਿੱਖ ਹੋਮਲੈਂਡ ਹੈ ਤੇ ਇਸ ਦੀ ਪ੍ਰਾਪਤੀ ਤੋਂ ਬਿਨਾਂ ਸਿੱਖ ਚੈਨ ਨਾਲ ਨਹੀਂ ਬੈਠ ਸਕਦੇ ।"

(ਰਾਜਿੰਦਰ ਕੌਰ - ਪ੍ਰਧਾਨ ਇਸਤਰੀ ਅਕਾਲੀ ਦਲ)



Digitized by Panjab Digital Library | www.panjabdigilib.org

"ਆਨੰਦਪੁਰ ਸਾਹਿਬ ਦਾ ਮਤਾ ਹੀ ਸਾਡਾ ਮੁਖ ਨਿਸ਼ਾਨਾ ਨਹੀਂ। ਸਾਨੂੰ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ।"

(ਨਿਰਲੇਪ ਕੌਰ - ਪਰਧਾਨ ਹਰਿਮੰਦਰ ਸ੍ਰੀ ਪਟਨਾ ਸਾਹਿਬ)

"ਸਮੁੱਚੇ ਮਾਨਵਵਾਦੀ ਜਗਤ ਦਾ ਭਲਾ ਖਾਲਸਾਵਾਦ ਅਪਨਾ ਕੇ ਮਨੁੱਖਤਾ ਦੀ ਸੇਵਾ ਕਰਨ ਵਿਚ ਹੀ ਹੈ।"

(ਗੁਰੂ ਨਾਨਕ ਆਸ਼ਰਮ ਪਟਿਆਲਾ)

"ਸਿੱਖ ਕੌਮ ਵੱਖਰੀ ਕੌਮ ਨਹੀਂ ਹੈ। ਸਿੱਖ ਕੌਮ ਹਿੰਦੂਆਂ ਦਾ ਅਨਿੱਖੜਵਾਂ ਹਿੱਸਾ ਹਨ।"

(ਜ: ਸੰਤਾ ਸਿੰਘ ਨਿਹੰਗ ਸਿੰਘ)

"ਸਾਡਾ ਤੋੜ ਫੋੜ ਦੀਆਂ ਕਾਰਵਾਈਆਂ ਨਾਲ ਕੋਈ ਸੰਬੰਧ ਨਹੀਂ। ਨਿਰੋਲ ਗੁਰਬਾਣੀ ਦਾ ਕੀਰਤਨ ਕਰਨਾ ਸਾਡਾ ਮਿਸ਼ਨ ਹੈ।"

(ਭਾਈ ਰਾਮ ਸਿੰਘ, ਅਖੰਡ ਕੀਰਤਨੀ ਜਥਾ)

"1978 ਦੀ ਵਿਸਾਖੀ ਦੇ ਸਿੰਘਾਂ ਦੇ ਕਾਤਲ ਨਿਰੰਕਾਰੀਆਂ ਦੇ ਮਾਰੇ ਜਾਣ ਨੂੰ ਮੈਂ ਗ਼ਲਤ ਨਹੀਂ ਸਮਝਦੀ।"

(ਅਮਰਜੀਤ ਕੌਰ)

"ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਰੁੱਧ ਕੁਫਰ ਤੋਲਣ ਵਾਲੇ, ਗੁਰੂ ਸਾਹਿਬਾਨ ਦੇ ਵਿਰੁੱਧ ਬੋਲਣ ਵਾਲੇ ਨੂੰ ਸੋਧਣਾ ਹਰ ਗੁਰਸਿੱਖ ਦਾ ਫਰਜ਼ ਹੈ। ਇਹੋ ਜਿਹੇ ਗੁਰਸਿੱਖ ਨੂੰ ਜੇ ਸਰਕਾਰ ਅਤਿਵਾਦੀ ਕਹਿੰਦੀ ਹੈ ਤਾਂ ਮੈਂ ਅਤਿਵਾਦੀ ਹਾਂ।"

(ਰਣਜੀਤ ਸਿੰਘ)

"ਅਸੀਂ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਚੱਲ ਰਹੇ ਹਾਂ, ਕੋਈ ਗੁਨਾਹ ਨਹੀਂ ਕਰ ਰਹੇ। ਸ੍ਰੀ ਅਕਾਲ ਤਖਤ ਸਾਹਿਬ ਦਾ ਹੁਕਮ ਸਾਡੇ ਲਈ ਇਲਾਹੀ ਫੁਰਮਾਨ ਹੈ। ਅਸੀਂ ਆਪਣਾ ਫਰਜ਼ ਨਿਭਾ ਰਹੇ ਹਾਂ। ਕਿਸੇ ਤੇ ਅਹਿਸਾਨ ਨਹੀਂ ਕਰ ਰਹੇ। ਅਸੀਂ ਸਰਕਾਰ ਦੀਆਂ ਨਜ਼ਰਾਂ ਵਿਚ ਦੋਸ਼ੀ ਹਾਂ ਪਰ ਗੁਰੂ ਸਾਹਿਬ ਜੀ ਦੇ ਦਰਬਾਰ ਵਿਚ ਸੁਰਖਰੂ ਹਾਂ। ਸਰਕਾਰ ਸਾਨੂੰ ਅਤਿਵਾਦੀ ਜਾਂ ਵੱਖਵਾਦੀ ਕਹੇ ਪਰ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਾਂ।"

(ਸੁਰਿੰਦਰ ਸਿੰਘ ਗਿੱਲ - ਇੰਸਪੈਕਟਰ)

"ਸਰਕਾਰ ਦੀਆਂ ਨਜ਼ਰਾਂ ਵਿਚ ਕਾਲਜਾਂ ਯੂਨੀਵਰਸਿਟੀਆਂ ਅੰਦਰ ਗੁਰੂ ਨਾਨਕ ਦੇਵ ਜੀ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦੀ ਗੱਲ ਕਰਨ ਵਾਲੇ ਦੇਸ਼ ਗਦਾਰ, ਬਾਗੀ ਤੇ ਅਤਿਵਾਦੀ ਹਨ। ਹਿੰਦੂ ਹਿੰਦੀ ਹਿੰਦੁਸਤਾਨ ਪੀਕਿੰਗ ਤੇ ਮਾਸਕੋ ਦੀ ਗੱਲ ਕਰਨ ਵਾਲੇ ਦੇਸ਼ ਭਗਤ ਹਨ? ਦੇਸ਼ ਅੰਦਰ ਮਨੁੱਖਤਾ ਦੀ ਸੇਵਾ ਕਰਦਿਆਂ ਗਊਆਂ (ਜੀਵ) ਦੀ ਰੱਖਿਆ ਕਰਨ ਵਾਲੇ ਅਤਿਵਾਦੀ ਹਨ। ਪਰ ਗਊਆਂ ਦਾ ਚੰਮ ਵੇਚਣ ਵਾਲੇ, ਗਊਆਂ ਨੂੰ ਵੱਢ ਕੇ ਖਾਣ ਵਾਲੇ ਤੇ ਲੋਕਾਂ ਨੂੰ ਖਵਾਉਣ ਵਾਲੇ (ਏਸ਼ੀਆਈ ਖੇਡਾਂ) ਗਊਆਂ ਦੀ ਚਰਬੀ ਘਿਉ ਵਿਚ ਪਾ ਕੇ ਸਮੁੱਚੀ ਜਨਤਾ ਨੂੰ ਖਵਾਉਣ ਵਾਲੇ (ਵਿਚੋਂ ਹਿੰਦੂ) ਦੇਸ਼ ਭਗਤ ਹਨ? ਗੁਰੂ ਜੀ ਦੀ ਵਿਚਾਰਧਾਰਾ ਤੇ ਚਲਦਿਆਂ ਸਾਂਝੀਵਾਲਤਾ ਦੀ ਗੱਲ ਕਰਨ ਵਾਲੇ ਅਤਿਵਾਦੀ ਹਨ ਤਾਂ ਅਸੀਂ ਸਾਰੇ ਅਤਿਵਾਦੀ ਹਾਂ।"

(ਹਰਵਿੰਦਰ ਸਿੰਘ ਖਾਲਸਾ, ਐਮ. ਏ. ਐਮ. ਫਿਲ)



Digitized by Panjab Digital Library | www.panjabdigilib.org

"ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਹਿੰਸਾ ਵਿਚ ਯਕੀਨ ਨਹੀਂ ਰੱਖਦੀ। ਫੈਡਰੇਸ਼ਨ ਦਾ ਉਦੇਸ਼ ਸਿੱਖ ਰਵਾਇਤਾਂ ਨੂੰ ਬਰਕਰਾਰ ਰੱਖਣਾ ਹੈ। ਸਾਡਾ ਕਿਸੇ ਫਿਰਕੇ ਜਾਂ ਭਾਈਚਾਰੇ ਨਾਲ ਕੋਈ ਟਕਰਾਓ ਨਹੀਂ।"

(ਹਰਮਿੰਦਰ ਸਿੰਘ ਸੰਧੂ, ਜਨਰਲ ਸਕੱਤਰ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ)

"ਅਸੀਂ ਗੁਲਾਮੀ ਦੀ ਜ਼ਿੰਦਗੀ ਜਿਊਣ ਨਾਲੋਂ ਮਰ ਜਾਣਾ ਚੰਗਾ ਸਮਝਦੇ ਹਾਂ।"

(ਗਜਿੰਦਰ ਸਿੰਘ - ਕੇਂਦਰੀ ਜੇਲ੍ਹ ਲਾਹੌਰ)

"ਖਾਲਿਸਤਾਨ ਦੀ ਪ੍ਰਾਪਤੀ ਹੀ ਸਾਡਾ ਮੁੱਖ ਨਿਸ਼ਾਨਾ ਹੈ

(ਬਲਬੀਰ ਸਿੰਘ ਸੰਧੂ - ਨੈਸ਼ਨਲ ਕੌਂਸਲ ਆਫ ਖਾਲਿਸਤਾਨ)

"ਜਿਹਨਾਂ ਕੌਮੀ ਪਰਵਾਨਿਆਂ ਨੇ ਦੁਸ਼ਟਾਂ ਨੂੰ ਸੋਧਿਆ, ਉਨ੍ਹਾਂ ਨੂੰ ਅਤਿਵਾਦੀ ਆਖਿਆ ਜਾਂਦਾ ਸੀ, ਆਖਿਆ ਜਾਂਦਾ ਹੈ, ਆਖਿਆ ਜਾਂਦਾ ਰਹੇਗਾ। ਪਰ ਜੇ ਇਸ ਅਤਿਵਾਦੀ ਦੇ ਨਾਂ ਹੇਠ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੀ ਪੂਰਤੀ ਹੁੰਦੀ ਹੋਵੇ, ਜਿਸ ਵਿਚ ਉਨ੍ਹਾਂ ਆਖਿਆ ਹੈ 'ਦੁਸ਼ਟ ਦੋਖੀਅਨ ਪਕਰ ਪਛਾਰੋ' ਤਾਂ ਮੈਂ ਇਸ ਅਤਿਵਾਦ ਜਾਂ ਅਤਿਵਾਦੀ ਨੂੰ ਸਜਦਾ ਕਰਦਾ ਹਾਂ।"

(ਇੰਦਰਜੀਤ ਸਿੰਘ ਬਾਗੀ, ਜਨਰਲ ਸਕੱਤਰ, ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ)

"ਨੌਜਵਾਨਾਂ ਨੂੰ ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨਾਲ ਜੋੜਦੇ ਹੋਏ ਸਰਬੱਤ ਦੇ ਭਲੇ ਦੀ ਗੱਲ ਕਰਨਾ ਸਾਡਾ ਫਰਜ਼ ਹੈ।"

(ਪ੍ਰਤਾਪ ਸਿੰਘ, ਗੁਰੂ ਗੋਬਿੰਦ ਸਿੰਘ ਸਟਡੀ ਸਰਕਲ)

ਅਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਹੁਕਮਨਾਮੇ ਤੇ ਚੱਲਦਿਆਂ ਨਕਲੀ ਨਿਰੰਕਾਰੀਆਂ ਦੇ ਕਤਲ ਕੀਤੇ ਹਨ। ਜਦ ਤੱਕ ਸਿੰਘਾਂ ਦੇ ਸਾਰੇ ਕਾਤਲਾਂ ਨੂੰ ਸੋਧ ਨਹੀਂ ਦਿੰਦੇ, ਤਦ ਤੱਕ ਇਹ ਸਿਲਸਿਲਾ ਜਾਰੀ ਰਹੇਗਾ। ਦੁਨੀਆਂ ਦੀ ਕੋਈ ਤਾਕਤ ਸਾਨੂੰ ਕਾਬੂ ਨਹੀਂ ਕਰ ਸਕਦੀ। ਸਾਡਾ ਲੁੱਟਮਾਰ ਜਾਂ ਖੋਹਾਂ ਨਾਲ ਕੋਈ ਸੰਬੰਧ ਨਹੀਂ।"

(ਅਨੋਖ ਸਿੰਘ ਬਬਰ - ਬੱਬਰ ਖਾਲਸਾ ਦਲ)

"ਅਸੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਨ ਮਰਯਾਦਾ ਨੂੰ ਕਾਇਮ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀਆਂ ਪ੍ਰਾਚੀਨ ਪ੍ਰੰਪਰਾਵਾਂ ਉਜਾਗਰ ਕਰਨ ਲਈ ਬਚਨਬੱਧ ਹਾਂ।"

(ਭਾਈ ਕੰਵਰ ਸਿੰਘ, ਅਕਾਲ ਫੈਡਰੇਸ਼ਨ ਸ੍ਰੀ ਅੰਮ੍ਰਿਤਸਰ)

"ਗੁਰੂ ਗੋਬਿੰਦ ਸਿੰਘ ਜੀ ਦੇ ਮਹਾਂਵਾਕ 'ਰਾਜ ਕਰੇਗਾ ਖਾਲਸਾ' ਅਨੁਸਾਰ ਜਦ ਤੱਕ ਅਸੀਂ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਖਾਲਿਸਤਾਨ ਦੀ ਸਥਾਪਨਾ ਨਹੀਂ ਕਰ ਲੈਂਦੇ, ਸਾਡਾ ਸੰਘਰਸ਼ ਜਾਰੀ ਰਹੇਗਾ।"

(ਮਨਵਿੰਦਰ ਪਾਲ ਸਿੰਘ, ਮਹਿੰਦਰ ਸਿੰਘ ਬਾਗੀ, ਦਲ ਖਾਲਸਾ)



Digitized by Panjab Digital Library | www.panjabdigilib.org

# ਸਰਕਾਰ ਨਾਲ ਸਿੱਧੀ ਟੱਕਰ

ਹਿੰਦੂ ਸਰਕਾਰ ਨੇ ਪੁਲਿਸ ਨੂੰ ਖੁਲ੍ਹੀ ਛੁਟੀ ਦੇ ਰਖੀ ਸੀ ਕਿ ਜਿਸ ਨੂੰ ਵੀ ਚਾਹੇ ਮਾਰ ਮੁਕਾਏ ਤੇ ਪਿੱਛੋਂ ਫਰਜ਼ੀ ਪੁਲਿਸ ਮੁਕਾਬਲਾ ਬਣਾ ਕੇ ਮਾਰਿਆ ਗਿਆ ਦਿਖਾ ਦੇਵੇ ਜਾਂ ਸ਼ਮਗਲਰ ਕਹਿ ਕੇ ਭੰਡ ਦੇਣਾ ਇਹ ਇਸੇ ਤਰਾਂ ਦੀ ਇਕ ਟੱਕਰ ਸੰਤ ਭਿੰਡਰਾਂ ਜਥੇ ਦੀ ਇਕ ਜੀਪ ਨਾਲ ਪੰਜਾਬ ਪੁਲਿਸ ਦੀ ਹੋਈ ਸੀ। ਅਸਲ ਗਲ ਇਹਸੀ ਕਿ ਸਰਕਾਰ ਸੰਤ ਭਿੰਡਰਾਂ ਦੇ ਬਾਡੀਗਾਰਡਾਂ ਵਿਚ ਆਪਣੇ ਬੰਦੇ ਭੇਜਣ ਵਿਚ ਕਾਮਯਾਬ ਹੋ ਗਈ ਸੀ ਜੋ ਸੰਤਾਂ ਦੀ ਹਰ ਗਲ ਤੇ ਦੌਰੇ ਆਦਿ ਦਾ ਪੂਰਾ ਪੂਰਾ ਵੇਰਵਾ ਪੁਲਿਸ ਨੂੰ ਦਸਦੇ ਰਹਿੰਦੇ ਸਨ। ਪੁਲਿਸ ਦਾ ਟਾਊਟ ਸੰਤਾਂ ਦੇ ਬਿਲਕੁਲ ਨਿਕਟ ਵਰਤੀਆਂ ਤੱਕ ਪੁਜ ਚੁਕਾ ਸੀ।

ਸੰਤਾ ਦੇ ਸੁਲਾਹ ਕਾਰ ਬੜੇ ਸਿਆਣੇ ਸਨ ਤੇ ਸੰਤ ਆਪ ਬੜੇ ਅਨੁਭਵੀ ਸਨ। ਸੰਤਾਂ ਨੇ ਇਸ ਟਾਊਟ ਦਾ ਪਤਾ ਲਾਉਣ ਲਈ ਇਕ ਸਕੀਮ ਬਣਾਈ ਜਿਸ ਦਾ ਪਤਾ ਕੇਵਲ ਤਿੰਨਾ ਬੰਦਿਆ ਨੂੰ ਦਸਿਆ। ਜਿਨਾਂ ਵਿਚੋਂ ਇਕ ਉਹ ਸਖ਼ਸ਼ ਸੀ ਜਿਸ ਤੇ ਟਾਊਟ ਹੋਣ ਦਾ ਸੰਦੇਹ ਸੀ। ਸਕੀਮ ਇਹ ਸੀ ਕਿ ਸੰਤ ਸੁਵੇਰੇ 3 ਵਜੇ ਜੀਪ ਰਾਹੀਂ ਚੌਂਕ ਮਹਿਤੇ ਜਾਣਗੇ। ਆਖਰੀ ਸਮੇਂ, ਬਿਲਕੁਲ ਜੀਪ ਜਦ ਸਟਾਰਟ ਹੋ ਚੁਕੀ ਸੀ ਤਾਂ ਕਹਿ ਦਿਤਾ ਕਿ ਮੈਨੂੰ ਜਰੂਰੀ ਕੰਮ ਹੋ ਗਿਆ ਹੈ ਤੁਸੀ ਜਾ ਆਓ। ਅਗੋ ਟਾਊਟ ਨੇ ਪੂਰੀ ਖਬਰ ਪੁਲਿਸ ਨੂੰ ਪਹਿਲਾਂ ਹੀ ਦੇ ਦਿਤੀ ਸੀ। ਐਸ. ਪੀ. ਪਾਂਡੇ ਮਾਨਾਵਾਲੀ,ਇਕ ਪੁਲ ਨੇੜੇ ਸੜਕ ਘੇਰ ਰਖੀ ਸੀ। ਜਿਥੇ ਸਿੰਘਾਂ ਤੇ ਪੁਲਿਸ ਨੇ ਅੰਧਾ ਧੁੰਧ ਗੋਲੀ ਚਲਾਈ ਪਰ ਸਿੰਘ ਪਾਂਡੇ ਨੂੰ ਫਟੜ ਕਰਕੇ ਭੱਜ ਆਏ। ਇਥੋਂ ਪੁਲਿਸ ਨਾਲ ਸਿੱਧੀ ਟੱਕਰ ਸ਼ੁਰੂ ਹੋ ਗਈ ਤੇ ਟਾਊਟ ਨੂੰ ਮੌਤ ਦੇ ਘਾਟ ਉਤਾਰ ਕੇ ਲਾਸ਼ ਗੰਦੇ ਨਾਲੇ ਵਿਚ ਸੁਟ ਦਿਤੀ। ਪੁਲਿਸ ਨੇ ਸਮਗਲਰਾਂ ਦੀ ਜੀਪ ਕਹਿ ਕੇ ਭੰਡਿਆ ਪਰ ਸੰਤਾਂ ਨੇ ਖਬਰ ਦੀ ਤਰਦੀਦ ਕਰਕੇ ਦਸ ਦਿਤਾ ਕਿ ਸਿੰਘ ਚੌਂਕ ਮਹਿਤਾ ਨੂੰ ਜਾ ਰਹੇ ਸਨ ਇਸ ਘਟਨਾ ਦਾ ਅਸਰ ਇਹ ਹੋਇਆ ਕਿ ਸੰਤ ਲੌਂਗੋਵਾਲ ਨੂੰ ਵੀ ਇਹ ਕਹਿਣਾ ਪਿਆ ਕਿ ਨੌਜਵਾਨ ਪੰਜਾਬ ਵਿਚ ਪੁਲਿਸ ਦੇ ਜਬਰੋ ਜੁਲਮ ਖਿਲਾਫ ਜਿਸ ਤਰਾਂ ਦਾ ਐਕਸ਼ਨ ਲੈਣਾ ਚਾਹੁੰਣ ਲੈ ਸਕਦੇ ਹਨ। ਜਿਸ ਦਾ ਪਹਿਲਾ ਪ੍ਰਤੀਕਰਮ ਇਹ ਹੋਇਆ ਕਿ ਜਦੋਂ ਇੰਦਰਾ ਭਗਤਾਂ ਨੇ ਬੰਗਲਾ ਸਾਹਿਬ ਗੁਰਦਵਾਰੇ ਦਿੱਲੀ ਵਿਚ ਇੰਦਰਾ ਗਾਂਧੀ ਨੂੰ ਸਦਕੇ ਬੁਲਾਇਆ ਗਿਆ ਤੇ ਉਸ ਦੇ ਸਿਰ ਤੇ ਪੱਗ ਰਖੀ ਗਈ ਪਰ ਨੌਜਵਾਨਾਂ ਨੇ ਦਿੱਲੀ ਦੇ ਰੇਲਵੇ ਸਟੇਸ਼ਨਾਂ ਤੇ ਬੰਬ ਸੁਟਕੇ ਵਿਦਰੋਹ ਕੀਤਾ।

ਕੌਮ ਵਿਚ ਇਸ ਤਰਾਂ ਜੋਸ਼ ਭਰ ਚੁਕਾ ਸੀ ਕਿ 28 ਜੂਨ 1983 ਵਿਚ ਰੇਲ ਰੋਕੋ ਅੰਦੋਲਨ ਸਮੇਂ ਸਿਰਾਂ ਤੇ ਕਫਣ ਬੰਨ ਕੇ ਲੋਕ ਅਗੇ ਆਏ। ਅਕਾਲੀ ਹਰ ਸਮੇਂ ਕਹਿੰਦੇ ਸਨ ਕਿ ਭਿੰਡਰਾਂ ਸੁਲਾਹ ਨਹੀਂ ਹੋਣ ਦਿੰਦਾ। ਆਖਰ ਸੰਤ ਭਿੰਡਰਾਂ ਨੇ ਕਹਿ ਦਿਤਾ ਕਿ ਮੈਂ 10 ਦਿਨਾਂ ਲਈ ਅਗਿਆਤਵਾਸ ਕਰ ਰਿਹਾ ਹਾਂ ਤਾਂਕਿ ਅਕਾਲੀ ਇਹ ਨਾ ਕਹਿ ਸਕਣ ਕਿ ਮੈਂ ਸੁਲਾਹ ਵਿਚ ਰੋੜਾ ਬਣਦਾ ਹਾਂ। ਪਰ ਜਾਂਦੇ ਹੋਏ ਸੰਤਾਂ ਨੇ ਕਹਿ ਦਿੱਤਾ ਕਿ, ਆਨੰਦਪੁਰ ਦੇ ਮਤੇ ਤੋਂ ਘੱਟ ਸੁਲਾਹ ਨਹੀਂ ਹੋ ਸਕਦੀ। ਇਸੇ ਗੱਲ ਬਾਰੇ ਅਰਦਾਸ ਕਰਕੇ ਮੋਰਚਾ ਸ਼ੁਰੂ ਕੀਤਾ ਸੀ ਪਰ ਜਿੱਧਰ ਵੀ ਅਕਾਲੀਆਂ ਵਿਚਲੇ ਕਾਂਗਰਸੀ ਜਾਂਦੇ ਸਨ ਲੋਕ ਹੂਟਿੰਗ ਕਰਦੇ ਸਨ। ਸੰਤ ਹਰਚੰਦ ਸਿੰਘ ਨੇ ਖਿਝ ਕੇ ਅਸਤੀਫਾ ਦੇ ਦਿਤਾ ਜੋ ਪਿਛੋਂ ਉਸੇ ਦਿਨ ਵਾਪਸ ਲੈ ਲਿਆ ਗਿਆ।

## ਗੁਰਦਵਾਰਿਆਂ ਵਿਚ ਸ਼ਰਨ ਜਾਇਜ

ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਇਹ ਖਦਸ਼ਾ ਪੈਦਾ ਹੋ ਗਿਆ ਸੀ ਕਿ ਸੰਤ ਭਿੰਡਰਾਂ



Digitized by Panjab Digital Library / www.panjabdigilib.org

ਦੀ ਵਧ ਰਹੀ ਪ੍ਰਤੀਤ ਉਨ੍ਹਾਂ ਦੀ ਲੀਡਰੀ ਲਈ ਖਤਰਾ ਬਣ ਰਹੀ ਹੈ। ਉਨ੍ਹਾਂ ਦੱਬਮੀਂ ਜੀਭੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸੰਤ ਭਿੰਡਰਾਂ ਹਰਿਮੰਦਰ ਸਾਹਿਬ ਇਹਾਤੇ ਤੋਂ ਬਾਹਰ ਨਿਕਲਣ

ਸੰਸਾਰ ਦੇ ਸਭ ਧਰਮਾਂ ਵਿਚ ਇਹ ਗਲ ਜਾਇਜ ਸਮਝੀ ਜਾਂਦੀ ਹੈ ਕਿ ਸਰਕਾਰ ਦੇ ਜ਼ੁਲਮ ਦੇ ਸਤਾਏ ਹੋਏ ਬੰਦੇ ਜੋ ਗੁਰਦਵਾਰੇ ਵਿਚ ਸ਼ਰਨ ਲੈ ਲੈਣ ਤਾਂ ਉਹ ਗਲਤ ਨਹੀਂ ਹੈ। ਸੋਫਿਸਟੀ ਕੇਟਿਡ ਸਿੱਖ ਫੋਰਮ ਵਲੋਂ ਬੁਲਾਈ ਗਈ ਮੀਟਿੰਗ ਵਿਚ ਇਕ ਸੀਨੀਅਰ ਰੀਟਾਇਰ ਲੈਫਟੀਨੈਂਟ ਕਰਨਲ ਭਗਤ ਸਿੰਘ ਨੇ ਦਸਿਆ ਕਿ ਯੂਨਾਨ ਤੇ ਹਾਲੈਂਡ ਆਦਿ ਦੇਸ਼ਾਂ ਵਿਚ ਸਰਕਾਰੀ ਤੌਰ ਤੇ ਇਸ ਨੂੰ ਮਾਣਤਾ ਦਿਤੀ ਜਾ ਚੁਕੀ ਹੈ ਸਿੱਖ ਧਰਮ ਦੀ ਪਹਿਲਾਂ ਤੋਂ ਹੀ ਇਹ ਰਵਾਇਤ ਹੈ ਕਿ ਗੁਰੂਘਰ ਵਿਚ ਸ਼ਰਨ ਲਈ ਜਾ ਸਕਦੀ ਹੈ।

## ਹਰਮਨ ਪਿਆਰਾ

ਭਿੰਡਰਾਂਵਾਲੇ ਦੀ ਗਲ ਹੁਣ ਪੰਜਾਬ ਵਿਚ ਮੰਨੀ ਜਾਣ ਲਗ ਪਈ ਸੀ। ਹਿੰਦ ਸਮਾਚਾਰ ਗਰੁਪ ਦੇ ਮਾਲਕ ਰਮੇਸ਼ ਚੰਦਰ ਨੇ ਇਕ ਕਾਲੈਂਡਰ ਛਾਪਿਆ ਜਿਸ ਵਿਚ ਇਕ ਪਾਸੇ ਲਾਲਾ ਜਗਤ ਨਰੈਣ ਤੇ ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਬਰਾਬਰ ਲਾਈ ਹੋਈ ਸੀ। ਇਸ ਦਾ ਰੋਸ ਸਾਰੇ ਸਿੱਖ ਜਗਤ ਵਿਚ ਹੋਇਆ। ਆਨੰਦਪੁਰ ਸਾਹਿਬ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਧਰਮ ਪਰਚਾਰ ਦੇ ਪੈਨਿਲ ਦੀ ਮੀਟਿੰਗ 11 ਜੂਨ 1983 ਨੂੰ ਗੁਰਦਵਾਰਾ ਸ੍ਰੀ ਕੇਸ ਗੜ੍ਹ ਸਾਹਿਬ ਵਿਚ ਹੋਈ ਜਿਸ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਿੰਸੀਪਲ ਸਤਿਬੀਰ ਸਿੰਘ, ਗਿਆਨੀ ਸੇਵਾ ਸਿੰਘ, ਸ. ਗੁਰਦੇਵ ਸਿੰਘ ਬਾਦਲ ਤੇ ਜਥੇਦਾਰ ਹਰਚਰਨ ਸਿੰਘ ਮਹਾਲੋਂ ਸ਼ਾਮਲ ਹੋਏ। ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸ੍ਰੀ ਰਮੇਸ਼ ਫੌਰਨ ਮੁਆਫੀ ਮੰਗੇ ਪਰ ਰਮੇਸ਼ ਦੇ ਕੰਨ ਤੇ ਜੂੰ ਨਾ ਸਰਕੀ। ਜਦੋਂ ਸੰਤ ਭਿੰਡਰਾਂ ਨੇ ਰਮੇਸ਼ ਵਲੋਂ ਇਸ ਮਤੇ ਤੇ ਅਮਲ ਨਾ ਕਰਨ ਕਾਰਨ ਕੌਮ ਦੀ ਤੌਹੀਨ ਹੋਈ ਸਮਝਦੇ ਹੋਏ ਲਾਲੇ ਰਮੇਸ਼ਚੰਦਰ ਨੂੰ ਵਾਰਨਿੰਗ ਦਿਤੀ ਤਾਂ ਰਮੇਸ਼ ਨੇ ਫੌਰਨ ਮੁਆਫੀ ਮੰਗ ਲਈ।

ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਸੰਤ ਭਿੰਡਰਾਂ ਜੱਥਾ ਬੜੇ ਨਿਕਟਵਰਤੀ ਹੋ ਕੇ ਕੰਮ ਕਰ ਰਹੇ ਸਨ। ਜਲੰਧਰ ਦਾ 'ਪ੍ਰਤਾਪ' ਅਖਬਾਰ ਖੁੱਲ੍ਹਮ ਖੁੱਲ੍ਹਾ ਸਿੱਖਾਂ ਦੇ ਖਿਲਾਫ ਪਰਚਾਰ ਕਰ ਰਿਹਾ ਸੀ। ਉਸ ਨੂੰ ਪਾਰਸਲ ਰਾਹੀਂ ਬੰਬ ਭੇਜੇ ਗਏ।

ਜਦ ਇਨ੍ਹਾਂ ਦਾ ਧਮਾਕਾ ਹੋਇਆ ਤਾਂ 'ਪ੍ਰਤਾਪ' ਨੇ ਅੱਗੋਂ ਲਈ ਸਿੱਖੀ - ਵਿਰੋਧੀ ਪਰਚਾਰ ਤੋਂ ਤੋਬਾ ਕਰ ਲਈ।

## ਸਰਕਾਰੀ ਟੱਟੂਆਂ ਦਾ ਬਾਈਕਾਟ ਕਰੋ:

ਇਨ੍ਹੀਂ ਦਿਨੀਂ ਹੀ ਸੰਤ ਭਿੰਡਰਾਂ ਨੇ ਕੌਮ ਦਾ ਹੌਸਲਾ ਬੁਲੰਦ ਕਰਨ ਲਈ ਧੜੱਲੇਦਾਰ ਬਿਆਨ ਦਾਗਿਆ ਕਿ, ਸਿੱਖ ਜੋ ਮੁਗਲਾਂ ਤੋਂ ਰਾਜ ਖੋਹ ਸਕਦੇ ਸਨ ਤਾਂ ਕਾਂਗਰਸ ਤੋਂ ਰਾਜ ਖੋਹਣਾ ਸਾਡੇ ਲਈ ਕੋਈ ਮੁਸ਼ਕਿਲ ਨਹੀਂ ਹੈ। ਉਨ੍ਹਾਂ ਕਿਹਾ ਕਿ, ਸਾਨੂੰ ਅਤਿਵਾਦੀ ਕਹਿਣ ਵਾਲੇ ਸਰਕਾਰੀ ਟੱਟੂਆਂ ਦਾ ਮੁਕੰਮਲ ਬਾਈਕਾਟ ਕਰੋ। ਉਨ੍ਹਾਂ ਦੇ ਜਥੇ ਵਲੋਂ ਇਕ ਪੈਂਫਲਿਟ ਪ੍ਰਕਾਸ਼ਤ ਕਰਕੇ ਵੰਡਿਆ ਗਿਆ, ਜੋ ਹੇਠ ਲਿਖੇ ਪ੍ਰਕਾਰ ਸੀ:

## "ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ?"

ਇਹ ਇਕ ਵਿਅਕਤੀ ਦਾ ਸਵਾਲ ਨਹੀਂ, ਸਾਰੇ ਪੰਥ ਦਾ ਸਵਾਲ ਹੈ, ਜਦੋਂ ਤੱਕ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਮੋਰਚਾ ਜਾਰੀ ਰਹੇਗਾ। ਅਸੀਂ ਆਪਣੇ ਸਭਿਆਚਾਰ ਅਤੇ ਖੂਨੀ ਇਤਿਹਾਸ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਾਂ। ਜਿਹੜਾ ਵਰਗ ਆਪਣੇ ਆਪ ਨੂੰ ਇਸ



Digitized by Panjab Digital Library | www.panjabdigilib.org

ਮੋਰਚੇ ਤੋਂ ਵੱਖ ਰੱਖੇਗਾ, ਅਸੀਂ ਉਸ ਦਾ ਬਾਈਕਾਟ ਕਰਾਂਗੇ ।

ਕਈ ਸਿੱਖ ਹਿੰਦੂ ਦਰਬਾਰ ਵਿਚ ਜਾ ਕੇ ਮੱਥੀਂ ਟੇਕਦੇ ਹਨ। ਉਨ੍ਹਾਂ ਦੀ ਬੋਲੀ ਹੁੰਦੀ ਹੈ ਅਤੇ ਬੋਲੀ ਦੇ ਪੈਸੇ ਤਾਰ ਕੇ ਖਰੀਦੇ ਜਾਂਦੇ ਹਨ ।

ਸਿੱਖ, ਜੇ ਮੁਸਲਮਾਨਾਂ ਦਾ ਫਿਰਕੂ ਰਾਜ ਖਤਮ ਕਰ ਸਕਦੇ ਹਨ ਤਾਂ ਹਿੰਦੂ ਫਿਰਕਾ - ਪ੍ਰਸਤੀ ਅਤੇ ਕਾਂਗਰਸ ਦਾ ਖਾਤਮਾ ਸਾਡੇ ਲਈ ਮੁਸ਼ਕਿਲ ਗੱਲ ਨਹੀਂ ।

ਪਹਿਲਾਂ ਸਾਡੀਆਂ ਮੰਗਾਂ ਨੂੰ ਮੰਗਾਂ ਹੀ ਨਹੀਂ ਸੀ ਮੰਨਿਆ ਗਿਆ । ਹੁਣ ਮੰਗਾਂ ਸਵੀਕਾਰ ਕੀਤੀਆਂ ਹਨ ਤਾਂ ਹਿੰਦੂਆਂ ਸਿੱਖਾਂ ਵਿਚ ਫਸਾਦ ਕਰਵਾਏ ਜਾ ਰਹੇ ਹਨ। ਸ਼ਾਂਤੀ ਮਾਰਚਾਂ ਦੀਆਂ ਚਾਲਾਂ ਹੇਠ ਆਪਣੇ ਖਰੀਦਾਰ ਭੇਜੇ ਜਾਂਦੇ ਹਨ। ਸਾਨੂੰ ਅਤਿਵਾਦੀ ਕਹਿਣ ਵਾਲੇ ਖੁਦ ਵਿਦੇਸ਼ੀ ਏਜੰਟ ਹਨ, ਜੋ ਵਿਦੇਸ਼ਾਂ ਤੋਂ ਪੈਸੇ ਲੈ ਕੇ, ਭਾਰਤ ਦੇ ਗਰੀਬਾਂ ਦਾ ਖੂਨ ਚੂਸ ਰਹੇ ਹਨ ।

"ਛੱਜ ਤਾਂ ਬੋਲੇ, ਛਾਨਣੀ ਕਿਉਂ ਬੋਲੇ" ਜਿਸ ਵਿਚ 600 ਛੇਕ ਹਨ?

ਅੱਜ ਨਵੀਂ ਜਾਗਰਤੀ ਦਾ ਦਿਨ ਹੈ, ਸੁੱਤੇ ਰਹਿਣ ਦਾ ਨਹੀਂ । ਮੌਜੂਦਾ ਹਾਲਾਤ ਬਾਰੇ ਜਾਣਕਾਰੀ ਦਿੱਤੀ ਅਤੇ ਹਿੰਦ ਸਰਕਾਰ ਵਲੋਂ ਸਿੰਘਾਂ ਤੇ ਜ਼ੁਲਮ ਦੀ ਕਹਾਣੀ ਦਰਸਾਈ।

ਘਰੇ ਘਰੀਂ ਜਥੇ ਬਣਾਵੋ ਅਤੇ ਹਿੰਦੂਆਂ ਦੀਆਂ ਸਾਰੀਆਂ ਹਰਕਤਾਂ ਬਾਰੇ ਮੈਨੂੰ ਜਾਣਕਾਰੀ ਦਿਓ ।

## ਪੁਲਿਸ ਤੇ ਮੁਰਦਾਹਾਣੀਂ ਛਾਈ

ਕੇਂਦਰ ਸਰਕਾਰ ਇਸ ਸਮੇਂ ਪੰਜਾਬ ਦੀ ਰਾਜਸੀ ਸਥਿਤੀ ਵਿਚ ਗੜਬੜ ਤੋਂ ਇਤਨੀ ਬੌਖਲਾ ਉਠੀ ਕਿ, ਉਨ੍ਹਾਂ ਨੇ ਪੰਜਾਬ ਪੁਲਿਸ ਦਾ ਆਈ. ਜੀ. ਪ੍ਰੀਤਮ ਸਿੰਘ ਭਿੰਡਰ ਨੂੰ ਬਣਾ ਦਿੱਤਾ, ਜਿਸ ਨੇ ਪਹਿਲਾਂ ਨੈਕਸਲਾਈਟ ਮੂਵਮੈਂਟ ਨੂੰ ਕੁਚਲਣ ਸਮੇਂ ਸੈਂਕੜੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ ਸੀ । ਪੰਜਾਬ ਪੁਲਿਸ ਦਾ ਡੀ. ਆਈ. ਜੀ. ਅਵਤਾਰ ਸਿੰਘ ਅਟਵਾਲ ਦੇ ਦਰਬਾਰ ਸਾਹਿਬ ਦੇ ਸਾਹਮਣੇ ਦਿਨ ਦਿਹਾੜੇ ਕਤਲ ਕਰ ਦੇਣ ਨਾਲ ਪੰਜਾਬ ਪੁਲਿਸ ਤੇ ਮੁਰਦਾਹਾਣੀ ਛਾਅ ਗਈ ਸੀ, ਜਿਸ ਨੂੰ ਭਿੰਡਰ ਵਲੋਂ ਦਿੱਤੇ ਹੌਸਲੇ ਵੀ ਉਤਾਂਹ ਨਾ ਚੁੱਕ ਸਕੇ ।

## ਬੰਦਾ ਬਹਾਦਰ ਪਿੱਛੋਂ ਭਿੰਡਰਾਂ:

ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਜਸਵੰਤ ਸਿੰਘ ਕੰਵਲ ਨੇ ਇਕ ਇੰਟਰਵਿਊ ਵਿਚ ਪੁੱਛੇ ਗਏ ਪ੍ਰਸ਼ਨ ਕਿ "ਅਕਾਲੀਆਂ ਵਿਚ ਏਕਾ ਗ਼ੈਰ - ਤਵਾਰੀਖੀ ਗੱਲ ਹੈ। ਇਹ ਲੱਕ ਹਕੂਮਤ ਕਿਵੇਂ ਬਣਾ ਲੈਣਗੇ?" ਉਤਰ ਵਿਚ ਜਸਵੰਤ ਸਿੰਘ ਕੰਵਲ ਕਹਿੰਦਾ ਹੈ ਕਿ, "ਇਹ ਠੀਕ ਹੈ ਕਿ ਤਵਾਰੀਖ ਵਿਚ ਅਕਾਲੀ ਕਦੇ ਇਕ ਥਾਂ ਜੁੜ ਨਹੀਂ ਸਕੇ । ਹੁਣ ਹਿੰਦ ਸਰਕਾਰ ਦਾ ਵੀ ਇਹੀ ਜ਼ੋਰ ਲੱਗਾ ਹੋਇਆ ਹੈ ਕਿ ਇਨ੍ਹਾਂ ਵਿਚ ਪਾੜਾ ਪਾਇਆ ਜਾਵੇ । ਮੋਰਚਾ ਸਦਾ ਲਈ ਨਹੀਂ ਚੱਲਦਾ ਰਹਿ ਸਕਦਾ । ਮੇਰਾ ਅਨੁਮਾਨ ਹੈ ਕਿ 4-6 ਮਹੀਨੇ ਵਿਚ ਸਮਝੌਤਾ ਹੋ ਜਾਵੇਗਾ । ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਕਾਲੀ ਦਲ ਤੇ ਕਾਬਜ਼ ਹੋਵੇਗਾ । ਬੰਦਾ ਬਹਾਦਰ ਤੋਂ ਪਿੱਛੋਂ ਸੰਤ ਭਿੰਡਰਾਂਵਾਲਾ ਸਿੱਖਾਂ ਦਾ ਵਧੀਆ ਲੀਡਰ ਬਣ ਚੁੱਕਿਆ ਹੈ। ਉਹ ਸੱਚਾ ਸੁੱਚਾ ਵੀ ਹੈ, ਅੜਦਾ ਵੀ ਹੈ ਅਤੇ ਸਮਝੌਤਾ ਆਨੰਦਪੁਰ ਦੇ ਮਤੇ ਤੋਂ ਘੱਟ ਲਏ ਬਿਨਾਂ ਕਰਨ ਲਈ ਤਿਆਰ ਵੀ ਨਹੀਂ ਹੈ ।



Digitized by Panjab Digital Library | www.panjabdigilib.org

## ਭਿੰਡਰਾਂ ਦੀ ਲਲਕਾਰ!

ਹਿੰਦ ਸਰਕਾਰ ਦੀ ਪੁਲਿਸ ਨੇ 10 ਜੁਲਾਈ 1983 ਨੂੰ ਬਾਬੇ ਬਕਾਲੇ ਨਿਹੰਗਾਂ ਦੀ ਛਾਉਣੀ ਤੇ ਹਮਲਾ ਕਰ ਕੇ ਕਈ ਨਿਹੰਗ ਸ਼ਹੀਦ ਕਰ ਦਿੱਤੇ ਤੇ ਅਨੇਕਾਂ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤੇ ਤਾਂ ਸੰਤ ਜਰਨੈਲ ਸਿੰਘ ਭਿੰਡਰਾਂ ਨੇ ਲਲਕਾਰ ਦਿੱਤੀ ਕਿ ਸਾਡੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਹਿੰਦ ਸਰਕਾਰ ਦੇ ਅਤਿਆਚਾਰ ਦਿਨੋਂ ਦਿਨ ਵਧਦੇ ਜਾ ਰਹੇ ਹਨ। ਬਾਬੇ ਬਕਾਲੇ ਤੇ ਹਮਲਾ ਤਾਂ ਆਉਣ ਵਾਲੇ ਹਮਲਿਆਂ ਦੀ ਸ਼ੁਰੂਆਤ ਹੈ। ਸਰਕਾਰ ਸਿੱਖਾਂ ਤੋਂ ਹਥਿਆਰ ਖੋਹ ਕੇ ਸਿੱਖਾਂ ਨੂੰ ਹਿੰਦੂਆਂ ਦੇ ਗ਼ੁਲਾਮ ਬਣਾਉਣਾ ਚਾਹੁੰਦੀ ਹੈ। ਸਰਕਾਰ ਲੋਕਾਂ ਦੇ ਰੋਹ ਅੱਗੇ ਝੁਕ ਗਈ ਹੈ ਤੇ ਬਾਬਾ ਬਕਾਲੇ ਤੋਂ ਫੋਜ ਪਿੱਛੇ ਹਟਾ ਲੈਣ ਦੇ ਹੁਕਮ ਦੇ ਦਿੱਤੇ।

## ਬਲਦੀ ਤੇ ਤੇਲ:

ਗਿਆਨੀ ਜ਼ੈਲ ਸਿੰਘ ਨੇ ਕਲਕੱਤੇ ਵਿਚ ਇਕ ਬਿਆਨ ਦਿੱਤਾ ਕਿ "ਸਿੱਖ ਕੋਈ ਕੌਮ ਨਹੀਂ ਹੈ।" ਇਹ ਗੱਲ ਉਨ੍ਹਾਂ ਕਲਕੱਤੇ ਵਿਚ ਵੱਡੇ ਗੁਰਦਵਾਰੇ ਵਿਚ ਤਕਰੀਰ ਕਰਦਿਆਂ ਆਖੀ ਤੇ ਕਿਹਾ ਕਿ, ਅਕਾਲੀ 'ਕੌਮ' ਸ਼ਬਦ ਦੀ ਦੁਰਵਰਤੋਂ ਕਰ ਰਹੇ ਹਨ। ਕੌਮ ਕੇਵਲ ਭਾਰਤੀ ਹੈ। ਗਿਆਨੀ ਨੇ ਅੱਗੇ ਕਿਹਾ ਕਿ, ਸਿੱਖਾਂ ਨੂੰ ਕੌਮ ਕਹਿਣਾ ਸਿੱਖ ਪੰਥ ਦੀ ਤੌਹੀਨ ਹੈ। ਉਨ੍ਹਾਂ 6ਵੇਂ ਪਾਤਸ਼ਾਹ ਵਲੋਂ ਧਰਮ ਤੇ ਰਾਜਨੀਤੀ ਨੂੰ ਇਕ ਥਾਂ ਇਕੱਠਾ ਕਰਨ ਦੀ ਵੀ ਵਿਰੋਧਤਾ ਕੀਤੀ, ਜਿਸ ਤੇ ਪੂਰੀ ਸਿੱਖ ਕੌਮ ਵਿਚ ਰੋਸ ਫੈਲ ਲਿਆ। ਜਿਸ ਨੇ ਸਿੱਖਾਂ ਦੇ ਗੁੱਸੇ ਤੇ ਤੇਲ ਦਾ ਕੰਮ ਕੀਤਾ।

## ਖਾਲਿਸਤਾਨ ਦੇ ਰਾਸ਼ਟਰਪਤੀ

ਸੰਤਾਂ ਦੇ ਸਿੱਖਾਂ ਵਿਚ ਵਧ ਰਹੇ ਪ੍ਰਭਾਵ ਨੂੰ ਦੇਖ ਕੇ 'ਇੰਡੀਅਨ ਐਕਸਪ੍ਰੈਸ' ਅਖਬਾਰ ਨੇ ਇੱਥੋਂ ਤੱਕ ਲਿਖ ਦਿੱਤਾ ਕਿ ਸੰਤ ਭਿੰਡਰਾਂ ਨੂੰ ਅਕਾਲੀ ਦਲ ਦਾ ਪਰਧਾਨ ਬਣਾ ਦਿੱਤਾ ਜਾਏਗਾ ਜਾਂ ਫਿਰ ਖਾਲਿਸਤਾਨ ਦਾ ਰਾਸ਼ਟਰਪਤੀ, ਕਿਉਂਕਿ ਸੰਤ ਭਿੰਡਰਾਂ ਸਮਝਦੇ ਹਨ ਕਿ ਸਰਕਾਰ ਨੇ ਸ਼ਾਂਤੀ ਨਾਲ ਕੁਝ ਨਹੀਂ ਦੇਣਾ। ਇਹ ਤਸ਼ੱਦਦ ਨਾਲ ਹੀ ਲੈਣਾ ਪੈਣਾ ਹੈ। ਦੂਸਰੇ ਪਾਸੇ ਲੋਕ ਸੰਤ ਲੌਂਗੋਵਾਲ ਤੋਂ ਬਹੁਤ ਨਰਮ ਪਾਲਿਸੀ ਤੋਂ ਉਚਾਟ ਹੁੰਦੇ ਜਾਂਦੇ ਸਨ। ਸੰਤ ਭਿੰਡਰਾਂ ਦਾ ਖਾਲਿਸਤਾਨ ਦੇ ਰਾਸ਼ਟਰਪਤੀ ਡਾਕਟਰ ਜਗਜੀਤ ਸਿੰਘ ਚੌਹਾਨ ਨਾਲ ਬਾਕਾਇਦਾ ਸੰਪਰਕ ਸੀ ਤੇ ਸੰਤਾਂ ਦਾ ਪ੍ਰਭਾਵ ਵਿਦੇਸ਼ਾਂ ਵਿਚ ਵਧਣਾ ਸ਼ੁਰੂ ਹੋ ਚੁੱਕਾ ਸੀ। ਜਿਸ ਅਧੀਨ ਥਾਂ ਥਾਂ ਖਾਲਿਸਤਾਨ ਦੇ ਦਫਤਰ ਖੁੱਲ੍ਹ ਰਹੇ ਸਨ। ਸੈਕਰਾਮਿੰਟੋ ਵਿਚ ਖਾਲਿਸਤਾਨ ਦੇ ਗਵਰਨਰ ਜਨਰਲ ਨੇ ਦਫਤਰ ਖੋਲ੍ਹ ਦਿੱਤਾ।

ਇਸ ਸਮੇਂ ਆਮ ਲੋਕਾਂ ਵਲੋਂ ਸੰਤ ਲੌਂਗੋਵਾਲ ਨੂੰ ਅਪੀਲਾਂ ਹੋਣ ਲੱਗੀਆਂ ਕਿ ਉਹ ਮੋਰਚੇ ਵਿਚ ਫੇਅਲ ਹੋ ਚੁੱਕੇ ਹਨ। ਉਹ ਸੰਤ ਭਿੰਡਰਾਂ ਦੇ ਹੱਕ ਵਿਚ ਅਸਤੀਫਾ ਦੇ ਦੇਣ। ਸ. ਬਲਬੀਰ ਸਿੰਘ ਸੰਧੂ, ਜੋ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਦਾ ਜਨਰਲ ਸਕੱਤਰ ਹੈ, ਨੇ ਤਾਂ ਖੁੱਲ੍ਹਮ ਖੁੱਲ੍ਹਾ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਇਨ੍ਹਾਂ ਦਿਨਾਂ ਤੱਕ ਹਿੰਦੂ ਸਿੱਖਾਂ ਵਿਚ ਤਨਾਓ ਇਤਨਾ ਵਧ ਚੁੱਕਾ ਸੀ ਕਿ, ਹਿੰਦੂ ਸੁਰੱਖਿਆ ਵਾਲੇ ਖੁੱਲ੍ਹਮ ਖੁੱਲ੍ਹਾ ਕਹਿ ਰਹੇ ਸਨ ਕਿ "ਕੱਛਾ ਕੜਾ ਕ੍ਰਿਪਾਨ, ਧੱਕ ਦਿਆਂਗੇ ਪਾਕਿਸਤਾਨ", "ਨੱਕ ਤੇ ਮੱਖੀ ਬਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ"। ਫੈਡਰੇਸ਼ਨ ਇਹ ਕਹਿ ਰਹੀ ਸੀ "ਧੋਤੀ ਟੋਪੀ ਜਮਨਾ ਪਾਰ"



Digitized by Panjab Digital Library | www.panjabdigilib.org

ਸੰਤ ਭਿੰਡਰਾਂ ਦਾ ਅਸਰ ਇਸ ਸਮੇਂ ਵਿਸ਼ਵ ਭਰ ਵਿਚ ਫੈਲ ਚੁੱਕਾ ਸੀ । ਸਿੱਖ ਨੌਜਵਾਨ ਜਾਗ ਚੁੱਕੇ ਸਨ । ਥਾਂ ਥਾਂ ਹਿੰਦ ਸਰਕਾਰ ਵਿਰੁੱਧ ਮੁਜਾਹਰੇ ਹੋ ਰਹੇ ਸਨ ਤੇ ਭਾਰਤੀ ਝੰਡੇ ਜਾਲੇ ਜਾ ਰਹੇ ਸਨ ।

## ਭੰਡੀ ਪਰਚਾਰ ਸ਼ੁਰੂ:

ਇਸ ਸਮੇਂ ਸੰਤ ਭਿੰਡਰਾਂ ਦੀ ਵਧ ਰਹੀ ਪ੍ਰਤੀਤ ਦੇਖ ਕੇ ਸਰਕਾਰ ਭੈਭੀਤ ਹੋਣੀ ਸ਼ੁਰੂ ਹੋ ਗਈ । ਸੰਤ ਕਰਤਾਰ ਸਿੰਘ ਦੀ ਬਰਸੀ ਮਨਾਉਣ ਲਈ ਕੁਝ ਬੱਸਾਂ ਵਿਚ ਸਿੰਘ ਜਾ ਰਹੇ ਸਨ ਕਿ ਮੋਗੇ ਦੇ ਕੋਲ ਪੁਲਿਸ ਨੇ ਬੱਸਾਂ ਘੇਰ ਕੇ ਜਾਲ ਦਿੱਤੀਆਂ ਤੇ ਸੰਤਾਂ ਦਾ ਭਰਾ, ਭਾਈ ਜਗਤਾਰ ਸਿੰਘ ਹਿਰਾਸਤ ਵਿਚ ਲੈ ਲਿਆ । ਹੋਰ ਵੀ ਕਾਫੀ ਸਿੰਘ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤੇ । ਇਨ੍ਹੀਂ ਦਿਨੀਂ ਪੁਲਿਸ ਵਲੋਂ ਹਰ ਗ੍ਰਿਫਤਾਰ ਕੀਤੇ ਸਿੱਖ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦੇਣ ਦੀਆਂ ਵਾਰਦਾਤਾਂ ਆਮ ਕੀਤੀਆਂ ਜਾਂਦੀਆਂ ਸਨ । ਇਸ ਗੱਲ ਤੋਂ ਸਾਰੇ ਸਿੱਖ ਚਿੰਤਤ ਸਨ ਕਿ ਸੰਤਾਂ ਦੇ ਭਰਾ ਤੇ ਹੋਰ ਸਿੰਘਾਂ ਨੂੰ ਹੁਣ ਪੁਲਿਸ ਝੂਠਾ ਮੁਕਾਬਲਾ ਬਣਾ ਕੇ ਸ਼ਹੀਦ ਕਰ ਦੇਵੇਗੀ ।

ਸੰਤ ਭਿੰਡਰਾਂ ਨੇ ਸਰਕਾਰ ਦੀ ਇਸ ਕਾਰਵਾਈ ਦੇ ਖਿਲਾਫ਼ ਇਤਨੀ ਗਰਮ ਤਕਰੀਰ ਕੀਤੀ ਕਿ, ਸਰਕਾਰ ਭੈਭੀਤ ਹੋ ਗਈ ਤੇ ਸੰਤਾਂ ਦੇ ਬਿਆਨ ਦੀ ਕਾਪੀ ਮੰਗ ਲਈ । ਸੰਤਾਂ ਨੇ ਕਿਹਾ ਕਿ ਜੇ ਜਥੇ ਦੇ ਬੇਦੋਸ਼ੇ ਸਿੰਘਾਂ ਤੇ ਭਾਈ ਜਾਗੀਰ ਸਿੰਘ ਨੂੰ ਤੁਰੰਤ ਰਿਹਾ ਨਾ ਕੀਤਾ ਤਾਂ ਕੱਲ੍ਹ ਨੂੰ 5000 ਹਿੰਦੂ ਕਤਲ ਕਰ ਦਿੱਤੇ ਜਾਣਗੇ । ਦੂਸਰੇ ਦਿਨ ਹੀ ਸਰਕਾਰ ਨੇ ਤੁਰੰਤ ਸਾਰੇ ਸਿੰਘ ਛੱਡ ਦਿੱਤੇ । ਸੰਤਾਂ ਨੇ ਪੁਲਿਸ ਅਫਸਰਾਂ ਨੂੰ ਵਾਰਨਿੰਗ ਦਿੱਤੀ ਕਿ ਜੇ ਕਿਸੇ ਨਾਲ ਵਧੀਕੀ ਕੀਤੀ ਤਾਂ ਤੁਰੰਤ ਐਕਸ਼ਨ ਲਿਆ ਜਾਵੇਗਾ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ, ਜੇ ਕੋਈ ਪੁਲਿਸ ਅਫਸਰ ਕਿਸੇ ਨਾਲ ਵਧੀਕੀ ਕਰਦਾ ਹੈ ਤਾਂ ਉਸ ਦੀ ਰੀਪੋਰਟ ਸਾਨੂੰ ਭੇਜੋ । ਅਸੀਂ ਤਫਤੀਸ਼ ਕਰਾਂਗੇ । ਜੇ ਪੁਲਿਸ ਵਾਲੇ ਦੀ ਗਲਤੀ ਹੋਈ ਤਾਂ ਗੱਡੀ ਚੜ੍ਹਾ ਦਿੱਤਾ ਜਾਏਗਾ ।

## ਸਿੰਘੋ! ਸ਼ਸਤਰਧਾਰੀ ਹੋ ਕੇ ਸਰਕਾਰੀ ਜ਼ੁਲਮ ਦਾ ਮੁਕਾਬਲਾ ਕਰੋ!!

ਇਹ ਭਾਸ਼ਨ ਸੰਤ ਭਿੰਡਰਾਂ ਦਾ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਇਆ ਸੀ । ਉਨ੍ਹਾਂ ਕਿਹਾ ਕਿ, ਜਿਸ ਤਰ੍ਹਾਂ ਵਰਤਮਾਨ ਸਰਕਾਰ ਸਿੱਖੀ ਨੂੰ ਖਤਮ ਕਰਨ ਲਈ ਕੁਟਲ ਨੀਤੀ ਨਾਲ ਚਾਲਾਂ ਚੱਲ ਰਹੀ ਹੈ ਅਤੇ ਸਿੱਖਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਮਿੱਟੀ ਵਿਚ ਮਿਲਾ ਰਹੀ ਹੈ, ਉਸ ਤੋਂ ਸਾਨੂੰ ਸਾਵਧਾਨ ਰਹਿਣ ਦੀ ਜ਼ਰੂਰਤ ਹੈ । ਮੈਨੂੰ ਇਥੇ ਆ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਤਕਰੀਰ ਦਾ ਪਤਾ ਲੱਗਾ ਹੈ ਕਿ, ਬਾਜਪਾਈ ਨੇ ਕਿਹਾ ਹੈ ਕਿ, ਸ਼੍ਰੋਮਣੀ ਅਕਾਲੀ ਦਲ ਹਿੰਦੂਆਂ ਦੀ ਸੁਰੱਖਿਆ ਦਾ ਭਰੋਸਾ ਦੁਆਉਂਦਾ ਹੈ । ਮੈਂ ਪੁੱਛਦਾ ਹਾਂ ਕਿ, ਜਿਸ ਜਮਾਤ ਜਾਂ ਫਿਰਕੇ ਨੂੰ ਸਾਡੇ ਗੁਰੂਆਂ ਉਪਰ ਹੀ ਯਕੀਨ ਨਹੀਂ, ਉਨ੍ਹਾਂ ਦਾ ਸਿੱਖਾਂ ਤੇ ਕੀ ਯਕੀਨ ਹੋ ਸਕਦਾ ਹੈ ਅਤੇ ਅਸੀਂ ਕੀ ਭਰੋਸਾ ਦੁਆ ਸਕਦੇ ਹਾਂ?

ਜਿਨ੍ਹਾਂ ਹਿੰਦੂਆਂ ਨੇ ਕੇਵਲ ਸਟੇਜਾਂ ਤੋਂ ਭਾਸ਼ਨ ਕਰਕੇ ਹੀ ਨਹੀਂ ਕਿਹਾ, ਸਗੋਂ ਕਿਤਾਬਾਂ ਛਾਪ ਕੇ ਕਿਹਾ ਹੈ ਕਿ, ਸ੍ਰੀ ਗੁਰੂ ਤੇਗ ਬਹਾਦਰ ਦਾ ਸੀਸ ਮੁਗਲ ਸਰਕਾਰ ਨੇ ਹਿੰਦੂਆਂ ਦੀ ਰੱਖਿਆ ਲਈ ਨਹੀਂ, ਸਗੋਂ ਉਨ੍ਹਾਂ ਦੀ ਨਿੱਜੀ ਲੜਾਈ ਕਰਕੇ ਕੱਟਿਆ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਵਚਿੱਤਰ ਨਾਟਕ ਵਿਚ ਆਪ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ



Digitized by Panjab Digital Library | www.panjabdigilib.org

ਜੀ ਨੇ ਤਿਲਕ ਜੰਞੂ ਲਈ ਆਪਣਾ ਸੀਸ ਦਿੱਤਾ ਹੈ। ਪਰ ਇਹ ਲੋਕ ਕਿਤਾਬਾਂ ਵਿਚ ਲਿਖ ਕੇ ਇਹ ਕਹਿੰਦੇ ਹਨ ਕਿ, ਗੁਰੂ ਸਾਹਿਬ ਨੇ ਕੁਰਬਾਨੀ ਹਿੰਦੂਆਂ ਲਈ ਨਹੀਂ ਦਿੱਤੀ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ ਨੂੰ ਕਲੰਕਿਤ ਕਰਦੇ ਹਨ। ਇਨ੍ਹਾਂ ਨੂੰ ਅਸੀਂ ਕੀ ਭਰੋਸਾ ਦੁਆ ਸਕਦੇ ਹਾਂ?

ਇਹ 1947 ਤੋਂ ਲੈ ਕੇ 1983 ਤੱਕ ਭਰੋਸਾ ਦੁਆਈ ਜਾ ਰਹੇ ਹਨ, ਪਰ ਦਿੱਤਾ ਕੁਝ ਵੀ ਨਹੀਂ। ਮੈਂ ਪਹਿਲਾਂ ਵੀ ਕਈ ਵੇਰਾਂ ਅਰਜ਼ ਕਰ ਚੁੱਕਾ ਹਾਂ ਕਿ ਹਿੰਦੀ ਸੂਬਾ ਲੈਣ ਵਾਸਤੇ, ਹਿੰਦੂ ਮੰਦਰਾਂ ਦੇ ਨਾਂ ਤੇ ਗੱਡੀ ਦਾ ਨਾਂ ਰਖਾਉਣ ਵਾਸਤੇ ਜਾਂ ਹਿੰਦੀ ਜ਼ਬਾਨ ਲਈ ਜਾਂ ਹਿੰਦੂ ਜਨੇਊ ਪਹਿਨਣ ਵਾਸਤੇ ਇਕ ਵੀ ਹਿੰਦੂ ਨੇ ਇਕ ਘੰਟੇ ਦੀ ਵੀ ਕੈਦ ਕੱਟੀ ਹੈ? ਜੇ ਅਸੀਂ ਪੰਜਾਬੀ ਬੋਲੀ ਦੇ ਆਧਾਰ ਤੇ ਦੂਸਰੇ ਸੂਬਿਆਂ ਵਾਂਗ ਪੰਜਾਬੀ ਬੋਲੀ ਬੋਲਦਾ ਸੂਬਾ ਲੈਣਾ ਹੈ ਤਾਂ 50 ਹਜ਼ਾਰ ਜੇਲ੍ਹ ਵਿਚ ਜਾਓ। ਇੰਦਰਜੀਤ ਸਿੰਘ ਵਰਗੇ ਭੁਜੰਗੀਆਂ ਨੂੰ ਵੱਢ ਕੇ ਜੇਲ੍ਹ ਵਿਚ ਸੁੱਟਿਆ ਜਾਏ ਪਰ ਹਿਮਾਚਲ ਤੇ ਹਰਿਆਣਾ ਹਿੰਦੂ ਲੈ ਜਾਣ! ਨਾ ਹਿੰਗ ਲੱਗੇ ਨਾ ਫਟਕੜੀ। ਇਨ੍ਹਾਂ ਲੋਕਾਂ ਨੂੰ ਅਸੀਂ ਕੀ ਭਰੋਸਾ ਦੁਆਉਣਾ ਹੈ?

ਜੇ ਅਸੀਂ ਗੱਡੀ ਦਾ ਨਾਂ ਵੀ ਰਖਾਉਣਾ ਹੈ, ਰੇਡੀਓ ਸਟੇਸ਼ਨ ਲੁਆਉਣਾ ਹੈ, ਪਾਣੀ ਦਾ ਹੱਕ ਲੈਣਾ ਹੈ, ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦੁਆਉਣਾ ਜਾਂ ਹੋਰ ਹੱਕ ਲੈਣੇ ਹਨ, ਇਕ ਲੱਖ ਤੋਂ ਵੱਧ ਸਿੰਘ ਜੇਲ੍ਹ ਵਿਚ ਡੱਕੇ ਜਾਣ ਤੇ 200 ਤੋਂ ਵੱਧ ਸ਼ਹੀਦੀਆਂ ਪਾਉਣ। ਤੁਹਾਨੂੰ ਅਸੀਂ ਭਰੋਸਾ ਦੁਆ ਕੇ ਲੈਣਾ ਕੀ ਹੈ?

ਸੰਤ ਹਰਚੰਦ ਸਿੰਘ ਜੀ ਨੇ ਕਿਹਾ ਹੈ ਕਿ ਸਾਡੇ ਨਾਲ ਬੈਠ ਕੇ ਗੱਲ ਕਰਨ ਤੇ ਫੈਸਲਾ ਕਰਨ। ਮੈਂ ਇਨ੍ਹਾਂ ਦੀ ਇਸ ਪੇਸ਼ਕਸ਼ ਨੂੰ ਠੀਕ ਕਹਿੰਦਾ ਹਾਂ ਪਰ ਨਾਲ ਹੀ ਕਹਿੰਦਾ ਹਾਂ ਕਿ ਇਨ੍ਹਾਂ ਦੇ ਲੀਡਰ ਆਪ ਕਹਿੰਦੇ ਹਨ। ਮੈਨੂੰ ਨਾਂ ਭੁੱਲ ਗਿਆ, ਕ੍ਰਿਸ਼ਨ ਅੱਖਰ ਲਗਦਾ ਹੈ, ਉਸ ਦੇ ਨਾਂ ਨਾਲ। ਉਹ ਕਹਿੰਦਾ ਹੈ ਕਿ ਹਿੰਦੂਆਂ ਦੇ ਮੁੱਢ ਦਾ ਹੀ ਪਤਾ ਨਹੀਂ। ਇਸ ਤਰ੍ਹਾਂ ਦੀ ਕੌਮ ਨੂੰ, ਜਿਸ ਦੇ ਮੁੱਢ ਦਾ ਹੀ ਪਤਾ ਨਹੀਂ, ਇਸ ਤਰ੍ਹਾਂ ਦੀ ਕੌਮ ਨੂੰ, ਜਿਸ ਦੇ ਮੁੱਢ ਦਾ, ਬਾਪ ਦਾ ਜਾਂ ਮਾਂ ਦਾ ਪਤਾ ਨਾ ਹੋਵੇ, ਕਿ ਕੌਣ ਸਨ, ਉਸ ਨੂੰ ਅਸੀਂ ਭਰੋਸਾ ਦੁਆ ਕੇ ਕੀ ਲੈਣਾ ਹੈ?

ਖਾਲਸਾ ਜੀ, ਘਬਰਾਉਣਾ ਨਹੀਂ! ਸਾਡੀ ਆਬਾਦੀ ਦੋ ਕਰੋੜ ਦੇ ਕਰੀਬ ਹੋ ਚੱਲੀ ਹੈ। ਸਾਨੂੰ ਕਤਾਰ ਵਿਚ ਖੜ੍ਹੇ ਕਰਕੇ ਵੱਢਿਆ ਗਿਆ, ਸਿਰਾਂ ਦੇ ਮੁੱਲ ਪਏ, ਪਰ ਅਸੀਂ ਮੁੱਕੇ ਨਹੀਂ। ਖਾਲਸਾ ਜੀ, ਵਰਤਮਾਨ ਹਿੰਦੂ ਸਰਕਾਰ ਤੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖਾਨ ਵਰਗੇ ਨੇ, ਜੋ ਕਾਂਗਰਸ ਲਈ ਬੀਜ ਬੀਜੇ ਹਨ ਤੇ ਬੀਜ ਰਿਹਾ ਹੈ। ਅਜੇ ਪਤਾ ਨਹੀਂ, ਹੋਰ ਕਿੰਨੇ ਸਿੱਟੇ ਦੇਣੇ ਹਨ। ਪਰ ਆਉਣ ਵਾਲੇ ਸਮੇਂ ਵਿਚ ਇਕ ਵੀ ਬੂਟਾ ਹਰਾ ਨਹੀਂ ਰਹੇਗਾ। ਇਸ ਨੇ ਇਤਨਾ ਜ਼ਹਿਰ ਫੈਲਾਇਆ ਹੈ। ਪਤਾ ਲੱਗਾ ਹੈ ਕਿ ਫਿਰੋਜ਼ਪੁਰ ਕਿਤੇ ਅਸਲਾਖਾਨੇ ਤੇ ਡਾਕਾ ਪਿਆ ਤੇ ਕਹਿਣ ਲੱਗੇ ਕਿ, ਭਿੰਡਰਾਂਵਾਲੇ ਸਿੰਘਾਂ ਨੂੰ ਫੜ ਲਵੋ। ਲੋਕ ਕਹਿਣ ਲੱਗੇ ਕਿ ਸਾਰੇ ਹੀ ਭਿੰਡਰਾਂਵਾਲੇ ਬਣ ਜਾਵਾਂਗੇ। ਇਹ ਸਭ ਨੂੰ ਦਿਮਾਗ 'ਚੋਂ ਕੱਢ ਦੇਣਾ ਚਾਹੀਦਾ ਹੈ ਕਿ ਭਿੰਡਰਾਂ ਵਾਲੇ ਬਣਨਾ ਸੀ, ਅਕਾਲੀ ਬਣਨਾ ਸੀ। ਇਹ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਗੁਰੂ ਗਰੰਥ ਸਾਹਿਬ ਦੇ ਲੜ ਲੱਗਣਾ ਹੈ ਤੇ ਕਲਗੀਆਂ ਵਾਲੇ ਦੇ ਬਣਨਾ ਹੈ।

ਜਦੋਂ ਪਾਖੰਡੀ ਸਾਧ ਜੋ ਆਪਣੇ ਲਈ ਦੇਸ ਤੇ ਵਿਦੇਸ ਵਿਚ ਡੇਰੇ ਉਸਾਰ ਕੇ ਪੈਰੀਂ ਹੱਥ ਲੁਆਉਂਦੇ ਹਨ ਤੇ ਗੁਰੂ ਗਰੰਥ ਸਾਹਿਬ ਦੇ ਮੱਥਾ ਟੇਕਣ ਤੋਂ ਪਹਿਲਾਂ ਆਪ ਨੂੰ ਮੱਥਾ ਟਿਕਾਉਂਦੇ ਹਨ, ਮੜ੍ਹੀਆਂ, ਮਸਾਣਾਂ ਤੇ ਸੰਧੂਰ ਭੁੱਕਣ ਵਾਲਿਆਂ ਤੋਂ ਪਰ੍ਹੇ ਹੋ ਕੇ ਗੁਰੂ ਗਰੰਥ ਸਾਹਿਬ ਨਾਲ ਬਿਰਤੀ ਲਾ ਲਈ ਹੈ ਤਾਂ ਦੁਨੀਆਂ ਦੀ ਕੋਈ ਸ਼ਕਤੀ ਸਿੱਖ ਕੌਮ ਨੂੰ ਦਬਾ ਨਹੀਂ ਸਕਦੀ।



Digitized by Panjab Digital Library | www.panjabdigilib.org

ਪਿੱਛੇ ਕੁੱਤਿਆਂ ਦੀ ਗੱਲ ਚੱਲੀ ਸੀ। ਚੌਂਕ ਮਹਿਤੇ ਦੇ ਕੋਲ ਪਟਾਕੇ ਚੱਲੇ ਤਾਂ ਸਰਕਾਰ ਨੇ ਕੁੱਤੇ ਲਿਆਂਦੇ। ਕੁੱਤੇ ਠਾਣੇ ਅੰਦਰ ਜਾ ਵੜੇ ਤਾਂ ਪੁਲਿਸ ਵਾਲਿਆਂ ਨੇ ਲੱਤਾਂ ਮਾਰ ਮਾਰ ਕੇ ਕੁੱਤਿਆਂ ਦੀਆਂ ਵੱਖੀਆਂ ਤੋੜ ਦਿੱਤੀਆਂ ਤੇ ਨਾਲੇ ਗਾਲ੍ਹਾਂ ਕੱਢਣ ਕਿ ਸਾਨੂੰ ਨਾ ਫਸਾ ਦੇਣ। ਜਿਸ ਸਰਕਾਰ ਨੂੰ ਆਦਮੀਆਂ ਤੇ ਯਕੀਨ ਨਾ ਰਿਹਾ ਹੋਵੇ, ਕੇਵਲ ਕੁੱਤਿਆਂ ਤੇ ਹੀ ਰਹਿ ਗਿਆ ਹੋਵੇ, ਉਸ ਨੂੰ ਅਸੀਂ ਭਰੋਸਾ ਦੁਆ ਕੇ ਕੀ ਕਰਾਂਗੇ?

ਜੋ ਪਾਰਟੀ ਕੁੱਤਿਆਂ ਤੇ ਯਕੀਨ ਕਰਦੀ ਹੈ, ਉਹ ਕੰਮ ਵੀ ਤਾਂ ਕੁੱਤਿਆਂ ਵਾਲੇ ਹੀ ਕਰੇਗੀ, ਬੰਦਿਆਂ ਵਾਲੇ ਥੋੜੇ ਕਰੇਗੀ। ਘੁਮਾਣੀ ਵੀ ਇਸ ਤਰ੍ਹਾਂ ਹੀ ਹੋਇਆ ਕਿ ਕੁੱਤਾ ਸੁੰਘਦਾ ਸੁੰਘਦਾ ਥਾਣੇ ਜਾ ਵੜਿਆ ਤੇ ਉਥੇ ਥਾਣੇਦਾਰ ਮੋਟੀ ਗਾਲ੍ਹ ਕੱਢ ਕੇ ਕਹਿਣ ਲੱਗਾ ਕਿ, ਇਸ ਨੂੰ ਚੁੱਕ ਕੇ ਜੀਪ ਵਿਚ ਸੁੱਟ ਦਿਓ, ਇਹ ਸਾਨੂੰ ਹੀ ਫਸਾਊ। ਜੇ ਕੁੱਤਿਆਂ ਤੇ ਯਕੀਨ ਕਰਨਾ ਹੈ ਤਾਂ ਕੁੱਤਾ ਤਾਂ ਠਾਣੇ ਵਿਚ ਜਾ ਵੜਿਆ ਸੀ, ਫਿਰ ਪੁਲਸੀਆਂ ਨੂੰ ਕੁੱਟਿਆ ਕਿਉਂ ਨਾ? ਜਿੰਨਾ ਚਿਰ ਹੁਕਮ ਸ਼ਾਂਤਮਈ ਦਾ ਹੈ, ਸ਼ਾਤ ਹੀ ਰਹੋ।

ਜਿਸ ਦਿਨ ਫਸਾਦ ਹੋਏ ਤਾਂ ਇਥੇ ਨੂੰ ਨਾ ਦੌੜੇ ਆਇਓ ਕਿ ਹਥਿਆਰ ਕਿਹੜੀ ਫੈਕਟਰੀ ਵਿਚ ਮਿਲਦੇ ਹਨ। ਫੈਕਟਰੀ ਇਥੇ ਕੋਈ ਨਹੀਂ ਲੱਗੀ ਹੋਈ।

"ਆਪਣੇ ਹੱਥੀਂ ਆਪਣੇ ਆਪੇ ਹੀ ਕਾਜ ਸੁਆਰੀਏ" ਯਾਦ ਰੱਖੋ ਕਿ ਜੋ ਇਹ ਫੜੋਫੜੀ ਕਰ ਰਹੇ ਹਨ, ਉਸ ਲਈ ਤਿਆਰ ਰਹੋ। ਹਰ ਰੋਜ਼ ਕੋਈ ਨਾ ਕੋਈ ਕਿਤੇ ਨਾ ਕਿਤੇ ਫੜ ਲੈਂਦੇ ਹਨ। ਇਕ ਪੁਲਿਸ ਅਫਸਰ ਸੀ. ਆਈ. ਡੀ. ਕਰਨ ਆਇਆ ਕਹਿਣ ਲੱਗਾ ਕਿ, ਤੁਹਾਡੇ ਭਾਈ ਨੂੰ ਮਾਰਨ ਦੀ ਸਾਜ਼ਿਸ਼ ਘੜ ਲਈ ਹੈ। ਮੈਂ ਕਿਹਾ ਕਿ ਜੇ ਪੁਲਿਸ ਦੀ ਗੋਲੀ ਨਾਲ ਮਰੇ ਦਾ ਸੁਨੇਹਾ ਆਏ ਤਾਂ ਪੰਜ ਜੈਕਾਰੇ ਜ਼ਰੂਰ ਛੱਡਾਂਗਾ। ਆਪਾਂ ਪੁੱਤ ਕਿਸਦੇ ਹਾਂ? ਤੇ ਸਾਹਿਬਜ਼ਾਦੇ ਕਿਤੇ ਭਘੂੜਿਆਂ ਵਿਚ ਪਲੇ ਸਨ? ਅਸੀਂ ਸੂਲਾਂ ਦੀ ਸੇਜ ਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪਲੇ ਹਾਂ। ਹੌਸਲਾ ਰੱਖੋ। ਸ਼ਸ਼ਤਰਧਾਰੀ ਹੋਵੋ ਤੇ ਅੱਜ ਜ਼ਕਰੀਆ ਰਾਜਾ ਸਾਂਸੀ ਆਇਆ ਸੀ ਤੇ ਹਿੰਦੂਆਂ ਨੂੰ ਹਥਿਆਰਬੰਦ ਕਰ ਰਿਹਾ ਹੈ ਤਾਂਕਿ ਉਹ ਅੰਦਰ ਵੜਨ ਤੇ ਅਸੀਂ ਹੱਲਾ ਕਰਕੇ ਭਿੰਡਰਾਂ ਵਾਲੇ ਨੂੰ ਫੜ ਲਈਏ। ਮੈਂ ਪਹਿਲਾਂ ਭੀ ਬੇਨਤੀ ਕੀਤੀ ਹੈ ਕਿ ਕਿਤੇ ਢਿੱਲ ਮੱਸ ਨਾਲ ਨਾ ਆਵੇ ਕਿ ਅੰਦਰ ਜਾ ਕੇ ਫੜ ਲਵਾਂਗੇ। ਇਕ ਵੇਰਾਂ ਢੇਰੀਆਂ ਜ਼ਰੂਰ ਲਾਵਾਂਗਾ।

ਹਰ ਰੋਜ਼ ਪੁੱਛਦੇ ਹੋ ਕਿ ਕੀ ਕਰੀਏ? ਮੈਂ ਕਹਿੰਦਾ ਹਾਂ ਕਿ ਸ਼ਸ਼ਤਰਧਾਰੀ ਹੋਵੋ। ਜੇ ਲਾਇਸੈਂਸ ਨਹੀਂ ਬਣਾਉਂਦੇ ਤਾਂ ਨਾ ਸਹੀ। ਜੇ 230 ਗਰਨੇਡ ਪਵਨ ਕੁਮਾਰ ਰੱਖ ਸਕਦਾ ਹੈ ਤਾਂ ਤੁਸੀਂ ਕਿਉਂ ਨਹੀਂ ਰੱਖ ਸਕਦੇ? ਜੇ ਕੋਈ ਫੜਨ ਆਉਂਦਾ ਹੈ ਤਾਂ ਉਸ ਨੂੰ ਕਹੋ ਕਿ ਜਾਹ ਮਸਾਂ ਅਸੀਂ ਰੋਟੀ ਖਾਂਦੇ ਹਾਂ। ਆਪਣਾ ਕੰਮ ਕਰ। ਪਰ ਜੇ ਫਿਰ ਵੀ ਕਹਿੰਦਾ ਹੈ ਕਿ ਤੁਸੀਂ ਸਿੱਖ ਹੋ ਤੇ ਹਥਿਆਰ ਨਹੀਂ ਰੱਖ ਸਕਦੇ। ਇਕ ਵੇਰਾਂ ਵੱਖੀ ਵਿਚ ਮਾਰ ਕੇ ਗੱਡੀ ਚੜ੍ਹਾ ਦਿਓ। ਫਿਰ ਜਿਵੇਂ ਨਿਬੜਦੀ ਹੈ, ਨਿਬੜਦੇ ਰਹੋ।

## ਸੋਧ ਦਿਓ!

ਜਿਸ ਦਿਨ ਪਤਾ ਲੱਗੇ ਕਿ ਹਰਿਮੰਦਰ ਸਾਹਿਬ ਤੇ ਸਰਕਾਰ ਨੇ ਹਮਲਾ ਕਰ ਦਿੱਤਾ ਹੈ, ਤਾਂ ਸੰਤ ਲੌਂਗੋਵਾਲ ਜਾਂ ਮੇਰਾ ਸੁਨੇਹਾ ਨਾ ਉਡੀਕਦੇ ਰਿਹੋ। ਥਾਓਂ ਥਾਈਂ ਜਿਥੇ ਵੀ ਗੁਰੂ ਦਾ ਨਿੰਦਕ ਹੈ ਜਾਂ ਸਿੱਖਾਂ ਦੀ ਬੇਇਜ਼ਤੀ ਹੁੰਦੀ ਦੇਖ ਕੇ ਖ਼ੁਸ਼ ਹੁੰਦਾ ਹੈ, ਸਭ ਨੂੰ ਚਾਟਾ ਛਕਾ ਦਿਓ। ਗੱਡੀ ਚੜ੍ਹਾ ਦਿਓ। ਕੋਈ ਢਿੱਲ ਨਾ ਕਰਿਓ। ਜੇ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਤਾਂ ਫਿਰ ਜੀਅ ਕੇ ਕੀ ਲੈਣਾ ਹੈ? ਸ਼ਸ਼ਤਰਧਾਰੀ ਹੋਵੋ, ਤਿਆਰ ਰਹੋ! ਜੇ ਕਿਤੇ ਧੀ ਭੈਣ ਦੀ



Digitized by Panjab Digital Library | www.panjabdigilib.org

ਬੇਅਦਬੀ ਹੁੰਦੀ ਹੈ ਤਾਂ ਉਸ ਨੂੰ ਸੋਧ ਦਿਓ। ਜੇ ਮਰ ਵੀ ਗਏ ਤਾਂ ਕੀ ਫਰਕ ਪੈਂਦਾ ਹੈ? ਆਪਾਂ 30-30 ਹਜ਼ਾਰ ਛਡਾਉਂਦੇ ਰਹੇ ਹਾਂ, ਅੱਜ ਦੋ ਦੋ ਨਹੀਂ ਛਡਾ ਸਕਦੇ? ਕੀ ਕਰਦੇ ਹੋ, ਪਿੰਡਾਂ ਵਿਚ ਬੈਠੇ? ਇਥੇ ਆ ਕੇ ਕਹਿੰਦੇ ਹੋ, ਸੰਤ ਜੀ ਹੁਕਮ ਕਰੋ। ਉਏ ਦੋ ਲੜਕੀਆਂ ਨਹੀਂ ਛੁਡਾ ਸਕਦੇ? ਜੈਕਾਰੇ ... ਜੋ ਧੀ ਭੈਣ ਦੀ ਬੇਇਜ਼ਤੀ ਕਰਦਾ, ਉਸ ਨੂੰ ਗੱਡੀ ਚੜ੍ਹਾ ਕੇ ਸਾਡੇ ਪਾਸ ਆਇਆ ਕਰੋ। ਬਾਕੀ ਥਾਵਾਂ ਤੇ ਸ਼ਾਤੀ ਰੱਖੋ। ਇਜ਼ਤ ਲੁੱਟਣ ਵਾਲੇ ਨੂੰ ਗੱਡੀ ਚੜ੍ਹਾਓ (ਮਾਰ ਦਿਓ) ਸ਼ਸਤਰਧਾਰੀ ਹੋਵੋ।

## ਭਾਈ ਹਰਦੇਵ ਸਿੰਘ ਨੂੰ ਸ਼ਰਧਾਂਜਲੀ ਦੇਣ ਸਮੇਂ ਸੰਤ ਭਿੰਡਰਾਂ ਵਲੋਂ ਲੈਕਚਰ:

ਗੁਰੂ ਪਿਆਰੀ ਸਾਜੀ ਨਿਵਾਜੀ ਸਾਧ ਸੰਗਤ ਜੀਓ:

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਅੱਜ ਅਸੀਂ ਸ਼ਹੀਦ ਭਾਈ ਹਰਦੇਵ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਕੱਤਰ ਹੋਏ ਹਾਂ। ਇਹ ਸ਼ਹਾਦਤ ਜਿਸ ਤਰੀਕੇ ਨਾਲ ਸੜਕ ਉਪਰ ਜਾਂਦਿਆਂ ਸਿੱਖਾਂ ਵਿਚ ਦਹਿਸ਼ਤ ਫੈਲਾਉਣ ਲਈ ਕੀਤੀ ਹੈ, ਅਤੇ ਦਮਦਮੀ ਟਕਸਾਲ ਨੂੰ ਨੁਕਸਾਨ ਪਹੁੰਚਾਉਣ ਲਈ, ਜਿਸ ਨੂੰ ਭਿੰਡਰਾਂਵਾਲੀ ਟਕਸਾਲ ਵੀ ਕਿਹਾ ਜਾਂਦਾ ਹੈ, ਨੂੰ ਖਤਮ ਕਰਨ ਦੀ ਘਾੜਤ ਕਰਕੇ ਇਹ ਕਾਰਾ ਕੀਤਾ ਗਿਆ ਹੈ, ਇਹ ਸਰਕਾਰ ਦੀ ਬੁਜ਼ਦਿਲੀ ਹੈ। ਸਰਕਾਰ ਨੂੰ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ, ਜਿਸ ਟਕਸਾਲ ਨੂੰ ਅਹਿਮਦ ਸ਼ਾਹ ਅਬਦਾਲੀ ਵਰਗੇ ਤੇ ਹੋਰ ਬਹੁਤ ਸਾਰੇ ਖਤਮ ਕਰਨ ਦਾ ਯਤਨ ਕਰਦੇ ਰਹੇ ਪਰ ਖਤਮ ਕਰ ਨਾ ਸਕੇ, ਸਗੋਂ ਆਪ ਖਤਮ ਹੋ ਗਏ, ਪੰਜਾਬ ਦਾ ਮੁੱਖ ਮੰਤਰੀ ਜ਼ਕਰੀਆ ਖਾਨ, ਜੋ ਬਹਿਰੂਪੀਏ ਸਰੂਪ ਵਿਚ ਹੈ ਤੇ ਆਪਣੇ ਆਪ ਨੂੰ ਬਹੁਤ ਵੱਡਾ ਸਿੱਖ ਤੇ ਸਿਆਣਾ ਕਹਾਉਂਦਾ ਹੈ, ਅਖਬਾਰਾਂ ਵਿਚ ਬਹੁਤ ਚਰਚਾ ਚੱਲੀ ਤੇ ਅੱਜ ਵੀ ਚੱਲ ਰਹੀ ਹੈ ਕਿ, ਇਹ ਲਾਸ਼ ਨਾਨਕ ਨਿਵਾਸ ਵਿਚ ਕਿਉਂ ਲਿਆਂਦੀ ਗਈ? ਤੇ ਸ਼ਰੋਮਣੀ ਕਮੇਟੀ ਇਸ ਦੀ ਨਿਖੇਧੀ ਕਰੇ। ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਭਾਈ ਸੁਖਜਿੰਦਰ ਸਿੰਘ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਥਾਂਵਾਂ ਥਾਵਾਂ ਤੇ ਜੋ ਉਤਰ ਦਿੱਤੇ ਹਨ, ਉਹ ਆਪ ਸਭ ਨੇ ਪੜ੍ਹੇ ਹੀ ਹਨ। ਇਨ੍ਹਾਂ ਸਭ ਨੇ, ਕਿਸੇ ਵੀ ਬੜੇ ਕਰਾਰੇ ਤੇ ਕਰੜੇ ਸ਼ਬਦਾਂ ਵਿਚ ਕਿਹਾ ਹੈ ਕਿ, ਅਸੀਂ ਕਿਸੇ ਵੀ ਸ਼ਹੀਦ ਦਾ ਸਾਥ ਨਹੀਂ ਛੱਡਾਂਗੇ। ਜੋ ਵੀ ਸਾਥੋਂ ਹੋਇਆ, ਅਸੀਂ ਕਰਾਂਗੇ।

ਦਾਸ ਨੇ ਅੱਗੇ ਦੋ ਤਿੰਨ ਸਟੇਜਾਂ ਤੇ ਇਹ ਬਿਆਨ ਦਿੱਤੇ ਹਨ ਪਰ ਸ਼ਾਇਦ ਅਖਬਾਰਾਂ ਤੇ ਸੈਂਸਰ ਲੱਗਾ ਹੋਇਆ ਹੋਵੇ, ਉਹ ਬਿਆਨ ਨਹੀਂ ਛਪੇ। ਸੰਗਤਾਂ ਦੇ ਮਨ ਵਿਚ ਸ਼ਾਇਦ ਇਹ ਹੈ ਕਿ, ਭਾਈ ਹਰਦੇਵ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਸ਼ਾਇਦ ਜਰਨੈਲ ਸਿੰਘ ਦੇ ਮਨ ਤੇ ਕੋਈ ਬੋਝ ਪੈ ਗਿਆ, ਤਾਂ ਨਹੀਂ ਬੋਲਦਾ। ਖਾਲਸਾ ਜੀ, ਇਹ ਗੱਲ ਨਹੀਂ ਹੈ। ਸੰਗਤਾਂ ਜੋ ਇਥੇ ਆਉਂਦੀਆਂ ਹਨ, ਉਨ੍ਹਾਂ ਨੂੰ ਤਾਂ ਮੇਰੇ ਬਿਆਨਾਂ ਦਾ ਪਤਾ ਹੈ ਪਰ ਜੋ ਬਾਹਰ ਸੰਗਤਾਂ ਹਨ, ਉਨ੍ਹਾਂ ਨੂੰ ਅਖਬਾਰਾਂ ਰਾਹੀਂ ਪਤਾ ਲੱਗਣਾ ਹੈ ਪਰ ਅਖਬਾਰਾਂ ਵਿਚ ਇਹ ਖਬਰਾਂ ਨਹੀਂ ਆ ਰਹੀਆਂ। ਮੈਂ ਸੰਗਤਾਂ ਨੂੰ ਬੇਨਤੀ ਕਰਕੇ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਚੈਲਿੰਜ ਕਰਕੇ ਇਹ ਕਹਿਣਾ ਚਾਹੁੰਦਾ ਹਾਂ ਕਿ, ਜਿਹੜਾ ਇਸ ਨੇ ਕਿਹਾ ਹੈ ਕਿ, ਇਹ ਲਾਸ਼ ਇਥੇ ਕਿਉਂ ਲਿਆਂਦੀ ਗਈ? ਮੇਰਾ ਖਿਆਲ ਹੈ ਕਿ ਜਾਂ ਤਾਂ ਇਸ ਨੇ ਇਤਿਹਾਸ ਪੜ੍ਹਿਆ ਨਹੀਂ ਜਾਂ ਪੜ੍ਹ ਕੇ ਚੇਤਾ ਭੁਲਾ ਦਿੱਤਾ ਹੈ। ਇਸ ਦਾ ਧਿਆਨ ਅੱਠੇ ਪਹਿਰ ਇੰਦਰਾ ਦੀ ਚੱਪਲੀ ਝਾੜਨ ਵਿਚ ਲੱਗਾ



Digitized by Panjab Digital Library | www.panjabdigilib.org

ਰਹਿੰਦਾ ਹੈ ਕਿ, ਕਦੋਂ ਮੈਨੂੰ ਚੱਪਲੀ ਝਾੜਨ ਦਾ ਮੌਕਾ ਮਿਲੇ ਤੇ ਕਦੋਂ ਮੇਰੀ ਕੁਰਸੀ ਸਲਾਮਤ ਰਹੇ। ਜਿਸ ਟਕਸਾਲ ਨੂੰ ਖਤਮ ਕਰਨ ਦਾ ਬੀੜਾ ਇਸ ਚੀਫ ਮਨਿਸਟਰ ਨੇ ਚੁੱਕਿਆ ਹੈ, ਉਸ ਦਾ ਬਾਨੀ ਸ਼ਹੀਦ ਬਾਬਾ ਦੀਪ ਸਿੰਘ ਜੀ ਬ੍ਰਹਮ ਗਿਆਨੀ ਸਨ, ਜਿਨ੍ਹਾਂ ਨੇ ਦਸ਼ਮੇਸ਼ ਪਿਤਾ ਤੋਂ ਸਾਡੇ ਗਰੰਥ ਦੇ ਅਰਥ ਸੁਣੇ ਤੇ ਹੱਥੀਂ ਬੀੜ ਲਿਖੀ। ਉਨ੍ਹਾਂ ਨੂੰ ਅੱਸੀ ਸਾਲ ਦੀ ਉਮਰ ਵਿਚ ਸੁਨੇਹਾ ਮਿਲਿਆ ਕਿ ਹਰਿਮੰਦਰ ਸਾਹਿਬ ਦੀ ਬੇਇਜ਼ਤੀ ਹੁੰਦੀ ਹੈ। ਤਰਨਤਾਰਨ ਦੇ ਕੋਲ ਆ ਕੇ ਲਕੀਰ ਖਿੱਚ ਦਿੱਤੀ ਕਿ, ਜਿਸ ਨੂੰ ਪਰਵਾਰਕ ਮੋਹ ਹੈ, ਉਹ ਵਾਪਸ ਚਲੇ ਜਾਵੇ। ਜਿਸ ਨੂੰ ਸ਼ਹੀਦੀ ਦਾ ਚਾਅ ਹੈ, ਉਹ ਅੱਗੇ ਲੰਘੇ। ਇਨ੍ਹਾਂ ਬਚਨਾਂ ਤੋਂ ਪਿੱਛੋਂ ਜੋ ਸ਼ਹੀਦ ਹੋਣ ਲਈ ਹੀ ਆਏ ਸਨ, ਉਹੀ ਲਕੀਰ ਟੱਪੇ। 80 ਸਾਲ ਦੀ ਉਮਰ ਵਿਚ ਟਕਸਾਲ ਦਾ ਮੁਖੀ ਤੁਰ ਰਿਹਾ ਸੀ। ਚੱਬੇ ਦੇ ਕੋਲ ਆ ਕੇ ਇਨ੍ਹਾਂ ਤੇ ਹਮਲਾ ਹੋ ਗਿਆ। ਪਰ ਉਨ੍ਹਾਂ ਦਾ ਹਰਿਮੰਦਰ ਸਾਹਿਬ ਪੁੱਜਣ ਦਾ ਪ੍ਰਣ ਨਾ ਟੁੱਟਾ। ਭਾਈ ਨੱਥਾ ਸਿੰਘ ਨੇ ਬੇਨਤੀ ਕੀਤੀ ਕਿ, ਤੁਹਾਡਾ ਬਚਨ ਹਰਿਮੰਦਰ ਸਾਹਿਬ ਜਾ ਕੇ ਸੀਸ ਦੇਣਾ ਹੈ। ਉਹ ਸੀਸ ਤਲੀ ਤੇ ਰੱਖ ਕੇ ਹਰਿਮੰਦਰ ਸਾਹਿਬ ਪੁੱਜੇ। ਉਸ ਸ਼ਹੀਦ ਦਾ ਸਰੀਰ ਇਸ ਪ੍ਰਕਰਮਾ ਵਿਚ ਗਿਆ ਸੀ। ਪ੍ਰਕਰਮਾ ਵਿਚ ਸਰੀਰ ਦਾ ਇਸ਼ਨਾਨ ਕਰਾ ਕੇ ਫਿਰ, ਜਿੱਥੇ ਯਾਦ ਬਣੀ ਹੈ, ਉਥੇ ਗਿਆ ਸੀ। ਹੁਣ ਦੇ ਦੌਰ ਵਿੱਚੋਂ ਕਈ, ਜੋ ਕੌਮ ਦੀ ਸੇਵਾ ਕਰਦੇ ਸਨ, ਉਨ੍ਹਾਂ ਦੀਆਂ ਲਾਸ਼ਾਂ ਇਥੇ ਆਈਆਂ। ਸੰਤ ਬਾਬਾ ਗੁਰਬਚਨ ਸਿੰਘ ਦੀ ਚੌਕ ਮਹਿਤਾ ਤੋਂ ਲਾਸ਼ ਇਥੇ ਆਈ ਤੇ ਭਾਈ ਹਰਦੇਵ ਸਿੰਘ ਦੀ ਲਾਸ਼ ਇਥੇ ਆ ਗਈ ਤਾਂ ਇਸ ਨਾਲ ਪਵਿੱਤ੍ਰਤਾ ਕਿਸ ਤਰ੍ਹਾਂ ਭੰਗ ਹੋ ਗਈ?

ਇਸ ਅਸਥਾਨ ਤੇ ਕੌਮ ਦੇ ਸ਼ਹੀਦਾਂ ਦੀਆਂ ਲਾਸ਼ਾਂ ਆਉਂਦੀਆਂ ਹਨ ਪਰ ਜੋ ਕੌਮ ਦਾ ਗਦਾਰ ਹੈ, ਉਸ ਦੀ ਲਾਸ਼ ਇੱਥੋਂ ਵੱਢ ਕੇ ਬੁੱਢੇ ਜੌੜੇ ਲਿਜਾ ਕੇ ਖੁੱਦੋ ਖੁੰਡੀ ਵੀ ਖੇਡੀ ਗਈ ਹੈ। ਪਵਿੱਤਰ ਖੂਨ ਵਾਲਿਆਂ ਦੀਆਂ ਲਾਸ਼ਾਂ ਇਥੇ ਆਉਂਦੀਆਂ ਹਨ ਪਰ ਅਪਵਿੱਤਰ ਖੂਨ ਵਾਲਿਆਂ ਦੀਆਂ ਇੱਥੋਂ ਵੱਢ ਕੇ ਭੇਜੀਆਂ ਜਾਂਦੀਆਂ ਹਨ। ਇਹ ਤਾਂ ਕਹਿੰਦਾ ਹਾਂ ਕਿ, ਮੈਂ ਨਾਨਕ ਨਿਵਾਸ ਵਿਚੋਂ ਕੱਢ ਕੇ ਲੈ ਜਾਂਦਾ ਹਾਂ, ਪਰ ਇਸ ਨੂੰ ਕਹੋ ਕਿ, ਮੁੱਖ ਮੰਤਰੀ ਦੇ ਆਹੁਦੇ ਤੋਂ ਅਸਤੀਫਾ ਦੇ ਕੇ, ਜਿਥੇ ਚਾਹੇ, ਮੈਨੂੰ ਬੁਲਾ ਲਵੇ। ਫਿਰ ਦੇਖੇ ਕਿ, ਮੈਨੂੰ ਜਿਉਂਦੇ ਨੂੰ ਫੜ ਕੇ ਲੈ ਜਾਂਦਾ ਹੈ। ਲੋਕਾਂ ਦੇ ਪੁੱਤ ਮਰਵਾਈ ਜਾਂਦਾ ਹੈ, ਚੰਡੀਗੜ੍ਹ ਵਿਚ ਆਪ ਸਖਤ ਪਹਿਰੇ ਹੇਠ ਬੈਠਾ ਹੈ ਤੇ ਛਾਤੀ ਧੜਕ ਧੜਕ ਵੱਜਦੀ ਹੈ। ਬਾਹਰ ਜ਼ਰਾ ਸੜਕ ਤੇ ਆ ਨਾਂਹ, ਫਿਰ ਪਤਾ ਲੱਗੇ ਕਿ, ਖਾਲਸੇ ਨਾਲ ਹੱਥ ਕਿਵੇਂ ਜੁੜਦੇ ਹਨ। ਡਿਕਟੇਟਰ ਸਾਹਿਬ ਦਾ ਹੁਕਮ ਹੈ ਕਿ ਸ਼ਾਂਤੀ ਰੱਖੋ। ਸ਼ਾਂਤੀ ਚਾਹੀਦੀ ਵੀ ਹੈ ਪਰ ਇਹੋ ਜਿਹੀ ਸ਼ਾਂਤੀ ਦਾ ਮੈਂ ਹਾਮੀ ਨਹੀਂ ਕਿ ਸਿੱਖ ਕੌਮ ਦੀ ਬਰਬਾਦੀ ਹੋਈ ਜਾਵੇ ਤੇ ਸ਼ਾਂਤੀ ਰੱਖਦੇ ਫਿਰੋ।

ਅਜੇ ਮੋਰਚਾ ਚਲਦਾ ਹੈ। ਅਸੀਂ ਇਸ ਤੇ ਜਿੱਤ ਪ੍ਰਾਪਤ ਕਰਨੀ ਹੈ। ਆਪਣੇ ਹੱਕ ਲੈਣੇ ਹਨ ਪਰ ਜਿਸ ਦਿਨ ਪਤਾ ਲੱਗ ਗਿਆ ਕਿ ਹਰਿਮੰਦਰ ਸਾਹਿਬ ਵਿਚ ਸਰਕਾਰ ਨੇ ਪੁਲਿਸ ਭੇਜੀ ਹੈ, ਉਸ ਦਿਨ ਤੁਹਾਡੀ ਸਾਰੀ ਕੌਮ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ, ਜਿੱਥੇ ਜਿੱਥੇ ਵੀ ਬੈਠੇ ਹੋ, ਉਥੇ ਉਥੇ ਹੀ ਸਿੱਖ ਕੌਮ ਦੇ ਵਿਰੋਧੀਆਂ ਨੂੰ ਸੋਧ ਦਿਓ। ਢਿੱਲ ਨਾ ਕਰੋ। ਪਰ ਇਹ ਵੀ ਖਿਆਲ ਰੱਖਣਾ ਹੈ ਕਿ ਐਵੇਂ ਨਾ ਕੋਈ ਸ਼ੋਸ਼ਾ ਛੱਡ ਦੇਵੇ। ਪਰ ਜਦ ਤੁਹਾਨੂੰ ਪੱਕਾ ਪਤਾ ਲੱਗ ਜਾਵੇ ਕਿ ਦਰਬਾਰ ਸਾਹਿਬ ਅੰਦਰ ਪੁਲਿਸ ਵੜੀ ਹੈ ਤੇ ਸਿੰਘ ਸ਼ਹੀਦ ਕੀਤੇ ਹਨ, ਤਾਂ ਫਿਰ ਢਿੱਲ ਨਹੀਂ ਕਰਨੀ। ਇਹ ਨਹੀਂ ਉਡੀਕਣਾ ਕਿ ਭਿੰਡਰਾਂਵਾਲੇ ਦਾ ਸੁਨੇਹਾ ਆਵੇ ਤੇ ਲੌਂਗੋਵਾਲ ਦਾ ਸੁਨੇਹਾ ਆਵੇ। ਇਹ ਗੱਲ ਅੱਜ ਪੱਲੇ ਬੰਨ ਲਵੋ। ਕਈ ਨੌਜਵਾਨ ਆਉਂਦੇ ਹਨ ਕਿ, ਬਾਬਾ ਜੀ, ਜੇ ਹੁਕਮ ਕਰੋ ਤਾਂ ਫੱਟੇ ਚੁੱਕ ਦੇਈਏ। ਉਹ ਫੱਟੇ ਚੁਰਾ ਕੇ ਕਿੱਥੇ ਰੱਖੇ ਹੋਏ ਹਨ, ਜੋ ਚੁੱਕਣੇ ਹਨ? ਹੁਣ ਚੁੱਕਣ ਦਾ ਵੇਲਾ ਹੈ, ਉਡੀਕਦੇ ਕੀ ਹੋ? ਮੈਂ ਕਈ ਵੇਰਾਂ ਐਲਾਨ ਕਰ ਚੁੱਕਾ ਹਾਂ ਕਿ, ਸਤਿਗੁਰ ਗਰੰਥ ਸਾਹਿਬ ਦੇ ਅਪਮਾਨ ਕਰਨ ਵਾਲੇ ਨੂੰ ਗੱਡੀ



Digitized by Panjab Digital Library | www.panjabdigilib.org

ਚੜ੍ਹਾ ਕੇ ਚੂਰਾ ਚੂਰਾ ਕਰਕੇ ਆਇਆ ਕਰੋ, ਅਸੀਂ ਸਾਂਭਾਂਗੇ। ਖਟੜਾ ਪਿੰਡ ਲੁਧਿਆਣੇ ਵਿਚ ਹੈ। ਗੁਰੂ ਗਰੰਥ ਸਾਹਿਬ ਦਾ ਰੁਮਾਲਾ ਲਾਹ ਕੇ ਰੂੜੀ ਵਿਚ ਦੱਬ ਦਿੱਤਾ ਤੇ ਅਜੇ ਤੱਕ ਗੋਹੇ ਨਾਲ ਲਿਬੜਿਆ ਹੋਇਆ ਰੁਮਾਲਾ ਗੁਰੂ ਘਰ ਵਿਚ ਪਿਆ ਹੈ। ਤੁਹਾਡੇ ਵਿਚੋਂ ਕਿੰਨੇ ਉਥੇ ਅੱਪੜੇ ਹਨ? ਇਸ ਕੇਸ ਨੂੰ 3 ਮਹੀਨੇ ਹੋ ਗਏ ਹਨ। ਇਥੇ ਆ ਜਾਂਦੇ ਹੋ, ਜੀ ਹੁਕਮ ਕਰੋ। ਗੁਰੂ ਕੇ ਪਿਆਰਿਓ! ਹੁਕਮ ਕਿਸ ਚੀਜ਼ ਤੇ ਲਿਖਾਉਣਾ ਹੈ? ਕੀ ਕਿਸੇ ਨੇ ਉਸ ਰੁਮਾਲੇ ਨੂੰ ਰੂੜੀ ਵਿਚ ਦੱਬਣ ਵਾਲੇ ਨੂੰ ਸਜ਼ਾ ਦਿੱਤੀ ਹੈ? ਕਿਸ ਤੋਂ ਜ਼ਿੰਮੇਵਾਰੀ ਲੈਣੀ ਚਾਹੁੰਦੇ ਹੋ? ਇਸ ਤੋਂ ਵੱਧ ਕੀ ਜ਼ਿੰਮੇਵਾਰੀ ਹੋ ਸਕਦੀ ਹੈ? ਦਰਬਾਰ ਸਾਹਿਬ ਦਾ ਅਸਥਾਨ ਹੈ, ਗੁਰੂ ਗਰੰਥ ਸਾਹਿਬ ਪ੍ਰਕਾਸ਼ ਹਨ ਤੇ ਮੈਂ ਸੰਗਤ ਵਿਚ ਖਲੋ ਕੇ ਜ਼ਿੰਮੇਵਾਰੀ ਨਾਲ ਕਹਿ ਰਿਹਾ ਹਾਂ ਕਿ, ਦੁਸ਼ਟਾਂ ਨੂੰ ਸੋਧੋ ਇਸ ਤੋਂ ਵੱਧ ਹੋਰ ਕੀ ਕਹਾਉਣਾ ਚਾਹੁੰਦੇ ਹੋ? ਪਿੱਛੋਂ ਆ ਕੇ ਕਹਿ ਦਿੰਦੇ ਹੋ ਕਿ, ਹੁਕਮ ਕਰੋ, ਕੀ ਕਰੀਏ?

ਪੰਜਾਬ ਦਾ ਮੁੱਖ ਮੰਤਰੀ ਕਹਿੰਦਾ ਹੈ ਕਿ ਮੈਂ ਬੜਾ ਸਿਆਣਾ ਹਾਂ। 'ਸਿੱਖ ਇਕ ਕੌਮ' ਦਾ ਮਤਾ ਪਾਸ ਹੋਇਆ। ਵਿਰੋਧੀ ਤੇ ਮਹਾਸ਼ਾ ਅਖਬਾਰਾਂ ਨੇ ਬੜੀ ਅੱਤ ਚੁੱਕੀ ਕਿ ਸਿੱਖ ਅਲਹਿਦਾ ਹੋਣਾ ਚਾਹੁੰਦੇ ਹਨ। ਸਿੱਖ ਵੱਖਰੇ ਹੋਣਾ ਚਾਹੁੰਦੇ ਹਨ। ਇਥੇ ਵੀ ਰੋਜ਼ ਅਖਬਾਰਾਂ ਵਾਲੇ ਆਉਂਦੇ ਹਨ ਤੇ ਪੁੱਛਦੇ ਹਨ ਕਿ ਤੁਸੀਂ ਖਾਲਿਸਤਾਨ ਦੇ ਹੱਕ ਵਿਚ ਹੋ? ਮੈਂ ਕਹਿੰਦਾ ਹਾਂ ਕਿ ਨਾ ਅਜੇ ਮੈਂ ਹੱਕ ਵਿਚ ਹਾਂ ਤੇ ਨਾ ਵਿਰੋਧ ਵਿਚ। ਚੁੱਪ ਹਾਂ। ਪਰ ਇਕ ਗੱਲ ਜ਼ਰੂਰ ਨਿਸਚੇ ਨਾਲ ਕਹਿੰਦਾ ਹਾਂ ਕਿ, ਇਸ ਵੇਰਾਂ ਹਿੰਦੁਸਤਾਨ ਦੀ ਰਾਣੀ ਨੇ ਜੇ ਦੇ ਦਿੱਤਾ, ਤਾਂ ਲੈ ਜ਼ਰੂਰ ਲਵਾਂਗੇ, ਛੱਡਾਂਗੇ ਨਹੀਂ। 1947 ਵਾਲੀ ਗਲਤੀ ਨਹੀਂ ਕਰਦੇ। ਇਹ ਕੰਮ ਇੰਦਰਾ ਗਾਂਧੀ ਦਾ ਹੈ, ਮੇਰਾ ਜਾਂ ਲੌਂਗੋਵਾਲ ਦਾ ਨਹੀਂ। ਸਾਨੂੰ ਇੰਦਰਾ ਦੱਸੇ ਕਿ, ਸਾਨੂੰ ਹਿੰਦੁਸਤਾਨ ਵਿਚ ਨਾਲ ਰੱਖਣਾ ਹੈ ਕਿ ਨਹੀਂ? ਅਸੀਂ ਨਾਲ ਰਹਿਣਾ ਚਾਹੁੰਦੇ ਹਾਂ ਪਰ ਇਹ ਉਸ ਦੀ ਮਰਜ਼ੀ ਹੈ ਕਿ, ਸਾਨੂੰ ਨਾਲ ਰੱਖਣਾ ਚਾਹੁੰਦੀ ਹੈ ਕਿ ਨਹੀਂ। ਸਿੱਖ ਇਕ ਵੱਖਰੀ ਕੌਮ ਹੈ।

ਇੰਗਲੈਂਡ ਵਿਚ ਪਾਰਲੀਮੈਂਟ ਨੇ ਫੈਸਲਾ ਕਰ ਦਿੱਤਾ ਹੈ ਕਿ ਸਿੱਖ ਇਕ ਵੱਖਰੀ ਕੌਮ ਹੀ ਨਹੀਂ, ਇਕ ਵੱਖਰੀ ਨਸਲ ਹੈ। ਉਸ ਪਾਰਲੀਮੈਂਟ ਨੇ ਫੈਸਲਾ ਕੀਤਾ ਹੋਵੇ, ਸਿੱਖ ਲੀਡਰਾਂ ਨੇ ਫੈਸਲਾ ਕੀਤਾ ਹੋਵੇ ਤੇ ਮਹਾਸ਼ੇ ਕਹਿੰਦੇ ਹਨ ਕਿ, ਇਹ ਹਿੰਦੂਆਂ ਦਾ ਅੰਗ ਹਨ। ਜੇ ਜਰਾਇਮ ਪੇਸ਼ਾ ਕਰਾਰ ਦੇਣ, ਤਾਂ ਕਹਿੰਦੇ ਹਨ ਕਿ ਇਹ ਵੱਖਰੇ, ਜੇ ਨੌਕਰੀ ਦੇਣੀ ਹੈ ਤਾਂ ਇਹ ਵੱਖਰੇ, ਜੇ ਭਰਤੀ ਕਰੋ, ਤਾਂ ਸਾਨੂੰ 1½ ਫੀ ਸਦੀ ਤੇ ਦੂਸਰੇ 98½ ਫੀ ਸਦੀ, ਜੇ ਹੱਕ ਮੰਗੀਏ ਤਾਂ ਇਹ ਹਿੰਦੂਆਂ ਦਾ ਅੰਗ ਹਨ।

ਮੈਂ ਪਹਿਲਾਂ ਵੀ ਕਿਹਾ ਸੀ ਕਿ, ਜੇ ਸਿੱਖ ਹਿੰਦੂਆਂ ਦਾ ਅੰਗ ਹਨ ਤਾਂ ਅਖਬਾਰਾਂ ਵਿਚ, ਅਸੈਂਬਲੀ ਵਿਚ ਤੇ ਪਾਰਲੀਮੈਂਟ ਵਿਚ ਇਹ ਕਹਿਣਾ ਸ਼ੁਰੂ ਕਰੋ ਕਿ, ਹਿੰਦੂ ਅਤਿਵਾਦੀ ਹਨ। ਜੇ ਸਿੱਖ ਅਤਿਵਾਦੀ ਹਨ ਤਾਂ ਮੰਨੋ ਕਿ, ਸਿੱਖ ਇਕ ਵੱਖਰੀ ਕੌਮ ਹਨ। ਜੇ ਇਕੱਠਿਆਂ ਰਹਿਣਾ ਹੈ ਤਾਂ ਸਿੱਖ ਹਿੰਦੂ ਹਨ। ਸਰਕਾਰ ਇਸ ਦਾ ਜਵਾਬ ਦੇਵੇ।

ਮੈਨੂੰ ਕਿਸੇ ਨੇ ਦੱਸਿਆ ਹੈ, ਮੈਂ ਆਪ ਤਾਂ ਪੜ੍ਹਿਆ ਨਹੀਂ (ਕਿਤੇ ਝੂਠ ਹੀ ਨਾ ਹੋਵੇ ਮਹਾਰਾਜ ਦੀ ਹਜ਼ੂਰੀ ਵਿਚ ਖੜ੍ਹਾ ਹਾਂ) ਕਿ ਕੋਈ ਦਵਿੰਦਰ ਸਿੰਘ ਹੈ। ਉਸ ਨੇ ਕਿਹਾ ਹੈ ਕਿ, ਮੈਂ ਆਪ, ਆਪਣੀ ਪਤਨੀ, ਬੱਚੇ ਤੇ ਮਾਤਾ ਨੂੰ ਲੈ ਕੇ ਭਿੰਡਰਾਂਵਾਲੇ ਕੋਲ ਜਾਣਾ ਹੈ ਕਿ, ਜੇ ਤੂੰ ਖੂਨ ਦਾ ਪਿਆਸਾ ਹੈਂ, ਤਾਂ ਸਾਨੂੰ ਮਾਰ ਦੇ ਤੇ ਆਪਣੀ ਪਿਆਸ ਬੁਝਾ ਲੈ। ਬਿਆਨ ਤਾਂ ਦੇ ਦਿੱਤਾ, ਫਿਰ ਆ ਜਾਂਦਾ। ਕਿਸ ਨੇ ਮੋੜਿਆ ਹੈ? ਜਿਸ ਮਨੁੱਖ ਦਾ ਕੰਮ ਹੈ, ਅੰਮ੍ਰਿਤ ਛਕਾਉਣਾ, ਨਸ਼ੇ ਛੁਡਾਉਣੇ, ਪੰਥ ਦੀ ਹਿਮਾਇਤ ਕਰਨੀ, ਗੁਰੂ ਗਰੰਥ ਦੇ ਲੜ ਲਾਉਣਾ; ਉਸ ਨੂੰ ਕਹਿਣਾ ਕਿ, ਖੂਨ ਦਾ ਪਿਆਸਾ ਹੈ, ਮੈਂ ਇਸ ਮੁੱਖ ਮੰਤਰੀ ਤੇ ਇਨ੍ਹਾਂ ਦੇ ਚਾਟੜਿਆਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ, ਜਿਸ ਮਨੁੱਖ ਦੇ ਰਾਜ ਵਿਚ ਵਿਸ਼ਵ ਨੂੰ ਅੱਗ ਲੱਗੀ ਹੋਵੇ, ਜਿਸ



Digitized by Panjab Digital Library | www.panjabdigilib.org

ਮਨੁੱਖ ਦੇ ਰਾਜ ਵਿਚ ਧੀਆਂ ਭੈਣਾਂ ਨੰਗੀਆਂ ਕਰਕੇ ਉਸ ਦੇ ਪਿਤਾ ਨੂੰ ਜ਼ਬਰਦਸਤੀ ਉਪਰ ਪਾਇਆ ਗਿਆ ਹੋਵੇ, ਜਿਸ ਮਨੁੱਖ ਦੇ ਰਾਜ ਵਿਚ ਧਰਮ ਅਸਥਾਨਾਂ ਵਿਚ ਤਮਾਖੂ ਸੁੱਟ ਕੇ ਪਵਿੱਤ੍ਰਤਾ ਭੰਗ ਕੀਤੀ ਹੋਵੇ, ਕ੍ਰਿਪਾਨ ਤੇ ਬੈਨ ਲੱਗਾ ਹੋਵੇ, ਜਿਸ ਦੇ ਬਿਆਨ ਅਨੁਸਾਰ ਸਿੱਖ ਕਲਚਰ ਖਤਮ ਕਰ ਦਿੱਤਾ ਗਿਆ ਹੋਵੇ (ਪੰਜਾਬ ਦੇ ਮੁੱਖ ਮੰਤਰੀ ਜਕਰੀਏ ਦਾ ਬਿਆਨ ਹੈ ਕਿ ਸਿੱਖ ਕਲਚਰ ਖਤਮ ਹੋ ਗਿਆ ਹੈ) ਪੱਕੀ ਪਕਾਉਂਦਾ ਹੈ ਕਿ, ਮੈਂ ਕਿਹੜਾ ਕਿਸੇ ਨਾਲੋਂ ਘੱਟ ਹਾਂ । ਕਹਿੰਦਾ ਹੈ ਕਿ ਮੇਰੇ ਗਾਤਰੇ ਵਿਚ ਕ੍ਰਿਪਾਨ ਹੈ। ਓਏ ਬਹਿਰੂਪੀਏ! ਦੱਸ ਖਾਂ, ਕਿ ਇਹ ਗੱਲਾਂ ਤੇਰੇ ਰਾਜ ਵਿਚ ਨਹੀਂ ਹੋਈਆਂ? ਪੰਜਾਬ ਵਿਚ ਸਮੁੱਚੇ ਤੌਰ ਤੇ ਸਾਰੇ ਹਿੰਦੁਸਤਾਨ ਵਿਚ ਦੱਸ ਖਾਂ ਕਿ, ਪੁਲਿਸ ਨੇ ਕਦੇ ਕਿਸੇ ਇਕ ਵੀ ਹਿੰਦੂ ਦੇ ਘਰ ਜਾਂ ਫੈਕਟਰੀ ਨੂੰ ਅੱਗ ਲਾਈ ਹੈ? ਕਿੰਨੇ ਸਿੱਖਾਂ ਦੇ ਘਰ ਸਾੜੇ ਹਨ? ਹਿੰਦੁਸਤਾਨ ਵਿਚ ਕਿਸੇ ਹਿੰਦੂ ਲੜਕੀ ਤੇ ਮੁਕੱਦਮਾ ਚੱਲਦਾ ਹੋਵੇ ਤਾਂ ਇਕ ਵੀ ਉਠ ਕੇ ਦੱਸੋ । ਇਹ ਮੁਕੱਦਮੇ ਸਿੱਖਾਂ ਦੀਆਂ ਲੜਕੀਆਂ ਤੇ ਕਿਉਂ? ਦੁੱਖ ਹੈ, ਅਫਸੋਸ ਹੈ ਤੇ ਗਿਲਾ ਵੀ ਹੈ ਕਿ ਆਪਾਂ 30-30 ਹਜ਼ਾਰ ਛੁਡਾਉਂਦੇ ਰਹੇ ਹਾਂ। ਬੀਬੀ ਨਛੱਤਰ ਕੌਰ ਤੇ ਕੇਸ ਚੱਲ ਰਿਹਾ ਹੈ, ਲੁਧਿਆਣੇ ਰਹਿ ਰਹੀ ਹੈ, ਸਮਰਾਲੇ ਤਰੀਕਾਂ ਪੈਂਦੀਆਂ ਹਨ। ਸੰਗਤੋ! ਭੈਣ ਦੇ ਲੱਗੀ ਹੋਵੇ ਹੱਥਕੜੀ, ਅਸੀਂ ਸੜਕ ਤੇ ਖੜ੍ਹੇ ਹੋਈਏ (ਲੀਡਰ ਵੀ ਇਥੇ ਬੈਠੇ ਹਨ) ਇਕ ਟੋਪੀ ਵਾਲਾ ਕਹਿ ਦੇਵੇ, ਆਹ ਤੁਹਾਡੀ ਭੈਣ ਚੱਲੀ ਹੈ! ਦੱਸੋ, ਸਾਡੇ ਕੋਲ ਕੋਈ ਉੱਤਰ ਹੈ? ਕੋਈ ਜਵਾਬ ਹੈ? ਇਕ ਲੜਕੀ ਨੂੰ ਵੀ ਨਹੀਂ ਬਚਾ ਸਕੇ? ਲੜਿਆ ਅਮਰਜੀਤ ਸਿੰਘ, ਫੜਿਆ ਹੋਇਆ ਹੈ ਬੀਬੀ ਨੂੰ! ਇਸ ਦਾ ਕੀ ਗੁਨਾਹ ਹੈ? ਕਾਨੂੰਨ ਸਾਰਿਆਂ ਲਈ ਇਕੋ ਜਿਹਾ ਹੈ। ਜਦੋਂ ਲੋਕਾਂ ਨੂੰ ਦੱਸਦੇ ਹਾਂ ਤਾਂ ਕਹਿੰਦੇ ਹਨ ਕਿ ਅਤਿਵਾਦੀ ਹਨ। ਹਰ ਰੋਜ਼ ਕੇਸ ਬਣਾਈ ਜਾ ਰਹੇ ਹਨ। 506 ਦਫਾ ਕੋਈ ਨਿਕੰਮੀ ਜਿਹੀ ਹੈ। ਜੇ ਲਾਉਣੀ ਸੀ ਤਾਂ ਚੰਗੀ ਦਫਾ ਲਾਉਂਦੇ । ਸਾਡੇ ਤਾਂ ਇਸ਼ਟ ਨੇ ਫੈਸਲਾ ਕੀਤਾ ਹੈ ।

ਜੇ ਮੈਂ ਕਹਿੰਦਾ ਹਾਂ ਕਿ ਸਾਰੇ ਤਿਆਰ - ਬਰ - ਤਿਆਰ ਸਿੰਘ ਸਜਾਉਣੇ ਹਨ ਤੇ ਸ਼ਹੀਦਾਂ ਦਾ ਬਦਲਾ ਲੈਣਾ ਹੈ ਤਾਂ ਕਹਿੰਦੇ ਹਨ ਕਿ, ਗਰਮ ਪਰਚਾਰ ਕੀਤਾ ਹੈ। ਜੇ ਪੰਜਾਬ ਦਾ ਮੁੱਖ ਮੰਤਰੀ ਕਹਿੰਦਾ ਹੈ ਕਿ, ਕੁਚਲ ਦਿਆਂਗੇ, ਮਾਰ ਦਿਆਂਗੇ ਤਾਂ ਕੋਈ ਕੇਸ ਨਹੀਂ। ਜੇ ਇਹ ਕਹਿੰਦਾ ਹੈ ਕਿ, ਜਿਉਂਦੇ ਨੂੰ ਕੱਢ ਕੇ ਲੈ ਜਾਵਾਂਗੇ, ਆ ਜਾਵੀਂ,ਅੱਗੋਂ ਕਿਹੜੀਆਂ ਚੂੜੀਆਂ ਪਾਈਆਂ ਹੋਈਆਂ ਹਨ। ਪਰ ਮੈਂ ਤੁਹਾਨੂੰ ਇਹ ਬੇਨਤੀ ਕਰਦਾ ਹਾਂ ਕਿ, ਦੀਵਾਨ ਲੱਗ ਜਾਂਦਾ ਹੈ, ਬੋਲਣ ਵਾਲੇ ਆਪਣੇ ਥਾਂ, ਸੁਣਨ ਵਾਲੇ ਆਪਣੇ ਥਾਂ, ਬਾਹਰ ਜਾ ਕੇ ਖੁਸਰੇ ਕਿਉਂ ਬਣ ਜਾਂਦੇ ਹੋ? ਕਿਉਂ ਨਹੀਂ ਹਥਿਆਰਬੰਦ ਹੁੰਦੇ? ਕਿਉਂ ਨਹੀਂ ਸ਼ਸ਼ਤਰਧਾਰੀ ਹੁੰਦੇ? ਹਥਿਆਰ ਰੱਖ ਕੇ ਸ਼ਸ਼ਤਰਧਾਰੀ ਹੋ ਕੇ ਕੋਈ ਗ਼ਲਤ ਕੰਮ ਕਰਨਾ ਪਾਪ ਹੈ, ਪਰ ਹਥਿਆਰ ਰੱਖ ਕੇ ਹੋ ਰਹੇ ਗ਼ਲਤ ਕੰਮ ਦਾ ਹੱਕ ਨਾ ਲੈਣਾ ਵੀ ਪਾਪ ਹੈ। ਪਵਨ ਕੁਮਾਰ ਨੇ 230 ਗਰਨੇਡ ਰੱਖੇ ਹਨ। ਉਸ ਦਾ ਕੋਈ ਲਾਇਸੈਂਸ ਨਹੀਂ । ਪਰ ਜੇ ਪੱਗ ਵਾਲਾ ਲਾਇਸੈਂਸ ਦੀ ਬੰਦੂਕ ਚਾਹੇ ਤਾਂ ਕਹਿੰਦੇ ਹਨ ਕਿ, ਇਹ ਅਤਿਵਾਦੀ ਹੈ, ਟੰਗ ਦਿਓ ਪੁੱਠਾ, ਫਾਂਸੀ ਲਾ ਦਿਓ ।

ਖਾਲਸਾ ਜੀ! ਕਿੰਨਾ ਚਿਰ ਇਸ ਤਰ੍ਹਾਂ ਜੀਓਗੇ? ਜੇ ਤਾਂ ਕਕਾਰ ਰੱਖ ਕੇ ਅਣਖ ਨਾਲ ਜੀਊਣਾ ਹੈ ਤਾਂ ਬੱਚਾ ਬੱਚਾ ਸ਼ਸ਼ਤਰਧਾਰੀ ਹੋ ਕੇ, ਸੀਸ ਤਲੀ ਤੇ ਰੱਖ ਕੇ ਸੜਕਾਂ ਤੇ ਆ ਜਾਓ । ਜੇ ਮੂੰਹ ਸਿਰ ਮੁਨਾਂ ਕੇ ਸਿਰ ਤੇ ਟੋਪੀਆਂ ਰੱਖ ਕੇ ਸਿਰ ਝੁਕਾ ਕੇ ਜਿਊਣਾ ਹੈ ਤਾਂ ਜਿਥੇ ਮਰਜ਼ੀ ਤੁਰੇ ਫਿਰੋ, ਕੋਈ ਕੁਝ ਨਹੀਂ ਕਹਿੰਦਾ । ਅਣਖ ਨਾਲ ਜਿਉਣਾ ਹੈ ਤਾਂ ਸ਼ਹੀਦੀ ਲਈ ਤਿਆਰ ਹੋਵੋ । ਜੇ ਗੀਜ ਬਣਕੇ ਜਿਊਣਾ ਹੈ ਤਾਂ ਜਿਥੇ ਮਰਜ਼ੀ ਤੁਰੇ ਫਿਰੋ, ਕੋਈ ਕੁਝ ਨਹੀਂ ਕਹਿੰਦਾ । ਸਿੱਖ ਇਕ ਕੌਮ ਹੈ, ਦਾ ਫੈਸਲਾ ਇੰਗਲੈਂਡ ਦੀ ਪਾਰਲੀਮੈਂਟ ਨੇ ਅੱਜ ਕੀਤਾ ਹੈ। ਭਾਈ ਗੁਰਦਾਸ ਨੇ 450 ਸਾਲ ਪਹਿਲਾਂ ਕਰ ਦਿੱਤਾ ਸੀ, ਦਸ਼ਮੇਸ ਪਿਤਾ ਨੇ 300 ਸਾਲ ਪਹਿਲਾਂ ਕੀਤਾ ਸੀ । ਮਹਾਸ਼ਾ ਸਰਕਾਰ ਅਜੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਹੀ ਕਹੀ ਜਾਂਦੇ ਹਨ ।



Digitized by Panjab Digital Library / www.panjabdigilib.org

ਜਿਸ ਦੇ ਪਿਤਾ ਦਾ ਹੁਕਮ ਹੈ, ਸ਼ਸਤਰ ਰੱਖੋ, ਉਸ ਨੂੰ ਅਤਿਵਾਦੀ ਕਹਿੰਦੇ ਹਨ। ਜਿਨ੍ਹਾਂ ਨੇ ਜਨੇਊ ਕੁੰਜੀ ਬੰਨ੍ਹਣ ਲਈ ਪਾਇਆ ਹੁੰਦਾ ਹੈ, ਉਹ 230 ਗਰਨੇਡ ਰੱਖ ਸਕਦਾ ਹੈ। ਜਿਨ੍ਹਾਂ ਲੋਕਾ ਨੇ ਨਰੰਗੇ (ਔਰੰਗਜ਼ੇਬ) ਦੇ ਇਕ ਵੇਰਾਂ ਕਹਿਣ ਤੇ ਟੋਪੀ ਤੇ ਜਨੇਊ ਲਾਹ ਕੇ ਮੰਜੇ ਦੀ ਪੈਂਦ ਤੇ ਰੱਖ ਦਿੱਤੇ ਸਨ ਤੇ ਹੱਥ ਜੋੜ ਕੇ ਕਿਹਾ ਸੀ ਕਿ ਜਨਾਬ, ਕੁੱਟਿਓ ਮਾਰਿਓ ਨਾ, ਟੋਪੀ ਭਾਵੇਂ ਜਿਹੜੀ ਘਰ ਪਈ ਹੈ, ਉਹ ਵੀ ਲੈ ਲਿਓ; ਉਸ ਕੰਮ ਦਾ ਡਰ ਕਾਹਦਾ? ਡਰ ਹੈ ਆਪਣੇ ਆਪ ਦਾ। ਸ਼ਸ਼ਤਰਧਾਰੀ ਹੋਵੋ। ਗੁਰੂ ਸਾਹਿਬ ਦਾ ਹੁਕਮ ਹੈ "ਜਬ ਆਵ ਕੀ ਆਉਧ ਨਿਦਾਨ ਬਨੇ ਅਤਿ ਹੀ ਰਨ ਮੈਂ ਤਬ ਜੂਝ ਮਰੋਂ।"

ਭਾਈ ਹਰਦੇਵ ਸਿੰਘ ਰੋਡੇ ਵਾਲਿਆਂ ਨੂੰ ਜੋ ਸ਼ਹੀਦ ਕੀਤਾ ਹੈ, ਉਸ ਤੇ ਅੱਜ ਤੱਕ ਕੋਈ ਮੁਕੱਦਮਾ ਨਹੀਂ ਸੀ। ਪੁਲਿਸ ਕਹਿੰਦੀ ਹੈ ਕਿ, ਹਰਦੇਵ ਸਿੰਘ ਪਾਸ ਹਥਿਆਰ ਸੀ। ਅੰਮ੍ਰਿਤਧਾਰੀ ਪਾਸ ਹੋਵੇ ਹਥਿਆਰ, ਤੇ ਉਸ ਨੂੰ ਦਰਬਾਰੂ (ਦਰਬਾਰਾ ਸਿੰਘ ਲਈ ਵਰਤਿਆ ਹੈ) ਆਪਣੇ ਪੰਜ ਬੰਦੇ ਭੇਜੇ ਗ੍ਰਿਫਤਾਰ ਕਰਨ ਲਈ! ਜੇ ਜਿਉਂਦੇ ਨੂੰ ਗ੍ਰਿਫਤਾਰ ਕਰ ਲੈਣ ਤਾਂ ਮੈਂ ਗ੍ਰਿਫਤਾਰੀ ਦੇ ਦੇਵਾਂਗਾ। ਹੁਣ ਕਹਿੰਦੇ ਹਨ ਕਿ ਉਹ ਸਟੇਨ ਗੰਨ ਸੁੱਟ ਕੇ ਭੱਜ ਗਿਆ ਸੀ। ਸਟੇਨ ਹੋਵੇ ਅੰਮ੍ਰਿਤਧਾਰੀ ਦੇ ਹੱਥ ਵਿਚ, ਉਹ ਹੋਵੇ, ਭਿੰਡਰਾਂ ਵਾਲਿਆਂ ਦਾ ਸਿੰਘ, ਫਿਰ ਸਟੇਨ ਸੁੱਟ ਕੇ ਭੱਜ ਜਾਊਗਾ? ਖਾਲਸਾ ਜੀ, ਇਨ੍ਹਾਂ ਝੂਠੀਆਂ ਗੱਲਾਂ ਤੋਂ ਬਚਣਾ। ਅਕਾਲੀਆਂ ਵਿਚ ਕੋਈ ਫੁੱਟ ਨਹੀਂ। ਸਾਰੇ ਪੂਰਾ ਸਹਿਯੋਗ ਦਿੰਦੇ ਹਨ।

ਮੈਂ ਆਈਆਂ ਹੋਈਆਂ ਸੰਗਤਾਂ, ਲੀਡਰ ਸਾਹਿਬਾਨ ਤੇ ਸਾਰੇ ਸ਼ਹਿਰ ਨਿਵਾਸੀਆਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਅੱਜ ਦੁਕਾਨਾਂ ਬੰਦ ਕਰਨ ਦੀ ਬੇਨਤੀ ਮੰਨ ਕੇ ਭਾਈ ਹਰਦੇਵ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

## ਘੱਟ ਗਿਣਤੀਆਂ ਮਿਲ ਕੇ ਮੁਕਾਬਲਾ ਕਰੋ!

ਇਸ ਤਰ੍ਹਾਂ ਲਗਦਾ ਹੈ ਕਿ ਸਰਕਾਰ ਦਾ ਪੂਰਾ ਜ਼ੋਰ ਲੱਗ ਚੁੱਕਾ ਹੈ ਕਿ ਸਾਰੇ ਭਾਰਤ ਨੂੰ ਹਿੰਦੂ ਇੰਡੀਆ ਬਣਾ ਦਿੱਤਾ ਜਾਏ। ਜੰਮੂ ਕਸ਼ਮੀਰ ਦਾ ਚੀਫ ਮਨਿਸਟਰ ਡਾਕਟਰ ਫਾਰੂਖ ਪੂਨੇ ਵਿਚ ਤਕਰੀਰ ਕਰਨ ਗਏ ਪਰ ਉਨ੍ਹਾਂ ਨੂੰ ਸ਼ਹਿਰ ਵਿਚ ਵੜਨ ਨਾ ਦਿੱਤਾ ਗਿਆ। ਜਿਸ ਤੋਂ ਰੋਹ ਵਿਚ ਆ ਕੇ ਉਨ੍ਹਾਂ ਕਿਹਾ ਕਿ, ਪੂਨਾ ਹਿੰਦੁਸਤਾਨ ਦਾ ਹਿੱਸਾ ਨਹੀਂ ਹੈ? ਜੇ ਇਕ ਮੁੱਖ ਮੰਤਰੀ ਨੂੰ ਸ਼ਹਿਰ ਵਿਚ ਵੜਨ ਨਹੀਂ ਦਿੱਤਾ ਜਾਂਦਾ ਤਾਂ ਫਿਰ ਕਿਸੇ ਨੂੰ ਵੀ ਵੜਨ ਦੀ ਖੁੱਲ੍ਹ ਨਹੀਂ ਹੈ। ਸਰਕਾਰ ਜਦ ਚਾਹੇ, ਜਿਸ ਤੇ ਚਾਹੇ, ਪਾਬੰਦੀ ਲਾ ਸਕਦੀ ਹੈ। ਉਨ੍ਹਾਂ ਸਿੱਖਾਂ ਦੇ ਅੰਦੋਲਨ ਦੀ ਪੂਰੀ ਹਿਮਾਇਤ ਕੀਤੀ।

## "ਬੱਕਰੀ ਤੇ ਚਰਖੇ ਦੇ ਸਿੱਖੋ, ਸ਼ਰਮ ਕਰੋ! ਸਿੱਧੇ ਹੋ ਕੇ ਪੰਥ ਲਈ ਕੰਮ ਕਰੋ!" - ਭਿੰਡਰਾਂਵਾਲੇ

ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀਓ!

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

ਖਾਲਸਾ ਜੀ, ਆਪਾਂ ਮੀਰੀ ਪੀਰੀ ਦੇ ਸਥਾਨ ਤੇ ਇਕੱਤਰ ਹੋਏ ਹਾਂ। ਮੈਂ ਸਮੂੰਹ ਖਾਲਸੇ



Digitized by Panjab Digital Library | www.panjabdigilib.org

ਨੂੰ ਖਾਲਸੇ ਦੇ ਜਨਮ ਦਿਨ ਦੀ ਸੁਆਸ ਸੁਆਸ ਵਧਾਈ ਪੇਸ਼ ਕਰਦਾ ਹਾਂ। ਅੱਜ ਦੇ ਇਸ ਇਕੱਠ ਦੀ ਬਾਕੀ ਸਾਰੇ ਇਕੱਠਾਂ ਨਾਲੋਂ ਜ਼ਿਆਦਾ ਮਹੱਤਤਾ ਹੈ। ਗੁਰੂ ਨਾਨਕ ਸਾਹਿਬ ਦੇ ਸਮੇਂ 1526 ਈਸਵੀ ਤੋਂ ਲੈ ਕੇ ਹੁਣ ਤੱਕ ਸਿੱਖ ਕੌਮ ਇਕ ਬਹੁਤ ਹੀ ਸੰਘਰਸ਼ ਦੇ ਸਮੇਂ ਵਿਚੋਂ ਲੰਘਦੀ ਆ ਰਹੀ ਹੈ। ਸੱਚ ਤੇ ਚੱਲਣ ਵਾਲਿਆਂ ਨੂੰ ਚੱਕੀਆਂ ਪੀਸਣੀਆਂ ਪਈਆਂ ਪਰ ਉਪਰੰਤ ਜਿਨ੍ਹਾਂ ਨੇ ਚੱਕੀਆਂ ਪਿਸਾਈਆਂ ਸਨ, ਉਨ੍ਹਾਂ ਨੂੰ ਹੱਥ ਜੋੜ ਕੇ ਮੁਆਫੀਆਂ ਮੰਗਣੀਆਂ ਪਈਆਂ (ਇਸ਼ਾਰਾ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਵਲੋਂ ਕੈਦ ਕਰਨ ਵੱਲ ਹੈ) ਪਿੱਛੋਂ ਸਮਾਂ ਆਇਆ, ਤੱਤੀਆਂ ਤਵੀਆਂ ਤੇ ਬੈਠਣਾ ਪਿਆ। ਸ਼ਾਂਤਮਈ ਢੰਗ ਨਾਲ ਚੱਲਦਿਆਂ ਬਹੁਤ ਕਸ਼ਟ ਝੱਲਣੇ ਪਏ। ਇਸ ਅਸਥਾਨ ਤੇ ਗੁਰੂ ਹਰਗੋਬਿੰਦ ਸਾਹਿਬ ਨੇ 11 ਸਾਲ ਦੀ ਉਮਰ ਵਿਚ ਕੁਝ ਨਿਯਮ ਕੀਤੇ ਸਨ। ਉਨ੍ਹਾਂ ਨਿਯਮਾਂ ਨੂੰ ਸੁਣ ਕੇ ਡਰਪੋਕ ਲੋਕਾਂ ਵਿਚ ਦਹਿਸ਼ਤ ਫੈਲ ਗਈ ਸੀ। ਉਨ੍ਹਾਂ ਕਿਹਾ ਕਿ, ਇਤਨੀ ਛੋਟੀ ਉਮਰ ਵਿਚ ਕਿਸ ਤਰ੍ਹਾਂ ਇਤਨੇ ਕਰੜੇ ਵਚਨ ਕਰ ਦਿੱਤੇ ਹਨ। ਮਾਤਾ ਗੰਗਾ ਜੀ ਪਾਸ ਡਰਪੋਕਾਂ ਨੇ ਸੁਨੇਹਾ ਭੇਜਿਆ ਪਰ ਗੁਰੂ ਜੀ ਨੇ ਕਿਹਾ ਕਿ, ਮਾਤਾ ਜੀ, ਫਿਕਰ ਨਾ ਕਰੋ। ਸਮਾਂ ਆਏਗਾ, ਆਪਣੇ ਹੱਕ ਲਵਾਂਗੇ। ਸਮਾਂ ਆਉਣ ਤੇ ਹੱਕ ਲਿਆ ਗਿਆ।

ਅੱਜ ਇਹ ਇਕੱਠ ਇਸ ਲਈ ਹੈ ਕਿ, ਵਰਤਮਾਨ ਕੇਂਦਰ ਦੀ ਤੇ ਜਕਰੀਏ ਦੀ ਹਕੂਮਤ ਨੇ ਸਿੱਖਾਂ ਤੇ ਪਹਿਲਾਂ ਸਾਰੇ ਢਾਏ ਗਏ ਜ਼ੁਲਮਾਂ ਨੂੰ ਮਾਤ ਪਾ ਦਿੱਤਾ ਹੈ। ਅਸੀਂ ਕਿਸੇ ਹਿੰਦੂ ਜਾਂ ਮੁਸਲਮਾਨ ਨੂੰ ਕੋਈ ਵਿਤਕਰੇ ਭਰੀ ਗੱਲ ਕਹਿਣੀ ਠੀਕ ਨਹੀਂ ਸਮਝਦੇ ਪਰ ਸੱਚ ਕਹਿਣ ਤੋਂ ਸੰਕੋਚ ਵੀ ਨਹੀਂ ਹੈ। ਮੈਂ ਸਮੁੱਚੀ ਸੰਗਤ ਨੂੰ ਅਤੇ ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਇਹ ਕਹਿੰਦਾ ਹਾਂ ਕਿ, ਜੇ ਅੱਜ ਸੱਚ ਦੀ ਗੱਲ ਕਰੋ ਤਾਂ ਸਰਕਾਰ ਨੂੰ ਬਹੁਤ ਤਕਲੀਫ ਹੁੰਦੀ ਹੈ। ਕਹਿੰਦੇ ਹਨ ਕਿ ਅਤਿਵਾਦੀ ਬੋਲਦੇ ਹਨ। ਮੈਂ ਤੁਹਾਨੂੰ ਕੁਝ ਛੋਟੀਆਂ ਛੋਟੀਆਂ ਬੇਨਤੀਆਂ ਸੰਖੇਪ ਵਿਚ ਕਹਿਣੀਆਂ ਹਨ ਕਿਉਂਕਿ ਪਰਧਾਨ ਸਾਹਿਬ ਨੇ ਅਗਲਾ ਪ੍ਰੋਗਰਾਮ ਦੇਣਾ ਹੈ। ਆਪਾਂ ਸਾਰਿਆਂ ਨੇ ਉਸ ਹੁਕਮ ਤੇ ਫੁੱਲ ਚੜ੍ਹਾਉਣੇ ਹਨ ਤੇ ਆਗਿਆ ਮੰਨਣੀ ਹੈ।

ਆਪਣੇ ਵਿਚ ਕੁਝ ਹਿੰਦੂ ਵੀ ਆਏ ਹਨ, ਬਾਹਰ ਖੜ੍ਹੇ ਹਨ। ਸਿੱਖਾਂ ਦੀ ਲੜਕੀ ਨੂੰ ਨੰਗਿਆਂ ਕਰਕੇ, ਖਾਲਸਾ ਜੀ, ਉਸ ਦੇ ਪਿਤਾ ਨੂੰ ਉਸ ਉਪਰ ਪਾਇਆ ਗਿਆ। ਦਾਓਕੇ ਪਿੰਡ ਵਿਚ ਮਹਿਰੇ ਸਿੱਖਾਂ ਦੀ ਲੜਕੀ ਨੂੰ ਨੰਗਿਆਂ ਕਰਕੇ ਸਵਰਨ ਸਿੰਘ ਡੀ. ਐਸ. ਪੀ. ਨੇ ਛਾਤੀਆਂ ਤੋਂ ਫੜ ਕੇ ਪਿੰਡ ਵਿਚ ਫੇਰਿਆ। ਕੀ ਕਦੇ ਹਿੰਦੂ ਲੜਕੀ ਦੀ ਬੇਇਜ਼ਤੀ ਵੀ ਇਸ ਹਕੂਮਤ ਦੇ ਸਮੇਂ ਹੋਈ ਹੈ ਇਸ ਤਰ੍ਹਾਂ? ਇਕ ਵੀ ਦੱਸ ਦਿਓ ਇਸ ਤਰ੍ਹਾਂ ਦੀ ਮਿਸਾਲ ਕਿ ਹਿੰਦੂ ਲੜਕੀਆਂ ਨਾਲ ਹੋਈ ਹੋਵੇ। ਕੇਵਲ ਸਿੱਖਾਂ ਦੇ ਘਰ ਹੀ ਸਾੜੇ ਗਏ ਹਨ। ਇਕ ਵੀ ਹਿੰਦੂ ਦਾ ਘਰ ਸੜਿਆ ਹੋਵੇ ਤਾਂ ਦੱਸੋ। ਹਕੂਮਤ ਕਹਿੰਦੀ ਹੈ ਕਿ ਸਿੱਖ ਝੂਠ ਬੋਲਦੇ ਹਨ, ਅਕਾਲੀਆਂ ਨੂੰ ਝੂਠ ਬੋਲਣ ਦਾ ਸੁਭਾਅ ਪੈ ਗਿਆ ਹੈ। ਅਕਾਲੀ ਐਵੇਂ ਰੌਲਾ ਹੀ ਪਾਉਂਦੇ ਹਨ। ਵਜ਼ੀਰ ਦਲੀਲ ਨਾਲ ਇਕ ਵੀ ਝੂਠੀ ਸਾਬਤ ਕਰ ਦੇਵੇ, ਮੈਂ ਤਖਤ ਤੇ ਖੜ੍ਹੋ ਕੇ ਕਹਿ ਰਿਹਾ ਹਾਂ ਤੇ ਪ੍ਰਣ ਕਰਦਾ ਹਾਂ ਕਿ, ਆਪਣਾ ਸਿਰ ਵੱਢ ਕੇ ਤੁਹਾਡੇ ਚਰਨਾਂ ਵਿਚ ਰੱਖ ਦੇਵਾਂਗਾ।

ਇਤਨੇ ਭਾਰੇ ਵਿਤਕਰੇ ਹੋ ਰਹੇ ਹਨ। ਆਜ਼ਾਦ ਦੇਸ਼ ਹੋਵੇ, ਆਜ਼ਾਦੀ ਲੈਣ ਲਈ 100 ਵਿਚੋਂ 93 ਸਿਰ ਪੱਗਾਂ ਵਾਲੇ ਵੀਰਾਂ ਨੇ ਦਿੱਤੇ ਹੋਣ ਤੇ ਆਜ਼ਾਦ ਦੇਸ਼ ਵਿਚ ਖੇਡਾਂ ਹੋ ਰਹੀਆਂ ਹੋਣ ਤੇ ਲਕੀਰ ਖਿੱਚੀ ਗਈ ਹੋਵੇ ਕਿ ਪੱਗ ਤੇ ਦਾਹੜੀ ਵਾਲਾ ਜਾਂ ਜਿਸ ਦੇ ਨਾਂ ਨਾਲ 'ਸਿੰਘ' ਲੱਗਾ ਹੋਇਆ ਹੋਵੇ, ਉਹ ਇਥੇ ਨਹੀਂ ਆ ਸਕਦਾ, ਨਾ ਹੀ ਬਾਹਰਲੇ ਦੇਸ਼ਾਂ ਵਿਚੋਂ ਆ ਸਕਦਾ ਹੈ। ਧੋਤੀ, ਟੋਪੀ ਤੇ ਬੋਦੀ ਵਾਲਾ ਜਿੱਥੋਂ ਮਰਜ਼ੀ ਆ ਜਾਵੇ, ਭਾਵੇਂ ਅਮਰੀਕਾ 'ਚੋਂ ਆਵੇ। ਕੀ ਇਹ ਆਜ਼ਾਦ ਦੇਸ਼ ਹੈ? ਕ੍ਰਿਪਾਨ ਤੇ ਪਾਬੰਦੀ ਲਾ ਦਿੱਤੀ ਕਿ ਇਹ ਸ਼ਸ਼ਤਰ ਹੈ। ਇਸ ਦੇ ਡਰ ਨਾਲ ਜਹਾਜ਼ ਅਗਵਾ ਕੀਤਾ ਗਿਆ ਹੈ। ਮੈਨੂੰ ਇਕ ਸੈਂਟਰ ਦਾ ਵਜ਼ੀਰ



Digitized by Panjab Digital Library | www.panjabdigilib.org

ਮਿਲਿਆ । ਮੈਨੂੰ ਉਸ ਨੇ ਕਿਹਾ ਕਿ, ਜਹਾਜ਼ ਅਗਵਾ ਕੀਤਾ ਸੀ ਤਾਂ ਕ੍ਰਿਪਾਨ ਤੇ ਪਾਬੰਦੀ ਲਾਈ ਹੈ । ਮੈਂ ਉਸ ਨੂੰ ਪੁੱਛਿਆ ਕਿ, ਜਹਾਜ਼ ਤਾਂ ਸੇਬ (Apple) ਨਾਲ ਜਾਂ ਗੇਂਦ ਨਾਲ ਵੀ ਅਗਵਾ ਕੀਤਾ ਜਾ ਸਕਦਾ ਹੈ । ਉਸ ਨੇ ਕਿਹਾ ਕਿ. ਉਹ ਗੋਲ ਸੀ ਤੇ ਡਰ ਸੀ ਕਿ. ਉਹ ਬੰਬ ਨਾ ਹੋਵੇ । ਮੈਂ ਕਿਹਾ ਕਿ, ਫਿਰ ਜੋ ਵੀ ਗੋਲ ਚੀਜ਼ਾਂ ਹਨ, ਉਨ੍ਹਾਂ ਤੇ ਪਾਬੰਦੀ ਕਿਉਂ ਨਹੀਂ ਲਗਾਦੀ? ਰੋੜ੍ਹ ਦਿਓ ਨਾ ਸਾਰੀਆਂ ਗੋਲ ਚੀਜ਼ਾਂ ਸਮੁੰਦਰ ਵਿਚ?

1977 ਵਿਚ ਪੰਡਤਾਣੀ ਨੂੰ ਜੱਜ ਦੀ ਸਜ਼ਾ ਅਨੁਸਾਰ ਤਿਹਾੜ ਜੇਲ੍ਹ ਵਿਚ ਭੇਜ ਦਿੱਤਾ ਗਿਆ ਤੇ ਉਸ ਦੇ ਸਹਿਯੋਗੀ ਪਾਂਡੇ ਹੋਰਾਂ, ਖਾਲਸਾ ਜੀ, ਜਹਾਜ਼ ਅਗਵਾਹ ਕੀਤਾ । ਉਨ੍ਹਾਂ ਨੂੰ ਕੁਰਸੀਆਂ ਮਿਲੀਆਂ ਤੇ ਜੋ ਸਿੱਖ ਨੌਜਵਾਨਾਂ ਨੇ ਚੰਦੋਕਲਾਂ ਵਿਚ ਪੁਲਿਸ ਵਲੋਂ ਸਿੱਖਾਂ ਦੇ ਧਾਰਮਿਕ ਗਰੰਥ ਸਾੜਨ ਅਤੇ ਚੌਕ ਮਹਿਤਾ ਵਿਚ 20 ਸਤੰਬਰ ਨੂੰ ਦਾਸ ਦੀ ਗ੍ਰਿਫਤਾਰੀ ਤੋਂ ਪਿੱਛੋਂ ਛਾਤੀਆਂ ਵਿਚ ਗੋਲੀਆਂ ਮਾਰਨ ਕਰਕੇ ਜਹਾਜ਼ ਅਗਵਾਹ ਕਰ ਲਿਆ ਤਾਂ ਕਹਿੰਦੇ ਹਨ ਕਿ ਦੇਸ਼ - ਧ੍ਰੋਹੀ ਹਨ, ਫਿਰਕਾ ਪ੍ਰਸਤ ਹਨ । ਪੰਡਤਾਣੀ ਲਈ ਜਹਾਜ਼ ਅਗਵਾਹ ਹੋ ਸਕਦਾ ਹੈ, ਸਿੱਖਾਂ ਦੇ ਇਸ਼ਟ ਲਈ ਜਹਾਜ਼ ਅਗਵਾਹ ਨਹੀਂ ਹੋ ਸਕਦਾ । ਕੀ ਇਹ ਆਜ਼ਾਦੀ ਹੈ?

ਉਸ ਤੋਂ ਪਿੱਛੋਂ ਭਾਈ ਗੁਰਬਖਸ਼ ਸਿੰਘ ਨੇ ਜਹਾਜ਼ ਅਗਵਾਹ ਕੀਤਾ । ਉਸ ਦੀ ਲੱਤ ਵਿਚ ਟੀਕਾ ਲਾ ਕੇ ਲੱਤ ਗਾਲ੍ਹੀ ਗਈ । 20 ਅਗਸਤ ਨੂੰ ਭਾਈ ਮੁਸੀਬਤ ਸਿੰਘ ਨੇ ਜਹਾਜ਼ ਅਗਵਾਹ ਕੀਤਾ ਤੇ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਕਿ ਸਿੱਖ ਫਿਰਕਾ ਪ੍ਰਸਤ ਹਨ । ਸਿੱਖ ਆਪਣੇ ਇਸ਼ਟ ਦੀ ਬੇਇਜ਼ਤੀ ਦਾ ਬਦਲਾ ਲੈਣ ਲਈ, ਧੀ ਭੈਣ ਦੀ ਬੇਇਜ਼ਤੀ ਅਤੇ ਨਿਹੱਥੇ ਸਿੱਖਾਂ ਦੇ ਕਤਲ ਦੇ ਵਿਰੁੱਧ ਜੇ ਜਹਾਜ਼ ਅਗਵਾਹ ਕਰਦਾ ਹੈ ਤਾਂ ਗੋਲੀ ਜਾਂ ਦੇਸ਼ ਨਿਕਾਲਾ ਤੇ ਜੇ ਟੋਪੀ ਵਾਲਾ, ਕੰਨ ਨਾਲ ਜਨੇਊ ਲਪੇਟੇ ਹੋਏ ਨੇ ਜਹਾਜ਼ ਅਗਵਾਹ ਕੀਤਾ ਤਾਂ ਉਸ ਨੂੰ ਕੁਰਸੀ ਮਿਲਦੀ ਹੈ । ਕੀ ਇਹ ਆਜ਼ਾਦੀ ਹੈ? ਇੰਨਾ ਧੱਕਾ ਕਿਉਂ ਹੈ?

ਹਿੰਦੁਸਤਾਨ ਦੀ ਆਜ਼ਾਦੀ ਤੋਂ ਪਿੱਛੋਂ ਕਿਸੇ ਹਿੰਦੂ ਨੇ ਹਿੰਦੀ ਸੂਬਾ ਬਣਾਉਣ ਵਾਸਤੇ, ਹਿੰਦੂ ਮੰਦਰ ਲਈ ਧਾਰਮਿਕ ਤੌਰ ਤੇ ਗੱਡੀ ਦਾ ਨਾਂ ਰਖਾਉਣ ਲਈ, ਸ਼ਹਿਰ ਨੂੰ ਪਵਿੱਤਰ ਕਰਾਰ ਦੁਆਉਣ ਲਈ, ਧੀ ਭੈਣ ਦੀ ਇਜ਼ਤ ਬਚਾਉਣ ਲਈ, ਜਨੇਊ ਨੂੰ ਪਾਈ ਰੱਖਣ ਦੀ ਖੁੱਲ੍ਹ ਲਈ, ਇਸ ਸੰਗਤ ਵਿਚੋਂ ਦੱਸੋ ਕਿ, ਇਕ ਵੀ ਹਿੰਦੂ ਨੇ ਕੋਈ ਕੈਦ ਕੱਟੀ ਹੈ? ਉਨ੍ਹਾਂ ਨੂੰ ਸਭ ਕੁਝ ਬੈਠੇ ਬਿਠਾਏ ਮਿਲ ਗਿਆ ।

ਜੇ ਤੁਸੀਂ ਪੰਜਾਬੀ ਬੋਲੀ ਬੋਲਣੀ ਹੈ, ਪੰਜਾਬੀ ਸੂਬਾ ਲੈਣਾ, 57 ਹਜ਼ਾਰ ਜੇਲ੍ਹਾਂ ਵਿਚ ਜਾਓ, ਖ਼ੂਨ ਤੁਸੀਂ ਡੋਲ੍ਹੋ ਤੇ ਹਰਿਆਣਾ ਤੇ ਹਿਮਾਚਲ ਉਨ੍ਹਾਂ ਨੂੰ ਮਿਲ ਜਾਏ । ਜੇ ਤੁਸੀਂ ਹਰਿਮੰਦਰ ਸਾਹਿਬ ਨੂੰ ਪਵਿੱਤਰ ਸ਼ਹਿਰ ਕਰਾਰ ਦੁਆਉਣਾ, ਕ੍ਰਿਪਾਨ ਪਹਿਨਣੀ ਹੈ, ਹਰਿਮੰਦਰ ਸਾਹਿਬ ਦੇ ਨਾਂ ਉਪਰ ਗੱਡੀ ਦਾ ਨਾਂ ਰਖਾਉਣਾ ਹੈ ਤੇ ਪਰਧਾਨ ਦਾ ਹੁਕਮ ਮੰਨ ਕੇ ਸ਼ਾਂਤੀ ਰੱਖਣੀ ਹੈ ਤਾਂ ਇਕ ਲੱਖ ਤੋਂ ਵੱਧ ਜੇਲ੍ਹਾਂ 'ਚ ਜਾਓ, 200 ਤੋਂ ਵੱਧ ਸ਼ਹੀਦੀਆਂ ਪਾਓ (ਅਪ੍ਰੈਲ 1983 - ਜਦ ਇਹ ਭਾਸ਼ਨ ਦਿੱਤਾ ਗਿਆ ਸੀ, ਉਦੋਂ 1,10,000 ਦੇ ਕਰੀਬ ਸਿੱਖ ਜੇਲ੍ਹਾਂ ਵਿਚ ਗਏ ਸਨ ਤੇ 200 ਤੋਂ ਵੱਧ ਸ਼ਹੀਦੀਆਂ ਪਾ ਚੁੱਕੇ ਸਨ) ਅੱਜ 175 ਹਜ਼ਾਰ ਜੇਲ੍ਹ ਜਾ ਚੁੱਕੇ ਹਨ ਤੇ 800 ਤੋਂ ਵੱਧ ਸ਼ਹੀਦੀਆਂ ਪਾ ਚੁੱਕੇ ਹਨ ਜਾਂ ਪੁਲਿਸ ਨੇ ਲਾਪਤਾ ਕਰ ਦਿੱਤੇ ਹਨ, ਜਿਨ੍ਹਾਂ ਬਾਰੇ ਖਿਆਲ ਹੈ ਕਿ, ਮਾਰ ਕੇ ਲਾਸ਼ਾਂ ਰਾਜਿਸਥਾਨ ਨਹਿਰ ਵਿਚ ਸੁੱਟ ਦਿੱਤੀਆਂ ਹਨ) ਫਿਰ ਸਿੱਖ ਫਿਰਕਾ ਪ੍ਰਸਤ, ਅਤਿਵਾਦੀ ਤੇ ਵੱਖਵਾਦੀ? ਇਹ ਸਾਰਾ ਦੋਸ਼ ਆਪਣੇ ਤੇ ਕਿਉਂ ਹੈ? ਕਿਉਂਕਿ ਆਪਾਂ ਗੁਲਾਮਾਂ ਦੀ ਜ਼ਿੰਦਗੀ ਬਤੀਤ ਕਰ ਰਹੇ ਹਾਂ । ਸੰਗਤਾਂ ਦੇ ਪ੍ਰਣ ਕਰਨ ਤੋਂ ਪਹਿਲਾਂ ਮੈਂ ਇਕ ਹੋਰ ਪ੍ਰਣ ਲੈਣਾ ਹੈ । ਫਿਰ ਸਮਾਪਤੀ ਕਰਾਂਗਾ ।



Digitized by Panjab Digital Library | www.panjabdigilib.org

ਖਾਲਸਾ ਜੀ! ਗੁਲਾਮੀ ਚੁੱਕਣੀ ਹੈ। ਜਦੋਂ ਸੰਤ ਜੀ ਪ੍ਰਣ ਪੱਤਰ ਲੈਣਗੇ ਤਾਂ ਹੱਥ ਉਹੀ ਖੜ੍ਹੇ ਕਰਿਓ, ਜੋ ਘਰ ਫਤਹਿ ਬੁਲਾ ਕੇ ਆਏ ਹਨ ਕਿ, ਅਸੀਂ ਆਪਣੀਆਂ ਭੈਣਾਂ ਦੀ ਇਜ਼ਤ ਬਚਾਉਣੀ ਹੈ, ਅਸੀਂ ਸ਼ਾਤੀ ਦੇ ਹਾਮੀ ਰਹਿਣਾ ਹੈ। ਜਿਨ੍ਹਾਂ ਜ਼ਾਲਮਾਂ ਨੇ ਸਾਡੀਆਂ ਭੈਣਾਂ ਦੀ ਇਜ਼ਤ ਲੁੱਟੀ ਹੈ, ਇਸ਼ਟ ਨੂੰ ਅੱਗ ਲਾਈ ਹੈ, ਧਾਰਮਿਕ ਅਸਥਾਨਾਂ ਦਾ ਅਪਮਾਨ ਕੀਤਾ ਤੇ ਗੁਟਕੇ ਲੈ ਕੇ ਬੈਠਿਆਂ, ਸੜਕ ਤੇ ਪਾਠ ਕਰਦਿਆਂ ਦੇ ਵਿੱਚੀਂ ਗੋਲੀਆਂ ਲੰਘਾਈਆਂ ਹਨ, ਉਨ੍ਹਾਂ ਦਾ ਬਦਲਾ ਲੈਣਾ ਹੈ, ਉਨ੍ਹਾਂ ਤੋਂ ਹੱਕ ਲੈਣਾ, ਬਾਈ ਉਹੀ ਖੜ੍ਹੀਆਂ ਕਰਿਓ। ਜੇ ਬਾਹਾਂ ਖੜ੍ਹੀਆਂ ਕਰਕੇ ਮੁੱਕਰੇ ਤਾਂ ਗੁਰੂ ਦੇ ਦੇਣਦਾਰ ਹੋਵਾਂਗੇ, ਯਾਦ ਰੱਖਿਓ।

## ਅਤਿਵਾਦੀ ਬਣਾਉਣਾ

ਸੰਤਾਂ ਵਲੋਂ ਬਾਹਾਂ ਖੜ੍ਹੀਆਂ ਕਰਾਉਣ ਤੋਂ ਪਹਿਲਾਂ ਤੁਹਾਡੀਆਂ ਬਾਹਾਂ ਖੜ੍ਹੀਆਂ ਕਰਾਉਣੀਆਂ ਹਨ, ਤੁਹਾਨੂੰ ਅਤਿਵਾਦੀ ਬਣਾਉਣਾ ਹੈ। ਅਤਿਵਾਦੀ ਬਨਣ ਲਈ ਬਾਂਹ ਉਹੀ ਖੜ੍ਹੀ ਕਰਿਓ, ਜਿਸ ਨੇ ਅਤਿਵਾਦੀ ਵਾਲਾ ਕੰਮ ਕਰਨਾ ਹੈ।

ਦਾਸ ਨੂੰ ਸਰਕਾਰ ਨੇ ਅਤਿਵਾਦੀ ਦਾ ਖਿਤਾਬ ਦਿੱਤਾ ਹੈ। ਜਿਹੜਾ ਅੰਮ੍ਰਿਤ ਛਕਾਵੇ, ਜੋ ਬਾਣੀ ਆਪ ਪੜ੍ਹੇ ਤੇ ਦੂਸਰਿਆਂ ਨੂੰ ਪੜ੍ਹਾਵੇ, ਆਪ ਕਥਾ ਕਰੇ ਤੇ ਦੂਸਰਿਆਂ ਤੋਂ ਕਥਾ ਕਰਾਵੇ, ਕਥਾ ਕੀਰਤਨ ਵਿਚ ਸ਼ਰਧਾ ਹੋਵੇ, ਗੁਰੂ ਗਰੰਥ ਨੂੰ ਆਪਣਾ ਇਸ਼ਟ ਮੰਨਦਾ ਹੋਵੇ, ਧੀਆਂ ਭੈਣਾਂ ਦੀ ਇਜ਼ਤ ਸਾਂਭੀ ਰੱਖਣ ਦਾ ਹਾਮੀ ਹੋਵੇ, ਕੇਸਰੀ ਨਿਸ਼ਾਨ ਸਾਹਿਬ ਹੇਠ ਸਮੂੰਹ ਪੰਥ ਨੂੰ ਇਕੱਠਾ ਕਰੇ, ਪੰਥ ਦੀ ਡਟ ਕੇ ਹਿਮਾਇਤ ਕਰੇ ਤੇ ਸਤਿਗੁਰੂ ਗਰੰਥ ਸਾਹਿਬ ਦੇ ਲੜ ਲਾਵੇ, ਇਹੋ ਜਿਹਾ ਕੰਮ ਕਰਨ ਵਾਲੇ ਨੂੰ ਮਹਾਸ਼ਾ ਸਰਕਾਰ ਅਤਿਵਾਦੀ ਦਾ ਖਿਤਾਬ ਦਿੰਦੀ ਹੈ। ਮੈਂ ਇਹੋ ਜਿਹਾ ਅਤਿਵਾਦੀ ਹਾਂ, ਜਿਹੋ ਜਿਹਾ ਤੁਹਾਨੂੰ ਦੱਸਿਆ ਹੈ।

ਜੋ ਪੰਥ ਦੀ ਏਕਤਾ ਦੇ ਹੱਕ ਵਿਚ, ਇਸ਼ਟ ਦੀ ਹੋਈ ਬੇਇਜ਼ਤੀ ਦਾ ਬਦਲਾ ਲੈਣ ਦੇ ਹੱਕ ਵਿਚ, ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਬਦਲਾ ਲੈਣ ਦੇ ਹੱਕ ਵਿਚ, ਧਾਰਮਿਕ ਅਸਥਾਨਾਂ ਨੂੰ ਪਵਿੱਤਰ ਰੱਖਣ ਦੇ ਹੱਕ ਵਿਚ, ਮੁਕਰ ਚੁੱਕੇ ਵਾਅਦਿਆਂ ਨੂੰ ਲੈਣ ਦੇ ਹੱਕ ਵਿਚ ਤੁਸੀਂ ਸਹਿਮਤ ਹੋ, ਜਾਂ ਅਤਿਵਾਦੀ ਹੋ, ਜਾਂ ਬਣਨਾ ਹੈ, ਜਦੋਂ ਮੈਂ ਜੈਕਾਰਾ ਛੱਡਾਂਗਾ ਤਾਂ ਉਦੋਂ ਬਾਹਾਂ ਖੜ੍ਹੀਆਂ ਕਰਿਓ।

ਜਿਹੜਾ ਚਰਖੇ ਤੇ ਬੱਕਰੀ ਦਾ ਸਿੱਖ ਹੈ, ਜਿਹੜਾ ਰਾਧਾ ਸੁਆਮੀਆਂ ਤੇ ਨਰਕਧਾਰੀਆਂ ਦਾ ਸਿੱਖ ਹੈ, ਜਿਹੜਾ ਦੇਹਧਾਰੀ ਦੇ ਪਾਖੰਡੀਆਂ ਦਾ ਸਿੱਖ ਹੈ, ਜੰਡ ਨੂੰ ਸੰਧੂਰ ਭੁੱਕਣ ਵਾਲਿਆਂ ਦਾ ਸਿੱਖ ਹੈ, ਉਹ ਬਾਹਾਂ ਖੜ੍ਹੀਆਂ ਨਾ ਕਰਿਓ।

ਜਿਸ ਨੇ ਪੰਥ ਦੀ ਇਜ਼ਤ ਬਚਾਉਣ ਲਈ ਅਤਿਵਾਦੀ ਬਣਨਾ ਹੈ, ਉਹੀ ਬਾਹਾਂ ਖੜ੍ਹੀਆਂ ਕਰਿਓ। ਮੈਂ ਤਾਂ ਇਹੋ ਜਿਹਾ ਅਤਿਵਾਦੀ ਹਾਂ। ਜ਼ਿੰਦਗੀ ਵਿਚ ਹੱਕ ਵੀ ਲੈਣਾ ਹੈ। ਤੁਸੀਂ ਸੋਚ ਲਓ, ਮੈਂ ਤਾਂ ਇਹੀ ਕਹਿਣਾ ਹੈ।

ਜੈਕਾਰਾ ... ਸਾਰੀ ਸੰਗਤ ਵਲੋਂ ਜੈਕਾਰਾ ... ਮੈਂ ਸਾਰੀ ਸੰਗਤ ਦਾ ਧੰਨਵਾਦੀ ਹਾਂ। ਜੈਕਾਰਿਆਂ ਦੀ ਗੂੰਜ ਵਿਚ ਪ੍ਰਣ ਪੱਤਰ ਦੀ ਪ੍ਰਵਾਨਗੀ ਦਿਓ। ਸੀ. ਆਈ. ਡੀ. ਵਾਲਿਓ! ਤੁਸੀਂ ਵੀ ਬਾਹਾਂ ਖੜ੍ਹੀਆਂ ਕੀਤੀਆਂ। ਜਾਂ ਤਾਂ ਬੰਦੇ ਬਣ ਕੇ ਬੱਕਰੀ ਦਾ ਖਹਿੜਾ ਛੱਡ ਕੇ ਸਿੱਧੇ ਹੋ ਕੇ ਇੱਧਰ ਆ ਜਾਓ। ਕਿਉਂਕਿ ਕੁਝ ਸੀ. ਆਈ. ਡੀ. ਤੇ ਪੁਲਿਸ ਵਾਲਿਆਂ ਨੂੰ ਮੈਂ



Digitized by Panjab Digital Library | www.panjabdigilib.org

ਜਾਣਦਾ ਹਾਂ ਜੋ ਇਥੇ ਬੈਠੇ ਹਨ। ਦਾਹੜੇ ਵੀ ਖੁੱਲ੍ਹੇ ਹਨ, ਕ੍ਰਿਪਾਨਾਂ ਵੀ ਉਪਰ ਦੀ ਪਾਈਆਂ ਹੋਈਆਂ ਹਨ, ਪੱਗਾਂ ਵੀ ਬੜੀਆਂ ਬੀਬੀਆਂ ਹਨ। ਇਥੇ ਕੇਵਲ ਇਸ ਲਈ ਆਏ ਹਨ ਕਿ, ਲੌਂਗੋਵਾਲ ਤੇ ਭਿੰਡਰਾਂਵਾਲੇ ਨੇ ਬੋਲਣਾ ਹੈ ਤੇ ਸੀ. ਆਈ. ਡੀ. ਕਰਨੀ ਹੈ। ਓਏ ਪ੍ਰੇਮੀਓ! ਸੀ. ਆਈ. ਡੀ. ਉਸ ਦੀ ਕਰੀਦੀ ਹੈ, ਜਿਸ ਨੇ ਕਮਰੇ ਵਿਚ ਹੋਰ ਕੁਝ ਕਹਿਣਾ ਹੈ ਅਤੇ ਸਟੇਜਾਂ ਤੇ ਹੋਰ ਕੁਝ। ਜਿਥੇ ਗੱਲ ਮੂੰਹੋਂ ਨਿਕਲਣੀ ਹੀ ਇਕੋ ਹੈ, ਉਹਦੀ ਸੀ. ਆਈ. ਡੀ. ਕਰਕੇ ਕਰੋਗੇ ਕੀ? ਪਰ ਗੁਰੂ ਦੇ ਸਿੱਖੋ! ਟੋਪੀ ਵਾਲਾ ਸਾਡੀ ਸੀ. ਆਈ. ਡੀ. ਨਹੀਂ ਲੈ ਸਕਦਾ। ਸਿੱਖਾਂ ਦੀ ਬਦਕਿਸਮਤੀ ਹੈ ਕਿ, ਜੇ ਸੀ. ਆਈ. ਡੀ. ਲੈਣੀ ਹੈ ਤਾਂ ਵੀ ਦਾਹੜੇ ਕ੍ਰਿਪਾਨ ਵਾਲੇ ਨੇ। ਜੇ ਹਰਿਮੰਦਰ ਸਾਹਿਬ ਵਿਚ ਗੋਲੀਆਂ ਚਲਾਉਣ ਆਉਣਾ ਹੈ ਤਾਂ ਵੀ ਕ੍ਰਿਪਾਨ ਦਾਹੜੇ ਵਾਲੇਨੇ। ਇਨ੍ਹਾਂ ਸਿੱਖਾਂ ਦੇ ਪੁੱਤਰਾਂ ਨੂੰ ਸੋਚਣਾ ਚਾਹੀਦਾ ਹੈ, ਪੁਲਿਸ ਤੇ ਫੌਜ ਵਾਲਿਆਂ ਨੂੰ। ਜਿਸ ਦਿਨ ਰੋਟੀ ਦਾ ਸਾਧਨ ਬਣਨਾ, ਤਾਂ ਡੇਢ ਫੀ ਸਦੀ ਭਰਤੀ, ਜਿੱਦਣ ਗੋਲੀਆਂ ਚੱਲਣੀਆਂ ਤਾਂ 98½ ਫੀ ਸਦੀ ਵਾਲਿਆਂ ਟੋਪੀ ਕੱਛ ਵਿਚ ਦੇ ਕੇ ਜੁੱਤੀ ਹੱਥ ਵਿਚ ਫੜ ਕੇ ਪੰਡਤਾਣੀ ਪਾਸ ਦਿੱਲੀ ਪੁੱਜ ਜਾਣਾ ਹੈ। ਇਸ ਗੱਲ ਦਾ ਧਿਆਨ ਰੱਖਿਆ ਕਰੋ।

ਮੈਨੂੰ ਪਤਾ ਲੱਗਾ ਹੈ ਕਿ, ਸਰਕਾਰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਵਾਲੀ ਹੈ। ਜਿਸ ਦਿਨ ਪਤਾ ਲੱਗਾ ਕਿ ਹਰਿਮੰਦਰ ਸਾਹਿਬ ਦੀ ਚਾਰ ਦੀਵਾਰੀ ਦੇ ਅੰਦਰ ਪੁਲਿਸ ਪੁੱਜ ਗਈ ਹੈ, ਤਾਂ ਲੌਂਗੋਵਾਲ ਤੇ ਭਿੰਡਰਾਂ ਦੇ ਹੁਕਮ ਦੀ ਉਡੀਕ ਨਾ ਕਰਿਓ। ਨਿੰਦਕ ਪਿੰਡਾਂ ਵਿਚ ਚੁਣ ਦੇਣੇ ਹਨ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

# ਥਾਣੇਦਾਰ ਬਿੱਛੂਰਾਮ ਨੇ ਸਿੰਘ ਦੀ ਦਾੜ੍ਹੀ ਵੱਢ ਕੇ ਭਿੰਡਰਾਂਵਾਲੇ ਕੋਲ ਭੇਜ ਦਿੱਤਾ

"ਭਿੰਡਰਾਵਾਲੇ ਨੂੰ ਕਹਿ ਦੇਹ ਕਿ ਜੋ ਕੁਝ ਕਰਨਾ ਹੈ ਕਰ ਲਵੇ"-
ਥਾਣੇਦਾਰ ਬਿੱਛੂਰਾਮ

(ਸੰਤ ਭਿੰਡਰਾਂ ਵਾਲਿਆਂ ਦੀ ਸਪੀਚ ਰੀਕਾਰਡ ਟੇਪ ਤੋਂ)

ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀ,

ਗੱਜ ਕੇ ਬੋਲੋ, ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਪਿਆਰੇ ਖਾਲਸਾ ਜੀ, ਆਪ ਨੇ ਵੱਖ ਵੱਖ ਗੁਣੀ ਗਿਆਨੀਆਂ ਦੇ ਵਿਚਾਰ ਧਰਮ ਯੁੱਧ ਮੋਰਚੇ ਦੇ ਸੰਬੰਧ ਵਿਚ ਸਰਵਣ ਕੀਤੇ ਹਨ। ਜੋ ਹਕੂਮਤ ਨੇ ਆਪਣੀ ਕਪਟ ਨੀਤੀ ਅਨੁਸਾਰ ਇਸ ਮੋਰਚੇ ਨੂੰ ਅਸਫਲ ਕਰਨ ਲਈ ਕੁਝ ਕੋਝੀਆਂ ਹਰਕਤਾਂ ਕੀਤੀਆਂ ਹੋਈਆਂ ਹਨ, ਉਨ੍ਹਾਂ ਤੋਂ ਆਪਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਸਰਕਾਰ ਦੀ ਫੁੱਟ ਪਾਉਣ ਦੀ ਨੀਤੀ ਤੋਂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਕਿਸੇ ਵੀ ਅਸਥਾਨ ਤੇ ਕੋਈ ਘਟਨਾ ਵਾਪਰਦੀ ਹੈ, ਉਥੇ ਹੋਰ ਕਿਸੇ ਜਗ੍ਹਾ ਦਾ ਨਾਮ ਆਵੇ ਜਾਂ ਨਾ ਆਵੇ, ਪਰ ਹਰਿਮੰਦਰ ਸਾਹਿਬ ਦਾ ਨਾਮ ਤੇ ਗੁਰੂ ਨਾਨਕ ਨਿਵਾਸ ਦਾ ਨਾਮ ਜ਼ਰੂਰ ਆਉਂਦਾ ਹੈ। ਕਾਫੀ ਸਮਾਂ ਪਹਿਲਾਂ ਮੱਧ ਪ੍ਰਦੇਸ਼ ਵਿਚ ਇਕ ਕਾਂਡ ਵਾਪਰਿਆ ਸੀ। ਉਸ ਨੂੰ ਵੀ ਹਰਿਮੰਦਰ ਸਾਹਿਬ ਨਾਲ ਜੋੜਿਆ ਗਿਆ। ਇਸ ਤੋਂ ਬਿਨਾਂ ਹੋਰ ਵੀ ਕਈ ਘਟਨਾਵਾਂ ਨੂੰ ਹਰਿਮੰਦਰ ਸਾਹਿਬ ਨਾਲ ਜੋੜਿਆ ਗਿਆ। ਮਹਾਸ਼ੇ ਤੇ ਫਿਰਕਾਪ੍ਰਸਤ ਅਖਬਾਰਾਂ ਨੇ, ਮੋਰਚੇ ਨੂੰ ਅਸਫਲ ਬਣਾਉਣ ਤੇ ਅਕਾਲੀ



Digitized by Panjab Digital Library | www.panjabdigilib.org

ਦਲ ਨੂੰ ਬਦਨਾਮ ਕਰਨ ਤੋਂ ਕਦੇ ਗੁਰੇਜ਼ ਨਹੀਂ ਕੀਤਾ। ਮੋਰਚੇ ਦੇ ਦਰਮਿਆਨ ਜੋ ਵੀ ਘਟਨਾਵਾਂ ਵਾਪਰ ਰਹੀਆਂ ਹਨ, ਇਨ੍ਹਾਂ ਵੱਲ ਹਰ ਗੁਰਸਿੱਖ ਨੂੰ ਪੂਰਾ ਧਿਆਨ ਦੇਣਾ ਚਾਹੀਦਾ ਹੈ। ਪਤਾ ਲੱਗਾ ਹੈ ਕਿ, ਗ੍ਰਹਿ ਮੰਤਰੀ ਨੇ ਪਾਰਲੀਮੈਂਟ ਵਿਚ ਜੋ ਬਿਆਨ ਦਿੱਤਾ ਹੈ, ਉਨ੍ਹਾਂ ਜੋ ਫੈਸਲਾ ਪਹਿਲਾਂ ਦਿੱਤਾ ਸੀ, ਉਸ ਤੋਂ ਮੁੱਕਰ ਗਏ ਹਨ। ਪਹਿਲਾਂ ਤਾਂ ਧਮਕੀ ਦੇ ਦਿੱਤੀ ਸੀ ਪਰ ਫਿਰ ਆਪ ਹੀ ਉਸ ਤੋਂ ਮੁੱਕਰ ਗਏ।

ਸਾਧ ਸੰਗਤ ਜੀ! ਆਪਾਂ ਸਭ ਨੇ ਸ਼ਾਂਤੀ ਰੱਖਣੀ ਹੈ ਪਰ ਇਹੋ ਜਿਹੀ ਸ਼ਾਂਤੀ ਕਦੇ ਨਹੀਂ ਰੱਖਣੀ ਕਿ ਜੇ ਸਾਡੇ ਤੇ ਝੂਠੀਆਂ ਤੋਂਹਮਤਾਂ ਲਾ ਕੇ ਦਰਬਾਰ ਸਾਹਿਬ ਵਿਚ ਆਉਣ ਦੀ ਕੋਈ ਕੋਸ਼ਿਸ਼ ਕਰੇ, ਕੋਈ ਮੱਲੋਮੱਲੀ ਸਿੰਘਾਂ ਤੇ ਨਾਜਾਇਜ਼ ਜ਼ਬਰਦਸਤੀ ਕਰੇ, ਤਾਂ ਝੁਕਣਾ ਨਹੀਂ ਚਾਹੀਦਾ। ਅਸੀਂ ਬੇਸ਼ੱਕ ਸ਼ਾਂਤੀ ਦੇ ਹਾਮੀ ਹਾਂ ਪਰ ਜੇ ਕੋਈ ਗੋਲੀਆਂ ਨਾਲ ਦਰਬਾਰ ਸਾਹਿਬ ਨੂੰ ਛਾਨਣੀ ਕਰਨਾ ਚਾਹੇ ਤੇ ਸਿੰਘਾਂ ਨੂੰ ਜ਼ਬਰਦਸਤੀ ਮਾਰਨਾ ਚਾਹੇ ਤਾਂ ਜਿਥੇ ਵੀ ਕੋਈ ਗੁਰੂ ਦਾ ਸਿੰਘ ਬੈਠਾ ਹੈ, ਉਸ ਦਾ ਇਹ ਫਰਜ਼ ਬਣਦਾ ਹੈ ਕਿ ਢਿੱਲ ਨਾ ਕਰੇ। ਉਹ ਆਪੋ ਆਪਣੀ ਜ਼ਿੰਮੇਵਾਰੀ ਸੰਭਾਲੇ। ਮੈਂ ਇਥੇ ਆਈ ਸਾਰੀ ਸਾਧ ਸੰਗਤ ਦਾ ਧੰਨਵਾਦ ਕਰਦਾ ਹਾਂ ਤੇ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ

ਮੈਨੂੰ ਪਤਾ ਲੱਗਾ ਹੈ ਕਿ, ਕੁਝ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ। ਕੁਝ ਅਖਬਾਰਾਂ ਵਾਲਿਆਂ ਨੇ ਇਹ ਰਵੱਈਆ ਹੀ ਅਪਣਾ ਲਿਆ ਹੈ (ਸਾਰੇ ਅਖਬਾਰਾਂ ਵਾਲਿਆਂ ਨੇ ਨਹੀਂ) ਕਿ ਭਾਵੇਂ ਕਿਸੇ ਕਿਸਮ ਦੀ ਵੀ ਗੱਲ ਹੋਵੇ, ਉਸ ਵਿਚ ਹੋਰ ਕਿਸੇ ਦਾ ਨਾਮ ਭਾਵੇਂ ਆਵੇ ਜਾਂ ਨਾ, ਭਿੰਡਰਾਂਵਾਲੇ ਦਾ ਨਾਮ ਜ਼ਰੂਰ ਰੱਖ ਲੈਣਾ ਚਾਹੀਦਾ ਹੈ। ਮੇਰੇ ਤੇ ਇਸ ਚੀਜ਼ ਦਾ ਕੋਈ ਬੋਝ ਵੀ ਨਹੀਂ ਹੈ।

ਫਿਰੋਜ਼ਪੁਰ ਤੋਂ ਇਕ ਖਬਰ ਆਈ ਹੈ ਕਿ, ਕੁਝ ਕੁ ਜੋ ਡਾਕੇ ਮਾਰੇ ਗਏ ਹਨ, ਉਹ ਸਟੇਨਗੰਨਾਂ ਨਾਲ ਮਾਰੇ ਗਏ ਹਨ। ਇਕ ਡਾਕਾ ਫਗਵਾੜੇ ਮਾਰਿਆ ਗਿਆ, ਉਹ ਵੀ ਸਟੇਨਗੰਨ ਨਾਲ ਹੀ ਮਾਰਿਆ ਗਿਆ ਤੇ ਕਿਹਾ ਗਿਆ ਹੈ ਕਿ ਜਿਹੜੀ ਸਟੇਨਗੰਨ ਵਰਤੀ ਗਈ ਹੈ, ਉਹ ਜਿਹੜੀਆਂ ਕਪੂਰਥਲੇ ਦੇ ਅਸਲ੍ਹੇਖਾਨੇ ਵਿਚ ਸਟੇਨਗੰਨਾਂ ਸਨ, ਉਨ੍ਹਾਂ ਵਿਚੋਂ ਇਕ ਸਟੇਨਗੰਨ ਹੈ। ਇਹ ਅਖਬਾਰ ਵਾਲੇ ਨੂੰ ਪੁੱਛਿਆ ਜਾਵੇ ਕਿ, ਤੂੰ ਕਿਹੜੀ ਸਟੇਨਗੰਨ ਤੇ ਕਿਹੜੇ ਬੰਦੇ ਦੇ ਹੱਥ ਵਿਚ ਫੜਾਈ ਸੀ?

ਭਾਵ ਸਾਰਾ ਇਹ ਹੈ ਕਿ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਅਤੇ ਨਾਨਕ ਨਿਵਾਸ ਨੂੰ ਕਿਸੇ ਤਰੀਕੇ ਨਾਲ ਵੀ ਕਿਸੇ ਨਾ ਕਿਸੇ ਅਪਰਾਧ ਨਾਲ ਜੋੜਿਆ ਜਾਵੇ ਤੇ ਇਹ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਤੇ ਸੁੱਖ ਦਾ ਸਾਹ ਨਾ ਲੈ ਕੇ ਬੈਠ ਜਾਵੇ।

ਹੁਣ ਇਹ ਗੱਲ ਚੱਲੀ ਹੈ ਕਿ ਅਕਾਲੀ ਦਲ ਗੱਲ ਕਰਕੇ ਬਦਲ ਜਾਂਦਾ ਹੈ। ਇੰਦਰਾ ਤਾਂ ਗੱਲਬਾਤ ਕਰਨਾ ਚਾਹੁੰਦੀ ਹੈ ਪਰ ਸਿੱਖ ਫਿਰਕੂ ਹਨ ਤੇ ਇਹ ਫਸਾਦ ਕਰਨਾ ਚਾਹੁੰਦੇ ਹਨ। ਪਰ ਸਾਧ ਸੰਗਤ ਜੀ, ਸੰਤ ਜੀ ਨੇ ਕਿਹਾ ਸੀ ਕਿ ਸਿੰਘ ਸਿਦਕ ਦਾ ਸਬੂਤ ਹਨ।

ਇਕ ਸਿੰਘ ਲਹਿਰ ਸਿੰਘ, ਜਿਸ ਦਾ ਪਿੰਡ ਜੱਟਾਂਵਾਲੀ, ਫਾਜ਼ਿਲਕਾ ਤੋਂ ਚਾਰ ਕਿਲੋਮੀਟਰ ਦੀ ਦੂਰੀ ਤੇ ਹੈ। ਉਸ ਨੇ ਆਪਣੀਆਂ 5 ਬੱਚੀਆਂ ਅਤੇ ਘਰ ਵਾਲੀ ਸਮੇਤ ਰਸਤਾ ਰੋਕੂ ਅੰਦੋਲਨ ਸਮੇਂ ਸੜਕ ਤੇ ਸ਼ਤੀਰੀਆਂ ਰੱਖ ਕੇ ਬੈਠ ਕੇ ਬਾਣੀ ਪੜ੍ਹਨੀ ਸ਼ੁਰੂ ਕਰ ਦਿੱਤੀ। ਇਕੱਲੇ ਸਿੰਘ ਨੇ ਸੜਕ ਜਾਮ ਰੱਖੀ। ਉਸ ਨੇ ਇਕ ਭਾਈ ਨੂੰ ਆਖਿਆ ਕਿ ਇਥੇ ਸਿਗਰਟਾਂ ਨਾ ਪੀਵੇ। ਬਿੱਛੂਰਾਮ, ਜੋ ਸਦਰ ਦਾ ਥਾਣੇਦਾਰ ਸੀ, ਉਸ ਨੇ ਸਿੰਘ ਨੂੰ ਫੜ ਲਿਆ, ਥਾਣੇ ਲਿਜਾ ਕੇ ਕੁੱਟਿਆ। ਉਸ ਨੂੰ ਪੁੱਛਿਆ ਕਿ ਤੂੰ ਅੰਮ੍ਰਿਤ ਕਿਸ ਤੋਂ ਛਕਿਆ ਹੈ? ਉਸ ਨੇ



Digitized by Panjab Digital Library | www.panjabdigilib.org

ਦੱਸਿਆ ਕਿ ਭਿੰਡਰਾਂਵਾਲਿਆਂ ਤੋਂ । ਥਾਣੇਦਾਰ ਨੇ ਆਖਿਆ ਕਿ ਤਾਈਓਂ ਤਾਂ ਤੈਨੂੰ ਕੁੱਟਿਆ ਗਿਆ ਹੈ। ਸਿੰਘ ਦੀ ਉਸ ਜ਼ਾਲਿਮ ਨੇ ਦਾਹੜੀ ਮੁੰਨ ਦਿੱਤੀ। ਦਾੜ੍ਹੀ ਮੁੰਨ ਕੇ ਮੇਰੇ ਕੋਲ ਭੇਜ ਦਿੱਤਾ ਤੇ ਨਾਲ ਕਹਿ ਦਿੱਤਾ ਕਿ, ਜਾਹ! ਭਿੰਡਰਾਂਵਾਲੇ ਨੂੰ ਕਹਿ ਦੇਹ ਕਿ, ਜਿਹੜਾ ਕੁਝ ਕਰਨਾ ਹੈ, ਕਰ ਲਵੇ ।

(ਸੰਗਤਾਂ ਵਲੋਂ ਇਥੇ ਰੋਹ ਵਿਚ ਜੈਕਾਰੇ ਛੱਡੇ ਜਾਂਦੇ ਹਨ)

ਇਹ ਜੈਕਾਰੇ ਇਥੇ ਤਾਂ ਜ਼ਰੂਰ ਛੱਡੇ ਹਨ ਪਰ ਇਹ ਪੁਲਿਸ ਪਾਸੋਂ ਬਦਲਾ ਲੈਣ ਸਮੇਂ ਕੰਮ ਆਉਣੇ ਚਾਹੀਦੇ ਹਨ। ਸਾਧ ਸੰਗਤ ਜੀ! ਸਿੰਘਾਂ ਦੀਆਂ ਦਾੜ੍ਹੀਆਂ ਕੱਟੀਆਂ ਜਾਂਦੀਆਂ ਹਨ। ਮੈਂ ਪੁਲਿਸ ਵਾਲਿਆਂ ਤੋਂ ਪੁੱਛਦਾ ਹਾਂ ਕਿ, ਇਹ ਅੰਮ੍ਰਿਤਧਾਰੀ ਸਿੰਘਾਂ ਦੀਆਂ ਦਾੜ੍ਹੀਆਂ ਇਸ ਲਈ ਕੱਟੀਆਂ ਜਾਂਦੀਆਂ ਕਿ ਅੰਮ੍ਰਿਤ ਭਿੰਡਰਾਂਵਾਲਿਆਂ ਤੋਂ ਛਕਿਆ ਹੈ? ਦਾੜ੍ਹੀ ਕੱਟ ਕੇ ਮੇਰੇ ਕੋਲ ਭੇਜਿਆ ਕਿ ਜਾਹ, ਭਿੰਡਰਾਂਵਾਲੇ ਨੂੰ ਕਹਿ ਦੇਹ ਕਿ, ਜਿਹੜਾ ਕੁਝ ਕਰਨਾ ਹੈ, ਕਰ ਲਵੇ। ਹੁਣ ਮੈਂ ਕਰਨਾ ਕੀ ਹੈ? ਪਰ ਜੇ ਕੁਝ ਹੋ ਜਾਵੇ ਤਾਂ ਕਹਿੰਦੇ ਹਨ ਕਿ 506 ਦਫਾ ਦੇ ਅਧੀਨ ਇਹਦੇ ਤੇ ਕੇਸ ਦਰਜ ਕਰ ਲਵੋ ।

ਜਿਹੜੇ ਬੰਦੇ ਨੇ ਅੰਮ੍ਰਿਤਧਾਰੀ ਸਿੰਘ ਦੀ ਦਾਹੜੀ ਕੱਟੀ ਹੋਵੇ, ਉਹਨੂੰ ਮੁਆਫ ਕਰਨਾ ਬਹੁਤ ਵੱਡਾ ਪਾਪ ਹੈ। ਕਿਸੇ ਦੇ ਧਾਰਮਿਕ ਚਿੰਨ੍ਹ ਨੂੰ ਜ਼ਬਰਦਸਤੀ ਕੱਟਣਾ, ਇਸ ਪਾਪ ਦਾ ਜ਼ਿੰਮੇਵਾਰ ਕੌਣ ਹੋਵੇਗਾ? ਉਸ ਨੇ ਕਹਿ ਤਾਂ ਦਿੱਤਾ ਕਿ, ਭਿੰਡਰਾਂਵਾਲੇ ਨੂੰ ਜਾ ਕੇ ਕਹਿ ਦੇਹ ਕਿ, ਜੋ ਕੁਝ ਕਰਨਾ ਹੈ, ਕਰ ਲਵੇ। ਮੈਂ ਤਾਂ ਅਜੇ ਕੁਝ ਕੀਤਾ ਹੀ ਨਹੀਂ। ਉਹਨੂੰ ਪਹਿਲਾਂ ਹੀ ਕਾਂਬਾਂ ਛਿੜ ਪਿਆ ਹੈ ਤੇ ਹੁਣ ਕਹਿੰਦਾ ਹੈ ਕਿ ਸੰਤਾਂ ਨੂੰ ਆਖੋ ਕਿ ਮੇਰੇ ਪਾਸੋਂ ਗ਼ਲਤੀ ਹੋ ਗਈ। ਭਲੇਮਾਣਸ ਨੂੰ ਕੋਈ ਪੁੱਛੇ ਕਿ ਮੈਂ ਤਾਂ ਨਾ ਪਹਿਲਾਂ ਹੀ ਕੁਝ ਕਿਹਾ ਤੇ ਨਾ ਹੁਣ ਬੋਲਿਆ ਹਾਂ । ਹਾਲੇ ਤਾਂ ਕਿਹਾ ਹੀ ਕੁਝਨਹੀਂ । ਪਹਿਲਾਂ ਕਰ ਲੈਂਦੇ ਹਨ ਫਿਰ ਪਿੱਛੇ ਹਟਦੇ ਹਨ। ਪਹਿਲਾਂ ਹੀ ਸੋਚ ਕੇ ਹੱਥ ਪਾਇਆ ਕਰੋ। ਖਾਲਸਾ ਜੀ! ਜਿਹੜੇ ਇਹੋ ਜਿਹੇ ਲੋਕ ਹਨ, ਉਨ੍ਹਾਂ ਪਾਸੋਂ ਸਿੱਖ ਦੀ ਦਾੜ੍ਹੀ ਕਟਵਾ ਕੇ ਚੁੱਪ ਚਾਪ ਬੈਠ ਰਹਿਣਾ ਠੀਕ ਨਹੀਂ। ਇਸ ਪਾਸੇ ਸਾਰਿਆਂ ਨੂੰ ਧਿਆਨ ਦੇਣ ਦੀ ਲੋੜ ਹੈ। ਸਤਿਗੁਰ ਕ੍ਰਿਪਾ ਕਰਨ। ਇਹੋ ਜਿਹੇ ਲੋਕਾਂ ਵੱਲ ਕੌਮ ਦਾ ਧਿਆਨ ਬਖਸ਼ਣ । ਧਰਮ ਯੁੱਧ ਮੋਰਚੇ ਲਈ ਉਦਮ ਬਖਸ਼ਣ । ਇਹਦੇ ਮੁਤਾਬਿਕ ਆਪਾਂ ਨੂੰ ਅਡੋਲਤਾ ਨਾਲ ਚੱਲਣਾ ਚਾਹੀਦਾ ਹੈ ।

ਜਦੋਂ ਸਟੇਨਗੰਨਾਂ ਦੀ ਗੱਲ ਚੱਲੀ ਸੀ ਤਾਂ ਮਹਾਸ਼ਾ ਅਤੇ ਫਿਰਕੂ ਅਖਬਾਰਾਂ ਨੇ ਲਿਖਿਆ ਸੀ ਕਿ, ਭਿੰਡਰਾਂਵਾਲੇ ਦੇ ਦੁਆਲੇ ਦਸ ਸਟੇਨਗੰਨਾਂ ਵਾਲੇ ਸਨ ਅਤੇ 11ਵੀਂ ਸਟੇਨਗੰਨ ਭਿੰਡਰਾਂਵਾਲੇ ਦੇ ਆਪਣੇ ਹੱਥ ਵਿਚ ਸੀ। ਖਾਲਸਾ ਜੀ, ਤੁਸੀਂ ਵੇਖ ਹੀ ਰਹੇ ਹੋ ਕਿ, ਅੱਜ ਮੇਰੇ ਦੁਆਲੇ ਕਿੰਨੀਆਂ ਸਟੇਨਗੰਨਾਂ ਹਨ। ਮਸਲਾ ਭਿੰਡਰਾਂਵਾਲੇ ਨੂੰ ਝੁਕਾਉਣ ਦਾ ਹੈ। ਮੇਰੇ ਮਨ ਤੇ ਘਬਰਾਹਟ ਕੋਈ ਨਹੀਂ । ਇਸ ਗੱਲ ਦੀ ਚਿੰਤਾ ਵੀ ਕੋਈ ਨਹੀਂ ।

ਇਕ ਅਖਬਾਰ ਵਾਲਾ ਕਹਿੰਦਾ ਕਿ, ਅਕਾਲੀਆਂ ਦੇ ਗਰਮ ਦਲ ਵਾਲਿਆਂ ਅਤੇ ਨਰਮ ਦਲ ਵਾਲਿਆਂ ਦੀਆਂ ਮੰਗਾਂ ਵੱਖ ਵੱਖ ਹਨ। ਤੁਹਾਨੂੰ ਗਰਮ ਦਲ ਕਹਿੰਦੇ ਹਨ। ਤੁਹਾਡੀਆਂ ਮੰਗਾਂ ਕੀ ਹਨ? ਮੈਂ ਕਿਹਾ ਕਿ, ਨਰਮ ਦਲ ਵਾਲੇ ਆਪਣੀਆਂ ਮੰਗਾਂ ਦਾ ਲਿਖ ਕੇ ਐਲਾਨ ਕਰ ਚੁੱਕੇ ਹਨ। ਤੁਸੀਂ ਉਨ੍ਹਾਂ ਨੂੰ ਮੰਨਣ ਦਾ ਹੀ ਐਲਾਨ ਕਰ ਦਿਓ। ਕਹਿੰਦਾ ਕਿ, ਤੁਹਾਡਾ ਖਿਆਲ ਕੀ ਹੈ? ਮੈਂ ਪੁੱਛਿਆ ਤੇਰੇ ਹੱਥ ਵਿਚ ਕੀ ਹੈ? ਇਹੀ ਕਿ ਕਾਗਜ਼ ਕਾਲਾ ਕਰਨਾ ਅਤੇ ਰੋਟੀ ਕਮਾਉਣੀ ਤੇ ਫੈਸਲਾ ਕਿਹਦੇ ਹੱਥ ਵਿਚ ਹੈ? ਕਹਿੰਦਾ, ਜੀ ਫੈਸਲਾ ਤਾਂ ਬੀਬੀ ਦੇ ਹੱਥ ਹੈ। ਮੈਂ ਕਿਹਾ ਕਿ, ਬੀਬੀ ਜਦੋਂ ਪੁੱਛੂ, ਠੰਢਿਆਂ ਤੇ ਗਰਮਾਂ ਨੂੰ ਤਾਂ ਦੱਸ ਦਊਂ, ਤੈਨੂੰ ਕੀ ਲੋੜ ਹੈ? ਭਾਵ ਕਿ ਨਸ਼ਤਰ ਲਾ ਲਾ ਕੇ ਦੇਖਦੇ ਹਨ ਕਿ ਖੂਨ ਦੀ ਕੋਈ ਬੂੰਦ ਹੈ ਕਿ



Digitized by Panjab Digital Library | www.panjabdigilib.org

ਸਾਰਾ ਪਾਣੀ ਬਣ ਗਿਆ ਹੈ ।

ਕੋਈ ਅਖਬਰ ਇਹ ਖਬਰ ਦੇਈ ਜਾਂਦਾ ਹੈ ਕਿ ਸਿੱਖ ਹੁਣ ਆਪੋ ਵਿਚ ਝਗੜਨਗੇ, ਹੁਣ ਆਪੋ ਵਿਚ ਫਟਣਗੇ । ਖਾਲਸਾ ਜੀ, ਜ਼ਰਾ ਵੀ ਚਿੰਤਾ ਕਰਨ ਦੀ ਲੋੜ ਨਹੀਂ । ਜਦੋਂ ਤੱਕ ਨੱਕ ਨਾਲ ਲਕੀਰਾਂ ਨਹੀਂ ਕੱਢਦੇ, ਮੱਥਾ ਨਹੀਂ ਰਗੜਦੇ, ਮੋਰਚਾ ਉਨਾ ਚਿਰ ਖਤਮ ਨਹੀਂ ਹੋਣਾ । ਇਹ ਪੂਰਨ ਨਿਸਚਾ ਰੱਖਿਓ! ਮੈਂ ਸਾਰੀ ਸਾਧ ਸੰਗਤ ਨੂੰ ਵਧਾਈ ਪੇਸ਼ ਕਰਦਾ ਹਾਂ ਅੱਖਰ ਵਾਧਾ ਘਾਟਾ ਭੁੱਲ ਚੁੱਕ ਲਈ ਵੀ ਮਾਫੀ ਮੰਗਦਾ ਹਾਂ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

## ਮੂੰਹ - ਤੋੜ ਉਤਰ ਦਿਓ!

ਇਸ ਸਮੇਂ ਹਿੰਦੂ ਸੁਰੱਖਿਆ ਵਲੋਂ ਪੰਜਾਬ ਤੋਂ ਬਾਹਰ ਦੇ ਗੁਰਦਵਾਰਿਆਂ ਤੇ ਹਮਲੇ ਹੋਣੇ ਸ਼ੁਰੂ ਹੋ ਗਏ । ਇਸੇ ਤਰ੍ਹਾਂ ਦਾ ਇਕ ਹਮਲਾ ਇੰਦੋਰ ਹੋਇਆ, ਜਿੱਥੇ ਹਜ਼ਾਰਾਂ ਸਿੰਘ ਜ਼ਖਮੀਂ ਹੋਏ ਤੇ ਕਈ ਸ਼ਹੀਦ ਕਰ ਦਿੱਤੇ ਗਏ । ਇਸ ਹਮਲੇ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ, ਭੂਪਾਲ ਵਿਚ ਰਾਜੀਵ ਗਾਂਧੀ ਨੇ ਕਾਂਗਰਸ ਦੇ ਜਲਸੇ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ "ਪੰਜਾਬ ਮੇਂ ਤੀਨ ਮਹੀਨੋਂ ਕੇ ਵੀਚ ਵੀਚ ਸਿੱਖੋਂ ਕੋ ਖਤਮ ਕਰ ਦੀਆ ਜਾਏਗਾ" ਉਨ੍ਹਾਂ 'ਸਿੱਖ ਇਕ ਕੌਮ ਹੈ' ਤੇ ਗੁਰੂ ਗਰੰਥ ਸਾਹਿਬ ਬਾਰੇ ਵੀ ਅਪਮਾਨ ਜਨਕ ਸ਼ਬਦ ਵਰਤੇ ਸਨ ਉਸੇ ਸਟੇਜ ਤੇ ਬੂਟਾ ਸਿੰਘ, ਕੇਂਦਰੀ ਮੰਤਰੀ ਵੀ ਬੋਲਿਆ । ਪਰ ਆਪਣੇ ਆਕਾ ਅੱਗੇ ਪੂਛ ਹਿਲਾਉਂਦਾ ਰਿਹਾ । ਸਿੱਖ ਹੋਣ ਦੇ ਨਾਤੇ ਵੀ ਰਾਜੀਵ ਵਲੋਂ ਸਿੱਖਾਂ ਦੇ ਕੀਤੇ ਇਸ ਅਪਮਾਨ ਬਾਰੇ ਕੁਝ ਨਾ ਬੋਲ ਸਕਿਆ ।

ਉਸੇ ਸਟੇਜ ਤੋਂ ਬਾਦ ਵਿਚ ਸ. ਦਰਸ਼ਨ ਸਿੰਘ, ਸਾਬਕਾ ਆਈ. ਜੀ. ਪੁਲਿਸ ਨੇ ਲੈਕਚਰ ਦਿੱਤਾ ਤੇ ਰਾਜੀਵ ਗਾਂਧੀ ਨੂੰ ਉਤਰ ਦਿੱਤਾ ਤੇ ਕਿਹਾ ਕਿ "ਕਾਕਾ, ਤੇਰਾ ਪਿਓ ਅਤੇ ਤੇਰੀ ਮਾਂ ਤਾਂ ਸਾਰਾ ਜ਼ੋਰ ਲਾ ਚੁੱਕੇ ਹਨ, ਸਿੱਖਾਂ ਨੂੰ ਖਤਮ ਕਰਨ ਲਈ। ਜਿਹੜੀ ਕਸਰ ਉਨ੍ਹਾਂ ਤੋਂ ਰਹਿ ਗਈ, ਉਹ ਤੂੰ ਪੂਰੀ ਕਰ ਕੇ ਵੇਖ ਲੈ । ਸਿੱਖ ਖਤਮ ਨਹੀਂ ਹੋਣੇ । ਇਨ੍ਹਾਂ ਨੂੰ ਖਤਮ ਕਰਨ ਵਾਲੇ ਖਤਮ ਹੁੰਦੇ ਰਹੇ ਹਨ ।" ਇਸ ਗੱਲ ਨੂੰ ਰਾਜੀਵ ਗਾਂਧੀ ਨੇ ਆਪਣਾ ਅਪਮਾਨ ਸਮਝਿਆ ਤੇ ਇੰਦੋਰ ਦੀ ਪੁਲਿਸ ਨੂੰ ਹੁਕਮ ਦੇ ਦਿੱਤਾ ਕਿ ਸਿੱਖਾਂ ਨੂੰ ਧਰ ਲਵੋ ।

ਸੰਤ ਭਿੰਡਰਾਂ ਨੇ ਐਲਾਨ ਕਰ ਦਿੱਤਾ ਕਿ, ਇੰਦੋਰ ਦੇ ਗੁਰਦਵਾਰੇ ਤੇ ਮਹਾਸ਼ਿਆਂ ਵਲੋਂ ਸਰਕਾਰ ਦੀ ਸ਼ਹਿ ਤੇ ਹਮਲਾ ਕਰਕੇ ਜੋ ਬੇਅਦਬੀ ਕੀਤੀ ਹੈ, ਉਸ ਦਾ ਮੂੰਹ - ਤੋੜ ਉਤਰ ਦਿਓ । ਉਨ੍ਹਾਂ ਕਿਹਾ ਕਿ, ਮੋਟਰ ਸਾਈਕਲ ਖਰੀਦੋ ਤੇ ਹਥਿਆਰ ਰੱਖੋ । ਉਨ੍ਹਾਂ ਕਿਹਾ ਕਿ, ਜੇ ਹੁਣ ਮਹਾਸ਼ਾ ਸਾਮਰਾਜ ਨੂੰ ਇਸ ਦਾ ਉਤਰ ਨਾ ਦਿੱਤਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਲੋਕ ਸਾਡੀਆਂ ਪਗੜੀਆਂ ਨੂੰ ਹੱਥ ਪਾਉਣਗੇ । ਇਨ੍ਹਾਂ ਨੂੰ ਚੇਤਾ ਭੁੱਲ ਗਿਆ, ਜਦ ਇੱਜੜਾਂ ਦੀ ਤਰ੍ਹਾਂ ਇਨ੍ਹਾਂ ਦੀਆਂ ਔਰਤਾਂ ਮੱਧ ਪੂਰਬ ਤੋਂ ਆ ਕੇ ਧਾੜਵੀ ਲੈ ਜਾਂਦੇ ਸਨ । ਅਜ ਇਹ ਲੋਕ ਹਕੂਮਤ ਦੇ ਨਸ਼ੇ ਵਿਚ ਲੋਕਾਂ ਨੂੰ ਕੀੜੇ ਮਕੌੜੇ ਸਮਝਣ ਲੱਗ ਪਏ ਹਨ ।

## ਭਿੰਡਰਾਂ ਨੂੰ ਕਤਲ ਕਰਨ ਦੀਆਂ ਸਾਜ਼ਿਸ਼ਾਂ:

ਅਕਾਲੀ ਲੀਡਰ ਸੰਤ ਭਿੰਡਰਾਂ ਦੀ ਵਧ ਰਹੀ ਸ਼ਾਖ ਦੇਖ ਕੇ ਇਤਨੇ ਭੈਭੀਤ ਹੋਏ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਤਿੰਨ ਵੇਰਾਂ ਕਤਲ ਕਰਨ ਦੀ ਕੋਸ਼ਿਸ਼ ਕਰਾਈ ਗਈ । ਇਸ ਤੋਂ ਪਹਿਲਾਂ ਅਨੇਕਾਂ ਵਾਰ ਖਾਣੇ ਵਿਚ ਜ਼ਹਿਰ ਮਿਲਾ ਕੇ ਦੇਣ ਦੀ ਕੋਸ਼ਿਸ਼ ਕੀਤੀ



Digitized by Panjab Digital Library | www.panjabdigilib.org

ਗਈ । ਪਰ ਹਰ ਵੇਰਾਂ ਕਾਤਲ ਫੇਅਲ ਹੋਏ । ਸੰਤਾਂ ਦੇ ਨਿਕਟਵਰਤੀਆਂ ਨੇ ਮੰਜੀ ਸਾਹਿਬ ਸਟੇਜ ਤੇ ਕਿਹਾ ਕਿ ਵਿਦੇਸ਼ਾਂ ਤੋਂ ਕਈ ਸਿੱਖ ਉਨ੍ਹਾਂ ਨੂੰ ਕਤਲ ਕਰਾਉਣ ਲਈ ਪੈਸੇ ਭੇਜ ਰਹੇ ਹਨ । ਉਹ ਸਿੱਖ ਜਾਗੀਰਦਾਰ ਸਰਕਾਰ ਦਾ ਹੱਥ ਠੋਕਾ ਬਣੇ ਹੋਏ ਹਨ ।

ਹੇਠਾਂ ਸੰਤਾਂ ਦਾ ਆਪਣਾ ਬਿਆਨ ਪੜ੍ਹੋ:

ਸੰਤਾਂ ਨੇ ਕਿਹਾ ਕਿ, ਪਹਿਲੀ ਵਾਰ ਮੈਂ ਜਦ ਦਰਬਾਰ ਸਾਹਿਬ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤਾਂ ਇਕ ਆਦਮੀ ਘਾਤ ਲਾ ਕੇ ਖੜ੍ਹਾ ਸੀ । ਉਸ ਦੀਆਂ ਹਰਕਤਾਂ ਤੋਂ ਮੇਰੇ ਨਾਲ ਦਿਆਂ ਬੰਦਿਆਂ ਨੂੰ ਸ਼ੱਕ ਪਿਆ ਤੇ ਉਸ ਦੀ ਤਲਾਸ਼ੀ ਲੈਣ ਤੋਂ ਉਸ ਪਾਸੋਂ ਪਿਸਤੌਲ ਨਿਕਲਿਆ । ਸਾਡੇ ਬੰਦੇ ਜਦ ਉਸ ਨੂੰ ਫੜ ਕੇ ਗੁਰੂ ਨਾਨਕ ਨਿਵਾਸ ਵਿਚ ਲੈ ਕੇ ਗਏ ਤਾਂ ਹਮਲਾਵਰ ਮੰਨ ਗਿਆ ਕਿ ਉਹ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਸੀ । ਪਰ ਉਸ ਨੂੰ ਅੱਗੋਂ ਲਈ ਬੰਦਾ ਬਣ ਕੇ ਰਹਿਣ ਦਾ ਭਰੋਸਾ ਲੈ ਕੇ ਛੱਡ ਦਿੱਤਾ ਗਿਆ ਹੈ ।

ਦੂਸਰੀ ਵੇਰਾਂ ਹਮਲਾਵਰ ਨੇ ਗੁਰੂ ਨਾਨਕ ਨਿਵਾਸ ਵਿਚ ਕਮਰਾ ਨੰਬਰ 47 ਤੱਕ ਮੇਰਾ ਪਿੱਛਾ ਕੀਤਾ ਪਰ ਉਸ ਦਾ ਪਿਸਤੌਲ ਡਿੱਗ ਪਿਆ ।

ਤੀਸਰੀ ਵੇਰਾਂ ਮੈਨੂੰ ਮੰਜੀ ਸਾਹਿਬ ਵਿਚ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ । ਉਹ ਵੀ ਫੇਅਲ ਹੋਈ । ਉਨ੍ਹਾਂ ਕਿਹਾ ਕਿ, ਮੈਨੂੰ ਵਾਹਿਗੁਰੂ ਤੇ ਭਰੋਸਾ ਹੈ । ਮੈਨੂੰ ਉਨ੍ਹਾਂ ਨੇ ਤਿੰਨੇ ਵਾਰ ਬਚਾ ਲਿਆ ਹੈ ।

ਇਸ ਸਮੇਂ ਤੱਕ ਫੌਜ ਵਿਚੋਂ ਰੀਟਾਇਰ ਹੋਏ ਉਚ ਅਧਿਕਾਰੀ, ਜਿਵੇਂ ਕਿ ਮੇਜਰ ਜਨਰਲ ਸੁਬੇਗ ਸਿੰਘ ਤੇ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਨੇ ਵੀ ਆਮ ਕਹਿਣਾ ਸ਼ੁਰੂ ਕਰ ਦਿੱਤਾ ਕਿ, ਭਾਰਤੀ ਵਿਧਾਨ ਸਾਡੇ ਲਈ ਕਾਗਜ਼ ਦਾ ਟੁਕੜਾ ਹੈ । ਹੁਣ ਤੱਕ ਨੌਜਵਾਨ ਤਾਂ ਥਾਂ ਥਾਂ ਕਾਂਗਰਸੀ ਜਲਸਿਆਂ ਵਿਚ ਵਿਧਾਨ ਤੇ ਝੰਡਾ ਜਾ ਜਾ ਕੇ ਜਾਲ ਰਹੇ ਸਨ । ਸੰਤ ਭਿੰਡਰਾਂ ਹਰ ਇਕ ਲਈ ਚਾਨਣ ਮੁਨਾਰਾ ਬਣ ਚੁੱਕਾ ਸੀ ।

ਸੰਤ ਭਿੰਡਰਾਂ ਦਾ ਪਿੰਡਾਂ ਵਿਚ ਇਤਨਾ ਬੋਲਬਾਲਾ ਹੋਈ ਜਾ ਰਿਹਾ ਸੀ ਕਿ, ਸਤੰਬਰ 1983 ਵਿਚ ਪੰਚਾਇਤ ਚੋਣਾਂ ਸਮੇਂ ਜਿੱਤੇ ਹੋਏ ਉਮੀਦਵਾਰ ਸੰਤ ਭਿੰਡਰਾਂ ਤੋਂ ਅਸ਼ੀਰਵਾਦ ਲੈਣ ਜਾਂਦੇ ਸਨ । ਅਕਤੂਬਰ 1983 ਵਿਚ ਇੰਦਰਾ ਗਾਂਧੀ ਨਿਊਯਾਰਕ ਗਈ ਤਾਂ ਸਿੰਘਾਂ ਨੇ ਉਸ ਦੇ ਖਿਲਾਫ ਭਾਰੀ ਮੁਜਾਹਰਾ ਕੀਤਾ । ਜਿਸ ਕਾਰਨ ਵਿਦੇਸ਼ਾਂ ਵਿਚ ਇੰਦਰਾ ਗਾਂਧੀ ਦੀ ਬਹੁਤ ਬੇਪ੍ਰਤੀਤੀ ਹੋਈ । ਪਹਿਲੀ ਵੇਰਾਂ ਵਿਦੇਸ਼ੀ ਸਰਕਾਰਾਂ ਨੂੰ ਪਤਾ ਲੱਗਿਆ ਕਿ ਪੰਜਾਬ ਵਿਚ ਸਿੱਖਾਂ ਦਾ ਸਰਕਾਰ ਵਲੋਂ ਕਿਸ ਤਰ੍ਹਾਂ ਕਤਲੇਆਮ ਹੋ ਰਿਹਾ ਹੈ । ਇਸ ਮੁਜਾਹਰੇ ਵਿਚ ਡਾਕਟਰ ਸੁਖਮਿੰਦਰ ਸਿੰਘ, ਕੈਲੇਫੋਰਨੀਆ, ਪਰਧਾਨ ਨੌਰਥ ਅਮਰੀਕਣ ਅਕਾਲੀ ਦਲ, ਗਿਆਨੀ ਅਮੋਲਕ ਸਿੰਘ, ਪਰਧਾਨ ਯੂ. ਕੇ. ਅਕਾਲੀ ਦਲ, ਸੁਰਜੀਤ ਸਿੰਘ ਬਿਲਗਾ, ਪਰਧਾਨ ਅਕਾਲੀ ਦਲ ਸਾਊਥਲ ਬਰਾਂਚ (ਯੂ. ਕੇ.) ਸ. ਗੰਗਾ ਸਿੰਘ ਢਿੱਲੋਂ ਵਾਸ਼ਿੰਗਟਨ, ਸ. ਅਮਰਜੀਤ ਸਿੰਘ ਆਹਲੂਵਾਲੀਆ ਨਿਊਯਾਰਕ, ਸ. ਬਲਬੀਰ ਸਿੰਘ ਨਿੱਝਰ ਟਰਾਂਟੋ, ਆਦਿ ਨੇ ਜੋਸ਼ੀਲੀਆਂ ਤਕਰੀਰਾਂ ਕੀਤੀਆਂ । ਸੰਯੁਕਤ ਰਾਸ਼ਟਰ ਬਿਲਡਿੰਗ ਦੇ ਇਰਦ ਗਿਰਦ ਇਕ ਹੈਲੀਕਾਪਟਰ ਘੁੰਮ ਰਿਹਾ ਸੀ, ਜਿਸ ਦੇ ਪਿੱਛੇ ਲੰਬੀ ਪੂਛ ਬੱਧੀ ਹੋਈ ਸੀ, ਜਿਸ 'ਤੇ ਲਿਖਿਆ ਹੋਇਆ ਸੀ: 'Indira Stop Killing the Sikhs" (ਇੰਦਰਾ ਸਿੱਖਾਂ ਦਾ ਕਤਲੇਆਮ ਬੰਦ ਕਰ!) ਇਸ ਅਜਲਾਸ ਵਿਚ 111 ਦੇਸ਼ਾਂ ਦੇ ਪ੍ਰਤੀਨਿਧ ਬੈਠੇ ਸਨ, ਜਿਨ੍ਹਾਂ ਦੀ ਹਰ 5 ਮਿੰਟ ਪਿੱਛੋਂ ਇਕ ਹੈਲੀਕਾਪਟਰ ਤੇ ਨਿਗਾਹ ਪੈਂਦੀ ਸੀ । ਹਰ 5 ਮਿੰਟ ਪਿੱਛੋਂ ਇੰਦਰਾ ਗਾਂਧੀ ਨੂੰ ਤਰੇਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਸਨ । ਇੰਦਰਾ ਦਾ ਚਿਹਰਾ ਪੀਲਾ ਭੂਕ ਹੋ ਜਾਂਦਾ ਸੀ । ਉਸ ਦੀ ਬਨਾਵਟੀ ਹਾਸੀ ਪਿੱਛੇ ਛਿਪੀ ਹੋਈ ਸ਼ਰਮਿੰਦਗੀ ਦੀ



Digitized by Panjab Digital Library | www.panjabdigilib.org

ਗਲੀਜ਼ਗੀ ਸਾਫ ਦਿਖਾਈ ਦੇ ਰਹੀ ਸੀ ।

ਮਿਸਜ਼ ਗਾਂਧੀ ਇਸ ਮੁਜਾਹਰੇ ਤੋਂ ਇਤਨੀ ਭੈਭੀਤ ਹੋਈ ਕਿ, ਉਸ ਨੇ ਜਾਂਦਿਆਂ ਹੀ ਪੰਜਾਬ ਵਿਚ ਦਰਬਾਰਾ ਸਿੰਘ ਵਜਾਰਤ ਤੋੜ ਦਿੱਤੀ ਤੇ ਰਾਸ਼ਟਰਪਤੀ ਰਾਜ ਦੇ ਪਰਦੇ ਹੇਠ ਐਮਰਜੈਂਸੀ ਠੋਕ ਦਿੱਤੀ । ਬਹਾਨਾ ਇਹ ਬਣਾਇਆ ਕਿ, ਢਿੱਲਵਾਂ ਦੇ ਕੋਲ 6 ਹਿੰਦੂ ਬੱਸ 'ਚੋਂ ਕੱਢ ਕੇ ਮਾਰ ਦਿੱਤੇ ਹਨ । ਭਾਵੇਂ ਕਿ ਹਰ ਰੋਜ਼ ਹੀ ਕਿਤੇ ਨਾ ਕਿਤੇ ਪੁਲਿਸ ਸਿੱਖਾਂ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰਦੀ ਸੀ ।

ਇੰਦਰਾ ਗਾਂਧੀ ਔਰੰਗਜ਼ੇਬ ਦੇ ਰਾਹ ਤੇ ਪੈ ਗਈ ਤੇ ਸਿੱਖਾਂ ਨੂੰ ਕੁਚਲਣ ਦੇ ਇਰਾਦੇ ਨਾਲ ਅਮਰੀਕਾ ਤੋਂ ਜਾਂਦਿਆਂ ਹੀ ਪਾਰਾ ਮਿਲਟਰੀ ਦੀਆਂ 40 ਬਟਾਲੀਅਨਾਂ ਨੂੰ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦੇ ਦਿੱਤਾ ਤਾਂ ਜੋ ਹਰਿਮੰਦਰ ਸਾਹਿਬ ਮੁਕੰਮਲ ਤੌਰ ਤੇ ਘੇਰ ਲਿਆ ਜਾਏ । ਅੰਦਰ ਸਿੰਘਾਂ ਨੇ ਵੀ ਹਥਿਆਰ ਸੰਭਾਲ ਲਏ ਤੇ ਸੰਤ ਭਿੰਡਰਾਂ ਨੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਜਦ ਫੌਜ ਦਾ ਹਮਲਾ ਹਰਿਮੰਦਰ ਸਾਹਿਬ ਤੇ ਹੋਇਆ ਸੁਣੋਗੇ, ਤਾਂ ਤੁਰੰਤ ਜਿੱਥੇ ਜਿੱਥੇ ਪੰਥ - ਵਿਰੋਧੀ ਹਨ, ਉਨ੍ਹਾਂ ਨੂੰ ਝਟਕਾ ਦਿਓ ਤੇ ਹਥਿਆਰ ਖਰੀਦਣੇ ਸ਼ੁਰੂ ਕਰ ਦਿਓ । ਸੰਤ ਭਿੰਡਰਾਂ ਨੇ ਕਿਹਾ ਕਿ, ਸਿਰ ਤਾਂ ਕੱਟਿਆ ਜਾ ਸਕਦਾ ਹੈ ਪਰ ਗੁਰਦਵਾਰੇ ਦੀ ਤਲਾਸ਼ੀ ਲੈਣ ਲਈ ਪੁਲਿਸ ਜਾਂ ਫੌਜ ਅੰਦਰ ਨਹੀਂ ਆਉਣ ਦਿੱਤੀ ਜਾਏਗੀ । ਸੰਤਾਂ ਦਾ ਬਿਆਨ ਇਸ ਤਰ੍ਹਾਂ ਸੀ: "ਸਿਰ ਤਾਂ ਕੱਟਿਆ ਜਾ ਸਕਦਾ ਹੈ ਪਰ ਹਰਿਮੰਦਰ ਸਾਹਿਬ ਵਿਚ ਕਿਸੇ ਪੁਲਿਸ ਅਫਸਰ ਨੂੰ ਤਲਾਸ਼ੀ ਲੈਣ ਲਈ ਜੀਉਂਦੇ ਜੀਅ ਪੈਰ ਨਹੀਂ ਪਾਉਣ ਦਿੱਤਾ ਜਾਏਗਾ ਤੇ ਨਾ ਹੀ ਕਿਸੇ ਨੂੰ ਤਲਾਸ਼ੀ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ ।" ਸੰਤ ਭਿੰਡਰਾਂ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦਿਆਂ ਕਿਹਾ ਕਿ ਜਦ ਵੀ ਕਿਸੇ ਸਿੱਖ ਦੇ ਕੰਨ ਵਿਚ ਇਹ ਆਵਾਜ਼ ਪਵੇ ਕਿ, ਪੁਲਿਸ ਨੇ ਹਰਿਮੰਦਰ ਸਾਹਿਬ ਵਿਚ ਪੈਰ ਧਰ ਦਿੱਤਾ ਹੈ, ਤਾਂ ਸੰਤ ਲੌਂਗੋਵਾਲ ਦੇ ਹੁਕਮ ਦੀ ਉਡੀਕ ਕੀਤੇ ਬਿਨਾਂ ਹਥਿਆਰ ਚੁੱਕ ਕੇ ਆਪਣੀ ਜ਼ਿੰਮੇਵਾਰੀ ਨਿਭਾਓ ।

ਹਿੰਦ ਸਰਕਾਰ ਦਾ ਪੁਲਿਸ ਨੂੰ ਹੁਕਮ ਸੀ ਕਿ ਅਤਿਵਾਦੀਆਂ ਨੂੰ ਦੇਖਦੇ ਹੀ ਗੋਲੀ ਮਾਰ ਦਿਓ । ਕਿਸੇ ਘਰ ਦੀ, ਮਕਾਨ ਜਾਂ ਬੰਦੇ ਦੀ ਤਲਾਸ਼ੀ ਲਓ, ਕੋਈ ਮਨਾਹੀ ਨਹੀਂ ਹੈ । ਸੰਤ ਭਿੰਡਰਾਂ ਨੇ ਸਰਕਾਰ ਦੇ ਇਸ ਮੁਗਲਈ ਹੁਕਮ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਕਿਹਾ ਕਿ, ਸਰਕਾਰ ਨੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਖਤਮ ਕਰਨ ਲਈ ਅਤਿਵਾਦੀਆਂ ਨੂੰ ਗੋਲੀ ਮਾਰ ਦੇਣ ਦਾ ਹੁਕਮ ਦਿੱਤਾ ਹੈ । ਸਰਕਾਰ ਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ, ਅਤਿਵਾਦੀ ਕੌਣ ਹੈ? ਸਰਕਾਰ ਸਿੱਖਾਂ ਦੇ ਮਕਾਨ ਤਬਾਹ ਕਰਨਾ ਚਾਹੁੰਦੀ ਹੈ ਤਾਂਹੀ ਇਹ ਹੁਕਮ ਦਿੱਤਾ ਹੈ । ਕਿਸੇ ਮਕਾਨ ਦੀ ਤਲਾਸ਼ੀ ਲਓ, ਖਿੜਕੀਆਂ ਦਰਵਾਜ਼ੇ ਤੋੜ ਦਿਓ ਜਾਂ ਅੱਗ ਲਾ ਕੇ ਤਬਾਹ ਕਰ ਦਿਓ ।

ਇਸ ਸਮੇਂ ਪੰਜਾਬ ਦਾ ਗਵਰਨਰ ਸ੍ਰੀ ਬੀ. ਡੀ. ਪਾਂਡੇ ਹਰਿਮੰਦਰ ਸਾਹਿਬ ਗਿਆ । ਸੰਤ ਲੌਂਗੋਵਾਲ ਨੇ ਗਵਰਨਰ ਪਾਂਡੇ ਨੂੰ ਕਿਹਾ ਕਿ, ਉਹ ਗੁਰੂ ਨਾਨਕ ਨਿਵਾਸ ਵਿਚ ਜਾ ਕੇ ਸੰਤ ਭਿੰਡਰਾਂ ਨਾਲ ਗੱਲਬਾਤ ਕਰ ਸਕਦੇ ਹਨ ਤੇ ਉਨ੍ਹਾਂ ਦੀ ਹਿਫਾਜ਼ਤ ਦਾ ਪੂਰਾ ਪੂਰਾ ਭਰੋਸਾ ਦਿੱਤਾ ਜਾਏਗਾ ਪਰ ਪੁਲਿਸ ਨੇ ਜਾਣ ਦਾ ਸੁਝਾਅ ਰੱਦ ਕਰਦੇ ਹੋਏ ਕਿਹਾ ਕਿ, ਸਕਿਉਰਿਟੀ ਕਾਰਨਾਂ ਕਰਕੇ ਉਨ੍ਹਾਂ ਨੂੰ ਨਹੀਂ ਜਾਣਾ ਚਾਹੀਦਾ । ਅਕਾਲੀ ਲੀਡਰ ਜ਼ੋਰ ਦੇ ਰਹੇ ਸਨ ਕਿ ਗੁਰੂ ਨਾਨਕ ਨਿਵਾਸ ਵਿਚ ਕੋਈ ਅਪਰਾਧੀ ਨਹੀਂ ਹੈ । ਸਰਕਾਰ ਝੂਠਾ ਪ੍ਰਾਪੇਗੰਡਾ ਕਰ ਰਹੀ ਹੈ । ਤੁਸੀਂ ਆਪ ਜਾ ਕੇ ਦੇਖ ਲਓ ਤੇ ਤਸੱਲੀ ਕਰ ਲਓ । ਪਰ ਹਿੰਦ ਸਰਕਾਰ ਗੁਰੂ ਨਾਨਕ ਨਿਵਾਸ ਤੇ ਕਮਾਂਡੋ ਰੇਡ ਕਰਨ ਦੀ ਸਕੀਮ ਬਣਾ ਚੁੱਕੀ ਸੀ



Digitized by Panjab Digital Library | www.panjabdigilib.org

ਤਾਂਕਿ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕੀਤਾ ਜਾ ਸਕੇ ।

ਅਮਰੀਕਣ ਅਕਾਲੀ ਦਲ ਨੇ ਇੰਦਰਾ ਗਾਂਧੀ ਪਾਸੋਂ ਹੇਠ ਲਿਖੇ ਸਵਾਲ ਪੁੱਛੇ, ਜਿਸ ਦੀ ਚਰਚਾ ਨੇ ਸੰਤ ਭਿੰਡਰਾਂ ਦੀ ਸਾਖ ਸਿੱਖਾਂ ਵਿਚ ਬਹੁਤ ਮਜ਼ਬੂਤ ਕਰ ਦਿੱਤੀ:

1 ਤੁਸੀਂ ਅੰਤਰ ਰਾਸ਼ਟਰੀ ਤੌਰ ਤੇ ਅਮਨ, ਇਨਸਾਫ, ਮਿਲਵਰਤਣ ਤੇ ਸ਼ਸ਼ਤਰ - ਤਿਆਗ ਦੀਆਂ ਗੱਲਾਂ ਕਰਦੇ ਹੋ ਪਰ ਪੰਜਾਬ ਵਿਚ ਪੁਲਿਸ ਮੁਕਾਬਲਿਆਂ ਰਾਹੀਂ ਮਾਸੂਮ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਦਾ ਖੂਨ ਕਰਵਾ ਰਹੇ ਹੋ ।

2 ਤੁਸੀਂ ਮਨੁੱਖ ਦੇ ਮਨੁੱਖੀ ਅਧਿਕਾਰਾਂ ਦਾ ਢੰਡੋਰਾ ਪਿੱਟਦੇ ਹੋ ਪਰ ਪੰਜਾਬ ਦੇ ਸਿੱਖਾਂ ਨੂੰ ਇਨ੍ਹਾਂ ਮਨੁੱਖੀ ਅਧਿਕਾਰਾਂ ਤੋਂ ਵਾਂਝੇ ਰੱਖ ਰਹੇ ਹੋ ।

3 ਤੁਸੀਂ ਨਿਪਾਲ ਤੋਂ ਇਸ ਗੱਲੋਂ ਔਖੇ ਹੋ ਕਿ ਉਨ੍ਹਾਂ ਭਾਰਤੀਆਂ ਨੂੰ ਸਰਹੱਦ ਤੇ ਪ੍ਰੇਸ਼ਾਨ ਕੀਤਾ ਹੈ ਪਰ ਹਰਿਆਣੇ ਦੇ ਧਾੜਵੀਆਂ ਵਲੋਂ ਪੰਜਾਬ ਦੀਆਂ ਸਰਹੱਦਾਂ ਤੇ ਸਿੱਖਾਂ ਨੂੰ ਰੋਕ ਰੋਕ ਕੇ ਤਲਾਸ਼ੀ ਲੈ ਕੇ ਬੇਇਜ਼ਤੀ ਕਰਕੇ ਲੰਘਣ ਬਾਰੇ ਨਹੀਂ ਕੁਸਕਦੇ ।

4 ਜਦੋਂ ਲੰਕਾ ਵਿਚ ਘੱਟ ਗਿਣਤੀ ਵਾਲੇ ਤਾਮਲਨਾਡੂ ਲੋਕ ਆਪਣੇ ਹੱਕ ਮੰਗਦੇ ਹਨ ਤਾਂ ਤੁਹਾਨੂੰ ਕੋਈ ਇਤਰਾਜ਼ ਨਹੀਂ ਤੇ ਅਸੀਂ ਵੀ ਉਨ੍ਹਾਂ ਦੀਆਂ ਮੰਗਾਂ ਜਾਇਜ਼ ਮੰਨਦੇ ਹਾਂ ਪਰ ਪੰਜਾਬ ਦੇ ਸਿੱਖਾਂ ਦੀਆਂ ਮੰਗਾਂ ਮੰਗਣਾ ਕਿਉਂ ਜੁਰਮ ਦੀ ਹੱਦ ਵਿਚ ਆ ਜਾਂਦਾ ਹੈ?

5 ਭਾਰਤੀ ਕਾਂਗਰਸ ਪਾਰਟੀ ਨੇ ਭਾਰਤ ਦੇਸ਼ ਤੇ ਪਾਕਿਸਤਾਨ, ਬੰਗਲਾ ਦੇਸ਼ ਤੇ ਆਜ਼ਾਦ ਕਸ਼ਮੀਰ ਆਦਿ ਬਣਾ ਕੇ ਟੁਕੜੇ ਟੁਕੜੇ ਕੀਤੇ ਹਨ, ਪਰ ਜੇਕਰ ਸਿੱਖ ਭਾਰਤ ਦੇ ਨਾਲ ਰਹਿੰਦੇ ਹੋਏ ਵੀ ਆਪਣੇ ਸਹੀ ਹੱਕ ਮੰਗਦੇ ਹਨ ਤਾਂ ਤੁਹਾਨੂੰ ਕੀ ਇਤਰਾਜ਼ ਹੈ?

6 ਭਾਰਤੀ ਸਰਕਾਰ ਅਤੇ ਤੁਸੀਂ ਫਲਸਤੀਨ ਗੁਰੀਲਿਆਂ ਦੀ ਜਥੇਬੰਦੀ ਵੱਲ ਆਪਣਾ ਘਰ ਤੇ ਦੇਸ ਮੰਗਣ ਦੀ ਪੂਰੀ ਮਦਦ ਕਰਦੇ ਹੋ। ਫਿਰ ਸਿੱਖ ਜਦੋਂ ਆਪਣਾ ਘਰ ਤੇ ਹੱਕ ਮੰਗਦੇ ਹਨ ਤਾਂ ਕਿਉਂ ਤੜਫਦੇ ਹੋ?

7 ਭਾਰਤ ਸਰਕਾਰ ਯੇਰੋਸ਼ਲਮ ਲਈ ਅੰਤਰ ਰਾਸ਼ਟਰੀ ਹੈਸੀਅਤ ਮੰਗਦੀ ਕਦੀ ਨਹੀਂ ਥੱਕਦੀ ਪਰ ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਵੱਲ ਨਜ਼ਰ ਕਿਉਂ ਨਹੀਂ ਜਾਂਦੀ?

ਹਰਿਆਣਾ ਵਿਚ ਇਸ ਸਮੇਂ ਸਿੱਖਾਂ ਤੇ ਬਹੁਤ ਜ਼ੁਲਮ ਹੋ ਰਹੇ ਸਨ। ਸੰਤ ਭਿੰਡਰਾਂ ਨੇ ਹਰਿਆਣੇ ਦੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਸਰਕਾਰ ਇਨ੍ਹਾਂ ਹਮਲਿਆਂ ਵਿਚ ਭਾਗੀਦਾਰ ਹੈ ਤੁਹਾਨੂੰ ਇਨਸਾਫ ਨਹੀਂ ਮਿਲਣਾ । ਆਪਦੀ ਰੱਖਿਆ ਆਪ ਕਰਨੀ ਸਿੱਖੋ ।

ਹੇਠਾਂ ਸੰਤ ਜਰਨੈਲ ਸਿੰਘ ਦਾ ਬਿਆਨ ਪੜ੍ਹੋ:

ਸਿੱਖ ਕੌਮ ਦੇ ਧਾਰਮਿਕ ਆਗੂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਹਰਿਆਣਾ ਅਤੇ ਹੋਰ ਰਾਜਾਂ ਵਿਚ ਵਸਦੇ ਸਿੱਖਾਂ ਨੂੰ ਆਪਦੀ ਰੱਖਿਆ ਆਪ ਕਰਨ ਦੀ ਹਿਦਾਇਤ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਆਪਣੀਆਂ ਪਰੰਪਰਾਵਾਂ ਅਨੁਸਾਰ ਪੂਰੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਡਟੇ ਰਹਿਣ ।

ਗੁਰੂ ਨਾਨਕ ਨਿਵਾਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਭਿੰਡਰਾਂ ਨੇ ਕਿਹਾ ਕਿ ਦੂਜੇ ਰਾਜਾਂ ਵਿਚ ਵਸਦੇ ਸਿੱਖ ਇਕੱਲੇ ਮਹਿਸੂਸ ਨਾ ਕਰਨ ਅਤੇ ਇਕੱਲੇ ਹੋ ਕੇ



Digitized by Panjab Digital Library | www.panjabdigilib.org

ਆਪਣੇ ਹੱਕ ਲੈਣ ਲਈ ਸਾਵਧਾਨ ਹੋ ਜਾਣ। ਪੰਜਾਬ ਵਿਚ ਵਸਦੇ ਸਿੱਖ ਹਰ ਢੰਗ ਨਾਲ ਉਨ੍ਹਾਂ ਦੀ ਪੂਰੀ ਮਦਦ ਕਰਨਗੇ।

### ਕੇਂਦਰ ਨੂੰ ਤਾੜਨਾ:

ਸੰਤ ਭਿੰਡਰਾਂ ਨੇ ਕੇਂਦਰ ਨੂੰ ਚਿਤਾਵਨੀ ਦਿੱਤੀ ਹੈ ਕਿ ਕੇਂਦਰੀ ਸਰਕਾਰ ਨੇ ਯਮਨਾ ਨਗਰ, ਜਗਾਧਰੀ, ਕੁਰੂਕਸ਼ੇਤਰ, ਕਰਨਾਲ ਅਤੇ ਹੋਰ ਥਾਵਾਂ ਤੇ ਫਿਰਕੂਆਂ ਵਲੋਂ ਕੀਤੇ ਜਾ ਰਹੇ ਹਮਲੇ ਬੰਦ ਨਾ ਕਰਾਏ ਤਾਂ ਇਸ ਦੇ ਗੰਭੀਰ ਸਿੱਟੇ ਨਿਕਲਣਗੇ, ਜਿਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਸੰਤ ਜੀ ਨੇ ਸਿੱਖ ਸੰਗਤਾਂ ਨੂੰ ਸਾਵਧਾਨ ਕਰਦਿਆਂ ਕਿਹਾ ਕਿ, ਸਿੱਖ ਸੰਗਤਾਂ ਨੂੰ ਭਾਰਤ ਸਰਕਾਰ ਦੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦੇਣ ਦੇ ਫੈਸਲੇ ਪਿੱਛੋਂ ਸੋਚ ਲੈਣਾ ਚਾਹੀਦਾ ਹੈ ਕਿ ਖੂਨ ਸਿੱਖਾਂ ਦਾ ਨਹੀਂ, ਹਿੰਦੂਆਂ ਦਾ ਮਹਿੰਗਾ ਹੈ ਕਿਉਂਕਿ 190 ਤੋਂ ਵੱਧ ਸਿੰਘ ਸ਼ਹੀਦ ਹੋ ਜਾਣ ਦੇ ਬਾਵਜੂਦ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ ਪਰ 7 ਹਿੰਦੂਆਂ ਦੇ ਕਤਲ ਪਿੱਛੋਂ ਤੜਫ ਉੱਠੀ ਹੈ। ਉਸ ਨੇ ਕੇਵਲ ਸਰਕਾਰ ਹੀ ਨਹੀਂ ਤੋੜੀ, ਰਾਸ਼ਟਰਪਤੀ ਰਾਜ ਲਾਗੂ ਕਰਕੇ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਦਿੱਤਾ ਹੈ।

ਸੰਤ ਜੀ ਨੇ ਭਾਰਤ ਸਰਕਾਰ ਨੂੰ ਪੁੱਛਿਆ ਕਿ, ਗੜਬੜ ਵਾਲਾ ਇਲਾਕਾ ਪੰਜਾਬ ਹੈ ਜਾਂ ਹਰਿਆਣਾ? ਜਿੱਥੇ ਯੋਜਨਾਬੱਧ ਢੰਗ ਨਾਲ ਸ਼ਰੇਆਮ ਸਿੱਖਾਂ ਤੇ ਹਮਲੇ ਹੋ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਸਿੱਖ ਪਹਿਲਾਂ ਕਦੇ ਕਿਸੇ ਤੇ ਹਮਲਾ ਨਹੀਂ ਕਰਦਾ ਪਰ ਆਪਣਾ ਹੱਕ ਜ਼ਰੂਰ ਲੈਂਦਾ ਹੈ। ਇਹ ਗੱਲ ਸਰਕਾਰ ਨੂੰ ਜ਼ਰੂਰ ਸਮਝ ਲੈਣੀ ਚਾਹੀਦੀ ਹੈ।

ਸੰਤ ਜਰਨੈਲ ਸਿੰਘ ਨੇ ਮੋਰਚਾ ਗਰਮ ਕਰਨ ਲਈ ਹਰ ਜ਼ਿਲ੍ਹੇ ਦੇ ਅਕਾਲੀ ਦਲ ਦੇ ਪਰਧਾਨਾਂ ਦੀ ਮੀਟਿੰਗ ਸੱਦ ਲਈ, ਜਿਸ ਤੇ ਸਰਕਾਰ ਬਹੁਤ ਘਬਰਾ ਗਈ। ਦੇਖੋ, ਅਖਬਾਰਾਂ ਵਿਚ ਛਪੀ ਹੇਠਲੀ ਖਬਰ:

## ਮੋਰਚਾ ਹੋਰ ਭਖਣ ਲੱਗਾ:

**ਅੰਮ੍ਰਿਤਸਰ** - ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ 11 ਅਕਤੂਬਰ ਨੂੰ ਪੰਜਾਬ ਭਰ ਦੇ ਜ਼ਿਲ੍ਹਿਆਂ ਦੇ ਅਕਾਲੀ ਪ੍ਰਧਾਨਾਂ ਦੀ ਮੀਟਿੰਗ ਬੁਲਾ ਲਈ ਹੈ, ਤਾਂ ਜੋ ਮੋਰਚੇ ਬਾਰੇ ਕੋਈ ਸਖਤ ਕਦਮ ਚੁੱਕਿਆ ਜਾ ਸਕੇ।

ਉਨ੍ਹਾਂ ਕਿਹਾ ਕਿ, ਇਹ ਮੀਟਿੰਗ ਸੰਤ ਲੌਂਗੋਵਾਲ ਨਾਲ ਗੱਲਬਾਤ ਅਤੇ ਸਲਾਹ ਕਰਨ ਉਪਰੰਤ ਹੀ ਬੁਲਾਈ ਗਈ ਹੈ। ਉਨ੍ਹਾਂ ਕਿਹਾ ਕਿ, ਪੰਜਾਬ ਬੰਦ ਦਿੱਲੀ ਤੱਕ ਵਿਸ਼ਾਲ ਮਾਰਚ ਅਤੇ ਰੇਲਾਂ ਕਈ ਦਿਨਾਂ ਤੱਕ ਰੋਕ ਲੈਣ ਵਰਗੇ ਮਸਲਿਆਂ ਤੇ ਵਿਚਾਰ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ, ਫੈਸਲਾ ਲਿਆ ਜਾਵੇਗਾ ਕਿ ਇੰਦਰਾ ਰਾਜ ਵਿਚ ਗੁਲਾਮੀ ਦਾ ਜੀਵਨ ਜਿਊਣਾ ਹੈ, ਜਾਂ ਕੋਈ ਹੋਰ ਤਰੀਕਾ ਧਾਰਨ ਕਰਨਾ ਹੈ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਪੰਜਾਬ ਦੀ ਹਾਲਤ ਬਾਰੇ ਦਿੱਲੀ ਗੱਲਬਾਤ ਕੀਤੀ ਅਤੇ ਬਾਅਦ ਵਿਚ ਪੰਜਾਬ ਦੇ ਗਵਰਨਰ ਮਿ. ਏ. ਪੀ. ਸ਼ਰਮਾ ਨਾਲ ਉਨ੍ਹਾਂ ਪੰਜਾਬ ਕੈਬਨਿਟ ਦੀ ਮੀਟਿੰਗ ਵੀ ਬੁਲਾਈ ਅਤੇ ਜ਼ਿਲ੍ਹਿਆਂ ਦੇ ਪੁਲਿਸ ਅਫਸਰਾਂ ਨੂੰ ਵੀ ਚੰਡੀਗੜ੍ਹ ਸੱਦਿਆ। ਪੁਲਸੀਆਂ ਨੂੰ ਨਵੀਨ ਅਤੇ ਆਟੋਮੈਟਿਕ ਹਥਿਆਰ ਦੇਣ ਦਾ ਫੈਸਲਾ



Digitized by Panjab Digital Library | www.panjabdigilib.org

ਹੋਇਆ ।

ਕੈਬਨਿਟ ਮੀਟਿੰਗ ਵਿਚ ਦੱਸਿਆ ਗਿਆ ਕਿ, ਅਕਾਲੀ ਛੇਤੀ ਹੀ ਇਕੱਤਰ ਹੋ ਕੇ ਅਤਿਵਾਦੀ ਸਰਗਰਮੀਆਂ ਨੂੰ ਵਧੇਰੇ ਹਵਾ ਦੇਣ ਦੇ ਯਤਨ ਵਿਚ ਹਨ। ਕਈ ਪੁਲਿਸ ਅਫਸਰ ਉਨ੍ਹਾਂ ਦੀ ਹਿੱਟ ਲਿਸਟ ਤੇ ਹਨ। ਡੀ. ਆਈ. ਜੀ. ਮਾਂਗਟ ਨੂੰ ਸੁਚੇਤ ਕਰ ਦਿੱਤਾ ਗਿਆ ਹੈ ਕਿ ਹਥਿਆਰਬੰਦ ਪੁਲਿਸ ਟੁਕੜੀ ਬਿਨਾਂ ਕਿਧਰੇ ਇਕੱਲੇ ਨਾ ਘੁੰਮਣ ।

ਇਸ ਬਾਰੇ ਵੀ ਵਿਚਾਰਿਆ ਗਿਆ ਕਿ ਅਤਿਵਾਦੀਆਂ ਨੇ ਰਾਧਾ ਸਵਾਮੀ ਗੁਰੂ ਹਰਚਰਨ ਸਿੰਘ ਨੂੰ ਮਾਰ ਦੇਣ ਦੀ ਜੋ ਧਮਕੀ ਦਿੱਤੀ ਹੈ, ਉਸ ਦੀ ਸੁਰੱਖਿਆ ਕੀਤੀ ਜਾਵੇ।

ਪੰਜਾਬ ਦੇ ਨੌਜਵਾਨ ਸਿੱਖ ਸੰਤ ਭਿੰਡਰਾਂ ਦੀ ਕਮਾਂਡ ਹੇਠ ਮੈਦਾਨ ਵਿਚ ਨਿੱਤਰ ਪਏ ਤੇ ਪਹਿਲੀ ਕਾਰਵਾਈ ਮੰਡੀ ਗੋਬਿੰਦਗੜ੍ਹ ਦੇ ਰੇਲਵੇ ਸਟੇਸ਼ਨ ਤੇ ਗੱਡੀ ਉਡਾ ਦੇਣਾ ਸੀ। ਥਾਂ ਥਾਂ ਤੇ ਸਿੱਖ ਜਥਿਆਂ ਨੇ ਇਤਨੇ ਰੇਡ ਕੀਤੇ ਕਿ, ਸਰਕਾਰ ਦੀ ਪੰਜਾਬ ਵਿਚ ਲਾਈ ਮਿੰਨੀ ਐਮਰਜੰਸੀ ਦੀਆਂ ਧੱਜੀਆਂ ਉਡਾ ਦਿੱਤੀਆਂ। ਸਾਰਾ ਹਿੰਦੁਸਤਾਨ ਹੀ ਰਣਭੂਮੀ ਬਣਦਾ ਜਾ ਰਿਹਾ ਸੀ । ਦਿੱਲੀ ਤੱਕ ਦੀਆਂ ਕੰਧਾਂ ਕੰਬ ਰਹੀਆਂ ਸਨ ।

## ਆਖਰੀ ਮੋਰਚਾ:

ਸੰਤ ਜਰਨੈਲ ਸਿੰਘ ਭਿੰਡਰਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ 200 ਸਾਲਾ ਬਰਸੀ ਤੇ ਬੋਲਦਿਆਂ ਕਿਹਾ ਕਿ, ਸਾਡਾ ਇਹ ਮੋਰਚਾ ਆਖਰੀ ਤੇ ਫੈਸਲਾਕੁਨ ਹੈ। ਉਨ੍ਹਾਂ ਕਿਹਾ ਕਿ, ਸਿੱਖਾਂ ਨੂੰ ਧਾਰਮਿਕ ਰਵਾਇਤਾਂ ਅਨੁਸਾਰ ਹਥਿਆਰ ਰੱਖਣ ਦੀ ਖੁੱਲ੍ਹ ਹੈ। ਪਰ ਇਹ ਹਥਿਆਰ ਬੇਕਸੂਰੇ ਲੋਕਾਂ ਵਿਰੁੱਧ ਨਹੀਂ ਵਰਤਣੇ ਚਾਹੀਦੇ। ਪਰ ਜੇ ਇਹ ਜਾਬਰ ਵਿਰੁੱਧ ਵਰਤੇ ਜਾਣ ਤਾਂ ਠੀਕ ਹਨ । ਉਨ੍ਹਾਂ ਕਿਹਾ ਕਿ, ਪੰਜਾਬ ਵਿਚ ਹਿੰਦੂ - ਸਿੱਖ ਏਕਤਾ ਜ਼ਰੂਰੀ ਹੈ। ਹਿੰਦੂਆਂ ਨੂੰ ਸਿੱਖਾਂ ਨਾਲ ਰਲ ਕੇ ਕੰਮ ਕਰਨਾ ਚਾਹੀਦਾ ਹੈ ਤੇ ਸਿੱਖਾਂ ਦੀਆਂ ਮੰਗਾਂ ਪੂਰੀਆਂ ਕਰਾਉਣ ਲਈ ਸਾਥ ਦੇਣਾ ਚਾਹੀਦਾ ਹੈ ਤੇ ਹਿੰਦੂ ਪੈਰ ਪਿੱਛੇ ਨਾ ਹਟਾਉਣ। ਸਰਕਾਰ ਨੇ ਇਸ ਗੱਲ ਤੋਂ ਡਰ ਕੇ ਭਿੰਡਰਾਂ ਦੇ ਬੰਦੇ ਪਿੰਡਾਂ ਵਿਚੋਂ ਫੜਨੇ ਸ਼ੁਰੂ ਕਰ ਦਿੱਤੇ ।

## ਭਿੰਡਰਾਂ ਨੂੰ ਗ੍ਰਿਫਤਾਰ ਕਰਾਉਣ ਦੀ ਮੁਹਿੰਮ

ਇਸੇ ਸਮੇਂ ਤੱਕ ਸਰਕਾਰ ਵਿਚਲੇ ਮਹਾਸ਼ੇ ਭਿੰਡਰਾਂ ਨੂੰ ਗ੍ਰਿਫਤਾਰ ਕਰਾਉਣ ਲਈ ਲਾਮਬੰਦ ਹੋ ਚੁੱਕੇ ਸਨ ਅਤੇ ਵੱਖੋ ਵੱਖ ਹਿੰਦੂ ਧਾਰਮਿਕ ਲੀਡਰਾਂ ਰਾਹੀਂ ਮੁਹਿੰਮ ਚਲਾ ਰਹੇ ਸਨ ਕਿ, ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰੋ। ਸਭ ਤੋਂ ਪਹਿਲਾਂ ਸਨਾਤਨ ਧਰਮ ਪ੍ਰਚਾਰ ਕੇਂਦਰ ਦੇ ਪਰਧਾਨ ਸਵਾਮੀ ਭਾਸਕਰ ਨੰਦ ਨੇ ਦਿੱਲੀ ਵਿਚ ਮੁਹਿੰਮ ਚਲਾ ਕੇ ਤੇ ਸੰਤ ਭਿੰਡਰਾਂ ਦੀ ਗ੍ਰਿਫਤਾਰੀ ਦੀ ਸਰਕਾਰ ਤੋਂ ਮੰਗ ਕੀਤੀ ।

## ਸੰਤ ਭਿੰਡਰਾਂ ਦੇ ਬਿਆਨ ਨਾ ਛਾਪਣ ਦੀ ਹਦਾਇਤ:

ਸਰਵ ਦੇਸ਼ਕ ਏਕਤਾ ਪ੍ਰਤੀਨਿਧ ਸਭਾ ਦੇ ਦਿੱਲੀ ਯੂਨਿਟ ਦੇ ਪਰਧਾਨ ਸ੍ਰੀ ਰਾਮ ਗੋਪਾਲ ਸਾਲਾਵਾਲੇ ਨੇ ਸੰਤ ਭਿੰਡਰਾਂ ਦੇ ਬਿਆਨ ਨਾ ਛਾਪਣ ਦੀ ਸਰਕਾਰ ਤੋਂ ਮੰਗ ਕੀਤੀ। ਸਰਕਾਰ ਨੇ ਮੰਗ ਮਨਜ਼ੂਰ ਕਰਦੇ ਹੋਏ ਅਖਬਾਰਾਂ ਨੂੰ ਹਦਾਇਤ ਜਾਰੀ ਕਰ ਦਿੱਤੀ। ਇਸ ਤੋਂ ਪਿੱਛੋਂ ਸੰਤ ਭਿੰਡਰਾਂ ਦੇ ਬਿਆਨ ਅਖਬਾਰਾਂ ਵਿਚ ਛਪਣੇ ਬਹੁਤ ਘੱਟ ਹੋ ਗਏ। ਸੰਤ ਆਪ ਵੀ ਇਸ ਨੂੰ ਠੀਕ ਮੰਨਦੇ ਹਨ ਤੇ ਉਹ ਆਪਣੀ ਟ੍ਰੇਪ ਰੀਕਾਰਡ ਕੀਤੀ ਸਪੀਚ ਵਿਚ ਕਹਿੰਦੇ ਵੀ



Digitized by Panjab Digital Library | www.panjabdigilib.org

ਹਨ ਕਿ ਅਖਬਾਰਾਂ ਤੇ ਪ੍ਰੈਸ਼ਰ ਹੈ। ਉਹ ਉਨ੍ਹਾਂ ਦੀ ਗੱਲ ਛਾਪਦੇ ਨਹੀਂ।

ਹਿੰਦ ਸਰਕਾਰ ਵੀ ਸੰਤਾਂ ਦੇ ਪੈਰੋਕਾਰਾਂ ਨੂੰ ਸਖਤੀ ਨਾਲ ਕੁਚਲਣ ਦੀ ਸਕੀਮ ਬਣਾ ਚੁੱਕੀ ਸੀ। ਗਰਹਿ ਮੰਤਰੀ ਸੇਠੀ ਨੇ ਗਵਰਨਰ ਪੰਜਾਬ ਨੂੰ ਹੁਕਮ ਜਾਰੀ ਕੀਤਾ, ਜਿਸ ਤੇ ਤਾਮੀਲ ਕਰਦੇ ਹੋਏ ਪੰਜਾਬ ਪੁਲਿਸ ਨੇ ਸੰਤ ਭਿੰਡਰਾਂ ਦੇ 1800 ਤੋਂ ਵੱਧ ਹਿਮਾਇਤੀ ਗ੍ਰਿਫਤਾਰ ਕਰ ਕੇ ਸੀਖਾਂ ਪਿੱਛੇ ਡੱਕ ਦਿੱਤੇ।

## ਗੁਰਦਵਾਰਿਆਂ ਦੀ ਤਲਾਸ਼ੀ ਦਾ ਪ੍ਰਤੀਕਰਮ:

ਨਵੰਬਰ 1983 ਵਿਚ ਹਿੰਦ ਸਰਕਾਰ ਨੇ ਗੁਰਦਵਾਰਿਆਂ ਦੀ ਤਲਾਸ਼ੀ ਲੈਣ ਦੀ ਮੁਹਿੰਮ ਚਲਾਈ। ਇਸ ਮਤਲਬ ਲਈ ਕਈ ਗੁਰਦਵਾਰਿਆਂ ਦੀ ਤਲਾਸ਼ੀ ਲਈ ਗਈ, ਜਿਨ੍ਹਾਂ ਵਿਚੋਂ ਗੁਰਦਵਾਰਾ ਮਸਤੂਆਣਾ, ਗੁਰਦਵਾਰਾ ਬੇਰ ਸਾਹਿਬ ਤੇ ਗੁਰਦਵਾਰਾ ਖਡੂਰ ਸਾਹਿਬ ਤੇ ਹਮਲਾ ਕਰਕੇ ਪੁਲਿਸ ਨੇ ਤਲਾਸ਼ੀ ਲਈ।

## ਬਗਾਵਤ ਦਾ ਐਲਾਨ:

ਸਿੱਖਾਂ ਵਿਚ ਸਰਕਾਰ ਦੀ ਇਸ ਸਾਜਿਸ਼ ਦਾ ਬੜਾ ਤਿੱਖਾ ਪ੍ਰਤੀਕਰਮ ਹੋਇਆ। ਇਸ ਸੰਬੰਧ ਵਿਚ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵਿਚ ਇਕ ਮੀਟਿੰਗ ਹੋਈ, ਜਿਸ ਵਿਚ ਸਰਕਾਰ ਵਿਰੁੱਧ ਬਗਾਵਤ ਦਾ ਐਲਾਨ ਕੀਤਾ ਗਿਆ।

ਜਦ ਖਬਰ ਅਖਬਾਰਾਂ ਵਿਚ ਛਪੀ ਤਾਂ ਸਰਕਾਰ ਦਾ ਕਹਿਰ ਸਿੱਖਾਂ ਤੇ ਬਹੁਤ ਵਧ ਗਿਆ। ਛਾਪੇ ਮਾਰ ਮਾਰ ਕੇ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ।

ਹੇਠ ਲਿਖੀ ਖਬਰ ਅਖਬਾਰ ਵਿਚ ਛਪੀ:

**ਅੰਮ੍ਰਿਤਸਰ** - ਸੂਚਨਾ ਮਿਲੀ ਹੈ ਕਿ ਸਿੱਖ ਯੂਥ ਫੈਡਰੇਸ਼ਨ ਦੇ ਸਕੱਤਰ ਸ. ਹਰਮਿੰਦਰ ਸਿੰਘ ਸੰਧੂ ਨੇ ਆਪਣੇ ਵਰਕਰਾਂ ਨੂੰ ਹਦਾਇਤ ਕੀਤੀ ਹੈ ਕਿ, ਪੁਲਿਸ ਜੇ ਸਿੱਖਾਂ ਤੇ ਸਖਤੀ ਜਾਂ ਜ਼ੁਲਮ ਕਰਨ ਤੋਂ ਨਹੀਂ ਹਟਦੀ ਤਾਂ ਉਸ ਦਾ ਮੁਕਾਬਲਾ ਕੀਤਾ ਜਾਏ। ਫੈਡਰੇਸ਼ਨ ਦੀ ਮੀਟਿੰਗ ਵਿਚ ਪੁਲਿਸ ਨਾਲ ਸਿੱਝਣ ਦੀ ਨਵੀਂ ਯੁੱਧ ਨੀਤੀ ਤਿਆਰ ਕਰ ਲਈ ਗਈ ਹੈ। ਪੁਲਿਸ ਜੇਕਰ ਕਿਸੇ ਸਿੱਖ ਤੇ ਜ਼ੁਲਮ ਕਰਦੀ ਹੈ, ਇਸਤਰੀ ਦੀ ਬੇਪਤੀ ਕਰਦੀ ਹੈ ਜਾਂ ਬਜ਼ੁਰਗ ਦੀ ਬੇਇਜ਼ਤੀ ਕਰਦੀ ਹੈ ਤਾਂ ਪੁਲਿਸ ਦਾ ਡਟ ਕੇ ਮੁਕਾਬਲਾ ਕਰੋ।

ਉਨ੍ਹਾਂ ਕਿਹਾ ਕਿ, ਪੁਲਿਸ ਸਮਗਲਰਾਂ ਤੇ ਸਮਾਜ ਵਿਰੋਧੀ ਅਨਸਰਾਂ ਦੀ ਆੜ ਲੈ ਕੇ ਬੇਗੁਨਾਹ ਸਿੱਖਾਂ ਤੇ ਜ਼ੁਲਮ ਢਾਹ ਰਹੀ ਹੈ। ਉਨ੍ਹਾਂ ਕਿਹਾ ਕਿ, ਰਾਸ਼ਟਰਪਤੀ ਰਾਜ ਲਾਗੂ ਹੋਣ ਤੋਂ ਪਿੱਛੋਂ ਪੁਲਿਸ ਤੇ 4000 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਵਿਚੋਂ 95 ਫੀ ਸਦੀ ਅਕਾਲੀ ਵਰਕਰ ਹਨ। 350 ਫੈਡਰੇਸ਼ਨ ਦੇ ਵਿਦਿਆਰਥੀ ਮੈਂਬਰ ਹਨ। ਉਨ੍ਹਾਂ ਕਿਹਾ ਕਿ, ਇਹ ਸਭ ਕੁਝ ਮੋਰਚੇ ਨੂੰ ਕਮਜ਼ੋਰ ਕਰਨ ਲਈ ਹੈ ਤੇ ਸਾਡੇ ਪਾਸ ਇਸ ਗੱਲ ਦੇ ਠੋਸ ਸਬੂਤ ਹਨ ਕਿ ਉਚ ਪੱਧਰ ਦੇ ਸਮਗਲਰਾਂ ਨੂੰ ਕਾਂਗਰਸੀਆਂ ਦੇ ਕਹਿਣ ਤੇ ਛੱਡ ਦਿੱਤਾ ਗਿਆ। ਜੋ ਸਮਗਲਰ ਕਾਂਗਰਸੀਆਂ ਨੂੰ ਹਿੱਸਾ ਦਿੰਦਾ ਹੈ, ਉਸ ਦੀ ਹਵਾ ਵੱਲ ਵੀ ਪੁਲਿਸ ਨਹੀ ਦੇਖ ਸਕਦੀ।

ਉਨ੍ਹਾਂ ਕਿਹਾ ਕਿ, ਜੇ ਪੁਲਿਸ ਔਰਤਾਂ ਦੀ ਬੇਪਤੀ ਕਰੇ, ਬਜ਼ੁਰਗਾਂ ਨੂੰ ਡਰਾ ਧਮਕਾ ਕੇ ਗ੍ਰਿਫਤਾਰ ਕਰੇ ਜਾਂ ਫਸਲਾਂ ਤੇ ਘਰ ਤਬਾਹ ਕਰੇ, ਤਾਂ ਉਨ੍ਹਾਂ ਦਾ ਡਟ ਕੇ ਮੁਕਾਬਲਾ ਕਰੋ। ਜੇ ਕੋਈ ਪੁਲਿਸ ਅਫਸਰ ਤਸ਼ੱਦਦ ਕਰਦਾ ਹੈ, ਉਸ ਦਾ ਨਾਂ ਸੰਤ ਭਿੰਡਰਾਂ ਦੇ ਹੈਡ ਕੁਆਟਰ ਵਿਚ



Digitized by Panjab Digital Library | www.panjabdigilib.org

ਭੇਜਿਆ ਜਾਏ ਤਾਂ ਕਿ ਉਸ ਨੂੰ ਸੋਧਣ ਲਈ ਐਕਸ਼ਨ ਲਿਆ ਜਾਵੇ। ਉਨ੍ਹਾਂ ਕੇਂਦਰੀ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ, ਪੰਜਾਬ ਦੀ ਹਕੂਮਤ ਵਲੋਂ ਫੈਲਾਈ ਜਾ ਰਹੀ ਦਹਿਸ਼ਤ ਤੁਰੰਤ ਖਤਮ ਕੀਤੀ ਜਾਵੇ ਵਰਨਾ ਸਰਕਾਰ ਨੂੰ ਇਸ ਦੀ ਬੜੀ ਭਾਰੀ ਕੀਮਤ ਅਦਾ ਕਰਨੀ ਪਵੇਗੀ।

## ਭਿੰਡਰਾਂ ਇਸ਼ਤਿਹਾਰੀ ਮੁਲਜ਼ਮ:

ਕੇਂਦਰੀ ਸਰਕਾਰ ਨੇ ਪਾਰਲੀਮੈਂਟ ਵਿਚ ਬਹਿਸ ਦੌਰਾਨ ਦੱਸਿਆ ਕਿ ਭਿੰਡਰਾਂ ਨੂੰ ਇਸ਼ਤਿਹਾਰੀ ਮੁਲਜ਼ਮ ਕਰਾਰ ਦੇ ਦਿੱਤਾ ਹੈ। ਇਸ ਮਤਲਬ ਲਈ ਪਾਰਲੀਮੈਂਟ ਵਿਚ ਹੋਈ ਬਹਿਸ ਦੇ ਕੁਝ ਹਿੱਸੇ:

"ਮਿਸਜ਼ ਇੰਦਰਾ ਗਾਂਧੀ ਨੇ ਪਾਰਲੀਮੈਂਟ ਵਿਚ ਬਿਆਨ ਦਿੱਤਾ ਹੈ ਕਿ, ਉਸ 'ਤੇ ਕੈਬਨਿਟ ਵਲੋਂ ਜਾਂ ਕਿਸੇ ਹੋਰ ਵਲੋਂ ਕੋਈ ਦਬਾਓ ਨਹੀਂ ਪੈ ਰਿਹਾ ਕਿ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਜਾਏ। ਪਰ ਪਾਰਲੀਮੈਂਟ ਦੇ ਬਾਹਰ ਕੁਝ ਲੋਕ ਰੌਲਾ ਪਾ ਰਹੇ ਹਨ ਤੇ ਸਰਕਾਰ ਤੇ ਦਬਾਓ ਪਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਪੁਲਿਸ ਭੇਜ ਕੇ ਸੰਤ ਭਿੰਡਰਾਂ ਅਤੇ ਹੋਰ ਅਤਿਵਾਦੀ, ਜੋ ਉਥੇ ਛਿਪੇ ਹੋਏ ਹਨ, ਨੂੰ ਗ੍ਰਿਫਤਾਰ ਕਰ ਲਿਆ ਜਾਏ।

ਇਸ ਦੇ ਉਤਰ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਬਿਆਨ ਦਿੱਤਾ ਹੈ ਕਿ ਜੇ ਪੁਲਿਸ ਦਰਬਾਰ ਸਾਹਿਬ ਵਿਚ ਭੇਜੀ ਤਾਂ ਇਸ ਦੇ ਨਤੀਜੇ ਖਤਰਨਾਕ ਹੋਣਗੇ। ਉਨ੍ਹਾਂ ਕਿਹਾ ਕਿ, ਪੁਲਿਸ ਸਿੱਖਾਂ ਦੀਆਂ ਲਾਸ਼ਾਂ ਉਪਰ ਦੀ ਗੁਜ਼ਰ ਕੇ ਹੀ ਦਰਬਾਰ ਸਾਹਿਬ ਵਿਚ ਦਾਖਲ ਹੋ ਸਕਦੀ ਹੈ।

ਪ੍ਰਕਾਸ਼ ਚੰਦ ਸੇਠੀ, ਭਾਰਤੀ ਗ੍ਰਹਿ ਮੰਤਰੀ ਨੇ 17 ਨਵੰਬਰ ਨੂੰ ਪਾਰਲੀਮੈਂਟ ਵਿਚ ਕਿਹਾ ਹੈ ਕਿ, ਦਰਬਾਰ ਸਾਹਿਬ ਵਿਚ ਅਤਿਵਾਦੀ ਹਨ। ਪਰ ਪੁਲਿਸ ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਮੁੱਖ ਰੱਖਦਿਆਂ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਹੁੰਦੀ। ਮਿਸਜ਼ ਗਾਂਧੀ ਨੇ ਪਾਰਲੀਮੈਂਟ ਵਿਚ ਪੰਜਾਬ ਬਾਰੇ ਹੋ ਰਹੀ ਬਹਿਸ ਵਿਚ ਦਖਲ ਦਿੰਦਿਆਂ ਕਿਹਾ ਕਿ ਇਹ ਕਹਿਣਾ ਗ਼ਲਤ ਹੈ ਕਿ, ਮੇਰੇ ਤੇ ਦਰਬਾਰ ਸਾਹਿਬ ਵਿਚ ਪੁਲਿਸ ਦਾਖਲ ਹੋਣ ਦਾ ਹੁਕਮ ਦੇਣ ਦਾ ਦਬਾਓ ਪੈ ਰਿਹਾ ਹੈ।

ਜਨਤਾ ਪਾਰਟੀ ਦੇ ਮਹਾਂਵੀਰ ਨੇ ਕਿਹਾ ਕਿ, ਪਰਧਾਨ ਮੰਤਰੀ ਨੇ ਕਿਹਾ ਸੀ ਕਿ ਪੁਲਿਸ ਦਰਬਾਰ ਸਾਹਿਬ ਦੇ ਅੰਦਰ ਨਹੀਂ ਭੇਜੀ ਜਾਏਗੀ ਪਰ ਪਰਧਾਨ ਮੰਤਰੀ ਨੇ ਕਿਹਾ ਕਿ, ਮੇਰੇ ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਪੁਲਿਸ ਦਰਬਾਰ ਸਾਹਿਬ ਵਿਚ ਭੇਜੋ ਪਰ ਹੁਣ ਪਰਧਾਨ ਮੰਤਰੀ ਨੇ ਕਿਹਾ ਕਿ, ਇਹ ਬਿਲਕੁਲ ਗ਼ਲਤ ਹੈ। ਉਨ੍ਹਾਂ ਕਿਹਾ ਕਿ, ਅਖਬਾਰ ਵਿਚ ਛਪੇ ਬਿਆਨ ਗ਼ਲਤ ਹਨ। ਮੇਰੇ ਵਾਸਤੇ ਹਰ ਰੋਜ਼ ਇਨ੍ਹਾਂ ਬਿਆਨਾਂ ਦੀ ਤਰਦੀਦ ਕਰਨਾ ਮੁਸ਼ਕਿਲ ਹੈ।

ਕਾਂਗਰਸ ਦੇ ਸ੍ਰੀ ਪੀ. ਸੀ. ਸ਼ੁਕਲਾ ਨੇ ਮੰਗ ਕੀਤੀ ਕਿ, ਪੁਲਿਸ ਦਰਬਾਰ ਸਾਹਿਬ ਵਿਚ ਦਾਖਲ ਹੋ ਕੇ ਸੰਤ ਜਰਨੈਲ ਸਿੰਘ ਭਿੰਡਰਾਂ ਤੇ ਦੂਸਰੇ ਅਤਿਵਾਦੀਆਂ ਨੂੰ ਗ੍ਰਿਫਤਾਰ ਕਰੇ ਉਨ੍ਹਾਂ ਕਿਹਾ ਕਿ, ਪੰਜਾਬ ਵਿਚਲੇ ਅਤਿਵਾਦੀਆਂ ਨੂੰ ਕਨੇਡਾ, ਅਮਰੀਕਾ ਤੇ ਬਰਤਾਨੀਆਂ ਤੋਂ ਹਥਿਆਰ ਅਤੇ ਰੁਪਏ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ, ਪਰਧਾਨ ਮੰਤਰੀ ਨੇ ਕਿਹਾ ਹੈ ਕਿ, ਪੁਲਿਸ ਦਰਬਾਰ ਸਾਹਿਬ ਵਿਚ ਦਾਖਲ ਨਹੀਂ ਹੋਵੇਗੀ ਪਰ ਮੈਂ ਇਨ੍ਹਾਂ ਤੋਂ ਪੁੱਛਦਾ ਹਾਂ ਕਿ, ਸਰਕਾਰ ਕਦੋਂ ਤੱਕ ਪੰਜਾਬ ਵਿਚ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਬੈਠੀ ਚੁੱਪ ਚਾਪ



Digitized by Panjab Digital Library | www.panjabdigilib.org

ਦੇਖਦੀ ਰਹੇਗੀ ਤੇ ਆਪਣਾ ਤਮਾਸ਼ਾ ਬਣਾਉਂਦੀ ਰਹੇਗੀ। ਉਨ੍ਹਾਂ ਕਿਹਾ ਕਿ, ਗੁਰਦਵਾਰੇ ਤੇ ਮੰਦਰ ਕਾਨੂੰਨ ਤੋਂ ਉਪਰ ਨਹੀਂ। ਇਸ ਸਮੇਂ ਗੁਰਦਵਾਰੇ ਅਤਿਵਾਦੀ ਅਕਾਲੀਆਂ ਦੇ ਗੜ੍ਹ ਬਣ ਰਹੇ ਹਨ ਤੇ ਅਕਾਲੀਆਂ ਨੂੰ ਜੰਮੂ ਕਸ਼ਮੀਰ ਤੇ ਪਾਕਿਸਤਾਨ ਤੋਂ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਜ਼ਿਲ੍ਹਾ ਗੁਜਰਾਂਵਾਲੇ ਵਿਚ ਅਤਿਵਾਦੀਆਂ ਨੂੰ ਹਥਿਆਰਾਂ ਦੀ ਟਰੇਨਿੰਗ ਦਿੱਤੀ ਜਾ ਰਹੀ ਹੈ।

ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਭਿੰਡਰਾਂ ਨੂੰ ਇਸ਼ਤਿਹਾਰੀ ਮੁਲਜ਼ਮ ਕਰਾਰ ਦੇਣ ਲਈ ਅਦਾਲਤ ਵਿਚ ਦਰਖਾਸਤ ਦਿੱਤੀ ਜਾਏਗੀ। ਰਾਜ ਸਭਾ ਦੇ ਸਈਅਦ ਸੁਹਾਬ ਉਲਦੀਨ ਤੇ ਏ. ਜੀ. ਕੁਲਕਰਨੀ ਨੇ ਸਰਕਾਰ ਤੇ ਇਲਜ਼ਾਮ ਲਗਾਇਆ ਕਿ ਸਰਕਾਰ ਭਿੰਡਰਾਂ ਦੇ ਮੁਆਮਲੇ ਵਿਚ ਨਰਮੀ ਵਰਤ ਰਹੀ ਹੈ। ਕੁਲਕਰਨੀ ਨੇ ਇਹ ਗੱਲ ਉਠਾਈ ਕਿ ਗੋਲਡਨ ਟੈਂਪਲ ਵਿਚ ਛੁਪੇ ਇਸ਼ਤਿਹਾਰੀ ਮੁਲਜ਼ਮਾਂ ਦੀ ਜੋ ਲਿਸਟ ਛਪੀ ਹੈ, ਉਸ ਵਿਚ ਸੰਤ ਭਿੰਡਰਾਂ ਦਾ ਨਾਂ ਨਹੀਂ ਹੈ। ਸ੍ਰੀ ਸੇਠੀ ਨੇ ਕਿਹਾ ਕਿ, ਸੰਤ ਭਿੰਡਰਾਂ ਦੇ ਖਿਲਾਫ ਵਕਤਨ ਫਵਕਤਨ ਕਈ ਇਲਜ਼ਾਮ ਲਾਏ ਗਏ ਹਨ ਪਰ ਅਜੇ ਤੱਕ ਉਨ੍ਹਾਂ ਨੂੰ ਇਸ਼ਤਿਹਾਰੀ ਮੁਲਜ਼ਮ ਕਰਾਰ ਨਹੀਂ ਕੀਤਾ ਗਿਆ। ਇਸ ਦਾ ਫੈਸਲਾ ਕਰਨਾ ਅਦਾਲਤ ਦਾ ਕੰਮ ਹੈ। ਕੁਲਕਰਨੀ ਨੇ ਕਿਹਾ ਕਿ, ਹੁਣ ਤੱਕ ਸਰਕਾਰ ਨੇ ਅਦਾਲਤ ਵਿਚ ਦਰਖਾਸਤ ਕਿਉਂ ਨਹੀਂ ਦਿੱਤੀ ਤੇ ਨਰਮ ਵਤੀਰਾ ਕਿਉਂ ਅਪਣਾਇਆ। ਸੇਠੀ ਨੇ ਅਕਾਲੀਆਂ ਤੇ ਇਹ ਇਲਜ਼ਾਮ ਲਗਾਇਆ ਕਿ ਪੰਜਾਬ ਸਰਕਾਰ ਦੇ ਵਾਰ ਵਾਰ ਕਹਿਣ ਤੇ ਵੀ ਇਸ਼ਤਿਹਾਰੀ ਮੁਲਜ਼ਮ, ਜੋ ਦਰਬਾਰ ਸਾਹਿਬ ਵਿਚ ਛੁਪੇ ਹੋਏ ਹਨ, ਨੂੰ ਪੁਲਿਸ ਦੇ ਹਵਾਲੇ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਸੀਂ ਅਕਾਲੀਆਂ ਨੂੰ ਪੂਰੀ ਲਿਸਟ ਵੀ ਦਿੱਤੀ ਸੀ ਪਰ ਉਨ੍ਹਾਂ ਕੋਈ ਅਮਲ ਨਹੀਂ ਕੀਤਾ।

ਕਾਂਗਰਸੀ ਉਮੀਦਵਾਰ ਸ੍ਰੀ ਰਹਿਮਤ ਅਲੀ ਦੇ ਸਵਾਲ ਦੇ ਉਤਰ ਵਿਚ ਸ੍ਰੀ ਸੇਠੀ ਨੇ ਕਿਹਾ ਕਿ, ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਤੇ ਜਜ਼ਬਾਤਾਂ ਦੀ ਕਦਰ ਕਰਦੇ ਹੋਏ ਅਸੀਂ ਪੁਲਿਸ ਦਰਬਾਰ ਸਾਹਿਬ ਵਿਚ ਨਹੀਂ ਭੇਜ ਰਹੇ।

ਖੁਸ਼ਵੰਤ ਸਿੰਘ ਨੇ ਕਿਹਾ ਕਿ, ਬੀਬੀ ਅਮਰਜੀਤ ਕੌਰ ਤੇ ਤਲਵਿੰਦਰ ਸਿੰਘ ਦੇ ਨਾਂ ਅਤਿਵਾਦੀਆਂ ਦੀ ਲਿਸਟ ਵਿਚ ਕਿਉਂ ਸ਼ਾਮਲ ਨਹੀਂ? ਜੋ ਅਤਿਵਾਦੀਆਂ ਦਾ ਦਿਮਾਗ ਸਮਝੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਮਰਜੀਤ ਕੌਰ ਆਜ਼ਾਦੀ ਨਾਲ ਤੁਰਦੀ ਫਿਰਦੀ ਹੈ ਤੇ ਤਲਵਿੰਦਰ ਸਿੰਘ ਪੱਛਮੀ ਜਰਮਨੀ ਵਿਚ ਹੈ ਤੇ ਉਸ ਨੂੰ ਭਾਰਤ ਲਿਆਉਣ ਲਈ ਕੇਸ ਅਦਾਲਤ ਵਿਚ ਹੈ।

ਸ੍ਰੀ ਬੀ. ਪੀ. ਮੌਰੀਆ ਨੇ ਕਿਹਾ ਕਿ, ਅਤਿਵਾਦੀਆਂ ਨੂੰ ਪਾਕਿਸਤਾਨ ਵਿਚ ਟਰੇਨਿੰਗ ਬਾਰੇ ਅਜੇ ਤੱਕ ਇਨਟੈਲੀਜੈਂਸ ਨੇ ਕੋਈ ਰੀਪੋਰਟ ਨਹੀਂ ਦਿੱਤੀ।

ਸਤਪਾਲ ਮਲਕ ਨੇ ਕਿਹਾ ਕਿ, ਵਿਰੋਧੀ ਪਾਰਟੀਆਂ ਨੇ ਗੋਲਡਨ ਟੈਂਪਲ ਦਾ ਦੌਰਾ ਕੀਤਾ ਤੇ ਪਿੱਛੋਂ ਬਿਆਨ ਦਿੱਤਾ ਕਿ ਉਥੇ ਕੋਈ ਅਤਿਵਾਦੀ ਨਹੀਂ ਹੈ। ਪਰ ਸੇਠੀ ਨੇ ਮੇਜ ਉਪਰ ਉਹ ਫਰਿਸ਼ਤ ਰੱਖੀ, ਜਿਸ ਵਿਚ ਅਤਿਵਾਦੀ, ਜੋ ਗੋਲਡਨ ਟੈਂਪਲ ਵਿਚ ਛੁਪੇ ਹੋਏ ਹਨ, ਦੇ ਨਾਮ ਸਨ। ਸੇਠੀ ਨੇ ਕਿਹਾ ਕਿ, ਦੇਸ਼ ਵਿਚ ਕੋਈ ਐਸਾ ਕਾਨੂੰਨ ਨਹੀਂ, ਜੋ ਅਪਰਾਧੀਆਂ ਦੇ ਧਾਰਮਿਕ ਅਸਥਾਨਾਂ ਵਿਚ ਛੁਪੇ ਹੋਣ ਦੀ ਹਾਲਤ ਵਿਚ ਪੁਲਿਸ ਨੂੰ ਉਥੇ ਜਾਣ ਤੋਂ ਰੋਕੇ। ਪਰ ਇਸ ਸਮੇਂ ਤਫਤੀਸ਼ੀ ਕਮੇਟੀ ਦੀ ਰੀਪੋਰਟ ਛਾਇਆ ਨਹੀਂ ਕੀਤੀ ਜਾ ਸਕਦੀ।

ਦਰਬਾਰ ਸਾਹਿਬ ਵਿਚ ਛੁਪੇ ਹੋਏ ਮੁਲਾਜ਼ਮਾਂ ਦੀ ਲਿਸਟ, ਜੋ ਹਿੰਦ ਸਰਕਾਰ ਨੇ ਪਬਲਿਸ਼ ਕੀਤੀ, ਉਹ ਇਸ ਪ੍ਰਕਾਰ ਹੈ:



Digitized by Panjab Digital Library | www.panjabdigilib.org

ਪਰਥਾ ਸਿੰਘ, ਦਿਲਬੀਰ ਸਿੰਘ, ਗੋਪਾਲ ਸਿੰਘ, ਸ਼ਹੀਦ ਬਲਬੀਰ ਸਿੰਘ ਸੰਧੂ, ਸ਼ਹੀਦ ਸਿੰਘ ਗਿੱਲ, ਸੁਖਦੇਵ ਸਿੰਘ, ਮਹਿੰਦਰ ਸਿੰਘ, ਸੁਲੱਖਣ ਸਿੰਘ,ਹਰਮਿੰਦਰ ਸਿੰਘ ਸੰਧੂ, ਸਵਰਨ ਸਿੰਘ, ਅੰਮ੍ਰਿਤ ਪਾਲ ਸਿੰਘ, ਸਤਿੰਦਰ ਜੀਤ ਸਿੰਘ, ਰਣਜੀਤ ਸਿੰਘ, ਗਿਆਨ ਸਿੰਘ, ਜਾਗੀਰ ਸਿੰਘ, ਠਾਕੁਰ ਸਿੰਘ, ਕਾਬਲ ਸਿੰਘ, ਅਨੋਖ ਸਿੰਘ, ਨੰਦ ਸਿੰਘ, ਗੁਰਮੁਖ ਸਿੰਘ, ਸੇਵਾ ਸਿੰਘ, ਮਨੇਜਰ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ, ਬਲਵੰਤ ਸਿੰਘ, ਗੁਰਨਾਮ ਸਿੰਘ, ਕੁਲਵੰਤ ਸਿੰਘ, ਜਗਦੇਵ ਸਿੰਘ, ਸਵਰਨ ਸਿੰਘ, ਲੱਖਾ ਸਿੰਘ, ਧੰਨਾ ਸਿੰਘ, ਜੋਗਾ ਸਿੰਘ, ਮੇਜਰ ਸਿੰਘ, ਉਤਮ ਸਿੰਘ, ਕਾਲਾ ਸਿੰਘ, ਬਿਕਰ ਸਿੰਘ, ਜਸਵੀਰ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਜੋਗਿੰਦਰ ਸਿੰਘ, ਕਰਮ ਸਿੰਘ, ਜੁਗਰਾਜ ਸਿੰਘ, ਅਰਜਨ ਸਿੰਘ, ਦਿਲਜੀਤ ਸਿੰਘ ਤੇ ਗੁਰਮੇਜ ਸਿੰਘ ।

ਭਾਰਤ ਵਿਚ ਸਭ ਲਈ ਹਿੰਦੂ ਰਿਵਾਜ ਚਾਲੂ ਕਰਨ ਲਈ ਸਰਕਾਰੀ ਸਾਜ਼ਿਸ਼ ਸ਼ੁਰੂ ਹੋ ਗਈ, ਜਿਸ ਮਤਲਬ ਲਈ ਦਿੱਲੀ ਵਿਚ 40 ਹਜ਼ਾਰ ਹਿੰਦੂਆਂ ਨੇ ਜਲੂਸ ਕੱਢਿਆ ਕਿ ਸਭ ਧਰਮ ਮਿਟਾ ਕੇ ਹਿੰਦੁਸਤਾਨ ਵਿਚ ਹਿੰਦੂ ਰਸਮੋਂ ਰਿਵਾਜ ਸ਼ੁਰੂ ਕਰੋ। ਇਸ ਸਮੇਂ ਸੰਤ ਭਿੰਡਰਾਂ ਹੀ ਇਕ ਐਸਾ ਲੀਡਰ ਸਿੱਖਾਂ ਨੂੰ ਦਿਸਦਾ ਸੀ, ਜੋ ਸਿੱਖ ਧਰਮ ਨੂੰ ਬਚਾ ਸਕਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਰੋਜ਼ ਹੀ ਸੰਤ ਭਿੰਡਰਾਂ ਦੇ ਜਥਿਆਂ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਰਹੇ ਸਨ, ਜਿਸ ਤੋਂ ਸਰਕਾਰ ਭੈਅਭੀਤ ਹੋ ਗਈ ਕਿਉਂਕਿ ਸਰਕਾਰ ਚਾਹੁੰਦੀ ਸੀ ਕਿ, ਸਿੱਖ ਧਰਮ ਨੂੰ ਜਲਦੀ ਤੋਂ ਜਲਦੀ ਖਤਮ ਕਰੀਏ ਪਰ ਸੰਤ ਭਿੰਡਰਾਂ ਵੱਧ ਤੋਂ ਵੱਧ ਸਿੰਘ ਸਜਾ ਰਿਹਾ ਸੀ ਸਰਕਾਰ ਨੇ ਸਿੱਖ ਧਰਮ ਨੂੰ ਖਤਮ ਕਰਨ ਲਈ ਸੰਤ ਭਿੰਡਰਾਂ ਨੂੰ ਖਤਮ ਕਰਨਾ ਜ਼ਰੂਰੀ ਸਮਝਿਆ ।

## ਸੋਨੇ ਨਾਲ ਤੋਲਣਾ:

ਨਵੰਬਰ 1983 ਦੇ ਅਖੀਰ ਵਿਚ ਨਿਰੰਕਾਰੀ ਗੁਰਬਚਨ ਸਿੰਘ ਦੇ ਕਥਿਤ ਕਾਤਲ ਰਣਜੀਤ ਸਿੰਘ ਨੂੰ ਕਿਸੇ ਅਕਾਲੀ ਲੀਡਰ ਨੇ ਦਿੱਲੀ ਦੀ ਸੀ. ਬੀ. ਆਈ. ਦੇ ਹਵਾਲੇ ਕਰ ਦਿੱਤਾ। ਸੰਤ ਜਰਨੈਲ ਸਿੰਘ ਨੇ ਕਿਹਾ ਕਿ, ਜਦੋਂ ਰਣਜੀਤ ਸਿੰਘ ਆਜ਼ਾਦ ਹੋ ਜਾਏਗਾ ਤਾਂ ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ, ਜਿਸ ਦਾ ਭਾਰਤ ਸਰਕਾਰ ਨੇ ਉਲਟਾ ਅਸਰ ਕਬੂਲਿਆ ਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ, ਸੰਤ ਜਰਨੈਲ ਸਿੰਘ ਭਿੰਡਰਾਂ ਮੁਲਜ਼ਮਾਂ ਨੂੰ ਪਨਾਹ ਦਿੰਦਾ ਹੈ। ਪਰ ਬਬਰ ਖਾਲਸਾ ਦੇ ਕਨਵੀਨੀਅਰ ਮੋਹਣ ਸਿੰਘ ਨੇ ਸੰਤ ਭਿੰਡਰਾਂ ਨੂੰ ਆਪਣੇ ਵਾਅਦੇ ਤੋਂ ਮੁਕਰ ਗਿਆ ਕਿਹਾ ਤੇ ਕਰੜੀ ਆਲੋਚਨਾਂ ਕੀਤੀ ਕਿ ਸੰਤਾਂ ਨੇ ਉਸ ਨਾਲ ਚੰਗਾ ਵਰਤਾ ਨਹੀਂ ਕੀਤਾ। ਇਸ ਗੱਲ ਤੋਂ ਬਬਰ ਖਾਲਸਾ ਤੇ ਭਿੰਡਰਾਂ ਵਿਚਕਾਰ ਪਹਿਲਾਂ ਹੀ ਵਧੀ ਹੋਈ ਖਿੱਚੋਤਾਣ ਹੋਰ ਵਧ ਗਈ ।

## ਕੀਮਤ ਤਾਰਨੀ ਪਵੇਗੀ:

ਇਨ੍ਹਾਂ ਦਿਨਾਂ ਵਿਚ ਹੀ ਰਾਜਿਸਥਾਨ ਵਿਚ ਚੋਰੂ ਸ਼ਹਿਰ ਵਿਚ ਗੁਰਦਵਾਰੇ ਨੂੰ ਅੱਗ ਲਾ ਦਿੱਤੀ ਗਈ ਤੇ ਇਸ਼ਤਿਹਾਰ ਵੀ ਲਾਏ ਗਏ ਕਿ, ਜੇ ਸਿੱਖ 24 ਘੰਟੇ ਦੇ ਵਿਚ ਇੱਥੋਂ ਨਾ ਨਿਕਲੇ ਤਾਂ, ਕਤਲ ਕਰ ਦਿੱਤੇ ਜਾਣਗੇ। ਸੰਤ ਜਰਨੈਲ ਸਿੰਘ ਨੇ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਅੱਗੇ ਛਾਤੀ ਡਾਹ ਦਿੱਤੀ ਤੇ ਕਿਹਾ ਕਿ, ਜੇ ਪੰਜਾਬੋਂ ਬਾਹਰ ਰਹਿੰਦੇ ਕਿਸੇ ਗੁਰੂਘਰ ਜਾਂ ਕਿਸੇ ਸਿੱਖ ਨੂੰ ਨੁਕਸਾਨ ਹੋਇਆ ਤਾਂ ਪੰਜਾਬ ਵਿਚ ਰਹਿੰਦੇ ਹਿੰਦੂਆਂ ਨੂੰ ਉਸ ਦੀ ਕੀਮਤ ਤਾਰਨੀ ਪਵੇਗੀ ।



Digitized by Panjab Digital Library | www.panjabdigilib.org

ਸਰਕਾਰ ਇਸ ਤੋਂ ਬਹੁਤ ਭੈਅਭੀਤ ਹੋ ਗਈ ਤੇ ਪੰਜਾਬ ਵਿਚੋਂ ਹਿੰਦੂ ਦੂਸਰੇ ਸੂਬਿਆਂ ਵੱਲ ਭੱਜਣੇ ਸ਼ੁਰੂ ਹੋ ਗਏ। ਸਰਕਾਰ ਦੀ ਸ਼ਹਿ ਤੇ ਦੂਸਰੇ ਸੂਬਿਆਂ ਵਿਚ ਸਿੱਖਾਂ ਤੇ ਹਮਲੇ ਸ਼ੁਰੂ ਹੋ ਗਏ। ਦਿੱਲੀ ਦੇ ਕੁਝ ਸਿੱਖ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦੇ ਕਤਲਾਂ ਦਾ ਕਾਰਨ ਸੰਤ ਭਿੰਡਰਾਂ ਦਾ ਪੰਜਾਬ ਵਿਚ ਹਿੰਦੂਆਂ ਨਾਲ ਗਲਤ ਵਰਤਾਅ ਦੱਸ ਰਹੇ ਸਨ। ਜਿਸ ਤੇ ਸਿੱਖਾਂ ਵਿਚ ਉਨ੍ਹਾਂ ਵਿਰੁੱਧ ਗੁੱਸਾ ਵਧ ਗਿਆ ਤੇ ਰਛਪਾਲ ਸਿੰਘ ਤੇ ਮਨਚੰਦਾ ਤਾਂ ਹਿੰਦ ਸਰਕਾਰ ਦੇ ਬਹੁਤ ਵੱਡੇ ਹੱਥਠੋਕੇ ਬਣ ਚੁੱਕੇ ਸਨ। ਇਨ੍ਹਾਂ ਤੋਂ ਬਦਲਾ ਲੈਣ ਲਈ ਦਿੱਲੀ ਵਿਚ ਹਰਬੰਸ ਸਿੰਘ ਮਨਚੰਦਾ ਤੇ ਰਛਪਾਲ ਸਿੰਘ ਨੂੰ ਸੋਧਣ ਲਈ ਸਿੰਘਾਂ ਦੇ ਜਥੇ ਚੜ੍ਹ ਪਏ।

## ਗੁਰੂ ਨਾਨਕ ਨਿਵਾਸ ਤੇ ਹਮਲਾ ਕਰੋ:

ਦਸੰਬਰ 1983 ਦੇ ਪਹਿਲੇ ਹਫਤੇ ਪਾਰਲੀਮੈਂਟ ਵਿਚ ਸਵਾਲ ਉਠਾਏ ਗਏ ਕਿ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰੋ। ਇਸ ਮਤਲਬ ਲਈ ਤਕਰੀਬਨ ਸਾਰੀਆਂ ਵਿਰੋਧੀ ਪਾਰਟੀਆਂ ਮੁਤਫਿਕ ਸਨ।

ਸੰਤ ਭਿੰਡਰਾਂ ਉਨ੍ਹਾਂ ਦਿਨਾਂ ਵਿਚ ਗੁਰੂ ਨਾਨਕ ਨਿਵਾਸ ਵਿਚ ਸਨ। ਨਵੀਂ ਦਿੱਲੀ ਵਿਚ ਕੇਂਦਰੀ ਸਰਕਾਰ ਦੇ ਕ੍ਰਿਸ਼ਨਾ ਸਵਾਮੀ, ਕੈਬਨਿਟ ਸੈਕਟਰੀ, ਸਕਿਓਰਿਟੀ ਐਡਵਾਈਜ਼ਰ ਆਰ. ਐਨ. ਰਾਓ, ਹੋਮ ਸੈਕਟਰੀ ਟੀ. ਐਨ. ਚਤਰਵੇਦੀ, ਇਨਟੈਲੀਜੈਂਸ ਬੀਊਰੋ ਤੇ ਡਾਇਰੈਕਟਰ ਸ੍ਰੀ ਕਪੂਰ ਤੇ ਹੋਰ ਉਚ ਅਧਿਕਾਰੀਆਂ ਦੀ ਮੀਟਿੰਗ ਹੋਈ, ਜਿਸ ਵਿਚ ਇਸ ਗੱਲ ਤੇ ਵਿਚਾਰ ਕੀਤੀ ਗਈ ਕਿ, ਜੇ ਗੁਰੂ ਨਾਨਕ ਨਿਵਾਸ ਤੇ ਹਮਲਾ ਕਰਕੇ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਏ ਤਾਂ ਪੰਜਾਬ ਦੇ ਆਮ ਲੋਕਾਂ ਤੇ (ਭਾਵ ਸਿੱਖਾਂ ਤੇ) ਕੀ ਅਸਰ ਹੋਏਗਾ? ਜੇ ਗੜਬੜ ਹੋਈ ਤਾਂ ਕਿੰਨਾ ਕੁ ਖ਼ੂਨ ਖਰਾਬਾ ਹੋਵੇਗਾ? ਇਸ ਪਲੈਨ ਤੇ ਕੰਮ ਕਰਨ ਲਈ ਸਰਕਾਰ ਨੇ ਸਰਹੱਦੀ ਪੁਲਿਸ, ਕੇਂਦਰੀ ਪੁਲਿਸ ਤੇ ਆਰਮਡ ਪੁਲਿਸ ਨੂੰ ਗੁਰੂ ਨਾਨਕ ਨਿਵਾਸ ਤੇ ਹਮਲਾ ਕਰਨ ਦੀਆਂ ਮਸ਼ਕਾਂ ਕਰਨ ਲਈ ਹੁਕਮ ਦੇ ਦਿੱਤਾ। ਸਰਕਾਰ ਨੇ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਕਿ ਗੁਰੂ ਨਾਨਕ ਨਿਵਾਸ ਹਰਿਮੰਦਰ ਸਾਹਿਬ ਦਾ ਹਿੱਸਾ ਨਹੀਂ ਹੈ।

## ਭਜਨ ਲਾਲ ਭੂਤਰ ਗਿਆ:

ਹਰਿਆਣੇ ਦਾ ਮੁਖ ਮੰਤਰੀ, ਭਜਨ ਲਾਲ ਇਨ੍ਹਾਂ ਦਿਨਾਂ ਵਿਚ ਬਹੁਤ ਹੀ ਲਲਕਾਰੇ ਮਾਰ ਰਿਹਾ ਸੀ। ਉਸ ਨੇ ਇਹ ਬਿਆਨ ਵੀ ਦੇ ਮਾਰਿਆ ਕਿ, ਜੇ ਪੰਜਾਬ ਸਰਕਾਰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਤੋਂ ਕੰਬਦੀ ਹੈ ਤਾਂ ਇਹ ਸੇਵਾ ਮੈਨੂੰ (ਭਾਵ ਭਜਨ ਲਾਲ ਨੂੰ) ਦਿੱਤੀ ਜਾਵੇ। ਜਿਸ ਦੀ ਅਕਾਲ ਸੈਨਾ ਨੇ ਨਿਖੇਧੀ ਕੀਤੀ।

ਦੇਖੋ ਅਖਬਾਰ ਵਿਚ ਛਪੀ ਖਬਰ:

## ਭਜਨ ਲਾਲ ਨੇ ਗਿੱਦੜ ਭਬਕੀ ਮਾਰੀ:

ਅੰਬਾਲਾ - ਵਿਸ਼ੇਸ਼ ਪ੍ਰਤੀਨਿਧ ਰਾਹੀਂ ਸੂਚਨਾ ਮਿਲੀ ਹੈ ਕਿ, ਹਰਿਆਣੇ ਦੇ ਮੁੱਖ ਮੰਤਰੀ ਚੌਧਰੀ ਭਜਨ ਲਾਲ ਨੇ ਕਿਹਾ ਕਿ ਪੰਜਾਬ ਦੀ ਸਥਿਤੀ ਬਹੁਤ ਖਰਾਬ ਹੈ। ਅਕਾਲੀਆਂ ਦਾ ਅੱਤਵਾਦੀਆਂ ਤੇ ਕੋਈ ਦਬਾਓ ਜਾਂ ਕੰਟਰੋਲ ਨਹੀਂ ਰਿਹਾ। ਉਨ੍ਹਾਂ ਕਿਹਾ ਕਿ, ਗੁਰੂ ਨਾਨਕ ਨਿਵਾਸ ਵਿਚ ਮੁਜਰਮ ਛੁਪੇ ਹੋਏ ਹਨ ਤੇ ਅਕਾਲੀ ਉਨ੍ਹਾਂ ਨੂੰ ਫੜ ਕੇ ਪੰਜਾਬ ਦੇ ਹਾਲਾਤ ਚੰਗੇ ਨਹੀਂ ਬਣਾਉਣਾ ਚਾਹੁੰਦੇ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਹਿੰਦੂ - ਸਿੱਖਾਂ ਵਿਚ ਕੋਈ ਤਣਾਓ ਨਹੀਂ। ਅਗਰ ਸਿੱਖਾਂ ਨੇ ਬਦਲਾ ਲੈਣ ਦੀ ਕਾਰਵਾਈ ਕੀਤੀ ਤਾਂ ਅਸੀਂ ਮੁਆਫ ਨਹੀਂ



Digitized by Panjab Digital Library | www.panjabdigilib.org

ਕਰਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਸਾਡਾ ਵੱਡਾ ਭਾਈ ਹੈ ਮਗਰ ਸਾਡੇ ਨਾਲ ਇਹ ਚੰਗਾ ਸਲੂਕ ਨਹੀਂ ਕਰ ਰਿਹਾ। ਜੇ ਪੰਜਾਬ ਸਰਕਾਰ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੇ ਹੁਕਮ ਦੀ ਤਾਮੀਲ ਨਹੀਂ ਕਰ ਸਕਦੀ ਤਾਂ ਕੇਂਦਰ ਸਰਕਾਰ ਸਾਨੂੰ ਹੁਕਮ ਦੇਵੇ। ਅਸੀਂ ਖੁਦ ਉਨ੍ਹਾਂ ਦੇ ਹੁਕਮ ਦੀ ਤਾਮੀਲ ਕਰਨ ਲਈ ਤਿਆਰ ਹਾਂ।

## ਭਜਨ ਲਾਲ ਨੂੰ ਜਵਾਬ

ਅਕਾਲੀ ਸੈਨਾ ਦੇ ਜਨਰਲ ਨੇ ਕਿਹਾ ਹੈ ਕਿ, ਜੇ ਭਜਨ ਲਾਲ ਵਿਚ ਬਹੁਤ ਤਾਕਤ ਆ ਗਈ ਹੈ ਤਾਂ ਹਮਲਾ ਕਰਕੇ ਵੇਖ ਲਵੇ। ਜਿਸ ਦਿਨ ਹਰਿਮੰਦਰ ਸਾਹਿਬ ਤੇ ਹਮਲਾ ਹੋਇਆ, ਤਾਂ ਉਸੇ ਦਿਨ ਧੋਤੀ ਟੋਪੀ ਜਮਨਾ ਪਾਰ ਕਰ ਦਿਆਂਗੇ ਤੇ ਪੰਜਾਬ ਹਰਿਆਣਾ ਤੇ ਹਿਮਾਚਲ ਨੂੰ ਆਜ਼ਾਦ ਰਾਜ ਹੋਣ ਦਾ ਐਲਾਨ ਕਰ ਦਿਆਂਗੇ। ਉਨ੍ਹਾਂ ਕਿਹਾ ਕਿ, ਅੱਜ ਭਜਨ ਲਾਲ ਵਰਗੇ ਨੂੰ ਵੀ ਬਿਆਨ ਦੇਣੇ ਆ ਗਏ ਹਨ। ਉਦੋਂ ਇਹ ਲੋਕ ਕਿੱਥੇ ਸਨ, ਜਦੋਂ ਤਿੰਨ ਤਿੰਨ ਹਜ਼ਾਰ ਇਨ੍ਹਾਂ ਦੀਆਂ ਔਰਤਾਂ ਬੰਨ੍ਹ ਕੇ ਗਜਨੀ ਨੂੰ ਜਾਂਦੀਆਂ ਸਨ? ਉਨ੍ਹਾਂ ਕਿਹਾ ਕਿ ਜੇ ਇਸ ਵਿਚ ਬਹੁਤ ਤਾਕਤ ਆ ਗਈ ਹੈ ਤਾਂ ਜਾ ਕੇ ਮਥਰਾ ਦੇ ਮੰਦਰ ਆਜ਼ਾਦ ਕਰਾ, ਜਿੱਥੇ ਤੁਹਾਡੀ ਧੋਤੀ ਤੇ ਟੋਪੀ ਉਪਰ ਮਸਜਦਾਂ ਤੇ ਹਜ਼ਾਰਾਂ ਮੂਰਤੀਆਂ ਅਜੇ ਵੀ ਮਸਜਦਾਂ ਦੇ ਹੇਠਾਂ ਦੱਬੀਆਂ ਪਈਆਂ ਹਨ। ਉਨ੍ਹਾਂ ਕਿਹਾ ਕਿ, ਮਹਾਸ਼ਿਆਂ ਵਾਲੀਆਂ ਗਿੱਦੜ ਭਬਕੀਆਂ ਸਿੰਘ ਸੁਣਨ ਦੇ ਆਦੀ ਨਹੀਂ ਹਨ।

ਉਨ੍ਹਾਂ ਕਿਹਾ ਕਿ, ਜੋ ਬਿਆਨ ਭਜਨ ਲਾਲ ਨੇ ਦਿੱਤਾ ਹੈ, ਉਹੀ ਸੰਤ ਭਿੰਡਰਾਂ ਨੇ ਦਿੱਤਾ ਸੀ ਤਾਂ ਸਾਰਾ ਹਿੰਦੂ ਸਾਮਰਾਜ ਬੌਖਲਾ ਉਠਿਆ। ਅੱਜ ਇਕ ਹਿੰਦੂ ਮਹਾਸ਼ੇ ਨੇ ਸਿੱਖਾਂ ਨੂੰ ਧਮਕੀ ਦਿੱਤੀ ਹੈ ਤਾਂ ਸਾਰੇ ਮਹਾਸ਼ੇ ਚੁੱਪ ਹਨ।

ਇਸ ਸਮੇਂ ਜਦ ਹਿੰਦ ਸਰਕਾਰ ਸਿੱਖਾਂ ਦੇ ਗੁਰਦਵਾਰਿਆਂ ਤੇ ਕਬਜ਼ਾ ਕਰਕੇ ਸਿੱਖ ਧਰਮ ਨੂੰ ਖਤਮ ਕਰਨਾ ਚਾਹੁੰਦੀ ਸੀ, ਵਿਦੇਸ਼ਾਂ ਵਿਚ ਹਿੰਦੂ ਸਿੱਖਾਂ ਨੂੰ ਬਦਨਾਮ ਕਰਨ ਵਿਚ ਸਰਗਰਮ ਸਨ ਤੇ ਦੂਸਰੇ ਰਾਜਾਂ ਵਿਚੋਂ ਨਿਕਲ ਜਾਣ ਲਈ ਸਕੀਮਾਂ ਬਣਾ ਬਣਾ ਕੇ ਹਿੰਦ ਸਰਕਾਰ ਨੂੰ ਸੁਝਾਅ ਭੇਜ ਰਹੇ ਸਨ।

ਇਸੇ ਤਰ੍ਹਾਂ ਦੇ ਦੋ ਖਤ 'ਇੰਡੋ - ਕਨੇਡੀਅਨ ਟਾਇਮਜ਼' ਦੇ 16 ਦਸੰਬਰ 1983 ਦੇ ਅੰਕ ਦੇ ਪੰਨਾ 11 ਉਪਰ ਛਪੇ ਸਨ, ਜਿਨ੍ਹਾਂ ਦੀਆਂ ਕਾਪੀਆਂ ਹੇਠਾਂ ਪੜ੍ਹੋ:

# ਕਨੇਡਾ - ਅਮਰੀਕਾ ਵਿਚ ਪਰਦੇ ਪਿੱਛੇ ਕੀ ਹੋ ਰਿਹਾ ਹੈ?

ਹੇਠ ਲਿਖੇ ਦੋ ਖਤ ਡਾਕ ਰਾਹੀਂ ਸਾਡੇ ਦਫਤਰ ਪੁੱਜੇ, ਜਿਸ ਵਿਚ ਹਿੰਦ ਸਰਕਾਰ ਦੀ ਪਾਲਿਸੀ ਅਨੁਸਾਰ ਸਰਕਾਰ ਦੇ ਮਹਾਸ਼ਾ ਵਿੰਗ ਵਲੋਂ ਸਿੰਘਾਂ ਨੂੰ ਅਤਿਵਾਦੀ ਅਤੇ ਵੱਖਵਾਦੀ ਦੇ ਫਤਵੇ ਦੇ ਕੇ ਬਦਨਾਮ ਕਰਨਾ, ਤਾਂਕਿ ਸਰਕਾਰ ਇਨ੍ਹਾਂ ਨੂੰ ਕੁਚਲਣ ਲਈ ਹੋਰ ਜ਼ੁਲਮ ਕਰ ਸਕੇ।


ਖਿਆਲ ਕੀਤਾ ਜਾਂਦਾ ਹੈ ਕਿ ਇਹ ਦੋਵੇਂ ਖਤ ਵੈਨਕੂਵਰ ਦੇ ਇਕ ਮਹਾਸ਼ਾ ਅਖਬਾਰ ਵਲੋਂ ਟਾਈਪ ਹੋ ਕੇ ਇਕ ਅਮਰੀਕਾ ਤੇ ਇਕ ਕਿਊਬਿਕ ਤੋਂ ਲਿਖਿਆ ਗਿਆ ਹੈ, ਪਰ ਕਿਊਬਿਕ ਵਾਲੇ ਤੇ ਮੋਹਰ ਵੀ ਵੈਨਕੂਵਰ ਦੇ ਵੱਡੇ ਡਾਕਖਾਨੇ ਦੀ ਹੀ ਹੈ।

ਅਸੀਂ ਦੋਨੋਂ ਖਤ ਹੂਬਹੂ ਹੀ ਅੰਗਰੇਜ਼ੀ ਵਿਚ ਦੇ ਰਹੇ ਹਾਂ ਤਾਂਕਿ ਸਰਕਾਰ ਦੀ ਸਰਪ੍ਰਸਤੀ ਹੇਠ ਕਨੇਡਾ ਵਿਚ ਮਹਾਸ਼ਿਆਂ ਦੀ ਜਮਾਤ ਬਾਰੇ ਪਾਠਕਾਂ ਨੂੰ ਪਤਾ ਲੱਗ ਸਕੇ।



Digitized by Panjab Digital Library | www.panjabdigilib.org

ਹੇਠ ਲਿਖੇ ਖਤ ਨੂੰ ਧਿਆਨ ਨਾਲ ਪੜ੍ਹਿਆਂ ਪਤਾ ਲੱਗੇਗਾ ਕਿ, ਪੰਜਾਬ ਤੋਂ ਬਾਹਰ ਦੇ ਸਿੱਖਾਂ ਦੀ ਜਾਨ ਮਾਲ ਨੂੰ ਖਤਰਾ ਹੈ:




**KHALISTAN MOVEMENT TAKES NEW DIMENSIONS**

The 36 pages secret report by the special Advisory Committee of Khalistan has started leaking out. According to the report the old concept of Khalistan has been rejected by a vast majority in India. Since a large number of *Harijan* and *Muslim* population would move to Khalistan, it has become necessry to expand the old concept. Most *Harijans*, according to their leaders, will join Sikhism.

Poona, Bombay, Bhopal, Jhansi, Lukhnow, Kanpore etc. will now be well within the boundry line with India. This would also give a large ocean frontage. Delhi to be the Capital of Republic of Khalistan.

Communism will be banned in the Republic of Khalistan. The joint armies of Pakistan and Khalistan will drive the Russians out of Afganistan. There would be every fear of mass movement of population between Khalistan and India at a critical time. Minorities to be advised well in advance to move Khalistan marked area for safety.



Digitized by Panjab Digital Library | www.panjabdigilib.org

Reported by:
Signature
Dr. D.P. Sinha, M. Sc., Ph. D.
Detroit (Michigan)

ਇਸ ਖਤ ਵਿਚ ਸਿੱਖਾਂ ਨੂੰ ਗੁਲਾਮ ਬਣਾ ਕੇ ਹਿੰਦੁਸਤਾਨ ਵਿਚ ਰੱਖਿਆ ਜਾਵੇਗਾ ਅਤੇ ਸਿੱਖਾਂ ਦੀ ਕੋਈ ਵੀ ਜਥੇਬੰਦੀ ਗ਼ੈਰ - ਕਾਨੂੰਨੀ ਹੋਵੇਗੀ। ਇਹ ਖਤ ਹਿੰਦੂ ਯੂਥ ਆਫ ਕੈਨੇਡਾ ਵਲੋਂ ਟਾਈਪ ਕੀਤਾ ਗਿਆ ਹੈ। ਪਰ ਵਿਰਸੇ ਵਿਚੋਂ ਮਿਲੀ ਬੁਜ਼ਦਿਲੀ ਦੀ ਝਲਕ ਇਸ ਵਿਚੋਂ ਵੀ ਸਾਫ ਦਿਸਦੀ ਹੈ। ਜਦੋਂ ਇਸ ਤੇ ਨਾਂ ਹੀ ਨਹੀਂ ਦਿੱਤਾ ਹੋਇਆ ਅਤੇ ਨਾ ਹੀ ਪਤਾ ਹੈ।

ਭਾਵੇਂ ਇਹ ਖਤ ਸਿੱਖਾਂ ਦਾ ਹੌਸਲਾ ਢਾਹੁਣ ਲਈ ਸਰਕਾਰ ਦੀ ਸਰਪ੍ਰਸਤੀ ਹੇਠ ਸੰਸਥਾਵਾਂ ਰਾਹੀਂ ਲਿਖਾਏ ਜਾਂਦੇ ਹਨ ਪਰ ਇਹ ਉਲਟਾ ਸਿੱਖ ਕੌਮ ਦੇ ਹੌਸਲੇ ਹੋਰ ਬੁਲੰਦ ਕਰਦੇ ਹਨ।

ਜਿਹੜੀ ਕੌਮ ਖੰਡੇ ਦੀ ਧਾਰ 'ਚੋਂ ਜਨਮੀ ਹੋਵੇ, ਉਸ ਦਾ ਕੋਈ ਕੀ ਵਿਗਾੜ ਸਕਦਾ ਹੈ?

## ਦੂਸਰੀ ਚਿੱਠੀ

### SIKHS AND THE FOLLOWERS OF MR. JINAH JOIN HANDS

Since 1947 the Hindi Nation has been much concerned about the active dialogue between the Sikhs and the Muslim. The present circumstances suggest that some sort of agreement between religious leaders of these communities has probably been reached. A religious agreement between the Sikhs and the Muslims could further divide India into pieces. What is this religious agreement? By this agreement both the Sikhs and the Muslims would abandon their age old enimity and confusion against each other and unite on the basis of common basic principles of their religions.

It is notable that founders of the Sikh religion set their religious principles very close to Islam and poles apart from Hinduism. Guru Nanak kept a Muslim follower with him all his life. Guru Hargobind and Guru Gobind Singh kept Muslim soldiers in their armies. The most important to note is that the foundation stone of the Golden Temple, the most sacred place for the Sikhs, was laid by a Muslim. The tyrant emperor Aurangzeb practiced butchery over innocent population and any one who come into his way. At the hand of the Mughal Army Guru Gobind Singh suffered heavy loss of his men including his four



Digitized by Panjab Digital Library | www.panjabdigilib.org

sons. On readıng *Zafarnama,* sent by Guru Gobind Singh Aurangzeb understood Sikh religion and the emperor repented his action against the Sikhs. Aurangzeb then desired a meeting with the Guru. The Guru was on his way to Delhi to meet Auranzeb when the latter suddenly expired and that killed the Sikhs' chance to get close to the Muslim.

In 1947 Mr. Jinah appealed to the Sikhs to forget the enemity and offered them to join Pakistan as partners. If the Hindus had not been clever the border of Pakistan would have been only a walking distance from Delhi. The Govt. of India should kill the Sikh movement before the situation gets out of hand.

The following immediate steps are suggested:

1. The Punjabi Sikh farmers in the adjoining districts with Pakistan be moved out of Madhya Predesh and the Hindu farmers be rehabilitated there and this area be declared as Union Territory.
2. Punjab be declared bilingual state.
3. Akali Dal party be banned and the S.G.P.C. be taken over by the Central Govt.
4. A small batch of the Sikhs only under the leadership of Govt. officer be allowed to visit Gurudwaras in Pakistan.
5. All Sikhs and Muslims leaving or entering Punjab, be required to register with the police.
6. All Indian Sikh and The Muslim be required to take a religious oath to the fact that they will ever remain faithful to the Hindu nation and Govt. of India.
7. The number of Sikhs in the Indian army be reduced.
8. No Sikh officer should be promoted to signifiance posts like chief of staff.
9. No Sikh be elected to the political offices like that of the president or governor.



Digitized by Panjab Digital Library | www.panjabdigilib.org

10. The emigration of the Sikhs to other countries be suspended. This is providing very dangerous for India's security.

HINDU YOUTH OF CANADA.

ਇਸੇ ਦੌਰਾਨ ਬਬਰ ਖਾਲਸਾ ਨੇ ਅਕਾਲੀ ਦਲ ਵਿਚ ਕਾਂਗਰਸ ਪੱਖੀ ਲੀਡਰਾਂ ਦੀ ਸ਼ਹਿ ਤੇ ਸੰਤ ਭਿੰਡਰਾਂ ਦੇ ਕਮਰਿਆਂ ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਖੂਨ ਖਰਾਬੇ ਲਈ ਉਕਸਾਇਆ। ਪਰ ਸੰਤਾਂ ਨੇ ਸ਼ਾਂਤਮਈ ਰਹਿ ਕੇ ਸਥਿਤੀ ਕਾਬੂ ਵਿਚ ਰੱਖੀ ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਅਕਾਲ ਤਖਤ ਤੇ ਚਲੇ ਗਏ।

ਘਟਨਾ ਇਸ ਤਰ੍ਹਾਂ ਹੋਈ ਕਿ, ਗੁਰੂ ਨਾਨਕ ਨਿਵਾਸ ਵਿਚ ਸੰਤ ਭਿੰਡਰਾਂ ਦੇ ਸਮਰਥਕਾਂ ਕੋਲ 29 ਕਮਰੇ ਸਨ, ਜੋ ਪਿਛਲੇ ਇਕ ਸਾਲ ਤੋਂ ਇਨ੍ਹਾਂ ਪਾਸ ਸਨ। ਬਬਰ ਖਾਲਸਾ ਨੇ ਧੱਕੇ ਨਾਲ ਇਨ੍ਹਾਂ ਵਿਚੋਂ ਕੁਝ ਕਮਰਿਆਂ ਤੇ ਕਬਜ਼ਾ ਕਰ ਲਿਆ। ਸੰਤ ਭਿੰਡਰਾਂ ਨੇ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਪਾਸ ਸ਼ਿਕਾਇਤ ਕੀਤੀ ਪਰ ਉਨ੍ਹਾਂ ਅੱਗੋਂ ਕਹਿ ਦਿੱਤਾ ਕਿ, ਅਸੀਂ ਕੁਝ ਨਹੀਂ ਕਰ ਸਕਦੇ। ਸੰਭਵ ਸੀ ਕਿ, ਗੁਰੂ ਨਾਨਕ ਨਿਵਾਸ ਵਿਚ ਭਿਅੰਕਰ ਖੂਨ ਖਰਾਬਾ ਹੋ ਜਾਂਦਾ ਤੇ ਬਬਰ ਖਾਲਸਾ ਦੀ ਕਾਫੀ ਦੇਰ ਤੋਂ ਸੰਤ ਭਿੰਡਰਾਂ ਨੂੰ ਕਤਲ ਕਰਨ ਦੀ ਮਨਸ਼ਾ ਪੂਰੀ ਹੋ ਜਾਂਦੀ ਪਰ ਸੰਤਾਂ ਨੇ ਸਬਰ ਤੋਂ ਕੰਮ ਲੈਂਦਿਆਂ ਕਿਹਾ ਕਿ, ਅਸੀਂ ਖਾਲਸੇ ਵਿਚ ਖੂਨ ਖਰਾਬਾ ਨਹੀਂ ਦੇਖਣਾ ਚਾਹੁੰਦੇ। ਇਸ ਸਮੇਂ ਪੰਥ ਵਿਚ ਇਕੱਠ ਹੋਣਾ ਚਾਹੀਦਾ ਹੈ। ਉਹ ਆਪਣੇ ਸਾਥੀਆਂ ਨੂੰ ਲੈ ਕੇ ਗੁਰੂ ਨਾਨਕ ਨਿਵਾਸ ਛੱਡ ਕੇ ਸ੍ਰੀ ਅਕਾਲ ਤਖਤ ਸਾਹਿਬ ਵਿਚ ਚਲੇ ਗਏ। ਬਬਰ ਖਾਲਸਾ ਦੀ ਸੰਤ ਭਿੰਡਰਾਂ ਨੂੰ ਕਤਲ ਕਰਨ ਦੀ ਸਾਜਿਸ਼ ਧਰੀ ਧਰਾਈ ਹੀ ਰਹਿ ਗਈ।

ਸਰਕਾਰ ਇਸ ਸਮੇਂ ਤੱਕ ਗੁਰੂ ਨਾਨਕ ਨਿਵਾਸ ਤੇ ਹਮਲਾ ਕਰਕੇ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਨੂੰ ਟਰੇਨਿੰਗ ਦੇ ਰਹੀ ਸੀ ਪਰ ਜਦ ਸੰਤ ਭਿੰਡਰਾਂ ਸ੍ਰੀ ਅਕਾਲ ਤਖਤ ਤੇ ਚਲੇ ਗਏ ਤਾਂ ਸਰਕਾਰ ਨੇ ਇਹ ਸਾਰਾ ਓਪਰੇਸ਼ਨ ਫੌਜ ਦੇ ਹਵਾਲੇ ਕਰ ਦਿੱਤਾ। ਇਸ ਮਤਲਬ ਲਈ ਪਹਿਲਾਂ ਮਧਿਆ ਪ੍ਰਦੇਸ਼ ਵਿਚ, ਫਿਰ ਦੇਹਰਾਦੂਨ ਕੋਲ ਚਕਰਾਤੇ ਦੀਆਂ ਪਹਾੜੀਆਂ ਵਿਚ ਫੌਜ ਨੂੰ ਹਰਿਮੰਦਰ ਸਾਹਿਬ ਦਾ ਮਾਡਲ ਬਣਾ ਕੇ ਹਮਲੇ ਲਈ ਸਿਖਲਾਈ ਹੁੰਦੀ ਰਹੀ। ਇਸ ਵਿਚ ਫੌਜੀ ਕਮਾਂਡਰ ਵੀ ਚੁਣ ਚੁਣ ਕੇ ਨਿਰੰਕਾਰੀ ਲਾਏ ਗਏ ਕਿਉਂਕਿ ਹਿੰਦ ਸਰਕਾਰ ਸੰਤ ਭਿੰਡਰਾਂ ਨੂੰ ਹੁਣ ਸਰਕਾਰ ਲਈ ਭਾਰੀ ਖਤਰਾ ਮਹਿਸੂਸ ਕਰਨ ਲੱਗ ਪਈ ਸੀ।

## ਖਾਲਸਾ ਫੌਜ ਵਲੋਂ ਛਾਪੇ ਜਾਰੀ

ਸੰਤ ਭਿੰਡਰਾਂ ਹੁਣ ਤੱਕ ਅਨੁਭਵ ਕਰ ਚੁੱਕੇ ਸਨ ਕਿ ਹਿੰਦ ਸਰਕਾਰ ਤੋਂ ਸਿੱਖਾਂ ਨੂੰ ਆਜ਼ਾਦੀ ਹਾਸਲ ਕਰਨ ਲਈ ਜ਼ਰੂਰੀ ਹੈ ਕਿ, ਸਿੱਖ ਕੌਮ ਨੂੰ ਹਥਿਆਰਬੰਦ ਕੀਤਾ ਜਾਏ ਤੇ ਉਨ੍ਹਾਂ ਸਾਰੇ ਅਫਸਰਾਂ ਨੂੰ ਸੋਧ ਦਿੱਤਾ ਜਾਏ, ਜੋ ਸਿੱਖਾਂ ਤੇ ਸਿੱਖ ਕਕਾਰਾਂ ਦਾ ਮਖੌਲ ਉਡਾਉਂਦੇ ਹਨ ਜਾਂ ਬੇਗੁਨਾਹੇ ਸਿੱਖਾਂ ਨੂੰ ਕਤਲ ਕਰਦੇ ਹਨ। ਉਨ੍ਹਾਂ ਨੇ ਇਹ ਗੱਲ ਚੰਗੀ ਤਰ੍ਹਾਂ ਭਾਂਪ ਲਈ ਸੀ ਕਿ, ਸਿੱਖ ਆਜ਼ਾਦੀ ਦੀ ਲੜਾਈ ਹਥਿਆਰਾਂ ਨਾਲ ਹੀ ਜਿੱਤ ਸਕਦੇ ਹਨ।

ਥਾਣੇਦਾਰ ਬਿੱਛੂ ਰਾਮ ਨੂੰ ਫੀਰੋਜ਼ਪੁਰ ਦੇ ਪਿੰਡ ਜੈ ਸਿੰਘ ਵਾਲਾ ਵਿਚ ਗੋਲੀਆਂ ਨਾਲ ਉਡਾ ਦਿੱਤਾ। ਇਹ ਉਹੀ ਬਿੱਛੂ ਰਾਮ ਸੀ, ਜਿਸ ਨੇ ਇਕ ਸਿੰਘ ਦੀ ਦਾਹੜੀ ਵੱਢ ਕੇ ਕਹਿ ਦਿੱਤਾ ਸੀ ਕਿ "ਜਾਹ, ਭਿੰਡਰਾਂਵਾਲੇ ਕੋਲ ਲੈ ਜਾਹ।" ਦੂਸਰੇ ਪਾਸੇ ਖਾਲਸਾ ਫੌਜ ਦੇ ਦਸਤੇ ਥਾਂ



Digitized by Panjab Digital Library | www.panjabdigilib.org

ਥਾਂ ਹਿੰਦ ਸਰਕਾਰ ਦੀ ਜ਼ਾਲਮ ਪੁਲਿਸ ਨਾਲ ਲੋਹਾ ਲੈ ਰਹੇ ਸਨ। ਉਹ ਸਿੱਖ ਵਿਰੋਧੀ ਕੱਟੜ ਅਨਸਰ ਨੂੰ ਸੋਧ ਰਹੇ ਸਨ।

ਗੁਰਚਰਨ ਸਿੰਘ ਟੌਹੜਾ ਨੇ ਬਬਰ ਖਾਲਸਾ ਤੇ ਸੰਤ ਭਿੰਡਰਾਂ ਵਿਚਾਕਰ ਸੁਲਾਹ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਬਬਰ ਖਾਲਸੇ ਵਲੋਂ ਅਨੇਕਾਂ ਵਾਰ ਸੰਤਾਂ ਨੂੰ ਕਤਲ ਕਰਨ ਦਾ ਇਤਿਹਾਸ ਦੇਖਦੇ ਹੋਏ ਸੰਤਾਂ ਨੇ ਸੁਲਾਹ ਕਰਨ ਤੋਂ ਨਾਂਹ ਕਰ ਦਿੱਤੀ।

**1984**

ਸਿੱਖ ਕੌਮ ਲਈ 1984 ਸਾਲ ਬੜਾ ਹੀ ਮੰਦਭਾਗਾ ਹੋ ਕੇ ਚੜ੍ਹਿਆ। ਗਿਆਨੀ ਸਿੰਘ ਗੜ੍ਹੇਵਾਲੀ ਦੀ ਲੜਕੀ ਨਿਰਲੇਪ ਕੌਰ ਨੇ ਸੰਤ ਭਿੰਡਰਾਂ ਵਿਰੁੱਧ ਪ੍ਰਚਾਰ ਦਾ ਜਹਾਦ ਖੜ੍ਹਾ ਕਰ ਦਿੱਤਾ। ਉਸ ਨੂੰ ਭਲੀ ਭਾਂਤ ਪਤਾ ਸੀ ਕਿ, ਭਾਰਤੀ ਸਰਕਾਰ ਭਿੰਡਰਾਂ ਦੇ ਖੂਨ ਦੀ ਪਿਆਸੀ ਹੈ ਅਤੇ ਸਿੱਖ ਕੌਮ ਨੂੰ ਸੇਧ ਦੇ ਕੇ ਕੌਮ ਵਿਚ ਮੁੜ ਖਾਲਸਾਈ ਸ਼ਾਨ ਭਰ ਦੇਣ ਵਾਲਾ ਭਿੰਡਰਾਂ ਸ੍ਰੀ ਅਕਾਲ ਤਖਤ ਤੋਂ ਫੌਜ ਨੂੰ ਸੇਧ ਦੇ ਰਿਹਾ ਹੈ। ਪਰ ਬੀਬੀ ਨਿਰਲੇਪ ਕੌਰ ਨੇ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਸੰਤ ਭਿੰਡਰਾਂ ਸ੍ਰੀ ਅਕਾਲ ਤਖਤ ਤੋਂ ਬਾਹਰ ਆਵੇ। ਮਤਲਬ ਸਿਰਫ ਇਹ ਸੀ ਕਿ ਜੇ ਸੰਤ ਭਿੰਡਰਾਂ ਦਰਬਾਰ ਸਾਹਿਬ ਦੇ ਇਹਾਤੇ ਤੋਂ ਬਾਹਰ ਆ ਜਾਂਦਾ ਹੈ ਤਾਂ ਸਰਕਾਰ ਇਕ ਦਮ ਉਸ ਨੂੰ ਗ੍ਰਿਫਤਾਰ ਕਰਕੇ ਸੀਖਾਂ ਪਿੱਛੇ ਡੱਕ ਦੇਵੇਗੀ ਅਤੇ ਸਿੱਖ ਕੌਮ ਵਿਚ 'ਸਿੰਘ ਸਜੋ' ਦੀ ਲਹਿਰ ਕਮਜ਼ੋਰ ਪਵੇਗੀ। ਇਸ ਦਾ ਫਾਇਦਾ ਕਾਂਗਰਸ ਨੂੰ ਹੋਵੇਗਾ ਪਰ ਘੱਟ ਸੋਝੀਵਾਲ ਲੀਡਰ ਕਦੇ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਸੋਚਦੇ।

ਦਰਬਾਰ ਸਾਹਿਬ ਤੇ ਹਮਲਾ ਕਰਕੇ ਭਾਰਤੀ ਪੁਲਿਸ ਤਰ੍ਹਾਂ ਤਰ੍ਹਾਂ ਦੇ ਬਿਆਨ ਦੇ ਰਹੀ ਸੀ ਕਿ, ਦਰਬਾਰ ਸਾਹਿਬ ਅਤਿਵਾਦੀਆਂ ਦਾ ਅੱਡਾ ਬਣਾ ਦਿੱਤਾ ਗਿਆ ਹੈ। ਉਥੇ ਹਥਿਆਰ ਜਮ੍ਹਾਂ ਹੋ ਰਹੇ ਹਨ, ਦਰਬਾਰ ਸਾਹਿਬ ਹਥਿਆਰਾਂ ਦਾ ਡੀਪੂ ਬਣ ਗਿਆ ਹੈ।

## ਆਪੋਧਾਪ

ਦੂਸਰੇ ਪਾਸੇ ਜਦੋਂ ਸੰਤ ਭਿੰਡਰਾਂ ਅਕਾਲ ਤਖਤ ਪੁੱਜੇ ਸਨ ਤਾਂ ਸਰਕਾਰ ਦੀ ਸੰਤ ਭਿੰਡਰਾਂ ਨੂੰ ਗੁਰੂ ਨਾਨਕ ਨਿਵਾਸ ਵਿਚੋਂ ਪੁਲਿਸ ਦੇ ਕਮਾਂਡੋ ਰੇਡ ਰਾਹੀਂ ਗ੍ਰਿਫਤਾਰ ਕਰਨ ਦੀ ਸਾਜ਼ਿਸ਼ ਫੇਅਲ ਹੋ ਗਈ। ਉਨ੍ਹਾਂ ਫੌਜ ਨੂੰ ਦਰਬਾਰ ਸਾਹਿਬ ਤੇ ਹਮਲਾ ਕਰਨ ਦੀ ਤਿਆਰੀ ਲਈ ਮਸ਼ਕਾਂ ਕਰਨ ਤੇ ਪੂਰਾ ਜ਼ੋਰ ਲਾ ਦਿੱਤਾ।

ਜਥੇਦਾਰ ਟੌਹੜਾ ਬਿਆਨਾਂ ਤੇ ਬਿਆਨ ਦੇ ਰਿਹਾ ਸੀ ਕਿ ਜੇ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਸਿੱਖ ਹਮੇਸ਼ਾਂ ਲਈ ਭਾਰਤ ਤੋਂ ਵੱਖ ਹੋ ਜਾਣਗੇ। ਮੋਰਚੇ ਨੂੰ ਤੇਜ਼ ਕਰਨ ਲਈ 26 ਜਨਵਰੀ ਤੋਂ ਪਿੱਛੋਂ ਸਰਕਾਰ ਨੂੰ ਬਾਈਕਾਟ ਕਰਨ ਦਾ ਅਗਲਾ ਕਦਮ ਚੁੱਕਣਾ ਸੀ। ਇਨ੍ਹਾਂ ਦਿਨਾਂ ਵਿਚ ਹੀ ਅੰਮ੍ਰਿਤਸਰ ਵਿਚ ਹਿੰਦੂ ਸੰਗਠਿਤ ਸੰਘ ਤੇ ਸ਼ਿਵਾ ਜੀ ਦਲ ਦੀ ਮੀਟਿੰਗ ਹੋਈ, ਜਿਸ ਵਿਚ ਮੰਗ ਕੀਤੀ ਗਈ ਕਿ, ਪੰਜਾਬ ਫੌਜ ਦੇ ਹਵਾਲੇ ਕਰੋ।

ਸੰਤ ਲੌਂਗੋਵਾਲ ਬਿਆਨ ਦੇ ਰਹੇ ਸਨ ਕਿ ਸਿੱਖ ਕੁਰਬਾਨੀਆਂ ਲਈ ਤਿਆਰ ਰਹਿਣ। ਦਿੱਲੀ ਨਾਲ ਇਹ ਲੜਾਈ ਫੈਸਲਾਕੁਨ ਹੋਵੇਗੀ। ਉਧਰ ਸਰਕਾਰ ਕਹਿ ਰਹੀ ਸੀ ਕਿ, ਪੰਜਾਬ ਵਿਚ ਅਕਾਲੀ ਅੰਦੋਲਨ ਖਤਮ ਕਰ ਦਿੱਤਾ ਗਿਆ ਹੈ। ਜਨਵਰੀ 1984 ਦੇ ਪਹਿਲੇ ਹਫਤੇ ਹਰਿਮੰਦਰ ਸਾਹਿਬ ਦੇ ਇਹਾਤੇ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕੈਂਪ ਲੱਗਾ ਸੀ, ਜਿਸ ਵਿਚ ਹਰਮਿੰਦਰ ਸਿੰਘ ਸੰਧੂ ਨੇ ਕਿਹਾ ਕਿ, ਹਿੰਦੂ ਸਾਮਰਾਜ ਸਿੱਖਾਂ ਦਾ ਨੰਬਰ ਇਕ ਦੁਸ਼ਮਣ ਹੈ। ਪੁਲਿਸ ਸਿੱਖਾਂ ਨੂੰ ਅਤਿਵਾਦੀਆਂ ਦਾ ਦੋਸ਼ ਲਾ ਕੇ ਝੂਠੇ ਮੁਕਾਬਲੇ ਬਣਾ ਕੇ ਮਾਰਨ ਦਾ ਕੋਈ ਮੌਕਾ ਵੀ ਹੱਥੋਂ ਨਹੀਂ ਜਾਣ ਦਿੰਦੀ ਸੀ। ਮਾਰਕਸੀ ਪਾਰਟੀ ਦੀ ਪੋਲਿਟ ਬੀਊਰੋ ਦਾ



Digitized by Panjab Digital Library | www.panjabdigilib.org

ਮੈਂਬਰ ਹਰਕਿਸ਼ਨ ਸਿੰਘ ਸੁਰਜੀਤ ਕਹਿ ਰਿਹਾ ਸੀ ਕਿ ਇੰਦਰਾ ਗਾਂਧੀ ਆਪਣੇ ਸੁਆਰਥ ਲਈ ਪੰਜਾਬ ਦੇ ਮਸਲੇ ਦਾ ਹੱਲ ਲਮਕਾ ਰਹੀ ਹੈ। ਹਰ ਪਾਸੇ ਆਪੋਧਾਪ ਪਈ ਹੋਈ ਸੀ। ਲੀਡਰ ਬਿਆਨਾਂ ਤੇ ਬਿਆਨ ਦੇ ਰਹੇ ਸਨ।

ਸੰਤ ਜਰਨੈਲ ਸਿੰਘ ਭਿੰਡਰਾਂ ਇਹ ਸਭ ਤਮਾਸ਼ਾ ਅਸ਼ਾਂਤ ਤੇ ਅਡੋਲ ਦੇਖ ਰਹੇ ਸਨ ਤੇ ਕੌਮ ਨੂੰ ਆਉਣ ਵਾਲੇ ਲੰਬੇ ਸੰਘਰਸ਼ ਲਈ ਤਿਆਰ ਕਰ ਰਹੇ ਸਨ। ਸਿੱਖ ਸਟੂਡੈਂਟਸ ਫੈਡਰੇਸ਼ਨ ਦਸ਼ਮੇਸ ਰੈਜਮੈਂਟ ਦੇ ਨਾਂ ਹੇਠ ਸਿੱਖ ਕਮਾਂਡੋ ਦਸਤਿਆਂ ਨੂੰ ਟਰੇਨਿੰਗ ਦੇ ਰਹੀ ਸੀ।

## ਬੜ੍ਹਕ, ਜੋ ਗਿੱਦੜ ਭਬਕ ਬਣ ਗਈ:

ਸੰਤ ਲੌਂਗੋਵਾਲ ਨੇ ਬਿਆਨ ਦਿੱਤਾ ਕਿ, ਜੇ ਦਿੱਲੀ ਦੇ ਤਾਜਦਾਰਾਂ ਨੇ ਆਪਣਾ ਵਤੀਰਾ ਨਾ ਬਦਲਿਆ ਤਾਂ ਅਕਾਲੀ ਦਲ ਮੁਤਬਾਜੀ ਸਰਕਾਰ ਬਣਾਉਣ ਲਈ ਮਜ਼ਬੂਰ ਹੋ ਜਾਏਗਾ। ਉਨ੍ਹਾਂ ਕਿਹਾ ਕਿ, 13 ਅਪਰੈਲ 1983 ਨੂੰ ਸਵਾ ਲੱਖ ਮਰਜੀਵੜਿਆਂ ਨੇ ਜੋ ਸੁਗੰਧ ਖਾਧੀ ਸੀ, ਉਹ ਕਰੋ ਜਾਂ ਮਰੋ ਲਈ ਤਿਆਰ ਰਹਿਣ। 27 ਜਨਵਰੀ ਤੋਂ ਪਿੱਛੋਂ ਕਰੋ ਜਾਂ ਮਰੋ ਦਾ ਅੰਦੋਲਨ ਜਾਰੀ ਕੀਤਾ ਜਾਵੇਗਾ।

ਜਥੇਦਾਰ ਤਲਵੰਡੀ ਨੇ ਅੰਬਾਲਾ ਜੇਲ੍ਹ ਤੋਂ ਬਿਆਨ ਰਾਹੀਂ ਕਿਹਾ ਕਿ, ਸਰਕਾਰੀ ਮੁਲਾਜ਼ਮ 27 ਜਨਵਰੀ ਤੋਂ ਪਿੱਛੋਂ ਆਪਣੀਆਂ ਨੌਕਰੀਆਂ ਤੋਂ ਅਸਤੀਫੇ ਦੇ ਦੇਣ।

ਜਥੇਦਾਰ ਟੌਹੜਾ ਨੇ ਹਰ ਪਰਵਾਰ ਨੂੰ ਇਕ ਬੱਚਾ ਕੁਰਬਾਨੀ ਲਈ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ, ਅਸੀਂ 27 ਜਨਵਰੀ ਤੋਂ ਇਨਕਲਾਬੀ ਪ੍ਰੋਗਰਾਮ ਦੇਵਾਂਗੇ।

## ਗਲ੍ਹੀ ਗਲ੍ਹੀ ਮੁਕਾਬਲਾ:

ਜਲੰਧਰ ਵਿਚ ਹਿੰਦੂ ਸੁਰੱਖਿਆ ਸੰਮਤੀ ਇਸ ਸਮੇਂ ਆਪਣੇ ਆਪ ਨੂੰ ਆਉਣ ਵਾਲੀ ਲੜਾਈ ਲਈ ਤਿਆਰ ਕਰ ਰਹੀ ਸੀ। ਉਨ੍ਹਾਂ ਦੇ ਮੁਖੀ ਪੰਡਤ ਮੋਹਣ ਲਾਲ, ਜੋ ਕੈਰੋਂ ਸਮੇਂ ਵਜ਼ੀਰ ਹੁੰਦਾ ਸੀ, ਨੇ ਬਿਆਨ ਦਿੱਤਾ ਕਿ ਅਸੀਂ ਅਤਿਵਾਦੀਆਂ (ਸਿੱਖ ਫੌਜ ਦੇ ਛਾਪਾਮਾਰ ਦਸਤੇ) ਦਾ ਗਲ੍ਹੀ ਗਲ੍ਹੀ ਮੁਕਾਬਲਾ ਕਰਾਂਗੇ। ਉਨ੍ਹਾਂ ਸਰਕਾਰ ਨੂੰ ਇਹ ਵੀ ਸੁਝਾਅ ਦਿੱਤਾ ਕਿ ਅਕਾਲੀ ਦਲ, ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਹੋਰ ਸਿੱਖ ਜਥੇਬੰਦੀਆਂ ਨੂੰ ਖਿਲਾਫ ਕਾਨੂੰਨ ਕਰਾਰ ਦੇ ਦਿਓ।

## ਜੈਇੰਦਰ ਸਿੰਘ ਦੀ ਪੱਗ ਲਾਹ ਲਈ!

ਅੰਮ੍ਰਿਤਸਰ ਵਿਚ ਜੈਇੰਦਰ ਸਿੰਘ ਕੌਮੀ ਏਕਾ ਕਾਨਫਰੰਸ ਵਿਚ ਭਾਸ਼ਨ ਦੇ ਰਹੇ ਸਨ। ਉਹ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਹਨ ਤੇ ਉਨ੍ਹਾਂ ਜਦ ਸੰਤ ਭਿੰਡਰਾਂ ਦੇ ਖਿਲਾਫ ਮੰਦੀ ਜ਼ੁਬਾਨ ਵਰਤੀ ਤਾਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰਾਂ ਨੇ ਸਟੇਜ ਤੇ ਹਮਲਾ ਕਰ ਦਿੱਤਾ। ਅਕਾਲੀ ਦਲ ਦਾ ਯੂਥ ਵਿੰਗ ਵੀ ਨਾਲ ਜਾ ਰਲਿਆ ਤੇ ਉਸ ਨੂੰ ਸਟੇਜ ਤੇ ਹੀ ਢਾਹ ਲਿਆ। ਉਸ ਦੀ ਪੱਗ ਲਾਹ ਲਈ ਤੇ ਨਾਹਰੇ ਲਾਏ ਕਿ ਇਸ ਨੂੰ ਨੀਲੀ ਰੰਗ ਕੇ ਦੇਵਾਂਗੇ। ਗੁਰਦਿਆਲ ਸਿੰਘ ਢਿੱਲੋਂ, ਸਾਬਕਾ ਵਜ਼ੀਰ ਤੇ ਕਨੇਡਾ ਦਾ ਰਹਿ ਚੁੱਕਾ ਹਾਈ ਕਮਿਸ਼ਨਰ, ਜੋ ਵੈਨਕੂਵਰ ਏਅਰ ਪੋਰਟ ਤੇ ਸਿੰਘਾਂ ਤੋਂ ਜੁੱਤੀਆਂ ਤੇ ਆਂਡੇ ਖਾ ਚੁੱਕਾ ਸੀ, ਉਹ ਵੀ ਸਟੇਜ ਤੇ ਬੈਠਾ ਸੀ ਪਰ ਮੌਕਾ ਬਚਾ ਕੇ ਦੌੜ ਗਿਆ। ਪੁਲਿਸ ਜੈਇੰਦਰ ਸਿੰਘ ਨੂੰ ਆਪਣੀ ਹਿਫਾਜ਼ਤ ਵਿਚ ਸੁਰੱਖਿਅਤ ਥਾਂ ਤੇ ਲੈ ਗਈ। ਇਸ ਸਮੇਂ ਹਕੂਮਤ ਜਿਥੇ ਸੰਤ ਭਿੰਡਰਾਂ ਦੇ ਖਿਲਾਫ ਜ਼ਹਿਰੀਲਾ ਪ੍ਰਚਾਰ ਤੇਜ਼ ਕਰ ਰਹੀ ਸੀ, ਉਥੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਵਾਨ



Digitized by Panjab Digital Library | www.panjabdigilib.org

ਸੰਤਾਂ ਨੂੰ ਢਾਲ ਬਣ ਕੇ ਹਰ ਵਾਰ ਤੋਂ ਬਚਾਉਣ ਲਈ ਪੂਰੀ ਤਰ੍ਹਾਂ ਤਿਆਰ ਹੋ ਗਏ ਸਨ।

ਜੈਇੰਦਰ ਸਿੰਘ ਨੇ ਇਤਨੀ ਸ਼ਰਮ ਮਹਿਸੂਸ ਕੀਤੀ ਕਿ, ਉਹ ਇਸ ਘਟਨਾ ਤੋਂ ਦੋ ਦਿਨ ਪਿੱਛੋਂ ਹੀ ਸਵਰਗਵਾਸ ਹੋ ਗਏ।

ਸੰਤ ਲੌਂਗੋਵਾਲ ਦੀ ਬੜ੍ਹਕ ਕਿ, 27 ਜਨਵਰੀ ਤੋਂ 'ਕਰੋ ਜਾਂ ਮਰੋ' ਦਾ ਐਕਸ਼ਨ ਸ਼ੁਰੂ ਹੋਏਗਾ, ਇਹ ਇਕ ਇਨਕਲਾਬੀ ਕਦਮ ਹੋਏਗਾ; ਜਦੋਂ ਉਨ੍ਹਾਂ ਮੰਜੀ ਸਾਹਿਬ ਦੀਵਾਨ ਵਿਚ ਇਹ ਐਲਾਨ ਕੀਤਾ ਕਿ, 8 ਫਰਵਰੀ ਨੂੰ ਪੰਜਾਬ ਬੰਦ ਹੋਏਗਾ ਤੇ 27 ਫਰਵਰੀ ਨੂੰ ਹਿੰਦੁਸਤਾਨ ਦੀ ਪਾਰਲੀਮੈਂਟ ਦਾ ਘੇਰਾਓ ਕੀਤਾ ਜਾਏਗਾ, ਤਾਂ ਮੰਜੀ ਸਾਹਿਬ ਦੀਵਾਨ ਵਿਚ ਭਾਰੀ ਭਗਦੜ ਮਚ ਗਈ।

## ਆਰੋਪ:

ਸੰਤ ਲੌਂਗੋਵਾਲ 'ਤੇ ਕੌਮ ਨੇ ਆਰੋਪ ਲਾ ਦਿੱਤਾ ਕਿ, ਕੌਮ ਦੇ ਜਜ਼ਬਾਤ ਸਿਖਰ ਤੇ ਚਾੜ੍ਹ ਕੇ ਸੰਤ ਲੌਂਗੋਵਾਲ ਨੇ ਪੌੜੀ ਖਿੱਚ ਲਈ ਹੈ। ਹੁਣ ਨੌਜਵਾਨ ਬੇਕਾਬੂ ਹੋ ਜਾਣਗੇ। ਲੋਕ ਕਹਿ ਰਹੇ ਸਨ ਕਿ ਸੰਤ ਦੀ ਬੜ੍ਹਕ ਵਿਚ ਗਿੱਦੜ ਦੀ ਭਬਕ ਹੈ। ਸਿੱਖਾਂ ਤੇ ਹੁਣ ਕੋਈ ਯਕੀਨ ਨਹੀਂ ਕਰੇਗਾ। ਸੰਤ ਜਾਗੀਰਦਾਰੀ ਟੋਲੇ ਦੇ ਪੂਰੀ ਤਰ੍ਹਾਂ ਦਬਾਅ ਹੇਠ ਹੈ, ਜੋ ਇਹ ਮੋਰਚਾ ਕੁਰਸੀ ਖਾਤਰ ਵੇਚ ਦੇਣਾ ਚਾਹੁੰਦੇ ਹਨ।

## ਭਿੰਡਰਾਂ ਤੇ ਨਿਗਾਹ

ਸੰਤ ਲੌਂਗੋਵਾਲ ਦੇ ਐਲਾਨ ਤੋਂ ਪਿੱਛੋਂ ਮੰਜੀ ਸਾਹਿਬ ਦੀਵਾਨ ਵਿਚ ਹੀ ਨਾਹਰੇ ਲੱਗੇ ਸ਼ੁਰੂ ਹੋ ਗਏ:

"ਸੰਤ ਲੌਂਗੋਵਾਲ - ਮੁਰਦਾਬਾਦ!"
"ਲੌਂਗੋਵਾਲ - ਪੰਥ ਦਾ ਗਦਾਰ!"

ਸੰਤ ਭਿੰਡਰਾਂ ਅਕਾਲ ਤਖਤ ਤੋਂ ਬਾਹਰ ਆਏ ਤੇ ਆਪਣੇ ਹਿਮਾਇਤੀਆਂ ਨੂੰ ਸਮਝਾ ਕੇ ਅੰਦਰ ਲੈ ਗਏ। ਧੂੰਆਂਧਾਰ ਗੋਲੀ ਚੱਲੀ ਪਰ ਜਾਨੀ ਨੁਕਸਾਨ ਹੋਣੋਂ ਬਚ ਗਿਆ।

ਉਹ ਖਬਰ, ਜੋ ਅਖਬਾਰਾਂ ਵਿਚ ਛਪੀ, ਹੇਠਾਂ ਦੇ ਰਹੇ ਹਾਂ:

→



Digitized by Panjab Digital Library | www.panjabdigilib.org

## ਲੌਂਗੋਵਾਲ ਦੇ ਐਲਾਨ ਪਿੱਛੋਂ ਅਕਾਲੀ ਦਲ ਦੇ ਦਫਤਰ ਸਾਮ੍ਹਣੇ

# ਧੂੰਆਂਧਾਰ ਗੋਲੀ ਚੱਲਣ ਕਾਰਨ ਲੋਕਾਂ ਵਿਚ ਭਗਦੜ ਮਚੀ!

**ਅੰਮ੍ਰਿਤਸਰ** - 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ ਰਾਹੀਂ) ਸੂਚਨਾ ਮਿਲੀ ਹੈ ਕਿ, ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਬੰਦ ਦੀ ਕਾਲ ਦਾ ਐਲਾਨ ਕੀਤਾ ਤਾਂ ਮੰਜੀ ਸਾਹਿਬ ਦੇ ਦੀਵਾਨ ਵਿਚ ਭਾਰੀ ਗੜਬੜ ਫੈਲ ਗਈ ।

ਸੰਤ ਭਿੰਡਰਾਂ ਦੇ ਹਿਮਾਇਤੀਆਂ ਤੇ ਸੰਤ ਲੌਂਗੋਵਾਲ ਦੇ ਵਰਕਰਾਂ ਵਿਚ ਭਾਰੀ ਟਕਰਾਓ ਹੋ ਗਿਆ । ਦੋ ਵਰਕਰ ਬਲਬੀਰ ਸਿੰਘ ਤੇ ਬੂਆ ਸਿੰਘ ਸਖਤ ਜ਼ਖਮੀਂ ਹੋ ਗਏ । ਹੋਰ ਸੈਂਕੜੇ ਲੋਕਾਂ ਨੂੰ ਸੱਟਾਂ ਵੱਜੀਆਂ ।

ਸੰਤ ਭਿੰਡਰਾਂ ਦੇ ਹਿਮਾਇਤੀਆਂ, ਜਿਨ੍ਹਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਵੀ ਸ਼ਾਮਲ ਹੈ, ਸੰਤ ਲੌਂਗੋਵਾਲ ਦੇ ਐਲਾਨ ਦੇ ਫੌਰਨ ਪਿੱਛੋਂ ਗੁਰੂ ਨਾਨਕ ਨਿਵਾਸ ਵੱਲ ਚਲੇ ਗਏ ਤੇ ਉਥੇ ਸੰਗਤਾਂ ਦਾ ਭਾਰੀ ਇਕੱਠ ਜੁੜ ਗਿਆ । ਇੰਜ ਜਾਪਦਾ ਸੀ ਕਿ ਮੰਜੀ ਸਾਹਿਬ ਦੇ ਦੀਵਾਨ ਵਿਚੋਂ ਸਾਰੀ ਦੀ ਸਾਰੀ ਸੰਗਤ ਹੀ ਗੁਰੂ ਨਾਨਕ ਨਿਵਾਸ ਵਿਚ ਪੁੱਜ ਗਈ ਸੀ । ਉਥੇ ਸੰਤ ਭਿੰਡਰਾਂ ਦੇ ਹਿਮਾਇਤੀਆਂ ਨੇ ਦੀਵਾਨ ਸਜਾ ਲਿਆ ।

### ਲੌਂਗੋਵਾਲ ਤੇ ਆਰੋਪ

ਉਸ ਦੀਵਾਨ ਵਿਚ ਲੌਂਗੋਵਾਲ ਤੇ ਇਹ ਆਰੋਪ ਲਗਾਇਆ ਗਿਆ ਕਿ ਉਸ ਨੇ 8 ਫਰਵਰੀ ਨੂੰ 'ਪੰਜਾਬ ਬੰਦ' ਦਾ ਐਲਾਨ ਕਰਕੇ ਅਤੇ 27 ਫਰਵਰੀ ਨੂੰ ਹਿੰਦ ਦੀ ਪਾਰਲੀਮੈਂਟ ਦਾ ਘੇਰਾਓ ਕਰਨ ਦੇ ਐਲਾਨ ਨਾਲ ਅਕਾਲੀ ਦਲ ਦੀ ਬੇਇਜ਼ਤੀ ਕੀਤੀ ਹੈ ।

ਸੰਤ ਭਿੰਡਰਾਂ ਦੇ ਹਾਮੀਆਂ ਨੂੰ ਮੰਜੀ ਸਾਹਿਬ ਦੀਵਾਨ 'ਚੋਂ ਗੁਰੂ ਨਾਨਕ ਨਿਵਾਸ ਜਾਣ ਤੋਂ ਰੋਕਿਆ ਗਿਆ ਤੇ ਰਸਤੇ ਵਿਚ ਹੀ ਝੜਪਾਂ ਹੋ ਗਈਆਂ । ਗੁਰੂ ਨਾਨਕ ਨਿਵਾਸ ਵਿਚ ਹੋ ਰਹੇ ਦੀਵਾਨ ਵਿਚੋਂ 200 ਨੌਜਵਾਨਾਂ ਦਾ ਇਕ ਜਥਾ ਸ਼੍ਰੋਮਣੀ ਕਮੇਟੀ ਦੇ ਦਫਤਰ ਦੇ ਬਾਹਰ ਪੁੱਜ ਗਿਆ ਤੇ 'ਸੰਤ ਲੌਂਗੋਵਾਲ - ਮੁਰਦਾਬਾਦ' ਅਤੇ 'ਸੰਤ ਭਿੰਡਰਾਂ - ਜ਼ਿੰਦਾਬਾਦ' ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ । ਇਨ੍ਹਾਂ ਨੌਜਵਾਨਾਂ ਦੇ ਜੱਥੇ ਨੇ ਇਹ ਵੀ ਨਾਹਰੇ ਲਾਏ ਕਿ,

"ਲੌਂਗੋਵਾਲ ਜਾਗੀਰਦਾਰਾਂ ਖਰੀਦ ਲਿਆ", "ਲੌਂਗੋਵਾਲ ਸਰਕਾਰ ਨੇ ਖਰੀਦ ਲਿਆ", "ਲੌਂਗੋਵਾਲ ਪੰਥ ਦਾ ਗਦਾਰ ।"

ਜਦੋਂ ਅਕਾਲੀ ਦਲ ਦੇ ਵਰਕਰ ਤੇ ਸੰਤ ਭਿੰਡਰਾਂ ਦੇ ਹਿਮਾਇਤੀ ਇਕ ਦੂਜੇ ਨੂੰ ਆਪਣੀ ਤਾਕਤ ਦਾ ਇਜਹਾਰ ਕਰ ਰਹੇ ਸਨ ਤਾਂ ਇੰਦਰਾ ਗਾਂਧੀ ਦੀ ਭੇਜੀ ਹੋਈ ਸੈਂਟਰਲ ਰੀਜਰਵ ਪੁਲਿਸ ਬਾਹਰ ਖੜ੍ਹੀ ਇਹ ਤਮਾਸ਼ਾ ਦੇਖ ਰਹੀ ਸੀ ਤੇ ਖੂਨ ਖਰਾਬੇ ਦੀ ਹਾਲਤ ਦਾ ਬਹਾਨਾ ਬਣਾ ਕੇ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰਨ ਲਈ ਮੌਕੇ ਦੀ ਤਾੜ ਵਿਚ ਘਾਤ ਲਾ ਕੇ ਬੈਠੀ ਸੀ ।

ਉਸੇ ਸਮੇਂ ਸੰਤ ਜਰਨੈਲ ਸਿੰਘ ਭਿੰਡਰਾਂ ਅਕਾਲ ਤਖਤ ਤੋਂ ਬਾਹਰ ਆਏ ਤੇ ਆਪਣੇ ਹਿਮਾਇਤੀਆਂ ਨੂੰ ਉਥੋਂ ਲਿਜਾ ਕੇ ਕਮਰਿਆਂ ਵਿਚ ਬੰਦ ਕੀਤਾ । ਪਰ ਜਾਂਦੇ ਜਾਂਦੇ ਇਹ ਹਥਿਆਰਬੰਦ ਦਸਤਾ ਉੱਚੀ ਉੱਚੀ ਨਾਹਰੇ ਲਾਉਂਦਾ ਗਿਆ ਕਿ "ਪੰਥ ਦੇ ਗਦਾਰਾਂ ਨੂੰ



Digitized by Panjab Digital Library | www.panjabdigilib.org

ਬਖਸ਼ਾਂਗੇ ਨਹੀਂ, ਪਹਿਲਾਂ ਇਨ੍ਹਾਂ ਨੂੰ ਹੀ ਸੋਧਾਂਗੇ।" ਸੰਤ ਭਿੰਡਰਾਂ ਵਾਲਿਆਂ ਦੇ ਦਖਲ ਦੇਣ ਤੇ ਭਿਅੰਕਰ ਖ਼ੂਨ ਖਰਾਬਾ ਹੋਣੋਂ ਬਚ ਗਿਆ।

ਸਾਡੇ ਵਿਸ਼ੇਸ਼ ਪ੍ਰਤੀਨਿਧ, ਜੋ ਉਥੇ ਉਸ ਸਮੇਂ ਹਾਜ਼ਰ ਸੀ, ਨੇ ਦੱਸਿਆ ਕਿ ਜਦੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬੋਲਣ ਲਈ ਜਾ ਰਹੇ ਸਨ ਤਾਂ ਸੰਤ ਭਿੰਡਰਾਂ ਦੇ ਹਿਮਾਇਤੀਆਂ ਤੋਂ ਡਰਦਿਆਂ ਅਕਾਲੀ ਦਲ ਦੇ ਦਫਤਰ ਦੇ ਸਾਹਮਣੇ ਦੇ ਗੇਟ ਬੰਦ ਕਰ ਦਿੱਤੇ ਸਨ। ਪਰ ਸੰਤ ਭਿੰਡਰਾਂ ਦੇ ਹਿਮਾਇਤੀ ਗੇਟਾਂ ਉਪਰ ਚੜ੍ਹ ਗਏ। ਅਕਾਲੀ ਦਲ ਦੇ ਵਰਕਰਾਂ ਨੇ ਵੀ 'ਲੌਂਗੋਵਾਲ ਜ਼ਿੰਦਾਬਾਦ' ਦੇ ਨਾਹਰੇ ਲਾਏ ਪਰ ਉਹ ਭਿੰਡਰਾਂ ਦੇ ਹਿਮਾਇਤੀਆਂ ਦੇ ਅਕਾਸ਼ ਤੋੜ 'ਲੌਂਗੋਵਾਲ ਮੁਰਦਾਬਾਦ' ਦੇ ਨਾਹਰਿਆਂ ਦੇ ਵਿਚ ਦੱਬ ਕੇ ਹੀ ਰਹਿ ਗਏ ਸਨ।

## ਕੀ ਇਹ ਇਨਕਲਾਬੀ ਪ੍ਰੋਗਰਾਮ ਹੈ?

ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ, ਉਥੇ ਹਾਜ਼ਰ ਸਾਰੀ ਸੰਗਤ ਵਿਚ ਮਾਯੂਸੀ ਛਾਈ ਹੋਈ ਸਾਫ ਦਿਖਾਈ ਦੇ ਰਹੀ ਸੀ ਤੇ ਲੋਕ ਪੁੱਛ ਰਹੇ ਸਨ ਕਿ ਲੌਂਗੋਵਾਲ ਵਾਰ ਵਾਰ ਐਲਾਨ ਕਰਦਾ ਸੀ ਕਿ ਅਗਲਾ ਪ੍ਰੋਗਰਾਮ ਇਨਕਲਾਬੀ ਹੋਵੇਗਾ ਪਰ ਹੋਇਆ ਕੁਝ ਵੀ ਨਹੀਂ ਸੰਤ ਨੇ ਸਿੱਖ ਕੌਮ ਦਾ ਮਖੌਲ ਉਡਾਇਆ ਹੈ ਤੇ ਕੌਮ ਦੀ ਪਹਿਲੇ ਲੀਡਰਾਂ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦੀ ਤਰ੍ਹਾਂ ਹੀ ਬੇਇਜ਼ਤੀ ਕੀਤੀ ਹੈ। ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਲੋਕ ਉੱਚੀ ਉੱਚੀ ਦੁਹਾਈ ਦੇ ਰਹੇ ਸਨ ਕਿ ਜੇ ਸੰਤ ਅੱਜ ਕਹਿੰਦਾ ਹੈ ਕਿ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਨੇ ਕੌਮ ਨਾਲ ਗਦਾਰੀ ਕੀਤੀ ਸੀ, ਬਲਦੇਵ ਸਿੰਘ ਨੇ ਗਦਾਰੀ ਕੀਤੀ ਸੀ, ਤਾਂ ਕੱਲ੍ਹ ਨੂੰ ਕੌਮ ਲੌਂਗੋਵਾਲ, ਬਾਦਲ, ਰਵੀਇੰਦਰ, ਬਲਵੰਤ ਰਾਮੂਵਾਲੀਆ, ਬਲਵੰਤ ਸਿੰਘ, ਅਜਨਾਲਾ ਵਗੈਰਾਂ ਦੇ ਗੈਂਗ ਨੂੰ ਕੀ ਕਹੇਗੀ?

ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਦਿਹਾਤੀ ਹਲਕਿਆਂ ਦੇ ਅਕਾਲੀ ਵਰਕਰ ਇਹ ਕਹਿੰਦੇ ਸੁਣੇ ਗਏ ਕਿ ਲੌਂਗੋਵਾਲ ਦੇ ਕੌਮ ਨਾਲ ਕੀਤੇ ਇਸ ਮਖੌਲ ਕਾਰਨ ਅਕਾਲੀ ਵਰਕਰਾਂ ਦੇ ਹੌਸਲੇ ਡਿਗ ਪਏ ਹਨ। ਸਾਰੇ ਸ਼ਹਿਰ ਵਿਚ ਲੌਂਗੋਵਾਲ ਦੇ ਇਨਕਲਾਬੀ ਪ੍ਰੋਗਰਾਮ ਦੇ ਐਲਾਨ ਦੇ ਪ੍ਰਤੀਕਰਮ ਦੇ ਏਹਿਤਿਆਤ ਕਾਰਨ ਸਭ ਦੁਕਾਨਾਂ ਬੰਦ ਸਨ। ਸੀ. ਆਰ. ਪੀ. ਦੀ ਇਕ ਗੱਡੀ ਪੁਲਿਸ ਨਾਲ ਭਰੀ ਹੋਈ ਹਰ ਪੰਜ ਮਿੰਟ ਪਿੱਛੋਂ ਸ਼ਹਿਰ ਦੇ ਹਰ ਬਾਜ਼ਾਰ ਵਿਚੋਂ ਲੰਘਦੀ ਸੀ। ਫੌਜ (BSF) ਨੇ ਟਰੱਕਾਂ ਉਪਰ ਮਸ਼ੀਨਗੰਨਾਂ ਬੀੜੀਆਂ ਹੋਈਆਂ ਸਨ। ਕਾਂਗਰਸ ਰਾਜ ਵਲੋਂ ਸਿੱਖਾਂ ਵਿਚ ਦਹਿਸ਼ਤ ਫੈਲਾਉਣ ਲਈ ਹਰ ਦਸ ਮਿੰਟ ਪਿੱਛੋਂ ਇਹ ਬਾਜ਼ਾਰਾਂ ਵਿਚੋਂ ਲੰਘਦੇ ਸਨ। ਇਸੇ ਤਰ੍ਹਾਂ ਇਹ ਦਸਤੇ ਹਥਿਆਰਾਂ ਨਾਲ ਲੈਸ ਬਾਜ਼ਾਰਾਂ ਵਿਚ ਆਮ ਘੁੰਮਦੇ ਫਿਰਦੇ ਸਨ।

## ਭਿੰਡਰਾਂ ਦੇ ਬੰਦਿਆਂ ਤੇ ਫਾਇਰਿੰਗ

ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਅਕਾਲੀ ਵਰਕਰਾਂ ਨੇ ਅਕਾਲੀ ਦਲ ਦੇ ਦਫਤਰ ਦੇ ਅੰਦਰੋਂ ਭਿੰਡਰਾਂ ਦੇ ਹਿਮਾਇਤੀਆਂ ਤੇ ਫਾਇਰਿੰਗ ਵੀ ਕੀਤੀ। ਅਕਾਲੀ ਵਰਕਰ ਕ੍ਰਿਪਾਨਾਂ ਤੇ ਲਾਠੀਆਂ ਲਹਿਰਾਉਂਦੇ ਹੋਏ ਵੀ ਦਿਖਾਈ ਦਿੰਦੇ ਸਨ। ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਇਸ ਫਾਇਰਿੰਗ ਨਾਲ ਐਂਟੀ ਲੌਂਗੋਵਾਲ ਨੌਜਵਾਨ ਹੋਰ ਵੀ ਭੜਕ ਉੱਠੇ। ਪਰ ਲੌਂਗੋਵਾਲ ਦੇ ਹਿਮਾਇਤੀਆਂ ਲਈ ਕਈ ਸੌ ਹੋਰ ਅਕਾਲੀ ਵਰਕਰ ਇਮਦਾਦ ਲਈ ਪੁੱਜ ਗਏ ਤੇ ਐਂਟੀ ਲੌਂਗੋਵਾਲ ਦੇ ਜਥੇ ਨੂੰ ਉਥੋਂ ਭਜਾ ਦਿੱਤਾ।

ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ, ਐਂਟੀ ਲੌਂਗੋਵਾਲ ਜਥੇ ਦੇ ਲੋਕ ਸੰਤ



Digitized by Panjab Digital Library | www.panjabdigilib.org

ਲੌਂਗੋਵਾਲ ਨੂੰ ਸਿੱਧੀਆਂ ਗੰਦੀਆਂ ਗਾਲ੍ਹਾਂ ਕੱਢ ਰਹੇ ਸਨ, ਜੋ ਸੁਣ ਨਹੀਂ ਹੁੰਦੀਆਂ ਸਨ। ਅਕਾਲੀ ਵਰਕਰਾਂ ਨੇ ਉਨ੍ਹਾਂ ਨੂੰ ਇਕ ਵਾਰ ਤਿੱਤਰ ਬਿੱਤਰ ਕਰ ਦਿੱਤਾ ਪਰ ਉਹ ਫਿਰ ਭਾਰੀ ਤੈਦਾਦ ਵਿਚ ਇਕੱਠੇ ਹੋ ਗਏ ਤੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ।

ਲੌਂਗੋਵਾਲ ਤੇ ਜਾਗੀਰਦਾਰ ਧੜੇ ਨੂੰ ਪੰਥ ਦੇ ਗਦਾਰ ਤੇ ਸਰਕਾਰ ਦੇ ਏਜੰਟ ਕਰਾਰ ਦਿੱਤਾ।

ਦਰਬਾਰ ਸਾਹਿਬ ਦੇ ਗੇਟ ਬੰਦ ਕਰ ਦਿੱਤੇ ਗਏ ਸਨ ਤੇ ਦਰਬਾਰ ਸਾਹਿਬ ਦੇ ਨੇੜੇ ਦੀਆਂ ਮਾਰਕੀਟਾਂ ਦਹਿਸ਼ਤ ਦੇ ਕਾਰਨ ਬੰਦ ਕਰ ਦਿੱਤੀਆਂ ਗਈਆਂ ਸਨ। ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ, ਜੇ ਸੰਤ ਭਿੰਡਰਾਂ ਤੇ ਭਾਈ ਅਮਰੀਕ ਸਿੰਘ ਮੌਕੇ ਤੇ ਫਿਰ ਨਾ ਪੁੱਜਦੇ ਤਾਂ ਦਰਬਾਰ ਸਾਹਿਬ ਵਿਚ ਭਿਅੰਕਰ ਖ਼ੂਨ ਖਰਾਬੇ ਦਾ ਡਰ ਸੀ।

ਅਕਾਲੀ ਦਲ ਦੇ ਵਰਕਰਾਂ ਦਾ ਕਹਿਣਾ ਹੈ ਕਿ ਗੋਲੀਆਂ ਪਹਿਲਾਂ ਸੰਤ ਭਿੰਡਰਾਂ ਦੇ ਹਿਮਾਇਤੀਆਂ ਨੇ ਚਲਾਈਆਂ ਤੇ ਉਨ੍ਹਾਂ ਆਪਣੇ ਬਚਾਓ ਲਈ ਗੋਲੀਆਂ ਚਲਾਈਆਂ। ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ ਜਦੋਂ ਦੋਨ੍ਹਾਂ ਪਾਸਿਆਂ ਤੋਂ ਧੂੰਆਂਧਾਰ ਗੋਲੀ ਚੱਲੀ ਤਾਂ ਸ਼੍ਰੋਮਣੀ ਕਮੇਟੀ ਦੇ ਦਫਤਰ ਸਾਹਮਣੇ ਇਸ ਤਰ੍ਹਾਂ ਭਗਦੜ ਮਚੀ, ਕਿ ਲੋਕ ਇਕ ਦੂਸਰੇ ਨੂੰ ਦਰੜ ਕੇ ਨੱਠ ਗਏ। ਕਈ ਬੱਚੇ ਤੇ ਔਰਤਾਂ ਨੱਠੇ ਜਾਂਦੇ ਲੋਕਾਂ ਦੇ ਪੈਰਾਂ ਹੇਠ ਆ ਕੇ ਜ਼ਖਮੀ ਹੋ ਗਏ। ਉਥੇ ਘੱਟੋ ਘੱਟ ਤਿੰਨ ਔਰਤਾਂ ਤੇ ਬੱਚਿਆਂ ਦੀ ਮੌਤ ਹੋ ਗਈ। 14 ਜ਼ਖਮੀਂ ਹੋਏ। ਫਾਇਰਿੰਗ ਦੀ ਆਵਾਜ਼ ਸੁਣ ਕੇ ਫੌਜ (BSF) ਵਿਚ ਭਾਰੀ ਹਲਚਲ ਮਚੀ ਤੇ ਦਰਬਾਰ ਸਾਹਿਬ ਤੇ ਹਮਲਾ ਕਰਨ ਲਈ ਤਿਆਰ ਬਰ ਤਿਆਰ ਦਿਖਾਈ ਦੇਣ ਲੱਗੀ। ਭਿੰਡਰਾਂ ਨੇ ਦਖਲ ਦੇ ਕੇ ਵਿਗੜੀ ਹੋਈ ਸਥਿਤੀ ਠੀਕ ਕਰ ਦਿੱਤੀ।

ਜਥੇਦਾਰ ਟੌਹੜਾ ਨੇ ਸੰਤ ਲੌਂਗੋਵਾਲ ਨੂੰ ਸੁਝਾਅ ਦਿੱਤਾ ਸੀ ਕਿ ਇਹ ਐਲਾਨ ਅਕਾਲ ਤਖਤ ਤੋਂ ਕਰਨ, ਕਿਉਂਕਿ ਅੱਜ ਤੱਕ ਸਾਰੇ ਤਾਰੀਖੀ ਐਲਾਨ ਅਕਾਲ ਤਖਤ ਤੋਂ ਹੀ ਹੁੰਦੇ ਹਨ। ਨਾਲੇ ਸੰਤ ਭਿੰਡਰਾਂ ਵੀ ਇਸ ਵਿਚ ਸ਼ਾਮਲ ਹੋਣਗੇ। ਸਾਡੇ ਪ੍ਰਤੀਨਿਧ ਦਾ ਕਹਿਣਾ ਹੈ ਕਿ, ਲੌਂਗੋਵਾਲ ਜਾਗੀਰਦਾਰਾਂ ਦੇ ਧੜੇ ਦੇ ਕੁੜਿੱਕੇ ਚੜ੍ਹ ਚੁੱਕਾ ਹੈ, ਤੇ ਉਸ ਨੇ ਜਾਗੀਰਦਾਰਾਂ ਤੋਂ ਬਿਨਾਂ ਹੋਰ ਕਿਸੇ ਦੀ ਸੁਣੀ ਹੀ ਨਹੀਂ। ਲੌਂਗੋਵਾਲ ਦੇ ਐਲਾਨ ਤੋਂ ਪਿੱਛੋਂ ਝੱਟ ਹੀ 'ਲੌਂਗੋਵਾਲ ਮੁਰਦਾਬਾਦ' ਦੇ ਨਾਹਰੇ ਲੱਗਣੇ ਸ਼ੁਰੂ ਹੋ ਗਏ। ਸੰਤ ਭਿੰਡਰਾਂ ਨੇ ਸਾਰੀ ਸੰਗਤ ਨੂੰ ਪੁਰ ਅਮਨ ਰਹਿਣ ਦੀ ਅਪੀਲ ਕੀਤੀ। ਪਰ ਅਕਾਲੀ ਐਕਸ਼ਨ ਪ੍ਰਤੀ ਆਪਣੀ ਰਾਏ ਦੇਣ ਤੋਂ ਇਨਕਾਰ ਕਰ ਦਿੱਤਾ।

ਅਕਾਲੀ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਏ ਨੇ ਦੱਸਿਆ ਕਿ ਲੌਂਗੋਵਾਲ ਦੇ ਐਲਾਨ ਦਾ ਸਾਰੇ ਅਕਾਲੀ ਵਰਕਰਾਂ ਨੇ ਸੁਆਗਤ ਕੀਤਾ ਹੈ ਤੇ ਕਿਹਾ ਹੈ ਕਿ, ਸੰਤ ਨੇ ਇਹ ਇਨਕਲਾਬੀ ਐਲਾਨ ਕਰਕੇ (ਜਿਸ ਨੂੰ ਦੂਸਰਾ ਧੜਾ ਪੰਥ ਨਾਲ ਗੱਦਾਰੀ ਦਾ ਐਲਾਨ ਕਹਿੰਦਾ ਹੈ) ਸੂਬੇ ਨੂੰ ਤਬਾਹੀ ਤੋਂ ਬਚਾ ਲਿਆ ਤੇ ਦਰਬਾਰ ਸਾਹਿਬ ਵਿਚ ਗੜਬੜ ਇੰਦਰਾ ਦੇ ਪਿੱਠੂਆਂ ਨੇ ਕੀਤੀ ਸੀ, ਜਿਸ ਨੂੰ ਦਬਾਅ ਦਿੱਤਾ ਗਿਆ ਹੈ।

ਅਕਾਲੀ ਦਲ ਨੇ 26-27 ਜਨਵਰੀ ਨੂੰ ਸਰਕਾਰ ਨਾਲ ਟੱਕਰ ਲੈਣ ਲਈ ਵੱਧ ਤੋਂ ਵੱਧ ਵਰਕਰਾਂ ਨੂੰ ਦਰਬਾਰ ਸਾਹਿਬ ਵਿਚ ਪੁੱਜਣ ਲਈ ਕਿਹਾ ਸੀ। ਇਸ ਕਰਕੇ ਸਾਰਾ ਦਿਨ ਟਰੱਕ ਦਰਬਾਰ ਸਾਹਿਬ ਵਿਚ ਜਾਂਦੇ ਰਹੇ। ਇਕ ਲੱਖ ਤੋਂ ਵੱਧ ਲੋਕ ਉਥੇ ਪੁੱਜੇ। ਤਿੰਨ ਹਜ਼ਾਰ ਲੋਕਾਂ ਨੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਵੀ ਪੇਸ਼ ਕੀਤਾ।



Digitized by Panjab Digital Library | www.panjabdigilib.org

## ਖਾਲਿਸਤਾਨ ਦਾ ਵਿਧਾਨ ਰੀਲੀਜ਼

26 ਜਨਵਰੀ ਵਾਲੇ ਦਿਨ ਖਾਲਿਸਤਾਨ ਕੌਂਸਲ ਦੇ ਜਨਰਲ ਸਕੱਤਰ ਬਲਬੀਰ ਸਿੰਘ ਸੰਧੂ ਨੇ ਗੁਰੂ ਨਾਨਕ ਨਿਵਾਸ ਵਿਚ ਭਾਰੀ ਇਕੱਠ ਦੇ ਸਾਹਮਣੇ ਖਾਲਿਸਤਾਨ ਦਾ ਝੰਡਾ ਲਹਿਰਾਇਆ ਤੇ ਵਿਧਾਨ ਰੀਲੀਜ਼ ਕੀਤਾ।

ਇਹ ਵਿਧਾਨ ਪੰਜਾਬੀ ਵਿਚ ਲਿਖਿਆ ਹੋਇਆ ਸੀ। ਇਸ ਵਿਚ ਇਹ ਜਾਣਕਾਰੀ ਦਰਜ਼ ਸੀ ਕਿ, ਖਾਲਿਸਤਾਨ ਵਿਚ ਪੰਜਾਬ, ਹਰਿਆਣਾ, ਹਿਮਾਚਲ, ਜੰਮੂ, ਰਾਜਿਸਥਾਨ, ਤੇ ਦਿੱਲੀ ਦੇ ਪੰਜਾਬੀ ਬੋਲਦੇ ਇਲਾਕੇ ਸ਼ਾਮਲ ਹੋਣਗੇ।

ਵਿਧਾਨ ਵਿਚ ਇਹ ਗੱਲ ਵੀ ਸਪੱਸ਼ਟ ਸੀ ਕਿ, ਖਾਲਿਸਤਾਨ ਵਿਚ ਕਿਸ ਤਰ੍ਹਾਂ ਦੀ ਹਕੂਮਤ ਹੋਵੇਗੀ। ਸ਼ਹਿਰੀਆਂ ਦੇ ਬੁਨਿਆਦੀ ਅਧਿਕਾਰ ਕੀ ਹੋਣਗੇ, ਵਿਦੇਸ਼ੀ ਨੀਤੀ ਕੀ ਹੋਵੇਗੀ, ਸਿੱਖਾਂ ਦਾ ਦਰਜ਼ਾ ਕੀ ਹੋਵੇਗਾ। ਸਿੱਖ ਫੌਜ ਦੇ ਦਸਤੇ ਦੇ ਇਕ ਨੌਜਵਾਨ ਨੇ ਹਵਾ ਵਿਚ ਫਾਇਰ ਕਰਕੇ ਖਾਲਿਸਤਾਨ ਦੇ ਝੰਡੇ ਨੂੰ ਸਲਾਮੀ ਦਿੱਤੀ।

ਦਰਬਾਰ ਸਾਹਿਬ ਦੇ ਇਹਾਤੇ ਵਿਚ ਸਥਿਤੀ ਬਹੁਤ ਖਿਚਾਅ ਪੂਰਨ ਸੀ। ਅਖਬਾਰਾਂ ਵਿਚ ਉਸ ਸਥਿਤੀ ਦੀ ਜਾਣਕਾਰੀ ਇਹ ਖਬਰਾਂ ਛਪੀਆਂ:

**ਅੰਮ੍ਰਿਤਸਰ** - "22 ਜਨਵਰੀ ਨੂੰ ਦਰਬਾਰ ਸਾਹਿਬ ਦੇ ਇਹਾਤੇ ਵਿਚ ਇਸ਼ਤਿਹਾਰ ਵੰਡੇ ਗਏ ਜੋਕਿ ਸੰਤ ਲੌਂਗੋਵਾਲ ਤੇ ਪ੍ਰਕਾਸ਼ ਸਿੰਘ ਬਾਦਲ ਤਥਾ ਸਾਰੇ ਜਾਗੀਰਦਾਰ ਧੜੇ ਤੇ (ਜਿਸ ਤੇ ਹਮੇਸ਼ਾਂ ਕੁਰਸੀਆਂ ਦੀ ਪ੍ਰਵਾਹ ਕਰਨ ਦਾ, ਨਾ ਕਿ ਪੰਥ ਦੀ' ਦਾ ਲੋਕਾਂ ਵਲੋਂ' ਆਰੋਪ ਲੱਗਾ ਹੋਇਆ ਹੈ), ਸੰਗੀਨ ਆਰੋਪ ਲਗਾਏ ਗਏ ਸਨ। ਸੰਤ ਲੌਂਗੋਵਾਲ ਨੇ ਦੀਵਾਨ ਵਿਚ ਬੋਲਦਿਆਂ ਕਿਹਾ ਕਿ, ਇਹ ਇਸ਼ਤਿਹਾਰ ਕਾਂਗਰਸ ਦੇ ਏਜੰਟਾਂ ਨੇ ਵੰਡੇ ਹਨ। ਇਹ ਲੋਕ ਮੋਰਚੇ ਨੂੰ ਫੇਅਲ ਕਰਨਾ ਚਾਹੁੰਦੇ ਹਨ ਤੇ ਇਹ ਲੋਕ ਪੰਥ ਦੇ ਗਦਾਰ ਹਨ।

ਫੈਡਰੇਸ਼ਨ ਦੇ ਸਕੱਤਰ ਜਨਰਲ ਹਰਮਿੰਦਰ ਸਿੰਘ ਸੰਧੂ ਨੇ ਇਕ ਐਲਾਨ ਵਿਚ ਕਿਹਾ ਕਿ, ਸੰਗਰੂਰ, ਪਟਿਆਲਾ, ਫੀਰੋਜ਼ਪੁਰ ਤੇ ਫਰੀਦਕੋਟ ਜ਼ਿਲ੍ਹਿਆਂ ਤੇ ਜੰਮੂ ਕਸ਼ਮੀਰ ਦਾ ਪੂਰੇ ਅਕਾਲੀ ਦਲ ਯੂਥ ਵਿੰਗ ਦਾ ਯੂਨਿਟ ਅਸਤੀਫਾ ਦੇ ਕੇ ਫੈਡਰੇਸ਼ਨ ਵਿਚ ਸ਼ਾਮਲ ਹੋ ਗਿਆ। ਸਟੂਡੈਂਟ ਫੈਡਰੇਸ਼ਨ ਤੇ ਯੂਥ ਵਿੰਗ ਨੇ ਮੰਜੀ ਸਾਹਿਬ ਦੇ ਦੀਵਾਨ ਦਾ ਬਾਈਕਾਟ ਕੀਤਾ ਕਿਉਂਕਿ ਅਕਾਲੀ ਦਲ ਭਿੰਡਰਾਂ ਨੂੰ ਕਿਸੇ ਮਸ਼ਵਰੇ ਵਿਚ ਨਹੀਂ ਲੈਂਦਾ, ਸਗੋਂ ਨਜ਼ਰਅੰਦਾਜ਼ ਕਰ ਰਹੇ ਹਨ।

ਸਟੂਡੈਂਟਸ ਫੈਡਰੇਸ਼ਨ ਦੇ ਪ੍ਰਤੀਨਿਧਾਂ ਨੇ ਗੁਰੂ ਰਾਮਦਾਸ ਸਰਾਂ ਵਿਚ ਸੰਤ ਭਿੰਡਰਾਂ ਦਾ ਉਪਦੇਸ਼ ਸੁਣਿਆ ਤੇ ਫੈਡਰੇਸ਼ਨ ਵਿਚ ਸ਼ਾਮਲ ਹੋ ਗਏ। ਮੰਜੀ ਸਾਹਿਬ ਦੀਵਾਨ 'ਚੋਂ ਵਾਰ ਵਾਰ ਅਪੀਲ ਕੀਤੀ ਜਾ ਰਹੀ ਸੀ ਕਿ ਯੂਥ ਵਿੰਗ ਦੇ ਪ੍ਰਤੀਨਿਧ ਦੀਵਾਨ ਵਿਚ ਵਾਪਸ ਆਉਣ ਪਰ ਉਹ ਪਰਤੇ ਨਹੀਂ। ਸੰਤ ਭਿੰਡਰਾਂ ਨੇ ਉਨ੍ਹਾਂ ਨੂੰ ਕਿਹਾ ਕਿ, ਉਹ ਵਾਪਿਸ ਚਲੇ ਜਾਣ।

### ਅਕਾਲੀ ਆਪਣਾ ਪੱਖ ਸਾਫ ਕਰਨ

ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਯੂਥ ਵਿੰਗ ਦੇ ਜੋ ਪ੍ਰਤੀਨਿਧ ਇਥੇ ਆਏ ਹਨ, ਅਸੀਂ ਉਨ੍ਹਾਂ ਦਾ ਸੁਆਗਤ ਕਰਦੇ ਹਾਂ। ਯੂਥ ਵਿੰਗ ਦੇ ਪ੍ਰਤੀਨਿਧਾਂ



Digitized by Panjab Digital Library | www.panjabdigilib.org

ਨੇ ਕਿਹਾ ਕਿ, ਅਕਾਲੀ ਸੰਤ ਜਰਨੈਲ ਸਿੰਘ ਭਿੰਡਰਾਂ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਰਹੇ ਹਨ ਤੇ ਅਕਾਲੀ ਦਲ ਦੇ ਕੁਝ ਲੀਡਰ ਉਨ੍ਹਾਂ ਨੂੰ ਕਾਂਗਰਸ ਦੇ ਏਜੰਟ ਕਰਾਰ ਦਿੰਦੇ ਹਨ। ਉਨ੍ਹਾਂ ਕਿਹਾ ਕਿ, ਅਕਾਲੀ ਲੀਡਰਸ਼ਿਪ ਆਪਣਾ ਸਟੈਂਡ ਸਾਫ ਕਰਨ ਕਿ ਸੰਤ ਭਿੰਡਰਾਂ ਨੂੰ ਗੁਰੂ ਨਾਨਕ ਨਿਵਾਸ 'ਚੋਂ ਕੱਢਣ ਲਈ ਕਿਉਂ ਵਿਓਂਤ ਬਣਾਈ ਗਈ ਸੀ।

ਰਣਜੀਤ ਸਿੰਘ ਨੂੰ ਗ੍ਰਿਫਤਾਰ ਹੋਣ ਲਈ ਕਿਉਂ ਕਿਹਾ ਗਿਆ? ਸੰਤ ਭਿੰਡਰਾਂ ਨੇ ਕਿਹਾ ਕਿ, ਮੈਨੂੰ ਇਹ ਪਤਾ ਨਹੀਂ ਕਿ ਅਕਾਲੀ ਦਲ ਦੇ ਪ੍ਰਸਤਾਵਿਤ ਵਿਚ ਸ਼ਾਂਤਮਈ ਦਾ ਰਹਿਣ ਤੇ ਕਿਉਂ ਜ਼ੋਰ ਦਿੱਤਾ ਗਿਆ? ਉਨ੍ਹਾਂ ਕਿਹਾ ਕਿ, ਆਨੰਦਪੁਰ ਦਾ ਮਤਾ ਪੱਕੀ ਤਰ੍ਹਾਂ ਮੰਨਵਾਏ ਬਗੈਰ ਸਿੱਖ ਅਕਾਲੀਆਂ ਨੂੰ ਮੋਰਚਾ ਖਤਮ ਨਹੀਂ ਕਰਨ ਦੇਣਗੇ।

## ਚੰਦੂ ਮਾਜਰਾ ਦਾ ਬਿਆਨ

ਅਕਾਲੀ ਯੂਥ ਦੇ ਪ੍ਰਧਾਨ ਪ੍ਰੇਮ ਸਿੰਘ ਚੰਦੂ ਮਾਜਰਾ ਨੇ ਕਿਹਾ ਕਿ, ਇਹ ਬਿਆਨ ਗਲਤ ਹੈ ਕਿ, ਅਕਾਲੀ ਯੂਥ ਫੈਡਰੇਸ਼ਨ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਕਿਹਾ ਕਿ, ਅਸੀਂ ਲੌਂਗੋਵਾਲ ਦਾ ਸ਼ੁਕਰੀਆ ਅਦਾ ਕਰਦੇ ਹਾਂ ਕਿ ਉਹ ਬਹੁਤ ਸ਼ਹਿਨਸ਼ੀਲ ਹਨ।

## ਫੈਡਰੇਸ਼ਨ ਭੰਗ ਹੋਵੇਗੀ

ਸੰਤ ਲੌਂਗੋਵਾਲ ਦੇ ਨਿਕਟਵਰਤੀਆਂ ਦੇ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੁਝ ਹੀ ਦਿਨਾਂ ਵਿਚ ਲੌਂਗੋਵਾਲ ਫੈਡਰੇਸ਼ਨ ਨੂੰ ਭੰਗ ਕਰ ਦੇਣਗੇ। ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ, ਉਨ੍ਹਾਂ ਦੇ ਅਤੇ ਅਕਾਲੀਆਂ ਵਿਚਾਰੇ ਜਾਗੀਰਦਾਰਾਂ (ਜਿਨ੍ਹਾਂ ਬਾਰੇ ਲੋਕਾਂ ਦੀ ਰਾਏ ਹੈ ਕਿ ਇਨ੍ਹਾਂ ਦਾ ਇਕ ਪੈਰ ਇੰਦਰਾ ਦੇ ਦੁਆਰ ਤੇ ਅਤੇ ਦੂਸਰਾ ਹਰਿਮੰਦਰ ਸਾਹਿਬ ਹੁੰਦਾ ਹੈ) ਦੀ ਇਕ ਇਸ਼ਤਿਹਾਰ ਰਾਹੀਂ ਖੂਬ ਛਿੱਲ ਲਾਹੀ ਗਈ ਸੀ। ਸੰਤ ਲੌਂਗੋਵਾਲ ਨੇ ਫੂਨ ਰਾਹੀਂ ਜ: ਟੌਹੜਾ ਨਾਲ ਸੰਪਰਕ ਕੀਤਾ ਤੇ ਵਿਚਾਰ ਵਿਟਾਂਦਰਾ ਕੀਤਾ।

ਇਸ ਵਿਚਾਰ ਵਿਟਾਂਦਰੇ ਵਿਚ ਸੰਤ ਲੌਂਗੋਵਾਲ ਨੇ ਕਿਹਾ ਕਿ, ਮੈਂ ਫੈਡਰੇਸ਼ਨ ਨੂੰ ਤੋੜ ਦਿਆਂਗਾ। ਉਤਰ ਵਿਚ ਕਿਹਾ ਗਿਆ ਕਿ ਫੈਡਰੇਸ਼ਨ ਕਿਸੇ ਇਕ ਬੰਦੇ ਦੀ ਚਾਰਪਾਈ ਹੇਠ ਨਹੀਂ ਹੈ, ਨਾ ਹੀ ਇਸ ਦੇ ਆਹੁਦੇਦਾਰਾਂ ਨੂੰ ਕਿਸੇ ਨੇ ਨਾਮਜਦ ਕੀਤਾ ਹੈ। ਨਾ ਹੀ ਇਹ ਕਿਸੇ ਇਕ ਵਿਅਕਤੀ ਨੂੰ ਜਵਾਬਦੇਹ ਹੈ। ਇਸ ਦੇ ਆਹੁਦੇਦਾਰ ਇਸ ਦੀ ਸੈਂਟਰਲ ਕਮੇਟੀ, ਜਿਸ ਦੇ 15 ਹਜ਼ਾਰ ਮੈਂਬਰ ਹਨ, ਚੁਣਦੀ ਹੈ। ਉਨ੍ਹਾਂ ਕਿਹਾ ਕਿ, ਅਸੀਂ ਮੋਰਚੇ ਲਈ ਕੰਮ ਕਰਦੇ ਰਹਾਂਗੇ। ਅਕਾਲੀ ਦਲ ਦੇ ਇਕ ਬੁਲਾਰੇ ਨੇ ਇਸ ਦੇ ਉਤਰ ਵਿਚ ਕਿਹਾ ਕਿ, ਫੈਡਰੇਸ਼ਨ ਨੂੰ ਅਕਾਲੀ ਦਲ ਦੇ ਸਟੂਡੈਂਟ ਵਿੰਗ ਦੇ ਤੌਰ ਤੇ ਕਾਇਮ ਕੀਤਾ ਗਿਆ ਸੀ ਪਰ ਫੈਡਰੇਸ਼ਨ ਇਕ ਵਿਅਕਤੀ ਦੇ ਇਸ਼ਾਰੇ ਤੇ ਚੱਲ ਰਿਹਾ ਹੈ।

## ਇਸ਼ਤਿਹਾਰ

ਜੋ ਇਸ਼ਤਿਹਾਰ ਵੰਡਿਆ ਗਿਆ ਸੀ, ਉਸ ਵਿਚ ਨਾ ਤਾਂ ਛਾਪੇਖਾਨੇ ਦਾ ਨਾਂ ਦਰਜ ਸੀ, ਨਾ ਹੀ ਇਨ੍ਹਾਂ ਨੂੰ ਛਪਵਾਉਣ ਵਾਲੇ ਦਾ। ਪਰ ਉਸ ਵਿਚ ਹੇਠ ਲਿਖੇ ਪ੍ਰਸ਼ਨ ਪੁੱਛੇ ਗਏ ਸਨ:

1 ਅਕਾਲੀ ਮੰਗਾਂ ਬਾਰੇ ਖੁਫੀਆ ਤੌਰ ਤੇ ਸੌਦੇਬਾਜ਼ੀ ਕਿਉਂ ਕੀਤੀ ਜਾ ਰਹੀ ਹੈ?

2 ਪ੍ਰਕਾਸ਼ ਸਿੰਘ ਬਾਦਲ ਨੇ ਮਾਸਕੋ ਵਿਚ ਰਾਜੀਵ ਗਾਂਧੀ ਤੇ ਨਿਊਯਾਰਕ ਵਿਚ ਇੰਦਰਾ ਗਾਂਧੀ ਨਾਲ ਖੁਫੀਆ ਮੁਲਾਕਾਤ ਕਿਉਂ ਕੀਤੀ?



Digitized by Panjab Digital Library | www.panjabdigilib.org

3 ਜਥੇਦਾਰ ਤਲਵੰਡੀ, ਸੁਖਜਿੰਦਰ ਸਿੰਘ ਤੇ ਭਰਪੂਰ ਸਿੰਘ ਬਲਬੀਰ ਨੂੰ ਨੈਸ਼ਨਲ ਸਕਿਓਰਿਟੀ ਐਕਟ ਅਧੀਨ ਗ੍ਰਿਫਤਾਰ ਕਰਾਉਣ ਲਈ ਕਿਉਂ ਮਸ਼ਵਰਾ ਦਿੱਤਾ?

4 ਗੁਰੂ ਨਾਨਕ ਨਿਵਾਸ ਵਿਚ ਸੰਤ ਭਿੰਡਰਾਂ ਤੇ ਬਬਰ ਖਾਲਸੇ ਦੇ ਬੰਦਿਆਂ ਵਿਚ ਖੂਨੀ ਟਕਰਾਓ ਕਰਾ ਕੇ ਸੰਤ ਭਿੰਡਰਾਂ ਨੂੰ ਗ੍ਰਿਫਤਾਰ ਕਰਾਉਣ ਦੀ ਸਾਜ਼ਿਸ਼ ਕਿਉਂ ਰਚੀ?

5 ਕਿਸ ਨੇ ਅਧਿਕਾਰ ਦਿੱਤਾ ਹੈ ਕਿ 26 ਜਨਵਰੀ ਤੋਂ ਚੱਲਣ ਵਾਲੇ ਅੰਦੋਲਨ ਨੂੰ ਬਦਲਿਆ ਜਾਏ?

6 ਕਿਸ ਆਧਾਰ ਤੇ ਨਿਰਲੇਪ ਕੌਰ, ਉਮਰਾਨੰਗਲ, ਫਤਣਵਾਲਾ, ਸੁਰਜੀਤ ਸਿੰਘ ਸੇਖੀ, ਤਾਲਬ ਸਿੰਘ ਸੰਧੂ, ਹਰੀ ਸਿੰਘ ਜੀਰਾ, ਜਸਵੰਤ ਸਿੰਘ ਭਿੰਡਰ, ਸੰਤ ਭਿੰਡਰਾਂ ਨੂੰ ਸਰਕਾਰ ਦਾ ਏਜੰਟ ਕਰਾਰ ਦੇ ਕੇ ਸਰਕਾਰ ਨਾਲ ਸਾਜ਼ਬਾਜ਼ ਕਰ ਰਹੇ ਹਨ?

7 ਕਿਸ ਮਤਲਬ ਲਈ ਰਣਜੀਤ ਸਿੰਘ ਨੂੰ ਸੰਤ ਲੌਂਗੋਵਾਲ ਤੇ ਜਾਗੀਰਦਾਰ ਧੜੇ ਨੇ ਗ੍ਰਿਫਤਾਰ ਕਰਵਾਇਆ?

ਇਸ ਦੇ ਉਤਰ ਵਿਚ ਇਕ ਪ੍ਰੈਸ ਨੋਟ ਵਿਚ, ਜਿਸ ਤੇ ਕਿਸੇ ਦਾ ਨਾਂ ਨਹੀਂ, ਕਿਹਾ ਗਿਆ ਹੈ ਕਿ, ਰਣਜੀਤ ਸਿੰਘ ਨੂੰ ਕਿਸ ਨੇ ਗ੍ਰਿਫਤਾਰ ਕਰਾਇਆ ਹੈ, ਸਾਨੂੰ ਪਤਾ ਨਹੀਂ। ਪਰ ਉਹ ਕਹਿੰਦਾ ਸੀ ਕਿ ਮੈਨੂੰ ਸੰਤ ਭਿੰਡਰਾਂ ਦੇ ਬੰਦਿਆਂ ਤੋਂ ਖਤਰਾ ਹੈ। ਇਸ ਕਰਕੇ ਉਹ ਗੁਰੂ ਨਾਨਕ ਨਿਵਾਸ ਛੱਡ ਕੇ ਗੁਰੂ ਰਾਮਦਾਸ ਸਰਾਂ ਵਿਚ ਚਲਾ ਗਿਆ ਸੀ।

ਸਰਦਾਰ ਬਾਦਲ ਨੇ ਕਿਹਾ ਕਿ ਨਾ ਮੈਂ ਇੰਦਰਾ ਗਾਂਧੀ ਨਾਲ ਨਿਊਯਾਰਕ ਵਿਚ ਗੱਲਬਾਤ ਕੀਤੀ ਹੈ ਤੇ ਨਾ ਹੀ ਰਾਜੀਵ ਗਾਂਧੀ ਨਾਲ ਮਾਸਕੋ ਵਿਚ। ਜੇ ਕੋਈ ਬੰਦਾ ਇਹੀ ਗੱਲ ਅਕਾਲ ਤਖਤ ਤੇ ਸੰਹੁ ਖਾ ਕੇ ਕਹੇ ਤਾਂ ਮੈਂ ਉਸੇ ਦਿਨ ਸਿਆਸਤ ਛੱਡ ਦਿਆਂਗਾ।

ਹਰਿਆਣਾ ਨੌਜਵਾਨ ਸਭਾ ਨੇ ਅਕਾਲੀ ਨੇਤਾਵਾਂ ਦੇ ਨਾਂ ਖੁੱਲ੍ਹੇ ਖਤ ਵਿਚ ਲਿਖਿਆ ਹੈ ਕਿ, ਸੰਤ ਭਿੰਡਰਾਂ ਦਾ ਅਕਾਲ ਤਖਤ ਤੇ ਰਹਿਣਾ ਦਰਬਾਰ ਸਾਹਿਬ ਤੇ ਗੁਰੂ ਗਰੰਥ ਸਾਹਿਬ ਦਾ ਅਪਮਾਨ ਕਰਨਾ ਹੈ। ਉਨ੍ਹਾਂ ਅੱਗੇ ਲਿਖਿਆ ਕਿ ਕਈ ਲੋਕ ਸੰਤ ਭਿੰਡਰਾਂ ਦੇ ਪੈਰ ਇਸ ਤਰ੍ਹਾਂ ਛੂੰਹਦੇ ਹਨ, ਜਿਸ ਤਰ੍ਹਾਂ ਉਹ ਗੁਰੂ ਹੋਣ ਤੇ ਇਸ ਗੁਰੂਡਮ ਨੂੰ ਖਤਮ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ।

## ਸੰਤਾਂ ਦੀ ਚੜ੍ਹਤਾ ਦਾ ਵਿਦੇਸ਼ਾਂ ਵਿਚ ਅਸਰ:

ਸੰਤ ਭਿੰਡਰਾਂ ਦੀ ਚੜ੍ਹਤ ਦਾ ਵਿਦੇਸ਼ਾਂ ਵਿਚ ਇਹ ਅਸਰ ਪਿਆ ਕਿ, ਜਿਨ੍ਹਾਂ ਗੁਰੂ ਘਰਾਂ ਵਿਚ ਪ੍ਰਬੰਧਕ ਸਰਕਾਰੀ ਪੱਖੀ ਹੁੰਦੇ ਸਨ, ਉਨ੍ਹਾਂ ਨੂੰ ਵੀ ਹਾਰ ਯਕੀਨੀ ਦਿਸਣ ਲੱਗ ਪਈ ਕਈ ਤਾਂ ਬੁਰੀ ਤਰ੍ਹਾਂ ਹਾਰੇ। ਕਈਆਂ ਨੇ ਆਪਣੀ ਪਾਲਿਸੀ ਬਦਲ ਲਈ, ਉਦਾਹਰਨ ਵਜੋਂ ਫਰੀਮੌਂਟ ਗੁਰੂਘਰ - ਕੈਲੇਫੋਰਨੀਆ ਵਿਚ ਹਰਦੇਵ ਸਿੰਘ ਗਰੇਵਾਲ ਦਾ ਅੱਡੀ ਚੋਟੀ ਦਾ ਜ਼ੋਰ ਲੱਗਣ ਦੇ ਬਾਵਜੂਦ ਵੀ ਜਿੱਤ ਅਕਾਲੀਆਂ ਦੀ ਹੋਈ। ਗਰੇਵਾਲ ਗਰੁੱਪ ਸਾਨਫਰਾਂਸਿਸਕੋ ਦੇ ਭਾਰਤੀ ਕੌਂਸਲੇਟ ਕੋਲ ਵੀ ਮਦਦ ਲਈ ਪਹੁੰਚਿਆ। ਸਥਾਨਕ ਮੰਦਰ ਵਿਚ ਸਹਾਇਤਾ ਲਈ ਗਿਆ ਪਰ ਹਰ ਪਾਸੇ ਤੋਂ ਹਾਰ ਹੀ ਹਾਰ ਦਿਖਾਈ ਦਿੱਤੀ।

ਇਸੇ ਤਰ੍ਹਾਂ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵਿਚ ਵਿਰੋਧੀ ਧੜਾ ਪੂਰਾ ਵਾਹ ਜੋਰ ਸ਼ੋਰ ਨਾਲ ਤਿਆਰੀ ਕਰਦਾ ਰਿਹਾ ਪਰ ਜਿੱਤ ਆਖਰ ਵਿਚ ਅਕਾਲੀਆਂ ਦੀ ਹੀ ਹੋਈ।



Digitized by Panjab Digital Library | www.panjabdigilib.org

ਨਿਊਵੈਸਟ ਗੁਰੂ ਘਰ ਵਿਚ ਵਿਰੋਧੀਆਂ ਦੇ ਹਜ਼ਾਰ ਪਾਪੜ ਵੇਲਣ ਦੇ ਬਾਵਜੂਦ ਵੀ ਅਕਾਲੀ ਹੀ ਜਿੱਤੇ। ਅਕਾਲੀ ਸਿੰਘ ਗੁਰੂ ਘਰ ਤੇ ਗੁਰੂ ਨਾਨਕ ਸਿੱਖ ਟੈਂਪਲ ਸਰੀ ਨੇ ਆਪਣੀ ਪਾਲਿਸੀ ਤਬਦੀਲ ਕਰ ਦਿੱਤੀ। ਐਬਸਫੋਰਡ ਵਿਚ ਅਕਾਲੀ ਪੱਖੀ ਲੋਕ ਅੱਗੇ ਆਏ।

## 10-10 ਲੱਖ ਦਾ ਇਨਾਮ

ਸਟੂਡੈਂਟਸ ਫੈਡਰੇਸ਼ਨ ਦੀ ਕਨਵੈਨਸ਼ਨ ਵਿਚ ਸੰਤ ਭਿੰਡਰਾਂ ਨੇ ਬੜੀ ਜੋਸ਼ੀਲੀ ਤਕਰੀਰ ਕੀਤੀ। ਜਿਸ ਦਾ ਸਾਰਾਂਸ਼ ਅਖ਼ਬਾਰਾਂ ਵਿਚ ਛਪੀਆਂ ਖ਼ਬਰਾਂ ਅਨੁਸਾਰ ਇਸ ਤਰ੍ਹਾਂ ਹੈ:

**"ਜਦੋਂ ਤੱਕ ਆਨੰਦਪੁਰ ਦਾ ਮਤਾ ਨਹੀਂ ਮੰਨਿਆ ਜਾਂਦਾ, ਮੋਰਚਾ ਖਤਮ ਨਹੀਂ ਕਰਾਂਗਾ! ਕੁਰਬਾਨੀ ਕਰਨ ਵਾਲੇ ਨੌਜਵਾਨਾਂ ਨੂੰ ਪਨਾਹ ਵੀ ਦੇਵਾਂਗਾ ਤੇ ਪ੍ਰਿਵਾਰਾਂ ਨੂੰ 10-10 ਲੱਖ ਰੁਪਏ ਵੀ" - ਸੰਤ ਜਰਨੈਲ ਸਿੰਘ**

**ਅੰਮ੍ਰਿਤਸਰ** - ਫੈਡਰੇਸ਼ਨ ਦੀ ਕਨਵੈਨਸ਼ਨ ਵਿਚ ਸੰਤ ਭਿੰਡਰਾਂ ਦੇ ਕੰਮ ਦੀ ਸ਼ਲਾਘਾ ਕੀਤੀ। ਉਸ ਵਿਚ ਕਿਹਾ ਗਿਆ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਨੇ ਕੌਮ ਵਿਚ ਮੁੜ ਕੇ ਜਾਨ ਪਾ ਦਿੱਤੀ ਹੈ ਤੇ ਜੇ ਉਹ ਨਾ ਹੁੰਦੇ ਤਾਂ ਮੋਰਚਾ ਹੁਣ ਨੂੰ ਕਦੋਂ ਦਾ ਹੀ ਖਤਮ ਕਰਾ ਦਿੱਤਾ ਜਾਣਾ ਸੀ।

ਇਕ ਹੋਰ ਮਤੇ ਵਿਚ ਮੰਗ ਕੀਤੀ ਕਿ ਪੰਜਾਬ ਵਿਚ ਸਾਰੇ ਸਕੂਲਾਂ ਕਾਲਜਾਂ ਵਿਚ ਤਾਲੀਮ ਗੁਰਮੁਖੀ ਲਿੱਪੀ ਵਿਚ ਦਿੱਤੀ ਜਾਵੇ। ਭਿੰਡਰਾਂ ਦੇ ਖਿਲਾਫ ਨਿਰਲੇਪ ਕੌਰ ਦੇ ਬਿਆਨ ਦੇਣ ਕਾਰਨ ਉਸ ਨੂੰ ਗੱਦਾਰ ਕਰਾਰ ਦਿੱਤਾ ਗਿਆ। ਇਹ ਕਾਨਫਰੰਸ ਕੇਸਗੜ੍ਹ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਚ ਹੋਈ।

ਇਸੇ ਤਰ੍ਹਾਂ ਦੀ ਇਕ ਕਾਨਫਰੰਸ ਅੰਮ੍ਰਿਤਸਰ ਵੀ ਹੋਈ ਹੈ। ਇਸ ਵਿਚ ਤਕਰੀਰ ਕਰਦਿਆਂ ਸੰਤ ਭਿੰਡਰਾਂ ਨੇ ਕਿਹਾ ਕਿ ਨੌਜਵਾਨ ਮੋਟਰ ਸਾਈਕਲ ਤੇ ਹਥਿਆਰ ਖਰੀਦਣ ਤੇ ਗਦਾਰਾਂ ਨੂੰ ਸੋਧ ਦੇਣ।

ਉਨ੍ਹਾਂ ਕਿਹਾ ਕਿ, ਤੁਸੀਂ ਪੁੱਛਦੇ ਹੋ ਕਿ, ਮੈਂ ਤੁਹਾਨੂੰ ਕੀ ਪ੍ਰੋਗਰਾਮ ਦੇਵਾਂ? ਮੈਂ ਕਹਿੰਦਾ ਹਾਂ ਕਿ, ਹਰ ਪਿੰਡ ਵਿਚ ਤਿੰਨ ਤਿੰਨ ਨੌਜਵਾਨਾਂ ਦਾ ਇਕ ਸ਼ਹੀਦੀ ਜਥਾ ਬਣਾਓ, ਜਿਨ੍ਹਾਂ ਪਾਸ ਮੋਟਰ ਸਾਈਕਲ ਤੇ ਹਥਿਆਰ ਹੋਣ ਤਾਂਕਿ ਗੁਰੂ ਗਰੰਥ ਸਾਹਿਬ ਦੀ ਨਿੰਦਾ ਕਰਨ ਵਾਲੇ, ਧੀਆਂ ਭੈਣਾਂ ਦੀ ਬੇਹੁਰਮਤੀ ਕਰਨ ਵਾਲੇ ਨੂੰ ਉਹ ਸੋਧ ਦੇਣ। ਜੋ ਇਨ੍ਹਾਂ ਗਦਾਰਾਂ ਨੂੰ ਸੋਧ ਕੇ ਮੇਰੇ ਪਾਸ ਆਏਗਾ, ਮੈਂ ਉਨ੍ਹਾਂ ਨੂੰ ਪਨਾਹ ਵੀ ਦੇਵਾਂਗਾ ਤੇ ਬਹਾਦਰ ਨੌਜਵਾਨਾਂ, ਜੋ ਕੋਈ ਕੁਰਬਾਨੀ ਕਰੇਗਾ ਤਾਂ ਉਸ ਦੇ ਪ੍ਰਿਵਾਰ ਨੂੰ ਮੈਂ ਦਸ ਦਸ ਲੱਖ ਰੁਪਏ ਵੀ ਦੇਵਾਂਗਾ। ਉਨ੍ਹਾਂ ਕਿਹਾ ਕਿ, ਸਿੱਖ ਸ੍ਰੀਮਤੀ ਇੰਦਰਾ ਗਾਂਧੀ ਦੇ ਬੱਚੇ ਨਹੀਂ, ਬਲਕਿ ਆਪਣੇ ਗੁਰੂਆਂ ਦੀ ਸੰਤਾਨ ਹਨ। ਹਥਿਆਰ ਰੱਖਣਾ ਸਾਡਾ ਹੱਕ ਹੈ, ਬ੍ਰਾਹਮਣਾਂ ਦਾ ਹੱਕ ਨਹੀਂ। ਉਨ੍ਹਾਂ ਕਿਹਾ ਕਿ, ਹਥਿਆਰ ਰੱਖਣੇ ਜ਼ਰੂਰੀ ਹਨ ਤਾਂਕਿ ਮੁਸ਼ਕਿਲ ਸਮੇਂ ਕੰਮ ਆ ਸਕਣ। ਉਨ੍ਹਾਂ ਕਿਹਾ ਕਿ, ਮੈਂ ਦਰਬਾਰ ਸਾਹਿਬ ਦੇ ਇਹਾਤੇ ਵਿਚ ਖਾਮੋਸ਼ ਰਿਹਾ ਹਾਂ। ਕਿਸੇ ਦੇ ਖਿਲਾਫ ਕੋਈ ਤਕਰੀਰ ਨਹੀਂ ਕੀਤੀ। ਜਿਸ ਸਮੇਂ ਕੁਝ ਬੰਦੇ ਮੇਰੇ ਕਮਰੇ ਵਿਚ ਝਗੜਾ ਕਰਨ ਆਏ ਤਾਂ ਮੈਂ ਫੌਰਨ ਬਿਲਡਿੰਗ ਛੱਡ ਦਿੱਤੀ। ਉਨ੍ਹਾਂ ਕਿਹਾ ਕਿ, ਮੈਂ ਨਹੀਂ ਚਾਹੁੰਦਾ ਕਿ ਇਥੇ ਕੋਈ ਝਗੜਾ ਹੋਵੇ ਤੇ ਉਸ ਦੀ ਆੜ ਲੈ ਕੇ ਪੁਲਿਸ ਹਰਿਮੰਦਰ ਸਾਹਿਬ ਵਿਚ ਦਾਖਲ ਹੋਵੇ।

ਉਨ੍ਹਾਂ ਕਿਹਾ ਕਿ, ਜੋ ਲੋਕ ਨਿਰੰਕਾਰੀ ਆਗੂ ਨੂੰ 'ਬਾਪੂ' ਕਹਿ ਕੇ ਵੋਟਾਂ ਮੰਗਦੇ ਰਹੇ, ਉਨ੍ਹਾਂ ਪਾਸੋਂ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸ਼ਾਂਤਮਈ ਢੰਗ ਦੀ ਨੁਕਤਾਚੀਨੀ ਕੀਤੀ ਤੇ ਕਿਹਾ ਕਿ, ਹਰ ਗੁਰੂ ਸਾਹਿਬ ਨੇ ਜ਼ੁਲਮ ਦਾ ਬਦਲਾ



Digitized by Panjab Digital Library | www.panjabdigilib.org

ਲਿਆ। ਉਨ੍ਹਾਂ ਕਿਹਾ ਕਿ, ਅਕਾਲੀ ਦਲ ਦੇ ਜਨਰਲ ਸਕੱਤਰ ਬੀਬੀ ਨਿਰਲੇਪ ਕੌਰ ਨੇ ਜੋ ਮੈਨੂੰ ਕਾਂਗਰਸ ਦਾ ਏਜੰਟ ਕਿਹਾ, ਜੇ ਮੈਂ ਕਾਂਗਰਸ ਦਾ ਏਜੰਟ ਹੁੰਦਾ ਤਾਂ ਮੇਰੇ ਜਥੇ ਦੇ ਮੈਂਬਰਾਂ ਦੇ ਹਥਿਆਰਾਂ ਦੇ ਲਾਇਸੈਂਸ ਕੈਂਸਲ ਨਾ ਹੁੰਦੇ। ਉਨ੍ਹਾਂ ਕਿਹਾ ਕਿ, ਕਾਂਗਰਸ ਦਾ ਏਜੰਟ ਮੈਂ ਹਾਂ ਜਾਂ ਇਹ ਕਹਿਣ ਵਾਲੇ ਹਨ? ਇਹ ਤੁਸੀਂ ਆਪ ਸੋਚੋ।

ਉਨ੍ਹਾਂ ਕਿਹਾ ਕਿ, ਜਦ ਤੱਕ ਆਨੰਦਪੁਰ ਦਾ ਮਤਾ ਪ੍ਰਵਾਨ ਨਹੀਂ ਹੋ ਜਾਂਦਾ, ਮੈਂ ਮੋਰਚਾ ਬੰਦ ਨਹੀਂ ਕਰਾਂਗਾ। ਉਨ੍ਹਾਂ ਇਹ ਵੀ ਕਿਹਾ ਕਿ ਅੱਗੋਂ ਤੋਂ ਜੇ ਕਿਸੇ ਵੀ ਸਟੇਜ ਤੋਂ ਉਮਰਾਨੰਗਲ, ਨਿਰਲੇਪ ਕੌਰ, ਤਾਲਬ ਸਿੰਘ ਸੰਧੂ, ਸੁੱਚਾ ਸਿੰਘ ਛੋਟੇਪੁਰ ਤੇ ਜਸਵੰਤ ਸਿੰਘ ਨੂੰ ਬੋਲਣ ਦਾ ਹੱਕ ਨਾ ਦਿੱਤਾ ਜਾਵੇ, ਕਿਉਂਕਿ ਉਨ੍ਹਾਂ ਨੇ ਮੇਰੇ ਤੇ ਕਾਂਗਰਸੀ ਹੋਣ ਦਾ ਇਲਜ਼ਾਮ ਲਗਾਇਆ ਹੈ।

ਫੈਡਰੇਸ਼ਨ ਦੇ ਇਕ ਪ੍ਰਸਤਾਵ ਵਿਚ ਸੰਤ ਭਿੰਡਰਾਂ ਵਿਚ ਸੰਤ ਭਿੰਡਰਾਂ ਦੀ ਲੀਡਰਸ਼ਿਪ ਵਿਚ ਭਰੋਸਾ ਦਿੱਤਾ ਤੇ ਮੰਗ ਕੀਤੀ ਕਿ ਪੰਜਾਬ ਦੀ ਧਰਤੀ ਤੋਂ ਬਾਰਡਰ ਸਕਿਓਰਿਟੀ ਫੋਰਸ ਤੇ ਸੀ. ਆਰ. ਪੀ. ਹਟਾ ਲਈ ਜਾਵੇ। ਇਹ ਪੁਲਿਸ ਤੇ ਫੌਜ ਇਸ ਕਰਕੇ ਰੱਖੀ ਹੋਈ ਹੈ ਕਿ ਜਦੋਂ ਮੌਕਾ ਮਿਲੇ ਤਾਂ ਦਰਬਾਰ ਸਾਹਿਬ ਵਿਚ ਘੁਸ ਜਾਣ ਤੇ ਗ੍ਰਿਫਤਾਰੀਆਂ ਕਰਨ। ਸਿੱਖਾਂ ਵਿਚ ਫੁੱਟ ਪਾ ਕੇ ਉਨ੍ਹਾਂ ਦੀ ਬੇਇਜ਼ਤੀ ਸਰਕਾਰ ਕਰਾ ਰਹੀ ਹੈ। ਪ੍ਰਸਤਾਵ ਵਿਚ ਕਿਹਾ ਗਿਆ ਕਿ, ਦਰਬਾਰ ਸਾਹਿਬ ਦੇ ਹੈਡ ਗਰੰਥੀ ਦੀ ਤਲਾਸ਼ੀ ਲੈ ਕੇ ਉਨ੍ਹਾਂ ਦੀ ਬੇਇਜ਼ਤੀ ਕੀਤੀ ਗਈ ਹੈ। ਪੁਲਿਸ ਫੈਡਰੇਸ਼ਨ ਦੇ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਝੂਠੇ ਕੇਸਾਂ ਵਿਚ ਫਸਾ ਰਹੀ ਹੈ।

ਇਸ ਕਨਵੈਨਸ਼ਨ ਵਿਚ ਫੈਡਰੇਸ਼ਨ ਦੇ ਵਰਕਰਾਂ ਨੇ ਕ੍ਰਿਪਾਨਾਂ ਨੰਗੀਆਂ ਕਰਕੇ ਹਵਾ ਵਿਚ ਲਹਿਰਾਈਆਂ ਤੇ ਨਾਹਰੇ ਲਾਏ ਕਿ:

"ਫੂਕ ਦਿਆਂਗੇ ਦਿੱਲੀ ਸਾਰੀ, ਅਸੀਂ ਪੰਥ ਦੇ ਸਿਪਾਹੀ ਹਾਂ, ਇੰਦਰਾ ਦੇ ਜੁਆਈ ਹਾਂ"

ਚੰਡੀਗੜ੍ਹ ਵਾਲੀ ਕਾਨਫਰੰਸ ਜਿਸ ਗੁਰਦੁਆਰੇ ਵਿਚ ਹੋਈ, ਉਸ ਦੇ ਬਾਹਰ ਇਕ ਬਹੁਤ ਵੱਡਾ ਬੈਨਰ ਲੱਗਾ ਹੋਇਆ ਸੀ, ਜਿਸ ਵਿਚ ਇਕ ਸਿੱਖ ਨੌਜਵਾਨ ਮੋਟਰ ਸਾਈਕਲ ਤੇ ਸਵਾਰ ਹੋ ਕੇ ਗੋਲੀਆਂ ਚਲਾ ਰਿਹਾ ਸੀ।"

## ਭਿੰਡਰਾਂ ਖਿਲਾਫ ਧੂੰਆਂਧਾਰ ਪ੍ਰਾਪੇਗੰਡਾ:

ਬਬਰ ਖਾਲਸੇ ਦੇ ਸਰਕਾਰ ਪੱਖੀ ਜਥੇ ਵਲੋਂ ਹਰਿਮੰਦਰ ਸਾਹਿਬ ਵਿਚਇਸ਼ਤਿਹਾਰ ਲਾਏ ਗਏ, ਜਿਸ 'ਤੇ ਅੰਮ੍ਰਿਤਪਾਲ ਸਿੰਘ ਦੇ ਦਸਤਖਤ ਸਨ। ਉਸ ਵਿਚ ਸੰਤ ਭਿੰਡਰਾਂ ਦੇ ਇਸ ਬਿਆਨ ਦਾ ਸਖਤ ਨੋਟਿਸ ਲਿਆ ਗਿਆ ਸੀ, ਜਿਸ ਵਿਚ ਸੰਤਾਂ ਨੇ ਇਹ ਕਿਹਾ ਸੀ ਕਿ, ਬਬਰ ਖਾਲਸਾ ਦੇ 5 ਬੰਦੇ ਗੁਰੂ ਨਾਨਕ ਨਿਵਾਸ ਵਿਚ ਸੰਤਾਂ ਨਾਲ ਲੜਨ ਗਏ ਸਨ, ਜਿਸ ਕਾਰਨ ਉਨ੍ਹਾਂ ਨੇ ਗੁਰੂ ਨਾਨਕ ਨਿਵਾਸ ਖਾਲੀ ਕਰ ਦਿੱਤਾ ਸੀ, ਤਾਂ ਕਿ ਖਾਲਸੇ ਵਿਚ ਝਗੜਾ ਨਾ ਹੋਵੇ।

ਬਬਰ ਖਾਲਸੇ ਨੇ ਹੇਠ ਲਿਖੇ ਸਵਾਲ ਇਕ ਇਸ਼ਤਿਹਾਰ ਰਾਹੀਂ ਸੰਤ ਭਿੰਡਰਾਂ ਤੋਂ ਪੁੱਛੇ:

"ਜੋ ਨਾਮ ਨਿਹਾਜ਼ ਲੀਡਰ ਸਟੇਜਾਂ ਤੇ ਇਹ ਪ੍ਰਚਾਰ ਕਰਦਾ ਹੈ ਕਿ ਜੋ ਅੰਮ੍ਰਿਤਧਾਰੀ ਸਿੰਘ ਸ਼ਰਾਬ ਪੀਵੇ, ਜਾਂ ਕਿਸੇ ਦੀ ਧੀ ਭੈਣ ਦੀ ਇਜ਼ਤ ਲੁੱਟੇ, ਉਸ ਨੂੰ ਮਿੱਟੀ ਦਾ ਤੇਲ ਪਾ ਕੇ ਸਾੜ ਦੇਣਾ ਚਾਹੀਦਾ ਹੈ ਪਰ ਜੋ ਇਸ ਦੇ ਆਪਣੇ ਹੀ ਬੰਦੇ ਗੁਰੂ ਨਾਨਕ ਨਿਵਾਸ ਦੇ



Digitized by Panjab Digital Library | www.panjabdigilib.org

ਕਮਰਾ ਨੰਬਰ 117 ਵਿਚ ਸ਼ਰਾਬ ਪੀਂਦੇ ਫੜੇ ਜਾਣ ਤੇ ਉਹ ਆਪ ਅਕਾਲ ਤਖਤ ਤੋਂ ਉਨ੍ਹਾਂ ਨੂੰ ਛੁਡਾਉਣ ਆ ਜਾਵੇ, ਕੀ ਉਹ ਜਾਇਜ਼ ਹੈ?

"ਜੇ ਇਸ ਨਾਮ ਨਿਹਾਜ਼ ਲੀਡਰ ਦਾ ਨਿੱਜੀ ਸੇਵਾਦਾਰ ਕਿਸੇ ਦੀ ਧੀ ਨੂੰ ਜ਼ਬਰਦਸਤੀ ਚੁੱਕ ਕੇ ਕਮਰਾ ਨੰਬਰ 107 ਵਿਚ ਲੈ ਜਾਵੇ ਤੇ ਦੂਸਰਿਆਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਬਚਾਉਣ ਦੀ ਦੁਹਾਈ ਦੇਣ ਵਾਲੇ ਦਾ ਇਕ ਲੈਫਟੀਨੈਂਟ ਤਾਲਾ ਤੋੜ ਕੇ ਉਸ ਨੂੰ ਛੁਡਾ ਕੇ ਲੈ ਜਾਵੇ ਤਾਂ ਇਹ ਜਵਾਬ ਦੇਵੇ ਕਿ, ਇਸ ਨੇ ਸ਼ਰਾਬ ਨੋਸ਼ੀ ਤੇ ਲੜਕੀ ਦੀ ਇਜ਼ਤ ਲੁੱਟਣ ਵਾਲੇ ਨੂੰ ਮਿੱਟੀ ਦਾ ਤੇਲ ਪਾ ਕੇ ਕਿਉਂ ਨਹੀਂ ਜਾਲਿਆ?"

"ਗੁਰੂ ਗਰੰਥ ਸਾਹਿਬ ਦੀ ਪਵਿੱਤ੍ਰਤਾ ਕਾਇਮ ਰੱਖਣ ਲਈ ਸਿੰਘਾਂ ਨੂੰ ਮੋਟਰ ਸਾਈਕਲ ਤੇ ਹਥਿਆਰ ਖਰੀਦ ਕੇ ਦੇਣ ਦੀਆਂ ਡੀਗਾਂ ਮਾਰਨ ਵਾਲੇ ਨੂੰ ਕੋਈ ਪੁੱਛੇ ਕਿ, ਇਹ ਆਪ ਚੰਦੋਕਲਾਂ ਤੋਂ ਨੱਠ ਕੇ ਕਿਉਂ ਆਇਆ ਸੀ?"

ਸੰਤ ਜਰਨੈਲ ਸਿੰਘ ਦੇ ਜਥੇ ਵਲੋਂ ਤਫਤੀਸ਼ ਕਰਨ ਤੋਂ ਪਤਾ ਲੱਗਾ ਕਿ, ਅਸਲੀ ਬਬਰ ਖਾਲਸੇ ਦੇ ਜਥੇ ਵਿਚ ਇਸ ਨਾਂ ਦਾ ਕੋਈ ਬੰਦਾ ਨਹੀਂ ਹੈ। ਇਹ ਕੇਵਲ ਉਸ ਜਥੇ ਦੀ ਸਾਜਿਸ਼ ਹੈ, ਜੋ ਸਰਕਾਰ ਨਾਲ ਰਲ ਕੇ ਸੰਤ ਭਿੰਡਰਾਂ ਵਿਰੁੱਧ ਪ੍ਰਾਪੇਗੰਡਾ ਕਰਦਾ ਹੈ ਤੇ ਉਸ ਨੂੰ ਕਤਲ ਕਰਨ ਦੀ ਸਾਜ਼ਿਸ਼ ਵਿਚ ਸ਼ਰੀਕ ਹੈ।

ਇਹ ਬਿਆਨ ਮਹਾਸ਼ਾ ਅਖਬਾਰਾਂ ਨੇ ਬਹੁਤ ਵਧਾ ਚੜ੍ਹਾ ਕੇ ਛਾਪੇ, ਜਿਸ ਕਰਕੇ ਦਸ਼ਮੇਸ਼ ਰੈਜਮੈਂਟ ਨੇ 'ਇੰਡੀਅਨ ਐਕਸਪ੍ਰੈਸ' ਦੇ ਨੁਮਾਇੰਦੇ ਸੰਜੀਵ ਗੌਰਡੀ ਤੇ ਹਮਲਾ ਵੀ ਕੀਤਾ। ਟੀ. ਵੀ. ਸਟੇਸ਼ਨ ਤੇ ਬੰਬ ਸੁੱਟ ਕੇ ਦਫਤਰ ਜਾਲ ਦਿੱਤਾ ਤੇ ਪੰਜਾਬੀ ਟ੍ਰਿਬਿਊਨ ਦੇ ਦਫਤਰ ਤੇ ਬੰਬ ਸੁੱਟਿਆ।

ਭਿੰਡਰਾਂ ਦੀ ਚੜ੍ਹਤ ਤੋਂ ਹਿੰਦੂ ਇਤਨੇ ਡਰੇ ਕਿ, ਹਿੰਦੂ ਸੁਰੱਖਿਆ ਸੰਮਤੀ ਨੇ 8 ਫਰਵਰੀ ਵਾਲਾ ਪੰਜਾਬ ਬੰਦ ਫੇਅਲ ਕਰਨ ਲਈ 1 ਲੱਖ ਵਲੰਟੀਅਰ ਭਰਤੀ ਕਰਨ ਦਾ ਟੀਚਾ ਮਿਥਿਆ।

## ਹਰਿਮੰਦਰ ਸਾਹਿਬ ਦਾ ਮਾਡਲ ਜਾਲ ਦਿੱਤਾ:

ਹਿੰਦੂ ਸੁਰੱਖਿਆ ਸੈਨਾ ਦੇ ਮੁਖੀ ਨੂੰ ਪਟਿਆਲਾ ਵਿਚ ਗ੍ਰਿਫਤਾਰ ਕਰਨ ਕਰਕੇ ਪੰਜਾਬ, ਹਿਮਾਚਲ ਤੇ ਹਰਿਆਣਾ ਵਿਚ ਹਿੰਦੂਆਂ ਨੇ ਫਸਾਦ ਸ਼ੁਰੂ ਕਰ ਦਿੱਤੇ ਤੇ ਹਰਿਮੰਦਰ ਸਾਹਿਬ ਦਾ ਮਾਡਲ, ਜੋ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਸਥਿਤ ਸੀ, ਜਾਲ ਦਿੱਤਾ। ਇਸੇ ਤਰ੍ਹਾਂ ਗੁਰੂ ਸਾਹਿਬਾਨ ਦੀਆਂ ਫੋਟੋਆਂ ਵੀ ਜਾਲ ਦਿੱਤੀਆਂ। ਪੁਲਿਸ ਖੜ੍ਹੀ ਤਮਾਸ਼ਾ ਦੇਖਦੀ ਰਹੀ ਪਰ ਕਿਸੇ ਨੇ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ।

## ਸਿੱਖਾਂ ਦੀ ਬੇਹੁਰਮਤੀ:

ਹਰਿਆਣੇ ਵਿਚ ਬੰਬੇ ਐਕਸਪ੍ਰੈਸ ਗੱਡੀ ਗਨੌਰ ਰੇਲਵੇ ਸਟੇਸ਼ਨ ਦੇ ਕੋਲ ਰੋਕ ਕੇ ਆਸੇ ਪਾਸੇ ਦੇ ਪਿੰਡਾਂ ਵਿਚੋਂ ਢੋਲ ਵਜਾ ਵਜਾ ਕੇ ਲੋਕ ਸੱਦੇ ਤੇ ਸਿੱਖ ਮੁਸਾਫਰਾਂ ਨੂੰ ਗੱਡੀ ਤੋਂ ਹੇਠਾਂ ਲਾਹ ਲਾਹ ਕੇ ਉਨ੍ਹਾਂ ਦੀਆਂ ਦਾਹੜੀਆਂ ਕੱਟੀਆਂ ਗਈਆਂ, ਕੇਸ ਕਤਲ ਕੀਤੇ ਗਏ, ਪੱਗਾਂ ਜਾਲੀਆਂ ਗਈਆਂ, ਸਿੱਖ ਔਰਤਾਂ ਨੂੰ ਹਜੂਮ ਦੇ ਸਾਹਮਣੇ ਨੰਗਿਆਂ ਕੀਤਾ ਗਿਆ, ਉਨ੍ਹਾਂ ਦੀ ਹਜੂਮ ਦੇ ਸਾਹਮਣੇ ਹੀ ਇਜ਼ਤ ਲੁੱਟੀ ਗਈ। ਉਸ ਸਮੇਂ ਹਿੰਦੁਸਤਾਨ ਦਾ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਤੇ ਹਰਿਆਣੇ ਦਾ ਚੀਫ ਮਨਿਸਟਰ ਭਜਨ ਲਾਲ ਘਟਨਾ ਵਾਲੀ ਥਾਂ



Digitized by Panjab Digital Library | www.panjabdigilib.org

ਤੋਂ 5 ਮੀਲ ਦੀ ਦੂਰੀ ਤੇ ਇਕ ਡਾਕ ਬੰਗਲੇ ਵਿਚ ਬੈਠੇ ਇਸ ਸਾਰੀ ਸਾਜ਼ਿਸ਼ ਦੀ ਰਹਿਨੁਮਾਈ ਕਰ ਰਹੇ ਸਨ ।

ਜ਼ਰਾ ਦੇਖੋ, ਉਸ ਸਮੇਂ ਅਖਬਾਰਾਂ ਵਿਚ ਛਪੀਆਂ ਖਬਰਾਂ:

## ਹਰਿਆਣੇ ਵਿਚ ਬੰਬੇ ਐਕਸਪ੍ਰੈਸ ਵਿਚੋਂ ਸਿੱਖ ਯਾਤਰੂ ਧੂ ਧੂ ਕੇ ਕੱਢੇ!

## ਪੱਗਾਂ, ਦਾੜ੍ਹੀਆਂ ਤੇ ਕੇਸ ਕੱਟ ਕੇ ਜਲਾ ਦਿੱਤੇ?

## ਹਿੰਦੂ ਸੁਰੱਖਿਆ ਸੰਮਤੀ ਨੇ ਢੋਲ ਵਜਾ ਕੇ ਪਿੰਡਾਂ ਵਿਚੋਂ ਲੋਕ ਇਕੱਠੇ ਕੀਤੇ!

**ਅੰਮ੍ਰਿਤਸਰ** - ਵਿਸ਼ੇਸ਼ ਪ੍ਰਤੀਨਿਧ ਰਾਹੀਂ ਸੂਚਨਾ ਮਿਲੀ ਹੈ ਕਿ, ਦਿੱਲੀ ਤੋਂ ਪੰਜਾਬ ਜਾ ਰਹੀ ਬੰਬੇ ਐਕਸਪ੍ਰੈਸ ਨੂੰ ਗਨੌਰ ਰੇਲਵੇ ਸਟੇਸ਼ਨ ਤੇ ਰੋਕ ਕੇ ਸਿੱਖ ਮੁਸਾਫਰਾਂ ਨੂੰ ਹੇਠਾਂ ਉਤਾਰਿਆ ਗਿਆ । ਉਨ੍ਹਾਂ ਦੇ ਠੁੱਡੇ, ਕਿੱਕਾਂ, ਜੁੱਤੀਆਂ ਤੇ ਚੁਪੇੜਾਂ ਮਾਰੀਆਂ ਗਈਆਂ । ਉਨ੍ਹਾਂ ਦੀਆਂ ਪੱਗਾਂ ਲਾਹ ਕੇ ਜਾਲ ਦਿੱਤੀਆਂ ਗਈਆਂ । ਕੇਸ ਤੇ ਦਾਹੜੀ ਕੱਟ ਕੇ ਜਾਲ ਦਿੱਤੇ ਗਏ । ਇਹ ਹਮਲਾ ਹਿੰਦੂ ਸੁਰੱਖਿਆ ਸੰਮਤੀ ਵਲੋਂ ਕੀਤਾ ਗਿਆ ਸੀ ।

ਇਸ ਗੱਡੀ ਵਿਚਲੇ ਮੁਸਾਫਰਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਪਾਸ ਜਾ ਕੇ ਸਾਰੀ ਘਟਨਾ ਦੀ ਜਾਣਕਾਰੀ ਦਿੱਤੀ ਹੈ । ਉਨ੍ਹਾਂ ਬਿਆਨ ਦਿੱਤਾ ਕਿ ਹਿੰਦੂ ਸੁਰੱਖਿਆ ਸੰਮਤੀ ਨੇ ਪਿੰਡਾਂ ਵਿਚੋਂ ਢੋਲ ਵਜਾ ਕੇ ਲੋਕਾਂ ਨੂੰ ਰੇਲਵੇ ਸਟੇਸ਼ਨ ਤੇ ਪੁੱਜਣ ਲਈ ਕਿਹਾ ਅਤੇ ਬੜੇ ਪਲੈਨ ਅਧੀਨ ਗੱਡੀ ਤੇ ਹਮਲਾ ਕੀਤਾ । ਸਿੱਖ ਯਾਤਰੂਆਂ ਦੀਆਂ ਪੱਗਾਂ, ਦਾਹੜੀਆਂ ਤੇ ਕੇਸ ਕੱਟ ਕੇ ਜਾਲੇ ਗਏ, ਬਹੁਤ ਜ਼ਲੀਲ ਕੀਤਾ ਗਿਆ । ਹਿੰਦੂ ਨਾਹਰੇ ਲਾ ਰਹੇ ਸਨ: "ਕੱਛ, ਕੜਾ ਤੇ ਕ੍ਰਿਪਾਨ, ਧੱਕ ਦਿਆਂਗੇ ਪਾਕਿਸਤਾਨ".... ਆਦਿ । ਉਨ੍ਹਾਂ ਦੇ ਮੂੰਹ ਵਿਚ ਬੀੜੀਆਂ ਤੁੰਨੀਆਂ ਗਈਆਂ, ਸਿਰਾਂ ਤੇ ਡੰਡੇ ਮਾਰੇ ਗਏ । ਤਿੰਨ ਫੌਜੀਆਂ ਦੀਆਂ ਲੱਤਾਂ ਤੋੜ ਦਿੱਤੀਆਂ ਗਈਆਂ । ਸਿੱਖ ਯਾਤਰੂਆਂ ਨੂੰ ਲੁੱਟ ਲਿਆ ਗਿਆ । ਜੋ ਕੁਝ ਉਨ੍ਹਾਂ ਪਾਸ ਸੀ, ਸਭ ਕੁਝ ਲੁੱਟ ਲਿਆ ਗਿਆ ।

### ਪੁਲਿਸ ਖੜ੍ਹੀ ਤਮਾਸ਼ਾ ਦੇਖ ਰਹੀ ਸੀ:

ਅਕਾਲੀ ਦਲ ਨੇ ਬਿਆਨ ਜਾਰੀ ਕੀਤਾ ਹੈ ਕਿ ਭਜਨ ਲਾਲ ਉਸ ਦਿਨ ਪਾਣੀਪਤ ਸੀ ਤੇ ਉਸ ਦੀ ਸ਼ਹਿ ਤੇ ਪੁਲਿਸ ਖੜ੍ਹੀ ਤਮਾਸ਼ਾ ਦੇਖਦੀ ਰਹੀ । ਜਿਨ੍ਹਾਂ ਸਿੱਖਾਂ ਦੀ ਬੇਹੁਰਮਤੀ ਕੀਤੀ ਗਈ, ਉਨ੍ਹਾਂ ਵਿਚ ਸ. ਬਖਸ਼ੀਸ਼ ਸਿੰਘ ਪ੍ਰਧਾਨ ਅਕਾਲੀ ਜੱਥਾ ਤਰਨਤਾਰਨ, ਸ. ਕਰਤਾਰ ਸਿੰਘ ਪਿੰਡ ਕਲਾਂਬਾਮਾਂ (ਤਰਨਤਾਰਨ), ਪ੍ਰਿਥੀਪਾਲ ਸਿੰਘ, ਸੁਲਤਾਨ ਵਿੰਡ (ਅੰਮ੍ਰਿਤਸਰ) ਸ਼ਾਮਲ ਸਨ । ਪ੍ਰਿਥੀਪਾਲ ਸਿੰਘ ਕੋਲੋਂ 600 ਰੁਪਏ ਖੋਹ ਲਏ । ਸੰਤ ਲੌਂਗੋਵਾਲ ਨੇ ਇਨ੍ਹਾਂ ਖਬਰਾਂ ਦੀ ਨਿੰਦਾ ਕੀਤੀ ।

### ਭਾਰੀ ਮਾਤਰਾ ਵਿਚ ਤ੍ਰਿਸ਼ੂਲ

ਅਕਾਲੀ ਪੱਤ੍ਰਕਾ ਨੇ ਖਬਰ ਛਾਪੀ ਹੈ ਕਿ ਬੱਸੀ ਪਠਾਣਾਂ ਤੇ ਇਰਦ ਗਿਰਦ ਦੇ ਇਲਾਕੇ ਵਿਚ ਹਿੰਦੂ ਸੁਰੱਖਿਆ ਸੰਮਤੀ ਬੜੇ ਪੈਮਾਨੇ ਤੇ ਹਥਿਆਰ ਇਕੱਠੇ ਕਰ ਰਹੀ ਹੈ । ਤ੍ਰਿਸ਼ੂਲ ਬਣਾਉਣ ਦਾ ਕੰਮ ਜੰਗੀ ਪੱਧਰ ਦੀ ਤਿਆਰੀ ਅਧੀਨ ਹੋ ਰਿਹਾ ਹੈ । ਸਾਰੇ ਇਲਾਕੇ ਵਿਚ ਹਿੰਦੂਆਂ ਦੀਆਂ ਦੁਕਾਨਾਂ ਤੇ ਘਰਾਂ ਵਿਚੋਂ 'ਜੈ ਬਜਰੰਗ ਬਲੀ' ਤੇ 'ਜੈ ਤ੍ਰਿਸ਼ੂਲ' ਦੇ ਨਾਹਰੇ ਆਮ ਸੁਣਾਈ ਦਿੰਦੇ ਹਨ ।

### ਅਕਾਲੀ ਦਲ ਦਾ ਐਲਾਨ:

ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ, 27 ਫਰਵਰੀ ਨੂੰ ਪਾਰਲੀਮੈਂਟ ਸਾਹਮਣੇ



Digitized by Panjab Digital Library | www.panjabdigilib.org

ਵਿਧਾਨ ਦੀ ਧਾਰਾ 25 ਜਲਾਈ ਜਾਵੇਗੀ ਤੇ ਮੁਜਾਹਰਾ ਹੋਵੇਗਾ। ਉਨ੍ਹਾਂ ਮੰਗ ਕੀਤੀ ਕਿ, ਹਰਿਆਣੇ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਣਾ ਚਾਹੀਦਾ ਹੈ।

## ਦਰਬਾਰ ਸਾਹਿਬ 'ਤੇ ਹਮਲਾ

ਕੇਂਦਰੀ ਪੁਲਿਸ ਨੇ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ ਤੇ 7 ਘੰਟੇ ਲਗਾਤਾਰ ਗੋਲੀ ਚਲਦੀ ਰਹੀ ਪਰ ਸਿੰਘਾਂ ਨੇ ਕੇਂਦਰੀ ਪੁਲਿਸ ਨੂੰ 1 ਇੰਚ ਵੀ ਅੱਗੇ ਨਹੀਂ ਵਧਣ ਦਿੱਤਾ।

ਹਰਿਆਣੇ ਵਿਚ ਸਿੱਖਾਂ ਦੇ ਘਰ, ਗੁਰਦਵਾਰੇ ਤੇ ਮਿੱਲ੍ਹਾਂ ਜਾਲ ਦਿੱਤੀਆਂ ਤੇ ਸਿੰਘਾਂ ਨੇ ਜਵਾਬ ਵਿਚ ਹਿੰਦੂ ਮੰਦਰਾਂ ਤੇ ਹਮਲੇ ਸ਼ੁਰੂ ਕਰ ਦਿੱਤੇ।

## ਸੁਰਿੰਦਰ ਸਿੰਘ ਸੋਢੀ ਭਜਨ ਲਾਲ ਦੀ ਕੋਠੀ 'ਚ:

ਸੰਤ ਭਿੰਡਰਾਂ ਨੇ ਆਪਣੇ ਖਾਸ ਲੈਫਟੀਨੈਂਟ ਸੁਰਿੰਦਰ ਸਿੰਘ ਸੋਢੀ ਨੂੰ ਭਜਨ ਲਾਲ ਦੀ ਸੁਧਾਈ ਲਈ ਭੇਜਿਆ। ਸ. ਸੋਢੀ ਐਸ. ਪੀ. ਦੀ ਵਰਦੀ ਪਾ ਕੇ ਪੁਲਿਸ ਫੋਰਸ ਦੇ ਨਾਲ ਜੀਪ ਵਿਚ ਸਵਾਰ ਹੋ ਕੇ ਭਜਨ ਲਾਲ ਦੀ ਕੋਠੀ ਪੁੱਜ ਗਿਆ ਤੇ ਵਾਰਨਿੰਗ ਦਿੱਤੀ ਕਿ, ਅੱਜ ਤੋਂ ਲੈ ਕੇ ਜੇ ਹਰਿਆਣੇ ਵਿਚ ਇਕ ਸਿੱਖ ਵੀ ਕਤਲ ਹੋਇਆ ਤਾਂ ਤੇਰੀ ਖੋਪਰੀ ਉਡਾ ਦਿੱਤੀ ਜਾਵੇਗੀ। ਅੱਜ ਤੈਨੂੰ ਛੱਡ ਦਿੰਦੇ ਹਾਂ। ਇਸ ਤੋਂ ਪਿੱਛੋਂ ਹਰਿਆਣੇ ਵਿਚ ਸਿੱਖਾਂ ਦਾ ਕਤਲ ਬੰਦ ਹੋ ਗਿਆ।

## ਕੋਈ ਸਿੱਖ ਵਿਰੋਧੀ ਜਿੰਦਾ ਨਹੀਂ ਰਹੇਗਾ:

ਸੰਤ ਭਿੰਡਰਾਂ ਨੇ ਕਿਹਾ ਕਿ, ਮੈਂ ਪੰਜਾਬ ਦੇ ਮਸਲੇ ਦੇ ਹੱਲ ਵਾਸਤੇ ਤਿੰਨ - ਧਿਰੀ ਵਾਰਤਾ ਦੇ ਖਿਲਾਫ ਹਾਂ। ਮੈਂ ਇਸ ਗੱਲ ਦੇ ਹੱਕ ਵਿਚ ਹਾਂ ਕਿ, ਪਰਧਾਨ ਮੰਤਰੀ ਦੇ ਨਾਲ ਸਿੱਧੀ ਗੱਲਬਾਤ ਕੀਤੀ ਜਾਵੇ ਅਤੇ ਪਰਧਾਨ ਮੰਤਰੀ ਖੁਦ ਅੰਮ੍ਰਿਤਸਰ ਵਿਚ ਆ ਕੇ ਗੱਲਬਾਤ ਕਰੇ। ਉਨ੍ਹਾਂ ਕਿਹਾ ਕਿ, ਦਿੱਲੀ ਜਾ ਕੇ ਸਾਡੀ ਪੁਜ਼ੀਸ਼ਨ ਕਮਜ਼ੋਰ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ, ਮੈਂ ਚਾਹੁੰਦਾ ਹਾਂ ਕਿ ਸਿੱਖਾਂ ਵਾਸਤੇ ਵੱਖ ਪਰਸਨਲ ਲਾਅ ਬਣਾਇਆ ਜਾਵੇ ਅਤੇ ਜੋ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ, ਉਨ੍ਹਾਂ ਨੂੰ ਰਿਹਾ ਕੀਤਾ ਜਾਵੇ।

ਵਿਦੇਸ਼ਾਂ ਵਿਚ ਰਹਿਣ ਵਾਲੇ ਸਿੱਖਾਂ ਨੂੰ ਦੋਹਰੀ ਸ਼ਹਿਰੀਅਤ ਦਿੱਤੀ ਜਾਵੇ। ਆਨੰਦਪੁਰ ਦਾ ਮਤਾ ਸਵੀਕਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇ ਪੁਲਿਸ ਦਰਬਾਰ ਸਾਹਿਬ ਕੰਪਲੈਕਸ ਵਿਚ ਦਾਖਲ ਹੋਈ ਤਾਂ ਉਸ ਨੂੰ ਸਿੱਖਾਂ ਦੀਆਂ ਲਾਸ਼ਾਂ ਉਪਰ ਦੀ ਲੰਘ ਕੇ ਜਾਣਾ ਪਵੇਗਾ। ਉਨ੍ਹਾਂ ਨੂੰ ਪੁੱਛਿਆ ਗਿਆ ਕਿ, ਕੀ ਤੁਸੀਂ ਪੰਜਾਬ ਵਿਚ ਨਿਰਦੋਸ਼ ਲੋਕਾਂ ਦੀ ਹੱਤਿਆ ਦੀ ਨਿੰਦਾ ਕਰਦੇ ਹੋ? ਸੰਤਾਂ ਨੇ ਕਿਹਾ ਕਿ, ਅਸੀਂ ਕਿਸੇ ਨੂੰ ਕਤਲ ਨਹੀਂ ਕਰਦੇ, ਸਿਰਫ ਬਦਲਾ ਲੈਂਦੇ ਹਾਂ। ਉਨ੍ਹਾਂ ਕਿਹਾ ਕਿ, ਮੈਂ ਪੰਜਾਬ ਵਿਚ ਹਿੰਦੂ - ਸਿੱਖਾਂ ਨੂੰ ਅਮਨ ਕਾਇਮ ਕਰਨ ਦੀ ਅਪੀਲ ਨਹੀਂ ਕਰ ਸਕਦਾ ਕਿਉਂਕਿ ਇਹ ਲਾ - ਕਾਨੂੰਨੀ ਹਿੰਦੂ ਸੁਰੱਖਿਆ ਨੇ ਸ਼ੁਰੂ ਕੀਤੀ ਹੈ। ਉਹੀ ਅਮਨ ਕਾਇਮ ਕਰਨ ਦੀ ਅਪੀਲ ਕਰਨ। ਪਹਿਲੋਂ ਸੰਤ ਲੌਂਗੋਵਾਲ, ਜਥੇਦਾਰ ਟੌਹੜਾ, ਦੁਰਗਿਆਨਾ ਮੰਦਰ ਦੇ ਟਰੱਸਟੀ ਸ੍ਰੀ ਭਾਟੀਆ ਤੇ ਹੋਰ ਲੀਡਰਾਂ ਨੇ ਹਿੰਦੂ ਸਿੱਖ ਸਦਭਾਵਨਾ ਦੀ ਅਪੀਲ ਕੀਤੀ। ਸੰਤ ਲੌਂਗੋਵਾਲ ਨੇ ਕਿਹਾ ਕਿ, ਪੰਜਾਬ ਸਰਹੱਦੀ ਸੂਬਾ ਹੈ। ਉਸ ਵਿਚ ਜੇ ਸਮੱਸਿਆ ਦਾ ਫੈਸਲਾ ਹੋ ਜਾਏ ਤਾਂ ਹਰ ਪਾਸੇ ਅਮਨ ਚੈਨ ਹੋ ਜਾਏਗਾ ਤੇ ਸਾਰੀ ਸਮੱਸਿਆ ਦਾ ਹੱਲ ਹੋ ਜਾਏਗਾ। ਉਨ੍ਹਾਂ ਕਿਹਾ ਕਿ, ਅੱਜ ਇੰਦਰਾ ਗਾਂਧੀ



Digitized by Panjab Digital Library | www.panjabdigilib.org

ਚਾਹੇ ਤਾਂ ਪੰਜਾਬ ਵਿਚ ਅੱਜ ਕਤਲ ਬੰਦ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ, ਪਿਛਲੇ ਡੇਢ ਸਾਲ ਤੋਂ ਅਸੀਂ ਖਾਮੋਸ਼ ਬੈਠੇ ਹਾਂ ਕਿ ਪੰਜਾਬ ਦਾ ਮਸਲਾ ਹੱਲ ਹੋ ਜਾਵੇ ਪਰ ਸਰਕਾਰ ਨੇ ਕੁਝ ਨਹੀਂ ਕੀਤਾ।

### ਸਿੱਖਾਂ ਦਾ ਪ੍ਰਤੀਨਿਧ ਨਹੀਂ, ਸੇਵਕ ਹਾਂ:

ਸੰਤ ਭਿੰਡਰਾਂ ਨੇ ਇਕ ਹੋਰ ਬਿਆਨ ਦਿੱਤਾ ਹੈ ਕਿ, ਕੁਝ ਅਖਬਾਰਾਂ ਨੇ ਖਬਰਾਂ ਛਾਇਆ ਕੀਤੀਆਂ ਹਨ ਕਿ, ਮੈਂ ਕਿਹਾ ਹੈ ਕਿ ਅਕਾਲੀ ਦਲ ਨਾਲ ਗੱਲਬਾਤ ਨਾ ਕੀਤੀ ਜਾਵੇ, ਮੇਰੇ ਨਾਲ ਕੀਤੀ ਜਾਵੇ। ਮੈਂ ਸਿੱਖਾਂ ਦਾ ਪ੍ਰਤੀਨਿਧ ਹਾਂ। ਉਨ੍ਹਾਂ ਕਿਹਾ ਕਿ, ਮੈਂ ਐਸਾ ਕੋਈ ਬਿਆਨ ਨਹੀਂ ਦਿੱਤਾ। ਮੈਂ ਪ੍ਰਤੀਨਿਧ ਨਹੀਂ। ਮੈਂ ਤਾਂ ਕੇਵਲ ਸਿੱਖ ਕੌਮ ਦਾ ਸੇਵਕ ਹਾਂ।

ਉਨ੍ਹਾਂ ਕਿਹਾ ਕਿ, ਸਰਕਾਰ ਇਸ ਗੱਲ ਤੇ ਤੁਲੀ ਹੋਈ ਹੈ ਕਿ, ਕਿਸੇ ਸਿੱਖ ਦੇ ਸਿਰ ਤੇ ਪਗੜੀ ਨਾ ਰਹੇ। ਇਸੇ ਕਰਕੇ ਪੰਜਾਬ ਵਿਚ ਹਿੰਦੂਆਂ ਦੇ ਅਸਲੇ ਦੇ ਲਾਇਸੈਂਸ ਦਿੱਤੇ ਜਾਂਦੇ ਹਨ ਪਰ ਸਾਡੇ ਪਾਸੋਂ ਲਾਇਸੈਂਸ ਖੋਹੇ ਜਾਂਦੇ ਹਨ। ਉਨ੍ਹਾਂ ਕਿਹਾ ਕਿ, ਅਸੀਂ ਆਨੰਦਪੁਰ ਦੇ ਮਤੇ ਤੋਂ ਘੱਟ ਕਿਸੇ ਕਿਸਮ ਦਾ ਸਮਝੌਤਾ ਨਹੀਂ ਕਰਾਂਗੇ।

ਉਨ੍ਹਾਂ ਕਿਹਾ ਕਿ, ਆਨੰਦਪੁਰ ਦਾ ਮਤਾ ਲਾਗੂ ਕਰਾਉਣ ਤੱਕ ਅਸੀਂ ਅਮਨ ਚੈਨ ਨਾਲ ਨਹੀਂ ਬੈਠਾਂਗੇ। ਉਨ੍ਹਾਂ ਕਿਹਾ ਕਿ, ਸਿੱਖ ਕਿਸੇ ਤੇ ਤਸ਼ੱਦਦ ਨਹੀਂ ਕਰਦਾ ਤੇ ਨਾ ਹੀ ਤਸ਼ੱਦਦ ਬ੍ਰਦਾਸ਼ਤ ਕਰਦਾ ਹੈ। ਉਨ੍ਹਾਂ ਕਿਹਾ ਕਿ, ਸਿੱਖ ਕਿਸੇ ਤੇ ਵਾਰ ਨਹੀਂ ਕਰਦਾ ਪਰ ਜੇ ਵਾਰ ਹੋਵੇ ਤਾਂ ਜਵਾਬ ਦੇਣ ਲਈ ਵੀ ਤਿਆਰ ਰਹਿੰਦਾ ਹੈ।

### ਭਿੰਡਰਾਂ ਦੀ ਗਰਜ:

ਉਨ੍ਹਾਂ ਕਿਹਾ ਕਿ, ਜੇ ਪੁਲਿਸ ਦਰਬਾਰ ਸਾਹਿਬ ਵਿਚ ਦਾਖਲ ਹੋਈ ਤਾਂ ਪੰਜਾਬ ਦੀ ਧਰਤੀ ਤੇ ਕਿਸੇ ਵੀ ਸਿੱਖ ਵਿਰੋਧੀ ਨੂੰ ਜਿੰਦਾ ਨਹੀਂ ਰਹਿਣ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ, ਜੇ ਪੁਲਿਸ ਇਸ ਕਰਕੇ ਅੰਦਰ ਦਾਖਲ ਹੋਏ ਕਿ ਕਿਸੇ ਟਕਸਾਲ ਜਾਂ ਜਥੇਬੰਦੀ ਨੂੰ ਖਤਮ ਕਰਨਾ ਹੈ ਤਾਂ ਉਹ ਤੇ ਤਬਾਹ ਹੋ ਸਕਦਾ ਹੈ, ਸਰੀਰ ਨਾਸ ਹੋ ਸਕਦਾ ਹੈ ਪਰ ਉਸ ਦੀ ਆਤਮਾ ਤਬਾਹ ਨਹੀਂ ਹੋ ਸਕਦੀ।

ਉਨ੍ਹਾਂ ਕਿਹਾ ਕਿ, ਧੀਆਂ ਭੈਣਾਂ ਦੀ ਇਜ਼ਤ ਲੁੱਟਣ ਵਾਲਿਆਂ ਤੇ ਮਾਸੂਮਾਂ ਦਾ ਕਤਲ ਕਰਨ ਵਾਲਿਆਂ ਦਾ ਬਦਲਾ ਲੈ ਕੇ ਜੇ ਕੋਈ ਮੇਰੇ ਪਾਸ ਪੁੱਜੇਗਾ ਤਾਂ ਮੈਂ ਉਸ ਨੂੰ ਖੁਦ ਸੰਭਾਲ ਲਵਾਂਗਾ ਤੇ ਮੋਰਚਾ ਫਤਹਿ ਹੋਣ ਪਿੱਛੋਂ ਕੁਰਬਾਨੀ ਕਰਨ ਵਾਲੇ ਦੀ ਜਾਇਦਾਦ ਦਾ ਘਾਟਾ ਵੀ ਪੂਰਾ ਕਰ ਦੇਵਾਂਗੇ। ਉਨ੍ਹਾਂ ਕਿਹਾ ਕਿ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਨਹੀਂ ਬਣਨਾ ਚਾਹੁੰਦਾ। ਨਾ ਹੀ ਅਸੰਬਲੀ ਜਾਂ ਪਾਰਲੀਮੈਂਟ ਦਾ ਮੈਂਬਰ ਬਣਨਾ ਚਾਹੁੰਦਾ ਹਾਂ। ਮਗਰ ਮੇਰੀ ਜਥੇਬੰਦੀ ਦੇ ਕਿਸੇ ਮੈਂਬਰ ਤੇ ਇਹ ਪਾਬੰਦੀ ਨਹੀਂ ਹੈ। ਉਨ੍ਹਾਂ ਕਿਹਾ ਕਿ, ਕੱਲ ਰਾਤ ਗੁਰਦੇਵ ਸਿੰਘ ਸਿੱਖ ਨੌਜਵਾਨ ਬੀਮਾਰ ਸੀ ਤੇ ਉਹ ਡਾਕਟਰ ਪਾਸ ਜਾ ਰਿਹਾ ਸੀ। ਉਸ ਨੂੰ ਕੁਝ ਲੋਕਾਂ ਨੇ ਘੇਰ ਕੇ ਉਸ ਦੇ ਕੇਸ ਕਤਲ ਕਰ ਦਿੱਤੇ। ਉਨ੍ਹਾਂ ਕਿਹਾ ਕਿ, ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਬ੍ਰਦਾਸ਼ਤ ਕਰਨ ਲਈ ਤਿਆਰ ਨਹੀਂ। ਉਨ੍ਹਾਂ ਕਿਹਾ ਕਿ, ਕੌਮ ਦੀ ਚੜ੍ਹਦੀ ਕਲਾ ਲਈ ਜੋ ਲੋਕ ਕੰਮ ਕਰਨਗੇ, ਅਸੀਂ ਉਸ ਦਾ ਸਵਾਗਤ ਕਰਾਂਗੇ। ਉਨ੍ਹਾਂ ਕਿਹਾ ਕਿ, ਇਸ ਵੇਲੇ ਅਕਾਲੀ ਦਲ ਸ਼ਾਂਤਮਈ ਦੀ ਗੱਲ ਕਰ ਰਿਹਾ ਹੈ। ਸਾਡੇ ਸਾਰੇ ਇਤਿਹਾਸ ਵਿਚ ਜੇ ਇਕ ਪੀੜ੍ਹੀ ਵਿਚ ਕਿਸੇ ਨੇ ਸ਼ਾਂਤਮਈ ਦੀ ਗੱਲ ਕੀਤੀ ਹੈ ਤਾਂ ਦੂਸਰੀ ਵਿਚ ਹਥਿਆਰ ਉਠਾਏ ਗਏ ਹਨ।

ਉਨ੍ਹਾਂ ਕਿਹਾ ਕਿ, ਹਰਿਆਣੇ ਵਿਚ ਗੁਰੂ ਗਰੰਥ ਸਾਹਿਬ ਜਾਲੇ ਗਏ ਹਨ। ਸਿੱਖਾਂ ਦੀਆਂ ਪੱਗਾਂ ਲਾਹ ਕੇ, ਦਾਹੜੀਆਂ ਤੇ ਕੇਸ ਕਤਲ ਕਰਕੇ ਜਾਲੇ ਗਏ, ਬੀਬੀਆਂ ਨੂੰ ਸੜਕਾਂ



Digitized by Panjab Digital Library | www.panjabdigilib.org

ਤੇ ਨੰਗਿਆਂ ਕਰਕੇ ਖੜ੍ਹਾ ਕੀਤਾ ਗਿਆ। ਅਸੀਂ ਹੁਣ ਇਹ ਫੈਸਲਾ ਕਰਨਾ ਹੈ ਕਿ ਕਦੋਂ ਤੱਕ ਸ਼ਾਂਤਮਈ ਰਹਿਣਾ ਹੈ। ਸਿੱਖ ਫਲਸਫਾ ਸਾਨੂੰ, ਜਦ ਹੱਦ ਲੰਘ ਜਾਏ, ਤਾਂ ਹਥਿਆਰ ਚੁੱਕਣ ਦੀ ਇਜਾਜ਼ਤ ਦਿੰਦਾ ਹੈ।

ਉਨ੍ਹਾਂ ਕਿਹਾ ਕਿ, ਸੰਤ ਲੌਂਗੋਵਾਲ ਅਕਾਲੀ ਦਲ ਦੇ ਚੌਧਵੇਂ ਪਰਧਾਨ ਹਨ ਤੇ ਮੈਂ ਦਮਦਮੀ ਟਕਸਾਲ ਦੇ ਬਾਨੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਟਕਸਾਲ ਦਾ 14ਵਾਂ ਕਰਤਾ ਧਰਤਾ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਕਹਿੰਦੇ ਹਨ ਕਿ, ਮੈਂ ਕਾਂਗਰਸ ਦਾ ਏਜੰਟ ਹਾਂ। ਤੁਸੀਂ ਉਨ੍ਹਾਂ ਨੂੰ ਕਹੋ ਕਿ, ਅਸੀਂ ਵੀ ਕਾਂਗਰਸ ਦੇ ਏਜੰਟ ਹਾਂ ਤੇ ਅਸੀਂ ਉਨ੍ਹਾਂ ਦੇ ਖਿਲਾਫ ਇਸ ਸਟੇਜ ਤੋਂ ਨਹੀਂ ਬੋਲਣ ਦੇਣਾ। ਉਨ੍ਹਾਂ ਕਿਹਾ ਕਿ, ਸਿੱਖਾਂ ਨੂੰ ਇਸ ਸਮੇਂ ਪੂਰੀ ਤਰ੍ਹਾਂ ਹਥਿਆਰਬੰਦ ਹੋਣਾ ਚਾਹੀਦਾ ਹੈ।

## ਸਾਂਝਾ ਬਿਆਨ

ਸੰਤ ਲੌਂਗੋਵਾਲ ਤੇ ਸੰਤ ਭਿੰਡਰਾਂ ਨੇ ਇਕ ਸਾਂਝੇ ਬਿਆਨ ਵਿਚ ਇਸ਼ਤਿਹਾਰ ਕੱਢਿਆ, ਜਿਸ ਰਾਹੀਂ ਸਰਕਾਰ ਵਲੋਂ ਸਿੱਖਾਂ ਨੂੰ ਖਤਮ ਕਰਨ ਦੇ ਮਨਸੂਬੇ ਨਾਲ ਕੀਤੇ ਹਮਲੇ ਦਾ ਜਵਾਬ ਦੇਣ ਲਈ ਨਿਸ਼ਾਨ ਸਾਹਿਬ ਹੇਠਾਂ ਤੇ ਅਕਾਲੀ ਦਲ ਨਾਲ ਇਕਮੁੱਠ ਹੋ ਜਾਣ ਦੀ ਅਪੀਲ ਕੀਤੀ ਹੈ।

15 ਫਰਵਰੀ, 1984 ਦੀਆਂ ਹਰਿਆਣਾ ਵਿਚ ਹੋਈਆਂ ਘਟਨਾਵਾਂ ਤੋਂ ਪਿੱਛੋਂ ਪਹਿਲੇ ਉਤਪੰਨ ਹੋਏ ਮਤਭੇਦ ਮਿਟਾ ਕੇ ਇਹ ਪਹਿਲਾ ਸਾਂਝਾ ਬਿਆਨ ਹੈ।

15 ਦਸੰਬਰ, 1983 ਨੂੰ ਸੰਤ ਭਿੰਡਰਾਂ ਗੁਰੂ ਨਾਨਕ ਨਿਵਾਸ ਖਾਲੀ ਕਰਕੇ ਅਕਾਲ ਤਖਤ ਵਿਚ ਚਲੇ ਗਏ ਸਨ। ਜਾਪਦਾ ਹੈ, ਕਿ ਦੋਨਾਂ ਸੰਤਾਂ ਵਿਚ ਸ. ਟੌਹੜਾ ਨੇ ਸਮਝੌਤਾ ਕਰਾ ਦਿੱਤਾ ਹੈ। ਉਨ੍ਹਾਂ ਸਮੂੰਹ ਕੌਮ ਨੂੰ ਅਪੀਲ ਕੀਤੀ ਹੈ ਕਿ ਜ਼ਾਤੀ ਮੁਫਾਦ ਛੱਡ ਕੇ ਇਕ ਝੰਡੇ ਹੇਠ ਇਕੱਠੇ ਹੋ ਜਾਓ।

ਅਪੀਲ ਵਿਚ ਕਿਹਾ ਗਿਆ ਹੈ ਕਿ, ਸਿੱਖ ਧਰਮ ਨੂੰ ਕਾਇਮ ਰੱਖਣ ਲਈ, ਆਨੰਦਪੁਰ ਦੇ ਮਤੇ ਨੂੰ ਅਮਲੀ ਰੂਪ ਦੇਣ ਲਈ ਇਹ ਧਰਮ ਯੁੱਧ ਮੋਰਚਾ ਆਰੰਭ ਕੀਤਾ ਗਿਆ ਹੈ। ਇਸ ਦੀ ਪੂਰਤੀ ਲਈ ਸਭ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਅਪੀਲ ਵਿਚ ਕਿਹਾ ਗਿਆ ਹੈ ਕਿ ਸੀ. ਆਰ. ਪੀ. ਦੀ ਨਿਯੁਕਤੀ ਦਰਬਾਰ ਸਾਹਿਬ ਦੀ ਪਵਿੱਤ੍ਰਤਾ ਭੰਗ ਕਰਨ ਲਈ ਉਠਾਇਆ ਕਦਮ ਹੈ। ਉਨ੍ਹਾਂ ਕਿਹਾ ਕਿ, ਦਰਬਾਰ ਸਾਹਿਬ ਦੀ ਪਵਿੱਤ੍ਰਤਾ ਅਸੀਂ ਕਾਇਮ ਰੱਖਾਂਗੇ। ਉਨ੍ਹਾਂ ਦਰਬਾਰ ਸਾਹਿਬ ਨੂੰ ਜਾਂਦੇ ਰਸਤਿਆਂ ਤੇ ਪਾਬੰਦੀ ਲਾਗੂ ਕਰਨ ਦੀ ਨਿੰਦਾ ਕੀਤੀ। ਅਪੀਲ ਵਿਚ ਕਿਹਾ ਗਿਆ ਹੈ ਕਿ 27 ਫਰਵਰੀ ਨੂੰ ਵਿਧਾਨ ਦੀ ਧਾਰਾ 25 ਜਲਾਉਣ ਤੇ ਅਕਾਲੀ ਨੇਤਾਵਾਂ ਤੇ ਜੇਲ੍ਹ ਵਿਚ ਬਹੁਤ ਪਾਬੰਦੀਆਂ ਲਾ ਦਿੱਤੀਆਂ ਹਨ। ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਮਿਲਣ ਨਹੀਂ ਦਿੱਤਾ ਜਾਂਦਾ ਜੋ ਜੇਲ੍ਹ ਦੇ ਕਾਨੂੰਨ ਦੇ ਖਿਲਾਫ ਹੈ।

ਬਲਵੰਤ ਸਿੰਘ, ਜਿਸ ਨੇ ਚੰਡੀਗੜ੍ਹ ਵਿਚ ਵਿਧਾਨ ਦੀ ਧਾਰਾ 25 ਜਲਾਏ ਜਾਣ ਤੋਂ ਸੰਤਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਨੇ ਕਿਹਾ ਕਿ, ਸਰਕਾਰ ਨਾਲ ਸਾਡੀ ਕੋਈ ਖੁਫੀਆ ਗੱਲ ਨਹੀਂ ਚੱਲ ਰਹੀ। ਸਰਕਾਰ ਜਦ ਵੀ, ਸਮਝੌਤੇ ਦੀ ਆਸ ਹੁੰਦੀ ਹੈ ਤਾਂ ਵਾਅਦਿਆਂ ਤੋਂ ਮੁੱਕਰ ਜਾਂਦੀ ਹੈ।



Digitized by Panjab Digital Library | www.panjabdigilib.org

ਸ. ਸੁਖਜਿੰਦਰ ਸਿੰਘ ਨੇ ਕਿਹਾ ਕਿ, ਵਿਧਾਨ ਦੀ ਧਾਰਾ 25 ਵਿਚ ਤਰਮੀਮ ਕਰਨ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਏਗਾ। ਉਨ੍ਹਾਂ ਕਿਹਾ ਕਿ, ਮਿਸਜ਼ ਗਾਂਧੀ, ਜੋ ਕਹਿੰਦੀ ਹੈ ਕਿ, ਅਕਾਲੀ ਅੱਗੋਂ ਹੋਰ ਕੋਈ ਮੰਗ ਨਾ ਕਰਨ ਦਾ ਵਾਅਦਾ ਕਰਨ, ਇਹ ਗ਼ਲਤ ਹੈ। ਕੋਈ ਵੀ ਸਿਆਸੀ ਪਾਰਟੀ ਇਸ ਤਰ੍ਹਾਂ ਦਾ ਵਾਅਦਾ ਨਹੀਂ ਕਰ ਸਕਦੀ।

ਉਨ੍ਹਾਂ ਕਿਹਾ, ਕਿ ਪੰਜਾਬ ਵਿਚ ਝਗੜਾ ਹਿੰਦੂ - ਸਿੱਖਾਂ ਦਾ ਨਹੀਂ, ਝਗੜਾ ਸਰਕਾਰ ਨਾਲ ਹੈ। ਹਿੰਦੂ ਸਿੱਖਾਂ ਦਾ ਝਗੜਾ ਸਰਕਾਰ ਆਪਣੇ ਮੁਫਾਦਾਂ ਲਈ ਕਰਾ ਰਹੀ ਹੈ।

ਸ. ਸੁਖਜਿੰਦਰ ਸਿੰਘ ਨੇ ਕਿਹਾ ਕਿ ਸੰਤ ਭਿੰਡਰਾਂ ਹਿੰਦੂਆਂ ਦੇ ਖਿਲਾਫ ਨਹੀਂ। ਉਸ ਦੇ ਖਿਲਾਫ ਇਹ ਗ਼ਲਤ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਉਹ ਤਾਂ ਉਨ੍ਹਾ ਦੇ ਖਿਲਾਫ ਹੈ, ਜੋ ਸਿੱਖਾਂ ਤੇ ਜ਼ੁਲਮ ਕਰ ਰਹੇ ਹਨ।

## ਬੇਇਜ਼ਤੀ ਦਾ ਬਦਲਾ ਲਓ:

ਹਰਿਆਣੇ ਵਿਚ ਹੋਈਆਂ ਘਟਨਾਵਾਂ ਸੰਬੰਧੀ ਸੰਤ ਭਿੰਡਰਾਂ ਨੇ ਕਿਹਾ ਕਿ, ਜਦ ਤੱਕ ਹਰਿਆਣੇ ਵਿਚ ਸਿੱਖਾਂ ਦੀ ਹੋਈ ਬੇਇਜ਼ਤੀ ਦਾ ਬਦਲਾ ਨਹੀਂ ਲੈ ਲੈਂਦੇ, ਮੇਰੀ ਆਤਮਾ ਨੂੰ ਸ਼ਾਂਤੀ ਨਹੀਂ ਮਿਲੇਗੀ। ਸਟੂਡੈਂਟਸ ਫੈਡਰੇਸ਼ਨ ਦੀ ਮੀਟਿੰਗ ਵਿਚ ਉਨ੍ਹਾਂ ਬਿਆਨ ਦਿੱਤਾ ਕਿ, ਹਰਿਆਣੇ ਵਿਚ ਸਿੱਖਾਂ ਦੀਆਂ ਦਾਹੜੀਆਂ ਕਤਲ ਕੀਤੀਆਂ ਗਈਆਂ, ਪੱਗਾਂ ਜਾਲੀਆਂ ਗਈਆਂ, ਬੀਬੀਆਂ ਦੀ ਬੇਪਤੀ ਕੀਤੀ ਗਈ। ਇਹ ਸਭ ਕੁਝ ਸਰਕਾਰ ਦੀ ਸ਼ਹਿ ਤੇ ਕੀਤਾ ਗਿਆ ਹੈ। ਇਸ ਕਰਕੇ ਇਸ ਦਾ ਬਦਲਾ ਲੈਣਾ ਜ਼ਰੂਰੀ ਹੈ।

ਹਰਿਆਣੇ ਵਿਚ ਸਿੱਖਾਂ ਵਿਰੁੱਧ ਹਮਲੇ ਤੋਂ ਪਹਿਲਾਂ ਦੇ ਹਾਲਾਤਾਂ ਦੀ ਖਬਰ ਅਖਬਾਰਾਂ ਵਿਚ ਇਸ ਤਰ੍ਹਾਂ ਛਪੀ:

### "ਸਿੱਖੜਿਆਂ ਦੀ ਦਾਹੜੀ, ਕੇਸ ਕੱਟ ਕੇ, ਪੱਗਾਂ ਲਾਹ ਕੇ ਜਾਲਣ ਲਈ ਘਨੌਰ ਰੇਲਵੇ ਸਟੇਸ਼ਨ ਪੁੱਜੋ!!!"

### "24 ਘੰਟਿਆਂ ਵਿਚ ਸਿੱਖਾਂ ਨੂੰ ਸਬਕ ਸਿਖਾਂ ਦਿਆਂਗੇ" - ਸੇਠੀ

**ਵੈਨਕੂਵਰ** - ਹਿੰਦੁਸਤਾਨ ਤੋਂ ਹੁਣੇ ਹੁਣੇ ਪੁੱਜੇ ਕੁਝ ਯਾਤਰੀਆਂ ਨੇ ਦੱਸਿਆ ਕਿ, ਕਨੇਡਾ ਤੋਂ ਹਿੰਦੁਸਤਾਨ ਛੁੱਟੀ ਕੱਟਣ ਵਾਲੇ ਪਰਵਾਰਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਕਈ ਪਰਵਾਰ ਪੰਜਾਬ ਤੋਂ ਰੇਲ ਰਾਹੀਂ ਦਿੱਲੀ ਆ ਰਹੇ ਸਨ, ਜਦੋਂ ਹਰਿਆਣੇ ਵਿਚ ਰੇਲ ਗੱਡੀਆਂ ਖੜ੍ਹੀਆਂ ਕਰਾ ਕੇ ਸਿੱਖ ਯਾਤਰੂਆਂ ਨੂੰ ਥੱਲੇ ਲਾਹ ਲਾਹ ਕੇ ਕੁੱਟਿਆ ਗਿਆ, ਉਨ੍ਹਾਂ ਦੇ ਮੂੰਹ ਵਿਚ ਸਿਗਰਟਾਂ ਤੇ ਬੀੜੀਆਂ ਤੁੰਨੀਆਂ ਗਈਆਂ। ਕੇਸ ਤੇ ਦਾੜ੍ਹੀਆਂ ਕੱਟ ਕੇ ਪੱਗਾਂ ਲਾਹ ਕੇ ਪੂਰੇ ਹਜ਼ੂਮ ਦੇ ਸਾਹਮਣੇ ਪੁਲਿਸ ਦੀ ਹਾਜ਼ਰੀ ਵਿਚ ਜਾਲੀਆਂ ਗਈਆਂ।

ਸਿੱਖ ਔਰਤਾਂ ਨੂੰ ਗੱਡੀਆਂ ਵਿਚੋਂ ਧੂ ਧੂ ਕੇ ਬਾਹਰ ਕੱਢਿਆ ਗਿਆ, ਗਹਿਣੇ ਤੇ ਜ਼ੇਵਰ ਲਾਹ ਲਏ ਗਏ, ਮੂੰਹ ਵਿਚ ਸਿਗਰਟਾਂ ਤੇ ਬੀੜੀਆਂ ਤੁੰਨੀਆਂ ਗਈਆਂ। ਕੱਪੜੇ ਪਾੜ ਕੇ ਉਨ੍ਹਾਂ ਨਾਲ ਪੂਰੇ ਹਜ਼ੂਮ ਦੇ ਸਾਹਮਣੇ ਜਬਰ ਜਿਨਾਹ ਕੀਤਾ ਗਿਆ, ਸਾਮਾਨ ਲੁੱਟਿਆ ਗਿਆ ਤੇ ਪੁਲਿਸ ਖੜ੍ਹੀ ਤਮਾਸ਼ਾ ਦੇਖਦੀ ਰਹੀ।

ਉਸ ਸਮੇਂ ਹਰਿਆਣੇ ਦਾ ਚੀਫ ਮਨਿਸਟਰ ਭਜਨ ਲਾਲ ਤੇ ਹਿੰਦੁਸਤਾਨ ਦਾ ਗ੍ਰਹਿ ਮੰਤਰੀ ਪ੍ਰਕਾਸ਼ ਚੰਦ ਸੇਠੀ ਕੁਝ ਮੀਲਾਂ ਦੀ ਦੂਰੀ ਤੇ ਬੈਠੇ ਇਸ ਸਾਰੇ 'ਤਮਾਸ਼ੇ' ਦੀ ਰੀਪੋਰਟ ਫੂਨਾਂ ਰਾਹੀਂ ਲੈ ਰਹੇ ਸਨ।



Digitized by Panjab Digital Library | www.panjabdigilib.org

## ਫੈਡਰੇਸ਼ਨ ਖਿਲਾਫ ਕਾਨੂੰਨ ਕਰਾਰ:

ਸਰਕਾਰ ਇਸ ਸਮੇਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਤੋਂ ਇਤਨੀ ਕੰਬਦੀ ਸੀ ਕਿ, ਫੈਡਰੇਸ਼ਨ ਨੂੰ ਖਿਲਾਫ ਕਾਨੂੰਨ ਕਰਾਰ ਦੇ ਕੇ ਪਾਬੰਦੀ ਲਾ ਦਿੱਤੀ। ਰਾਤੋ ਰਾਤ ਸਰਕਾਰ ਨੇ ਫੈਡਰੇਸ਼ਨ ਦੇ 700 ਵਰਕਰ ਗ੍ਰਿਫਤਾਰ ਕਰ ਕੇ ਕਾਲ ਕੋਠੜੀਆਂ ਵਿਚ ਸੁੱਟ ਦਿੱਤੇ।

ਸੰਤ ਭਿੰਡਰਾਂ ਨੇ ਸਟੂਡੈਂਟਾਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ, ਫੈਡਰੇਸ਼ਨ ਤੇ ਪਾਬੰਦੀ ਲਾਉਣ ਨਾਲ ਸਾਡੇ ਕੰਮ ਤੇ ਕੋਈ ਫਰਕ ਨਹੀਂ ਪੈਣਾ ਚਾਹੀਦਾ। ਫੈਡਰੇਸ਼ਨ ਸਿੱਖ ਮੱਤ ਦਾ ਹਰਿਆਵਲਾ ਬੂਟਾ ਹੈ। ਜੋ ਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ, ਸਰਕਾਰ ਉਸ ਨੂੰ ਕੁਚਲ ਦੇਣਾ ਚਾਹੁੰਦੀ ਹੈ। ਸਿੱਖੀ ਦਾ ਪ੍ਰਚਾਰ ਕਰਨ ਲਈ ਸਰਕਾਰ ਤੋਂ ਇਜਾਜ਼ਤ ਦੀ ਜ਼ਰੂਰਤ ਨਹੀਂ ਹੈ। ਪਿੰਡ ਪਿੰਡ ਵਿਚ ਜਾ ਕੇ ਜਥੇ ਕਾਇਮ ਕਰੋ ਤੇ ਪ੍ਰਚਾਰ ਦੇ ਕੰਮ ਵਿਚ ਜੁਟੇ ਰਹੋ।

## ਖਾਲਸਾ ਫੌਜ ਦੀ ਭਰਤੀ ਸ਼ੁਰੂ:

ਸਿੱਖ ਸਟੂਡੈਂਟਸ ਫੈਡਰੇਸ਼ਨਨੇ ਹਿੰਦ ਸਰਕਾਰ ਵਲੋਂ ਹਰਿਮੰਦਰ ਸਾਹਿਬ ਨੂੰ ਘੇਰੇ ਵਿਚ ਲੈਣ ਕਰਕੇ ਬੜਾ ਦੁੱਖ ਪ੍ਰਗਟ ਕੀਤਾ। ਜਨਰਲ ਸੁਬੇਗ ਸਿੰਘ ਤੇ ਜਨਰਲ ਜਸਵੰਤ ਸਿੰਘ ਭੁੱਲਰ ਨੇ ਅੰਦਾਜ਼ਾ ਲਾ ਲਿਆ ਕਿ, ਦਰਬਾਰ ਸਾਹਿਬ ਤੇ ਹਿੰਦ ਸਰਕਾਰ ਜ਼ਰੂਰ ਹਮਲਾਕਰੇਗੀ। ਸੰਤ ਭਿੰਡਰਾਂ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਖਾਲਸਾ ਫੌਜ ਵਿਚ ਭਰਤੀ ਹੋਣ ਲਈ ਵੰਗਾਰਿਆ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ, ਕੁਝ ਹੀ ਦਿਨਾਂ ਵਿਚ ਤਿੰਨ ਤਿੰਨ - ਕਮਾਂਡੋ ਦੇ 800 ਛਾਪਾਮਾਰ ਦਸਤੇ ਤਿਆਰ ਕਰਕੇ ਟਰੇਨਿੰਗ ਲਈ ਮੈਦਾਨ ਵਿਚ ਭੇਜ ਦਿੱਤੇ ਗਏ।

ਇਨ੍ਹਾਂ ਦਸਤਿਆਂ ਨੇ ਪਹਿਲੋ ਹਿੰਦ ਸਰਕਾਰ ਪੱਖੀ ਸਿੱਖ ਸੋਧਣੇ ਜ਼ਰੂਰੀ ਸਮਝੇ। ਦਿੱਲੀ ਗੁਰਦਵਾਰਾ ਕਮੇਟੀ ਦਾ ਪਰਧਾਨ ਹਰਬੰਸ ਸਿੰਘ ਮਨਚੰਦਾ ਤੇ ਪਹਿਲਾ ਹਮਲਾ ਕੀਤਾ ਗਿਆ ਤੇ ਕਾਰ ਵਿਚ ਜਾਂਦੇ ਨੂੰ ਹੀ ਪੁਲਿਸ ਦੇ ਥਾਣੇ ਤੋਂ ਥੋੜੀ ਦੂਰ ਹੀ ਗੋਲੀਆਂ ਨਾਲ ਭੁੰਨ ਦਿੱਤਾ।

ਥੋੜੇ ਹੀ ਦਿਨਾਂ ਦੇ ਵਿਚ ਡਾਕਟਰ ਤਿਵਾੜੀ ਤੇ ਹਰਬੰਸ ਲਾਲ ਖੰਨਾ ਗੋਲੀਆਂ ਨਾਲ ਉਡਾ ਦਿੱਤੇ। ਇਹ ਹਰਬੰਸ ਲਾਲ ਖੰਨਾ ਉਹ ਸੀ, ਜਿਸ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਦਰਬਾਰ ਸਾਹਿਬ ਦਾ ਮਾਡਲ ਤੋੜਿਆ ਸੀ ਤੇ ਗੁਰੂ ਸਾਹਿਬਾਨ ਦੀਆਂ ਫੋਟੋਆਂ ਅੱਗ ਲਾ ਕੇ ਜਾਲੀਆਂ ਸਨ।

ਇਸ ਸਮੇਂ ਥਾਂ ਥਾਂ ਖਾਲਸਾ ਫੌਜ ਦੇ ਛਾਪਾਮਾਰ ਜਥਿਆਂ ਤੇ ਹਿੰਦ ਸਰਕਾਰ ਦੀ ਫੌਜ ਵਿਚਕਾਰ ਝੜਪਾਂ ਹੋ ਰਹੀਆਂ ਸਨ। ਪੰਜਾਬ ਵਿਚ ਤਰਥੱਲੀ ਮਚੀ ਹੋਈ ਸੀ। ਹਕੂਮਤ ਆਪਣੇ ਕੀਤੇ ਗੁਨਾਹਾਂ ਕਾਰਨ ਥਰ ਥਰ ਕੰਬ ਰਹੀ ਸੀ। ਪੰਜਾਬ ਦੇ ਤਿੰਨ ਜਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ, ਤੇ ਕਪੂਰਥਲਾ, ਜਿੱਥੇ ਪੁਲਿਸ ਕੰਟਰੋਲ ਕਰਨ ਤੋਂ ਅਸਮਰਥ ਸੀ, ਉਹ ਗੜਬੜ ਵਾਲੇ ਕਰਾਰ ਦੇ ਕੇ ਕਰਫੀਊ ਠੋਕ ਦਿੱਤਾ। ਤਫਤੀਸ਼ ਕਰਨ ਤੋਂ ਪਤਾ ਲੱਗਾ ਕਿ, ਡਾਕਟਰ ਤਿਵਾੜੀ ਦਾ ਕਤਲ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਨਹੀਂ, ਸਗੋਂ ਕਿਸੇ ਹੋਰ ਨੇ ਕਰਕੇ ਫੈਡਰੇਸ਼ਨ ਦਾ ਨਾਂ ਹੀ ਵਰਤਿਆ ਸੀ। ਸੰਤ ਭਿੰਡਰਾਂ ਨੇ ਇਸ ਸੰਬੰਧੀ ਮਿਸਜ਼ ਤਿਵਾੜੀ ਨੂੰ ਚਿੱਠੀ ਵੀ ਲਿਖੀ ਸੀ ਕਿ, ਅਸੀਂ ਕਾਤਲ ਫੜ ਕੇ ਬਦਲਾ ਲਵਾਂਗੇ।



Digitized by Panjab Digital Library | www.panjabdigilib.org

## ਗੜਬੜ ਵਾਲੇ ਇਲਾਕੇ ਦਾ ਨਕਸ਼ਾ:




ਅਕਾਲੀਆਂ ਵਿਚਲੇ ਕਾਂਗਰਸੀਆਂ ਤੇ ਸਰਕਾਰ ਨੇ ਮਿਲ ਕੇ ਸੰਤ ਭਿੰਡਰਾਂ ਨੂੰ ਕਤਲ ਕਰਨ ਦੀ ਆਖਰੀ ਸਾਜਿਸ਼ ਰਚੀ। ਖਾਲਿਸਤਾਨ ਦੀ ਸਰਕਾਰ ਦੇ ਦਫਤਰ ਤੋਂ ਪੁੱਜੀ ਸੂਚਨਾ ਅਨੁਸਾਰ ਜਲੰਧਰ ਦੇ ਐਸ. ਐਸ. ਪੀ. ਭੁੱਲਰ ਦੇ ਘਰ ਇਹ ਤਹਿ ਹੋਇਆ ਕਿ, ਸੰਤ ਭਿੰਡਰਾਂ ਨੂੰ ਕਤਲ ਕਰਾ ਦਿੱਤਾ ਜਾਏ, ਚਾਹੇ ਕਿਤਨੇ ਵੀ ਪੈਸੇ ਖਰਚਣੇ ਪੈਣ। ਇਸ ਮਤਲਬ ਲਈ 20 ਲੱਖ ਰੁਪਏ ਰਾਖਵੇਂ ਰੱਖੇ ਗਏ।

ਇਸ ਮਤਲਬ ਲਈ ਜਗਪਾਲਪੁਰ ਦਾ ਇਕ ਬਦਨਾਮ ਕਾਤਲ ਛਿੰਦਾ ਤੇ ਉਸ ਦੀ ਰਖੇਲ ਬਲਜੀਤ ਕੌਰ ਬੱਲੀ ਨਾਲ ਸੌਦਾ ਹੋਇਆ। ਛਿੰਦੇ ਨੂੰ ਦੋ ਲੱਖ ਰੁਪਏ ਦੇਣੇ ਕੀਤੇ, ਜੋ ਜਲੰਧਰ ਦੀ ਪੰਜਾਬ ਨੈਸ਼ਨਲ ਬੈਂਕ ਵਿਚ ਜਮ੍ਹਾ ਕਰਾ ਦਿੱਤੇ ਗਏ ਤੇ ਉਸ ਨੂੰ ਜੇਲ੍ਹ 'ਚੋਂ ਬਰੀ ਕਰ ਦਿੱਤਾ ਗਿਆ। ਬਲਜੀਤ ਕੌਰ ਦੋ ਵੇਰਾਂ ਸੰਤਾਂ ਨੂੰ ਕਤਲ ਕਰਨ ਗਈ ਪਰ ਆਸੇ ਪਾਸੇ ਭਾਰੀ ਪਹਿਰਾ ਦੇਖ ਕੇ ਹੌਸਲਾ ਨਾ ਕਰ ਸਕੀ। ਆਖਰ ਇਕ ਦਿਨ ਹਰਖੀ ਹੋਈ ਨੇ ਸੰਤਾਂ ਦਾ



Digitized by Panjab Digital Library | www.panjabdigilib.org

ਨਿਕਟਵਰਤੀ ਸੁਰਿੰਦਰ ਸਿੰਘ ਸੋਢੀ, ਜੋ ਇਸ ਦਾ ਪਿੱਛਾ ਕਰ ਰਿਹਾ ਸੀ, ਤੇ ਹੀ ਗੋਲੀ ਚਲਾ ਕੇ ਹਲਾਕ ਕਰ ਦਿੱਤਾ। ਸੰਤ ਭਿੰਡਰਾਂ ਦੇ ਬੰਦਿਆਂ ਨੇ 24 ਘੰਟਿਆਂ ਦੇ ਵਿਚ ਵਿਚ ਛਿੰਦਾ ਤੇ ਬਲਜੀਤ ਕੌਰ ਗ੍ਰਿਫਤਾਰ ਕਰ ਲਏ ਤੇ ਦੋਵੇਂ ਸੋਧ ਦਿੱਤੇ।

ਬਲਜੀਤ ਕੌਰ ਦੇ ਬਿਆਨ ਟੇਪ ਕਰ ਲਏ ਗਏ, ਜਿਸ ਨੇ ਦੱਸਿਆ ਕਿ, ਸ਼੍ਰੋਮਣੀ ਅਕਾਲੀ ਦਲ ਦਾ ਜਨਰਲ ਸਕੱਤਰ ਗੁਰਚਰਨ ਸਿੰਘ ਇਸ ਸਾਜ਼ਿਸ਼ ਵਿਚ ਸ਼ਾਮਲ ਹੈ ਤੇ ਉਨ੍ਹਾਂ ਨੂੰ ਦੋ ਲੱਖ ਰੁਪਏ ਦਿੱਤੇ ਗਏ ਹਨ। ਬਲਜੀਤ ਕੌਰ ਦਾ ਜਿਸਮ ਲੋਹੇ ਦੀਆਂ ਸਲਾਖਾਂ ਨਾਲ ਜਾਲਿਆ ਗਿਆ, ਕਿਉਂਕਿ ਉਹ ਸੱਚ ਨਹੀਂ ਦੱਸਦੀ ਸੀ। ਛਿੰਦੇ ਨੂੰ ਲੱਭ ਕੇ ਉਸ ਦੀ ਲਾਸ਼ ਦੇ ਟੁਕੜੇ ਕਰਕੇ ਸੜਕ 'ਤੇ ਖਿਲਾਰ ਦਿੱਤੇ ਗਏ।

ਬਲਜੀਤ ਕੌਰ ਦੇ ਬਿਆਨਾਂ ਦੀ ਟੇਪ ਜਦ ਸੰਤ ਲੌਂਗੋਵਾਲ ਨੂੰ ਸੁਣਾਈ ਗਈ ਤਾਂ ਉਨ੍ਹਾਂ ਦੀ ਜ਼ਬਾਨ ਹੀ ਤਾਲੂ ਨਾਲ ਜਾ ਲੱਗੀ। ਉਨ੍ਹਾਂ ਫਰਜ਼ੀ ਜਿਹੀ ਤਫਤੀਸ਼ ਕਰਾ ਕੇ ਗੁਰਚਰਨ ਸਿੰਘ ਨੂੰ ਅਕਾਲੀ ਦਲ ਦੀ ਸਕੱਤਰੀ ਤੋਂ ਹਟਾ ਦਿੱਤਾ ਪਰ ਅਕਾਲੀ ਦਲ ਵਿਚਲੇ ਜਾਗੀਰਦਾਰ ਧੜੇ ਨੇ ਇਸ ਨੂੰ ਆਪਣਾ ਵਕਾਰ ਬਣਾ ਲਿਆ ਤੇ ਗੁਰਚਰਨ ਸਿੰਘ ਦੇ ਇਰਦ ਗਿਰਦ ਭਾਰੀ ਪਹਿਰਾ ਲਾ ਦਿੱਤਾ।

5 ਜੂਨ ਦੀ ਰਾਤ ਨੂੰ, ਜਿਸ ਦਿਨ ਭਾਰਤੀ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਅਤੇ ਸੰਤ ਲੌਂਗੋਵਾਲ ਅਤੇ ਟੌਹੜੇ ਨੂੰ ਗ੍ਰਿਫਤਾਰ ਕਰਨ ਆਏ, ਤਾਂ ਹਰਮਿੰਦਰ ਸਿੰਘ ਸੰਧੂ ਦੇ ਜਥੇ ਵਲੋਂ ਬੰਬ ਮਾਰ ਕੇ ਗੁਰਚਰਨ ਸਿੰਘ ਨੂੰ ਘਰ ਬੁਲਾ ਕੇ ਸੋਢੀ ਦੇ ਕਤਲ ਦਾ ਬਦਲਾ ਲਿਆ ਗਿਆ।

## ਭਿੰਡਰਾਂ ਦਾ ਸੁਝਾਅ:

ਸੰਤ ਭਿੰਡਰਾਂ ਨੇ ਸੁਝਾਅ ਦਿੱਤਾ ਕਿ, ਜੇ ਸਰਕਾਰ ਪੰਜਾਬ ਦਾ ਮਸਲਾ ਹੱਲ ਕਰਨਾ ਚਾਹੁੰਦੀ ਹੈ ਤਾਂ ਅੰਮ੍ਰਿਤਸਰ ਆ ਕੇ ਮਿਸਜ਼ ਗਾਂਧੀ ਮੇਰੇ ਨਾਲ ਗੱਲ ਕਰੇ। ਉਸ ਦੀ ਸੁਰੱਖਿਆ ਦਾ ਪੂਰਾ ਪੂਰਾ ਇੰਤਜ਼ਾਮ ਹੋਏਗਾ। ਪਰ ਜਾਪਦਾ ਸੀ ਕਿ, ਸਰਕਾਰ ਪੰਜਾਬ ਦਾ ਮਸਲਾ ਹੱਲ ਕਰਨ ਲਈ ਬਿਲਕੁਲ ਹੀ ਚਿੰਤਤ ਨਹੀਂ ਸੀ। ਸਰਕਾਰ ਨੇ ਇਹ ਕਹਿ ਕੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਕਿ, ਕਿਸੇ ਦੇਸ਼ ਦਾ ਮੁਖੀ ਇਕ ਵਿਅਕਤੀ ਨੂੰ ਮਿਲਣ ਨਹੀਂ ਜਾ ਸਕਦਾ ਪਰ ਸੰਤ ਭਿੰਡਰਾਂ ਨੇ ਸਰਕਾਰ ਤੋਂ ਪੁੱਛਿਆ ਕਿ, ਜੇ ਮਿਸਜ਼ ਗਾਂਧੀ ਸ਼ੇਖ ਅਬਦੁੱਲਾ ਨੂੰ ਕਸ਼ਮੀਰ ਵਿਚ ਉਸ ਦੇ ਘਰ ਜਾ ਸਕਦੀ ਹੈ ਤਾਂ ਕੋਈ ਵਜ੍ਹਾ ਨਹੀਂ ਕਿ, ਹਰਿਮੰਦਰ ਸਾਹਿਬ ਵਿਚ ਮੈਨੂੰ ਮਿਲਣ ਨਹੀਂ ਆ ਸਕਦੀ। ਸਰਕਾਰ ਪੰਜਾਬ ਦਾ ਮਸਲਾ ਹੱਲ ਨਹੀਂ ਕਰਨਾ ਚਾਹੁੰਦੀ।

## 40 ਰੇਲਵੇ ਸਟੇਸ਼ਨ ਜਾਲ ਦਿੱਤੇ:

ਦਸ਼ਮੇਸ਼ ਰੈਜਮੈਂਟ ਨੇ ਪੰਜਾਬ ਵਿਚ 40 ਰੇਲਵੇ ਸਟੇਸ਼ਨ ਇਕੋ ਵਾਰ ਹਮਲਾ ਕਰਕੇ ਜਾਲ ਦਿੱਤੇ, ਜਿਸ ਨਾਲ ਸਰਕਾਰ ਬਹੁਤ ਭੈਭੀਤ ਹੋ ਗਈ। ਉਨ੍ਹਾਂ ਦਰਬਾਰ ਸਾਹਿਬ ਤੇ ਹਮਲੇ ਦੀ ਫੌਜੀ ਸਿਖਲਾਈ ਵਿਚ ਤੇਜ਼ੀ ਲੈ ਆਂਦੀ।

ਹਿੰਦੂ ਸੁਰੱਖਿਆ ਸੈਨਾ ਬਹੁਤ ਹੀ ਘਾਬਰੀ ਹੋਈ ਸੀ। ਉਹ ਸਰਕਾਰ ਤੇ ਦਬਾਓ ਦੇ ਰਹੀ ਸੀ ਕਿ, ਸੰਤਾਂ ਨੂੰ ਫੌਰਨ ਗ੍ਰਿਫਤਾਰ ਕਰਕੇ ਫਾਂਸੀ ਲਾਓ। ਉਚ ਅਧਿਕਾਰੀ ਫੌਜੀ ਅਫਸਰਾਂ ਦਾ ਕਹਿਣਾ ਸੀ ਕਿ, ਇਸ ਤਰ੍ਹਾਂ ਦਾ ਵਿਉਂਤਬੰਧ ਹਮਲੇ ਦੀ ਤਿਆਰੀ ਲਈ ਘੱਟੋ ਘੱਟ 24-2500 ਦੀ ਫੌਜੀ ਨਫਰੀ ਦੀ ਜ਼ਰੂਰਤ ਹੈ ਤੇ 6 ਮਹੀਨੇ ਦੀ ਪਲੈਨਿੰਗ ਦੀ।



Digitized by Panjab Digital Library | www.panjabdigilib.org

## ਅਕਾਲੀ ਲੀਡਰ ਭਿੰਡਰਾਂ ਨਾਲ:

ਅਕਾਲੀ ਲੀਡਰ ਸੰਤ ਲੌਂਗੋਵਾਲ ਦੇ ਪ੍ਰੋਗਰਾਮ ਤੋਂ ਲਗਾਤਾਰ ਉਕਤਾਈ ਜਾ ਰਹੇ ਸਨ। ਉਨ੍ਹਾਂ ਦਾ ਝੁਕਾਅ ਵਧੇਰੇ ਸੰਤ ਭਿੰਡਰਾਂ ਵੱਲ ਹੁੰਦਾ ਜਾ ਰਿਹਾ ਸੀ। 27 ਅਪ੍ਰੈਲ ਨੂੰ ਲੌਂਗੋਵਾਲ ਵਲੋਂ ਸੱਦੀ ਗਈ ਮੀਟਿੰਗ ਵਿਚ ਹੰਗਾਮਾ ਮਚ ਗਿਆ। ਵਧੇਰੇ ਅਕਾਲੀ ਵਰਕਰ ਸੰਤ ਲੌਂਗੋਵਾਲ ਨੂੰ ਛੱਡ ਕੇ ਸੰਤ ਭਿੰਡਰਾਂ ਨਾਲ ਆ ਰਲੇ। ਉਨ੍ਹਾਂ ਮੈਂਬਰਾਂ ਨੇ ਕਿਹਾ ਕਿ, ਲੌਂਗੋਵਾਲ ਦਾ ਪ੍ਰੋਗਰਾਮ ਢਿੱਲਾ ਤੇ ਥੋਦਾ ਹੈ। ਲੋਕ ਉਕਤਾ ਰਹੇ ਹਨ। ਇਕ ਪਲ ਲੋਕਾਂ ਦੇ ਜਜ਼ਬਾਤ ਅਸਮਾਨੇ ਚੜ੍ਹਾ ਦਿੰਦੇ ਹਨ ਤੇ ਦੂਸਰੇ ਪਲ ਹੀ ਖੂਹ ਵਿਚ ਸੁੱਟ ਦਿੰਦੇ ਹਨ। ਜਿਵੇਂ 27 ਜਨਵਰੀ ਨੂੰ ਇਨ੍ਹਾਂ ਇਨਕਲਾਬੀ ਪ੍ਰੋਗਰਾਮ ਦਾ ਐਲਾਨ ਕਰਨ ਦਾ ਨਾਹਰਾ ਲਾਇਆ ਪਰ 'ਪੁੱਟਿਆ ਪਹਾੜ ਤੇ ਨਿਕਲਿਆ ਚੂਹਾ।' ਜਿਸ ਵਿਧਾਨ ਨੂੰ ਸਿੱਖ ਕੌਮ 1950 ਵਿਚ ਨਾ ਮਨਜ਼ੂਰ ਕਰ ਚੁੱਕੀ ਹੈ, ਉਸ ਵਿਧਾਨ ਦਾ ਇਕ ਪੱਤਰ ਜਾਲਣ ਦਾ ਐਲਾਨ ਕਰ ਦਿੱਤਾ (ਧਾਰਾ 25)

## ਸਮਝੌਤਾ:

ਅਕਾਲੀ ਲੀਡਰ ਵੀ ਸੰਤਾਂ ਦੇ ਵਧ ਰਹੇ ਮਤਭੇਦਾਂ ਤੋਂ ਚਿੰਤਤ ਸਨ। ਇਸ ਕਰਕੇ 5 ਤਖਤਾਂ ਦੇ ਜਥੇਦਾਰਾਂ ਨੇ ਵਿਚ ਪੈ ਕੇ ਦੋਹਾਂ ਸੰਤਾਂ ਵਿਚ ਸਮਝੌਤਾ ਕਰਾ ਦਿੱਤਾ। ਸੱਤ ਨੁਕਾਤੀ ਪ੍ਰੋਗਰਾਮ ਤੇ ਅਮਲ ਕਰਨ ਲਈ ਦੋਹਾਂ ਸੰਤਾਂ ਨੂੰ ਸੁਝਾਅ ਦਿੱਤਾ। ਇਹ ਪ੍ਰੋਗਰਾਮ ਇਸ ਪ੍ਰਕਾਰ ਸੀ:

1 ਦਰਬਾਰ ਸਾਹਿਬ ਦੇ ਇਹਾਤੇ ਵਿਚ ਗੋਲੀ ਨਾ ਚਲਾਈ ਜਾਏ।
2 ਜੇ ਕੋਈ ਕਿਸੇ ਤੇ ਵਧੀਕੀ ਕਰੇ ਤਾਂ ਤਾਕਤ ਵਰਤ ਕੇ ਰੋਕਿਆ ਜਾਵੇ। (ਪਰ ਕਿਸ ਤਰ੍ਹਾਂ? ਇਹ ਨਹੀਂ ਦੱਸਿਆ ਗਿਆ)
3 ਇਹਾਤੇ ਵਿਚ ਕਿਸੇ ਦੀ ਹੱਤਿਆ ਨਾ ਕੀਤੀ ਜਾਏ।
4 ਇਕ ਦੂਸਰੇ ਧੜੇ ਦੇ ਖਿਲਾਫ ਨਾਹਰੇਬਾਜ਼ੀ ਨਾ ਕੀਤੀ ਜਾਏ।
5 ਪੰਥ ਦੀ ਚੜ੍ਹਦੀ ਕਲਾ ਖਾਤਰ ਮਿਲ ਕੇ ਕੰਮ ਕੀਤਾ ਜਾਏ।
6 ਸੰਗਤਾਂ ਤੇ ਬੁਰਾ ਅਸਰ ਪਾਉਣ ਵਾਲਾ ਕੋਈ ਕੰਮ ਨਾ ਕੀਤਾ ਜਾਏ।
7 ਜੇ ਕੋਈ ਉਪਰੋਕਤ ਗੱਲਾਂ ਨੂੰ ਨਾ ਮੰਨੇ ਤਾਂ ਤਖਤ ਕਾਰਵਾਈ ਕਰੇਗਾ।

## ਬਚਨ ਸਿੰਘ ਦੇ ਪਰਵਾਰ ਦਾ ਘਾਣ ਬੱਚਾ:

30 ਅਪਰੈਲ 1984 ਨੂੰ ਮਜੀਠਾ ਰੋਡ ਤੇ ਡੀ. ਐਸ. ਪੀ. ਬਚਨ ਸਿੰਘ ਦੇ ਪਰਵਾਰ ਦਾ ਖਾਤਮਾ ਕਰ ਦਿੱਤਾ ਗਿਆ। ਇਸ ਨੇ ਸਿੱਖਾਂ ਤੇ ਬਹੁਤ ਕਹਿਰ ਗੁਜ਼ਾਰੇ ਸਨ। ਬਚਨ ਸਿੰਘ ਡੀ. ਐਸ. ਪੀ. ਨੇ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਬਹੁਤ ਤਸੀਹੇ ਦਿੱਤੇ ਸਨ ਤੇ ਸਿੰਘਾਂ ਨੇ ਕਈ ਵਾਰ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਹਰ ਵੇਰਾਂ ਬਚਦਾ ਹੀ ਰਿਹਾ। 30 ਅਪ੍ਰੈਲ ਨੂੰ ਉਸ ਦਾ ਟਾਕਰਾ ਸਿੰਘਾਂ ਨਾਲ ਹੋ ਗਿਆ ਤੇ ਰਿਕਸ਼ਾ ਵਿਚ ਹੀ ਬਚਨ ਸਿੰਘ ਤੇ ਉਸ ਦੇ ਪਰਵਾਰ ਨੂੰ ਭੁੰਨ ਦਿੱਤਾ। ਇਸ ਤਰ੍ਹਾਂ ਸਿੰਘਾਂ ਤੇ ਕੀਤੇ ਜ਼ੁਲਮ ਦਾ ਬਦਲਾ ਲਿਆ।



Digitized by Panjab Digital Library | www.panjabdigilib.org

## ਗੁਰਦਵਾਰੇ ਘੇਰੇ ਵਿਚ:

ਸਰਕਾਰ ਗੁਰਬਚਨ ਸਿੰਘ ਤੇ ਉਸ ਦੇ ਪਰਵਾਰ ਦੇ ਕਤਲ ਤੋਂ ਇਤਨੀ ਡਰੀ ਕਿ, ਉਸ ਨੇ ਗੁਰਦਵਾਰਿਆਂ ਤੇ ਕਬਜ਼ਾ ਕਰਨ ਦੀ ਮਿਥ ਲਈ ਅਤੇ ਪੰਜਾਬ ਦੇ 12 ਗੁਰਦਵਾਰੇ ਪੁਲਿਸ ਨੇ ਘੇਰ ਲਏ। ਜਿਨ੍ਹਾਂ ਵਿਚ ਘਿਰੀ ਸੰਗਤ ਗਰਮੀ ਦੇ ਮੌਸਮ ਵਿਚ ਬੁਰੀ ਤਰ੍ਹਾਂ ਕਰਾਹ ਰਹੀ ਸੀ ਕਿਉਂਕਿ ਬਿਜਲੀ ਤੇ ਪਾਣੀ ਦੇ ਕਨੈਕਸ਼ਨ ਕੱਟ ਦਿੱਤੇ ਸਨ। ਜਦ ਸਾਰੇ ਹਾਹਾਕਾਰ ਮਚ ਗਈ ਤਾਂ ਮਜ਼ਬੂਰਨ ਸਿੰਘ ਸਾਹਿਬਾਨ ਨੇ 48 ਘੰਟਿਆਂ ਦਾ ਸਰਕਾਰ ਨੂੰ ਨੋਟਿਸ ਦਿੱਤਾ ਕਿ ਜੇ ਗੁਰਦਵਾਰਿਆਂ ਤੋਂ ਸਰਕਾਰ ਨੇ ਘੇਰਾ ਨਾ ਚੁੱਕਿਆ ਤਾਂ ਜਵਾਬੀ ਐਕਸ਼ਨ ਹੋਵੇਗਾ। ਸਰਕਾਰ ਨੇ ਡਰਦਿਆਂ ਘੇਰੇ ਚੁੱਕ ਲਏ।



Digitized by Panjab Digital Library | www.panjabdigilib.org

## ਨਵਾਂ ਮੋੜ:

## ਲੜਾਈ ਚੰਡੀਗੜ੍ਹ ਤੇ ਪਾਣੀਆਂ ਦੀ ਨਹੀਂ, ਸਿੱਖਾਂ ਨੂੰ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਦੀ ਹੈ:

ਗੁਰੂ ਰਾਮਦਾਸ ਸਰਾਂ ਦੀ ਉਪਰਲੀ ਮੰਜ਼ਿਲ ਤੇ ਇਕ ਮੀਟਿੰਗ ਵਿਚ ਬਹੁਤ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਜਰਨੈਲ ਸਿੰਘ ਭਿੰਡਰਾਂ ਨੇ ਐਤਵਾਰ, 13 ਮਈ 1984 ਨੂੰ ਮੋਰਚੇ ਨੂੰ ਇਕ ਨਵਾਂ ਮੋੜ ਦਿੱਤਾ, ਜਦ ਉਨ੍ਹਾਂ ਕਿਹਾ ਕਿ, ਆਜ਼ਾਦੀ ਦੀ ਲੜਾਈ ਲਈ ਹਾਲਾਂਕਿ 99 ਫੀ ਸਦੀ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ, ਪਰ ਸਿੱਖਾਂ ਨੂੰ ਆਪਣੇ ਰਾਜ ਭਾਗ ਵਿਚ ਬਰਾਬਰ ਦਾ ਭਾਈਵਾਲ ਬਣਾਉਣ ਦੇ ਅਨੇਕਾਂ ਵਾਅਦੇ ਕੀਤੇ ਪਰ ਆਜ਼ਾਦੀ ਮਿਲਦਿਆਂ ਹੀ ਕਾਂਗਰਸ ਦਾ ਸੈਕੂਲਰਇਜ਼ਮ ਦਾ ਬੁਰਕਾ ਲਹਿ ਕੇ ਆਰੀਆ ਸਮਾਜੀਪੁਣਾ ਸਾਹਮਣੇ ਆ ਗਿਆ, ਕਿ ਸਿੱਖ ਕੌਮ ਹਿੰਦੂ ਸਾਮਰਾਜ ਦੀ ਗ਼ੁਲਾਮ ਹੈ। ਉਨ੍ਹਾਂ ਕਿਹਾ ਕਿ, **ਵਰਤਮਾਨ ਲੜਾਈ ਚੰਡੀਗੜ੍ਹ ਤੇ ਪਾਣੀਆਂ ਦੀ ਲੜਾਈ ਨਹੀਂ, ਸਿੱਖਾਂ ਦੇ ਗਲ੍ਹਾਂ 'ਚੋਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਲਾਹੁਣ ਦੀ ਹੈ।** ਉਨ੍ਹਾਂ ਕਿਹਾ ਕਿ, ਜਦ ਤੱਕ ਸਿੱਖਾਂ ਨੂੰ ਇਕ ਕੌਮ ਨਹੀਂ ਮੰਨ ਲਿਆ ਜਾਂਦਾ, ਤੇ ਸਿੱਖਾਂ ਲਈ ਵੱਖ ਪਰਸਨਲ ਲਾਅ ਨਹੀਂ ਬਣਾ ਦਿੱਤਾ ਜਾਂਦਾ, ਲੜਾਈ ਜਾਰੀ ਰਹੇਗੀ ਅਤੇ ਸਾਡੇ ਇਸ ਮੋਰਚੇ ਦੀਆਂ ਸਾਰੀਆਂ ਮੰਗਾਂ ਇਸ ਵਿਚ ਹੀ ਆ ਜਾਂਦੀਆਂ ਹਨ। ਉਨ੍ਹਾਂ ਜ਼ੋਰਦਾਰ ਮੰਗ ਕੀਤੀ ਕਿ, ਸਿੱਖ ਕੌਮ ਕੁਰਬਾਨੀਆਂ ਲਈ ਤਿਆਰ ਹੋ ਜਾਵੇ। ਸਾਡੀਆਂ ਮੰਗਾਂ ਨਾ ਮੰਨਣੀਆਂ, ਸਾਡੇ ਨਾਲ ਕੀਤੇ ਵਾਅਦਿਆਂ ਤੋਂ ਮੁੱਕਰਨਾ ਤੇ ਸਾਡੇ ਹੱਕ ਧੱਕੇ ਨਾਲ ਖੋਹ ਲੈਣੇ ਸਾਡੇ ਤੇ ਗ਼ੁਲਾਮੀ ਠੋਸਣਾ ਹੈ। ਇਸ ਨਵੀਂ ਸੇਧ ਨਾਲ ਕੌਮ ਵਿਚ ਭਾਰੀ ਉਤਸ਼ਾਹ ਪੈਦਾ ਹੋਇਆ ਤੇ ਸਿੱਖੀ ਲਈ ਭਾਰੀ ਜਜ਼ਬਾ ਜਾਗ ਪਿਆ।

## ਝੂਠਾ ਪ੍ਰਾਪੇਗੰਡਾ:

ਸੰਤ ਭਿੰਡਰਾਂ ਨੇ ਕਿਹਾ ਕਿ, ਮਾਲਵੇ ਵਿਚ ਮੇਰੇ ਖਿਲਾਫ ਸਰਕਾਰ ਝੂਠਾ ਪ੍ਰਾਪੇਗੰਡਾ ਕਰ ਰਹੀ ਹੈ ਕਿ, ਮੈਂ ਮਜ਼ਬੀ ਸਿੱਖਾਂ ਦੇ ਖਿਲਾਫ ਹਾਂ। ਉਨ੍ਹਾਂ ਕਿਹਾ ਕਿ, ਜੋ ਕੋਈ ਵੀ ਅੰਮ੍ਰਿਤ ਛਕ ਲੈਂਦਾ ਹੈ, ਉਹ ਸਭ ਖਾਲਸਾ ਹੈ। ਸਿੱਖ ਧਰਮ ਵਿਚ ਕੋਈ ਜ਼ਾਤ ਪਾਤ ਨਹੀਂ, ਕੋਈ ਉਚ ਨੀਚ ਨਹੀਂ ਹੈ। ਇਸ ਤਰ੍ਹਾਂ ਦੇ ਅਤੇ ਹੋਰ ਬਹੁਤ ਸਾਰੇ ਪ੍ਰਾਪੇਗੰਡੇ ਸਰਕਾਰ ਸਿੱਖਾਂ ਵਿਚ ਫੁੱਟ ਪਾਉਣ ਲਈ ਕਰ ਰਹੀ ਹੈ ਤਾਂਕਿ ਅਸੀਂ ਮਜ਼ਬੂਤ ਹੋ ਕੇ ਆਪਣੇ ਹੱਕਾਂ ਦੀ ਲੜਾਈ ਜਿੱਤ ਨਾ ਸਕੀਏ।

## ਕਾਂਗਰਸੀ ਭਿੰਡਰਾਂ ਨਾਲ ਰਲੇ:

ਸੰਤ ਭਿੰਡਰਾਂ ਦੇ ਉਪਰੋਕਤ ਤੱਥਾਂ ਤੋਂ ਲੋਕ ਇਤਨੇ ਪ੍ਰਭਾਵਤ ਹੋਣੇ ਸ਼ੁਰੂ ਹੋ ਗਏ ਕਿ, ਕਾਂਗਰਸੀ ਧੜਾਧੜ ਸੰਤ ਭਿੰਡਰਾਂ ਨਾਲ ਰਲਣੇ ਸ਼ੁਰੂ ਹੋ ਗਏ। ਮੋਗਾ ਤਹਿਸੀਲ ਦੇ ਪਰਧਾਨ ਗੁਰਦੀਪ ਸਿੰਘ 1500 ਕਾਂਗਰਸੀਆਂ ਨੂੰ ਨਾਲ ਲੈ ਕੇ ਸੰਤ ਭਿੰਡਰਾਂ ਨਾਲ ਰਲ ਗਏ। ਅੰਮ੍ਰਿਤਸਰ ਵਿਚ ਇਕ ਬਿਆਨ ਰਾਹੀਂ ਗੁਰਦੀਪ ਸਿੰਘ ਨੇ ਕਿਹਾ ਕਿ, ਪੰਜਾਬ ਨਾਲ



Digitized by Panjab Digital Library | www.panjabdigilib.org

ਕਾਂਗਰਸ ਨੇ ਧੱਕਾ ਕੀਤਾ ਹੈ ਤੇ ਪੰਜਾਬ ਨਾਲ ਧੱਕਾ ਇਸ ਕਰਕੇ ਹੋਇਆ ਹੈ ਕਿ, ਸਿੱਖ ਪੰਜਾਬ ਵਿਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ, ਇਤਨੀ ਵੱਡੀ ਸੰਖਿਆ ਵਿਚ ਗ੍ਰਿਫਤਾਰੀਆਂ ਦੇ ਬਾਵਜੂਦ ਵੀ ਨੈਸ਼ਨਲ ਪੱਧਰ ਤੇ ਸਿੱਖ ਸਮੱਸਿਆ ਨੂੰ ਹੱਲ ਕਰਨ ਦਾ ਕੋਈ ਗੰਭੀਰ ਯਤਨ ਨਹੀਂ ਹੋਇਆ। ਜਿਸ ਦਾ ਸਿੱਧਾ ਭਾਵ ਹੈ ਕਿ ਕਾਂਗਰਸ ਸਿੱਖਾਂ ਨੂੰ ਕੁਚਲ ਕੇ ਰੱਖਣਾ ਚਾਹੁੰਦੀ ਹੈ।

ਕਪੂਰਥਲਾ ਦੇ ਕਾਂਗਰਸੀ, ਜੋ ਸੰਤ ਭਿੰਡਰਾਂ ਨਾਲ ਆਉਣਾ ਚਾਹੁੰਦੇ ਸਨ, ਉਨ੍ਹਾਂ ਨੂੰ ਨੈਸ਼ਨਲ ਸਕਿਉਰਿਟੀ ਐਕਟ ਅਧੀਨ ਗ੍ਰਿਫਤਾਰ ਕਰ ਕੇ ਫਤਹਿਆਬਾਦ ਵਿਚ ਸੀਖਾਂ ਪਿੱਛੇ ਡੱਕ ਦਿੱਤਾ ਗਿਆ। ਜਿਸ ਤੋਂ ਸਾਫ ਜ਼ਾਹਿਰ ਸੀ ਕਿ, ਸਰਕਾਰ ਸੰਤ ਭਿੰਡਰਾਂ ਦੀ ਲੋਕ ਪ੍ਰੀਯਤਾ ਤੋਂ ਭੈਭੀਤ ਹੋ ਚੁੱਕੀ ਸੀ। ਜਿਹੜਾ ਪ੍ਰਚਾਰ ਸੰਤਾਂ ਨੂੰ ਬਦਨਾਮ ਕਰਨ ਅਤੇ ਅਤਿਵਾਦੀ ਦਰਸਾਉਣ ਲਈ ਕੀਤਾ ਜਾਂਦਾ ਸੀ, ਉਹ ਸਭ ਸੰਤਾਂ ਦੇ ਹੱਕ ਵਿਚ ਸਾਬਤ ਹੋ ਰਿਹਾ ਸੀ।



Digitized by Panjab Digital Library | www.panjabdigilib.org

# ਰਮੇਸ਼ ਚੰਦਰ ਹਲਾਕ!

ਹਿੰਦ ਸਮਾਚਾਰ ਅਖਬਾਰ ਨੇ 1947 ਤੋਂ ਹੀ ਸਿੱਖਾਂ ਦੇ ਖਿਲਾਫ ਧੂੰਆਂਧਾਰ ਪ੍ਰਾਪੇਗੰਡਾ ਜਾਰੀ ਰੱਖਿਆ ਹੋਇਆ ਸੀ। ਇਸੇ ਕਰਕੇ ਹੀ ਲਾਲਾ ਜਗਤ ਨਾਰਾਇਣ ਦਾ ਕਤਲ ਹੋਇਆ। ਉਸ ਦੇ ਕਤਲ ਤੋਂ ਪਿੱਛੋਂ ਆਸ ਸੀ ਕਿ, ਲਾਲਾ ਪ੍ਰਵਾਰ ਦੀ ਨੀਤੀ ਸਿੱਖਾਂ ਦੇ ਖਿਲਾਫ ਨਹੀਂ ਰਹੇਗੀ। ਪਰ ਹੋਇਆ ਇਸ ਦੇ ਐਨ ਉਲਟ। ਲਾਲਾ ਜਗਤ ਨਾਰਾਇਣ ਦੇ ਫਰਜ਼ੰਦ ਰਮੇਸ਼ ਚੰਦਰ ਨੇ ਤਾਂ ਅਤਿ ਹੀ ਚੁੱਕ ਲਈ। ਲਾਲਾ ਜਗਤ ਨਾਰਾਇਣ ਦੀ ਫੋਟੋ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਰੱਖ ਕੇ ਛਾਪੀ ਗਈ। ਸੰਤ ਭਿੰਡਰਾਂ ਦੇ ਖਿਲਾਫ ਧੂੰਆਂਧਾਰ ਪ੍ਰਾਪੇਗੰਡਾ ਸ਼ੁਰੂ ਸੀ। ਉਨ੍ਹਾਂ ਨੂੰ ਹਿੰਦੂਆਂ ਦਾ ਕਾਤਲ ਲਿਖਿਆ ਜਾਂਦਾ ਸੀ। ਪੰਜਾਬ ਜਾਂ ਹਿੰਦੁਸਤਾਨ ਦੇ ਹਰ ਪ੍ਰਾਂਤ ਵਿਚ ਕੋਈ ਅਹਿੰਸਕ ਘਟਨਾ ਹੁੰਦੀ, ਜਾਂ ਲੁੱਟ ਮਾਰ ਹੁੰਦੀ ਤਾਂ ਉਸ ਦਾ ਸੰਬੰਧ ਸੰਤ ਭਿੰਡਰਾਂ ਨਾਲ ਜੋੜ ਦਿੱਤਾ ਜਾਂਦਾ ਸੀ। ਰਮੇਸ਼ ਚੰਦਰ ਨੂੰ ਅਨੇਕਾਂ ਵਾਰ ਵਾਰਨਿੰਗ ਦਿੱਤੀ ਗਈ ਪਰ ਉਸ ਤੇ ਕੋਈ ਅਸਰ ਨਾ ਹੋਇਆ। ਸਰਕਾਰ ਉਸ ਦੀ ਪਿੱਠ ਠੋਕਦੀ ਸੀ। ਉਸ ਨੂੰ ਦੋ ਗੰਨਮੈਨ ਦਿੱਤੇ ਹੋਏ ਸਨ। ਜਿਸ ਕਰਕੇ ਉਸ ਨੇ ਹੋਰ ਵੀ ਜ਼ਹਿਰ ਉਗਲਨਾ ਸ਼ੁਰੂ ਕਰ ਦਿੱਤਾ ਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਕਲਮ ਹੋਰ ਵੀ ਤੇਜ਼ ਕਰ ਦਿੱਤੀ।

ਉਸ ਦੇ ਕਤਲ ਦੀ ਖਬਰ ਸਾਰੇ ਅਖਬਾਰਾਂ ਦੇ ਮੁੱਖ ਪੰਨਿਆਂ ਤੇ ਛਪੀ। ਸਰਕਾਰ - ਪੱਖੀ ਅਖਬਾਰਾਂ ਨੇ ਸੋਗ ਮਨਾਇਆ ਪਰ ਸਿੱਖ ਅਖਬਾਰਾਂ ਨੇ ਚੰਗਾ ਕਿਹਾ।

ਉਸ ਦੇ ਕਤਲ ਸੰਬੰਧੀ ਛਪੀ ਖਬਰ ਹੇਠ ਲਿਖੇ ਅਨੁਸਾਰ ਸੀ:

### ਲਾਲਾ ਜਗਤ ਨਾਰਾਇਣ ਦਾ ਫਰਜ਼ੰਦ

## ਰਮੇਸ਼ ਚੰਦਰ ਸ਼ਰੇਆਮ ਗੋਲੀ ਨਾਲ ਹਲਾਕ!

**ਭਰੀਆਂ ਹੋਈਆਂ ਸਟੇਨਾਂ ਵਾਲੇ ਦੋ ਗੰਨਮੈਨ ਦੋਹੀਂ ਪਾਸੀਂ ਬੈਠੇ ਵੀ ਕੁਝ ਨਾ ਕਰ ਸਕੇ! ਭਿੰਡਰਾਂ 'ਤੇ ਕਲਮੀ ਹਮਲੇ ਕਰਨ ਵਾਲੇ ਦਾ ਇਹੀ ਹਸ਼ਰ ਹੋਏਗਾ!!!**

ਜਲੰਧਰ - ਵਿਸ਼ੇਸ਼ ਪ੍ਰਤੀਨਿਧ ਰਾਹੀਂ ਸੂਚਨਾ ਮਿਲੀ ਹੈ ਕਿ 12 ਮਈ ਨੂੰ ਹਿੰਦ ਸਮਾਚਾਰ ਗਰੁੱਪ ਦੇ ਸਮਾਚਾਰ ਪੱਤਰਾਂ ਦੇ ਮੁੱਖ ਸੰਪਾਦਕ ਮਿਸਟਰ ਰਮੇਸ਼ ਚੰਦਰ ਨੂੰ ਨਾਮਦੇਵ ਚੌਕ ਦੇ ਕੋਲ 4 ਸਿੰਘਾਂ ਦੇ ਇਕ ਜਥੇ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ।

ਕਤਲ ਤੋਂ ਪਿੱਛੋਂ ਦਸਮੇਸ਼ ਰੈਜਮੈਂਟ ਦੇ ਕਮਾਂਡੈਂਟ ਸ. ਸਰਦੂਲ ਸਿੰਘ ਨੇ ਪ੍ਰੈਸ ਟਰੱਸਟ ਆਫ ਇੰਡੀਆ ਦੇ ਦਫਤਰ ਨੂੰ ਫੂਨ ਕਰਕੇ ਸੂਚਨਾ ਦਿੱਤੀ ਕਿ, ਲਾਲੇ ਰਮੇਸ਼ ਦਾ ਕਤਲ ਦਸਮੇਸ਼ ਰੈਜਮੈਂਟ ਨੇ ਕੀਤਾ ਹੈ ਅਤੇ ਉਨ੍ਹਾਂ ਕਿਹਾ ਕਿ, ਕੋਈ ਵਿਅਕਤੀ ਵੀ, ਜੋ ਸਿੱਖ ਲੀਡਰਾਂ ਜਾਂ ਸਿੱਖ ਕਕਾਰਾਂ ਦੇ ਖਿਲਾਫ ਬੋਲਣ ਜਾਂ ਲਿਖਣ ਦੀ ਜੁਰਅਤ ਕਰੇਗਾ, ਉਸ ਦਾ ਐਨ ਇਹੀ ਹਾਲ ਕੀਤਾ ਜਾਏਗਾ।

ਕਮਾਂਡੈਂਟ ਸਰਦੂਲ ਸਿੰਘ ਨੇ ਅੱਗੇ ਦੱਸਿਆ ਕਿ, ਜੋ ਵਿਅਕਤੀ ਸੰਤ ਜਰਨੈਲ ਸਿੰਘ ਖਾਲਸਾ 'ਤੇ ਆਪਣੀ ਕਲਮ ਨਾਲ ਹਮਲਾ ਕਰੇਗਾ,ਉਸ ਦਾ ਉਤਰ ਗੋਲੀਆਂ ਨਾਲ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ, ਸਿੱਖਾਂ ਨੇ 36 ਸਾਲ ਹਿੰਦੂ ਸਾਮਰਾਜ ਵੱਲ ਅਮਨ ਤੇ ਸ਼ਾਂਤੀ ਨਾਲ ਹੱਲ ਲੱਭਣ ਦੀ ਕੋਸ਼ਿਸ਼ ਨਾਲ ਦੇਖਿਆ ਹੈ ਪਰ ਤਾਕਤ ਦੇ ਨਸ਼ੇ ਵਿਚ ਹੈਂਕੜੇ ਹੋਏ ਹਿੰਦੂ



Digitized by Panjab Digital Library | www.panjabdigilib.org

ਤਾਜਦਾਰਾਂ ਨੇ ਸਿੱਖ ਕੌਮ ਦੀ ਇਕ ਨਹੀਂ ਸੁਣੀ। ਸਗੋਂ ਹੱਕ ਮੰਗਣ ਕਾਰਨ ਦੇਸ਼ - ਧ੍ਰੋਹੀ ਤੇ ਅਤਿਵਾਦੀਆਂ ਦੇ ਖਿਤਾਬ ਦਿੱਤੇ ਹਾਲਾਂਕਿ ਦੇਸ਼ ਧ੍ਰੋਹੀ ਤੇ ਅਤਿਵਾਦੀ ਮਹਾਸ਼ਾ ਸਰਕਾਰ ਹੈ। ਉਨ੍ਹਾਂ ਕਿਹਾ ਕਿ, ਇਹ ਤਾਂ ਅਜੇ ਪਹਿਲੀ ਕਿਸ਼ਤ ਹੈ। ਬਾਕੀ ਕਿਸ਼ਤਾਂ ਦੇਸ਼ ਤੇ ਵਿਦੇਸ਼ਾਂ ਵਿਚੋਂ ਤਾਰੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ, ਸਾਡੇ ਜਥੇ, ਜਿੱਥੇ ਜਿੱਥੇ ਵੀ ਮਹਾਸ਼ੇ ਸਰਗਰਮ ਹਨ, ਉਥੇ ਉਥੇ ਹੀ ਤਾਇਨਾਤ ਹਨ।

ਜਲੰਧਰ ਤੋਂ ਛਪੀ ਸੂਚਨਾ ਅਨੁਸਾਰ ਪਤਾ ਲੱਗਾ ਹੈ ਕਿ, ਮਿਸਟਰ ਰਮੇਸ਼ ਚੰਦਰ ਗੁਰੂ ਨਾਨਕ ਨਗਰੀ ਵਿਚ ਕੌਮੀ ਏਕਤਾ ਦੀ ਮੀਟਿੰਗ ਵਿਚ ਭਾਗ ਲੈ ਕੇ ਆ ਰਿਹਾ ਸੀ। ਉਹ ਆਪਣੀ ਕਾਰ ਆਪ ਚਲਾ ਰਿਹਾ ਸੀ। ਉਸ ਦੇ ਨਾਲ ਉਸ ਦਾ ਬਾਡੀਗਾਰਡ ਤੇ ਇਕ ਮੁਲਾਜਮ ਵੀ ਸੀ। ਕਾਰ ਜਦੋਂ ਬੱਸ ਦੇ ਅੱਡੇ ਦੇ ਕਰੀਬ ਪਹੁੰਚੀ ਤੇ ਟਰੈਫਿਕ ਲਈ ਜ਼ਰਾ ਰੋਕਣੀ ਪਈ, ਤਾਂ ਚਾਰ ਸ਼ਸਤਰਧਾਰੀ ਸਿੱਖਾਂ ਦੇ ਇਕ ਦਸਤੇ ਨੇ ਗੋਲੀਆਂ ਦੀ ਬੁਛਾੜ ਸ਼ੁਰੂ ਕਰ ਦਿੱਤੀ। ਇਸ ਜਥੇ ਵਿਚ ਇਕ ਕਲੀਨ ਸ਼ੇਵ ਨੌਜਵਾਨ ਸੀ। ਇਨ੍ਹਾਂ ਨੇ ਪਹਿਲਾਂ ਹੀ ਨਾਮਦੇਵ ਚੌਕ ਤੇ ਪੁਜੀਸ਼ਨਾਂ ਸੰਭਾਲ ਰੱਖੀਆਂ ਸਨ। ਮਿਸਟਰ ਰਮੇਸ਼ ਚੰਦਰ ਨੇ ਗੋਲੀਆਂ ਦੀ ਬੁਛਾੜ ਤੋਂ ਬਚਣ ਲਈ ਗੱਡੀ ਦਾ ਰੁਖ ਬਦਲਣ ਦੀ ਕੋਸ਼ਿਸ਼ ਕੀਤੀ ਪਰ ਚੌਹਾਂ ਪਾਸਿਆਂ ਤੋਂ ਇਸ ਦਸਤੇ ਨੇ ਗੱਡੀ ਵੱਲ ਵਧਣਾ ਸ਼ੁਰੂ ਕਰ ਦਿੱਤਾ ਤੇ ਦੌੜ ਕੇ ਗੱਡੀ ਦੇ ਕੋਲ ਪੁੱਜ ਗਏ।

ਮਿਸਟਰ ਰਮੇਸ਼ ਚੰਦਰ ਦਾ ਸਿਰ ਸਟੇਅਰਿੰਗ ਤੇ ਲੁੜਕ ਰਿਹਾ ਸੀ ਪਰ ਦਸਤੇ ਦੇ ਕਮਾਂਡਰ ਨੇ ਇਹ ਸ਼ੱਕ ਮਿਟਾਉਣ ਲਈ ਕਿ, ਕਿਤੇ ਜਿਉਂਦਾ ਤਾਂ ਨਹੀਂ, ਦੋ ਤਿੰਨ ਵੇਰਾਂ ਹਿਲਾ ਕੇ ਤੇ ਝੰਜੋੜ ਕੇ ਵੇਖਿਆ ਪਰ ਉਹ ਉਥੇ ਹੀ ਦਮ ਤੋੜ ਚੁੱਕਾ ਸੀ। ਇਸ ਪਿੱਛੋਂ ਇਹ ਜਥਾ ਉਥੇ ਖੜ੍ਹੀ ਕਾਰ ਵਿਚ ਸਵਾਰ ਹੋ ਕੇ ਸਕਾਈਲਾਰਕ ਹੋਟਲ ਵੱਲ ਨੂੰ ਹਰਨ ਹੋ ਗਿਆ। ਸ਼ਸ਼ਤਰਧਾਰੀ ਜਥੇ ਕੋਲ ਸਟੇਨਗੰਨ, ਆਟੋਮੈਟਿਕ ਪਿਸਤੌਲ ਤੇ ਗਰਨੇਡ ਵੀ ਸਨ।

ਯਾਦ ਰਹੇ ਕਿ, 9 ਸਤੰਬਰ 1981 ਨੂੰ ਮਿਸਟਰ ਰਮੇਸ਼ ਚੰਦਰ ਦੇ ਪਿਤਾ ਜੀ ਲਾਲਾ ਜਗਤ ਨਾਰਾਇਣ ਨੂੰ ਲੁਧਿਆਣੇ ਤੋਂ ਥੋੜੀ ਦੂਰ ਲੱਡੂਵਾਲ ਦੇ ਕੋਲ ਇਸੇ ਤਰ੍ਹਾਂ ਹੀ ਗੋਲੀਆਂ ਦਾ ਨਿਸ਼ਾਨਾ ਬਣਾ ਦਿੱਤਾ ਗਿਆ ਸੀ।

ਮਿਸਟਰ ਰਮੇਸ਼ ਚੰਦਰ ਦਾ ਗੰਨਮੈਨ ਦੀਵਾਨ ਚੰਦ ਅਤੇ ਉਸ ਦੇ ਨਾਲ ਦੂਸਰਾ ਗੰਨਮੈਨ ਅਜੀਤ ਸਿੰਘ ਸਖਤ ਨਾਜ਼ਕ ਹਾਲਤ ਵਿਚ ਹਸਪਤਾਲ ਵਿਚ ਪਏ ਹਨ।

ਇਸ ਕਤਲ ਨਾਲ ਪੰਜਾਬ ਦੇ ਹਾਲਾਤ ਬਹੁਤ ਹੀ ਤਣਾਓ ਭਰਪੂਰ ਹੋ ਗਏ ਅਤੇ ਹਿੰਦੂ - ਸਿੱਖ ਦੋ ਵੱਖ ਵੱਖ ਸੋਚਣੀਆਂ ਵਿਚ ਵਧਦੇ ਜਾ ਰਹੇ ਸਾਫ ਨਜ਼ਰ ਆ ਰਹੇ ਸਨ।

## ਬਗ਼ਾਵਤ ਦਾ ਐਲਾਨ!

ਪੰਜਾਬ ਦੇ ਹਾਲਾਤ ਬਿਲਕੁਲ ਵਿਗੜ ਚੁੱਕੇ ਸਨ ਤੇ ਪੁਲਿਸ ਛਾਪੇ ਮਾਰ ਮਾਰ ਕੇ ਪਿੰਡਾਂ ਵਿਚ ਸਿੱਖਾਂ ਦਾ ਸ਼ਿਕਾਰ ਕਰ ਰਹੀ ਸੀ। ਹਾਲਾਤ ਇਤਨੇ ਖਰਾਬ ਹੋ ਗਏ ਸਨ ਕਿ, ਅਕਾਲੀ ਲੀਡਰਾਂ ਨੇ ਹਾਈਕਮਾਂਡ ਦੀ ਮੀਟਿੰਗ ਸੱਦ ਕੇ ਇਹ ਐਲਾਨ ਕੀਤਾ ਕਿ, 3 ਜੂਨ ਤੋਂ ਪਿੱਛੋਂ ਪੰਜਾਬ ਸਰਕਾਰ ਨੂੰ ਕੋਈ ਟੈਕਸ ਨਾ ਦਿਓ, ਬਿਜਲੀ ਦਾ ਬਿੱਲ ਨਾ ਦਿਓ ਤੇ ਪੰਜਾਬ ਦਾ ਪਾਣੀ ਤੇ ਬਿਜਲੀ ਆਦਿ, ਜੋ ਹਰਿਆਣਾ, ਰਾਜਿਸਥਾਨ ਤੇ ਦਿੱਲੀ ਨੂੰ ਜਾਂਦਾ ਹੈ, ਵੱਢ ਦਿਓ। ਲੋਕਾਂ ਵਿਚ ਇਸ ਪ੍ਰੋਗਰਾਮ ਦਾ ਇਤਨਾ ਭਾਰੀ ਉਤਸ਼ਾਹ ਸੀ ਕਿ ਲੋਕਾਂ ਨੇ ਮਿਥੀ ਤਰੀਕ ਤੋਂ ਪਹਿਲਾਂ ਹੀ ਇਸ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ। ਜਿਸ ਕਰਕੇ ਸਰਕਾਰ ਜਰਕ ਗਈ। ਸਰਕਾਰ ਵਲੋਂ ਸਿੱਖਾਂ ਤੇ ਧੜਾਧੜ ਬਣਾਏ ਜਾ ਰਹੇ ਕੇਸ ਵੀ ਇਸ ਪ੍ਰੋਗਰਾਮ ਵਿਚ ਕੋਈ ਠੱਲ ਨਾ ਪਾ ਸਕੇ। ਸਰਕਾਰ ਦਾ ਦਬਦਬਾ ਪੰਜਾਬ 'ਚੋਂ ਖਤਮ ਹੋ ਚੁੱਕਾ ਸੀ। ਰੋਜ਼



Digitized by Panjab Digital Library | www.panjabdigilib.org

ਹੀ ਕਤਲੋ ਗਾਰਤ ਤੇ ਡਾਕਿਆਂ ਦਾ ਬੋਲਬਾਲਾ ਸੀ। ਸੰਤ ਭਿੰਡਰਾਂ ਨੇ ਇਨ੍ਹਾਂ ਕਤਲਾਂ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ, ਇਹ ਕਤਲ ਕੋਈ ਸਿੱਖ ਨਹੀਂ ਕਰ ਸਕਦਾ ਕਿਉਂਕਿ ਇਹ ਸਿੱਖ ਧਰਮ ਦੇ ਅਸੂਲਾਂ ਦੇ ਖਿਲਾਫ ਹਨ। ਪਰ ਸਰਕਾਰ ਇਨ੍ਹਾਂ ਕਤਲਾਂ ਤੇ ਲੁੱਟ ਮਾਰ ਨੂੰ ਅਤਿਵਾਦੀਆਂ ਦੇ ਸਿਰ ਪਾ ਰਹੀ ਸੀ। ਅਕਾਲੀ ਬਾਰ ਬਾਰ ਕਹਿ ਰਹੇ ਸਨ ਕਿ ਇਨ੍ਹਾਂ ਦੀ ਤਫਤੀਸ਼ ਕਰਾਓ। ਅਸੀਂ ਸਾਬਤ ਕਰ ਸਕਦੇ ਹਾਂ ਕਿ, ਇਹ ਕਤਲ ਸਰਕਾਰ ਕਰਾ ਰਹੀ ਹੈ ਪਰ ਨਿਗਾਰਖਾਨੇ ਵਿਚ ਤੂਤੀ ਦੀ ਆਵਾਜ਼ ਨੂੰ ਕੌਣ ਸੁਣਦਾ ਹੈ?

## ਭਿੰਡਰਾਂ ਤੇ ਲੌਂਗੋਵਾਲ ਵਿਚ ਤਣਾਓ:

ਜਿਉਂ ਜਿਉਂ ਸੰਤ ਭਿੰਡਰਾਂ ਨਾਲ ਲੋਕ ਰਲਦੇ ਜਾ ਰਹੇ ਸਨ, ਅਕਾਲੀਆਂ ਨੂੰ ਖਦਸ਼ਾ ਹੋਈ ਜਾ ਰਿਹਾ ਸੀ। ਲੋਕਾਂ ਨੇ ਮੰਗ ਕੀਤੀ ਕਿ, ਸਰਕਾਰ ਨਾਲ ਗੱਲਬਾਤ ਵਿਚ ਸੰਤ ਭਿੰਡਰਾਂ ਨੂੰ ਵੀ ਸ਼ਾਮਲ ਕਰੋ। ਇਸ ਵਿਚ ਲੌਂਗੋਵਾਲ ਨੇ ਆਪਣੀ ਬੇਇਜ਼ਤੀ ਸਮਝੀ ਤੇ ਦੋਹਾਂ ਸੰਤਾਂ ਵਿਚ ਇਹ ਨਾਰਾਜ਼ਗੀ ਇਥੋਂ ਤੱਕ ਵਧ ਗਈ ਕਿ, ਹਰਿਮੰਦਰ ਸਾਹਿਬ ਦੇ ਵਿਚ ਹੀ ਖੂਨ ਖਰਾਬੇ ਦਾ ਡਰ ਪੈਦਾ ਹੋ ਗਿਆ।

## ਬਬਰ ਖਾਲਸੇ ਦਾ ਭਿੰਡਰਾਂ ਵਿਰੁੱਧ ਪਰਚਾਰ:

ਬਬਰ ਖਾਲਸੇ ਦੇ ਮੁਖੀ ਜਥੇਦਾਰ ਸੁਖਦੇਵ ਸਿੰਘ ਨੇ ਭਿੰਡਰਾਂ ਤੇ ਇਲਜ਼ਾਮ ਲਾਉਣੇ ਸ਼ੁਰੂ ਕਰ ਦਿੱਤੇ ਕਿ ਸਾਡੇ ਜਥੇ ਦੇ ਲੋਕਾਂ ਨੂੰ ਕਤਲ ਕਰਨ ਲਈ ਸੰਤ ਭਿੰਡਰਾਂ ਨੇ ਇਕ ਰੀਵਾਲਵਰ ਤੇ ਗੋਲੀਆਂ ਦਿੱਤੀਆਂ ਹਨ। ਮੰਜੀ ਸਾਹਿਬ ਦੀਵਾਨ ਦੀ ਮੀਟਿੰਗ ਵਿਚ, ਜੋ ਅਕਾਲੀਆਂ ਨੇ ਸੱਦੀ ਸੀ, ਸੁਖਦੇਵ ਸਿੰਘ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ, ਸੰਤ ਭਿੰਡਰਾਂ ਨੇ ਸਾਡੇ ਬੰਦੇ ਸਬਜ਼ ਬਾਗ ਦਿਖਾ ਕੇ ਆਪਣੇ ਨਾਲ ਰਲਾ ਲਏ ਸਨ ਤੇ ਉਨ੍ਹਾਂ ਅੱਗੇ ਵੀ ਕਿਹਾ ਕਿ, 14 ਦਿਨ ਪਹਿਲਾਂ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ 54 ਵਿਚ ਇਕ ਮੀਟਿੰਗ ਹੋਈ ਸੀ। ਪਿੱਛੋਂ ਸੰਤ ਭਿੰਡਰਾਂ ਨੇ ਸਾਡੇ ਲੋਕਾਂ ਨੂੰ ਕਿਤੇ ਛੁਪਾ ਰੱਖਿਆ ਹੈ।

ਕੌਮ ਨੇ ਇਸ ਗੱਲ ਦਾ ਬਹੁਤ ਹੀ ਦੁੱਖ ਮਨਾਇਆ ਕਿ, ਜਦੋਂ ਖਾੜਕੂ ਆਗੂ ਪੰਥ ਦੋਖੀਆਂ ਨੂੰ ਸੋਧਣ ਲਈ ਸਿਰ ਤੋੜ ਕੋਸ਼ਿਸ਼ ਕਰ ਰਹੇ ਸਨ, ਉਸੇ ਸਮੇਂ ਜੋ ਸੰਸਥਾ ਸੰਤ ਜਰਨੈਲ ਸਿੰਘ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰ ਰਹੀ ਹੋਵੇ, ਉਨ੍ਹਾਂ ਨੂੰ ਕੀ ਸਮਝਿਆ ਜਾਵੇ? ਪੰਥ ਸੇਵਕ ਕਿ ਪੰਥ ਧ੍ਰੋਹੀ?

## ਹਿੰਦੂ ਫੌਜ ਦੀ ਭਰਤੀ:

ਸੰਤ ਭਿੰਡਰਾਂ ਦੀ ਪੰਜਾਬ ਵਿਚ ਵਧ ਰਹੀ ਸ਼ਾਖ ਦੇਖ ਕੇ ਸਰਕਾਰ ਨੂੰ ਪਹਿਲਾਂ ਤੋਂ ਹੀ ਬਹੁਤ ਧੁਖਧੁਖੀ ਲੱਗੀ ਹੋਈ ਸੀ। ਉਨ੍ਹਾਂ ਹਿੰਦੂ ਸੁਰੱਖਿਆ ਸੰਮਤੀ ਦੀ ਸਹਿਮਤੀ ਨਾਲ ਹਿੰਦੂ ਨੌਜਵਾਨ ਧੜਾਧੜ ਭਰਤੀ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਨੂੰ ਹਥਿਆਰ ਚਲਾਉਣ ਦੀ ਟਰੇਨਿੰਗ ਸ਼ਿਵ ਸੈਨਾ ਖੁਫੀਆ ਢੰਗ ਨਾਲ ਦੇ ਰਹੀ ਸੀ। ਹਿੰਦੂ ਸੁਰੱਖਿਆ ਸੰਮਤੀ ਦੇ ਸਕੱਤਰ ਜਗਦੀਸ਼ ਚੰਦਰ ਟਾਂਗਰੀ ਦੀ ਕਮਾਂਡ ਹੇਠ ਜਲੰਧਰ ਤੇ ਲੁਧਿਆਣਾ ਵਿਚ ਆਪਣੀ ਤਾਕਤ ਦੀ ਪ੍ਰਦਰਸ਼ਨੀ ਜਲੂਸਾਂ ਦੀ ਸ਼ਕਲ ਵਿਚ ਕੀਤੀ।

ਭਾਵੇਂ ਸਰਕਾਰ ਨੇ ਸਿੱਖ ਛਾਪਾਮਾਰਾਂ ਨਾਲ ਨਿਪਟਣ ਲਈ ਸਪੈਸ਼ਲ ਕਮਾਂਡੋ ਬਣਾ ਰੱਖੇ ਸਨ ਪਰ ਫਿਰ ਵੀ ਹਰ ਰੋਜ਼ ਹੀ ਸਿੱਖਾਂ ਦੇ ਖਿਲਾਫ ਸਰਗਰਮ ਲੋਕਾਂ ਨੂੰ ਗੱਡੀ ਚੜ੍ਹਾਇਆ



Digitized by Panjab Digital Library / www.panjabdigilib.org

ਜਾਂ ਰਿਹਾ (ਕਤਲ ਕੀਤਾ ਜਾਂਦਾ ਰਿਹਾ)। ਥਾਂ ਥਾਂ ਡਕੈਤੀਆਂ ਮਾਰੀਆਂ ਜਾਂਦੀਆਂ ਸਨ, ਜਿਨ੍ਹਾਂ ਦਾ ਨਾਂ ਸੰਤ ਭਿੰਡਰਾਂ ਦੇ ਜਥੇ ਨਾਲ ਜੋੜਿਆ ਜਾਂਦਾ ਸੀ ਭਾਵੇਂ ਕਿ ਕੋਈ ਵੀ ਸਬੂਤ ਇਸ ਗੱਲ ਦਾ ਕਿਸੇ ਪਾਸ ਵੀ ਨਹੀਂ ਸੀ ਕਿ. ਇਹ ਕਤਲੋ ਗਾਰਤ ਤੇ ਡਾਕੇ ਕੌਣ ਮਾਰ ਰਿਹਾ ਹੈ।

ਮਈ 1984 ਦੇ ਅਖੀਰ ਤੱਕ ਕੇਂਦਰੀ ਸਰਕਾਰ ਨੇ ਦਰਬਾਰ ਸਾਹਿਬ ਦੀ ਪੂਰੀ ਤਰ੍ਹਾਂ ਨਾਕਾਬੰਦੀ ਕਰ ਲਈ ਸੀ ਤੇ ਸਰਹੱਦੀ ਪੁਲਿਸ ਨੇ ਘੇਰਾ ਬਿਲਕੁਲ ਤੰਗ ਕਰ ਲਿਆ ਸੀ। ਅਕਾਲੀ ਨੇਤਾ ਸੰਤ ਲੌਂਗੋਵਾਲ ਨੇ ਸਰਕਾਰ ਨੂੰ ਧਮਕੀ ਦਿੱਤੀ ਕਿ, ਜੇ ਗੁਰੂਘਰਾਂ ਤੇ ਹਮਲਾ ਹੋਇਆ ਤਾਂ ਸਰਕਾਰ ਦਾ ਉਹੀ ਹਸ਼ਰ ਹੋਏਗਾ, ਜੋ ਮੁਗਲਾਂ ਦਾ ਹੋਇਆ ਸੀ। ਜੇ ਫੌਜ ਅੰਦਰ ਗਈ ਤਾਂ ਸਾਡੀਆਂ ਲਾਸ਼ਾਂ ਉਪਰ ਦੀ ਲੰਘ ਕੇ ਜਾਏਗੀ। ਸਰਕਾਰ ਨੇ ਨਾਕਾਬੰਦੀ ਇਤਨੀ ਸਖਤ ਕਰ ਦਿੱਤੀ ਸੀ ਕਿ, ਕਣਕ ਲਿਜਾਣ ਵਾਲੇ ਗੱਡਿਆਂ ਨੂੰ ਵੀ ਰੋਕ ਲਾਉਣੀ ਸ਼ੁਰੂ ਕਰ ਦਿੱਤੀ। ਟਰੱਕ, ਟਰਾਲੀਆਂ ਨੂੰ ਕਈ ਕਈ ਦਿਨ ਅੰਦਰ ਨਾ ਜਾਣ ਦਿੱਤਾ ਤੇ ਮਈ ਦੇ ਅਖੀਰਲੇ ਹਫਤੇ ਵਿਚ ਤਾਂ ਟਰੱਕ, ਟਰਾਲੀਆਂ ਤੇ ਗੱਡੇ ਸਰਕਾਰ ਨੇ ਵਾਪਸ ਭੇਜਣੇ ਸ਼ੁਰੂ ਕਰ ਦਿੱਤੇ। ਪੰਜਾਬ ਪੁਲਿਸ ਸਿੱਖਾਂ ਨਾਲ ਹਮਦਰਦੀ ਰੱਖਦੀ ਹੋਣ ਕਾਰਨ ਸਾਰਾ ਚਾਰਜ ਕੇਂਦਰ ਪੁਲਿਸ ਪਾਸ ਸੀ। ਉਨ੍ਹਾਂ ਪੰਜਾਬ ਪੁਲਿਸ ਦੇ ਸਿਪਾਹੀ ਵੀ ਝਟਕਾਉਣੇ ਸ਼ੁਰੂ ਕਰ ਦਿੱਤੇ। ਸਾਫ ਨਜ਼ਰ ਆ ਰਿਹਾ ਸੀ ਕਿ, ਹਰਿਮੰਦਰ ਸਾਹਿਬ ਤੇ ਹਮਲਾ ਕੁਝ ਹੀ ਦਿਨਾਂ ਦੇ ਵਿਚ ਹੋਣ ਵਾਲਾ ਹੈ। ਹਮਲੇ ਦਾ ਮੁਕਾਬਲਾ ਕਰਨ ਦੀ ਤਿਆਰੀ ਦੇ ਨਾਲ ਨਾਲ ਸੰਤ ਭਿੰਡਰਾਂ ਨੇ ਪਿੰਡਾਂ ਦੇ ਲੋਕਾਂ ਨਾਲੋਂ ਸੰਪਰਕ ਨਾ ਤੋੜਿਆ। ਇਨ੍ਹਾਂ ਦਿਨਾਂ ਵਿਚ ਹੀ ਕਿਸਾਨ ਅੰਦੋਲਨ ਚਲਦਾ ਸੀ। ਯੂਨੀਅਨ ਦੀਆਂ ਮੰਗਾਂ ਸਨ ਕਿ, ਸਰਕਾਰ ਨੂੰ ਟੈਕਸ ਤੇ ਕਰਜ਼ੇ ਨਾ ਦਿਓ। ਭਿੰਡਰਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ, ਕਿਸਾਨ ਅੰਦੋਲਨ ਦਾ ਪੂਰਾ ਪੂਰਾ ਸਾਥ ਦਿਓ। ਸੰਤ ਭਿੰਡਰਾਂ ਨੇ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ, ਸਰਕਾਰ ਹਰਿਮੰਦਰ ਸਾਹਿਬ ਤੇ ਹਮਲੇ ਦੀ ਤਿਆਰੀ ਲਈ ਮਸ਼ਕਾਂ ਕਰ ਰਹੀ ਹੈ ਤੇ ਜਦੋਂ ਹਮਲਾ ਹੋਵੇ, ਜਿੱਥੇ ਜਿੱਥੇ ਵੀ ਵਿਰੋਧੀ ਹਨ, ਸੋਧ ਦਿਓ।

## ਹਮਲਾ ਦੇਸ਼ ਲਈ ਤਬਾਹਕੁਨ:

ਸਰਕਾਰ ਨੇ ਦੋਹਾਂ ਸੰਤਾਂ ਦੇ ਮਤਭੇਦ ਬਹੁਤ ਹੀ ਲੰਬੇ ਚੌੜੇ ਕਰਕੇ ਲੋਕਾਂ ਵਿਚ ਪਰਚਾਰੇ (28 ਮਈ 1984 ਨੂੰ ਪੰਜਾਬ ਵਿਚ ਫੌਜ ਭੇਜਣ ਤੋਂ ਤਿੰਨ ਦਿਨ ਪਹਿਲਾਂ) ਸੰਤ ਭਿੰਡਰਾਂ, ਸੰਤ ਲੌਂਗੋਵਾਲ ਤੇ ਜਥੇਦਾਰ ਟੌਹੜਾ ਨੇ ਇਕ ਸਾਂਝਾ ਬਿਆਨ ਦਿੱਤਾ ਕਿ, ਜੇ ਹਿੰਦ ਸਰਕਾਰ ਨੇ ਦਰਬਾਰ ਸਾਹਿਬ ਤੇ ਹਮਲਾ ਕੀਤਾ ਤਾਂ ਦੇਸ਼ ਲਈ ਤਬਾਹਕੁਨ ਸਾਬਤ ਹੋਏਗਾ। ਭਾਵ ਦੇਸ਼ ਦੇ ਟੁਕੜੇ ਟੁਕੜੇ ਹੋ ਜਾਣਗੇ। ਤਿੰਨਾਂ ਲੀਡਰਾ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ, ਦਰਬਾਰ ਸਾਹਿਬ ਤੇ ਹਮਲੇ ਦਾ ਮੂੰਹ ਤੋੜ ਉਤਰ ਦੇਣਾ।

## ਬਲਵੰਤ ਸਿੰਘ ਦੀ ਦੁਰਗਤ

ਸੰਤ ਭਿੰਡਰਾਂ ਦਾ ਸਤਿਕਾਰ ਸਿੱਖ ਕੌਮ ਵਿਚ ਇਸ ਸਮੇਂ ਤੱਕ ਇਤਨਾ ਵਧ ਚੁੱਕਾ ਸੀ ਕਿ, ਸਿੱਖ ਕੌਮ ਵਿਚ ਕਾਂਗਰਸ ਸਮਰਥਕ ਬਲਵੰਤ ਸਿੰਘ ਸਾਊਥਾਲ ਗੁਰਦਵਾਰੇ ਪੁੱਜਾ ਤਾਂ ਭਿੰਡਰਾਂ ਵਲੋਂ ਕੌਮ ਵਿਚ ਜਾਗਰਤੀ ਪੈਦਾ ਕਰਨ ਕਰਕੇ ਲੋਕ ਪੂਰੀ ਤਰ੍ਹਾਂ ਜਾਣੂ ਸਨ ਕਿ, ਪੰਥ ਦਰਦੀ ਕੌਣ ਹੈ ਤੇ ਇਹੀ ਹਸਰ ਬਲਵੰਤ ਸਿੰਘ ਦਾ ਹੋਇਆ, ਜੋ ਸਿੱਖਾਂ ਦੇ ਕਹਿਰ ਤੋਂ ਡਰਦਾ



Digitized by Panjab Digital Library | www.panjabdigilib.org

ਵਿਦੇਸ਼ਾਂ ਵਿਚ ਸਿਰ ਛੁਪਾਉਂਦਾ ਫਿਰਦਾ ਸੀ। ਜਿਉਂ ਹੀ ਬਲਵੰਤ ਸਿੰਘ ਸਟੇਜ ਤੇ ਪੁੱਜਾ ਤਾਂ ਲੋਕਾਂ ਨੇ 'ਬਲਵੰਤ ਸਿੰਘ ਮੁਰਦਾਬਾਦ' ਦੇ ਨਾਹਰਿਆਂ ਨਾਲ ਆਸਮਾਨ ਗੁੰਜਾ ਦਿੱਤਾ। ਨੌਬਤ ਬਲਵੰਤ ਸਿੰਘ ਦੀ ਪੱਗ ਲਾਹੁਣ ਤੱਕ ਜਾ ਪੁੱਜੀ ਤੇ ਉਹ ਡਰਦਾ ਗੁਰੂ ਗਰੰਥ ਸਾਹਿਬ ਦੀ ਬੀੜ ਪਿੱਛੇ ਲੁਕ ਕੇ ਬਚਿਆ। ਬਲਵੰਤ ਸਿੰਘ ਪੂਰੀ ਤਰ੍ਹਾਂ ਹੀਰੋ ਤੋਂ ਜ਼ੀਰੋ ਬਣ ਕੇ ਰਹਿ ਗਿਆ।

'ਬਲਿਟਿਜ਼' ਅਖਬਾਰ ਵਿਚ ਸੰਤ ਭਿੰਡਰਾਂ ਦੀ ਛਤਰ ਛਾਇਆ ਹੇਠ ਮੇਜਰ ਜਨਰਲ ਸੁਬੇਗ ਸਿੰਘ ਵਲੋਂ ਟਰੇਂਡ ਖਾਲਸਾ ਫੌਜ ਵਲੋਂ ਇਕੋ ਸਮੇਂ ਹਮਲਾ ਕਰਕੇ 37 ਰੇਲਵੇ ਸਟੇਸ਼ਨਾਂ ਨੂੰ ਇਕੋ ਸਮੇਂ ਅੱਗ ਲਾ ਦੇਣ ਨਾਲ ਪੰਜਾਬ ਦੇ ਹਿੰਦੂ ਭੈਭੀਤ ਹੋ ਗਏ, ਬਲਿਟਿਜ਼ ਦੇ ਦਿੱਲੀ ਬਿਊਰੋ ਦੇ ਪ੍ਰਤੀਨਿਧ ਜੋਗਾ ਰਾਓ ਨੇ ਹੇਠ ਲਿਖੀ ਖਬਰ ਛਾਪੀ, ਜਿਸ ਦਾ ਪੰਜਾਬੀ ਅਨੁਵਾਦ 'ਇੰਡੋ - ਕਨੇਡੀਅਨ ਟਾਇਮਜ਼' ਦੇ 8 ਜੂਨ 1984 ਦੇ ਅੰਕ ਦੇ ਪੰਨਾ 7 ਉਪਰ, ਜੋ 30 ਮਈ ਨੂੰ ਸਟੋਰਾਂ ਤੇ ਪੁੱਜਿਆ ਸੀ, ਛਪਿਆ। ਉਹ ਖਬਰ ਹੇਠ ਲਿਖੇ ਅਨੁਸਾਰ ਸੀ:

## ਪੰਜਾਬ ਵਿਚ ਲੜਾਈ ਸ਼ੁਰੂ ਹੈ:

### ਮੇਜਰ ਜਨਰਲ ਸੁਬੇਗ ਸਿੰਘ ਦੀ ਕਮਾਂਡ ਹੇਠ ਫੌਜ ਦੇ ਪੂਰੇ ਸਿਗਨਲ ਤੇ ਕੋਡ ਵਰਤ ਕੇ 2500 ਪੂਰੀ ਤਰ੍ਹਾਂ ਟਰੇਂਡ ਨੌਜਵਾਨਾਂ ਨਾਲ ਲੈਸ ਸਿੱਖ ਫੌਜ, ਹਿੰਦੁਸਤਾਨ ਦੀ ਫੌਜ ਨਾਲ ਲੋਹਾ ਲੈਣ ਲਈ ਤਿਆਰ!!!

**ਨਵੀਂ ਦਿੱਲੀ** - 'ਬਲਿਟਜ਼' ਅਖਬਾਰ ਦੇ ਨਾਮਾ ਨਿਗਾਰ ਜੋਗਾ ਰਾਓ ਨੇ, ਜੋ ਦਿੱਲੀ ਬੀਊਰਾ ਦਾ ਹੈ, ਲਿਖਿਆ ਹੈ ਕਿ, ਪੰਜਾਬ ਵਿਚ 2500 ਟਰੇਂਡ ਜਵਾਨਾਂ ਦੀ ਫੌਜ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹੈ।

'ਬਲਿਟਜ਼' ਨੇ ਲਿਖਿਆ ਹੈ ਕਿ ਭਾਵੇਂ ਸੰਤ ਭਿੰਡਰਾਂ ਪੰਜਾਬ ਵਿਚ ਲੜਾਈ ਦੇ ਪਿੱਛੇ ਮੰਨੀ ਹੋਈ ਸ਼ਕਤੀ ਹੈ ਪਰ ਹਿੰਦੁਸਤਾਨੀ ਫੌਜ ਵਿਚੋਂ 25 ਰੀਟਾਇਰਡ ਸੀਨੀਅਰ ਆਰਮੀ ਅਫਸਰਾਂ ਨੇ ਸੈਂਟਰਲ ਕਮਾਂਡ ਖੜ੍ਹੀ ਕਰ ਲਈ ਹੈ, ਜਿਸ ਦਾ ਇਨਚਾਰਜ ਰੀਟਾਇਰਡ ਮੇਜਰ ਜਨਰਲ ਸੁਬੇਗ ਸਿੰਘ ਹੈ।

ਉਸ ਦੇ ਨਾਲ ਲੜਾਈ ਨੂੰ ਤਾਲਮੇਲ ਦੇਣ ਲਈ ਦੋ ਹੋਰ ਰੀਟਾਇਰਡ ਮੇਜਰ ਜਨਰਲ, ਇਕ ਬਰਗੇਡੀਅਰ ਤੇ ਇਕ ਰੀਟਾਇਰਡ ਕਰਨਲ ਹੈ। ਇਸ ਤੋਂ ਇਲਾਵਾ ਅਨੇਕਾਂ ਯੂਨੀਅਰ ਕਮਿਸ਼ਨਡ ਅਫਸਰ ਤੇ ਨਾਨ ਕਮਿਸ਼ਨਡ ਅਫਸਰ ਵੀ ਸ਼ਾਮਲ ਹਨ।

ਭਾਰਤੀ ਫੌਜ ਦੇ ਇਕ ਸੀਨੀਅਰ ਆਰਮੀ ਅਫਸਰ ਅਨੁਸਾਰ 37 ਭਾਰਤੀ ਰੇਲਵੇ ਸਟੇਸ਼ਨਾਂ ਤੇ ਇਕੋ ਸਮੇਂ ਇਕੋ ਦਿਨ ਹਮਲਾ ਕਰਕੇ ਜਲਾ ਦੇਣਾ ਤੇ ਇਕ ਵੀ ਬੰਦਾ ਫੜਿਆ ਨਾ ਜਾਣਾ, ਪਿੰਡਾਂ ਵਿਚੋਂ ਸਾਧਾਰਨ ਗੋਲੀ ਚਲਾਉਣ ਲਈ ਖੜ੍ਹੇ ਕੀਤੇ ਨੌਜਵਾਨਾਂ ਦਾ ਕੰਮ ਨਹੀਂ ਹੈ। ਭਾਰਤੀ ਫੌਜ ਦੇ ਸੀਨੀਅਰ ਅਫਸਰ ਨੇ ਕਿਹਾ ਕਿ, ਜੇ ਫੌਜ ਨੂੰ ਇਹੀ ਕੰਮ ਸੌਂਪਿਆ ਜਾਂਦਾ ਤਾਂ ਘੱਟੋ ਘੱਟ ਤਿੰਨ ਮਹੀਨੇ ਓਪਰੇਸ਼ਨ ਦੀ ਸਕੀਮ ਤਿਆਰ ਕਰਨ ਨੂੰ ਲੱਗਣੇ ਸਨ। ਜਿਸ ਤੋਂ ਇਹ ਜਾਹਰ ਹੁੰਦਾ ਹੈ ਕਿ, ਪੰਜਾਬ ਵਿਚਲੀ ਸਿੱਖ ਫੌਜ ਦੀ ਸੈਂਟਰਲ ਕਮਾਂਡ ਨੇ ਆਪਣੇ ਹੀ ਕੋਡ ਸਿਗਨਲ ਬਣਾ ਕੇ ਕੰਮ ਆਰੰਭ ਦਿੱਤਾ ਹੈ। ਸਿਗਨਲ ਤੇ ਸਾਈਫਰ ਅਫਸਰ ਭਾਰਤੀ ਫੌਜ ਦੇ ਰੀਟਾਇਰਡ ਅਫਸਰ ਲਾ ਦਿੱਤੇ ਹਨ।

ਮੇਜਰ ਜਨਰਲ ਸੁਬੇਗ ਸਿੰਘ 1971 ਦੀ ਬੰਗਲਾ ਦੇਸ਼ ਦੀ ਲੜਾਈ ਸਮੇਂ ਬੰਗਲਾ ਦੇਸ਼ ਦੀ ਫੌਜ 'ਮੁਕਤੀ ਬਾਹਨੀ' ਦਾ ਇਨਚਾਰਜ ਸੀ। ਜਨਰਲ ਸੁਬੇਗ ਸਿੰਘ ਇਕ ਵਧੀਆ ਟਰੇਂਡ ਕਰਨ ਵਾਲਾ ਅਫਸਰ ਗਿਣਿਆ ਜਾਂਦਾ ਹੈ। ਉਸ ਦੀ ਗੁਰੀਲਾ ਵਾਰਫੇਅਰ ਦੀ



Digitized by Panjab Digital Library | www.panjabdigilib.org

ਟਰੇਨਿੰਗ ਮਸ਼ਹੂਰ ਹੈ ।

ਇਸ ਸੈਂਟਰਲ ਕਮਾਂਡ ਪਾਸ 2500 ਚੰਗੀ ਤਰ੍ਹਾਂ ਟਰੇਂਡ ਜਵਾਨ ਹਨ। 37 ਰੇਲ੍ਵੇ ਸਟੇਸ਼ਨਾਂ ਨੂੰ ਉਡਾਉਣ ਲਈ ਇਨ੍ਹਾਂ ਵਿਚੋਂ ਸਿਰਫ 300 ਹੀ ਵਰਤੇ ਗਏ ਸਨ। ਭਾਰਤੀ ਫੌਜ ਦੇ ਇਕ ਉਚ ਅਫਸਰ ਨੇ ਕਿਹਾ ਕਿ, ਇਸ ਤਰ੍ਹਾਂ ਦੇ ਉਪਰੇਸ਼ਨ ਲਈ ਘੱਟੋ ਘੱਟ ਇਤਨੇ ਜਵਾਨ ਵਰਤਣੇ ਜ਼ਰੂਰੀ ਹਨ ।

ਸਟੇਨਗੰਨਾਂ ਤੇ ਰੀਵਾਲਵਰਾਂ ਨਾਲ ਲੈਸ ਜਵਾਨ ਬੜੇ ਤਕੜੇ ਨਿਸ਼ਾਨਚੀ ਹਨ। ਦਿੱਲੀ ਵਿਚ ਪੁਲਿਸ ਹੈਡਕੁਆਟਰ ਤੋਂ 5 ਮਿੰਟਾਂ ਦੀ ਦੂਰੀ ਤੇ ਦਿੱਲੀ ਦੇ ਸਿੱਖ ਲੀਡਰ ਸ. ਮਨਚੰਦਾ ਨੂੰ ਚਲਦੀ ਕਾਰ ਵਿਚ ਗੋਲੀ ਮਾਰ ਕੇ ਮਾਰ ਦੇਣਾ, ਖਾਸ ਕਰਕੇ ਉਦੋਂ, ਜਦੋਂ ਇਹ ਜਵਾਨ ਆਪ ਵੀ ਦੂਸਰੇ ਪਾਸੇ ਨੂੰ ਜਾ ਰਹੀ ਕਾਰ ਵਿਚ ਸਵਾਰ ਸਨ। ਇਹ ਗੱਲ ਸਿੱਧ ਕਰਦੀ ਹੈ ਕਿ, ਇਨ੍ਹਾਂ ਦੀ ਦਾਗੀ ਗੋਲੀ ਖਾਲੀ ਨਹੀਂ ਜਾਂਦੀ ।

ਇਸ ਫੌਜ ਦੇ ਗੁਰੀਲਾ ਦਸਤੇ ਕੈਨੇਡਾ ਅਮਰੀਕਾ ਤੇ ਇੰਗਲੈਂਡ ਵਿਚ ਸਿੱਖ - ਵਿਰੋਧੀ ਅਨਸਰ ਨੂੰ ਸੋਧਣ ਲਈ ਤਾਇਨਾਤ ਕਰ ਦਿੱਤੇ ਹਨ। ਇਕ ਸਿੱਖ ਲੀਡਰ ਨੇ ਦੱਸਿਆ ਕਿ, ਵਿਦੇਸ਼ਾਂ ਵਿਚ ਮਹਾਸ਼ਾ ਲੋਕਾਂ ਦੀ ਮਕਾਰੀ ਹੈ ਕਿ ਉਹ ਆਪ ਚੁੱਪ ਹਨ ਤੇ ਸਿੱਖਾਂ ਜਾਂ ਪੰਜਾਬ ਦੇ ਗੈਰ ਸਿੱਖਾਂ ਨੂੰ ਬੇਵਕੂਫ ਬਣਾ ਕੇ ਲੜਾਉਣ ਦੀ ਕੋਸ਼ਿਸ਼ ਵਿਚ ਹਨ ਤੇ ਸਿੱਖ ਛਾਪਾਮਾਰ ਆਪਣੀ ਲੜਾਈ ਗੈਰ ਸਿੱਖਾਂ ਨਾਲ ਨਹੀਂ, ਸਗੋਂ ਹਿੰਦ ਸਰਕਾਰ ਜਾਂ ਮਹਾਸ਼ਾ ਲੋਕਾਂ ਨਾਲ ਸਮਝਦੇ ਹਨ ।

— • —

ਇਸ ਨਾਲ ਸਰਕਾਰ ਡਰ ਗਈ ਤੇ ਤੁਰੰਤ ਫੌਜ ਨੂੰ ਕੂਚ ਦਾ ਹੁਕਮ ਦੇ ਦਿੱਤਾ। ਫੌਜ ਪਹਿਲਾਂ ਹੀ ਆਪਣੀ ਤਿਆਰੀ ਮੁਕੰਮਲ ਕਰ ਚੁੱਕੀ ਸੀ । ਰਾਤ ਦਿਨ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ ਦੇਹਰਾਦੂਨ ਦੇ ਨੇੜੇ ਪਹਾੜੀਆਂ ਵਿਚ ਖੁਫੀਆ ਢੰਗ ਨਾਲ ਮਸ਼ਕਾਂ ਹੋ ਰਹੀਆਂ ਸਨ ।

## ਭਿੰਡਰਾਂ ਦੇ ਬੋਲਬਾਲੇ:

ਹੁਣ ਤੱਕ ਸੰਤ ਭਿੰਡਰਾਂ ਦੇ ਹਰ ਥਾਂ ਬੋਲਬਾਲੇ ਸਨ ਤੇ ਬਲਵੰਤ ਸਿੰਘ ਹੀਰੋ ਤੋਂ ਜ਼ੀਰੋ ਬਣ ਚੁੱਕਾ ਸੀ । ਲੌਂਗੋਵਾਲ ਦਾ ਜਵਾਲ ਸ਼ੁਰੂ ਹੋ ਚੁੱਕਾ ਸੀ। ਦੇਖੋ 'ਇੰਡੋ - ਕਨੇਡੀਅਨ ਟਾਇਮਜ਼' ਵਿਚ ਛਪੀ ਖਬਰ:

### ਸੰਤ ਭਿੰਡਰਾਂ ਦੇ ਬੋਲਬਾਲੇ

### ਬਲਵੰਤ ਸਿੰਘ 'ਹੀਰੋ' ਤੋਂ ਜ਼ੀਰੋ' ਬਣ ਕੇ ਰਹਿ ਗਿਆ!

ਇਹਨੀਂ ਦਿਨੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਮਾਹੌਲ ਬਹੁਤ ਖਿਚਾਅ ਭਰਿਆ ਹੈ। ਦਰਸ਼ਨ ਕਰਨ ਲਈ ਦੇਸਾਂ ਪ੍ਰਦੇਸ਼ਾਂ 'ਚੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਪ੍ਰਤੀ ਦਿਨ ਹਜ਼ਾਰਾਂ ਦੀ ਸੰਖਿਆ ਤੋਂ ਘਟ ਕੇ ਸੈਂਕੜਿਆਂ ਤੱਕ ਸੀਮਤ ਹੋ ਗਈ ਹੈ ਕਿਉਂਕਿ ਦਰਬਾਰ ਸਾਹਿਬ ਦੇ ਇਹਾਤੇ ਵਿਚ ਹੋਏ ਉਪਰੋਥਲੀ ਕਈ ਕਤਲਾਂ ਪਿੱਛੋਂ ਬਾਹਰੋਂ ਆਉਣ ਵਾਲੇ ਲੋਕੀਂ ਸਹਿਮ ਗਏ ਹਨ ਤੇ ਸਮਝਦੇ ਹਨ ਕਿ, ਇਥੇ ਆਉਣਾ ਖਤਰੇ ਤੋਂ ਖਾਲੀ ਨਹੀਂ।

ਸ੍ਰੀ ਦਰਬਾਰ ਸਾਹਿਬ ਦੇ ਇਹਾਤੇ ਅਤੇ ਚਾਰ ਚੁਫੇਰੇ ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਕੈਂਪ ਦੇ ਸ਼ਸ਼ਤਰਧਾਰੀ ਕਮਾਂਡੋ ਦਸਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਦੇ ਤੇ ਘੁੰਮਦੇ



Digitized by Panjab Digital Library | www.panjabdigilib.org

ਫਿਰਦੇ ਆਮ ਦਿਖਾਈ ਦਿੰਦੇ ਹਨ। ਇਹ ਮਰਜੀਵੜੇ ਪਹਿਰਾਵੇ ਤੋਂ ਹੀ ਪਛਾਣੇ ਜਾਂਦੇ ਹਨ ਕਿ, ਕਿਹੜਾ ਕਿਸ ਕੈਂਪ ਨਾਲ ਸੰਬੰਧਿਤ ਹੈ। ਸੰਤ ਭਿੰਡਰਾਂਵਾਲੇ ਦੇ ਜੁਝਾਰ ਯੋਧਿਆਂ ਨੇ ਨੀਲੇ, ਚਿੱਟੇ ਜਾਂ ਕਾਲੇ ਰੰਗ ਦੇ ਲੰਮੇ ਚੋਲੇ ਪਹਿਨੇ ਹੋਏ ਹਨ। ਉਹ ਅੰਮ੍ਰਿਤਧਾਰੀ, ਪੰਜ ਕਕਾਰੀ ਤੇ ਖੁੱਲ੍ਹੀ ਦਾਹੜੀ ਵਾਲੇ ਹਨ। ਉਨ੍ਹਾਂ ਗੋਡਿਆਂ ਤੱਕ ਨੀਵੇਂ ਕਛਹਿਰੇ ਪਹਿਨੇ ਹੋਏ ਹਨ ਤੇ ਬਾਕੀ ਲੱਤਾਂ ਨੰਗੀਆਂ ਹਨ ਕਿਉਂਕਿ ਉਨ੍ਹਾਂ ਲਈ ਪਜਾਮਾ ਕੋਟ ਜਾਂ ਜੈਕਟ ਆਦਿ ਪਹਿਨਣਾ ਵਿਵਰਜਿਤ ਹੈ। ਅੱਜਕੱਲ੍ਹ ਉਨ੍ਹਾਂ ਨੇ ਵੱਖਰੀ ਪਛਾਣ ਵਾਸਤੇ ਸੰਤ - ਸਟਾਈਲ ਕੇਸਰੀ ਦਸਤਾਰਾਂ ਸਜਾਈਆਂ ਹੋਈਆਂ ਹਨ।

ਸੰਤ ਲੌਂਗੋਵਾਲ ਦੇ ਸਿਪਾਹੀਆਂ ਦੀ ਕੋਈ ਨਿਸਚਿਤ ਯੂਨੀਫਾਰਮ ਨਹੀਂ। ਉਨ੍ਹਾਂ ਵਿਚੋਂ ਬਹੁਤਿਆਂ ਨੇ ਖੁੱਲ੍ਹੇ ਡੁੱਲ੍ਹੇ ਕੁੜਤੇ ਪਜਾਮੇ ਪਹਿਨੇ ਹੋਏ ਹਨ, ਰੰਗ ਬਿਰੰਗੀਆਂ ਪੱਗਾਂ ਬੰਨ੍ਹੀਆਂ ਹੋਈਆਂ ਹਨ। ਉਨ੍ਹਾਂ ਦੀਆਂ ਦਾੜ੍ਹੀਆਂ ਆਮ ਤੌਰ ਤੇ ਕੱਟੀਆਂ, ਵੱਢੀਆਂ, ਬੰਨ੍ਹੀਆਂ ਜਾਂ ਰੰਗੀਆਂ ਹੋਈਆਂ ਹਨ। ਉਹ ਜੱਟ ਸਟਾਈਲ ਪੱਗਾਂ ਵਾਲੇ 'ਮਲਵਈ' ਨਜ਼ਰ ਆਉਂਦੇ ਹਨ। ਸੰਤ ਭਿੰਡਰਾਂ ਦੇ ਮੁਹਾਫਿਜ਼ ਦਸਤੇ ਗਿਣਤੀ ਪੱਖੋਂ ਤੇ ਮਾਡਰਨ ਹਥਿਆਰਾਂ ਕਰਕੇ ਵੀ ਸੰਤ ਲੌਂਗੋਵਾਲ ਦੇ 'ਰੱਖਿਆ ਦਲ' ਉਤੇ ਭਾਰੂ ਵਿਖਾਈ ਦਿੰਦੇ ਹਨ। ਇਉਂ ਜਾਪਦਾ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਅਤੇ ਮੰਜੀ ਸਾਹਿਬ ਦੀ ਸਟੇਜ ਤੇ ਸੰਤ ਭਿੰਡਰਾਂਵਾਲੇ ਦੇ ਸਮਰਥਕਾਂ ਨੇ ਮੁਕੰਮਲ ਕਬਜ਼ਾ ਕਰ ਲਿਆ ਹੈ ਅਤੇ ਸੰਤ ਲੌਂਗੋਵਾਲ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਮਾਯੂਸੀ ਦੀ ਹਾਲਤ ਵਿਚ ਦਿਨਕਟੀ ਕਰ ਰਹੇ ਹਨ।

## ਸੰਤ ਲੌਂਗੋਵਾਲ ਦਾ ਜ਼ਵਾਲ

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨੇਤਰਤਵ ਦਾ ਜਵਾਲ ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਦੂਜੇ ਦਿਨ ਉਸ ਵਕਤ ਸ਼ੁਰੂ ਹੋ ਗਿਆ, ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨਿੱਜੀ ਸਹਾਇਕ ਭਾਈ ਰਛਪਾਲ ਸਿੰਘ ਨੇ 15.4.84 ਨੂੰ ਪ੍ਰੈਸ ਕਾਨਫਰੰਸ ਵਿਚ ਇਹ ਇਲਜ਼ਾਮ ਲਾਇਆ ਕਿ, ਸੋਢੀ ਦਾ ਕਤਲ ਸੰਤ ਭਿੰਡਰਾਂਵਾਲੇ ਦੇ ਕਤਲ ਕਰਨ ਲਈ ਰਚੀ ਗਈ ਸਾਜਿਸ਼ ਦਾ ਹੀ ਹਿੱਸਾ ਹੈ, ਜਿਸ ਵਿਚ ਅਕਾਲੀ ਦਲ ਤੇ ਸਰਕਾਰ ਦੋਨੋਂ ਸ਼ਾਮਲ ਹਨ। ਭਾਈ ਰਛਪਾਲ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਜ਼ਿਸ਼ ਵਿਚ ਸ਼ਰੀਕ ਸੁਰਿੰਦਰ 'ਛਿੰਦਾ', ਜਿਸ ਵਕਤ ਸੰਤ ਜਰਨੈਲ ਸਿੰਘ ਨੂੰ ਗੋਲੀ ਮਾਰਨ ਵਿਚ ਸਫਲ ਨਾ ਹੋ ਸਕਿਆ ਤਾਂ ਉਸ ਨੇ ਸੁਰਿੰਦਰ ਸੋਢੀ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾ ਦਿੱਤਾ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਸੰਤ ਭਿੰਡਰਾਂਵਾਲੇ ਨੂੰ ਕਤਲ ਕਰਾਉਣ ਲਈ ਰਚੀ ਗਈ ਅਕਾਲੀ - ਸਰਕਾਰ ਸਾਜ਼ਿਸ਼ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਦਫਤਰ ਸਕੱਤਰ ਸ. ਗੁਰਚਰਨ ਸਿੰਘ ਦਾ ਸਿੱਧਾ ਹੱਥ ਹੈ। ਭਾਈ ਸਾਹਿਬ ਨੇ ਸਬੂਤ ਵਜੋਂ ਕਤਲ ਸੁਰਿੰਦਰ ਸਿੰਘ ਛਿੰਦੇ ਦੀ ਸਾਥਣ ਬਲਜੀਤ ਕੌਰ ਦੀ ਟੇਪ ਕੀਤੀ ਹੋਈ ਆਵਾਜ਼ ਸੁਣਾਈ, ਜਿਸ ਮੁਤਾਬਿਕ ਬੀਬੀ ਜੀ ਨੇ ਜੁਰਮ ਇਕਬਾਲ ਕੀਤਾ ਸੀ ਤੇ ਸਾਜ਼ਿਸ਼ ਵਿਚ ਸ਼ਾਮਲ ਕਈ ਵਿਅਕਤੀਆਂ ਦੇ ਨਾਂ ਲਏ ਸਨ। ਜਿਨ੍ਹਾਂ ਵਿਚ ਦੋ ਅਕਾਲੀ ਆਗੂਆਂ ਸ. ਗੁਰਚਰਨ ਸਿੰਘ (ਲੌਂਗੋਵਾਲ ਦਲ) ਤੇ ਸ. ਮਲਕ ਸਿੰਘ ਭਾਟੀਆ (ਤਲਵੰਡੀ) ਦਾ ਨਾਂ ਵੀ ਸੀ।

ਸੰਤ ਭਿੰਡਰਾਂਵਾਲੇ ਕੈਂਪ ਵਲੋਂ ਲੌਂਗੋਵਾਲ ਕੈਂਪ ਉਤੇ ਕੀਤੇ ਗਏ ਇਸ ਹਮਲੇ ਦਾ ਮੂੰਹ ਤੋੜ ਉਤਰ ਦੇਣ ਲਈ ਜਵਾਬੀ ਹਮਲਾ ਕਰਨ ਦੀ ਥਾਂ ਸੰਤ ਲੌਂਗੋਵਾਲ ਨੇ ਬਚਾਓ ਦੀ ਨੀਤੀ ਗ੍ਰਹਿਣ ਕੀਤੀ। ਸੰਤ ਲੌਂਗੋਵਾਲ ਨੇ ਪੰਜ ਮੈਂਬਰੀ ਪੜਤਾਲ ਕਮੇਟੀ ਬਣਾ ਕੇ ਉਸ ਦੇ ਜ਼ਿੰਮੇ ਇਹ ਕੰਮ ਸੌਂਪਿਆ, ਕਿ ਉਹ ਇਸ ਗੱਲ ਦੀ ਖੋਜ ਕਰੇ ਕਿ, ਸੋਢੀ ਦਾ ਕਤਲ ਕਿਹਨਾਂ ਹਾਲਤਾਂ ਵਿਚ ਹੋਇਆ ਹੈ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਮੁਲਾਕਾਤ ਕਰਕੇ



Digitized by Panjab Digital Library | www.panjabdigilib.org

ਉਨ੍ਹਾਂ ਦੀਆਂ ਗਲਤ ਫਹਿਮੀਆਂ ਦੂਰ ਕਰੇ। ਪੰਜ ਮੈਂਬਰੀ ਕਮੇਟੀ ਨੇ ਸੰਤ ਭਿੰਡਰਾਂਵਾਲੇ ਨਾਲ ਮੁਲਾਕਾਤ ਕੀਤੀ ਤਾਂ ਸੰਤਾਂ ਨੇ ਇਸ ਕਮੇਟੀ ਰਾਹੀਂ ਸੰਤ ਲੌਂਗੋਵਾਲ ਨੂੰ ਗਿਆਰਾਂ ਨੁਕਾਤੀ ਸਵਾਲਨਾਮਾ ਭੇਜ ਦਿੱਤਾ, ਜਿਸ ਦਾ ਤਸੱਲੀਬਖਸ਼ ਜਵਾਬ ਸੰਤ ਲੌਂਗੋਵਾਲ ਦੇ ਨਾ ਸਕੇ। ਦੋ ਮੁਲਾਕਾਤਾਂ ਪਿੱਛੋਂ ਸੰਤ ਭਿੰਡਰਾਂਵਾਲੇ ਨੇ ਕਮੇਟੀ ਮੈਂਬਰਾਂ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ।

ਪੰਜ ਮੈਂਬਰਾ ਕਮੇਟੀ ਨੇ ਆਪਣੀ ਰੀਪੋਰਟ ਵਿਚ ਦਰਬਾਰ ਸਾਹਿਬ ਇਹਾਤੇ ਦੀ ਪਵਿੱਤ੍ਰਤਾ ਕਾਇਮ ਰੱਖਣ ਸੰਬੰਧੀ ਕਈ ਸੁਝਾਅ ਦਿੱਤੇ। ਇਸ ਤੋਂ ਇਲਾਵਾ ਕਮੇਟੀਦਾਰਾਂ ਨੇ ਸ. ਗੁਰਚਰਨ ਸਿੰਘ ਨੂੰ ਸੋਢੀ ਦੇ ਕਤਲ ਤੋਂ ਬਰੀ ਕਰਾਰ ਦੇ ਦਿੱਤਾ ਪਰ ਇਸ ਦੇ ਨਾਲ ਹੀ ਸੰਤ ਲੌਂਗੋਵਾਲ ਨੂੰ ਇਹ ਸਿਫਾਰਸ਼ ਕਰ ਦਿੱਤੀ ਕਿ, ਗੁਰਚਰਨ ਸਿੰਘ ਨੂੰ ਨਿਕੰਮੀ ਕਾਰਗੁਜ਼ਾਰੀ ਕਾਰਨ ਸੇਵਾ ਤੋਂ ਮੁਕਤ ਕਰ ਦਿੱਤਾ ਜਾਏ। ਇਸ ਦਾ ਸਾਫ ਮਤਲਬ ਇਹ ਸੀ ਕਿ, ਸੰਤ ਭਿੰਡਰਾਂਵਾਲੇ ਕਿਸੇ ਸੂਰਤ ਵਿਚ ਵੀ ਸ. ਗੁਰਚਰਨ ਸਿੰਘ ਨੂੰ ਮਾਫ ਕਰਨ ਲਈ ਤਿਆਰ ਨਹੀਂ ਸਨ। ਕਮੇਟੀਦਾਰਾਂ ਦੀ ਰੀਪੋਰਟ ਦੇ ਪ੍ਰਤੀਕਰਮ ਵਜੋਂ ਸੰਤ ਭਿੰਡਰਾਂਵਾਲੇ ਨੇ ਇਹ ਕਿਹਾ ਕਿ, ਬੇਸ਼ਕ ਗੁਰਚਰਨ ਸਿੰਘ ਸੁਰਿੰਦਰ ਸੋਢੀ ਦਾ ਕਾਤਲ ਨਾ ਹੋਵੇ, ਪਰ ਉਹ 'ਸਾਡਾ ਕਾਤਲ' ਹੈ।

ਸੰਤ ਭਿੰਡਰਾਂਵਾਲੇ ਦਾ ਇਹ ਖਿਆਲ ਠੀਕ ਸੀ ਕਿਉਂਕਿ ਗੁਰਚਰਨ ਸਿੰਘ ਨੇ ਭਿੰਡਰਾਂਵਾਲੇ ਨੂੰ ਸਿਆਸੀ ਤੌਰ ਤੇ ਖਤਮ ਕਰਨ ਲਈ ਸਿਆਸੀ ਪੱਧਰ ਤੇ ਟੱਕਰ ਲਈ ਸੀ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਕਾਬਲੇ ਤੇ ਸ਼੍ਰੋਮਣੀ ਅਕਾਲੀ ਦਲ ਦਾ ਯੂਥ ਵਿੰਗ ਜਥੇਬੰਦ ਕੀਤਾ ਸੀ। ਜਿਸ ਦੇ ਪ੍ਰਧਾਨ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਹਨ ਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਨੂੰ ਸੰਭਾਵਿਤ ਹਥਿਆਰਬੰਦ ਹਮਲੇ ਦੀ ਮਾਰ ਤੋਂ ਬਚਾਉਣ ਲਈ ਇਕ ਸ਼ਸਤਰਧਾਰੀ 'ਕਮਾਂਡੋ ਦਸਤਾ' ਵੀ ਕਾਇਮ ਕੀਤਾ ਸੀ। ਸੰਤ ਭਿੰਡਰਾਂਵਾਲੇ ਭਾਵੇਂ ਗੁਰਚਰਨ ਸਿੰਘ ਦੇ ਇਸ ਜੁਰਮ ਦੀ ਸਜ਼ਾ ਮੌਤ ਸੁਣਾ ਦਿੰਦੇ ਪਰ ਸੰਤ ਲੌਂਗੋਵਾਲ ਦਾ ਫਰਜ਼ ਬਣਦਾ ਸੀ ਕਿ ਉਹ ਆਪਣੇ ਫਰਜ਼ਸ਼ਨਾਸ ਵਫਾਦਾਰ ਸੇਵਕ ਦੀਆਂ ਸੇਵਾਵਾਂ ਦੀ ਕਦਰ ਕਰਦੇ। ਜੇ ਉਸ ਨੂੰ ਤੋਰਨਾ ਹੀ ਸੀ ਤਾਂ ਸਿਰੋਪਾ ਦੇ ਕੇ ਤੋਰਦੇ। ਲੇਕਿਨ ਸੰਤ ਲੌਂਗੋਵਾਲ ਨੇ ਕਮੇਟੀਦਾਰਾਂ ਦੇ ਆਖੇ ਲੱਗ ਕੇ ਗੁਰਚਰਨ ਸਿੰਘ ਨੂੰ ਅਣਕੀਤੇ ਗੁਨਾਹ ਦੀ ਸਜ਼ਾ ਸੁਣਾ ਦਿੱਤੀ ਤੇ 'ਭੈੜੀ ਕਾਰਗੁਜ਼ਾਰੀ' ਦੀ ਤੁਹਮਤ ਠੀਕ ਮੰਨ ਕੇ ਉਸ ਨੂੰ ਕੁਰਬਾਨੀ ਦਾ ਬੱਕਰਾ ਬਣਾ ਦਿੱਤਾ।

## ਉਹ ਦਿਨ ਵੀ ਸੀ:

ਜਦ ਸੱਚਖੰਡ ਵਾਸੀ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਭੋਗ ਸਮੇਂ ਮੰਜੀ ਸਾਹਿਬ ਹਾਲ ਅੰਮ੍ਰਿਤਸਰ ਦੇ ਭਰੇ ਦੀਵਾਨ ਵਿਚ ਸੰਤ ਲੌਂਗੋਵਾਲ ਨੇ ਸੰਤ ਭਿੰਡਰਾਂਵਾਲੇ ਵਲੋਂ ਪੇਸ਼ ਕੀਤੀ ਗਈ 'ਪੰਥਕ ਏਕਤਾ' ਦੀ ਤਜਵੀਜ਼ ਠੁਕਰਾ ਦਿੱਤੀ ਸੀ, ਜਦ ਵੱਖੋ ਵੱਖਰੇ ਅਕਾਲੀ ਦਲ ਤੋੜ ਕੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਇਕੱਠੇ ਹੋ ਜਾਣ ਤੋਂ ਇਨਕਾਰ ਕਰ ਦਿੱਤਾ ਸੀ, ਜਦ ਸੰਤ ਭਿੰਡਰਾਂਵਾਲੇ ਨੂੰ 'ਸੰਤ ਮਹਿਤਾ ਚੌਂਕ ਵਾਲਾ' ਕਹਿ ਕੇ ਉਨ੍ਹਾਂ ਦੇ ਵਿਚਾਰਾਂ ਦੀ ਵਿਰੋਧਤਾ ਕੀਤੀ ਸੀ ਤੇ ਜਦ ਸੰਗਤ ਪਾਸੋਂ ਭਿੰਡਰਾਂ ਦੇ ਪੰਥ - ਹਿਤੈਸ਼ੀ ਸੁਝਾਅ ਦੇ ਖਿਲਾਫ ਹੱਥ ਖੜ੍ਹੇ ਕਰਵਾ ਕੇ ਸੰਤ ਭਿੰਡਰਾਂਵਾਲੇ ਨੂੰ ਸਟੇਜ ਛੱਡ ਕੇ ਚਲੇ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ। ਸੰਤ ਲੌਂਗੋਵਾਲ ਨੇ ਆਪਣੇ ਭਾਸ਼ਨ ਵਿਚ ਦੱਸਿਆ ਸੀ ਕਿ ਉਨ੍ਹਾਂ ਦਾ ਦਲ 20 ਲੱਖ ਦੀ ਗਿਣਤੀ ਵਾਲਾ ਹੈ ਜਦ ਕਿ ਦੂਜੇ ਅਕਾਲੀ ਦਲ ਬਹੁਤ ਛੋਟੇ ਤੇ ਨਾਮ ਮਾਤਰ ਹੀ ਹਨ।



Digitized by Panjab Digital Library | www.panjabdigilib.org

## ਇਹ ਦਿਨ ਵੀ ਹੈ:

ਜਦ ਸੰਤ ਲੌਂਗੋਵਾਲ ਫੁਰਮਾ ਰਹੇ ਹਨ ਕਿ "ਮੈਂ ਕਦੇ ਸੰਤ ਭਿੰਡਰਾਂਵਾਲੇ ਦੀ ਵਿਰੋਧਤਾ ਨਹੀਂ ਕੀਤੀ .... ਪੰਥਕ ਏਕਤਾ ਲਈ ਮੈਂ ਅਸਤੀਫਾ ਦੇਣ ਲਈ ਤਿਆਰ ਹਾਂ।"

... ਜਦ 27.4.84 ਨੂੰ ਸੰਤ ਲੌਂਗੋਵਾਲ ਨੂੰ ਆਪੇ ਸੱਦੀ ਮੀਟਿੰਗ ਵਿਚ 'ਬਹੁਤ ਵੱਡੀ ਬਗਾਵਤ' ਦਾ ਸਾਹਮਣਾ ਕਰਨਾ ਪਿਆ।

... ਜਦ 150 ਦੇ ਲੱਗਭੱਗ ਸਰਗਰਮ ਅਕਾਲੀ ਵਰਕਰ ਮੀਟਿੰਗ ਵਿਚੋਂ ਉਠ ਕੇ ਲੌਂਗੋਵਾਲ - ਵਿਰੋਧੀ ਨਾਹਰੇ ਲਾਉਂਦੇ ਭਿੰਡਰਾਂਵਾਲੇ ਦੇ ਕੈਂਪ ਵਿਚ ਜਾ ਵੜੇ।

... ਅਗਲੇ ਦਿਨ ਸੰਤ ਲੌਂਗੋਵਾਲ ਸਫਾਈ ਪੇਸ਼ ਕਰਦਿਆਂ ਕਹਿਣ ਲੱਗੇ ਕਿ, ਉਨ੍ਹਾਂ ਨੂੰ ਇਸ ਹੋਣੀ ਦਾ ਪਹਿਲਾਂ ਹੀ ਪਤਾ ਸੀ, ਉਨ੍ਹਾਂ ਨੂੰ ਛੱਡ ਕੇ ਚਲੇ ਜਾਣ ਵਾਲੇ ਸਾਰੇ ਵਰਕਰ ਤਲਵੰਡੀ ਦਲ ਦੇ ਸਨ। ਜੇ ਇਹ ਠੀਕ ਸੀ ਤਾਂ ਸੰਤ ਲੌਂਗੋਵਾਲ ਨੇ ਤਲਵੰਡੀ ਦਲ ਦੇ ਮੈਂਬਰਾਂ ਨੂੰ ਮੀਟਿੰਗ ਵਿਚ ਆਉਣ ਤੋਂ ਪਹਿਲਾਂ ਹੀ ਕਿਉਂ ਨਾ ਰੋਕ ਦਿੱਤਾ?

... ਇਹ ਠੀਕ ਹੈ ਕਿ ਬਗ਼ਾਵਤ ਦਾ ਪ੍ਰਦਰਸ਼ਨ ਕਰਨ ਵਾਲੇ ਅਕਾਲੀ ਵਰਕਰਾਂ ਵਿਚ ਬਹੁਤੇ ਤਲਵੰਡੀ ਦਲੀਏ ਹੋਣਗੇ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਤ ਦਲ ਦੇ ਆਮ ਵਰਕਰ ਵੀ ਸੰਤ ਲੌਂਗੋਵਾਲ ਦੇ ਸ਼ਾਂਤਮਈ ਮਾਰਗ ਦਰਸ਼ਨ ਤੋਂ ਮਾਯੂਸ ਹੋ ਚੁੱਕੇ ਹਨ, ਜਿਸ ਦਾ ਅੱਜ ਤੱਕ ਕੋਈ ਨਤੀਜਾ ਨਹੀਂ ਨਿਕਲ ਸਕਿਆ। ਅਕਾਲੀ ਵਰਕਰ ਹੁਣ ਅਜਿਹੇ ਜੰਗਜੂ ਜਰਨੈਲ ਦੀ ਭਾਲ ਵਿਚ ਹਨ, ਜੋ ਉਨ੍ਹਾਂ ਦੀ ਠੀਕ ਅਗਵਾਈ ਕਰਕੇ 'ਧਰਮ ਯੁੱਧ' ਮੋਰਚਾ ਜਿੱਤ ਕੇ ਦਿਖਾ ਸਕੇ। ਇਹਨੀਂ ਦਿਨੀਂ ਸਰਕਾਰੀ ਜ਼ੁਲਮੋ ਜ਼ਬਰ ਦੇ ਝੁੱਲਦੇ ਝੱਖੜ ਵਿਚ ਉਨ੍ਹਾਂ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਬਿਨਾਂ ਹੋਰ ਕੋਈ ਚਾਨਣ ਮੁਨਾਰਾ ਦਿਖਾਈ ਨਹੀਂ ਦੇ ਰਿਹਾ।

ਸੰਤ ਲੌਂਗੋਵਾਲ ਦੇ ਦੋ ਵਫਾਦਾਰ ਅਕਾਲੀ ਲੀਡਰ ਸ. ਰਣਜੀਤ ਸਿੰਘ ਬ੍ਰਹਮਪੁਰਾ ਸਾਬਕਾ ਐਮ. ਐਲ. ਏ. ਤੇ ਪ੍ਰਧਾਨ ਜ਼ਿਲ੍ਹਾ ਅਕਾਲੀ ਜਥਾ ਦਿਹਾਤੀ (ਅੰਮ੍ਰਿਤਸਰ) ਤੇ ਸ. ਜਗਦੇਵ ਸਿੰਘ ਖੁੱਡੀਆਂ ਸਾਬਕ ਚੇਅਰਮੈਨ ਪੰਜਾਬ ਖੇਤੀਬਾੜੀ ਮੰਡੀਕਰਨ ਬੋਰਡ ਸੰਤ ਭਿੰਡਰਾਂਵਾਲੇ ਦੀ ਸ਼ਰਨ ਵਿਚ ਜਾ ਚੁੱਕੇ ਹਨ। ਜੇ ਸੰਤ ਲੌਂਗੋਵਾਲ ਨੇ ਗੁਰਚਰਨ ਸਿੰਘ ਨੂੰ ਆਪਣੇ ਹੱਥੀਂ 'ਕਤਲ' ਕਰਨ ਦੀ ਬੁਜ਼ਦਿਲੀ ਦਾ ਪਸਚਾਤਾਪ ਨਾ ਕੀਤਾ ਤਾਂ ਉਨ੍ਹਾਂ ਦੇ ਹੋਰ ਬਹੁਤ ਸਾਰੇ ਵਫਾਦਾਰ ਸਿਪਾਹੀ ਉਨ੍ਹਾਂ ਦਾ ਸਾਥ ਛੱਡ ਕੇ ਦੂਜੇ ਕੈਂਪ ਵਿਚ ਚਲੇ ਜਾਣਗੇ। ਕਿਉਂਕਿ ਅਣਖ ਤੇ ਗ਼ੈਰਤ ਵਾਲੇ ਲੋਕ 'ਮਾੜੇ' ਆਦਮੀਆਂ ਦੀ ਬਰਾਤੇ ਜਾਣ ਨਾਲੋਂ 'ਤਕੜੇ' ਆਦਮੀ ਨਾਲ ਮਕਾਣੇ ਜਾਣਾ ਫ਼ਖਰ ਸਮਝਦੇ ਹਨ।



Digitized by Panjab Digital Library | www.panjabdigilib.org

# ਦਰਬਾਰ ਸਾਹਿਬ 'ਤੇ ਹਮਲਾ

3 ਜੂਨ ਨੂੰ ਭਾਰਤੀ ਫੌਜ ਨੇ ਇੰਦਰਾ ਦੀ ਸਲਾਹ ਨਾਲ ਗਿਆਨੀ ਜ਼ੈਲ ਸਿੰਘ ਤੋਂ ਹੁਕਮ ਲੈ ਕੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਅਤੇ ਹਜ਼ਾਰਾਂ ਸਿੱਖਾਂ ਨੂੰ ਕਤਲੇਆਮ ਕਰ ਦੇਣ ਦੇ ਰੋਸ ਵਜੋਂ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਿਚ ਹਜ਼ਾਰਾਂ ਸਿੱਖਾਂ ਨੇ ਭਾਰਤੀ ਸਰਕਾਰ ਦੇ ਸਫਾਰਤਖਾਨੇ ਘੇਰ ਲਏ। ਹੇਠ ਲਿਖੇ ਨਾਹਰੇ ਅਸਮਾਨ ਵਿਚ ਗੂੰਜਣ ਲੱਗੇ:

"ਇੰਦਰਾ ਡੈਨ, ਜੈਲੂ ਕੁੱਤਾ, ਦਰਬਾਰੂ ਕੁੱਤਾ"
"ਇੰਦਰਾ ਦੇ ਜੁੱਤੀ ਚੱਟ - ਮੁਰਦਾਬਾਦ!"
"ਖਾਲਿਸਤਾਨ - ਜ਼ਿੰਦਾਬਾਦ!"

ਵੈਨਕੂਵਰ ਵਿਚ ਪੰਜਾਬੀ ਮਾਰਕਿਟ ਵਿਚ ਤਕਰੀਬਨ ਸਾਰੀਆਂ ਭਾਰਤੀ ਦੁਕਾਨਾਂ ਬੰਦ ਰਹੀਆਂ। ਗੈਰ ਸਿੱਖਾਂ ਨੇ ਰੋਸ ਵਜੋਂ ਦੁਕਾਨਾਂ ਬੰਦ ਕਰ ਦਿੱਤੀਆਂ। ਕਈਆਂ ਨੇ ਵਧੇਰੇ ਗਾਹਕ ਸਿੱਖ ਹੋਣ ਕਰਕੇ ਸਟੋਰ ਬੰਦ ਕੀਤੇ ਤੇ ਕਈਆਂ ਨੇ ਦੁਕਾਨਾਂ ਤਾਂ ਬੰਦ ਕਰ ਦਿੱਤੀਆਂ ਪਰ ਨਾਲ ਹੀ ਕਹਿ ਦਿੱਤਾ ਕਿ, ਜੇ ਪੁਲਿਸ ਦੀ ਕਾਰ ਇਥੇ ਖੜ੍ਹੀ ਹੋਵੇ ਤਾਂ ਅਸੀਂ ਦੁਕਾਨਾਂ ਖੋਲ੍ਹਾਂਗੇ। ਭਾਵ ਉਨ੍ਹਾਂ ਨੂੰ ਇਸ ਕਤਲੇਆਮ ਨਾਲ ਕੋਈ ਹਮਦਰਦੀ ਨਹੀਂ ਸੀ। ਕਈ ਸਟੋਰਾਂ ਵਾਲਿਆਂ ਨੇ ਲੱਡੂ ਵੰਡੇ ਤੇ ਵਧਾਈਆਂ ਦਿੱਤੀਆਂ। ਟਰਾਂਟੋ ਤੇ ਇੰਗਲੈਂਡ ਵਿਚ ਕੁਝ ਹਿੰਦੂ ਸਟੋਰਾਂ ਤੇ ਹਮਲੇ ਵੀ ਹੋਏ।

## ਮਹਾਸ਼ਾ ਸਰਕਾਰ ਭੈਅਭੀਤ
## ਵੀਜ਼ਾ ਠੋਕ ਦਿੱਤਾ!

ਪੰਜਾਬ ਵਿਚ 3 ਲੱਖ ਫੌਜ ਦੁਆਰਾ ਜੋ ਤਬਾਹੀ ਮਹਾਸ਼ਾ ਹਿੰਦ ਸਰਕਾਰ ਨੇ ਮਚਾਈ ਹੈ, ਉਸ ਦਾ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਵਲੋਂ ਹੋਇਆ ਪ੍ਰਤੀਕਰਮ ਦੇਖ ਕੇ ਹਿੰਦ ਸਰਕਾਰ ਭੈਅ ਭੀਤ ਹੋ ਗਈ। ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਤੇ, ਜਿਨ੍ਹਾਂ ਵਿਦੇਸ਼ੀ ਨਾਗਰਿਕਤਾ ਅਖਤਿਆਰ ਕਰ ਲਈ ਸੀ, ਉਪਰ ਵੀਜ਼ੇ ਠੋਕ ਦਿੱਤੇ। ਨਾਲ ਹੀ ਹਿੰਦ ਸਰਕਾਰ ਦੇ ਕਰਮਚਾਰੀਆਂ ਦੇ ਸਰਕਾਰੀ ਦੌਰੇ ਵਿਦੇਸ਼ਾਂ ਵਿਚ ਬੰਦ ਕਰ ਦਿੱਤੇ।

ਭਾਵੇਂ ਇਹ ਐਲਾਨ ਕੀਤਾ ਗਿਆ ਕਿ ਵੀਜ਼ਾ 24 ਘੰਟਿਆਂ ਦੇ ਵਿਚ ਵਿਚ ਦੇ ਦਿੱਤਾ ਜਾਏਗਾ ਪਰ ਇਹ ਤਾਂ ਲੋਕਾਂ ਦਾ ਜੋਸ਼ ਠੰਡਾ ਕਰਨ ਲਈ ਚਾਣਕੀਆ ਨੀਤੀ ਸੀ। ਪਰ ਵੀਜ਼ਾ ਮਿਲਣਾ ਦੁਸ਼ਵਾਰ ਨਜ਼ਰ ਆ ਰਿਹਾ ਸੀ।

3 ਲੱਖ ਭਾਰਤੀ ਫੌਜ ਨੂੰ 29 ਮਈ 1984 ਨੂੰ ਹਿੰਦੁਸਤਾਨ ਦੇ ਵੱਖ ਵੱਖ ਹਿੱਸਿਆਂ ਤੋਂ ਅੰਮ੍ਰਿਤਸਰ ਪੁੱਜਣ ਲਈ ਹੁਕਮ ਦੇ ਦਿੱਤਾ ਗਿਆ।

2 ਜੂਨ 1984 ਨੂੰ ਸਵੇਰੇ ਪਰਧਾਨ ਮੰਤਰੀ ਮਿਸਜ਼ ਇੰਦਰਾ ਗਾਂਧੀ ਨੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਆਸਾਮ ਦੇ ਦੌਰੇ ਤੋਂ ਵਾਪਸ ਸੱਦ ਲਿਆ ਤੇ 100 ਮਿੰਟ ਤੱਕ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਹਰਿਮੰਦਰ ਸਾਹਿਬ ਤੇ ਹਮਲਾ ਕਰਨ ਲਈ ਹੁਕਮ ਤੇ ਦਸਖਤ



Digitized by Panjab Digital Library | www.panjabdigilib.org

ਕਰਾ ਲਏ ।

2 ਜੂਨ ਨੂੰ ਹੀ ਆਲ ਇੰਡੀਆ ਰੇਡੀਓ ਤੇ ਮਿਸਜ਼ ਗਾਂਧੀ ਨੇ ਭਾਸ਼ਨ ਦਿੱਤਾ ਕਿ, ਪੰਜਾਬ ਵਿਚ ਹਾਲਾਤ ਬਹੁਤ ਗੰਭੀਰ ਸ਼ਕਲ ਅਖਤਿਆਰ ਕਰ ਗਏ ਹਨ । ਪਿਛਲੇ ਦੋ ਮਹੀਨਿਆਂ ਵਿਚ ਜੋ ਦੁਖਾਂਤਕ ਘਟਨਾਵਾਂ ਪੰਜਾਬ ਵਿਚ ਹੋਈਆਂ ਹਨ, ਉਸ ਲਈ ਸਾਰਾ ਦੇਸ਼ ਚਿੰਤਾਤੁਰ ਹੈ । ਸਰਕਾਰ ਅਕਾਲੀਆਂ ਦੀਆਂ ਜਾਇਜ਼ ਮੰਗਾਂ ਮੰਨਣ ਲਈ ਤਿਆਰ ਸੀ । ਬਦਕਿਸਮਤੀ ਨਾਲ ਲੀਡਰਾਂ ਉਤੇ ਕਾਤਲਾਂ ਅਤੇ ਲੁਟੇਰਿਆਂ ਨੇ ਗਲਬਾ ਪਾ ਰੱਖਿਆ ਹੈ। ਧਾਰਾ 25 ਪਹਿਲੀਆਂ ਮੰਗਾਂ ਵਿਚ ਨਹੀਂ ਸੀ ਪਰ ਅਸੀਂ ਇਸ ਬਾਰੇ ਵੀ ਵਿਚਾਰ ਕਰਨ ਦੀ ਸੋਚੀ ਸੀ । ਕੇਂਦਰ ਪ੍ਰਾਂਤਾਂ ਦੇ ਸੰਬੰਧਾਂ ਲਈ ਕਮਿਸ਼ਨ ਮੁਕਰਰ ਹੈ । ਅਕਾਲੀ ਦਲ ਵੀ ਆਪਣਾ ਕੇਸ ਪੇਸ਼ ਕਰ ਸਕਦਾ ਹੈ । ਪਾਣੀਆਂ ਬਾਰੇ ਕਮਿਸ਼ਨ ਬਿਠਾਇਆ ਜਾਣਾ ਮੰਨ ਲਿਆ ਹੈ ਤੇ ਰਾਵੀ ਬਿਆਸ ਦੇ ਪਾਣੀਆਂ ਦਾ ਮਸਲਾ ਸੁਪਰੀਮ ਕੋਰਟ ਦੇ ਹਵਾਲੇ ਕਰ ਦਿੱਤਾ ਜਾਏ । ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਏ ਜੋ ਪੰਜਾਬ ਵਿਚਲੇ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦੇ ਦਿੱਤੇ ਜਾਣ । ਮੂਵਮੈਂਟ ਹੁਣ ਅਤਿਵਾਦੀਆਂ ਤੇ ਲੁਟੇਰਿਆਂ ਦੇ ਹੱਥ ਹੈ । ਇਨ੍ਹਾਂ ਹਾਲਤਾਂ ਵਿਚ ਵੀ ਅਸੀਂ ਅਕਾਲੀਆਂ ਨਾਲ ਗੱਲਬਾਤ ਜਾਰੀ ਰੱਖੀ । ਜਦੋਂ ਵੀ ਹੱਲ ਨੇੜੇ ਆਇਆ, ਅਕਾਲੀਆਂ ਨੇ ਨਵੀਆਂ ਮੰਗਾਂ ਰੱਖ ਦਿੱਤੀਆਂ । ਜੇ ਪਿਛਲੀਆਂ ਗੱਲਾਂ ਵਿਚ ਕੋਈ ਕਮੀ ਰਹਿ ਗਈ ਹੈ ਤਾਂ ਬੈਠ ਕੇ ਗੱਲ ਕੀਤੀ ਜਾ ਸਕਦੀ ਹੈ ।

ਸਿੱਖ ਚਾਹੇ ਪੰਜਾਬ ਵਿਚ ਹਨ, ਦੂਜੇ ਪ੍ਰਾਂਤਾਂ ਵਿਚ ਜਾਂ ਵਿਦੇਸ਼ਾਂ ਵਿਚ, ਮੈਂ ਉਨ੍ਹਾਂ ਲਈ ਸਪੈਸ਼ਲ ਸ਼ਬਦ ਕਹਿੰਦੀ ਹਾਂ, ਕਿ ਭਾਰਤ ਹਿੰਦੂ, ਮੁਸਲਿਮ, ਈਸਾਈ, ਸਿੱਖਾਂ, ਜੈਨੀ, ਬੋਧੀਆਂ ਤੇ ਦੂਸਰੇ ਸਭ ਦਾ ਹੈ । ਸਿੱਖ ਗੁਰੂਆਂ ਦਾ ਫਲਸਫਾ ਇਕ ਦੂਜੇ ਨੂੰ ਨੇੜੇ ਲਿਆਉਣਾ ਹੈ ਪਹਿਲਾਂ ਹੀ ਬਹੁਤ ਖ਼ੂਨ ਵਹਿ ਚੁੱਕਾ ਹੈ । ਹੁਣ ਗੁੱਸਾ ਦਿਖਾਉਣ ਦਾ ਸਮਾਂ ਨਹੀਂ ।

ਆਓ, ਸਾਰੇ ਇਕੱਠੇ ਹੋ ਕੇ ਜ਼ਖਮਾਂ ਨੂੰ ਭਰੀਏ! ਪੰਜਾਬ ਵਿਚ ਅਮਨ ਕਾਇਮ ਕਰੀਏ! ਨਫਰਤ ਉਠਾਈਏ ।

## ਪਰਧਾਨ ਮੰਤਰੀ ਦਾ ਭਾਸ਼ਨ ਝੂਠਾ, ਸਿੱਖਾਂ ਨੂੰ ਆਪਣਾ ਪੱਖ ਦੱਸਣ ਦਿਓ!

ਸੰਤ ਲੌਂਗੋਵਾਲ ਨੇ ਪਰਧਾਨ ਮੰਤਰੀ ਦੇ ਭਾਸ਼ਨ ਦੀ ਪੂਰੀ ਤਰ੍ਹਾਂ ਨਿਖੇਧੀ ਕਰਦਿਆਂ ਕਿਹਾ ਕਿ, ਇਕ - ਤਰਫਾ ਤੇ ਝੂਠਾ ਬਿਆਨ ਹੈ । ਗੱਲਬਾਤ ਅਕਾਲੀਆਂ ਨੇ ਨਹੀਂ, ਸਰਕਾਰ ਨੇ ਤੋੜੀ ਹੈ । ਉਨ੍ਹਾਂ ਕਿਹਾ ਕਿ, ਇਹ ਭਾਸ਼ਨ ਪੂਰੀ ਤਰ੍ਹਾਂ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਪੱਖ ਦੱਸਣ ਲਈ ਸਾਨੂੰ ਵੀ ਉਤਨਾ ਹੀ ਸਮਾਂ ਰੇਡੀਓ ਤੇ ਮਿਲਣਾ ਚਾਹੀਦਾ ਹੈ ।

## ਧਰਮ ਯੁੱਧ ਜਾਰੀ ਰਹੇਗਾ:

ਸੰਤ ਲੌਂਗੋਵਾਲ ਨੇ ਕਿਹਾ ਕਿ, ਪੰਜਾਬ ਨੂੰ ਫੌਜ ਦੇ ਹਵਾਲੇ ਕਰਨ ਦੇ ਬਾਵਜੂਦ ਵੀ ਮੋਰਚਾ ਜਾਰੀ ਰਹੇਗਾ ।

## ਪੰਜਾਬ ਫੌਜ ਅਧੀਨ:

2 ਜੂਨ ਨੂੰ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਗਿਆ । ਵੈਸਟਰਨ ਕਮਾਂਡ ਦੇ ਚੀਫ



Digitized by Panjab Digital Library | www.panjabdigilib.org

ਆਫ ਸਟਾਫ ਲੈਫਟੀਨੈਂਟ ਜਨਰਲ ਰਣਜੀਤ ਸਿੰਘ ਦਿਆਲ ਨੂੰ ਗਵਰਨਰ ਦਾ ਸਕਿਊਰਿਟੀ ਐਡਵਾਈਜ਼ਰ ਬਣਾ ਦਿੱਤਾ ਗਿਆ ਹੈ। ਹੁਕਮ ਦਿੱਤਾ ਕਿ, ਦੋ ਮਹੀਨੇ ਲਈ ਪੰਜਾਬ ਫੌਜ ਦੇ ਅਧੀਨ ਕਰ ਦਿੱਤਾ ਜਾਏਗਾ।

## ਸਿੱਖਾਂ ਦੇ ਕਤਲੇਆਮ ਦੀ ਤਿਆਰੀ: ਪੰਜਾਬ ਦੁਨੀਆਂ ਨਾਲੋਂ ਕੱਟ ਦਿੱਤਾ!

ਹਿੰਦ ਸਰਕਾਰ ਅਕਾਲੀਆਂ ਵਲੋਂ 3 ਜੂਨ ਤੋਂ ਬਗਾਵਤ ਕਰ ਦੇਣ ਦੀ ਕਾਰਵਾਈ ਤੋਂ ਇਤਨੀ ਭੈਅਭੀਤ ਹੋਈ ਕਿ, ਉਨ੍ਹਾਂ 2 ਜੂਨ ਨੂੰ ਹੀ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਅਤੇ ਪੰਜਾਬ ਵਿਚ ਕਰਫੀਊ ਠੋਕ ਦਿੱਤਾ। ਪੰਜਾਬ ਵਿਚੋਂ ਸਾਰੇ ਵਿਦੇਸ਼ੀ ਨਾਮਾਨਿਗਾਰ ਤੇ ਵਿਦੇਸ਼ੀ ਸ਼ਹਿਰੀਆਂ ਨੂੰ ਨਿਕਲ ਜਾਣ ਦਾ ਹੁਕਮ ਦੇ ਦਿੱਤਾ ਗਿਆ। ਪੰਜਾਬ ਦੀਆਂ ਸਾਰੀਆਂ ਅਖਬਾਰਾਂ ਬੰਦ ਕਰ ਦਿੱਤੀਆਂ ਗਈਆਂ। ਪੰਜਾਬ ਦੇ ਟੈਲੀਫੂਨ ਆਦਿ ਸਭ ਬੰਦ ਕਰ ਦਿੱਤੇ ਗਏ ਪੰਜਾਬ ਤੋਂ ਬਾਹਰ ਦੇ ਲੋਕਾਂ ਨੂੰ ਬਿਲਕੁਲ ਕੁਝ ਪਤਾ ਨਹੀਂ ਸੀ ਕਿ, ਪੰਜਾਬ ਵਿਚ ਕੀ ਹੋ ਰਿਹਾ ਹੈ।

## ਹਰਿਮੰਦਰ ਸਾਹਿਬ ਤੇ ਹਮਲਾ:

ਪੰਜਾਬ ਵਿਚ 3 ਲੱਖ ਫੌਜ ਭਾਰਤੀ ਸਰਕਾਰ ਨੇ ਭੇਜੀ ਸੀ। ਭਰੋਸੇ ਯੋਗ ਸੂਤਰਾਂ ਤੋਂ ਪਤਾ ਲਗਦਾ ਹੈ ਕਿ, ਹਰਿਮੰਦਰ ਸਾਹਿਬ ਤੇ ਹਮਲਾ ਕਰਨ ਦੀ ਸਾਜ਼ਿਸ਼ ਮਿਸਜ਼ ਇੰਦਰਾ ਗਾਂਧੀ ਨੇ 1980 ਵਿਚ ਬਣਾਈ ਸੀ। ਇੰਦਰਾ ਗਾਂਧੀ ਦੀ ਲਾਈ ਹੋਈ ਐਮਰਜੈਂਸੀ ਦਾ ਸਭ ਤੋਂ ਪਹਿਲਾਂ ਵਿਰੋਧ ਅਕਾਲੀਆਂ ਨੇ ਕੀਤਾ ਸੀ ਤੇ ਲਗਾਤਾਰ ਵੋਟਾਂ ਪੈਣ ਤੱਕ ਅਕਾਲੀਆਂ ਨੇ ਸਰਕਾਰ ਦੇ ਖਿਲਾਫ ਮੋਰਚਾ ਲਾਈ ਰੱਖਿਆ ਸੀ। ਜਦ ਮਿਸਜ਼ ਗਾਂਧੀ ਨੇ ਦੁਬਾਰਾ ਜਿੱਤ ਪ੍ਰਾਪਤ ਕੀਤੀ ਤਾਂ ਉਸੇ ਸਮੇਂ ਅਕਾਲੀਆਂ ਦਾ ਲੱਕ ਤੋੜ ਦੇਣ ਦਾ ਫੈਸਲਾ ਕਰ ਲਿਆ ਸੀ। ਮਿਸਜ਼ ਗਾਂਧੀ ਦਾ ਖਿਆਲ ਹੈ ਕਿ, ਅਕਾਲੀਆਂ ਤੋਂ ਗੁਰਦਵਾਰੇ ਖੋਹ ਲਏ ਜਾਣ। ਉਦੋਂ ਦੀ ਹੀ ਮਿਸਜ਼ ਗਾਂਧੀ ਇਸ ਤਰ੍ਹਾਂ ਦੇ ਹਾਲਾਤ ਬਣਾਈ ਜਾ ਰਹੀ ਸੀ, ਜਿਸ ਅਧੀਨ ਉਹ ਗੁਰਦਵਾਰਿਆਂ ਤੇ ਹਮਲਾ ਕਰਕੇ ਅਕਾਲੀਆਂ ਤੋਂ ਗੁਰਦਵਾਰੇ ਖੋਹ ਕੇ ਮਹੰਤਾਂ ਦੇ ਕਬਜ਼ੇ ਵਿਚ ਦੇ ਕੇ ਸਰਕਾਰ ਦੇ ਹੱਕ ਵਿਚ ਇਨ੍ਹਾਂ ਸਟੇਜਾਂ ਤੋਂ ਪ੍ਰਚਾਰ ਕਰਾ ਸਕੇ।

ਅਕਾਲੀ ਮੋਰਚੇ ਸਮੇਂ ਇਹ ਬਹਾਨਾ ਇੰਦਰਾ ਗਾਂਧੀ ਨੇ ਲੱਭ ਲਿਆ ਜਦ ਸੀ. ਬੀ. ਆਈ. ਤੇ ਪੁਲਿਸ ਦੇ ਕਰਮਚਾਰੀਆਂ ਤੋਂ ਪੰਜਾਬ ਵਿਚ ਹਿੰਦੂਆਂ ਦੇ ਕਤਲ ਕਰਾ ਕੇ ਸਿੱਖ ਆਜ਼ਾਦੀ ਦੇ ਘੁਲਾਟੀਆਂ ਦੇ ਸਿਰ ਮੜ੍ਹ ਕੇ ਅਤਿਵਾਦੀਆਂ ਦਾ ਫਤਵਾ ਦੇ ਦਿੱਤਾ।

## ਚਾਣਕੀਆ ਨੀਤੀ:

ਸਨਿਚਰਵਾਰ, 2 ਜੂਨ ਨੂੰ ਜਦ ਮਿਸਜ਼ ਗਾਂਧੀ ਰੇਡੀਓ ਤੇ ਅਕਾਲੀਆਂ ਤੇ ਦੋਸ਼ ਲਾ ਕੇ ਮਗਰਮੱਛ ਦੇ ਹੰਝੂ ਕੇਰ ਕੇ ਚਾਣਕੀਆ ਨੀਤੀ ਵਰਤ ਰਹੀ ਸੀ ਤਾਂ ਦੂਸਰੇ ਪਾਸੇ ਉਸ ਦੀ ਭੇਜੀ ਹੋਈ ਫੌਜ ਨੇ ਸਾਰਾ ਪੰਜਾਬ ਘੇਰ ਲਿਆ ਸੀ। ਪੰਜਾਬ ਦੇ ਨਿੱਕੇ ਨਿੱਕੇ ਪਿੰਡਾਂ, ਇਥੋਂ ਤੱਕ ਕਿ ਖੂਹਾਂ ਤੇ ਬਾਹਰ ਵੀ ਫੌਜ ਨੇ ਪਹਿਰਾ ਲਾ ਦਿੱਤਾ ਸੀ। ਕੋਈ ਸਾਈਕਲ, ਗੱਡਾ ਆਦਿ ਤੱਕ ਵੀ ਸੜਕ ਤੇ ਨਹੀਂ ਜਾ ਸਕਦਾ ਸੀ।



Digitized by Panjab Digital Library / www.panjabdigilib.org

## ਸ਼ਹੀਦੀ ਦਿਨ:

3 ਜੂਨ ਨੂੰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ ਸੀ। ਫੌਜ ਦੀ ਭਾਰੀ ਨਫਰੀ ਦੇ ਬਾਵਜੂਦ ਵੀ ਸੰਗਤਾਂ ਹੁੰਮ ਹੁੰਮਾ ਕੇ ਦਰਬਾਰ ਸਾਹਿਬ ਵਿਚ ਪੁੱਜੀਆਂ ਤੇ ਸ਼ਹੀਦੀ ਦਿਨ ਮਨਾਉਣ ਵਿਚ ਸ਼ਾਮਲ ਹੋਈਆਂ। ਸੰਗਤਾਂ ਦੀ ਨਫਰੀ ਦਾ ਅੰਦਾਜ਼ਾ ਵੱਖ ਵੱਖ ਲਾਇਆ ਗਿਆ ਹੈ। ਮਨਜੀਤ ਸਿੰਘ ਖੈਹਰਾ, ਐਡਵੋਕੇਟ ਸ਼੍ਰੋਮਣੀ ਅਕਾਲੀ ਦਲ ਦੇ ਬਿਆਨ ਅਨੁਸਾਰ ਹਮਲੇ ਵਿਚ ਸ਼ਾਮਲ ਇਕ ਸਿੱਖ ਅਫਸਰ ਨੇ ਦੱਸਿਆ ਕਿ 9 ਹਜ਼ਾਰ ਦੇ ਕਰੀਬ ਜੋੜੇ ਸੰਗਤਾਂ ਦੇ ਜੋੜਾ - ਘਰ ਵਿਚ ਪਏ ਹਨ। ਇਸ ਤੋਂ ਇਲਾਵਾ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ ਤੇ ਹੋਰ ਰਿਹਾਇਸ਼ੀ ਮਕਾਨਾਂ ਵਿਚ ਘੱਟੋ ਘੱਟ 7-8 ਹਜ਼ਾਰ ਲੋਕ ਹੋਣਗੇ। ਸੋ 15-16 ਹਜ਼ਾਰ ਦੇ ਕਰੀਬ ਸੰਗਤਾਂ ਉਸ ਦਿਨ ਉਥੇ ਹਾਜ਼ਰ ਸਨ, ਜੋ ਸ਼ਾਮ ਦੇ ਅਚਾਨਕ ਹਮਲੇ ਕਾਰਨ ਅੰਦਰ ਹੀ ਘਿਰ ਗਈਆਂ ਸਨ।

ਅੰਮ੍ਰਿਤਸਰ ਵਿਚ ਤਿੰਨ ਡਵੀਜ਼ਨ ਫੌਜਾਂ ਤਾਇਨਾਤ ਸਨ। ਹਿੰਦੂ ਪਰਵਾਰ ਫੌਜ ਨੂੰ ਜੀ ਆਇਆਂ ਕਹਿ ਰਹੇ ਸਨ ਤੇ ਮਠਿਆਈਆਂ ਵੰਡ ਰਹੇ ਸਨ। ਦੂਸਰੇ ਪਾਸੇ ਸਿੱਖ ਘਰਾਂ ਅੰਦਰ ਤਾੜੇ ਹੋਏ ਦੰਦ ਕਰੀਚ ਰਹੇ ਸਨ।

ਇਕ ਡਵੀਜ਼ਨ ਦੀ ਨਫਰੀ ਨਾਲ ਜਨਰਲ ਬਰਾੜ ਦੀ ਕਮਾਂਡ ਹੇਠ 3 ਜੂਨ ਦੀ ਸਵੇਰ ਨੂੰ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੇ ਕੋਲ ਇਕ ਉਚੇ ਮਕਾਨ ਦੀ ਛੱਤ ਤੇ ਓਵਜ਼ਰਵੇਸ਼ਨ ਪੋਸਟ ਤਾਇਨਾਤ ਕਰ ਦਿੱਤੀ ਗਈ। ਜਿਥੇ ਜਨਰਲ ਦਿਆਲ, ਜਨਰਲ ਸੁੰਦਰ ਜੀ ਤੇ ਜਨਰਲ ਬਰਾੜ ਨੇ ਬੈਠ ਕੇ ਦੂਰਬੀਨਾਂ ਨਾਲ ਸਾਰੀ ਸਥਿਤੀ ਦਾ ਜਾਇਜ਼ਾ ਲਿਆ। ਪਤਾ ਲਾਉਣ ਲਈ ਕਿ, ਦਰਬਾਰ ਸਾਹਿਬ ਇਹਾਤੇ ਵਿਚ ਕਿੱਥੇ ਤੇ ਕਿੰਨੇ ਹਥਿਆਰ ਹਨ, ਸੀ. ਆਰ. ਪੀ. ਤੋਂ ਦਰਬਾਰ ਸਾਹਿਬ ਨੇੜੇ ਬ੍ਰਹਮ ਬੂਟਾ ਦੀ ਇਮਾਰਤ ਤੋਂ ਧੂੰਆਂਧਾਰ ਗੋਲੀ ਚਲਵਾ ਦਿੱਤੀ। ਅੰਦਰੋਂ ਵੀ ਇਸ ਫਾਇਰਿੰਗ ਦਾ ਉਤਰ ਬੜਾ ਜ਼ਬਰਦਸਤ ਦਿੱਤਾ ਗਿਆ। ਫੌਜ ਨੇ ਪਤਾ ਕਰਨਾ ਸੀ ਕਿ, ਕਿਹੜਾ ਕਿਹੜਾ ਹਥਿਆਰ ਕਿੱਥੇ ਕਿੱਥੇ ਹੈ। ਇਹ ਮੁਕਾਬਲਾ ਦੋ - ਤਰਫਾ ਤਾਂ ਹੈ ਨਹੀਂ ਸੀ। ਫੌਜ ਦੇ ਮੁਕਾਬਲੇ ਤੇ 251 ਬੰਦਿਆਂ ਦਾ ਜਥਾ ਸੀ। ਕੋਈ 15-20 ਬਬਰ ਸਨ, ਜੋ ਅਕਾਲੀ ਲੀਡਰਾਂ ਦੀ ਤੂਤੀ ਤੇ ਨੱਚਦੇ ਰਹੇ ਸਨ, ਜਿਨ੍ਹਾਂ ਸੰਤ ਭਿੰਡਰਾਂ ਨੂੰ ਕਈ ਵਾਰ ਕਤਲ ਕਰਨ ਦੀ ਅਸਫਲ ਕੋਸ਼ਿਸ਼ ਕੀਤੀ ਸੀ ਤੇ ਪਿੱਛੋਂ ਇਸ਼ਤਿਹਾਰਾਂ ਤੇ ਮੰਜੀ ਸਾਹਿਬ ਦੀਵਾਨ ਵਿਚੋਂ ਸੰਤਾਂ ਦੇ ਖਿਲਾਫ ਅਕਾਲੀਆਂ ਨਾਲ ਰਲ ਕੇ ਪ੍ਰਾਪੇਗੰਡਾ ਕਰਦੇ ਰਹੇ ਸਨ। ਇਨ੍ਹਾਂ ਤੇ ਹਮਲਾ ਕਰਕੇ ਕੁਚਲਣ ਤੇ ਦਰਬਾਰ ਸਾਹਿਬ ਨੂੰ ਖੰਡਰਾਤ ਬਣਾਉਣ ਲਈ ਤਿੰਨ ਲੱਖ ਫੌਜ ਪੰਜਾਬ ਤੇ ਚਾੜ੍ਹਨੀ ਪਈ ਸੀ।

3 ਜੂਨ ਦੀ ਰਾਤ ਨੂੰ ਸਰੋਵਰ ਵਿਚ ਪਾਣੀ ਜਾਣ ਵਾਲੇ ਰਸਤੇ ਵਿੱਚੀਂ ਭਾਰਤੀ ਨੇਵੀ ਦੇ ਗੋਤਾਖੋਰ ਕਮਾਂਡੋ ਕਾਲੇ ਸੂਟਾਂ ਵਿਚ ਹਥਿਆਰਾਂ ਨਾਲ ਲੈਸ ਸਰੋਵਰ ਵਿਚ ਗਏ ਤਾਂਕਿ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰਕੇ ਸੰਤ ਭਿੰਡਰਾਂ ਨੂੰ ਜਿਉਂਦਿਆਂ ਫੜਿਆ ਜਾਏ। ਤਿੰਨ ਵੇਰਾਂ ਰਾਤ ਦੇ ਹਨੇਰੇ ਵਿਚ ਕਮਾਂਡੋਜ਼ ਨੇ ਰੇਡ ਕੀਤਾ। ਤਿੰਨੇ ਹਮਲੇ ਅੰਦਰੋਂ ਸਿੰਘਾਂ ਨੇ ਸਾਰੇ ਦੇ ਸਾਰੇ ਹਮਲਾਵਰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਪਸਮਾ ਦਿੱਤੇ। ਭਾਰਤੀ ਨੇਵੀ ਦੇ ਇਹ ਗੋਤਾਖੋਰ ਸਪੈਸ਼ਲ ਹਵਾਈ ਜਹਾਜ਼ਾਂ ਰਾਹੀਂ ਬੰਬਈ ਤੋਂ ਅੰਮ੍ਰਿਤਸਰ ਲਿਆਂਦੇ ਗਏ ਸਨ।

## ਘਮਸਾਨ ਦਾ ਯੁੱਧ:

ਗੋਤਾਖੋਰਾਂ ਦੀਆਂ ਤਰਦੀਆਂ ਲਾਸ਼ਾਂ ਨੇ ਸਰੋਵਰ ਦਾ ਪਾਣੀ ਲਾਲ ਕਰ ਦਿੱਤਾ 4 ਜੂਨ ਨੂੰ ਸੂਰਜ ਜਦ ਚੜ੍ਹਿਆ ਤਾਂ ਤਿੰਨੇ ਕਮਾਂਡਰ ਸਰੋਵਰ ਦਾ ਪਾਣੀ ਲਾਲ ਹੋਇਆ ਦੇਖ



Digitized by Panjab Digital Library | www.panjabdigilib.org

ਕੇ ਘਬਰਾ ਉਠੇ। ਉਨ੍ਹਾਂ ਹਰਿਮੰਦਰ ਸਾਹਿਬ ਦੀ ਕੰਧ ਬਰੂਦ ਨਾਲ ਉਡਾ ਕੇ ਅੰਦਰ ਫੌਜ ਭੇਜਣ ਦਾ ਮਨਸੂਬਾ ਬਣਾਇਆ ਪਰ ਭਾਰਤੀ ਫੌਜ ਦੇ ਸਾਰੇ ਸਿਪਾਹੀ ਸਿੰਘਾਂ ਨੇ ਫਿਰ ਗੋਲੀਆਂ ਨਾਲ ਉਡਾ ਦਿੱਤੇ। ਤਕਰੀਬਨ ਸਾਰਾ ਦਿਨ ਹੀ ਦੋਹਾਂ ਪਾਸਿਆਂ ਤੋਂ ਭਾਰੀ ਗੋਲਾਬਾਰੀ ਹੁੰਦੀ ਰਹੀ।

ਭਾਰਤੀ ਫੌਜ ਨੇ ਬ੍ਰਹਮ ਬੂਟੇ ਤੇ ਚੜ੍ਹ ਕੇ ਉੱਚੀ ਬਿਲਡਿੰਗ ਦਾ ਸਹਾਰਾ ਲੈ ਕੇ ਦਰਬਾਰ ਸਾਹਿਬ ਦੇ ਅੰਦਰ ਗੋਲਾਬਾਰੀ ਕੀਤੀ ਪਰ ਅੰਦਰੋਂ ਜਦੋਂ ਐਮ. ਐਮ. ਜੀ. ਤੇ ਮਾਰਟਰਾਂ ਦੇ ਫਾਇਰ ਆਏ ਤਾਂ ਭਾਰਤੀ ਫੌਜ ਸਿਰਾਂ ਤੇ ਪੈਰ ਰੱਖ ਕੇ ਉਥੋਂ ਨੱਠ ਤੁਰੀ।

5 ਜੂਨ ਸਾਰਾ ਦਿਨ ਹਰਿਮੰਦਰ ਸਾਹਿਬ ਦੇ ਚਾਰੇ ਪਾਸਿਆਂ ਤੋਂ ਭਾਰਤੀ ਫੌਜ ਅੱਗ ਵਰ੍ਹਾਉਂਦੀ ਰਹੀ ਪਰ ਅੰਦਰੋਂ ਸਿੰਘਾਂ ਨੇ ਉਹ ਧੂੰਆਂਧਾਰ ਗੋਲਾਬਾਰੀ ਕੀਤੀ ਕਿ, ਫੌਜ ਨੇ ਜਿਤਨੀ ਵਾਰ ਵੀ ਹਮਲੇ ਕੀਤੇ, ਉਤਨੀ ਵਾਰ ਹੀ ਭਾਰੀ ਨੁਕਸਾਨ ਉਠਾ ਕੇ ਵਾਪਸ ਆਉਣਾ ਪਿਆ।

## ਅੰਮ੍ਰਿਤਸਰ ਵੱਲ ਵਹੀਰਾਂ:

ਪਿੰਡਾਂ ਵਿਚੋਂ ਫੌਜ ਤੇ ਕਰਫੀਊ ਦੀ ਪ੍ਰਵਾਹ ਨਾ ਕਰਦੇ ਹੋਏ ਸਿੱਖਾਂ ਨੇ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਦਿੱਤੀਆਂ। ਅੱਗੇ ਥਾਉਂ ਥਾਈਂ ਹਰ ਮੁਖ ਥਾਂ ਤੇ ਫੌਜ ਨੇ ਰਾਹ ਘੇਰੇ ਹੋਏ ਸਨ। ਫੌਜ ਸਿੰਘਾਂ ਨੂੰ ਘੇਰ ਕੇ ਕੈਦੀ ਬਣਾਉਂਦੀ ਰਹੀ। ਜੋ ਹੁਕਮ ਦੀ ਤਾਮੀਲ ਨਹੀਂ ਕਰਦਾ ਸੀ, ਉਸ ਨੂੰ ਉਥੇ ਹੀ ਗੋਲੀ ਮਾਰ ਕੇ ਢੇਰੀ ਕਰ ਦਿੱਤਾ ਜਾਂਦਾ ਸੀ।

ਇਕ ਸੂਚਨਾ ਅਨੁਸਾਰ ਬਿਆਸ ਦੇ ਪੁਲ ਦੇ ਇਰਦ ਗਿਰਦ 25 ਹਜ਼ਾਰ ਸਿੰਘ ਇਕੱਤਰ ਹੋ ਗਏ ਸਨ ਪਰ ਭਾਰਤੀ ਫੌਜ ਨੇ ਅੱਗੋਂ ਪੁਲ ਦੀ ਨਾਕਾਬੰਦੀ ਕੀਤੀ ਹੋਈ ਸੀ। ਸਿੰਘਾਂ ਦੇ ਕੋਲ ਉਥੇ ਰੁਕ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਰਿਹਾ ਸੀ। ਕੁਝ ਸਿੰਘਾਂ ਨੇ ਜੋਸ਼ ਵਿਚ ਆ ਕੇ ਫੌਜ ਦੀ ਚੌਕੀ ਤੇ ਹਮਲਾ ਕਰ ਦਿੱਤਾ। ਅੱਗੋਂ ਫੌਜ ਨੇ ਧੂੰਆਂਧਾਰ ਗੋਲੀ ਚਲਾ ਕੇ ਹਜ਼ਾਰਾਂ ਸਿੰਘ ਸ਼ਹੀਦ ਕਰ ਦਿੱਤੇ।

ਅਨੇਕਾਂ ਹੋਰ ਥਾਵਾਂ ਤੇ ਸਿੰਘਾਂ ਦੇ ਜਥੇ ਫੌਜ ਨੇ ਘੇਰ ਕੇ ਕੈਦੀ ਬਣਾ ਲਏ। ਇਸ ਤਰ੍ਹਾਂ ਪੰਜਾਬ ਵਿਚ 75000 ਤੋਂ 100000 ਤੱਕ ਸਿੰਘ, ਜੋ ਅੰਮ੍ਰਿਤਸਰ ਵੱਲ ਵਹੀਰਾਂ ਘੱਤ ਰਹੇ ਸਨ, ਭਾਰਤੀ ਫੌਜ ਨੇ ਕੈਦ ਕਰ ਲਏ ਤੇ ਜੋ ਫੌਜ ਦੀ ਹੁਕਮ ਅਦੂਲੀ ਕਰਦੇ ਸਨ, ਉਹ ਗੋਲੀ ਮਾਰ ਕੇ ਮਾਰ ਦਿੱਤੇ ਜਾਂਦੇ। ਇਨ੍ਹਾਂ ਵਿਚ ਕਿੰਨੇ ਹਜ਼ਾਰ ਸਿੰਘ ਗੋਲੀਆਂ ਨਾਲ ਸ਼ਹੀਦ ਕੀਤੇ, ਕੁਝ ਪਤਾ ਨਹੀਂ। ਫੌਜ ਨੇ ਸਿੰਘ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਵੀ ਖੁਰਦ ਬੁਰਦ ਕਰ ਦਿੱਤੀਆਂ।

5 ਜੂਨ ਦੀ ਰਾਤ ਨੂੰ ਭਾਰਤੀ ਫੌਜ ਨੇ ਤੋਪਾਂ, ਟੈਂਕਾਂ ਤੇ ਟੀ. ਸੀ. ਪੀਆਂ ਦੀ ਸਹਾਇਤਾ ਨਾਲ 16 ਤੋਂ 25 ਹਜ਼ਾਰ ਦੀ ਨਫਰੀ ਨਾਲ ਘੰਟਾ ਘਰ ਦਾ ਗੇਟ ਤੋੜ ਕੇ ਹਮਲਾ ਕਰ ਦਿੱਤਾ। ਅੱਗੋਂ ਸਿੰਘਾਂ ਨੇ ਐਂਟੀ ਟੈਂਕ ਰੌਕਟ ਲੌਂਚਰਾਂ ਨਾਲ ਟੈਂਕਾਂ ਦਾ ਸਵਾਗਤ ਕੀਤਾ ਤੇ ਕਈ ਟੈਂਕ ਨਕਾਰਾ ਕਰ ਦਿੱਤੇ। ਇਕ ਟੈਂਕ ਸਰੋਵਰ ਵਿਚ ਡਿਗ ਪਿਆ। ਭਾਰਤੀ ਫੌਜ ਹਰਿਮੰਦਰ ਸਾਹਿਬ ਦੇ 14 ਏਕੜ ਦੇ ਇਹਾਤੇ ਵਿਚ ਅਤੇ ਚਾਰੇ ਪਾਸੇ ਨਾਲ ਲਗਦੇ ਬਜ਼ਾਰਾਂ ਵਿਚ ਕਾਂਢਿਆਂ ਦੀ ਤਰ੍ਹਾਂ ਫਿਰ ਰਹੀ ਸੀ।

ਭਾਰਤੀ ਫੌਜ ਦੇ ਕਮਾਂਡਰ ਹਮਲੇ ਤੇ ਹਮਲਾ ਕਰਨ ਦੇ ਆਦੇਸ਼ ਦੇਈ ਜਾ ਰਹੇ ਸਨ ਕਿਉਂਕਿ ਉਹ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰ ਲੈਣਾ ਚਾਹੁੰਦੇ ਸਨ। ਸ੍ਰੀ ਅਕਾਲ ਤਖਤ ਸਾਹਿਬ ਤੇ ਸੰਤ ਜਰਨੈਲ ਸਿੰਘ ਖਾਲਸਾ



Digitized by Panjab Digital Library | www.panjabdigilib.org

ਭਿੰਡਰਾਂਵਾਲਿਆਂ ਦਾ ਹੈਡ ਕੁਆਟਰ ਸੀ। ਸਿੰਘ ਹਰ ਹਮਲਾ ਮੋੜ ਰਹੇ ਸਨ। ਭਾਰਤੀ ਫੌਜ ਦੇ ਤੁਖਮ ਉਡਾਏ ਜਾ ਰਹੇ ਸਨ। ਬਿਹਾਰ ਰੈਜਮੈਂਟ ਦਾ ਭਾਰੀ ਜਾਨੀ ਨੁਕਸਾਨ ਹੋਣ ਤੇ ਉਸ ਦੀ ਸਹਾਇਤਾ ਲਈ ਮਾਹਰ ਬਟਾਲੀਅਨ ਭੇਜੀ ਗਈ, ਜਿਸ ਦਾ ਵੀ ਇਹੀ ਹਸ਼ਰ ਹੋਇਆ। ਪ੍ਰਕਰਮਾ ਵਿਚ ਲੋਥਾਂ ਤੇ ਲੋਥਾਂ ਚੜ੍ਹ ਗਈਆਂ। ਹਿਰਖੇ ਹੋਏ ਕਮਾਂਡਰਾਂ ਨੇ ਗੋਰਖਾ ਰੈਜਮੈਂਟ, ਜੋ ਹੱਥੋ ਹੱਥ ਲੜਾਈ ਲੜਨ ਵਿਚ ਮੁਹਾਰਤ ਰੱਖਦੀ ਹੈ, ਭੇਜੀ ਤੇ ਨਾਲ ਹੀ ਬਾਬਾ ਅਟੱਲ ਵੱਲ ਦੀ ਵੀ ਟੈਂਕਾਂ ਤੇ ਤੋਪਾਂ ਨਾਲ ਲੈਸ ਫੌਜ ਵਲੋਂ ਹਮਲਾ ਕੀਤਾ ਗਿਆ। ਸਿੰਘਾਂ ਨੇ ਇਸ ਪਾਸੇ ਦੀ ਫੌਜ ਦੇ ਹਮਲੇ ਦਾ ਵੀ ਮੂੰਹ ਤੋੜ ਉਤਰ ਦਿੱਤਾ।

## ਟੌਹੜਾ ਤੇ ਲੌਂਗੋਵਾਲ ਦਾ ਆਤਮ ਸਮਰਪਨ:

ਬਾਜ਼ਾਰ ਪ੍ਰਾਗਦਾਸ ਵਲੋਂ ਭਾਰੀ ਗਿਣਤੀ ਵਿਚ ਭਾਰਤੀ ਫੌਜ ਨੇ ਬਾਜ਼ਾਰ ਸਰਾਏ ਗੁਰੂ ਰਾਮਦਾਸ ਵਿਚੀਂ ਹਮਲਾ ਕਰਕੇ ਗੁਰੂ ਰਾਮ ਦਾਸ ਸਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਤੇ ਨਾਨਕ ਨਿਵਾਸ ਵੱਲ ਦੀਆਂ ਇਮਾਰਤਾਂ ਤੇ ਹਮਲਾ ਕਰ ਦਿੱਤਾ।

ਉਸੇ ਸਮੇਂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਹੱਥ ਖੜ੍ਹੇ ਕਰਕੇ ਬਾਹਰ ਆ ਗਏ ਤੇ ਆਪਣੇ ਆਪ ਨੂੰ ਫੌਜ ਦੇ ਹਵਾਲੇ ਕਰ ਦਿੱਤਾ।

## ਹਵਾਈ ਜਹਾਜ਼ ਰਾਹੀਂ ਬੰਬਾਰੀ:

ਜਿਉਂ ਜਿਉਂ ਦਿਨ ਚੜ੍ਹਦਾ ਜਾ ਰਿਹਾ ਸੀ, ਭਾਰਤੀ ਫੌਜ ਦੇ ਕਮਾਂਡਰ ਬੌਖਲਾ ਰਹੇ ਸਨ ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਭਾਰਤੀ ਫੌਜ ਦੀਆਂ ਮੌਤਾਂ ਬਹੁਤ ਜ਼ਿਆਦਾ ਹੋਣਗੀਆਂ ਕਿਉਂਕਿ ਸਿੰਘ ਸੀਸ ਤਲੀ ਤੇ ਧਰ ਕੇ ਲੜ ਰਹੇ ਸਨ। ਫੌਜ ਵਿਚ ਘਬਰਾਹਟ ਮਚ ਉਠੀ ਸੀ। ਭਾਰਤੀ ਫੌਜ ਦੇ ਕਮਾਂਡਰਾਂ ਨੇ ਸਿੰਘਾਂ ਦੇ ਵਾਰ ਨੂੰ ਮੱਠਾ ਕਰਨ ਲਈ ਇਕ ਟੈਂਕ ਦੀਆਂ ਹੈਡ ਲਾਈਟਾਂ ਬਾਲ ਕੇ ਸ੍ਰੀ ਅਕਾਲ ਤਖਤ ਵੱਲ ਨੂੰ ਮੂੰਹ ਕਰਕੇ ਖੜ੍ਹਾ ਕਰ ਦਿੱਤਾ ਤਾਂਕਿ ਤੇਜ਼ ਰੋਸ਼ਨੀ ਕਰਕੇ ਸਿੰਘ ਦੇਖ ਨਾ ਸਕਣ ਤੇ ਇਸ ਦੀ ਆੜ ਵਿਚ ਭਾਰਤੀ ਫੌਜ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰ ਲਵੇ। ਪਰ ਸਿੰਘਾਂ ਨੇ ਲੋਅ ਛੱਡਣ ਵਾਲੇ ਗੋਲੇ ਛੱਡ ਦਿੱਤੇ, ਜਿਸ ਕਰਕੇ ਟੈਂਕ ਦੀ ਰੋਸ਼ਨੀ ਦਾ ਕੋਈ ਅਸਰ ਨਾ ਹੋਇਆ।

ਲੜਾਈ ਇਤਨੀ ਭਿਆਨਕ ਰੂਪ ਧਾਰ ਗਈ ਸੀ ਕਿ, ਦਰਸ਼ਨੀ ਡਿਉਢੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਵਾਲੀ ਥਾਂ ਵਿਚ ਲੋਥਾਂ ਤੇ ਲੋਥਾਂ ਚੜ੍ਹ ਗਈਆਂ। ਇਸੇ ਵੇਲੇ ਅਸਮਾਨ ਤੋਂ ਅੱਗ ਵਰ੍ਹਾ ਰਹੇ ਭਾਰਤੀ ਫੌਜ ਦੇ ਹੈਲੀਕਾਪਟਰਾਂ ਨੇ ਸ੍ਰੀ ਅਕਾਲ ਤਖਤ ਤੇ ਬੰਬ ਸੁੱਟਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਅੰਦਰ ਬੜਾ ਧਮਾਕਾ ਹੋਇਆ। ਅੰਦਰ ਗੈਸ ਸੁੱਟਿਆ, ਜੋ ਸਭ ਕੁਝ ਨੂੰ ਲੂਹੀ ਜਾ ਰਿਹਾ ਸੀ। ਅੰਦਰ ਮੋਰਚਿਆਂ ਵਿਚ ਬੈਠੇ ਸਾਰੇ ਸਿੰਘ ਬਾਹਰ ਨਿਕਲ ਕੇ ਹੱਥੋ ਹੱਥ ਦੀ ਲੜਾਈ ਲੜਨ ਲਈ ਸਟੇਨਾਂ, ਪਿਸਤੌਲ ਤੇ ਕ੍ਰਿਪਾਨਾਂ ਧੂਅ ਕੇ ਸ੍ਰੀ ਅਕਾਲ ਤਖਤ ਦੇ ਸਾਹਮਣੇ ਆ ਗਏ ਤੇ ਭਾਰਤੀ ਫੌਜ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ।

## ਸ਼ਹਾਦਤ

6 ਜੂਨ 1984 ਨੂੰ ਸਵੇਰੇ 10:20 ਵਜੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਆਪਣੇ ਮੁੱਠੀ ਭਰ ਬਚਦੇ ਸਾਥੀਆਂ ਸਮੇਤ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਹਰ ਆ ਗਏ ਅਤੇ ਹਰਿਮੰਦਰ ਸਾਹਿਬ ਵੱਲ ਮੂੰਹ ਕਰਕੇ ਸਿਰ ਸ਼ਰਧਾ ਨਾਲ ਝੁਕਾਇਆ ਅਤੇ ਯੁੱਧ ਵਿਚ ਜੂਝ



Digitized by Panjab Digital Library | www.panjabdigilib.org

ਪਏ।

ਉਹ ਲੜ ਰਹੇ ਸਨ ਤੇ ਗਾਅ ਰਹੇ ਸਨ:

"ਮੇਰਾ ਸਿਰ ਜਾਏ ਤਾਂ ਜਾਏ ਪਰ ਸਿੱਖੀ ਸਿਦਕ ਨਾ ਜਾਏ।"

ਇਕ ਇਕ ਸਿੰਘ ਕਟ ਮਰਿਆ ਪਰ ਜਿਊਂਦੇ ਜੀਅ ਹਮਲਾਵਰ ਭਾਰਤੀ ਫੌਜ ਨੂੰ ਗੁਰੂਘਰ ਤੇ ਕਾਬਜ਼ ਨਾ ਹੋਣ ਦਿੱਤਾ।

ਚਮਕੌਰ ਸਾਹਿਬ ਦੀ ਲੜਾਈ ਤੋਂ ਪਿੱਛੋਂ ਸਿੱਖਾਂ ਦੀ ਇਹ ਪਹਿਲੀ ਲੜਾਈ ਸੀ, ਜਦ ਗਿਣਤੀ ਦੇ ਸਿੰਘਾਂ ਤੇ ਹਮਲਾ ਕਰਨ ਲਈ ਕਈ ਲੱਖ ਭਾਰਤੀ ਫੌਜ ਚਾੜ੍ਹੀ ਗਈ ਹੋਵੇ। ਨਿਰਸੰਦੇਹ ਇਸ ਲੜਾਈ ਨੇ ਇਕ ਵੇਰਾਂ ਫਿਰ ਖਾਲਸਾਈ ਸ਼ਾਨ ਅਸਮਾਨ ਤੇ ਚੜ੍ਹਾ ਦਿੱਤੀ।

## ਲਾਸ਼ਾਂ ਦੀ ਨੁਮਾਇਸ਼:

ਭਾਰਤੀ ਫੌਜ 6 ਜੂਨ ਦਾ ਸਾਰਾ ਦਿਨ, ਸਾਰੀ ਰਾਤ ਤੇ 7 ਜੂਨ ਦਾ ਸਾਰਾ ਦਿਨ ਲਾਸ਼ਾਂ ਢੋਂਦੀ ਰਹੀ। 50-50 ਲਾਸ਼ਾਂ ਦਾ ਸੰਸਕਾਰ ਇਕੱਠਾ ਹੀ ਕਰਦੇ ਰਹੇ। ਤੂੜੀ ਵਾਂਗ ਸ਼ਹੀਦਾਂ ਦੀਆਂ ਲਾਸ਼ਾਂ ਟਰੱਕਾਂ ਵਿਚ ਸੁੱਟ ਕੇ ਅਗਨ ਭੇਟ ਕੀਤੀਆਂ ਜਾਂਦੀਆਂ ਰਹੀਆਂ।

7 ਜੂਨ ਸ਼ਾਮ ਨੂੰ ਫੌਜ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ - ਪਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਜਨਰਲ ਸੁਬੇਗ ਸਿੰਘ ਦੀਆਂ ਲਾਸ਼ਾਂ ਦਰਸ਼ਨੀ ਡਿਓੜੀ ਦੇ ਬਾਹਰ ਰੱਖ ਕੇ ਅੰਮ੍ਰਿਤਸਰ ਸ਼ਹਿਰ ਦੇ 'ਪਤਵੰਤੇ ਹਿੰਦੂ ਲੀਡਰ' ਸੱਦੇ, ਤਾਂਕਿ ਲਾਸ਼ਾਂ ਦੇਖ ਕੇ ਆਪਣੀ ਫੌਜ ਦੀ 'ਬਹਾਦਰੀ' ਦੀ ਦਾਦ ਦੇ ਸਕਣ। ਅੰਮ੍ਰਿਤਸਰ ਦੀ ਹਿੰਦੂ ਕਮਿਊਨਿਟੀ ਲੱਡੂ ਵੰਡ ਰਹੀ ਸੀ ਤੇ ਇਕ ਦੂਜੇ ਨੂੰ ਵਧਾਈਆਂ ਦੇ ਰਹੀ ਸੀ।

## ਅਫਵਾਹਾਂ!

ਸੰਤ ਜਰਨੈਲ ਸਿੰਘ ਭਿੰਡਰਾਂ ਦੇ ਇਸ ਘਮਸਾਨ ਦੀ ਲੜਾਈ 'ਚੋਂ ਪੰਜਾਂ ਪਿਆਰਿਆਂ ਦੇ ਹੁਕਮ ਅਨੁਸਾਰ ਬਚ ਕੇ ਨਿਕਲ ਜਾਣ ਦੀਆਂ ਕਈ ਅਫਵਾਹਾਂ ਹਨ, ਜਿਨ੍ਹਾਂ ਬਾਰੇ ਅਜੇ ਤੱਕ ਕੋਈ ਸਬੂਤ ਨਹੀਂ ਮਿਲ ਸਕਿਆ।

ਅੰਮ੍ਰਿਤਸਰ ਵਿਚ ਉਹ ਖੂਨੀ ਘੱਲੂਘਾਰਾ ਹੋਇਆ, ਜਿਸ ਨੂੰ ਸਿੱਖ ਜਗਤ ਤੀਸਰੇ ਘੱਲੂਘਾਰੇ ਦੇ ਨਾਮ ਨਾਲ ਯਾਦ ਕਰਦਾ ਹੈ।



Digitized by Panjab Digital Library | www.panjabdigilib.org

# ਤੋਪ, ਟੈਂਕ, ਗੱਨ, ਰੀਵਾਲਾਵਰ, ਜੋ ਰੱਖ ਸਕਦੇ ਹੋ, ਰੱਖੋ!

ਮੇਰੀ ਤਾਂ ਬੇਨਤੀ ਐ ਅੱਜ ਵਿਸਾਖੀ ਤੇ ਆਏ ਤੁਹਾਨੂੰ ਸਾਰਿਆਂ ਨੂੰ, ਇਕ ਤਾਂ ਮੋਟਰ ਸ਼ੈਕਲ, ਇਕ ਪਿੰਡ ਵਿਚ ਜਰੂਰ ਕਾਇਮ ਕਰੋ। ਤਿੰਨ ਰੀਵਾਲਵਰ ਵਧੀਆ ਜੇ ਤਾਂ ਕੱਲੇ ਕੱਲੇ ਗਾਤਰੇ ਪਾਓ ਤਾਂ ਬਹੁਤ ਚੰਗਾ ਐ। ਮੈਂ ਤਾਂ ਇਹ ਬੇਨਤੀ ਕਰੂੰਗਾ, ਟੈਂਕ, ਤੋਪ, ਗਰਨੇਡ, ਬੰਬ, ਸਟੇਨ, ਜੋ ਰੱਖ ਸਕਦੇ ਓ, ਰੱਖੋ। ਕੋਈ ਰੁਕਾਵਟ ਨੀਂਗੀ। ਜੇ ਛੱਲੀ ਰਾਮ 230 ਗਰਨੇਡ ਰੱਖ ਸਕਦਾ, ਸਾਨੂੰ ਕਲਗੀਧਰ ਦੇ ਪੁੱਤਰਾਂ ਨੂੰ ਪਾਬੰਦੀ ਕਿਉਂ? ਜੇ ਦੇਸ਼ ਇਕੋ ਆ ਤੇ ਆਜ਼ਾਦੀ ਇਕੋ ਆ। ਬਾਕੀ ਇਹ ਵੀ ਬੇਨਤੀ ਸਾਰੀ ਸੰਗਤ ਨੂੰ, ਪੁਲਿਸ ਫਿਰਦੀ ਐ ਤਿਆਰੀਆਂ ਕਰਦੀ ਤੇ ਇਹਦਾ ਭੈ ਭੂ ਤਾਂ ਮਨ 'ਚ ਲਿਆਇਓ ਨਾ। ਬੇਨਤੀ ਮੇਰੀ ਪ੍ਰਵਾਨ ਕਰ ਲਿਓ ਤੇ ਪਿੰਡਾਂ ਪਿੰਡਾਂ 'ਚ ਦੇ ਦਿਓ ਸੁਨੇਹੇ ਜਾ ਕੇ। ਜੇ ਪੁਲਿਸ ਇਥੇ ਕਿਤੇ ਚਾਰ ਦੀਵਾਰੀ ਦੇ ਅੰਦਰ ਆ ਗਈ ਤੇ ਓਦੇ ਚਿੱਠੀ ਨਾ ਉਡੀਕਦੇ ਰਹਿਓ ਤੇ ਅਖਬਾਰ ਦੀ ਖਬਰ ਨਾ ਉਡੀਕਦੇ ਰਹਿਓ, ਓਦੇ ਪੰਜਾਬ ਦੀ ਧਰਤੀ ਛੱਲੀ ਰਾਮ ਨੀ ਦਿਸਣਾ ਚਾਹੀਦਾ ਕਿਤੇ ਵੀ। ਫੇਰ ਸਿੱਖਾਂ ਦੀ ਬਚਤ ਹੋਣੀ ਬਾਹਰਲਿਆਂ ਦੀ ਤੇ ਜੇ ਇਥੇ ਹਰਿਮੰਦਰ ਸਾਹਿਬ 'ਚ ਆਈ ਪੁਲਿਸ ਤੋਂ, ਤੇ ਆਪਾਂ ਚੁੱਪ ਕਰਕੇ ਲਕੀਰ ਦੇ ਫਕੀਰ ਬਣ ਕੇ ਬੈਠੇ ਰਹੇ ਤੇ ਬਾਹਰਲੇ ਸਿੱਖਾਂ ਦਾ ਬੁਰਾ ਹਾਲ ਹੋਊਗਾ। ਪਹਿਲਾਂ ਵਾਰ ਨੀਂ ਕਰਨਾ, ਚਾਹੇ ਹਿੰਦੂ ਐ, ਚਾਹੇ ਮੁਸਲਮਾਨ ਐ, ਚਾਹੇ ਕਿਸੇ ਸ਼੍ਰੇਣੀ ਦਾ ਐ। ਪਹਿਲਾਂ ਕਿਸੇ ਤੇ ਵਾਰ ਨਾ ਕਰਿਓ। ਜੇ ਹਰਿਮੰਦਰ ਸਾਹਿਬ 'ਚ ਪੁਲਿਸ ਆਵੇ ਤੇ ਫੇਰ ਢਿੱਲ ਨਾ ਕਰਿਓ ਤੇ ਇਕ ਹਦਾਇਤ ਵੀ ਐ ਨਾਲ। ਜੇ ਹਰਿਮੰਦਰ ਸਾਹਿਬ 'ਚ ਪੁਲਿਸ ਆ ਜਾਵੇ ਤੇ ਇਹ ਕੰਮ ਚੱਲ ਪਵੇ ਤੇ ਕਿਸੇ ਦੀ ਧੀ ਭੈਣ ਆਪਣੇ ਘਰੇ ਆ ਜਾਵੇ ਤਾਂ ਉਹਦੀ ਇਜ਼ਤ ਨਾ ਲੁੱਟਿਓ। ਉਹਨੂੰ ਆਪਣੀ ਭੈਣ ਬਣਾ ਕੇ ਆਪਣੇ ਘਰੇ ਰੱਖਿਓ। ਇਹ ਜ਼ਰੂਰੀ ਹਦਾਇਤ ਐ।

ਬਾਕੀ ਇਹ ਨਾ ਫਿਕਰ ਕਰੋ, ਸੰਤ ਜੀ ਇਥੇ ਆ ਗਏ ਤੇ ਤੁਸੀਂ ਕੀ ਕਰੋਗੇ? ਕਈ ਪੁੱਛਦੇ ਅਖਬਾਰਾਂ ਵਾਲੇ, ਤੁਸੀਂ ਜਵਾਬ ਕੀ ਦਿਓਗੇ? ਮੈਂ ਕਿਹਾ ਆ ਕੇ ਵੇਖ ਲਿਓ। ਹੁਣ ਤੁਹਾਨੂੰ ਪਹਿਲਾਂ ਕੀ ਦੱਸਾਂ? ਉਹ ਆਉਣ ਈ ਨਾ, ਮੈਂ ਐਵੇਂ ਨਰੀਚਾਂ ਖਿੱਚੀਂ ਫਿਰਾਂ। ਹਾਂ, ਇਹ ਨਿਸਚੇ ਨਾਲ ਤੁਹਾਨੂੰ ਜ਼ਰੂਰ ਕਹਿਨਾਂ ਪਈ ਜੇ ਕਿਤੇ ਕੱਠੇ ਆ ਗਏ ਇਹ। ਇਕ ਵੇਰਾਂ ਪਾਪ ਦੀ ਬੇੜੀ 'ਚ ਚੜ੍ਹ ਬੈਠੇ ਤੇ ਮਹਾਰਾਜ ਨੇ ਇਨ੍ਹਾਂ ਦੀ ਮੱਤ ਦਿੱਤੀ ਮਾਰ, ਇਕ ਲੱਖ ਦੀ ਢੇਰੀ ਪਹਿਲੇ ਪੂਰ 'ਚ ਜ਼ਰੂਰ ਲੱਗੂਗੀ ਹਰ ਹਾਲਤ। ਓਦੋਂ ਨੂੰ ਤੁਸੀਂ ਉਠ ਖੜਿਓ ਬਾਹਰੋਂ ਪਿੰਡਾਂ 'ਚੋਂ। ਸੁੱਤੇ ਨਾ ਰਹਿਓ। ਇਕ ਔਹ ਖੁਸ਼ਵੰਤ ਸਿੰਘ ਐ। ਮੈਂ ਤਾਂ ਇਕ ਵਾਰੀ ਮਾੜਾ ਜਿਹਾ ਦੇਖਿਆ ਉਹਨੂੰ। ਉਹ ਦਿੱਲੀ ਦਾ ਬਹੁਤਾ ਇੰਦਰਾ ਦਾ ਬਣਿਆ ਹੋਇਐ। ਉਹਨੇ ਇਕ ਦਿਨ ਖਬਰ ਦੇ ਦਿੱਤੀ। ਅਖੇ ਜੀ ਅੱਤਵਾਦੀ ਤਿੰਨ ਕੁ ਸੌ ਈ ਐ। ਇਨ੍ਹਾਂ ਨੂੰ ਹੱਲਾ ਮਾਰ ਕੇ ਰਗੜ ਦੇਣਾ ਚਾਹੀਦੈ। ਖੁਸ਼ਵੰਤ ਸਿੰਘ ਦਿੱਲੀ ਤੋਂ ਆ ਕੋਈ। ਹੁਣ ਮੈਂ ਪਹਿਲਾਂ ਤੁਹਾਨੂੰ ਅੱਤਵਾਦੀ ਬਣਾ ਲਾਂ। ਫੇਰ ਥੋੜਾ ਜਿਹਾ ਹੋਰ ਅਗਾਂਹ ਤੁਰ ਪਾਂਗੇ। ਨਾਲੇ ਇਹ ਸੀ. ਆਈ. ਡੀ. ਆਲੇ ਆਏ ਐ। ਇਥੋਂ ਸੁੱਕੇ ਨਾ ਜਾਣਗੇ, ਬਾਹਾਂ ਤਾਂ ਇਨ੍ਹਾਂ ਨੂੰ ਖੜ੍ਹੀਆਂ ਕਰਨੀਆਂ ਈ ਪੈਣੀਐ।



Digitized by Panjab Digital Library | www.panjabdigilib.org

ਗੌਰਮਿੰਟ ਨੇ ਅੱਤਵਾਦੀ ਉਨ੍ਹਾਂ ਨੂੰ ਕਹਿਣਾ ਸ਼ੁਰੂ ਕੀਤਾ, ਜਿਹੜਾ ਅੰਮ੍ਰਿਤਧਾਰੀ ਹੋਵੇ ਤੇ ਦੂਜੇ ਨੂੰ ਅੰਮ੍ਰਿਤ ਛਕਾਵੇ। ਆਪ ਬਾਣੀ ਪੜ੍ਹਦਾ ਦੂਜੇ ਨੂੰ ਪੜ੍ਹਾਵੇ, ਜਿਹੜਾ ਕਹਿੰਦਾ ਕਿ, ਹਿੰਦੂ ਪੱਕਾ ਹਿੰਦੂ ਬਣੇ, ਮੁਸਲਮਾਨ ਪੱਕਾ ਮੁਸਲਕਾਨ ਬਣੇ, ਸਿੱਖ ਪੱਕਾ ਆਪਣੇ ਧਰਮ 'ਚ ਰਹੇ। ਜਿਨ੍ਹਾਂ ਗੁਰਦਵਾਰਿਆਂ ਨੂੰ ਅੱਗਾਂ ਲਾਈਆਂ, ਸਰੂਪ ਸਾੜੇ, ਧੀਆਂ ਭੈਣਾਂ ਦੀ ਇਜ਼ਤ ਲੁੱਟੀ ਐ, ਉਹਨੂੰ ਗੱਡੀ ਚੜ੍ਹਾਉਣ ਦਾ ਆਪ ਇੱਛੁਕ ਹੋਵੇ ਤੇ ਦੂਜਿਆਂ ਨੂੰ ਚੜ੍ਹਾਉਣ ਦੀ ਪ੍ਰੇਰਨਾ ਕਰਨ ਦਾ ਵੀ ਹਾਮੀ ਹੋਵੇ, ਹੱਕ ਲੈਣ ਦਾ, ਮਾਰਨ ਦਾ ਨੀਂ, ਸਿੱਖ ਕਾਤਲ ਨਹੀਂ, ਸਿੱਖ ਹੱਕ ਲੈਂਦਾ ਐ। ਕਾਤਲ ਅਸੀਂ ਉਹਨੂੰ ਕਹਿਨੇ ਆਂ, ਜਿਹੜਾ ਪਹਿਲਾਂ ਵਾਰ ਕਰਦਾ ਐ, ਜਿਹੜਾ ਪਿੱਛੋਂ ਵਾਰ ਕਰਕੇ ਹੱਕ ਲੈਣ, ਉਹ ਕਾਤਲ ਨਹੀਂ ਕਿਹਾ ਜਾ ਸਕਦਾ ਕਦੇ ਵੀ। ਤੇ ਮੈਂ ਤਾਂ ਇਹੋ ਜਿਹਾ ਹਾਂ, ਅੰਮ੍ਰਿਤ ਵੀ ਛਕਾਉਂਨਾਂ ਤੇ ਬਾਣੀ ਜਿੰਨੀ ਕੁ ਆਉਂਦੀ ਐ ਮਾੜੀ ਮੋਟੀ, ਉਂਨੀ ਮੈਂ ਪੜ੍ਹਦਾ ਐਂ ਤੇ ਜਿਨ੍ਹਾਂ ਧੀਆਂ ਭੈਣਾਂ ਦੀ ਇਜ਼ਤ ਲੁੱਟੀ ਐ, ਉਨ੍ਹਾਂ ਦਾ ਹੱਕ ਵੀ ਲੈਣਾ ਐ। ਪੰਥ ਦੀ ਹਮਾਇਤ ਵੀ ਕਰਨੀ ਐ, ਗੁਰੂ ਦੇ ਲੜ ਲਾਉਣਾ ਅਤੇ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿਣਾ ਐ। ਜੇ ਤੁਸੀਂ ਸਾਰੇ ਇਹੋ ਜਿਹੇ ਅੱਤਵਾਦੀ ਹੋਵੋ ਤੇ ਜਦੋਂ ਮੈਂ ਜੈਕਾਰਾ ਛੱਡਾਂ ਤੇ ਬਾਹਾਂ ਖੜ੍ਹੀਆਂ ਕਰਕੇ ਸਬੂਤ ਦੇ ਦਿਓ। ਪਰ ਇਹ ਗੱਲ ਐ ਪਈ ਐਵੇਂ ਵਿਖਾਵੇ ਮਾਤਰ ਬਾਂਹ ਖੜ੍ਹੀ ਨਾ ਕਰਨ ਮੇਰੇ ਕੋਲੇ। ਮੈਂ ਲੀਡਰ ਨਹੀਂ ਤੇ ਨਾ ਈ ਪੁਲੀਟੀਕਲ ਸਟੇਜ ਐ। ਗੁਰੂ ਕੇ ਲੰਗਰ 'ਚ ਬੈਠੇ ਐਂ, ਬਾਂਹ ਤਾਂ ਖੜ੍ਹੀ ਕਰਿਓ ਤੇ ਪੱਕੇ ਅੱਤਵਾਦੀ ਬਣ ਕੇ ਸ਼ਹੀਦਾਂ ਦਾ ਹੱਕ ਲੈਣਾ ਤੇ ਗਲੋਂ ਗ਼ੁਲਾਮੀ ਲਾਹੁਣੀ ਐ। ਜੇ ਤਾਂ ਗੁਰੂ ਦੇ ਸਿੱਖ ਐਂ, ਸਿੱਖਾਂ ਦੇ ਪੁੱਤਰ ਐਂ, ਫੇਰ ਤਾਂ ਕਰਿਓ ਬਾਂਹ ਖੜ੍ਹੀ ਤੇ ਜੇ ਤੁਹਾਡੇ 'ਚ ਕੋਈ ਇੰਦਰਾ ਦਾ ਸਿੱਖ ਐ, ਜੰਨ ਨੂੰ ਸੰਧੂਰ ਭੁੱਕਣ ਦਾ ਸਿੱਖ ਐ, ਪਿੱਪਲ ਨੂੰ ਪਾਣੀ ਪਾਉਣ ਦਾ ਸਿੱਖ ਐ, ਚਰਖੇ ਤੇ ਬੱਕਰੀ ਦਾ ਸਿੱਖ ਐ, ਰਾਧਾ ਸੁਆਮੀ ਤੇ ਨਰਕਧਾਰੀਆਂ ਦਾ ਸਿੱਖ ਐ, ਲਾਲ ਕੁਰਸੀ ਦਾ ਸਿੱਖ ਐ, ਉਹ ਬਾਂਹ ਨਾ ਜੇ ਖੜ੍ਹੀ ਕਰਿਓ। ਇਹ ਆਵਦਾ ਵਿਚਾਰ ਲਿਓ ਮਨਾਂ 'ਚ ਗੁਰੂ ਦੇ ਸਿੱਖ ਓ, ਸਿੱਖਾਂ ਦੇ ਪੁੱਤ ਓ, ਸਿੱਖੀ ਨਾਲ ਪਿਆਰ ਐ, ਮੋਟਰ ਸ਼ੈਕਲ ਤੇ ਚੜ੍ਹਨ ਦੀ ਇੱਛਾ ਐ ਤੇ ਸ਼ਹੀਦਾਂ ਦਾ ਹੱਕ ਲੈਣਾ ਤੇ ਜਿਨ੍ਹਾਂ ਨੇ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਨੂੰ ਅੱਗ ਲਾਈ ਐ, ਉਹ ਭਜਨ ਲਾਲ ਵਰਗੇ ਨੂੰ ਗੱਡੀ ਚੜ੍ਹਾਉਣਾ ਐ ਤੇ ਫੇਰ ਬਾਂਹ ਖੜ੍ਹੀ ਕਰਿਓ। ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ। ਸੋ ਤੁਹਾਡਾ ਸਾਰਾ ਹੀ ਬਹੁਤ ਸਾਰਿਆਂ ਦਾ ਧੰਨਵਾਦ ਐ ਪਰ ਇਹ ਹੁਣ ਪ੍ਰੈਸ ਵਾਲਿਓ ਤੁਸੀਂ ਵੇਖ ਲਓ। ਖੁਸ਼ਵੰਤ ਸਿੰਹੁ ਕਹਿੰਦਾ 300 ਅੱਤਵਾਦੀ ਐ। ਆਹ ਗਿਣਤੀ ਕਰ ਖਾਂ ਕਿੰਨੀ ਐ? ਇਹ ਸਾਰੇ ਅੱਤਵਾਦੀ ਐ ਤੇ ਨਾਲ ਜਿਹੜੇ ਥੱਲੇ ਜਿਨ੍ਹਾਂ ਨੂੰ ਸਪੀਕਰ ਸੁਣਦਾ, ਬਾਹਾਂ ਉਨ੍ਹਾਂ ਦੀਆਂ ਵੀ ਖੜ੍ਹੀਆਂ ਹੋਣੀਆਂ ਐਂ। ਆ ਥੋੜੇ ਜਿਹੇ ਦਿਨ ਹੋ ਗਏ ਇਕ ਅਖਬਾਰ ਵਾਲਾ ਆ ਗਿਆ, ਇੰਗਲੈਂਡ ਦਾ ਸੀਗਾ। ਨਹੀਂ ਕਿ ਬਾਹਰ ਦਾ ਈ ਸਿਗਾ ਉਂ ਦੇਸ਼ ਦਾ ਮੈਨੂੰ ਯਾਦ ਨੀਗਾ। ਉਹ ਆਣ ਕੇ ਪੁੱਛ ਕੇ ਆਖੇ ਭਿੰਡਰਾਂਵਾਲੇ ਬਾਬਾ ਜੀ, ਐਹ ਗੌਰਮਿੰਟ ਤੇਰੇ ਪਿੱਛੇ ਐਨੀ ਕਿਉਂ ਲੱਗੀ ਐ? ਮੈਂ ਉਹਨੂੰ ਥੋੜਾ ਜਿਹਾ ਜਵਾਬ ਤਾਂ ਹਾਸਰਸ ਨਾਲ ਦਿੱਤਾ ਸੀ ਤੇ ਸ਼ਰਮਿੰਦਾ ਜਿਹਾ ਹੋ ਗਿਆ। ਮੈਂ ਕਿਹਾ ਗੁਰਮਤ ਦੀ ਮਰਯਾਦਾ ਐ, ਜਦੋਂ ਆਨੰਦ ਕਾਰਜ ਹੋਵੇ। ਬੰਦਾ ਅੱਗੇ ਅੱਗੇ ਤੇ ਬੀਬੀ ਪਿੱਛੇ ਹੁੰਦੀ ਐ। ਇਸ ਵਾਸਤੇ ਉਹ ਪਿੱਛੇ ਲੱਗੀ ਐ। ਮੈਨੂੰ ਕਹਿੰਦਾ, ਤੁਸੀਂ ਮਖੌਲ ਕੀਤਾ। ਮੈਂ ਕਿਹਾ, ਉਤਰ, ਤੇਰਾ ਜਿਹੜਾ ਪ੍ਰਸ਼ਨ ਸੀ, ਉਹਦਾ ਉਤਰ ਦਿੱਤਾ। ਜਾਂ ਤੂੰ ਪੁੱਛ ਤੇਰੇ ਮਗਰ ਗੌਰਮਿੰਟ ਪਈ ਕਿਉਂ ਐ? ਲੱਗੀ ਦਾ ਅਰਥ ਤਾਂ ਇਹੀ ਬਣਨਾ।

ਸੋ ਇਸ ਵਾਸਤੇ ਬੇਨਤੀ ਮੈਂ ਤੁਹਾਨੂੰ ਸਾਰਿਆਂ ਨੂੰ, ਸਿੱਖੀ ਵਾਲੇ ਪਾਸੇ ਧਿਆਨ ਦਿਓ



Digitized by Panjab Digital Library | www.panjabdigilib.org

ਤੇ ਪੱਕੇ ਅੱਤਵਾਦੀ ਬਣੋ। ਇਕ ਆਪਸ ਵਿਚ ਨਾਂ ਲੜ ਪਿਆ ਕਰੋ। ਆ ਮੈਨੂੰ ਕਈ ਕਹਿੰਦੇ ਅਖੇ ਜੀ ਤੁਸੀਂ ਵੀ ਲੜੇ ਐਂ, ਸਬੂਤ ਹੈ ਤੁਹਾਡੇ ਕੋਲ ਲੜਨ ਦਾ ਕੋਈ? ਇਕੋ ਇਕ ਸਬੂਤ ਐਂ ਨਾ ਬੋਲੀ ਨੀ ਅਰ ਇਕੀਆਂ ਮਹੀਨਿਆਂ 'ਚ ਮੇਰੇ ਵਲੋਂ ਦੱਸੋ ਪਈ ਕੀ ਵਾਧਾ ਐ? ਤੇ ਕਈ ਭਰਾ ਕਹਿੰਦੇ ਅਖੇ ਏਕਤਾ ਕਰ ਲਓ। ਤੇ ਏਕਤਾ ਹੋਈ ਹੋਈ ਐ। ਉਹ ਗਾਲ੍ਹਾਂ ਕੱਢਦੇ ਐ ਤੇ ਮੈਂ ਸੁਣੀ ਜਾਨਾਂ। ਗਾਲ੍ਹਾਂ ਕੱਢਣੋਂ ਹਟ ਜਾਣ, ਗੱਲ ਮੁੱਕੀ! ਮੇਰੇ ਵੱਲ ਤਾਂ ਪਹਿਲਾਂ ਹੈ ਨੀਂ ਕੁਝ। ਚੋਕੀਦਾਰਾ ਤੁਹਾਡਾ ਕਰਨਾ। ਜਿਹੜਾ ਕਰਵਾਉਣਾ ਦੱਬ ਕੇ ਕਰਵਾ ਲਓ ਤੇ ਬਾਕੀ ਸ਼ੰਕਾ ਨਾ ਰਖਿਓ ਮਨ ਚ। ਕਈ ਵੀਰ ਕਹਿੰਦੇ, ਭਿੰਡਰਾਂਵਾਲਿਆ ਐਤਕੀਂ ਜੂਸ ਤਾਂ ਨੀਂ ਮੂੰਹ ਨੂੰ ਲੱਗੂ? ਐਤਕੀਂ ਜੂਸ ਨੀ ਲਗਦਾ ਜਾਂ ਟਾਂਡਿਆਂ ਆਲੀ ਰਹੂ ਜਾਂ ਭਾਂਡਿਆਂ ਵਾਲੀ। ਪਰ ਜੇ ਤੁਸੀਂ ਕਾਇਮ ਰਹੋਂਗੇ ਤੇ ਜੇ ਤੁਸੀਂ ਲਕੀਰ ਦਾ ਫਕੀਰ ਬਣ ਕੇ ਉਦੋਂ ਦੋ ਕੁ ਘੁੱਟਾਂ ਪਾਣੀ ਹੋਰ ਮਿਲ ਗਿਆ ਤੇ ਚੰਡੀਗੜ੍ਹ ਮਿਲ ਗਿਆ, ਚਾਰ ਪਿੰਡ ਲੈ ਕੇ ਤੁਰਦੇ ਹੋਵੋ ਤੇ ਇਹਦੇ ਨਾਲ ਸਿੱਖੀ ਨੀ ਬਚਣੀ। ਇਸ ਪਾਸੇ ਧਿਆਨ ਆਪਾਂ ਨੂੰ ਸਾਰਿਆਂ ਨੂੰ ਦੇਣਾ ਪੈਣਾ। ਕਈ ਇਹ ਵੀ ਕਹਿੰਦੇ, ਜੀ ਹੁਣ ਲਸੰਸ ਬਣਦੇ ਨੀਂ, ਕਰੀਏ ਕੀ? ਮੈਂ ਤਾਂ ਵੈਸੇ ਇਸ ਹੱਕ ਵਿਚ ਆਂ। ਜੇ ਨਹੀਂ ਬਣੇ ਤਾਂ ਚੰਗਾ ਐ। ਲਸੰਸ ਕਰਨੇ ਕੀ ਐਂ? ਤੁਸੀਂ ਜਿੰਨੇ ਬੈਠੇ ਓ, ਤੁਹਾਡੇ ਸਾਰਿਆਂ ਦੀ ਗਿਣਤੀ ਕਰ ਲਵਾਂ। ਮਸਾਂ ਪੰਜ ਬੰਦੇ ਨਿਕਲੂਗੇ, ਜਿਹੜੇ ਬਿਜਲੀ ਦਾ ਬਿੱਲ ਮੋੜ ਸਕਦੇ ਹੋਵੋਂਗੇ, ਬਾਕੀ ਨਾ ਟੈਕਸ ਦਿੱਤਾ ਜਾਂਦਾ ਐ,ਨਾ ਮਾਮਲਾ ਦਿੱਤਾ ਜਾਂਦਾ ਐ। ਕਿਰਾਇਆ ਕਿੱਥੋਂ ਲਊਂਗੇ? ਇਨ੍ਹਾਂ ਨੂੰ ਖਰੀਦਣ ਦਿਓ। ਛਿੱਲ ਤੁਹਾਡੀ ਲਾਹੀ ਜਾਂਦੇ ਐ ਟੈਕਸ ਲਾ ਲਾ ਕੇ। ਬਾਕੀ ਤੱਕੜੀ ਨਾ ਲਾਹ ਲਈ ਐ ਤੇ ਸਾਰੇ ਜਦੋਂ ਖਰੀਦ ਲੈਣਗੇ ਤੇ ਸੜਕ ਤੇ ਮਾਰ ਕੇ ਹੱਲਾ ਖੋਹ ਲਿਓ ਪਰ ਪਹਿਲ  ਨੀ ਕਰਨੀ। ਆ ਕੱਲ੍ਹ ਇਕ, ਅੱਜ ਵੀ ਸ਼ਾਇਦ ਇਥੇ ਬੈਠਾ ਹੋਣਾ ਭਾਈ, ਆਹ ਬੈਠੇ ਐਧਰ। ਕੱਲ੍ਹ ਪੁੱਛਦੇ ਸੀ ਮੈਨੂੰ। ਅਖੇ ਜੀ ਹਿੰਦੂਆਂ ਬਾਰੇ ਕੀ ਖਿਆਲ ਐ? ਇਹ ਕਦੇ ਨੀ ਆਣ ਕੇ ਕਿਸੇ ਨੇ ਪੁੱਛਿਆ, ਤੁਹਾਡਾ ਸਿੱਖਾਂ ਦਾ ਕੀ ਹਾਲ ਐ? ਇਕੀਆਂ ਮਹੀਨਿਆਂ 'ਚ ਜਿੰਨੇ ਪ੍ਰੈਸ ਰੀਪੋਰਟਰ ਆਏ ਨੇ, ਉਹ ਆਣ ਕੇ ਇਹੀ ਪੁੱਛਦੇ ਐ, ਸੰਤ ਜੀ, ਹਿੰਦੂਆਂ ਬਾਰੇ ਤੁਹਾਡਾ ਕੀ ਖਿਆਲ ਐ? ਹਿੰਦੂ ਤਾਂ ਜੰਮਦਾ ਈ ਨਹੀਂ। ਆਹ ਪੜ੍ਹਿਓ ਲਿਖਿਓ, ਤੁਹਾਡੇ ਦਿਮਾਗਾਂ 'ਚ ਜਿਹੜੀ ਚੀਜ਼ ਕੁੱਟ ਕੁੱਟ ਕੇ ਬਿਠਾਈ, ਇਹ ਕੱਢੋ ਅੰਦਰੋਂ। ਅਖੇ ਜੀ ਹਿੰਦੂ ਸਾਨੂੰ ਵੱਡੇ ਭਾਈ ਤੇ ਸਿੱਖ ਅਸੀਂ ਛੋਟੇ ਭਾਈ ਤੇ ਜੇ ਮੈਂ ਪੁੱਛਾਂ ਪਈ ਹਿੰਦੂ ਹੈ ਈ ਕੋਈ ਨੀਂ ਤਾਂ ਭਾਈ ਵੱਡਾ ਕਿੱਥੋਂ ਬਣਿਆ? ਜੰਮਿਆ ਈ ਨੀਂ, ਉਹ ਬਣ ਕਿੱਥੋਂ ਗਿਆ? 33 ਕਰੋੜ ਦੇਵਤਾ, ਨੌਂ ਕਰੋੜ ਦੇਵੀਆਂ, ਸਵਾ ਲੱਖ ਪੈਗੰਬਰ, ਚੋਰਾਸੀ ਸਿੱਧ ਐ, ਬਵੰਜਾ ਪੀਰ ਤੇ ਛੇ ਜਤੀ ਤੇ 10 ਗੁਰੂ ਐ, ਕਿਸੇ ਇਕ ਦਾ ਵੀ ਮੂੰਹ ਸਿਰ ਮੁੰਨਿਆ ਐ? ਕਿਸੇ ਦਾ ਵਿਖਾਓ ਇਤਿਹਾਸ 'ਚ ਲਿਖਿਆ ਐ? ਸਾਰੇ ਕੇਸਾਧਾਰੀ ਐ ਤੇ ਸਿੱਖ ਦੀ ਨਿਸ਼ਾਨੀ ਐ ਕੇਸ ਦਾੜ੍ਹਾ ਮੁਢਲੀ। ਹਿੰਦੂ ਦੀ ਨਿਸ਼ਾਨੀ ਚੋਟੀ, ਟੋਪੀ ਤੇ ਜਨੇਊ ਤਿਲਕ, ਮੁਸਲਮਾਨ ਦੀ ਨਿਸ਼ਾਨੀ ਐ ਲਵਾਂ ਕੱਟੀਆਂ, ਸੁਨਤ ਕੀਤੀ, ਪੰਜ ਟੈਮ ਨਮਾਜ਼ਾਂ ਪੜ੍ਹੇ ਤੇ ਕੁਰਾਨ ਦਾ ਪਾਠੀ ਹੋਵੇ। ਇਹ ਕਿਹੜਾ ਜਿਹਦੀ ਸੁਨਤ ਕੀਤੀ ਐ। ਜਿਹੜਾ ਜੰਮਦਾ ਐ। ਕਿਹੜਾ ਜਿਹੜਾ ਜਨੇਊ ਲੈ ਕੇ ਜੰਮਦਾ ਐ? ਜਿਹੋ ਜਿਹੇ ਜੰਮੇ ਐਂ, ਜੇ ਸਾਰੇ ਈ ਓਹੋ ਜਿਹੇ ਰਹੀਏ, ਤੁਰਿਆਂ ਜਾਂਦਿਆਂ ਨੂੰ ਕੋਈ ਬਾਬੂ ਤੇ ਲਾਲ ਕਹਿ ਕੇ ਵਾਜ ਨਹੀਂ ਮਾਰਦਾ।



Digitized by Panjab Digital Library | www.panjabdigilib.org

# ਸੰਤ ਭਿੰਡਰਾਂ ਨੇ ਕਿਸੇ ਨੂੰ ਧਮਕੀ ਭਰਿਆ ਖਤ ਨਹੀਂ ਲਿਖਿਆ:

(21 ਮਈ 1984 ਦੇ 'ਅਜੀਤ' ਅਖ਼ਬਾਰ ਦੇ ਐਡੀਟੋਰੀਅਲ ਦਾ ਕੁਝ ਭਾਗ)

ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਦੱਸਿਆ ਹੈ ਕਿ, ਉਨ੍ਹਾਂ ਨੂੰ ਪਤਾ ਲੱਗਾ ਹੈ ਕਿ, ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਨਾਉਂ ਤੇ ਧਮਕੀ ਭਰੇ ਪੱਤਰ ਮਿਲਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਐਸਾ ਕੋਈ ਪੱਤਰ ਨਾ ਕਿਸੇ ਹਿੰਦੂ ਨੂੰ ਤੇ ਨਾ ਹੀ ਕਿਸੇ ਹੋਰ ਫਿਰਕੇ ਦੇ ਵਿਅਕਤੀ ਨੂੰ ਪਾਇਆ ਗਿਆ ਹੈ। ਇਹ ਚਿੱਠੀਆਂ ਕੁਝ ਸ਼ਰਾਰਤੀ ਲੋਕਾਂ ਵਲੋਂ ਆਪਣੇ ਨਿੱਜੀ ਲਾਭਾਂ ਲਈ ਉਨ੍ਹਾਂ ਨੂੰ ਬਦਨਾਮ ਕਰਨ ਲਈ ਲਿਖੀਆਂ ਗਈਆਂ ਹਨ। ਸੰਤ ਜੀ ਨੇ ਕਿਹਾ ਕਿ, ਕੋਈ ਵੀ ਵਿਅਕਤੀ ਇਨ੍ਹਾਂ ਚਿੱਠੀਆਂ ਦਾ ਗ਼ਲਤ ਅਸਰ ਨਾ ਕਬੂਲੇ ਅਤੇ ਨਾ ਹੀ ਉਨ੍ਹਾਂ (ਸੰਤ ਜੀ ਦੇ) ਨਾਮ ਹੇਠ ਲਿਖੀ ਚਿੱਠੀ ਤੋਂ ਡਰਨ ਦੀ ਲੋੜ ਹੈ। ਬਹੁਤ ਸਾਰੇ ਹਿੰਦੂ ਅਤੇ ਸਿੱਖ ਵੀਰ ਐਸੀਆਂ ਚਿੱਠੀਆਂ ਲੈ ਕੇ ਮੇਰੇ ਕੋਲ ਆਉਂਦੇ ਹਨ ਅਤੇ ਉਨ੍ਹਾਂ ਦੀ ਪੂਰੀ ਤਸੱਲੀ ਕਰਵਾਈ ਜਾਂਦੀ ਹੈ ਕਿ ਉਨ੍ਹਾਂ ਵਲੋਂ ਕੋਈ ਐਸਾ ਧਮਕੀ ਪੱਤਰ ਨਹੀਂ ਭੇਜਿਆ ਗਿਆ। ਸੰਤ ਜੀ ਵਲੋਂ ਦੱਸੀਆਂ ਗਈਆਂ ਇਨ੍ਹਾਂ ਗੱਲਾਂ ਤੋਂ ਇਹ ਅਨੁਮਾਨ ਲਗਾਉਣਾ ਮੁਸ਼ਕਿਲ ਨਹੀਂ ਕਿ, ਕਿਸ ਤਰ੍ਹਾਂ ਲੋਕੀਂ ਸੰਤ ਜੀ ਦਾ ਨਾਉਂ ਵਰਤ ਕੇ ਆਪਣੇ ਨਿਜੀ ਹਿਤਾਂ ਦੀ ਗੱਲ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਸੰਤ ਜੀ ਦੇ ਨਾਮ ਨੂੰ ਕਈ ਸੁਆਰਥੀ ਲੋਕ ਕਿਸ ਤਰ੍ਹਾਂ ਵਰਤਦੇ ਹਨ। ਸਾਡੇ ਪਾਸ ਵੀ ਕਈ ਅਜਿਹੇ ਲੋਕ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਦੀ ਤਸੱਲੀ ਕਰਵਾ ਦੇਂਦੇ ਹਾਂ ਕਿ, ਸੰਤ ਜਰਨੈਲ ਸਿੰਘ ਨਿਰੋਲ ਧਾਰਮਿਕ ਵਿਅਕਤੀ ਹਨ। ਪਿੱਛੇ ਜਿਹੇ ਇਹ ਗੱਲ ਸ੍ਰੀ ਰਾਜੀਵ ਗਾਂਧੀ ਨੇ ਲਿਖੀ ਸੀ ਤੇ ਕਈ ਅਖ਼ਬਾਰਾਂ ਨੇ ਇਸ ਦੇ ਗ਼ਲਤ ਅਰਥ ਕੱਢੇ ਸਨ। ਸਾਵਧਾਨੀ ਦੇ ਬਾਵਜੂਦ 'ਅਜੀਤ' ਨੇ ਵੀ ਇਸ ਸੰਬੰਧ ਵਿਚ ਅੰਗਰੇਜ਼ੀ 'ਸਟੇਟਸਮੈਨ' ਦਿੱਲੀ ਦੇ ਹਵਾਲੇ ਨਾਲ ਇਕ ਖ਼ਬਰ ਛਾਪ ਦਿੱਤੀ ਸੀ। ਜਦੋਂ ਮੇਰੇ ਨੋਟਿਸ ਵਿਚ ਇਹ ਖ਼ਬਰ ਆਈ ਸੀ ਤਾਂ ਮੈਂ ਅਫ਼ਸੋਸ ਦਾ ਪ੍ਰਗਟਾਵਾ ਕਰ ਦਿੱਤਾ ਸੀ ਕਿ ਟੇਬਲ ਤੇ ਬੈਠੇ ਕਿਸੇ ਐਡੀਟਰ ਨੇ ਬੇਧਿਆਨੀ ਨਾਲ ਇਹ ਖ਼ਬਰ ਛਾਪ ਦਿੱਤੀ ਸੀ। ਪਰ ਕੀ ਕੀਤਾ ਜਾਏ? ਜਲੰਧਰ ਤੇ 'ਨੈਸ਼ਨਲ ਪ੍ਰੈਸ' (ਦਿੱਲੀ ਦੇ ਅੰਗਰੇਜ਼ੀ) ਤਾਂ ਹਰ ਤੀਜੇ ਦਿਨ ਅਜਿਹੀਆਂ ਖ਼ਬਰਾਂ ਛਾਪ ਦੇਂਦਾ ਹੈ। ਅਸੀਂ ਬਥੇਰਾ ਪ੍ਰੋਟੈਸਟ ਕਰ ਬੈਠੇ ਹਾਂ ਪਰ ਸਾਡੀ ਆਵਾਜ਼ ਸੁਣੀ ਹੀ ਨਹੀਂ ਜਾਂਦੀ। ਉਲਟਾ ਇਹ ਅਖ਼ਬਾਰ 'ਅਜੀਤ' ਨੂੰ ਹੀ ਆਪਣੀ ਨੁਕਤਾਚੀਨੀ ਦਾ ਨਿਸ਼ਾਨਾ ਬਣਾਉਂਦੇ ਹਨ। ਮਈ 1981 ਵਿਚ ਜਦੋਂ ਭਾਈ ਅਮਰੀਕ ਸਿੰਘ ਦੀ ਅਗਵਾਈ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦੁਆਲਿਓਂ ਤੰਬਾਕੂ ਆਦਿ ਦੀਆਂ ਦੁਕਾਨਾਂ ਸ਼ਹਿਰ ਦੀ ਚਾਰ ਦੀਵਾਰੀ ਤੋਂ ਬਾਹਰ ਲੈ ਜਾਣ ਦੀ ਮੰਗ ਕੀਤੀ ਸੀ ਤਾਂ ਭਾਈ ਅਮਰੀਕ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਖ਼ਾਸ ਤੌਰ ਤੇ ਸੰਤ ਭਿੰਡਰਾਂਵਾਲਿਆਂ ਵਿਰੁੱਧ ਅਜਿਹੀਆਂ ਗ਼ਲਤ ਬਿਆਨੀਆਂ ਕੀਤੀਆਂ ਸਨ ਕਿ ਅਸੀਂ ਜਵਾਬ ਦਿੰਦੇ ਥੱਕ ਗਏ। ਉਸ ਤੋਂ ਪਿੱਛੋਂ ਤਾਂ ਫੇਰ 'ਚੱਲ ਸੋ ਚੱਲ' ਵਾਲੀ ਗੱਲ ਹੋ ਗਈ। ਕਿਹੜੀ ਗ਼ਲਤ ਬਿਆਨੀ ਨਹੀਂ ਕੀਤੀ ਗਈ? ਇਸ ਦੇ ਸਿੱਟੇ ਜੋ ਨਿਕਲਣੇ ਸਨ, ਨਿਕਲੇ। ਭੂਤਰੇ ਹੋਏ ਫਿਰਕੂਆਂ ਨੇ ਇਹ ਸਮਝ ਲਿਆ ਕਿ:

"ਸਈਆਂ ਭਏ ਕੋਤਵਾਲ ਅਬ ਡਰ ਕਾਹੇ ਕਾ?"

ਇਹ ਅੱਗ ਲਗਾ ਕੇ ਹੁਣ ਕੋਸ ਰਹੇ ਹਨ ਦੂਜਿਆਂ ਨੂੰ! ਹੁਣ ਨਵੀਂ ਗੱਲ ਲਓ! ਸ੍ਰੀ ਰਮੇਸ਼ ਦੇ ਅਫਸੋਸਨਾਕ ਕਤਲ ਤੋਂ ਪਿੱਛੋਂ ਲਗਭਗ ਤਿੰਨ ਘੰਟੇ ਤੱਕ ਜੀ. ਟੀ. ਰੋਡ ਤੇ ਉਹ



Digitized by Panjab Digital Library | www.panjabdigilib.org

ਖਰੂਦ ਪਾਇਆ ਗਿਆ ਕਿ ਨਾ ਕੇਵਲ ਇਕ ਫਿਰਕੇ ਦੀਆਂ ਕਾਰਾਂ ਤੇ ਪਥਰਾਓ ਕੀਤਾ ਗਿਆ, ਸਗੋਂ ਚੁਣ ਚੁਣ ਕੇ ਇਕ ਫਿਰਕੇ ਦੀਆਂ ਦੁਕਾਨਾਂ ਨੂੰ ਸਾੜਿਆ ਗਿਆ। ਇਕ ਦੋ ਦੁਕਾਨਾਂ ਨਾਲ ਦੂਜੇ ਫਿਰਕੇ ਵਾਲਿਆਂ ਦੀਆਂ ਵੀ ਸੜ ਗਈਆਂ। ਹੁਣ ਪੁੱਛਿਆ ਜਾ ਰਿਹਾ ਹੈ "ਅੱਗ ਕਿਸ ਨੇ ਲਗਾਈ?" ਗੱਲ ਦੂਜੇ ਪਾਸੇ ਪਾਉਣ ਲਈ ਇਕ ਅਖਬਾਰ ਨੇ 20 ਮਈ ਦੇ ਪਰਚੇ ਵਿਚ ਲਿਖਿਆ: "ਇਹ ਅੱਗ ਕਿਸ ਨੇ ਲਗਾਈ, ਇਸ ਦਾ ਪਤਾ ਤਾਂ ਪੁਲਿਸ ਦੀ ਤਫਤੀਸ਼ ਖਤਮ ਹੋਣ ਤੋਂ ਪਿੱਛੋਂ ਹੀ ਲੱਗੇਗਾ ਪਰ ਜੋ ਕੁਝ ਹੋਇਆ, ਬਹੁਤ ਬੁਰਾ ਹੋਇਆ। ਇਸ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਘੱਟ ਹੈ। ਇਹ ਅੱਗ ਨਾ ਲਗਦੀ ਜੇ ਪੁਲਿਸ ਕਿਤੇ ਨਜ਼ਰ ਆਉਂਦੀ।"

ਇਸ਼ਾਰਾ ਪੁਲਿਸ ਵੱਲ ਹੀ ਹੈ। ਇਸ ਤੋਂ ਪਿੱਛੋਂ ਅਖਬਾਰ ਲਿਖਦਾ ਹੈ: "ਰਮੇਸ਼ ਦੇ ਕਤਲ ਤੋਂ ਪਿੱਛੋਂ ਲਗਭਗ ਤਿੰਨ ਘੰਟੇ ਤੱਕ ਸਰਕਾਰ ਬਿਲਕੁਲ ਗਾਇਬ ਹੋ ਗਈ ਸੀ। ਉਸ ਦਾ ਨਾਮ ਨਿਸ਼ਾਨ ਕਿਤੇ ਨਜ਼ਰ ਨਹੀਂ ਸੀ ਆਉਂਦਾ। ਇਸ ਤਰ੍ਹਾਂ ਸ਼ਰਾਰਤ ਪਸੰਦ ਲੋਕਾਂ ਨੂੰ ਮੌਕਾ ਮਿਲ ਗਿਆ ਤੇ ਉਨ੍ਹਾਂ ਨੇ ਜਗ੍ਹਾ ਜਗ੍ਹਾ ਅੱਗ ਲਗਾਣੀ ਸ਼ੁਰੂ ਕਰ ਦਿੱਤੀ। ਜੇ ਪੁਲਿਸ ਸਮੇਂ ਸਿਰ ਪੁੱਜ ਜਾਂਦੀ ਤਾਂ ਏਨਾ ਨੁਕਸਾਨ ਨਾ ਹੁੰਦਾ, ਜਿੰਨਾ ਹੋਇਆ ਹੈ ਪਰ ਇਸ ਅਫਸੋਸਨਾਕ ਘਟਨਾ ਦਾ ਸਭ ਤੋਂ ਵੱਧ ਚਿੰਤਾਜਨਕ ਪੱਖ ਇਹ ਹੈ ਕਿ, ਇਸ ਨੂੰ ਇਕ ਫਿਰਕੇ ਦਾ ਰੰਗ ਦਿੱਤਾ ਜਾ ਰਿਹਾ ਹੈ। ਇਹ ਖਿਆਲ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਅੱਗ ਕੇਵਲ ਸਿੱਖਾਂ ਦੀਆਂ ਦੁਕਾਨਾਂ ਨੂੰ ਹੀ ਲੱਗੀ।"

ਸਵਾਲ ਪੈਦਾ ਹੁੰਦਾ ਹੈ ਕਿ ਤਿੰਨ ਘੰਟੇ ਤੱਕ ਪੁਲਿਸ ਨੂੰ ਕਿਸ ਨੇ ਸ੍ਰੀ ਰਮੇਸ਼ ਦੀ ਲਾਸ਼ ਨੇੜੇ ਨਹੀਂ ਫਟਕਣ ਦਿੱਤਾ? ਡਿਪਟੀ ਕਮਿਸ਼ਨਰ ਆਏ ਪਰ ਉਨ੍ਹਾਂ ਦੀ ਕਾਰ ਤੇ ਫਿਰਕੂਆਂ ਨੇ ਪਥਰਾਓ ਕੀਤਾ। ਸ਼ਹਿਰ ਦੇ ਡੀ. ਐਸ. ਪੀ. ਇੰਚਾਰਜ ਸ੍ਰੀ ਹਰਪਾਲ ਸਿੰਘ ਨੇ ਕਈ ਯਤਨ ਕੀਤੇ ਕਿ ਪੁਲਿਸ ਲਾਸ਼ ਤੱਕ ਅੱਪੜ ਜਾਏ ਪਰ ਪੁਲਿਸ ਨੂੰ ਉਦੋਂ ਕਿਸੇ ਨੇ ਨਾ ਪੁੱਛਿਆ। ਇਸ ਤਰ੍ਹਾਂ ਤਿੰਨ ਘੰਟੇ ਤੱਕ ਸ਼ਰਾਰਤੀਆਂ ਨੇ ਮਨ ਮਰਜ਼ੀ ਕੀਤੀ। ਪੁਲਿਸ ਕੀ ਕਰਦੀ? ਪਥਰਾਓ ਦਾ ਇਲਾਜ ਤਾਂ ਹੰਝੂ ਗੈਸ ਜਾਂ ਲਾਠੀਚਾਰਜ ਤੇ ਜਾਂ ਫਾਇਰਿੰਗ ਸੀ। ਕੀ ਡਿਪਟੀ ਕਮਿਸ਼ਨਰ ਜਾਂ ਪੁਲਿਸ ਕਪਤਾਨ ਇਕ ਲਾਸ਼ ਦੇ ਨਾਲ ਹੋਰ ਲਾਸ਼ਾਂ ਦੇ ਢੇਰ ਵੀ ਲਗਾ ਦਿੰਦੇ? ਉਨ੍ਹਾਂ ਨੂੰ ਕਿਉਂ ਕੋਸ ਰਹੇ ਹੋ? ਫੇਰ ਸਾਨੂੰ ਇਹ ਤੱਥ ਵੀ ਯਾਦ ਰੱਖਣਾ ਚਾਹੀਦਾ ਸੀ ਕਿ, ਇਕ ਦਮ ਪੁਲਿਸ ਆਦਿ ਉਨ੍ਹਾਂ ਥਾਵਾਂ ਤੋਂ ਨਹੀਂ ਬੁਲਾਈ ਜਾ ਸਕਦੀ ਸੀ, ਜਿਥੇ ਉਹ ਸੁਰੱਖਿਆ ਲਈ ਖੜ੍ਹੀ ਸੀ। ਜੇ ਪੁਲਿਸ ਉਥੋਂ ਹਟਦੀ ਤਾਂ ਕੀ ਹੋਣਾ ਸੀ। ਇਸ ਦਾ ਅੰਦਾਜ਼ਾ ਵੀ ਲਗਾ ਲਿਆ ਜੇ? ਬੱਸ ਅਜਿਹੇ ਵੇਲੇ ਇਹ ਲੋਕੀਂ ਜਾਂ ਐਡਮਨਿਸਟਰੇਸ਼ਨ ਨੂੰ ਭੰਡਦੇ ਹਨ, ਜਾਂ ਸੰਤ ਲੌਂਗੋਵਾਲ, ਸੰਤ ਭਿੰਡਰਾਂ ਤੇ ਅਕਾਲੀਆਂ ਨੂੰ ਕੋਸਦੇ ਹਨ ਤੇ ਹੁਣ ਕਿਹਾ ਜਾ ਰਿਹਾ ਹੈ ਕਿ ਜਲੰਧਰ ਦੇ ਅਕਾਲੀ ਇਹ ਕਿਉਂ ਕਹਿ ਰਹੇ ਹਨ ਕਿ ਜਾਣ ਬੁੱਝ ਕੇ ਸ਼ਰਾਰਤੀਆਂ ਨੇ ਸਿੱਖ ਦੁਕਾਨਾਂ ਹੀ ਸਾੜੀਆਂ? ਅਸੀਂ ਪੁੱਛਦੇ ਹਾਂ ਕਿ, ਕਰਫੀਊ ਦੇ ਹੁੰਦਿਆਂ ਵੀ ਉਸ ਦਿਨ ਜਾਂ 14 ਫਰਵਰੀ ਨੂੰ ਪੁਲਿਸ ਦੇ ਹੁੰਦਿਆਂ ਸਿੱਖਾਂ ਦੀਆਂ ਦੁਕਾਨਾਂ ਕਿਉਂ ਲੁੱਟੀਆਂ ਗਈਆਂ? ਲਕਸ਼ਮੀ ਕਮਰਸ਼ਲ ਬੈਂਕ ਦੀ ਗੱਲ ਕਰਦੇ ਹੋ? ਇਮਾਰਤ ਭਾਵੇਂ ਕਿਸੇ ਦੀ ਹੋਵੇ, ਕਿਵੇਂ ਇਹ ਹੋ ਸਕਦੀ ਹੈ ਕਿ, ਇਸ ਦੇ ਡਾਇਰੈਕਟਰ ਬਹੁਤੇ ਸਿੱਖ ਹਨ। ਚੱਲੋ, ਇਹ ਮੰਨ ਲਿਆ ਕਿ ਇਮਾਰਤ ਹਿੰਦੂ ਦੀ ਹੈ ਪਰ 'ਬਿਲੂ ਸਟਾਰ' ਜਾਂ 'ਸਾਹਨੀ ਰੇਡੀਓ' ਦੀਆਂ ਦੁਕਾਨਾਂ ਕੀ ਇਸ ਲਈ ਨਹੀਂ ਸਾੜੀਆਂ ਕਿ, ਉਹ ਇਕ ਫਿਰਕੇ ਦੀਆਂ ਹਨ? ਹੁਣ ਜੇ ਜਲੰਧਰ ਦੇ ਅਕਾਲੀ ਜਾਂ ਅਕਾਲੀ ਦਲ ਦੇ ਲੀਡਰ ਮੁਆਵਜ਼ੇ ਦੀ ਗੱਲ ਕਰਦੇ ਹਨ ਤਾਂ ਗੱਲ ਹੋਧਰੇ ਪਾਉਣ ਦੇ ਯਤਨ ਕਿਉਂ ਹੋ ਰਹੇ ਹਨ? ਪੋਲਾ ਜਿਹਾ ਮੂੰਹ ਕਰਕੇ ਅਖਬਾਰ ਨੇ ਕਹਿ ਦਿੱਤਾ - "ਪੰਜਾਬ ਦੇ ਮੰਦੇ ਭਾਗ ਹਨ ਕਿ ਇਥੇ ਹਰ ਮਸਲੇ ਨੂੰ ਹੁਣ ਫਿਰਕਾਦਾਰਾਨਾ ਐਨਕ ਨਾਲ ਹੀ ਦੇਖਿਆ ਜਾਂਦਾ ਹੈ।" ਹਰ



Digitized by Panjab Digital Library | www.panjabdigilib.org

ਕਰਮ ਦਾ ਇਕ ਪ੍ਰਤੀਕਰਮ ਹੁੰਦਾ ਹੈ। ਪੰਜਾਬ ਸਰਕਾਰ ਦੇ ਪਬਲਿਕ ਰੀਲੇਸ਼ਨਜ਼ ਡੀਪਾਰਟਮੈਂਟ ਦਾ ਫਰਜ਼ ਸੀ ਕਿ ਉਹ ਇਕ ਦਮ ਇਸ ਗੱਲ ਦੀ ਵਿਆਖਿਆ ਕਰਦਾ ਕਿ, ਜਲੰਧਰ ਦੀ ਅਗਜ਼ਨੀ ਵਿਚ ਹਿੰਦੂਆਂ ਤੇ ਸਿੱਖਾਂ ਦੋਹਾਂ ਦਾ ਨੁਕਸਾਨ ਹੋਇਆ ਹੈ। ਉਸ ਨੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ। ਉਹ ਵੀ ਕਈ ਵਾਰ ਅਕਾਲੀ ਦਲ ਦਾ ਪ੍ਰਚਾਰ ਵਿਭਾਗ ਬਣ ਜਾਂਦਾ ਹੈ।



Digitized by Panjab Digital Library | www.panjabdigilib.org

# ਸ੍ਰੀ ਦਰਬਾਰ ਸਾਹਿਬ ਦੇ ਫੌਜੀ ਹਮਲੇ ਸਮੇਂ
# ਜਦੋਂ ਆਨੰਦਪੁਰ ਦੀ ਯਾਦ ਤਾਜ਼ਾ ਹੋ ਗਈ:

ਦਰਬਾਰ ਸਾਹਿਬ ਉਤੇ ਆਖਰੀ ਵਾਰ ਧਾਵਾ ਬੋਲਣ ਤੋਂ ਪਹਿਲਾਂ ਇੰਦਰਾ ਗਾਂਧੀ ਨੇ ਪਿਛਲੇ ਤਿੰਨ ਮਹੀਨਿਆਂ 'ਚ ਘੱਟੋ ਘੱਟ ਤਿੰਨ ਵਾਰ ਧਾਵਾ ਬੋਲਣ ਲਈ ਮਨ ਬਣਾਇਆ ਸੀ ਪਰ ਹਰ ਵਾਰ ਉਹ ਆਖਰੀ ਸਮੇਂ ਡੋਲ ਜਾਂਦੀ ਹੈ। ਫੌਜ ਵਿਚਲੇ ਸਿੱਖ ਜਰਨੈਲਾਂ ਨੇ ਹਰਿਮੰਦਰ ਸਾਹਿਬ ਉਪਰ ਧਾਵਾ ਨਾ ਬੋਲਣ ਦੀ ਰਾਏ ਦਿੱਤੀ ਸੀ। ਪਰ ਇੰਦਰਾ ਸਰਕਾਰ ਵਿਚ ਬੈਠੇ ਕਾਂਗਰਸੀ ਚੋਗਿਆਂ ਵਾਲੇ ਜਨਸੰਘੀ ਲੀਡਰ ਹਰਿਮੰਦਰ ਸਾਹਿਬ ਉਤੇ ਧਾਵਾ ਬੋਲਣ ਲਈ ਬੜੇ ਕਾਹਲੇ ਸਨ।

ਇੰਦਰਾ ਦੀ ਇਸ ਦੁਚਿੱਤੀ ਪਿੱਛੇ ਦੋ ਵੱਡੀਆਂ ਦਲੀਲਾਂ ਸਨ। ਇਕ ਇਹ ਕਿ, ਹਰਿਮੰਦਰ ਸਾਹਿਬ ਉਪਰ ਧਾਵਾ ਬੋਲਣ ਨਾਲ ਬੜਾ ਖੂਨ ਖਰਾਬਾ ਹੋਵੇਗਾ, ਸਿੱਖਾਂ ਦੇ ਧਾਰਮਿਕ ਜਜ਼ਬਿਆਂ ਨੂੰ ਭਾਰੀ ਸੱਟ ਵੱਜੇਗੀ ਅਤੇ ਗ਼ੈਰ ਅਕਾਲੀ ਸਿੱਖ ਵੀ ਕਾਂਗਰਸ ਦੇ ਵਿਰੁੱਧ ਹੋ ਜਾਣਗੇ। ਦੂਜੀ ਦਲੀਲ ਸੀ ਕਿ, ਧਾਵਾ ਨਾ ਬੋਲਿਆ ਜਾਵੇ ਤਾਂ ਹਿੰਦੂਆਂ ਦੇ ਕਤਲ ਹੁੰਦੇ ਰਹਿਣਗੇ ਅਤੇ ਭਾਰਤ ਦੀ 98 ਪ੍ਰਤੀਸ਼ਤ ਗ਼ੈਰ ਸਿੱਖ ਵਸੋਂ ਕੇਂਦਰੀ ਸਰਕਾਰ ਨੂੰ ਖੱਸੀ ਸਮਝੇਗੀ ਅਤੇ ਉਹ ਕਾਂਗਰਸ ਦਾ ਸਾਥ ਛੱਡ ਜਾਣਗੇ। ਇਹ ਦੋਵੇਂ ਦਲੀਲਾਂ ਦੇ ਦਿਮਾਗ਼ੀ ਯੁੱਧ ਵਿਚੋਂ ਆਖਰ ਉਸ ਨੇ ਹਰਿਮੰਦਰ ਸਾਹਿਬ ਉਪਰ ਚੜ੍ਹਾਈ ਕਰਨ ਦਾ ਫੈਸਲਾ ਕਰ ਹੀ ਲਿਆ।


ਐਤਵਾਰ ਸਵੇਰੇ ਆਪਣੇ ਕੋਲ ਉਸ ਨੇ ਫੌਜੀ ਜਰਨੈਲ ਬੁਲਾਏ ਅਤੇ ਹਰਿਮੰਦਰ ਸਾਹਿਬ ਉਪਰ ਹਮਲਾ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਕੀਤੀ। ਜਰਨੈਲਾਂ ਦਾ ਖਿਆਲ ਸੀ ਕਿ 48 ਘੰਟਿਆਂ ਵਿਚ ਹਰਿਮੰਦਰ ਸਾਹਿਬ ਵਿਚੋਂ ਅਤਿਵਾਦੀਆਂ ਦਾ ਖਾਤਮਾ ਕੀਤਾ ਜਾ ਸਕਦਾ ਹੈ ਪਰ ਲੱਗੇ ਪੂਰੇ ਚਾਰ ਦਿਨ। ਭਾਰਤੀ ਫੌਜ ਹਰਿਮੰਦਰ ਸਾਹਿਬ 'ਚ ਮਸਾਂ ਇਕ ਇੰਚ ਹੀ ਅੱਗੇ ਵਧ ਸਕਦੀ ਸੀ। ਸਿੱਖਾਂ ਵਲੋਂ ਚਲਾਈਆਂ ਜਾ ਰਹੀਆਂ ਗੋਲੀਆਂ ਦੀ ਵਾਛੜ ਨੇ ਪਹਿਲੇ ਹੀ ਕੁਝ ਘੰਟਿਆਂ ਵਿਚ 34 ਫੌਜੀਆਂ ਨੂੰ ਪਾਰ ਬੁਲਾਇਆ।

ਬੁੱਧਵਾਰ ਸਵੇਰੇ ਜਨਰਲ ਰਣਜੀਤ ਸਿੰਘ ਦਿਆਲ ਨੇ ਤੋਪਾਂ ਅਤੇ ਟੈਂਕ ਮੰਗਵਾ ਲਏ। ਫੌਜੀ ਸਰਕਲ ਵਿਚ ਇਹ ਗੱਲ ਆਮ ਹੈ ਕਿ, ਇਕ ਸਟੇਜ ਉਪਰ ਜਨਰਲ ਦਿਆਲ ਬਿਲਕੁਲ ਮਾਯੂਸ ਹੋ ਗਿਆ ਸੀ। ਉਸ ਨੂੰ ਉਮੀਦ ਹੀ ਨਹੀਂ ਸੀ ਕਿ, ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਮਰਥਕ ਇਤਨੀ ਦ੍ਰਿੜ੍ਹਤਾ ਨਾਲ ਫੌਜ ਦਾ ਮੁਕਾਬਲਾ ਕਰਨਗੇ।

ਅਖੀਰ ਜਨਰਲ ਦਿਆਲ ਨੇ ਦਿੱਲੀ ਨੂੰ ਰੇਡੀਓ ਕਰਕੇ ਆਖਿਆ: "ਸੰਤ ਭਿੰਡਰਾਂਵਾਲਾ ਹਰਿਮੰਦਰ ਸਾਹਿਬ ਨੂੰ ਉਡਾ ਦੇਣ ਲਈ ਤਿਆਰ ਬੈਠਾ ਹੈ। ਮੇਰੇ ਕੋਲ ਹੁਣ ਕੋਈ ਚਾਰਾ ਨਹੀਂ ਹੈ।" ਇਸ ਮਗਰੋਂ ਹੀ ਦਿੱਲੀ ਤੋਂ ਆਰਡਰ ਕੀਤੇ ਗਏ ਕਿ, ਅਕਾਲ ਤਖਤ ਵਿਚੋਂ ਲੜ ਰਹੇ ਕਿਸੇ ਵੀ ਵਿਅਕਤੀ ਨੂੰ ਕੈਦੀ ਨਹੀਂ ਬਣਾਉਣਾ। ਭਾਵ ਕਿ ਉਨ੍ਹਾਂ ਦੀਆਂ ਲਾਸ਼ਾਂ ਹੀ ਮਿਲਣੀਆਂ ਚਾਹੀਦੀਆਂ ਹਨ। ਇਹੋ ਹੀ ਕਾਰਨ ਸੀ ਕਿ ਫੌਜ ਦੇ ਹਮਲੇ



Digitized by Panjab Digital Library | www.panjabdigilib.org






Digitized by Panjab Digital Library | www.panjabdigilib.org

ਦਰਮਿਆਨ ਕੋਈ ਵੀ ਵਿਅਕਤੀ ਜ਼ਿੰਦਾ ਨਹੀਂ ਫੜਿਆ ਗਿਆ। ਇਹੋ ਕਾਰਨ ਹੈ ਕਿ ਹੁਣ ਮਲਬੇ ਹੇਠੋਂ ਰੋਜ਼ ਦੋ ਦੋ ਸੌ ਸਿੰਘਾਂ ਦੀਆਂ ਲਾਸ਼ਾਂ ਲੱਭ ਰਹੀਆਂ ਹਨ।

ਕੇਂਦਰੀ ਸਰਕਾਰ ਦੇ ਇਕ ਬੁਲਾਰੇ ਨੇ ਆਖਿਆ ਹੈ ਕਿ, ਮਲਬੇ ਹੇਠੋਂ ਮਿਲੇ ਸਾਰੇ ਹੀ ਹਥਿਆਰ ਚੀਨ ਵਿਚ ਬਣਾਏ ਗਏ ਸਨ ਅਤੇ ਪਾਕਿਸਤਾਨ ਰਾਹੀਂ ਸਮਗਲ ਕਰਕੇ ਪੰਜਾਬ ਲਿਆਂਦੇ ਗਏ ਸਨ। ਉਸ ਦੇ ਕਹਿਣ ਅਨੁਸਾਰ ਮਲਬੇ ਵਿਚ 300 ਪਾਕਿਸਤਾਨੀ ਪਾਸਪੋਰਟ ਵੀ ਮਿਲੇ ਹਨ। ਤਿੰਨ ਪਾਕਿਸਤਾਨੀ, ਜਿਨ੍ਹਾਂ ਨੇ ਨਿਹੰਗੀ ਬਾਣਾ ਪਾਇਆ ਹੋਇਆ ਸੀ, ਉਨ੍ਹਾਂ ਦੀਆਂ ਲਾਸ਼ਾਂ ਮਲਬੇ ਵਿਚੋਂ ਮਿਲੀਆਂ ਹਨ। ਇਹ ਕੇਂਦਰੀ ਸਰਕਾਰ ਦੀ ਆਪਣੀ ਰੀਪੋਰਟ ਹੈ, ਕਿਸੇ ਹੋਰ ਏਜੰਸੀ ਨੇ ਇਸ ਖ਼ਬਰ ਦੀ ਪੁਸ਼ਟੀ ਨਹੀਂ ਕੀਤੀ। ਜਾਪਦਾ ਹੈ ਕਿ ਸਰਕਾਰ ਦਰਬਾਰ ਸਾਹਿਬ ਉਪਰ ਹਮਲੇ ਤੋਂ ਬੁਖਲਾ ਕੇ ਝੂਠੀ ਬਿਆਨਬਾਜ਼ੀ ਰਾਹੀਂ ਇਹ ਸਿੱਧ ਕਰਨਾ ਚਾਹੁੰਦੀ ਹੈ ਕਿ, ਅਤਿਵਾਦੀਆਂ ਨੂੰ ਪਾਕਿਸਤਾਨ ਦੀ ਸ਼ਹਿ ਸੀ।

10 ਜੂਨ ਦੇ 'ਸੰਡੇ ਟਾਈਮਜ਼' ਦੇ ਅਖ਼ਬਾਰ ਨੇ ਲਿਖਿਆ ਹੈ ਕਿ, ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹੱਲੇ ਮਗਰੋਂ ਪੰਜਾਬ ਵਿਚ ਕੀ ਹੋ ਰਿਹਾ ਹੈ। ਇਸ ਦੀ ਖਬਰ ਹਿੰਦ ਸਰਕਾਰ ਬਾਹਰ ਨਹੀਂ ਆਉਣ ਦਿੰਦੀ। ਪੰਜਾਬ ਨੂੰ ਮੋਹਰਬੰਦ ਕੀਤਾ ਪਿਆ ਹੈ। ਜੋ ਖਬਰ ਬਾਹਰ ਆਉਂਦੀ ਹੈ, ਉਹ ਕੇਂਦਰੀ ਸਰਕਾਰ ਦੇ ਬੁਲਾਰੇ ਆਪ ਦਿੰਦੇ ਹਨ। ਸੋ ਅਜਿਹੀ ਹਾਲਤ ਵਿਚ ਸਾਫ ਜਾਹਰ ਹੈ ਕਿ ਕੇਂਦਰੀ ਸਰਕਾਰ ਕੇਵਲ ਉਹੋ ਜਿਹੀਆਂ ਖ਼ਬਰਾਂ ਹੀ ਲੋਕਾਂ ਤੀਕ ਜਾਣ ਦੇਵੇਗੀ, ਜਿਹੜੀਆਂ ਜਾਂ ਕੇਂਦਰੀ ਸਰਕਾਰ ਦੇ ਹੱਕ ਵਿਚ ਹੋਣ ਜਾਂ ਫਿਰ ਹਰਿਮੰਦਰ ਸਾਹਿਬ ਉਤੇ ਬੋਲੇ ਫੌਜੀ ਹੱਲੇ ਦੀ ਲੋੜ ਨੂੰ ਠੀਕ ਸਾਬਤ ਕਰਦੀਆਂ ਹੋਣ।

ਇਕ ਫੌਜੀ ਸਰਕਲ ਵਿਚੋਂ ਆਈ ਖਬਰ ਅਨੁਸਾਰ ਇੰਦਰਾ ਗਾਂਧੀ ਨੇ ਇਹ ਚਿਤਵਿਆ ਨਹੀਂ ਸੀ ਕਿ, ਇਤਨੇ ਸਿੰਘ ਸ਼ਹੀਦ ਹੋ ਜਾਣਗੇ। ਉਹ ਸ਼ਾਇਦ ਇਸ ਫੌਜੀ ਉਪਰੇਸ਼ਨ ਨੂੰ ਕੋਈ ਬਹੁਤਾ ਕਠਿਨ ਕੰਮ ਨਹੀਂ ਸੀ ਸਮਝਦੀ।

ਇਕ ਨਾਮਾਨਿਗਾਰ ਦੇ ਸਵਾਲ ਦੇ ਉਤਰ ਵਿਚ ਇੰਦਰਾ ਗਾਂਧੀ ਨੇ ਆਖਿਆ ਕਿ, "ਅਤਿਵਾਦੀ ਦੋ ਤੋਂ ਤਿੰਨ ਮਹੀਨੇ ਤੱਕ ਤਾਂ ਜ਼ਰੂਰ ਪੰਜਾਬ ਵਿਚ ਖ਼ੂਨ ਖਰਾਬਾ ਕਰਨਗੇ। ਸਭ ਤੋਂ ਚਿੰਤਾ ਵਾਲੀ ਗੱਲ ਸਰਕਾਰ ਲਈ ਇਹ ਹੈ ਕਿ ਫੌਜੀ ਉਪਰੇਸ਼ਨ ਤੋਂ ਪਹਿਲਾਂ ਸੈਂਕੜੇ ਅਤਿਵਾਦੀ ਹਥਿਆਰ ਲੈ ਕੇ ਹਰਿਮੰਦਰ ਸਾਹਿਬ ਵਿਚੋਂ ਨਿਕਲ ਗਏ ਸਨ। ਉਹ ਹੁਣ ਪੰਜਾਬ ਦੇ ਪਿੰਡਾਂ ਵਿਚ ਲੁਕੇ ਬੈਠੇ ਹਨ। ਜਦੋਂ ਹੀ ਫੌਜ ਵਾਪਸ ਬੁਲਾਈ, ਇਹ ਲੋਕ ਮਾਸੂਮ ਹਿੰਦੂਆਂ ਦੇ ਫਿਰ ਕਤਲ ਕਰਨਗੇ।"

ਇਸੇ ਹੀ ਨਾਮਾਨਿਗਾਰ ਨੇ ਲਿਖਿਆ ਹੈ ਕਿ ਜਦੋਂ ਉਹ ਇੰਦਰਾ ਗਾਂਧੀ ਨਾਲ ਇੰਟਰਵਿਊ ਕਰ ਰਿਹਾ ਸੀ ਤਾਂ ਇਸ ਦੇ ਦੌਰਾਨ ਹੀ ਇਕ ਸਰਕਾਰੀ ਅਫਸਰ ਨੇ ਆ ਕੇ ਉਸ ਨੂੰ ਦੱਸਿਆ ਕਿ "ਆਰਮੀ ਗੋਲਡਨ ਟੈਂਪਲ ਵਿਚ ਦਾਖਲ ਹੋ ਗਈ ਹੈ।" ਖਬਰ ਸੁਣ ਕੇ ਇੰਦਰਾ ਗਾਂਧੀ ਦੇ ਚਿਹਰੇ ਉਪਰ ਕਿਸੇ ਕਿਸਮ ਦਾ ਕੋਈ ਪ੍ਰਭਾਵ ਨਹੀਂ ਆਇਆ।

ਦਿੱਲੀ ਦੇ ਰਾਜਸੀ ਹਲਕਿਆਂ ਵਿਚ ਇਹ ਗੱਲ ਆਮ ਹੈ ਕਿ, ਇੰਦਰਾ ਗਾਂਧੀ ਨੇ ਅੱਜ ਤੋਂ 9 ਮਹੀਨੇ ਪਹਿਲਾਂ ਹੀ ਹਰਿਮੰਦਰ ਸਾਹਿਬ 'ਤੇ ਧਾਵਾ ਬੋਲਣ ਦੀ ਸਕੀਮ ਬਣਾਈ ਹੋਈ ਸੀ। ਇਸ ਫੌਜੀ ਉਪਰੇਸ਼ਨ ਲਈ ਕੇਂਦਰੀ ਸਰਕਾਰ ਨੇ ਚਕਰਾਤੇ ਦੀਆਂ ਪਹਾੜੀਆਂ ਜਾਅਲੀ ਹਰਿਮੰਦਰ ਸਾਹਿਬ ਬਣਾ ਕੇ ਅਤੇ ਫੌਜ ਵਿਚੋਂ 600 ਨੌਜਵਾਨ ਇਸ ਕੰਮ ਲਈ ਵਿਸ਼ੇਸ਼ ਤੌਰ ਉਤੇ ਚੁਣੇ ਗਏ। ਉਨ੍ਹਾਂ ਨੂੰ ਹਰਿਮੰਦਰ ਦੀ ਸਾਰੀ ਅੰਦਰਲੀ ਸਥਿਤੀ ਸਮਝਾਈ ਗਈ। ਬਰਤਾਨੀਆ ਦੀ ਫੌਜ ਤੋਂ ਕਮਾਂਡੋਂ ਦੀ ਟਰੇਨਿੰਗ ਅਤੇ ਯੁੱਧ ਨੀਤੀ ਦੀ ਸਿਖਲਾਈ ਲਈ ਕੇਂਦਰੀ ਸਰਕਾਰ ਨੇ ਭਾਰਤ ਦੀ ਸੀ. ਆਈ. ਡੀ. ਦੇ ਵੱਡੇ ਵੱਡੇ ਅਫਸਰ ਲੰਡਨ ਭੇਜੇ। ਇਹ



Digitized by Panjab Digital Library | www.panjabdigilib.org

ਅਫਸਰ ਸਨ: ਗੈਰੀ ਸਕਸੈਨਾ ਅਤੇ ਐਚ. ਆਰ. ਕੇ.। ਇਨ੍ਹਾਂ ਅਫਸਰਾਂ ਨੇ ਅੱਗੋਂ ਹਰਿਮੰਦਰ ਸਾਹਿਬ ਉਪਰ ਧਾਵਾ ਬੋਲਣ ਵਾਲੇ ਅਤੇ ਵਿਸ਼ੇਸ਼ ਤੌਰ ਉਤੇ ਚੁਣੇ 600 ਜੁਆਨਾਂ ਨੂੰ ਸਿਖਲਾਈ ਦਿੱਤੀ। ਇਸ ਸਭ ਕੁਝ ਤੋਂ ਪਤਾ ਲਗਦਾ ਹੈ ਕਿ ਇੰਦਰਾ ਸਰਕਾਰ ਉਸ ਸਮੇਂ ਤੋਂ ਹੀ ਹਰਿਮੰਦਰ ਸਾਹਿਬ ਉਪਰ ਹਮਲਾ ਕਰਨ ਦੀਆਂ ਯੋਜਨਾਵਾਂ ਬਣਾ ਰਹੀ ਸੀ, ਜਦੋਂ ਹਾਲੀ ਪੰਜਾਬ ਵਿਚ ਫਿਰਕੂ ਕਤਲ ਵੀ ਨਹੀਂ ਸਨ ਹੋਣ ਲੱਗੇ। ਉਹ ਲੋਕ, ਜੋ ਅੱਜ ਕਹਿੰਦੇ ਹਨ ਕਿ, ਇੰਦਰਾ ਸਰਕਾਰ ਪਾਸ ਅਤਿਵਾਦੀਆਂ ਨੂੰ ਹਰਿਮੰਦਰ ਸਾਹਿਬ ਤੋਂ ਬਾਹਰ ਕੱਢਣ ਲਈ ਅਕਾਲ ਤਖਤ ਉਪਰ ਹਮਲੇ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਸੀ। ਉਨ੍ਹਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ, ਢੇਰ ਚਿਰ ਪਹਿਲਾਂ ਹੀ ਇੰਦਰਾ ਇਸ ਕੁਕਰਮ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੀ ਸੀ। ਉਹ ਤਾਂ ਬੱਸ ਕਿਸੇ ਬਹਾਨੇ ਦੀ ਉਡੀਕ ਵਿਚ ਸੀ। ਉਹ ਬਹਾਨਾ ਉਸ ਨੂੰ ਮਿਲ ਗਿਆ। ਅਕਾਲੀਆਂ ਦੇ ਪੰਜਾਬੋਂ ਬਾਹਰ ਕਣਕ ਨਾ ਜਾਣ ਦੇਣ ਦੇ ਮੋਰਚੇ ਤੋਂ। ਪੰਜਾਬ ਤੋਂ ਬਾਹਰ ਬੈਠੇ ਗੈਰ ਸਿੱਖਾਂ ਨੂੰ, ਕੇਂਦਰੀ ਸਰਕਾਰ, ਗੋਲਡਨ ਟੈਂਪਲ ਉਪਰ ਬੋਲੇ ਹੱਲੇ ਦਾ ਕਾਰਨ ਹੀ ਇਹ ਦੱਸ ਰਹੀ ਹੈ ਕਿ ਜੇ ਅਕਾਲ ਤਖਤ ਉਪਰ ਫੌਜੀ ਧਾਵਾ ਬੋਲ ਕੇ ਅਤਿਵਾਦੀਆਂ ਦਾ ਸਫਾਇਆ ਨਾ ਕੀਤਾ ਜਾਂਦਾ ਤਾਂ ਦੂਜੇ ਸੂਬਿਆਂ ਦੇ ਲੋਕਾਂ ਨੂੰ ਰੋਟੀ ਨਹੀਂ ਮਿਲਣੀ। ਉਨ੍ਹਾਂ ਲਈ ਪੰਜਾਬੋਂ ਕਣਕ ਦੀਆਂ ਭਰੀਆਂ ਗੱਡੀਆਂ ਚਾਲੂ ਰੱਖਣ ਲਈ ਹੀ ਜਿਵੇਂ ਕੇਂਦਰੀ ਸਕਰਾਰ ਨੇ ਇਹ ਧਾਵਾ ਬੋਲਿਆ ਹੋਵੇ। ਕੁਦਰਤੀ ਗੱਲ ਹੈ ਕਿ ਪੰਜਾਬੋਂ ਬਾਹਰਲੇ ਗੈਰ ਸਿੱਖਾਂ ਨੂੰ ਆਪਣੇ ਨਿਜੀ ਲਾਭ ਕਰਕੇ ਵੀ ਇੰਦਰਾ ਸਰਕਾਰ ਦੀ ਇਹ ਕਣਕ ਵਾਲੀ ਦਲੀਲ, ਹਰਿਮੰਦਰ ਸਾਹਿਬ ਉਤੇ ਹਮਲਾ ਕਰਨ ਲਈ ਬੜੀ ਵਾਜ਼ਬ ਲਗਦੀ ਹੋਵੇ।

ਉਂਜ ਵੀ ਸਿੱਖਾਂ ਦੇ ਪੂਜਨੀਕ ਅਤੇ ਸਭ ਤੋਂ ਵੱਡੇ ਧਾਰਮਿਕ ਅਸਥਾਨ ਨੂੰ ਫੌਜ ਵਲੋਂ ਢਹਿ ਢੇਰੀ ਕਰਨ ਨਾਲ ਕੇਵਲ ਸਿੱਖਾਂ ਨੂੰ ਹੀ ਦੁੱਖ ਹੋ ਸਕਦਾ ਹੈ। ਉਂਜ ਮੂੰਹ ਰੱਖਣ ਲਈ ਭਾਵੇਂ ਲੱਖ ਹਿੰਦੂ ਜਾਂ ਮੁਸਲਮਾਨ ਸਿੱਖਾਂ ਨਾਲ ਹਮਦਰਦੀਆਂ ਜਿਤਾਉਣ। ਇਸ ਲਈ ਅਕਾਲ ਤਖਤ ਦੀ ਹੋਈ ਬੇਹੁਰਮਤੀ ਦਾ ਬਦਲਾ ਵੀ ਸਿੱਖ ਹੀ ਲੈਣਗੇ।

ਉਹ ਲੋਕ, ਜਿਹੜੇ ਪੰਜਾਬ ਨੂੰ ਖੇਰੂੰ ਖੇਰੂ ਹੋ ਜਾਣ ਦਾ ਡਰਾਵਾ ਦੇ ਕੇ ਅਕਾਲੀਆਂ ਦੀਆਂ ਹੀ ਨਹੀਂ, ਸਗੋਂ ਪੰਜਾਬੀਆਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਇਨਕਾਰੀ ਹਨ, ਉਨ੍ਹਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ, ਪੰਜਾਬੀਆਂ ਦੀਆਂ ਮੰਗਾਂ ਸਵੀਕਾਰ ਕਰਨ ਬਿਨਾਂ ਪੰਜਾਬ ਵਿਚ ਅਮਨ ਸ਼ਾਂਤੀ ਨਹੀਂ ਕਾਇਮ ਕੀਤੀ ਜਾ ਸਕਦੀ। ਸਾਰੇ ਝਗੜੇ ਦਾ ਮੁੱਢ ਹੀ ਕੇਂਦਰੀ ਸਰਕਾਰ ਵਲੋਂ ਮੋਰਚੇ ਨੂੰ ਲਮਕਾਉਣ ਅਤੇ ਜਾਇਜ਼ ਮੰਗਾਂ ਮੰਨਣ ਤੋਂ ਮੂੰਹ ਫੇਰਨਾ ਹੀ ਹੈ। ਫੌਜ ਅਤੇ ਪੁਲਿਸ ਕੁਝ ਸਮੇਂ ਲਈ ਲੋਕਾਂ ਨੂੰ ਦਬਾ ਕੇ ਰੱਖ ਸਕਦੀਆਂ ਨੇ ਪਰ ਅਸਲ ਮੰਗਾਂ ਨੂੰ ਮੰਨੇ ਬਿਨਾਂ ਹੋਰ ਕੋਈ ਚਾਰਾ ਨਹੀਂ।

ਜੇ ਇੰਦਰਾ ਗਾਂਧੀ ਇਸ ਆਸ ਉਤੇ ਬੈਠੀ ਹੈ ਕਿ ਅਕਾਲੀ ਆਪਸ ਵਿਚ ਫਟ ਜਾਣਗੇ ਤੇ ਮੋਰਚਾ ਆਪੇ ਹੀ ਹੌਲੀ ਹੌਲੀ ਹਾੜ ਦੀ ਧੁੱਪ ਵਿਚ ਭਾਫ ਵਾਂਗ ਉਡ ਜਾਏਗਾ ਤਾਂ ਫਿਰ ਉਹ ਬਹੁਤ ਗਲਤ ਸੋਚ ਦੀ ਸ਼ਿਕਾਰ ਹੈ। ਹਰਿਮੰਦਰ ਸਾਹਿਬ ਉਪਰ ਚਾੜ੍ਹੀ ਗਈ ਫੌਜ ਅਕਾਲ ਤਖਤ ਦੀ ਕੀਤੀ ਬਰਬਾਦੀ ਅਤੇ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਨੇ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਸਿੱਖ ਕੌਮ ਨੂੰ ਇਕੱਠਿਆਂ ਕਰ ਦਿੱਤਾ ਹੈ। ਅੱਜ ਪਹਿਲਾਂ ਨਾਲੋਂ ਕਿਤੇ ਵੱਧ ਦ੍ਰਿੜ੍ਹਤਾ ਨਾਲ ਸਿੱਖ ਖਾਲਿਸਤਾਨ ਦੀ ਮੰਗ ਕਰ ਰਹੇ ਹਨ। ਉਹ ਸਿੱਖ ਵੀ, ਜਿਹੜੇ ਖਾਲਿਸਤਾਨ ਦੀ ਮੰਗ ਕਰਦਿਆਂ ਥਥਲਾਉਂਦੇ ਸਨ, ਅੱਜ ਉਹੀ ਸਿੱਖ ਭਾਰਤ ਨਾਲੋਂ ਸਦਾ ਲਈ ਨਾਤਾ ਤੋੜ ਲੈਣ ਲਈ ਅਕਾਲੀ ਲੀਡਰਸ਼ਿਪ ਨੂੰ ਅਪੀਲਾਂ ਕਰ ਰਹੇ ਹਨ। ਸਿੱਖ ਫੌਜੀ ਅਫਸਰਾਂ, ਸਿੱਖ ਜੁਆਨਾਂ ਅਤੇ ਹੋਰ ਵੱਡੇ ਵੱਡੇ ਸਰਕਾਰੀ ਅਫਸਰ ਕੇਂਦਰੀ ਸਰਕਾਰ ਕੋਲ ਖਾਧੀ ਵਫਾਦਾਰੀ ਦੀ ਸੰਹੁ ਉਪਰ ਆਪ ਹੀ ਸ਼ਰਮਿੰਦਾ ਹੋ ਰਹੇ ਹਨ। ਰਾਸ਼ਟਰਪਤੀ ਭਾਵੇਂ ਉਤੋਂ



Digitized by Panjab Digital Library | www.panjabdigilib.org

ਅਸਤੀਫਾ ਨਾ ਦੇਣ ਦੀਆਂ ਗੱਲਾਂ ਕਰਦਾ ਹੈ ਪਰ ਹਰਿਮੰਦਰ ਸਾਹਿਬ ਵਿਚ ਹੋਈ ਬਰਬਾਦੀ ਕਾਰਨ ਆਉਣ ਵਾਲੇ ਸਮੇਂ 'ਚ ਉਹ ਵੀ ਰਾਤ ਨੂੰ ਬਰੜਾ ਬਰੜਾ ਕੇ ਉਠੇਗਾ। ਇਹ ਸਾਕਾ ਸਦੀਆਂ ਭਰ ਸਿੱਖਾਂ ਨੂੰ ਨਹੀਂ ਭੁੱਲ ਸਕਦਾ।

## ਸਰਕਾਰ ਵਲੋਂ ਹੁਣ ਕਰੋੜਾਂ ਰੁਪੈ ਸੰਤਾਂ ਨੂੰ ਬਦਨਾਮ ਕਰਨ ਲਈ ਖਰਚੇ ਜਾਣ ਲੱਗੇ:

ਅੱਠ ਸਫਿਆਂ ਉਤੇ ਅਧਾਰਤ ਇਕ ਕਿਤਾਬਚਾ ਸਰਕਾਰ ਨੇ 30 ਲੱਖ ਛਾਪ ਕੇ ਪੰਜਾਬ ਅਤੇ ਹੋਰਨਾਂ ਸਿੱਖ ਵਸੋਂ ਵਾਲੇ ਸ਼ਹਿਰਾਂ ਵਿਚ ਵੰਡਣਾ ਸ਼ੁਰੂ ਕੀਤਾ ਹੈ।

ਇਸ ਵਿਚ ਗਿਆਨੀ ਜ਼ੈਲ ਸਿੰਘ ਦੀ ਤਕਰੀਰ ਅਤੇ ਦਰਬਾਰ ਸਾਹਿਬ ਵਿਚ ਘੁੰਮਦੇ ਦੀ ਫੋਟੋ ਛਾਪੀ ਗਈ ਹੈ। ਲਿਖਿਆ ਗਿਆ ਹੈ ਕਿ ਦਰਬਾਰ ਸਾਹਿਬ ਉਤੇ ਹਮਲਾ ਕਿਉਂ ਉਚਿਤ ਸੀ। ਝੂਠੀ ਇਸ਼ਤਿਹਾਰਬਾਜ਼ੀ ਕਰਨ ਲਈ ਆਲ ਇੰਡੀਆ ਰੇਡੀਓ ਅਤੇ ਦੂਰ ਦਰਸ਼ਨ ਨੂੰ ਖੂਬ ਵਰਤਿਆ ਜਾ ਰਿਹਾ ਹੈ।

— • —

ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਸਿੱਖ ਸੰਗਤਾਂ ਅਤੇ ਯਾਤਰੀਆਂ ਤੇ ਕੀਤੇ ਗਏ ਅਕਹਿ ਅਤੇ ਅਸਹਿ ਜ਼ੁਲਮ ਨੇ ਗਾਂਧੀ ਦੀ ਅਹਿੰਸਾਵਾਦੀ ਸਰਕਾਰ ਦਾ ਘਿਨਾਉਣਾ ਚਿਹਰਾ ਸਾਰੀ ਦੁਨੀਆਂ ਦੇ ਅਮਨ ਪਸੰਦ ਲੋਕਾ ਸਾਹਮਣੇ ਨੰਗਾ ਕਰ ਦਿੱਤਾ ਹੈ।

ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਉਹ ਹੱਸ ਹੱਸ ਗੋਲੀਆਂ ਅੱਗੇ ਛਾਤੀਆਂ ਤਾਣ ਕੇ ਮੁਕਾਬਲਾ ਤਾਂ ਕਰਦੇ ਰਹੇ ਪਰ ਉਨ੍ਹਾਂ ਦਾ ਸਿੱਖੀ ਸਿਦਕ ਨਹੀਂ ਡੋਲਿਆ। ਉਹ ਸਿੱਖੀ ਰਵਾਇਤਾਂ ਨੂੰ ਬਰਕਰਾਰ ਰੱਖਦਿਆਂ ਪੁਰਜ਼ਾ ਪੁਰਜ਼ਾ ਤਾਂ ਕੱਟ ਮਰੇ ਪਰ ਰਣ ਤੱਤੇ ਵਿਚ ਹਥਿਆਰ ਨਹੀਂ ਸੁੱਟੇ।

ਸਰਕਾਰ ਉਨ੍ਹਾਂ ਨੂੰ ਅੱਤਵਾਦੀ ਅਤੇ ਆਤੰਕਵਾਦੀ ਅਤੇ ਵੱਖਵਾਦੀ ਆਖ ਰਹੀ ਹੈ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਨੇ ਸ਼ਹਾਦਤ ਤੋਂ ਪਹਿਲਾਂ ਕਦੇ ਵੀ ਅਜਿਹਾ ਕੋਈ ਬਿਆਨ ਨਹੀਂ ਦਿੱਤਾ, ਜਿਸ ਤੋਂ ਇਸ ਗੱਲ ਦੇ ਸੰਕੇਤ ਮਿਲਦੇ ਹੋਣ ਕਿ ਉਹ ਆਪਣਾ ਵੱਖਰਾ ਦੇਸ਼ ਕਾਇਮ ਕਰਨਾ ਚਾਹੁੰਦੇ ਸਨ। ਉਹ ਹਮੇਸ਼ਾਂ ਹੀ ਇਹ ਆਖਦੇ ਸਨ, "ਅਸੀਂ ਭਾਰਤ ਨਾਲੋਂ ਟੁੱਟਣਾ ਨਹੀਂ ਚਾਹੁੰਦੇ। ਅਸੀਂ ਖਾਲਿਸਤਾਨ ਦੀ ਮੰਗ ਨਹੀਂ ਕਰਦੇ ਪਰ ਸਰਕਾਰ ਜੇ ਸਾਨੂੰ ਖਾਲਿਸਤਾਨ ਦੇਵੇਗੀ ਤਾਂ ਅਸੀਂ ਇਨਕਾਰ ਵੀ ਨਹੀਂਕਰਾਂਗੇ।"

ਉਨ੍ਹਾਂ ਸਪੱਸ਼ਟ ਕਰ ਦਿੱਤਾ ਸੀ, "ਸਿੱਖ 1947 ਵਾਲੀ ਗ਼ਲਤੀ ਨਹੀਂ ਦੁਹਰਾਉਣਗੇ ਅਤੇ ਜਿਸ ਦਿਨ ਵੀ ਭਾਰਤ ਦੀ ਹਿੰਦੂ ਸਰਕਾਰ ਨੇ ਦਰਬਾਰ ਸਾਹਿਬ ਦੇ ਪਵਿੱਤਰ ਅਹਾਤੇ ਵਿਚ ਫੌਜ ਭੇਜ ਦਿੱਤੀ, ਉਸੇ ਦਿਨ ਖਾਲਸਾ ਰਾਜ ਦੀ ਸਥਾਪਨਾ ਦਾ ਨੀਂਹ ਪੱਥਰ ਰੱਖ ਦਿੱਤਾ ਜਾਵੇਗਾ।"

ਸੋ ਇਹ ਨੀਂਹ ਪੱਥਰ ਰੱਖ ਦਿੱਤਾ ਗਿਆ ਹੈ। ਪਰ ਕਿਸੇ ਵੀ ਇਮਾਰਤ ਦਾ ਨੀਂਹ ਪੱਥਰ ਰੱਖਣ ਨਾਲ ਹੀ ਤਾਂ ਇਮਾਰਤ ਉਸਰ ਨਹੀਂ ਜਾਂਦੀ। ਇਸ ਦੀ ਉਸਾਰੀ ਲਈ ਸਮਾਂ, ਮਾਇਆ ਅਤੇ ਬੰਦਿਆਂ ਦੀ ਲੋੜ ਹੁੰਦੀ ਹੈ।



Digitized by Panjab Digital Library | www.panjabdigilib.org

ਖਾਲਸਾ ਰਾਜ ਦੀ ਸਥਾਪਨਾ ਲਈ ਤਨ ਮਨ ਅਤੇ ਧਨ ਨਾਲ ਜੂਝਣ ਵਾਲੇ ਸੂਰਬੀਰਾਂ ਦੀ ਲੋੜ ਹੈ। ਖਾਲਸਾ ਰਾਜ ਦੀ ਉਸਾਰੀ ਵਿਚ ਵਿਘਨ ਪਾਉਣ ਦਾ ਕੰਮ ਭਾਰਤ ਦੀ ਕੇਂਦਰੀ ਸਰਕਾਰ ਨੇ ਆਰੰਭ ਵੀ ਕਰ ਦਿੱਤਾ ਹੈ। ਸਮੂੰਹ ਜਗਤ ਵਿਚ ਸਿੱਖਾਂ ਨੂੰ ਬਦਨਾਮ ਕਰਨ ਲਈ ਆਪਣੇ ਕੁਕਰਮਾਂ ਦੀ ਪਰਦਾਪੋਸ਼ੀ ਲਈ ਹਰਿਮੰਦਰ ਸਾਹਿਬ ਦੇ ਘੱਲੂਘਾਰੇ ਵਿਚ ਸ਼ਹੀਦ ਹੋਏ ਦੋ ਹਜ਼ਾਰ ਸਿੰਘਾਂ ਨੂੰ ਮੁਜ਼ਰਮਾਂ ਵਾਂਗ ਪੇਸ਼ ਕਰਨ ਲਈ ਕੇਂਦਰੀ ਸਰਕਾਰ ਦੀ ਪ੍ਰਾਪੇਗੰਡਾ ਮਸ਼ੀਨਰੀ ਹਰਕਤ ਵਿਚ ਆ ਗਈ ਹੈ। ਅੱਜ ਜ਼ਮਾਨਾ ਪ੍ਰਚਾਰ ਅਤੇ ਪ੍ਰਾਪੇਗੰਡਾ ਦਾ ਹੈ। ਸਰਕਾਰ ਲਈ ਲੱਖਾਂ ਕਰੋੜਾਂ ਰੁਪੈ ਖਰਚ ਕਰ ਦੇਣੇ ਇਕ ਸਾਧਾਰਨ ਜਿਹੀ ਗੱਲ ਹੈ। ਅਖਬਾਰਾਂ, ਟੈਲੀਵਿਜਨ, ਰੇਡੀਓ ਰਾਹੀਂ ਸਰਕਾਰ ਪ੍ਰਾਪੇਗੰਡਾ ਦਾ ਜੰਗ ਵੀ ਉਸੇ ਪੱਧਰ, ਉਸੇ ਬੇਦਰਦੀ ਨਾਲ ਲੜੇਗੀ, ਜਿਸ ਨਾਲ ਉਸ ਨੇ ਦਰਬਾਰ ਸਾਹਿਬ ਦੀ ਪਾਕੀਜ਼ਗੀ ਨੂੰ ਫੌਜੀ ਬੂਟਾਂ, ਟੈਂਕਾਂ ਹੇਠ ਦਰੜਨ ਦੀ ਜੰਗ ਲੜੀ ਸੀ।

ਪ੍ਰੋਪਾਗੰਡਾ ਦੀ ਇਸ ਜੰਗ ਵਿਚ ਉਨ੍ਹਾਂ ਚੌਧਰ ਤੇ ਕੁਰਸੀ ਦੇ ਭੁੱਖੇ ਘੜੰਮ ਚੌਧਰੀ ਸਿੱਖਾਂ ਨੂੰ ਵਰਤਿਆ ਜਾਵੇਗਾ, ਜੋ ਇੰਦਰਾ ਦੇ ਨਮਕ ਹਲਾਲ ਅਤੇ ਹੱਥ ਠੋਕੇ ਸਨ ਅਤੇ ਅੱਜ ਵੀ ਹਨ।

ਭਾਰਤ ਦੇ ਰਾਸ਼ਟਰਪਤੀ ਗਿ. ਜ਼ੈਲ ਸਿੰਘ ਨੇ ਤਾਂ ਬਿਆਨ ਵੀ ਜਾਰੀ ਕਰ ਦਿੱਤਾ ਹੈ ਕਿ ਅਕਾਲ ਤਖਤ ਤੇ ਪਾਕਿਸਤਾਨ ਦੀ ਸਹਾਇਤਾ ਨਾਲ ਮੁਤਵਾਜ਼ੀ ਸਰਕਾਰ ਦਾ ਐਲਾਨ ਕਰ ਦਿੱਤਾ ਜਾਣਾ ਸੀ। ਸ. ਬੂਟਾ ਸਿੰਘ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਦਰਬਾਰਾ ਸਿੰਘ ਨੇ ਬਿਆਨ ਦਿੱਤੇ ਹਨ ਕਿ ਹਰਿਮੰਦਰ ਸਾਹਿਬ ਦੀ ਪਵਿੱਤ੍ਰਤਾ ਨੂੰ ਬਚਾਉਣ ਲਈ ਫੌਜੀ ਕਾਰਵਾਈ ਜ਼ਰੂਰੀ ਸੀ।

ਇਸ ਸਿਲਸਿਲੇ ਵਿਚ ਹੋਰ ਵੀ ਬਹੁਤ ਸਾਰੇ ਸਿੱਖ ਸਿਆਸਤਦਾਨਾਂ, ਸਿੱਖ ਅਫਸਰਾਂ ਨੂੰ, ਭਾਰਤ ਸਰਕਾਰ ਦੀ ਇਸ ਕਾਰਵਾਈ ਦੇ ਹੱਕ ਵਿਚ ਬਿਆਨ ਦੇਣ ਲਈ ਆਖਿਆ ਜਾਵੇਗਾ। ਸਿੱਖ ਸੰਗਤਾਂ ਵਿਚ ਭੁਲੇਖੇ ਪਾਉਣ ਲਈ, ਸਿੱਖੀ ਨੂੰ ਢਾਅ ਲਾਉਣ ਲਈ ਇਹ ਨੇਤਾ ਬਿਆਨ ਜਾਰੀ ਕਰਦੇ ਰਹਿਣਗੇ।

ਪ੍ਰਾਪੇਗੰਡਾ ਦੀ ਇਸ ਜੰਗ ਵਿਚ ਰੇਡੀਓ ਅਤੇ ਦੂਰ ਦਰਸ਼ਨ ਨੂੰ ਵਰਤਿਆ ਜਾਵੇਗਾ ਇਨ੍ਹਾਂ ਰਾਹੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਛੁਟਿਆਇਆ ਜਾਵੇਗਾ। ਜੇ ਸਰਕਾਰ ਆਖੇਗੀ ਕਿ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਮੌਤ, ਪੱਥਰ ਲੱਗਣ ਨਾਲ ਹੋਈ ਸੀ ਤਾਂ ਝੋਲੀ ਚੁੱਕ ਅਖਬਾਰ ਸਰਕਾਰੀ ਕਬਜ਼ੇ ਹੇਠ ਕੰਮ ਕਰਨ ਵਾਲਾ ਮੀਡੀਆ ਭੋਂਪੂ ਵਾਂਗ ਇਹੀ ਆਖੇਗਾ ਕਿ, ਸੰਤ ਭਿੰਡਰਾਂਵਾਲੇ ਦੀ ਮੌਤ ਪੱਥਰ ਲੱਗਣ ਨਾਲ ਹੋਈ ਸੀ। ਜੇ ਸਰਕਾਰ ਇਹ ਆਖ ਦੇਵੇਗੀ ਕਿ, ਸੰਤ ਭਿੰਡਰਾਂਵਾਲੇ ਦੀ ਮੌਤ ਬਬਰ ਖਾਲਸਾ ਵਾਲਿਆਂ ਹੱਥੋਂ ਹੋਈ ਸੀ, ਤਾਂ ਸਰਕਾਰੀ ਹੱਥ ਠੋਕੇ ਇਹ ਪ੍ਰਕਾਸ਼ਤ ਜਾਂ ਪ੍ਰਸਾਰਿਤ ਕਰ ਦੇਣਗੇ। ਇਹ ਉਨ੍ਹਾਂ ਦੀਆਂ ਸ਼ਹੀਦੀਆਂ ਨੂੰ ਛੁਟਿਆਉਣ ਦਾ ਇਕ ਤਰੀਕਾ ਹੁੰਦਾ ਹੈ। ਇਹ ਗੱਲ ਤਾਂ ਸਭ ਨੂੰ ਪਤਾ ਹੀ ਹੈ ਕਿ ਸ਼ਹੀਦ ਦੀ ਮੌਤ ਕੌਮ ਦੀ ਜ਼ਿੰਦਗੀ ਹੁੰਦੀ ਹੈ ਤੇ ਕੇਂਦਰੀ ਸਰਕਾਰ ਕਦੇ ਵੀ ਇਹ ਨਹੀਂ ਚਾਹੇਗੀ ਕਿ, ਹਰਿਮੰਦਰ ਸਾਹਿਬ ਦੇ ਘੱਲੂਘਾਰੇ ਵਿਚ ਵੀਰਗਤੀ ਪ੍ਰਾਪਤ ਕਰਨ ਵਾਲਿਆਂ ਨੂੰ ਸ਼ਹੀਦਾਂ ਦਾ ਦਰਜਾ ਮਿਲੇ।

ਪ੍ਰਾਪੇਗੰਡਾ ਦੀ ਇਸ ਜੰਗ ਵਿਚ ਉਨ੍ਹਾਂ ਸਾਰੇ ਦੇਸ਼ਾਂ ਦਾ ਨਾਂ ਲਿਆ ਜਾ ਸਕਦਾ ਹੈ, ਜਿਨ੍ਹਾਂ ਨਾਲ ਭਾਰਤ ਦੀ ਕਈ ਪੱਖਾਂ ਤੋਂ ਅਸਹਿਮਤੀ ਹੈ। ਪਾਕਿਸਤਾਨ ਨਾਲ 1947 ਤੋਂ ਬਾਦ 3 ਜੰਗਾਂ ਲੜੀਆਂ ਜਾ ਚੁੱਕੀਆਂ ਹਨ। ਇਸ ਲਈ ਪੰਜਾਬ ਦੇ ਹਾਲਾਤ ਖਰਾਬ ਕਰਨ ਵਿਚ ਜਾਂ 'ਅਸਲ੍ਹਾ ਸਪਲਾਈ' ਕਰਨ ਵਿਚ ਪਾਕਿਸਤਾਨ ਦਾ ਨਾਂ ਸਭ ਤੋਂ ਆਸਾਨੀ ਨਾਲ



Digitized by Panjab Digital Library | www.panjabdigilib.org

ਲਿਆ ਜਾ ਸਕਦਾ ਹੈ ਤੇ ਲਿਆ ਵੀ ਜਾ ਰਿਹਾ ਹੈ।

ਚੀਨ ਤੇ ਭਾਰਤ ਦੀ ਵੀ ਇਕ ਜੰਗ ਹੋ ਚੁੱਕੀ ਹੈ ਅਤੇ ਦੋਨੋਂ ਦੇਸ਼ ਇਕ ਦੂਜੇ ਦੇ ਨੇੜੇ ਵੀ ਨਹੀਂ। ਇਹੀ ਕਾਰਨ ਹੈ ਕਿ ਚੀਨੀ ਹਥਿਆਰਾਂ ਦਾ ਰੌਲਾ ਵੀ ਪਾਇਆ ਗਿਆ। ਅਮਰੀਕਾ ਦੀ ਸੀ. ਆਈ. ਏ. ਦੇ ਵਿਰੁੱਧ ਤਾਂ ਕੁਝ ਵੀ ਆਖਿਆ ਜਾ ਸਕਦਾ ਹੈ। ਇਥੋਂ ਤੱਕ ਕਿ, ਕਿਸੇ ਕਾਂਗਰਸੀ ਦੇ ਘਰ ਪੁੱਤਰ ਵੀ ਨਾ ਜੰਮੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਇਸ ਵਿਚ ਸੀ. ਆਈ. ਏ. ਵਾਲਿਆਂ ਦਾ ਹੱਥ ਹੈ।

ਅਕਾਲ ਤਖਤ ਬਾਰੇ ਵੀ ਆਖਿਆ ਜਾ ਸਕਦਾ ਹੈ ਕਿ ਇਹ ਚੋਰਾਂ, ਡਾਕੂਆਂ, ਸਮਗਲਰਾਂ, ਕਾਤਲਾਂ ਦਾ ਅੱਡਾ ਬਣ ਚੁੱਕਾ ਸੀ। ਅਸਲ ਵਿਚ ਇਹ ਆਖਿਆ ਜਾ ਚੁੱਕਾ ਹੈ ਕਿ ਇੰਦਰਾ ਕਾਂਗਰਸ ਦੀ ਲੋਕ ਸਭਾ ਮੈਂਬਰ ਅਮਰਜੀਤ ਕੌਰ (ਜੋ ਖੁਦ ਸਿੱਖ ਹੈ) ਦੇ ਮੂੰਹੋਂ ਇਹ ਦੋਸ਼ ਲਗਵਾਇਆ ਗਿਆ ਹੈ।

ਖੁਦ ਸਰਕਾਰ ਨੇ ਆਖ ਦਿੱਤਾ ਹੈ ਕਿ, ਦਰਬਾਰ ਸਾਹਿਬ ਵਿਚੋਂ ਕਰੋੜਾਂ ਡਾਲਰਾਂ ਦੀ ਹੈਰੋਇਨ ਬ੍ਰਾਮਦ ਹੋਈ ਹੈ। ਸਰਕਾਰ ਤਾਂ ਇਹ ਵੀ ਕਹਿੰਦੀ ਹੈ ਕਿ ਹੈਰੋਇਨ ਸਪਲਾਈ ਕਰ ਕੇ ਹਥਿਆਰ ਖਰੀਦੇ ਜਾਂਦੇ ਸਨ। ਹਥਿਆਰ ਵੀ ਕੋਈ ਮਾਮੂਲੀ ਨਹੀਂ। ਮਸ਼ੀਨ ਗੰਨਾਂ, ਹੈਂਡ ਗਰਨੇਡ ਅਤੇ ਐਂਟੀ ਟੈਂਕ ਮੀਜ਼ਾਈਲਾਂ। ਹੁਣ ਇਨ੍ਹਾਂ ਸ੍ਰਕਾਰੀ ਪਿੱਠੂਆਂ ਨੂੰ ਕੋਈ ਪੁੱਛੇ ਬਈ ਭਲਿਓ ਮਾਣਸੋ, ਪਿਛਲੇ ਸਵਾ ਸਾਲ ਤੋਂ ਸੀ. ਆਰ. ਪੀ. ਅਤੇ ਬੀ. ਐਸ. ਐਫ. ਦੀ ਮਦਦ ਨਾਲ ਤੁਸੀਂ ਦਰਬਾਰ ਸਾਹਿਬ ਨੂੰ ਘੇਰਾ ਪਾਇਆ ਹੋਇਆ ਸੀ ਤੇ ਫਿਰ ਇਹ ਹਥਿਆਰ ਅੰਦਰ ਕਿੰਜ ਪੁੱਜ ਗਏ? ਜੋ ਸਮਗਲਰ ਲੱਖਾਂ ਕਰੋੜਾਂ ਡਾਲਰਾਂ ਦੀ ਹੈਰੋਇਨ ਦਾ ਵਪਾਰ ਕਰਦੇ ਸਨ ਤਾਂ ਤੁਹਾਡੀ ਇਨਟੈਲੀਜੈਂਸ ਅਤੇ ਸੀ. ਆਈ. ਡੀ. ਕਿੱਧਰ ਘੋੜੇ ਵੇਚ ਕੇ ਸੁੱਤੀ ਪਈ ਸੀ?

ਪ੍ਰਾਪੇਗੰਡਾ ਦੀ ਇਸ ਜੰਗ ਵਿਚ ਕੁਝ ਵਾਅਦਾ ਮੁਆਫ ਗਵਾਹ ਵੀ ਖੜ੍ਹੇ ਕੀਤੇ ਜਾਣਗੇ। 1700 ਦੇ ਕਰੀਬ ਸਿੱਖ ਦਰਬਾਰ ਸਾਹਿਬ ਦੇ ਅਹਾਤੇ ਵਿਚੋਂ ਗ੍ਰਿਫਤਾਰ ਕੀਤੇ ਗਏ ਹਨ। ਪਤਾ ਨਹੀਂ ਕਿ ਪਾਬੰਦੀ ਦੀ ਮਾਰ ਹੇਠ ਆਈ ਜਮਾਤ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੇ ਕਿਹਨਾਂ ਹਾਲਤਾਂ ਵਿਚ ਆਪਣੇ ਆਪ ਨੂੰ ਫੌਜ ਦੇ ਹਵਾਲੇ ਕੀਤਾ। ਪਰ ਜੇ ਉਹ ਫੇਰ ਕਮਜ਼ੋਰੀ ਦਿਖਾ ਕੇ ਵਾਅਦਾ ਮੁਆਫ ਗਵਾਹ ਬਣ ਗਿਆ ਤਾਂ ਉਸ ਦੇ ਕੋਲੋਂ ਬਹੁਤ ਕੁਝ ਗਲਤ ਮਲਤ ਬਕਵਾਇਆ ਜਾਵੇਗਾ। ਤਰ੍ਹਾਂ ਤਰ੍ਹਾਂ ਦੇ ਦੂਸ਼ਨ ਉਸ ਦੇ ਰਾਹੀਂ ਲਗਵਾਏ ਜਾਣਗੇ।

ਸਰਕਾਰ ਨੇ ਤਾਂ ਇਹ ਵੀ ਰੌਲਾ ਪਾ ਦਿੱਤਾ ਹੈ ਕਿ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਜਿਹੜਾ 30,93,296 ਦੀ ਨਕਦੀ, 12 ਪੌਂਡ ਸੋਨਾ, ਢਾਈ ਪੌਂਡ ਚਾਂਦੀ, 3 ਪੌਂਡ ਹੀਰੇ ਜਵਾਹਰਾਤ ਮਿਲੇ ਹਨ, ਉਹ ਲੁੱਟ ਦਾ ਮਾਲ ਹਨ। ਸੰਤ ਭਿੰਡਰਾਂਵਾਲੇ ਤੇ ਇਹ ਦੋਸ਼ ਲਾ ਕੇ ਕੇਂਦਰੀ ਸਰਕਾਰ ਦੀ ਪ੍ਰਾਪੇਗੰਡਾ ਮਸ਼ੀਨਰੀ ਨੇ ਉਨ੍ਹਾਂ ਲੱਖਾਂ ਹੀ ਸੰਗਤਾਂ ਨੂੰ ਕੱਖੋਂ ਹੌਲਾ ਕਰ ਦਿੱਤਾ ਹੈ, ਜੋ ਉਨ੍ਹਾਂ ਦੇ ਦਰਸ਼ਨ ਹਿਤ ਗਈਆਂ ਚੜ੍ਹਾਵਾ ਚੜ੍ਹਾਉਂਦੀਆਂ ਰਹੀਆਂ ਹਨ।

ਪ੍ਰਾਪੇਗੰਡਾ ਦੀ ਇਸ ਜੰਗ ਵਿਚ ਬੜਾ ਕੁਝ ਆਖਿਆ ਜਾਵੇਗਾ। ਬੜੇ ਦੋਸ਼ ਲਾਏ ਜਾਣਗੇ। ਝੂਠੇ ਪ੍ਰਾਪੇਗੰਡਾ ਬਾਰੇ ਬੜੀ ਦਿਲਚਸਪ ਘਟਨਾ ਦਾ ਜ਼ਿਕਰ ਇੰਜ ਕੀਤਾ ਜਾਂਦਾ ਹੈ:

ਜਦ ਹਿਟਲਰ ਦਾ ਪ੍ਰਾਪੇਗੰਡਾ ਸੈਕਟਰੀ ਗੋਬਲਜ਼ ਮਰਨ ਤੋਂ ਬਾਅਦ ਨਰਕ ਵਿਚ ਪਹੁੰਚਿਆ ਤਾਂ ਉਸ ਨੇ ਵੇਖਿਆ ਕਿ ਦਸ ਪੰਦਰਾਂ ਮੀਲ ਲੰਮਾ ਚੌੜਾ ਇਕ ਮੈਦਾਨ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਦੇ ਚੱਕਰ ਲਾ ਰਹੇ ਹਨ।

ਗੋਬਲਜ਼ ਨੇ ਧਰਮ ਰਾਜ ਨੂੰ ਪੁੱਛਿਆ ਕਿ, ਇਹ ਲੋਕ ਚੱਕਰ ਕਿਉਂ ਲਾ ਰਹੇ ਹਨ?



Digitized by Panjab Digital Library | www.panjabdigilib.org

ਜਵਾਬ ਵਿਚ ਧਰਮ ਰਾਜ ਨੇ ਆਖਿਆ ਕਿ ਜਿਹੜੇ ਵਿਅਕਤੀ ਨੇ ਇਕ ਝੂਠ ਬੋਲਿਆ ਹੈ, ਉਹ ਇਕ ਚੱਕਰ ਲਾਵੇਗਾ ਤੇ ਜਿਸ ਨੇ ਦਸ ਝੂਠ ਬੋਲੇ ਹਨ, ਉਹ ਦਸ ਚੱਕਰ ਲਾਵੇਗਾ। ਗੋਬਲਜ਼ ਹੱਥ ਜੋੜ ਕੇ ਕਹਿਣ ਲੱਗਾ ਕਿ, ਉਸ ਨੂੰ ਇਕ ਮੋਟਰ ਸਾਈਕਲ ਲਿਆ ਦਿੱਤੀ ਜਾਵੇ ਕਿਉਂਕਿ ਉਸ ਨੂੰ ਤਾਂ ਸਾਰੀ ਉਮਰ ਹੀ ਗੇੜੇ ਕੱਢਣੇ ਪੈਣਗੇ ਤੇ ਭਾਰਤ ਸਰਕਾਰ ਦੀ ਪ੍ਰਾਪੇਗੰਡਾ ਮਸ਼ੀਨਰੀ ਨੂੰ ਵੇਖਦਿਆਂ ਇਹ ਗੱਲ ਸੌਖਿਆਂ ਹੀ ਆਖੀ ਜਾ ਸਕਦੀ ਹੈ ਕਿ ਐਮ. ਕੇ. ਵਲੀ ਨੂੰ ਵੀ ਸਾਰੀ ਉਮਰ ਹੀ ਚੱਕਰ ਕੱਟਣੇ ਪੈਣਗੇ ਤੇ ਉਹ ਵੀ ਨਰਕ ਵਿਚ।

## ਹਰਿਮੰਦਰ ਸਾਹਿਬ ਦੇ ਘੱਲੂਘਾਰੇ ਦੀ ਸਚਾਈ

# ਕਰੀਬ 10000 ਸਿੰਘ ਸ਼ਹੀਦ ਹੋਏ:

## ਉੱਘੇ ਕਾਂਗਰਸੀ ਨੇਤਾ ਨੇ ਝੂਠ ਤੋਂ ਪਰਦਾ ਚੁੱਕ ਦਿੱਤਾ:

ਪੰਜਾਬ ਦੇ ਇਕ ਸਿਰਕੱਢ ਕਾਂਗਰਸੀ ਨੇਤਾ, ਜੋ ਅੱਜਕੱਲ ਇੰਗਲੈਂਡ ਦੀ ਯਾਤਰਾ ਉਤੇ ਆਏ ਹਨ, ਉਨ੍ਹਾਂ ਨਾਲ 'ਦੇਸ ਪ੍ਰਦੇਸ' ਦੇ ਦਫਤਰ ਵਿਚ ਵਿਚਾਰ ਵਟਾਂਦਰਾ ਹੋਇਆ। ਪੰਜਾਬ ਦੀਆਂ ਅਖਬਾਰਾਂ ਉਤੇ ਸਰਕਾਰੀ ਸੈਂਸਰ ਲੱਗਾ ਹੋਣ ਕਾਰਨ ਉਹੀ ਖਬਰਾਂ ਬਾਹਰ ਆ ਰਹੀਆਂ ਹਨ, ਜਿਨ੍ਹਾਂ ਨੂੰ ਸਰਕਾਰ ਆਪ ਨਸ਼ਰ ਕਰਨਾ ਚਾਹੁੰਦੀ ਹੈ। ਅਜਿਹੀ ਹਾਲਤ ਵਿਚ ਜ਼ਰੂਰੀ ਹੈ ਕਿ, ਉਹ ਖਬਰ, ਜਿਹੜੀ ਇੰਦਰਾ ਗਾਂਧੀ ਦੀ ਸਰਕਾਰ ਦੇ ਵਿਰੁੱਧ ਜਾਂਦੀ ਹੋਵੇ, ਬਾਹਰ ਨਿਕਲ ਨਹੀਂ ਸਕਦੀ। ਇਸੇ ਹੀ ਪੱਖੋਂ ਪੰਜਾਬ ਦੇ ਇਕ ਅਜਿਹੇ ਕਾਂਗਰਸੀ ਨੇਤਾ, ਜਿਹੜਾ ਕਿ ਇੰਦਰਾ ਗਾਂਧੀ ਦੇ ਵੀ ਕਾਫੀ ਨੇੜੇ ਹੈ, ਵਲੋਂ ਦਿੱਤੀ ਜਾਂਦੀ ਖਬਰ ਦੀ ਕਾਫੀ ਮਹਾਨਤਾ ਹੈ। ਵਿਸ਼ੇਸ਼ ਕਰਕੇ ਜਦੋਂ ਉਹ ਖਬਰ ਉਨ੍ਹਾਂ ਦੀ ਆਪਣੀ ਪਾਰਟੀ ਦੀ ਸਰਕਾਰ ਦੇ ਵਿਰੁੱਧ ਜਾਂਦੀ ਹੋਵੇ।

ਜ਼ਾਹਰ ਹੈ, ਅਸੀਂ ਉਨ੍ਹਾਂ ਦਾ ਨਾਂ ਅਖਬਾਰ ਵਿਚ ਨਹੀਂ ਛਾਪ ਸਕਦੇ।

ਇਸ ਕਾਂਗਰਸੀ ਨੇਤਾ ਅਨੁਸਾਰ ਤਿੰਨ ਜੂਨ ਨੂੰ ਹਰਿਮੰਦਰ ਸਾਹਿਬ ਉਤੇ ਫੌਜੀ ਘੇਰਾ ਪੈਣ ਸਮੇਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਹੋਣ ਕਾਰਨ ਹਰਿਮੰਦਰ ਸਾਹਿਬ ਵਿਚ ਕੋਈ ਲੱਖ ਤੋਂ ਵੀ ਵੱਧ ਸ਼ਰਧਾਲੂ ਸਨ। ਫੌਜੀ ਹੁਕਮ ਸੁਣਦਿਆਂ ਹੀ ਬਹੁਤ ਸਾਰੇ ਸ਼ਰਧਾਲੂ ਹਰਿਮੰਦਰ ਸਾਹਿਬ ਵਿਚੋਂ ਬਾਹਰ ਆ ਗਏ ਪਰ ਕੋਈ ਸੱਤ ਹਜ਼ਾਰ ਦੇ ਕਰੀਬ ਇਸਤਰੀਆਂ, ਮਰਦ ਸਮੇਤ ਬੱਚਿਆਂ ਦੇ ਸੰਤ ਭਿੰਡਰਾਂਵਾਲਿਆਂ ਕੋਲ ਅਕਾਲ ਤਖਤ ਵਿਚ ਚਲੇ ਗਏ। ਫੌਜ ਦੇ ਵਾਰ ਵਾਰ ਐਲਾਨ ਕਰਨ ਦੇ ਬਾਵਜੂਦ ਕਿ ਉਹ ਬਾਹਰ ਆ ਜਾਣ, ਉਹ ਸ਼ਰਧਾਲੂ ਬਾਹਰ ਨਹੀਂ ਆਏ। ਨਾ ਹੀ ਇਹ ਉਨ੍ਹਾਂ ਨੂੰ ਯਕੀਨ ਸੀ ਕਿ ਫੌਜ ਹਰਿਮੰਦਰ ਸਾਹਿਬ ਉਤੇ ਹੱਲਾ ਬੋਲ ਕੇ ਹਜ਼ਾਰਾਂ ਬੰਦਿਆਂ ਨੂੰ ਕਤਲ ਕਰ ਦੇਵੇਗੀ। ਇਸ ਕਾਂਗਰਸੀ ਨੇਤਾ ਦੇ ਅੰਦਾਜ਼ੇ ਅਨੁਸਾਰ 2000 ਸ਼ਹੀਦਾਂ ਦੀ ਗਿਣਤੀ ਬਹੁਤ ਘੱਟ ਹੈ। ਇਹ ਕੋਈ 5 ਤੋਂ 7 ਹਜ਼ਾਰ ਦੇ ਵਿਚਕਾਰ ਹੋਣੀ ਚਾਹੀਦੀ ਹੈ।

ਇੰਜ ਹੀ ਹਰਿਮੰਦਰ ਸਾਹਿਬ ਦੇ ਘੱਲੂਘਾਰੇ ਵਿਚ ਮਰੇ ਫੌਜੀਆਂ ਦੀ ਗਿਣਤੀ ਸਰਕਾਰ ਬਹੁਤ ਘਟਾ ਕੇ ਪੇਸ਼ ਕਰ ਰਹੀ ਹੈ। ਜਲੰਧਰ ਦੇ ਹਸਪਤਾਲ ਵਿਚ ਜ਼ਖਮੀ ਹੋਏ ਉਹ ਫੌਜੀ ਜਿਹਨਾਂ ਦੇ ਗੋਲੀਆਂ ਢਿੱਡ ਤੋਂ ਹੇਠਾਂ ਲੱਗੀਆਂ ਹਨ, ਉਨ੍ਹਾਂ ਦੀ ਗਿਣਤੀ ਬਾਰਾਂ ਸੌ ਹੈ। ਇਨ੍ਹਾਂ ਜ਼ਖਮੀ ਫੌਜੀਆਂ ਨੂੰ ਇਹ ਕਾਂਗਰਸੀ ਨੇਤਾ ਆਪ ਮਿਲ ਕੇ ਆਏ ਹਨ। ਇਨ੍ਹਾਂ ਦੇ ਕਹਿਣ ਅਨੁਸਾਰ ਸੱਤ ਸੌ ਫੌਜੀ ਹਰਿਮੰਦਰ ਸਾਹਿਬ ਦੇ ਸਾਕੇ ਵਿਚ ਹਲਾਕ ਹੋਏ ਹਨ। ਸੱਤ ਸੌ



Digitized by Panjab Digital Library | www.panjabdigilib.org

ਉਹ ਫੌਜੀ, ਜਿਨ੍ਹਾਂ ਦੇ ਗੋਲੀਆਂ ਛਾਤੀ ਤੋਂ ਉਪਰ ਲੱਗੀਆਂ ਹਨ ਅਤੇ ਜਿਨ੍ਹਾਂ ਵਿਚੋਂ ਬਹੁਤਿਆਂ ਦੇ ਬਚਣ ਦੀ ਕੋਈ ਆਸ ਨਹੀਂ। ਉਨ੍ਹਾਂ ਨੂੰ ਸਰਕਾਰ ਦਿੱਲੀ ਦੇ ਹਸਪਤਾਲ ਵਿਚ ਲੈ ਆਈ ਹੈ ਤਾਂ ਜੋ ਉਨ੍ਹਾਂ ਦੀ ਗੰਭੀਰ ਹਾਲਤ ਨੂੰ ਪੱਤਰ ਪ੍ਰੇਰਕ ਨਾ ਦੇਖ ਸਕਣ। ਜਿਉਂ ਜਿਉਂ ਇਹ ਜ਼ਖਮੀਂ ਫੌਜੀ ਮਰ ਰਹੇ ਹਨ, ਸਰਕਾਰ ਬਿਨਾਂ ਸੂਚਨਾ ਦਿੱਤੇ ਹੀ ਉਨ੍ਹਾਂ ਦੇ ਸਸਕਾਰ ਕਰੀ ਜਾਂਦੀ ਹੈ।

ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ, ਹਰਿਮੰਦਰ ਸਾਹਿਬ ਦੇ ਸਾਕੇ ਵਿਚ ਅੱਠ ਤੋਂ ਦਸ ਹਜ਼ਾਰ ਦੇ ਵਿਚ ਵਿਚ ਲੋਕ ਮਾਰੇ ਗਏ ਹਨ। ਪੰਜਾਬ ਵਿਚ ਅਤੇ ਵਿਸ਼ੇਸ਼ ਕਰਕੇ ਅੰਮ੍ਰਿਤਸਰ ਦੇ ਆਲੇ ਦੁਆਲੇ ਫੌਜ ਨੇ ਕਿਤਨੀ ਸਖਤੀ ਕੀਤੀ, ਉਹਦੀ ਮਿਸਾਲ ਦੇਂਦਿਆਂ ਇਸ ਕਾਂਗਰਸੀ ਨੇਤਾ ਨੇ ਕਿਹਾ ਕਿ, ਇਕ ਬੰਦੇ ਨੇ ਆਪਣੀ ਧੀ ਨੂੰ ਮਿਲਣ ਬਟਾਲੇ ਜਾਣਾ ਸੀ। ਅੰਮ੍ਰਿਤਸਰ ਵੱਲ ਕੋਈ ਬੱਸ ਜਾਂ ਕਾਰ ਨਹੀਂ ਜਾਣ ਦਿੱਤੀ ਜਾਂਦੀ। ਉਹ ਬੰਦਾ ਪਿੰਡਾਂ ਵਿਚ ਰਾਤਾਂ ਕੱਟਦਾ ਹੋਇਆ ਬੜੀ ਮੁਸ਼ਕਿਲ ਨਾਲ ਬਟਾਲੇ ਪੁੱਜਿਆ। ਪਰ ਫੇਰ ਵੀ ਸੈਂਕੜਿਆਂ ਦੀ ਗਿਣਤੀ ਵਿਚ ਪਿੰਡਾਂ ਦੇ ਸਿੱਖ ਅੰਮ੍ਰਿਤਸਰ ਵੱਲ ਆਉਂਦੇ ਹਨ ਜਿਥੇ ਫੌਜ ਉਨ੍ਹਾਂ ਉਪਰ ਅਥਰੂ ਗੈਸ, ਲਾਠੀ ਚਾਰਜ ਅਤੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਵਾਪਸ ਕਰ ਦਿੰਦੀ ਹੈ।

ਇਸ ਕਾਂਗਰਸੀ ਨੇਤਾ ਦੇ ਕਹਿਣ ਅਨੁਸਾਰ ਪੰਜਾਬ ਦੇ ਸਾਰੇ ਕਾਂਗਰਸੀ ਇਹ ਮਹਿਸੂਸ ਕਰਦੇ ਹਨ ਕਿ ਇੰਦਰਾ ਗਾਂਧੀ ਨੇ ਜਾਣ ਬੁੱਝ ਕੇ ਅਕਾਲੀਆਂ ਦੀਆਂ ਮੰਗਾਂ ਨੂੰ ਲਮਕਾਇਆ ਹੈ। ਭਾਵੇਂ ਪੰਜਾਬ ਦੇ 50 ਪ੍ਰਤੀਸ਼ਤ ਕਾਂਗਰਸੀ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ ਦੀ ਨਿਖੇਧੀ ਕਰਦੇ ਹਨ ਪਰ ਇੰਦਰਾ ਗਾਂਧੀ ਤੋਂ ਡਰਦੇ 5 ਪ੍ਰਤੀਸ਼ਤ ਵੀ ਆਪਣਾ ਮੂੰਹ ਨਹੀਂ ਖੋਲ੍ਹਦੇ।

ਗਰਚੇ ਅਤੇ ਪਟਿਆਲੇ ਵਾਲੇ ਸ. ਅਮਰਿੰਦਰ ਸਿੰਘ ਦੇ ਪਾਰਲੀਮੈਂਟ ਵਿਚੋਂ ਅਸਤੀਫਿਆਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਦੱਸਿਆ ਕਿ, ਅਸਤੀਫੇ ਦੇਣ ਲਈ ਤਾਂ ਹੋਰ ਵੀ ਕਈ ਕਾਂਗਰਸੀ ਤਿਆਰ ਹਨ ਪਰ ਉਹ ਡਰਦੇ ਹਨ ਕਿ ਅਕਾਲੀਆਂ ਅਤੇ ਪੰਜਾਬ ਦੇ ਸਿੱਖਾਂ ਨੇ ਉਨ੍ਹਾਂ ਉਪਰ ਯਕੀਨ ਨਹੀਂ ਕਰਨਾ। ਇਸ ਲਈ ਬਹੁਤ ਸਾਰੇ ਕਾਂਗਰਸੀ, ਜਿਹੜੇ ਸੱਚੇ ਦਿਲੋਂ ਹਰਿਮੰਦਰ ਸਾਹਿਬ ਦੇ ਘੱਲੂਘਾਰੇ ਅਤੇ ਫੌਜੀ ਕਾਰਵਾਈ ਕਾਰਨ ਅੰਦਰੋਂ ਦੁਖੀ ਹਨ, ਉਹ ਕਾਂਗਰਸ ਇਸ ਲਈ ਨਹੀਂ ਛੱਡ ਰਹੇ ਕਿ ਉਨ੍ਹਾਂ ਨੂੰ ਅਕਾਲੀਆਂ ਅਤੇ ਆਮ ਸਿੱਖਾਂ ਨੇ ਮੂੰਹ ਲਾਉਣਾ।

ਇਸ ਘੱਲੂਘਾਰੇ ਦੇ ਪਿੰਡਾਂ ਦੇ ਸਿੱਖ ਕਿਸਾਨਾਂ ਉਪਰ ਹੋਏ ਪ੍ਰਤੀਕਰਮ ਦਾ ਜ਼ਿਕਰ ਕਰਦਿਆਂ ਇਨ੍ਹਾਂ ਆਖਿਆ ਕਿ, ਇੰਦਰਾ ਗਾਂਧੀ ਦੀ ਹਰਿਮੰਦਰ ਸਾਹਿਬ ਵਿਚ ਫੌਜ ਭੇਜਣ ਦੀ ਗ਼ਲਤੀ ਨੇ ਪਿੰਡਾਂ ਦੇ ਹਿੰਦੂਆਂ ਦੀਆਂ ਜਾਨਾਂ ਤਾਂ ਖਤਰੇ ਵਿਚ ਪਾ ਹੀ ਦਿੱਤੀਆਂ ਹਨ। ਨਾਲ ਹੀ ਪਿੰਡਾਂ ਦੇ ਹਰੀਜਨਾਂ ਦੀ ਵੀ ਹਾਲਤ ਬੜੀ ਮਾੜੀ ਹੋ ਗਈ ਹੈ। ਸਿੱਖਾਂ ਨੂੰ ਵਿਸ਼ਵਾਸ ਹੈ ਕਿ, ਆ ਰਹੀਆਂ ਚੋਣਾਂ ਵਿਚ ਜਿਥੇ ਪਿੰਡਾਂ ਦੇ ਹਿੰਦੂ ਕਾਂਗਰਸ ਨੂੰ ਵੋਟ ਪਾਉਣਗੇ, ਉਥੇ ਹਰੀਜਨ ਵੀ ਆਪਣੀ ਵੋਟ ਕਾਂਗਰਸ ਦੇ ਹੱਕ ਵਿਚ ਦੇਣਗੇ। ਇੰਜ ਹਰਿਮੰਦਰ ਸਾਹਿਬ ਉਪਰ ਬੋਲੇ ਫੌਜੀ ਹੱਲੇ ਦਾ ਬਦਲਾ ਪਿੰਡਾਂ ਦੇ ਸਿੱਖ ਹਿੰਦੂਆਂ ਅਤੇ ਹਰੀਜਨਾਂ ਤੋਂ ਲੈ ਰਹੇ ਹਨ। ਫੌਜ ਦੀ ਜਕੜ ਢਿੱਲੀ ਹੁੰਦਿਆਂ ਹੀ ਪਿੰਡਾਂ ਵਿਚ ਕਤਲੋਗਾਰਤ ਸ਼ੁਰੂ ਹੋ ਜਾਵੇਗੀ।

ਹੁਣ ਪਿੰਡਾਂ ਵਿਚ ਵੀਹ ਜਾਂ ਤੀਹ ਫੌਜੀਆਂ ਦੀਆਂ ਟੋਲੀਆਂ ਬੈਠੀਆਂ ਹਨ ਅਤੇ ਅਖਬਾਰਾਂ ਉਤੇ ਸੈਂਸਰ ਬੈਠਾ ਹੋਣ ਕਾਰਨ ਹਰਿਮੰਦਰ ਸਾਹਿਬ ਦੇ ਸਾਕੇ ਦੀ ਪੂਰੀ ਤਸਵੀਰ ਲੋਕਾਂ ਵਿਚ ਨਹੀਂ ਗਈ। ਬਹੁਤ ਸਾਰੇ ਪਿੰਡਾਂ ਦੇ ਹਿੰਦੂ ਪਹਿਲਾਂ ਹੀ ਆਪਣੇ ਘਰ ਤੇ ਦੁਕਾਨਾਂ



Digitized by Panjab Digital Library | www.panjabdigilib.org

ਛੱਡ ਕੇ ਸ਼ਹਿਰੀਂ ਜਾ ਵੜੇ ਹਨ ਪਰ ਹਰੀਜਨ ਕਿੱਧਰ ਜਾ ਸਕਦਾ ਹੈ? ਇੰਜ ਹੀ ਪਿੰਡਾਂ ਵਿਚ ਰਹਿਣ ਵਾਲੇ ਸਰਗਰਮ ਕਾਂਗਰਸੀਆਂ ਦੀ ਵੀ ਜਾਨ ਨੂੰ ਖਤਰਾ ਹੈ।

ਹਰਿਮੰਦਰ ਸਾਹਿਬ ਦੀ ਫੌਜ ਰਾਹੀਂ ਹੋਈ ਬਰਬਾਦੀ ਦਾ ਗਿਆਨੀ ਜ਼ੈਲ ਸਿੰਘ ਨੇ ਬੜਾ ਦੁੱਖ ਮੰਨਿਆ ਹੈ। ਇਸ ਕਾਂਗਰਸੀ ਨੇਤਾ ਅਨੁਸਾਰ ਗਿਆਨੀ ਜ਼ੈਲ ਸਿੰਘ ਇਸ ਸਮੇਂ ਬੜੇ ਪਰੇਸ਼ਰ ਥੱਲੇ ਹੈ। ਪੰਜਾਬ ਦੇ ਸਿੱਖ ਜਿਥੇ ਇੰਦਰਾ ਗਾਂਧੀ ਦੇ ਹਰਿਮੰਦਰ ਸਾਹਿਬ ਵਿਚ ਫੌਜ ਭੇਜਣ ਦੇ ਫੈਸਲੇ ਕਾਰਨ ਉਹਦੇ ਉਤੇ ਬੜੇ ਰੋਹ ਵਿਚ ਹਨ, ਉਥੇ ਗਿ. ਜ਼ੈਲ ਸਿੰਘ ਦੇ ਅਸਤੀਫਾ ਨਾ ਦੇਣ ਉਤੇ ਬੜੇ ਗੁੱਸੇ ਹਨ।

ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਅਤੇ ਗੋਲੀਆਂ ਨਾਲ ਹਜ਼ਾਰਾਂ ਸਿੰਘਾਂ ਨੂੰ ਸ਼ਹੀਦ ਕਰਨ ਦੇ ਏਨੇ ਵੱਡੇ ਸਾਕੇ ਨੂੰ ਗਿਆਨੀ ਜੀ ਕਿਵੇਂ ਸਵੀਕਾਰ ਕਰਦੇ? ਇਸੇ ਰਾਸ਼ਟਰਪਤੀ ਦੀ ਇਹੋ ਚੁੱਪ ਉਤੇ ਪੰਜਾਬ ਦੇ ਸਿੱਖ ਭੜਕ ਰਹੇ ਹਨ।


ਅਕਾਲ ਤਖਤ ਦੀ ਮੁਰੰਮਤ ਲਈ ਪੰਜ ਕਰੋੜ ਰੁਪੈ ਦੀ ਸਰਕਾਰੀ ਸਹਾਇਤਾ ਨੇ ਸਗੋਂ ਸਿੱਖਾਂ ਨੂੰ ਹੋਰ ਵੀ ਨਾਰਾਜ਼ ਕਰ ਦਿੱਤਾ ਹੈ। ਪੰਜਾਬ ਦੇ ਹਿੰਦੂ ਸਿੱਖਾਂ ਦੇ ਆਪਸੀ ਸੰਬੰਧ ਚੰਗੇ ਹੋਣ ਵਿਚ ਬੜਾ ਲੰਮਾ ਸਮਾਂ ਲੱਗੇਗਾ। ਅਕਾਲੀਆਂ ਦੀਆਂ ਮੰਗਾਂ ਨਾਲ ਅੰਦਰੋਂ ਤਾਂ ਪੰਜਾਬ ਦੇ ਕਾਂਗਰਸੀ ਵੀ ਸਹਿਮਤ ਸਨ ਪਰ ਇੰਦਰਾ ਗਾਂਧੀ ਦੇ ਅਕਾਲੀ ਵਿਰੋਧੀ ਸਟੈਂਡ ਤੋਂ ਡਰਦੇ ਹੋਏ ਬੋਲਦੇ ਨਹੀਂ ਸਨ। ਜੇ ਵੇਲੇ ਸਿਰ ਅਕਾਲੀਆਂ ਦੀਆਂ ਮੰਗਾਂ ਇੰਦਰਾ ਗਾਂਧੀ ਮੰਨ ਲੈਂਦੀ ਤਾਂ ਇਹ ਸਾਰੇ ਖੂਨ ਖਰਾਬੇ ਤੋਂ ਬਚਿਆ ਜਾ ਸਕਦਾ ਸੀ। ਇਸ ਸਾਰੇ ਘੱਲੂਘਾਰੇ ਨਾਲ ਪੰਜਾਬ ਵਿਚ ਕਾਂਗਰਸ ਬਹੁਤ ਕਮਜ਼ੋਰ ਹੋ ਗਈ ਹੈ। ਪੰਜਾਬ ਬਹੁਤ ਕਮਜ਼ੋਰ ਹੋ ਗਿਆ ਹੈ। ਨਾ ਪੂਰਾ ਹੋਣ ਵਾਲਾ ਨੁਕਸਾਨ ਹੋਇਆ ਹੈ।



Digitized by Panjab Digital Library | www.panjabdigilib.org

# ਵਿਦੇਸ਼ਾਂ ਵਿਚ ਸੰਤ ਭਿੰਡਰਾਂ ਦਾ ਸੁਨੇਹਾ:

ਜਨਰਲ ਭੁੱਲਰ ਖਾਲਸਾ ਦੀਵਾਨ ਸੁਸਾਇਟੀ ਦੇ ਇਤਿਹਾਸਕ ਗੁਰਦਵਾਰੇ, ਜੋ ਗਦਰੀ ਬਾਬਿਆਂ ਦੀ ਦੇਣ ਹੈ, ਵਿਖੇ ਪੁੱਜੇ।



ਇਸ ਤੋਂ ਪਿੱਛੋਂ ਆਪ ਨੇ 'ਇੰਡੋ - ਕਨੇਡੀਅਨ ਟਾਇਮਜ਼' ਦੇ ਦਫਤਰ ਵਿਚ ਪੰਜਾਬ ਦੇ ਹਾਲਾਤ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜੋ ਕਿ ਉਨ੍ਹਾਂ ਨਾਲ ਹੀ ਛਾਪਣ ਤੋਂ ਮਨਾਹੀ ਵੀ ਲਾ ਦਿੱਤੀ। ਇਸ ਕਰਕੇ ਅਜੇ ਅਸੀਂ ਉਹ ਨਹੀਂ ਦਿਆਂਗੇ।

ਐਤਵਾਰ 24 ਜੂਨ ਨੂੰ 7-8 ਹਜ਼ਾਰ ਦੀ ਗਿਣਤੀ ਵਿਚ ਆਪ ਨੂੰ ਸੁਣਨ ਲਈ ਸੰਗਤਾਂ ਗਦਰੀ ਬਾਬਿਆਂ ਦੇ ਇਤਿਹਾਸਕ ਗੁਰਦਵਾਰੇ ਵਿਚ ਇਤਿਹਾਸਕ ਲੋਹ ਪੁਰਸ਼ ਦੀ ਇਤਿਹਾਸਕ ਸਪੀਚ ਨੂੰ ਸੁਣਨ ਲਈ ਉਤਾਵਲੀਆਂ ਹੋ ਉਠੀਆਂ।

ਜਨਰਲ ਭੁੱਲਰ ਨੇ ਪੰਜਾਬ ਨਾਲ ਹੋਏ ਵਿਤਕਰੇ ਵਿਸਥਾਰ ਪੂਰਬਕ ਦੱਸੇ। ਉਨ੍ਹਾਂ ਕਿਹਾ ਕਿ, ਅਸੀਂ ਪੰਜਾਬ ਦੇ ਹਾਲਾਤ ਵਿਦੇਸ਼ਾਂ ਵਿਚ ਦੱਸਣ ਦਾ ਪ੍ਰੋਗਰਾਮ ਕਾਫੀ ਦੇਰ ਤੋਂ ਉਲੀਕਿਆ ਹੋਇਆ ਸੀ ਪਰ ਇਕ ਜਾਂ ਦੂਸਰੇ ਕੌਮੀ ਕੰਮਾਂ ਕਾਰਨ ਲੇਟ ਹੁੰਦੇ ਰਹੇ। ਅਸੀਂ 6 ਜੂਨ ਨੂੰ ਆਉਣਾ ਸੀ ਪਰ ਕੁਝ ਕਾਰਨਾਂ ਕਰਕੇ ਪਹਿਲਾਂ ਆਉਣਾ ਪਿਆ। ਮੈਂ ਆਉਣ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਨੂੰ ਜਦ ਮਿਲਣ ਗਿਆ ਤਾਂ ਉਨ੍ਹਾਂ ਦੱਸਿਆ ਕਿ ਕਿਤਨਾ ਚਿਰ ਲੱਗੇਗਾ। ਮੈਂ ਉਤਰ ਦਿੱਤਾ ਕਿ, ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿਚ ਦੋ ਦੋ ਹਫਤੇ ਵੀ ਲੱਗਣ ਤਾਂ ਘੱਟੋ ਘੱਟ ਦੋ ਮਹੀਨੇ ਤਾਂ ਲੱਗ ਹੀ ਜਾਣਗੇ। ਉਨ੍ਹਾਂ ਕਿਹਾ ਕਿ, ਉਦੋਂ ਤੱਕ ਪੰਜਾਬ ਦੇ ਹਾਲਾਤ ਬਦਲ ਚੁੱਕੇ ਹੋਣਗੇ। ਇਹ ਸਾਡੀ ਤਹਾਡੀ ਆਖਰੀ ਮੁਲਾਕਾਤ ਹੋਵੇਗੀ। ਉਨ੍ਹਾਂ

Digitized by Panjab Digital Library | www.panjabdigilib.org

ਨੂੰ ਅਕਾਲ ਤਖਤ ਸਾਹਿਬ ਤੋਂ ਬਾਹਰ ਲਿਜਾਣ ਦਾ ਪ੍ਰੋਗਰਾਮ ਆਫਰ ਕੀਤਾ ਪਰ ਉਨ੍ਹਾਂ ਕਿਹਾ ਕਿ, ਮੈਂ ਦਮਦਮੀ ਟਕਸਾਲ ਦਾ ਮੁਖੀ ਹਾਂ, ਜਿਸ ਦੀ ਪ੍ਰੰਪਰਾ ਸੀਸ ਦੇਣਾ ਹੈ। ਹਰਿਮੰਦਰ ਸਾਹਿਬ ਦੀ ਬੇਪਤੀ ਹੋਣ ਤੋਂ ਰੋਕਣ ਲਈ ਲੋਕ ਬਾਹਰੋਂ ਆਉਂਦੇ ਰਹਿੰਦੇ ਹਨ। ਮੈਂ ਇਥੇ ਰਹਿੰਦਾ ਹੋਇਆ ਕਿਸ ਤਰ੍ਹਾਂ ਬਾਹਰ ਚਲਾ ਜਾਵਾਂ? ਮੈਂ ਅਰਦਾਸ ਕੀਤੀ ਸੀ ਕਿ, ਜਾਂ ਆਨੰਦਪੁਰ ਦਾ ਮਤਾ ਮੰਨਿਆ ਜਾਏਗਾ ਜਾਂ ਜਿਉਂਦਾ ਇਥੋਂ ਨਹੀਂ ਜਾਵਾਂਗਾ। ਉਨ੍ਹਾਂ ਕਿਹਾ ਕਿ, ਜਨਰਲ ਸਾਹਿਬ, ਜਦੋਂ ਤੁਸੀਂ ਵਾਪਸ ਆਓਗੇ ਤਾਂ ਪੰਜਾਬ ਦਾ ਨਕਸ਼ਾ ਬਿਲਕੁਲ ਬਦਲ ਚੁੱਕਾ ਹੋਵੇਗਾ ਇਹ ਆਪਣਾ ਆਖਰੀ ਮੇਲ ਹੈ। ਸਾਡੇ ਪਿੱਛੋਂ ਵੈਰਾਗ ਨਹੀਂ ਕਰਨਾ। ਮੈਂ ਉਨ੍ਹਾਂ ਨੂੰ ਕਿਹਾ ਕਿ, ਜਥੇਦਾਰ ਅਜਨੋਹਾ ਨੇ ਆਪਣੀ ਉਮਰ ਤੁਹਾਡੇ ਨਾਂ ਲਿਖਣ ਦੀ ਅਰਦਾਸ ਕੀਤੀ ਸੀ। ਕੀ ਉਹ ਬਿਰਥੀ ਜਾਏਗੀ? ਉਨ੍ਹਾਂ ਕਿਹਾ ਕਿ, ਮੈਂ ਉਨ੍ਹਾਂ ਦੀ ਉਮਰ ਹੀ ਤਾਂ ਭੋਗਦਾ ਰਿਹਾ ਹਾਂ। ਹੁਣ ਸੱਦਾ ਆ ਚੁੱਕਾ ਹੈ। ਸਿੱਖ ਕੌਮ ਤੇ 36 ਸਾਲਾਂ ਦਾ ਲੱਗਾ ਧੱਬਾ ਮੇਰੇ ਖ਼ੂਨ ਨਾਲ ਹੀ ਧੁਲ ਸਕਦਾ ਹੈ।

ਉਨ੍ਹਾਂ ਕਿਹਾ ਕਿ, ਹਰਿਮੰਦਰ ਸਾਹਿਬ ਤੇ ਹਮਲਾ ਇੰਦਰਾ ਦਾ ਇਕ ਚੋਣ ਸਟੰਟ ਹੈ।

ਉਨ੍ਹਾਂ ਸਿੱਖਾਂ ਦੇ ਖਿਲਾਫ ਭਾਰਤ ਸਰਕਾਰ ਵਲੋਂ ਕੀਤੇ ਵਿਤਕਰੇ ਵਿਸਥਾਰ ਪੂਰਬਕ ਦੱਸੇ। ਸਾਡੇ ਨਾਲ ਬੋਲੀ ਦਾ ਸੂਬਾ ਦੇਣ ਸਮੇਂ ਵਿਤਕਰਾ, ਅਕਾਲ ਤਖਤ ਤੇ ਹਮਲਾ ਕਰਕੇ ਵਿਤਕਰਾ, ਕ੍ਰਿਪਾਨ ਦੀ ਲੰਬਾਈ ਤੇ ਪਾਬੰਦੀ ਲਾ ਕੇ ਵਿਤਕਰਾ, ਪਾਣੀਆਂ ਦਾ ਵਿਤਕਰਾ, .... ਵਿਤਕਰੇ ਹੀ ਵਿਤਕਰੇ... । ਇਹ ਸਭ ਕੁਝ ਸਿੱਖ ਵਿਚਾਰਧਾਰਾ ਖਤਮ ਕਰਨ ਲਈ ਹੈ। ਸਿੱਖ ਇਤਿਹਾਸ ਹੈ ਕਿ ਜਦ ਵੀ ਸ਼ਹਾਦਤ ਹੋਈ, ਪਿੱਛੋਂ ਖੰਡਾ ਖੜਕਿਆ। ਹੁਣ ਵੀ ਸ਼ਹਾਦਤ ਹੋਈ ਹੈ, ਹੁਣ ਵੀ ਖੰਡਾ ਖੜਕੇਗਾ। ਜਾਪਦਾ ਹੈ ਕਿ ਇੰਦਰਾ ਗਾਂਧੀ ਸਿੰਘਾਂ ਨੂੰ ਦੈਂਤ ਤੇ ਰਾਖਸ਼ ਦੱਸਣਾ ਚਾਹੁੰਦੀ ਹੈ ਤੇ ਆਪਣੇ ਆਪ ਨੂੰ ਦੇਵੀ ਦਰਸਾਉਣਾ ਚਾਹੁੰਦੀ ਹੈ।

ਅੰਮ੍ਰਿਤਸਰ ਵਿਚ ਕੀ ਹੋਇਆ, ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਇਸ ਹਮਲੇ ਦੀ ਤਿਆਰੀ ਬਹੁਤ ਦੇਰ ਪਹਿਲਾਂ ਕੀਤੀ ਜਾ ਚੁੱਕੀ ਸੀ। ਇਕ ਬਰਗੇਡ ਝਾਂਸੀ ਦੇ ਕੋਲ ਕਾਫੀ ਦੇਰ ਤੋਂ ਇਹ ਤਿਆਰੀ ਕਰਦਾ ਆ ਰਿਹਾ ਸੀ। ਇਸ ਤੋਂ ਪਿੱਛੋਂ ਅੰਬਾਲੇ ਵਿਚ ਇਹ ਸਕੀਮਾਂ ਬਣਾਈਆਂ ਗਈਆਂ। ਹਰਿਮੰਦਰ ਸਾਹਿਬ ਦਾ ਮਾਡਲ ਬਣਾ ਕੇ ਡੇਹਰਾਦੂਨ ਦੇ ਕੋਲ ਚਕਰਾਤੇ ਦੀ ਪਹਾੜੀ ਤੇ ਮਸ਼ਕਾਂ ਹੁੰਦੀਆਂ ਰਹੀਆਂ।

3 ਜੂਨ ਨੂੰ ਹਮਲਾ ਹੋਇਆ। ਇਸ ਵਿਚ 90-95 ਫੌਜੀ ਮਾਰੇ ਗਏ ਤੇ ਸੰਤਾਂ ਦੇ ਜਥੇ ਨੇ ਹਮਲੇ ਦਾ ਮੂੰਹ - ਤੋੜ ਉਤਰ ਦਿੱਤਾ। ਫਿਰ 24 ਟੈਂਕ ਕੰਧਾਂ ਪਾੜ ਕੇ ਲਿਆਂਦੇ ਗਏ। ਪਾਣੀ ਰਾਹੀਂ ਗੋਤਾਖੋਰ ਲਿਆਂਦੇ ਗਏ ਤਾਂਕਿ ਸਰੋਵਰ ਵਿਚ ਜਾ ਕੇ ਅਕਾਲ ਤਖਤ ਉਡਾ ਦਿੱਤਾ ਜਾਏ। ਉਹ ਵੀ ਸਿੰਘਾਂ ਨੇ ਢਹਿ ਢੇਰੀ ਕਰ ਦਿੱਤੇ। ਫਿਰ ਤੋਪਾਂ ਨਾਲ ਤੇ ਟੈਂਕਾਂ ਨਾਲ ਤਿੰਨਾਂ ਪਾਸਿਆਂ ਤੋਂ ਹਮਲਾ ਹੋਇਆ। ਸੰਤ ਬਾਹਰ ਨਿਕਲ ਆਏ। ਬੁਰੀ ਤਰ੍ਹਾਂ ਜ਼ਖਮੀਂ ਹੋ ਗਏ ਹਰਿਮੰਦਰ ਸਾਹਿਬ ਵੱਲ ਸੀਸ ਝੁਕਾਇਆ ਤੇ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਦੇ ਸਾਥੀ ਵੀ ਸ਼ਹੀਦ ਹੋ ਗਏ। ਜਨਰਲ ਸੁਬੇਗ ਸਿੰਘ ਵੀ ਸ਼ਹੀਦ ਹੋ ਗਏ। ਸੰਤਾਂ ਦਾ ਸਰੀਰ 72 ਗੋਲੀਆਂ ਨਾਲ ਛਨਣੀ ਛਨਣੀ ਹੋ ਚੁੱਕਾ ਸੀ।

ਇਹ ਸਨ, ਜਿਨ੍ਹਾਂ ਨੂੰ ਸਰਕਾਰ ਅਤਿਵਾਦੀ ਕਹਿੰਦੀ ਹੈ। ਇਹ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਲਈ ਹੈ। ਅੱਜ ਪਿੰਡਾਂ ਵਿਚ ਫੌਜ ਸਿੰਘਾਂ ਦਾ ਸ਼ਿਕਾਰ ਕਰ ਰਹੀ ਹੈ। ਜਿਸ ਕਿਸੇ ਨੂੰ ਅੰਮ੍ਰਿਤਧਾਰੀ ਦੇਖਿਆ, ਉਸ ਨੂੰ ਪੁੱਛਦੇ ਹਨ ਕਿ ਕਿਸ ਤੋਂ ਅੰਮ੍ਰਿਤ ਛਕਿਆ ਹੈ? ਜੇ ਕੋਈ ਦੱਸ ਦੇਵੇ ਕਿ ਭਿੰਡਰਾਂ ਤੋਂ ਤਾਂ ਕਹਿੰਦੇ ਹਨ ਕਿ ਆਹ ਲੈ ਕੈਂਚੀ। ਨਹੀਂ ਤਾਂ ਗ੍ਰਿਫਤਾਰ ਹੋਣ ਲਈ ਤਿਆਰ ਹੋ ਜਾ। ਸੰਤਾਂ ਦਾ ਪਿੰਡ ਰੋਡੇ ਤੇ ਉਨ੍ਹਾਂ ਦੇ ਸੋਹਰੇ ਪਿੰਡ ਬਿਲਾਸਪੁਰ ਵਿਚ



Digitized by Panjab Digital Library | www.panjabdigilib.org

ਸਭ ਨੌਜਵਾਨ ਸ਼ਹੀਦ ਕਰ ਦਿੱਤੇ ਹਨ। ਵਿਦੇਸ਼ਾਂ ਵਿਚ ਕਿਸੇ ਨੂੰ ਪਤਾ ਨਹੀਂ ਕਿ ਹਿੰਦੁਸਤਾਨ ਵਿਚ ਕਿਸ ਤਰ੍ਹਾਂ ਦੀ ਡੈਮੋਕਰੇਸੀ ਹੈ ਤੇ ਉਥੇ ਕੀ ਹੋ ਰਿਹਾ ਹੈ। ਇਸ ਤੇ ਕਈ ਅਮਰੀਕਣ ਸੈਨੇਟਰਾਂ ਨੇ ਰੁਮਾਲ ਨਾਲ ਹੰਝੂ ਪੂੰਝੇ।

## ਭਿੰਡਰਾਂ ਦਾ ਸੁਨੇਹਾ:

ਮੈਂ ਸੰਤ ਜੀ ਦਾ ਸੁਨੇਹਾ ਹੁਣ ਤੁਹਾਨੂੰ ਦਿੰਦਾ ਹਾਂ। "ਸਰਬੱਤ ਖਾਲਸੇ ਨੂੰ ਸੁਨੇਹਾ ਦਿਓ, ਕਿ ਪੰਜਾਬ ਵਿਚ ਤੁਹਾਡੇ ਸਿੱਖ ਭਰਾ ਗੁਲਾਮ ਹਨ। ਇਹ ਗੁਲਾਮੀ ਦੀਆਂ ਜੰਜ਼ੀਰਾਂ ਅਸੀਂ ਕੱਟਣੀਆਂ ਹਨ। ਅਸੀਂ 'ਰਾਜ ਕਰੇਗਾ ਖਾਲਸਾ' ਦਾ ਵਚਨ ਪੂਰਾ ਕਰਨ ਲਈ ਇਕ ਪੰਥਕ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਣਾ ਹੈ। ਪੰਜਾਬ ਵਿਚ ਸਿੱਖ ਭਰਾਵਾਂ ਨੂੰ ਆਜ਼ਾਦੀ ਦੁਆਉਣੀ ਹੈ।"

# ਹਿੰਦੂ ਮਾਰਨ ਲਈ ਕਿਉਂ ਕਿਹਾ ਸੀ?

"ਮੈਂ ਹੁਣੇ ਹੀ ਪੌੜੀਆਂ ਉਤਰ ਰਿਹਾ ਸੀ। ਨਾਂ ਤਾਂ ਮੇਰੇ ਯਾਦ ਨਹੀਂ ਓਸ ਵੀਰ ਦਾ, ਉਹਦੇ ਨਾਲ ਦੋ ਹਿੰਦੂ ਵਿਸ਼ੇਸ਼ ਸ਼ਹਿਰ ਦੇ ਆਏ। ਮੁੜ੍ਹਕੋ ਮੁੜ੍ਹਕੀ। ਮੈਂ ਪੁੱਛਿਆ, ਅਜੇ ਦੂਜੀ ਕੁ ਮੰਜ਼ਿਲ ਤੇ ਆਏ ਸੀ। ਉਪਰੋਂ ਮੈਂ ਆ ਗਿਆ। ਮੈਂ ਕਿਹਾ ਕੀ ਗੱਲ ਐ? ਕਹਿੰਦੇ ਜੀ, ਦਰਸ਼ਨ ਕਰਨ ਆਏ ਸੀ। ਮੁੜ੍ਹਕੇ ਨਾਲ ਕਿਉਂ ਭਿੱਜੇ ਐ?" ਕਹਿੰਦੇ, ਸ਼ੱਕ 'ਚ ਸੀ ਕਿ ਪਤਾ ਨਹੀਂ ਸੁੱਕੇ ਮੁੜਾਂਗੇ ਕਿ ਨਹੀਂ। ਹੁਣ ਉਹ ਆਂਹਦੇ, ਜੀ ਕੱਲ੍ਹ ਨੂੰ ਕਾਫੀ ਹਿੰਦੂ ਇਕੱਠੇ ਕਰਕੇ ਲਿਆਵਾਂਗੇ। ਉਨ੍ਹਾਂ ਦੀ ਤਸੱਲੀ ਕਰਾਵਾਂਗੇ। ਅਖਬਾਰਾਂ ਨੇ ਰੂਪ ਇਹੋ ਜਿਹਾ ਦੇ ਦਿੱਤਾ ਜਿਵੇਂ ਸੰਤ ਭਿੰਡਰਾਂ ਹਿੰਦੂ - ਵਿਰੋਧੀ ਹਨ। ਹੁਣ ਜਿਹੜੇ ਅਖ਼ਬਾਰ ਇਹੋ ਜਿਹੇ ਐ, ਉਨ੍ਹਾਂ ਨੂੰ ਵੀ ਇਹੋ ਕਹੀ ਚੱਲੋ, ਹਿੰਦੂ ਸਿੱਖ ਏਕਤਾ, ਸਾਡੇ ਹਿੰਦੂ ਭਾਈ ਭਾਈ। ਉਹ ਜਿਹਦਾ ਦਿਨੇ ਰਾਤ ਈ ਕਲਗੀਧਰ ਜੀ ਦੀ ਨਿੰਦਿਆ ਕਰਨ ਉਤੇ ਜ਼ੋਰ ਐ। ਯਸ਼ ਵਰਗੇ, ਵਰਿੰਦਰ ਵਰਗੇ, ਵਿਜੇ ਕੁਮਾਰ ਵਰਗੇ, ਰਮੇਸ਼ ਵਰਗੇ, ਜਿਹੜੇ ਇਹੋ ਜਿਹੇ ਲੋਕ ਕਲਗੀਧਰ ਨੂੰ ਰਾਣੇ ਪ੍ਰਤਾਪ ਨਾਲ ਤੇ ਸ਼ਿਵਾ ਜੀ ਮਰਹੱਟੇ ਨਾਲ ਤੁਲਨਾ ਦਿੰਦੇ ਐ, ਉਨ੍ਹਾਂ ਲੋਕਾਂ ਬਾਰੇ ਕਿਤੇ ਸੰਗਤ ਨੂੰ ਸੂਚਿਤ ਕੀਤਾ ਜਾਵੇ। ਉਹ ਸੂਚਿਤ ਕਰਨ ਤੋਂ ਬੁਖਾਰ ਸਾਨੂੰ ਚੜ੍ਹ ਜਾਵੇ। ਕੀ ਉਹ ਸਿਆਣਪ ਹੈ? ਮੈਂ ਉਹਦੇ ਸੰਬੰਧ ਵਿਚ ਬਿਆਨ ਦਿੱਤਾ ਸੀ। ਜਦੋਂ ਹਿੰਦੂਆਂ ਦੀ ਗੱਲ ਸਟੇਜ ਤੇ ਚੱਲੀ ਐ ਤੇ ਜੇ ਅਸੀਂ ਆਪਣੇ ਸਚਖੰਡਵਾਸੀ ਮਹਾਂਪੁਰਖ, ਜਿਨ੍ਹਾਂ ਨੂੰ ਅਸੀਂ ਆਪਣੇ ਪਿਤਾ ਮੰਨਦੇ ਆਂ, ਆਪਣੇ ਬਜ਼ੁਰਗ ਮੰਨਦੇ ਆਂ, ਉਨ੍ਹਾਂ ਦੀ ਮਾਤਾ ਬਿਰਧ ਤੇ ਉਨ੍ਹਾਂ ਦੇ ਪੁੱਤਰ ਨੇ ਚੜ੍ਹਾਈ ਕੀਤੀ ਹੋਵੇ ਤੇ ਪੁੱਤਰ ਦੀ ਸ਼ਹਾਦਤ ਚੜ੍ਹਾਈ ਦੇ ਸੰਬੰਧ ਵਿਚ ਬਰਸੀ ਮਨਾਉਂਦੇ ਹੋਈਏ ਤੇ ਬਰਸੀ ਦੇ ਸੰਬੰਧ ਵਿਚ ਬ੍ਰਹਮ ਗਿਆਨੀ ਦੀ ਮਾਤਾ ਨੂੰ ਲੈਣ ਜਾਵੇ। ਬੱਸ ਉਨ੍ਹਾਂ ਦੇ ਪਰਵਾਰ ਨੂੰ ਲੈਣ ਜਾਵੇ ਤੇ ਬੱਸ ਨੂੰ ਫੜ ਕੇ ਜੇਲ੍ਹ 'ਚ ਥਾਣੇ ਵਿਚ ਬੰਦ ਕੀਤਾ ਜਾਵੇ। ਉਹਦੇ ਛੁਡਾਉਣ ਦੇ ਸੰਬੰਧ ਵਿਚ ਬਿਆਨ ਦਿੱਤਾ ਐ ਤੇ ਨਾਲ ਇਹ ਕਿਹਾ ਐ, ਉਹ ਅੱਖਰ ਕਿਉਂ ਵਰਤ ਰਿਹਾ ਐਂ। ਅੱਖਰ ਤਾਂ ਵਰਤਿਐ, ਅਸ਼ੋਕ ਕੁਮਾਰ ਨਾਮੇ ਇਕ ਵਿਅਕਤੀ ਪੁਲਿਸ ਦੀ ਗੋਲੀ ਨਾਲ ਮਾਰਿਆ ਪਟਿਆਲੇ 'ਚ। ਸੈਂਟਰ ਦੀ ਗੌਰਮਿੰਟ ਦੀਆਂ ਥੰਮੀਆਂ ਹਿੱਲ ਗਈਆਂ, ਕੰਧਾਂ ਹਿੱਲ ਗਈਆਂ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੌੜੀ ਆਈ, ਗ੍ਰਹਿ ਮੰਤਰੀ ਸੇਠੀ ਭੱਜਿਆ ਆਇਆ, ਚਤਰਵੇਦੀ ਦੀ ਅੱਡੀ ਨੀਂ ਲੱਗੀ, ਉਹ ਵੀ ਇਥੇ ਪਹੁੰਚਿਆ ਪਰ ਆ ਪੱਗਾਂ ਵਾਲੇ ਵੀਰੋ, ਆਪਾਂ 200 ਸ਼ਹੀਦ ਹੋ ਚੱਲੇ ਆਂ, ਕੁਝ ਘੱਟ ਹੋਵਾਂਗੇ, ਕੋਈ ਸਰਕਾਰ ਦਾ ਚੌਂਕੀਦਾਰ ਤੁਹਾਡਾ ਪਤਾ



Digitized by Panjab Digital Library | www.panjabdigilib.org

ਲੈਣ ਆਇਆ ਐ? ਜੇ ਸਿੱਖ ਦੇ ਪੁੱਤ ਦੀ ਸ਼ਹਾਦਤ ਦੀ ਕੁੱਤੇ ਜਿੰਨੀ ਵੀ ਕਦਰ ਨਹੀਂ ਤੇ ਹਿੰਦੂ ਦਾ ਪੁੱਤ ਮਰ ਜਾਵੇ ਤਾਂ ਸੈਂਟਰ ਹਿੱਲ ਜਾਂਦੀ ਐ। ਫੇਰ ਹੱਥ ਉਥੇ ਲਾਉਣਾ ਚਾਹੀਦਾ, ਜਿੱਥੋਂ ਇਹ ਹਿੱਲਦੇ ਐ ਤੇ ਜਿਥੋਂ ਇਨ੍ਹਾਂ ਨੂੰ ਪਤਾ ਨੀ ਕੁਝ, ਉਥੇ ਹੱਥ ਲਾਇਆਂ ਕਰਨਾ ਕੀ ਐ। ਕੋਈ ਹਿੰਦੂ ਮਾਰਿਆ ਆਪਾਂ, ਕੇਵਲ ਬਿਆਨ ਦਿੱਤਾ ਨਾ ਤੇ ਬਿਆਨ ਵੀ ਇਸ ਸ਼ਰਤ ਤੇ ਦਿੱਤਾ ਸੀ ਬਈ ਜੇ ਅਸੀਂ ਬਜ਼ੁਰਗ ਮਾਤਾ ਨੂੰ ਲੈਣ ਗਏ ਤਾਂ ਵੀ ਕਾਤਲ, ਜੇ ਅਸੀਂ ਅੰਮ੍ਰਿਤ ਛਕਾਉਣ ਗਏ ਤਾਂ ਵੀ ਕਾਤਲ।

ਬੁਟਰ ਦਾ ਮੁੰਡਾ ਇਕ ਫੜਿਆ ਪ੍ਰਚਾਰ ਕਰਨ ਗਿਆ। ਕੁੱਟ ਕੁੱਟ ਕੇ ਹੱਡ ਤੋੜ ਦਿੱਤੇ ਫਰੀਦਕੋਟ ਜੇਲ੍ਹ ਵਿਚ ਹੀ। ਜਾ ਕੇ ਦੇਖ ਲਓ। ਕਥਾ ਕਰਨ ਗਿਆ। ਪਿੰਡ 'ਚ ਕਥਾ ਕਰਨ ਗਏ ਨੂੰ ਫੜ ਕੇ ਉਹਦੀਆਂ ਲੱਤਾਂ ਤੋੜ ਦਿੱਤੀਆਂ। ਜੇ ਕਰਦੇ ਹਾਂ, ਆਪਣੀ ਮਾਤਾ ਨੂੰ ਲੈਣ ਜਾਈਏ, ਅਸੀਂ ਕਾਤਲ ਆਂ, ਕਥਾ ਗੁਰੂ ਦੀ ਬਾਣੀ ਦੀ ਇਥੇ ਬਹਿ ਕਰੀਏ, ਅਸੀਂ ਕਾਤਲ ਆਂ ਤੇ ਸ਼ਹੀਦ ਦੇ ਮੋਢਾ ਲਾ ਦੇਈਏ ਜਾ ਕੇ ਅਸਤੀਆਂ ਨੂੰ ਲਿਜਾਣ ਵਾਸਤੇ, ਅਸੀਂ ਕਾਤਲ ਆਂ ਤੇ ਫੇਰ ਸਾਨੂੰ ਸੋਚਣਾ ਪਊਗਾ ਬਈ ਜੇ ਅਸੀਂ ਝੂਠੇ ਈ ਕਾਤਲ ਆਂ ਤੇ ਸੱਚੇ ਬਣ ਕੇ ਦਿਖਾ ਦੇਈਏ ਇਨ੍ਹਾਂ ਨੂੰ ਚੱਜ ਨਾਲ। ਮੈਂ ਇਹ ਬਿਆਨ ਦਿੱਤੇ ਐ ਤੇ ਦੇਖੋ ਕਿਵੇਂ ਪਿੱਟੀ ਐ ਗੋਰਮਿੰਟ! ਕਿਵੇਂ ਪਿੱਟੇ ਐ ਪਾਂਡੇ ਹੋਣੀਂ! ਕਦੇ ਐਸ ਤੇਰ੍ਹਾਂ ਮਹੀਨਿਆਂ ਤੋਂ ਉਪਰ ਹੋ ਗਿਆ, ਅੱਜ ਇਕ ਦਿਨ ਮੋਰਚਾ ਲੱਗੇ ਨੂੰ ਗ੍ਰਿਫਤਾਰੀ ਦੇ ਰੂਪ ਵਿਚ। ਅੱਜ 20 ਤਰੀਖ ਐ। 19 ਨੂੰ ਲੱਗਾ ਸੀ। ਤੇਰ੍ਹਾਂ ਮਹੀਨੇ ਪੂਰੇ ਹੋ ਗਏ ਐ। ਉਪਰ ਇਕ ਦਿਨ ਜਾ ਰਿਹਾ। ਤੇਰ੍ਹਾਂ ਮਹੀਨਿਆਂ 'ਚ ਕਦੇ ਪਾਂਡੇ ਦਾ ਬਿਆਨ ਪੜ੍ਹਿਆ ਐ ਕਿ ਸਿੱਖ ਮਾਰੇ ਗਏ ਐ। ਬਹੁਤ ਮਾੜਾ ਹੋਇਆ। ਸਿੱਖ ਇਤਨੇ ਗ੍ਰਿਫਤਾਰੀ ਦੇ ਚੁੱਕੇ ਐ, ਪਾਂਡੇ ਨੂੰ ਕੋਈ ਦਰਦ ਨਹੀਂ। ਸ਼ਹੀਦ ਹੋ ਗਏ, ਕੋਈ ਦਰਦ ਨਹੀਂ। ਸਿੱਖਾਂ ਦੀਆਂ ਬੀਬੀਆਂ ਰੰਡੀਆਂ ਹੋ ਗਈਆਂ, ਕੋਈ ਦਰਦ ਨਹੀਂ। ਟ੍ਰੈਕਟਰਾਂ ਨੂੰ ਅੱਗ ਲਾ ਕੇ ਸਾੜ ਦਿੱਤਾ, ਕੁਪਕਲਾਂ ਪਿੰਡ ਵਿਚ, ਕੋਈ ਦਰਦ ਨਹੀਂ। ਤੇ ਅਜੇ ਅਸੀਂ ਸਟੇਜ ਤੋਂ ਛੁਟੀ ਵੀ ਨਹੀਂ ਦਿੱਤੀ ਕੋਈ ਤੇ ਤਾਪ ਪਹਿਲਾਂ ਹੀ ਚੜ੍ਹ ਗਏ ਸਾਰਿਆਂ ਨੂੰ!

## ਇਤਿਹਾਸ ਪੜ੍ਹੋ:

ਕਈ ਕਹਿੰਦੇ, ਜੀ ਇਹ ਗੁਰੂਆਂ ਦੀ ਪ੍ਰੰਪਰਾਵਾਂ ਤੋਂ ਉਲਟ ਐ। ਮੈਂ ਸਟੇਜ ਤੇ ਪੁੱਛਣਾ ਚਾਹੁੰਦਾ ਹਾਂ ਕੀ ਕਲਗੀਧਰ ਜੀ ਨੂੰ ਡਾਕੂ ਕਹੋਗੇ ਸਿੱਖਾਂ ਦੇ ਪੁੱਤੋ! ਜ਼ੁਬਾਨ ਸੜੇਗੀ ਨਾਂਹ? ਆਨੰਦਪੁਰ ਦੀ ਡਿਉੜੀ ਤੇ ਬੈਠੇ ਮੇਰੇ ਚੋਗੀ ਪ੍ਰੀਤਮ ਪੁੱਤਰਾਂ ਦੇ ਦਾਨੀ! ਸੰਗਤ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ! ਸੰਗਤ ਲੁੱਟੀ ਗਈ, ਮੁਗਲਾਂ ਨੇ ਲੁੱਟ ਲਈ। ਮਹਾਰਾਜ ਕਹਿੰਦੇ, ਬਹਿ ਜਾਓ, ਕੋਈ ਨੀਂ। ਦੂਜੇ ਦਿਨ ਫੇਰ ਸੰਗਤ ਆਈ। ਬੇਨਤੀ ਕੀਤੀ, "ਸਾਨੂੰ ਲੁੱਟ ਲਿਆ।" ਮਹਾਰਾਜ ਕਹਿੰਦੇ "ਸਬਰ ਕਰੋ। ਬਹਿ ਜਾਓ।" ਤੀਜੀ ਵੇਰਾਂ ਫੇਰ ਸੁਨੇਹਾ ਆਇਆ, "ਮਹਾਰਾਜ ਸੰਗਤ ਲੁੱਟੀ ਗਈ।"

ਸੱਚੇ ਪਾਤਸ਼ਾਹ ਦੀ ਚੜ੍ਹਦੀ ਜਵਾਨੀ ਐ। ਅਜੇ ਦਾੜ੍ਹਾ ਮਾਮੂਲੀ ਜਿਹਾ ਸੀ। ਆਇਆ ਨਹੀਂ ਸੀ। ਜਿਵੇਂ ਮਾੜੀ ਮੋਟੀ ਲੂੰਈਂ ਫੁੱਟਦੀ ਐ। ਇਹੋ ਜਿਹਾ ਚਿਹਰਾ ਸੀ ਅਜੇ ਸਤਿਗੁਰੂ ਦਾ। ਉਸ ਵੇਲੇ ਮਹਾਰਾਜ ਨੇ ਬੀਰ ਰਸ



Digitized by Panjab Digital Library | www.panjabdigilib.org

ਵਿਚ ਆ ਕੇ ਕਿਹਾ, "ਖਾਲਸਾ ਜੀ! ਸਾਡੇ ਕੰਨ ਵਿਚ ਇਹ ਆਵਾਜ਼ ਨਹੀਂ ਪੈਣੀ ਚਾਹੀਦੀ ਕਿ ਸੰਗਤ ਲੁੱਟੀ ਗਈ। ਕੱਲ੍ਹ ਤੋਂ ਸਾਡੇ ਕੰਨ ਵਿਚ ਇਹ ਆਵਾਜ਼ ਪੈਣੀ ਚਾਹੀਦੀ ਐ ਕਿ ਗੁਰੂ ਕੇ ਖਾਲਸੇ ਨੇ ਮਾਰ ਬੁਕਾਰਾ ਕਰ ਲਿਆ ਐ, ਮਾਰ ਬੁਕਾਰਾ ਕਰ ਲਿਆ ਐ।"

ਇਹਦਾ ਅਰਥ ਤਾਂ ਫੇਰ ਮੇਰੇ, ਜਿਹਾ ਅਰਥ ਮੇਰੀ ਵਿਚਾਰ ਦੇ ਕੱਢੇ ਐ ਤੇ ਇਹੀ ਵਿਚਾਰ ਇਧਰ ਲਾ ਲਈਏ ਤਾਂ ਮੇਰਾ ਖਿਆਲ ਐ, ਸਿੱਖ ਦਾ ਪੁੱਤ ਫੇਰ ਗੁਰੂ ਨੂੰ ਡਾਕੂ ਕਹੂ? ਕੀ ਗੁਰੂ ਨੇ ਚੰਗਾ ਕੀਤਾ? ਗੱਲ ਕਿੱਥੇ ਤੋਰੀ ਲਿਜਾ ਕੇ ਲਾਈ ਕਿੱਥੇ। ਟੀਕਾ ਟਿੱਪਣੀ ਸਮਝੀ ਸੀ। ਮੈਂ ਬੇਨਤੀ ਕਰਾਂਗਾ, ਨੌਜਵਾਨੋ, ਸਾਡਾ ਆਦਰਸ਼ ਹੈ, ਸਾਡਾ ਧਰਮ ਹੈ, ਸਾਡਾ ਅਸੂਲ ਹੈ ਕਿ ਸਿੱਖ ਦੇ ਪੁੱਤ ਨੇ ਨਿਹੱਥੇ ਤੇ ਵਾਰ ਨਹੀਂ ਕਰਨਾ। ਕਈ ਕਹਿੰਦੇ, ਜੀ ਅਖੇ ਲੁਕ ਕੇ ਵਾਰ ਕਰਨਾ ਜਿਹੜਾ ਐ, ਉਹ ਸਿੱਖ ਅਖਵਾ ਈ ਨੀ ਸਕਦਾ। ਤੇ ਜੇ ਭਲਾ ਮੈਂ ਪੁੱਛ ਲਵਾਂ ਬਈ ਲੁਕ ਕੇ ਬਾਹਰ ਨਿਕਲਣਾ ਚੰਗਾ ਐ? ਭਾਈ ਬਿਧੀ ਚੰਦ ਜੀ ਨੂੰ ਕੀ ਕਹੂੰਗੇ? ਉਹ, ਜਿਸ ਸੂਰਮੇ ਨੂੰ ਮੀਰੀ ਪੀਰੀ ਦੇ ਮਾਲਕ ਨੇ ਆਪਣਾ ਹਿਰਦਾ ਕਰਾਰ ਦਿੱਤਾ ਐ। "ਬਿਧੀਆ ਛੀਨਾ ਗੁਰੂ ਕਾ ਸੀਨਾ"। ਛੀਨਾ ਗੋਤ ਸੀ, ਸੀਨਾ ਹਿਰਦੇ ਨੂੰ ਕਹੀਦਾ ਐ। ਤੇ ਪੱਟੀ ਦੀ ਸਾਖੀ ਕੀ ਐ? ਝੁੰਬਲ ਮਾਰਿਆ ਐ। ਪੁਲਿਸ ਵਾਲਾ ਪੁੱਛਦਾ ਐ, ਕੌਣ ਐ? ਕਹਿੰਦਾ ਮੈਂ ਬੁਢੜੀ ਐਂ। ਮੈਂ ਮਾਈ ਐ। ਫੇਰ ਤਾਂ ਝੂਠ ਹੋਇਆ ਬਿਧੀ ਚੰਦ ਦਾ। ਅਸੀਂ ਕੱਲੇ ਸੱਚ - ਪੁੱਤਰ ਰਹਿ ਗਏ। ਘੁੰਡ ਨੀ ਚੁੱਕਿਆ ਉਪਰੋਂ। ਉਸੇ ਤਰ੍ਹਾਂ ਝੁੰਬਲ ਜਿਹਾ ਮਾਰ ਕੇ ਬਾਹਰ ਨਿਕਲ ਆਏ। ਛਾਲ ਮਾਰ ਦਿੱਤੀ ਭੱਠ ਵਿਚ। ਫੇਰ ਤਾਂ ਬਿਧੀ ਚੰਦ ਵੀ ਝੂਠ ਈ ਬੋਲਿਆ। ਪੰਡਤਾਣੀ ਆ ਗਈ ਰੋਂਦੀ। ਹੱਥ ਜੋੜੇ। ਮੈਂ ਜੀ ਕੁੜੀ ਵਿਆਹੁਣੀ ਐ। ਪੈਸੇ ਲਿਆ ਕੇ ਦਿਓ। ਸ਼ਾਹੂਕਾਰ ਦਾ ਉਹਦਾ ਘਰ ਜਾ ਕੇ ਭੰਨਿਆ, ਜਿਹੜਾ ਸਾਰੇ ਸ਼ਹਿਰ 'ਚੋਂ ਧਨੀ ਸੀ। ਡਾਕਾ ਮਾਰਨਾ ਸਿੱਖ ਨੂੰ ਕਿੱਥੇ ਹੁਕਮ ਐ? ਪਰ ਦੇਖਣਾ ਹੈ ਕਿ, ਉਹ ਲਿਆ ਕੇ ਲਾਇਆ ਕਿੱਥੇ? ਪੈਸੇ ਲਿਆ ਕੇ ਪੰਡਤ ਦੀ ਕੁੜੀ ਵਿਆਹੀ ਐ, ਸਿੱਖ ਦੀ ਨੀਂ ਵਿਆਹੀ। ਇਸ ਹਿਸਾਬ ਨਾਲ ਤਾਂ ਬਿਧੀ ਚੰਦ ਬਹੁਤ ਭੈੜਾ ਸੀ। ਅਫਸੋਸ ਐ, ਸਾਨੂੰ ਉਹ ਜਿਹੜੇ ਨਿਤਾਪ੍ਰਤੀ ਅਸੀਂ ਹਿੰਦੂ ਸਿੱਖ, ਹਿੰਦੂ ਸਿੱਖ ਕੂਕਦੇ ਐ, ਉਹ ਸਾਡੀਆਂ ਭੈਣਾਂ ਨੰਗੀਆਂ ਕਰਕੇ ਤੋਰੀ ਫਿਰਦੇ ਐ। ਉਹ ਸਾਡਾ ਖੂਨ ਪੀਣ ਤੇ ਤੁਲੇ ਐ ਤੇ ਸਿੱਖਾਂ ਦੀਆਂ ਦਾੜ੍ਹੀਆਂ ਪੁੱਟ ਕੇ, ਮੁੰਨ ਕੇ ਹੱਥਾਂ 'ਚ ਫੜਾਉਂਦੇ ਐ। ਪੱਗਾਂ ਲਾਹ ਕੇ ਪੱਗਾਂ ਸਾੜ ਦਿੱਤੀਆਂ ਐਂ। ਸਾਡੀ ਇਹੀ ਨੀ ਮੁੱਕਦੀ ਨਿੱਤ ਦੀ ਟੈਂ ਟੈਂ। ਕੀ ਦਸਵੇਂ ਪਾਤਸ਼ਾਹ ਨੂੰ ਕਹੋਗੇ ਇਹ ਬਚਨ? ਛੇਵੇਂ ਪਾਤਸ਼ਾਹ ਨੂੰ ਕਹੋਗੇ? ਚੋਲਾ ਬਚ ਜਾਂਦਾ ਚੋਲਾ, ਟਹਿਣੀ ਟੁੱਟ ਜਾਂਦੀ ਐ। ਕੀਰਤਪੁਰ ਸਾਹਿਬ। ਫੁੱਲ ਤੇ ਤਰਸ ਆ ਜਾਂਦਾ ਐ। ਸਤਵੇਂ ਪਾਤਸ਼ਾਹ ਨੂੰ ਬਚਨ ਹੋਇਆ ਐ ਕਿ ਤੁਸਾਂ ਆਪਣੇ ਕਠੋਰਪੁਣਾ ਕਿਉਂ ਕੀਤਾ ਐ? ਚੋਲਾ ਕਿਉਂ ਨੀਂ ਸੰਭਾਲ ਕੇ ਰੱਖਿਆ? ਮੇਰੇ ਚੋਜੀ ਪ੍ਰੀਤਮ ਨੇ ਜਿੰਨਾ ਚਿਰ ਗੁਰਤਾਗੱਦੀ ਕੀਤੀ, ਚੋਲਾ ਪਕੜ ਕੇ ਆਪਣੇ ਹੱਥ 'ਚ ਤੁਰਿਆ ਕਰਦੇ। ਚੋਲਾ ਖੁੱਲ੍ਹਾ ਨੀਂ ਛੱਡਿਆ। ਫੁੱਲ ਤੇ ਤਰਸ ਐ, ਫੁੱਲ ਦਾ ਦਰਦ ਐ। ਓ ਮਾਰ ਕੇ ਤਲਵਾਰ ਸਮੇਤ ਘੋੜੇ ਦੇ, ਸਮੇਤ ਅਸਵਾਰ ਦੇ ਝਟਕਾ ਕੇ ਧਰਤੀ 'ਚ ਗੱਡ ਦਿੰਦੇ ਸੀ। ਉਦੋਂ ਛੇਵੇਂ ਪਾਤਸ਼ਾਹ ਦੀ ਦਇਆ ਕਿੱਥੇ ਸੀ? ਆ ਜਦੋਂ ਆਪਾਂ ਗਏ 78 ਨੂੰ, ਕਿੰਨੀਆਂ ਕੁ ਤੋਪਾਂ ਸੀ ਸਾਡੇ ਕੋਲ, ਪੱਗਾਂ ਵਾਲਿਓ ਦੱਸੋ? ਤੁਹਾਡੇ ਨਿਹੱਥਿਆਂ ਤੇ ਵਾਰ ਨੀਂ ਹੋਇਆ? ਤੇ ਜੇ ਕਿਸੇ ਦਾ ਬਣਾਇਆ ਫਾਰਮੂਲਾ ਉਸੇ ਤੇ ਕੋਈ ਲਾਗੂ ਕਰ ਦੇਵੇ ਤੇ ਆਪਾਂ ਚਿੜ੍ਹੀ ਜਾਈਏ, ਆਪਾਂ ਟੱਪੀ ਜਾਈਏ, ਜੀ ਇਹ ਫਾਰਮੂਲਾ ਸਿੱਖ ਦਾ ਕਰਮ ਨਹੀਂ। ਓ ਸਿੱਖ ਦਾ ਕਰਮ ਐ, ਕਿਸੇ ਤੇ ਵਾਧਾ ਨੀ ਕਰਨਾ। ਸਿੱਖ ਦਾ ਕਰਮ ਐ, ਕਿਸੇ ਦੀ ਧੀ ਭੈਣ ਦੀ ਇਜ਼ਤ ਨੀ ਲੁੱਟਣੀ, ਸਿੱਖ ਦਾ ਕਰਮ ਐ ਕਿਸੇ ਨੂੰ ਗਾਲ੍ਹ ਨੀਂ ਕੱਢਣੀ। ਸਿੱਖ ਦਾ ਕਰਮ ਇਹ ਨਹੀਂ ਕਿ ਭੈਣ ਨੰਗੀ ਤੁਰੀ ਫਿਰੇ ਤੇ ਸਿੱਖ ਨੀਵੀਂ ਪਾ ਕੇ ਖੁਸਰਾ ਬਣ ਕੇ ਬੈਠਾ ਰਹੇ। ਇਹ ਵੀ ਸਿੱਖ ਦੇ ਪੁੱਤ ਦਾ ਕੰਮ



Digitized by Panjab Digital Library | www.panjabdigilib.org

ਨਹੀਂਗਾ। ਸੋ ਮੈਂ ਬੇਨਤੀ ਕਰਾਂਗਾ ਸਾਰੇ ਸਿੰਘਾਂ ਨੂੰ, ਨੌਜਵਾਨੋ! ਚੜ੍ਹਦੀ ਕਲਾ ਵਿਚ ਰਹੋ। ਕੇਸਰੀ ਨਿਸ਼ਾਨ ਸਾਹਿਬ ਦਾ ਪੱਲਾ ਨੀ ਛੱਡਣਾ। ਤੇ ਪੰਥ ਦੀ ਡਟ ਕੇ ਨੰਗੇ ਧੜ ਹਮਾਇਤ ਕਰਨੀ ਐ, ਘੁੰਡ ਕੱਢ ਕੇ ਨੀ। ਸਤਿਗੁਰੂ ਗ੍ਰੰਥ ਸਾਹਿਬ ਦੇ ਬਿਨਾਂ ਕਿਸੇ ਪਖੰਡੀ ਨੂੰ ਮੱਥਾ ਨਹੀਂ ਟੇਕਣਾ। ਹਾਂ, ਕੋਈ ਲੀਡਰ ਹੈ, ਜ਼ੁੰਮੇਵਾਰ ਕੋਈ, ਕੋਈ ਮਹਾਤਮਾ ਤੁਹਾਡੇ ਕੋਲ ਆਉਂਦਾ ਐ, ਉਹਨੂੰ ਪ੍ਰੇਮ ਨਾਲ ਫਤਹਿ ਬੁਲਾਓ। ਪੈਰਾਂ ਨੂੰ ਭੱਜ ਕੇ ਨਾ ਪਿਆ ਕਰੋ। ਖੰਡੇ ਬਾਟੇ ਦਾ ਅੰਮ੍ਰਿਤ ਛਕੋ। ਕੇਸ ਦਾੜ੍ਹਾ ਕਟਾਉਣੋ ਹਟੋ। ਨਸ਼ੇ ਦਾ ਤਿਆਗ ਕਰੋ।

## ਗ਼ਦਾਰ ਕੌਣ ਹੈ?

ਕੇਸਰੀ ਨਿਸ਼ਾਨ ਸਾਹਿਬ ਦਾ ਨਾਂ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਾਸਤਾ ਪਾ ਕੇ, ਪੰਥ ਦੇ ਨਾਂ ਦੀ ਡੁਗਡੁਗੀ ਖੜਕਾ ਕੇ, ਹੁਕਮਨਾਮੇ ਦੀ ਉਲੰਘਣਾ ਕਰਕੇ, ਸ਼ਹੀਦਾਂ ਦਾ ਖ਼ੂਨ ਪੀ ਕੇ, ਨਰਕਧਾਰੀਆਂ ਨੂੰ ਬਾਪੂ ਕਹਿ ਕੇ, ਉਨ੍ਹਾਂ ਤੋਂ ਵੋਟਾਂ ਲੈ ਕੇ, ਕੁਰਸੀ ਨੂੰ ਕਾਇਮ ਰੱਖਣ ਦਾ ਕੋਈ ਇੱਛੁਕ ਹੋਵੇ, ਭਾਵੇਂ ਕਿੱਡਾ ਵੱਡੇ ਤੋਂ ਵੱਡਾ, ਛੋਟੇ ਤੋਂ ਛੋਟਾ, ਉਹਦਾ ਕਦੇ ਇਤਬਾਰ ਨੀ ਕਰਨਾ। ਇਹ ਚੇਤਾ ਰੱਖਣਾ ਐ। ਬਾਕੀ ਮੈਂ ਆਪਣੇ ਵਲੋਂ ਜੋ ਜਥੇ 'ਚ ਜਾਣ ਵਾਲੇ ਨੇ, ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਤੇ ਨੌਜਵਾਨੋ, ਤੁਹਾਨੂੰ ਬੇਨਤੀ ਵੀ ਕਰਦਾ ਐਂ, ਕੱਲਾ ਪ੍ਰਚਾਰ ਸੁਣਿਆ ਐ, ਮਿੰਟ ਕੁ ਅਸਰ ਕੀਤਾ ਤੇ ਫਿਰ ਉਧਰ ਨੂੰ ਤੁਰ ਪਏ। ਵੈਸੇ ਤਾਂ ਸਮੁੱਚੇ ਤੌਰ ਤੇ ਪਰ ਵਿਸ਼ੇਸ਼ ਤੌਰ ਤੇ ਹਿੰਦੁਸਤਾਨ ਦੇ ਵਸਨੀਕ ਸਿੱਖਾਂ ਨੂੰ ਬੇਨਤੀ ਕਰਾਂਗਾ, ਉਹ ਜਿਹੜੇ ਲੋਕ 'ਸਿੱਖ ਵੱਖਰੀ ਕੌਮ' ਮੰਨਣ ਤੋਂ ਮੁਨਕਰ ਐ। ਉਹ ਸਿੱਖੀ ਸਰੂਪ ਵਾਲੇ, ਉਨ੍ਹਾਂ ਨੂੰ ਸਿਹਰੇ ਦੇਣੇ, ਉਨ੍ਹਾਂ ਨੂੰ ਸਿਰੋਪਾਓ ਪਾਣੋ ਮਰ ਨੀਂ ਜਾਈਦਾ ਆਪਾਂ ਤੋਂ। ਜਿਹੜਾ ਗੁਰੂ ਗਰੰਥ ਸਾਹਿਬ ਦੀ ਚਲਾਈ ਹੋਈ ਮਰਯਾਦਾ ਨੂੰ, ਸਤਿਗੁਰ ਕਲਗੀਧਰ ਦੇ ਦਿੱਤੇ ਹੋਏ ਸਰੂਪ ਨੂੰ ਮੰਨਣ ਤੋਂ ਮੁਨਕਰ ਐ, ਤੇ ਦਾੜ੍ਹੀਆਂ ਤੇ ਮੂੰਹ ਕਾਲਾ ਕਰਦਾ ਐ ਤੇ ਕਹਿੰਦਾ ਐ, ਸਿੱਖ ਵੱਖਰੀ ਕੌਮ ਨਹੀਂ, ਉਹ ਸਿੱਖਾਂ ਦੇ ਪੁੱਤ ਉਠ ਕੇ ਤੁਸੀਂ ਸਟੇਜਾਂ ਤੇ ਉਨ੍ਹਾਂ ਨੂੰ ਸਿਰੋਪਾਓ ਦੇਣੋਂ ਸਿੱਖ ਅਖਵਾਉਣ ਦੇ ਹੱਕਦਾਰ ਓ? ਕਿਹੜੀ ਬਿਪਤਾ ਪਈ ਐ ਆਪਣੇ ਤੇ? ਤੁਸੀਂ ਸਿਰੋਪਾਓ ਦਿੰਨੇ ਐਂ? ਉਹ ਸੁਨੇਹਾ ਭੇਜ ਦਿੰਦੇ ਐ, ਫਲਾਣੇ ਪਿੰਡ ਐਨੇ ਸਿੱਖ ਮਾਰ ਦਿਓ। ਤੁਸੀਂ ਜਾ ਕੇ ਰੋਨੇ ਐ। ਉਹ ਕਹਿੰਦੇ ਦੋ ਹੋਰ ਮਾਰ ਦਿਓ। ਸਿਰੋਪਾਓ ਉਨ੍ਹਾਂ ਨੂੰ ਦੇਣੇ ਐ? ਬੇਨਤੀ ਕਰਾਂਗਾ ਸਾਰੀ ਸੰਗਤ ਨੂੰ, ਇਕੱਠਿਆਂ ਰਹਿਣਾ ਐ। ਕਿਸੇ ਅਖ਼ਬਾਰ ਦੀਆਂ ਖ਼ਬਰਾਂ ਸੁਣ ਕੇ ਕਾਹਲੇ ਨਹੀਂ ਪੈਣਾ। ਬੜੀ ਧੀਰਜ ਤੇ ਧੰਬਲ ਨਾਲ ਚੱਲਣਾ ਐ। ਹਥਿਆਰ ਪੂਰੇ ਰੱਖਣੇ ਐ। ਸ਼ਸ਼ਤਰਧਾਰੀ ਹੋਵੋ। ਕੋਈ ਲਸੰਸਾਂ ਲਸੂੰਸਾਂ ਦੀ ਲੋੜ ਨਹੀਂ। ਜੇ ਹਿੰਦੂ ਦੇ ਪੁੱਤ ਨੂੰ ਗਰਨੇਡ ਲੈਣ ਵਾਸੇ ਲਸੰਸ ਦੀ ਲੋੜ ਨਹੀਂ, ਜੇ ਭੇਡ ਤੇ ਬੱਕਰੀ ਦੇ ਪੁੱਤ ਨੂੰ ਸ਼ਸ਼ਤਰ ਰੱਖਣ ਵਾਸਤੇ ਕੋਈ ਲੋੜ ਨਹੀਂ, ਉਹ ਸ਼ੇਰ ਦਾ ਪੁੱਤ ਕਿਉਂ ਨਾ ਅੱਗੇ ਜਾ ਕੇ ਖੜ੍ਹਾ ਹੋਵੇ? ਮੈਨੂੰ ਹਥਿਆਰ ਦੇ ਦਿਓ। ਬਾਕੀ ਲਾਹਣਤ ਐ ਆਪਣੇ ਜੀਵਨ ਨੂੰ। ਪੱਗ ਸਿਰ ਤੇ ਹੋਵੇ, ਦਾਹੜਾ ਸਾਬਤ ਹੋਵੇ ਤੇ ਟੋਪੀ ਵਾਲਾ ਆਉਂਦਾ ਹੋਵੇ ਤੇ ਚੁੱਕ ਕੇ ਰਾਈਫਲ ਉਹਨੂੰ ਫੜਾ ਦਿਓ। ਲੈ ਬੱਚਿਆਂ ਵਾਲਿਆ ਲੈ ਜਾ। ਜੰਮੇ ਕਾਹਨੂੰ ਸਿੱਖਾਂ ਦੇ ਘਰੇ? ਤਤਪਰ ਹੋਵੋ। ਸਤਿਗੁਰੂ ਗਰੰਥ ਸਾਹਿਬ ਜੀ ਦੇ ਵਾਸਤੇ ਜੂਝੋ। ਸ਼ਹੀਦਾਂ ਵਾਸਤੇ ਜੂਝੋ। ਆਨੰਦਪੁਰ ਦੇ ਮਤੇ ਵਾਸਤੇ। ਜਦੋਂ ਤੱਕ ਪੂਰਤੀ ਨੀਂ ਹੁੰਦੀ। ਚਾਹੇ ਕੋਈ ਕਿਸੇ ਵਾਸਤੇ ਕੁਝ ਅੱਖਰ ਬੋਲਦਾ ਐ, ਉਹਦੀ ਪ੍ਰਵਾਹ ਨੀ ਕਰਨੀ। ਆਨੰਦਪੁਰ ਦੇ ਮਤੇ ਦੀ ਪੂਰਤੀ, ਸਿੱਖ ਵੱਖਰੀ ਕੌਮ ਦੇ ਨਿਸਚੇ ਵਾਸਤੇ। ਜਦੋਂ ਤੱਕ ਇਹ ਕਲਮ ਨਾਲ ਲਿਖਵਾ ਕੇ ਨੀਂ ਲੈਂਦੇ, ਭਾਵੇਂ ਸਾਰਾ ਦੋ ਕਰੋੜ ਦਾ ਦੋ ਕਰੋੜ ਖਤਮ ਹੋ ਜਾਈਏ, ਤਦੋਂ ਤੱਕ ਇਕ ਇੰਚ ਵੀ ਪਿੱਛੇ ਨੀਂ ਹਟਣਾ। ਤੇ ਜਿਹੜਾ ਪਿੱਛੇ ਹਟੇਗਾ, ਉਹਨੂੰ ਤੁਸੀਂ ਵੀ ਧਿਆਨ 'ਚ ਰੱਖਣਾ। ਮੈਂ ਵੀ ਰੱਖਣਾ ਐ। ਜੇ ਤਾਂ ਮੈਂ ਗ਼ਲਤੀ ਕਰੂੰਗਾ, ਤੇ ਮੇਰੇ ਨਾਲ ਲਿਹਾਜ਼ ਨਾ ਕਰਿਓ। ਕੋਈ ਸੰਤਪੁਣਾ ਮੇਰਾ ਨਾ ਦੇਖਿਓ। ਤੇ ਜੇ ਕੋਈ ਹੋਰ ਕਰੂਗਾ ਤੇ



Digitized by Panjab Digital Library | www.panjabdigilib.org

ਉਹਦਾ ਵੀ ਨੀ ਵੇਖਣਾ। ਪਰ ਗੱਲਾਂ ਸੁਣ ਕੇ ਨਾ ਕਹਿ ਦਿਆ ਕਰੋ, ਫਲਾਣਾ ਬਹਿ ਗਿਆ। ਫਲਾਣਾ ਡਿਗ ਪਿਆ, ਧਿਮਕਾ ਆਹ ਹੋ ਗਿਆ। ਜਦੋਂ ਤੱਕ ਭਾਵੇਂ ਹੌਲੀ ਕੰਮ ਰਿੜ੍ਹਦਾ ਐ, ਭਾਵੇਂ ਤੇਜ਼ੀ ਨਾਲ ਰਿੜ੍ਹਦਾ ਐ, ਕਿਸੇ ਢੰਗ ਨਾਲ ਰੁੜ੍ਹਿਆ ਤਾਂ ਜਾਂਦਾ। ਜਾਮ ਤਾਂ ਨਹੀਂ ਨਾ ਪਹੀਆ ਅਜੇ ਹੋਇਆ। ਜਦੋਂ ਪਹੀਆ ਜਾਮ ਹੋਵੇਗਾ, ਕੋਈ ਗੱਲ ਗ਼ਲਤ ਹੋਵੇਗੀ। ਮੈਂ ਵੀ ਤੁਹਾਡਾ ਛੋਟਾ ਜਿਹਾ ਚੌਕੀਦਾਰ ਆਂ। ਦੱਸਣ ਤੋਂ ਸੰਕੋਚ ਨੀ ਕਰਾਂਗਾ। ਭੈਅ ਕਦੇ ਕਿਸੇ ਦਾ ਮੰਨਾਂਗਾ ਨਹੀਂ ਤੇ ਨਾ ਕਦੇ ਭੈਅ ਕਿਸੇ ਨੂੰ ਦੇਵਾਂਗਾ। ਸਿੱਖ ਦਾ ਇਹ ਕਰਮ ਈ ਇਹੋ ਐ "ਭੈ ਕਾਹੂੰ ਕੋ ਦੇਤ ਨਹਿ, ਨਹਿ ਭੈ ਮਾਨਤ ਆਨ।"

ਬਾਕੀ ਜਿਹੜੀਆਂ ਖ਼ਬਰਾਂ ਐਂ, ਇਨ੍ਹਾਂ ਬਾਰੇ ਬਹੁਤਾ ਫਿਕਰ ਨਾ ਕਰਿਓ। ਮਹਾਸ਼ਾ ਪ੍ਰੈਸ ਨੇ ਕਿਹਾ ਹੈ ਕਿ ਭਿੰਡਰਾਂ ਕਹਿੰਦਾ ਹੈ ਕਿ ਹਰ ਪਿੰਡ ਵਿਚ ਇਕ ਮੋਟਰ ਸ਼ੈਕਲ ਤੇ ਤਿੰਨ ਨੌਜਵਾਨ ਤੇ ਤਿੰਨ ਰੀਵਾਲਵਰ ਵਧੀਆ ਰੱਖੋ ਤੇ ਹਿੰਦੂਆਂ ਨੂੰ ਚੁੱਕ ਦਿਓ। ਇਹ ਕਦੇ ਮੇਰੀ ਜ਼ਬਾਨ ਤੋਂ ਸੁਣਿਆ? ਮੈਂ ਜਿੱਥੇ ਹਿੰਦੂਆਂ ਦਾ ਅੱਖਰ ਵਰਤਿਐ, ਉਥੇ ਮੁੱਕਰਾਂਗਾ ਨਹੀਂ ਕਦੇ ਵੀ। ਮੈਂ ਕਿਹਾ ਸੀ, ਪਰ ਉਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ। ਉਨ੍ਹਾਂ ਬੱਸ ਛੱਡ ਦਿੱਤੀ। ਕਿਸੇ ਦੇ ਚੁਪੇੜ ਮਾਰੀ ਐ? ਪਰ ਮੈਂ ਇਕ ਗੱਲ ਪੁੱਛ ਵੀ ਲਵਾਂ। ਇਹ ਜੀ, ਅਖੇ ਠੀਕ ਨੀਂ ਓ ਜੀਪ ਫੜੀ ਨੂੰ 13 ਮਹੀਨੇ ਹੋ ਗਏ। ਛੁਡਾ ਲਈ? ਅੱਸੀ ਹਜ਼ਾਰ ਰੁਪਈਆ ਬੱਸ ਤੇ ਲਾਇਆ। ਵੀਹ ਹਜ਼ਾਰ ਦੀ ਨਵੀਂ ਜੀਪ ਲਈ 17 ਤਾਰੀਖ ਨੂੰ। ਫੜੀ ਸੀ ਪਿਛਲੇ ਸਾਲ। ਉਹ ਉਨ੍ਹਾਂ ਛੱਡੀ ਨੀ ਵਾਹੀ ਜਾਂਦੇ ਐ। ਤਿੰਨ ਲੱਖ ਦੀ ਸੰਗਤ ਨੇ ਬਣਾ ਕੇ ਦਿੱਤੀ ਹੈ। ਇਹ ਉਥੇ ਖੜ੍ਹੀ ਰਹੇ। ਮੁੜ ਕੇ ਵੱਡੀ ਬੱਸ ਲਈ ਐ। ਸਾਢੇ ਤਿੰਨ ਚਾਰ ਲੱਖ ਉਹਦੇ ਤੇ ਲੱਗਾ ਐ। 7 ਲੱਖ ਦੀਆਂ ਚੰਦੋਕਲਾਂ ਸਾੜ ਦਿੱਤੀਆਂ ਐ ਤੇ ਛੁਡਾਈਏ ਕਿਵੇਂ ਫੇਰ। ਜਦੋਂ ਤੱਕ ਚਾਹਟਾ ਨਾ ਛਕਾਈਏ। ਬੱਸਾਂ ਨਾ ਸਾੜਨ, ਜੀਪਾਂ ਕਾਰਾਂ ਨਾ ਫੜਨ। ਕਾਗਜ਼ ਗ਼ਲਤ ਐ ਤਾਂ ਚਲਾਨ ਕਰਨਾ, ਭੁਗਤਾਂਗੇ। ਟੈਕਸ ਨੀ ਭਰਿਆ, ਭੁਗਤਾਂਗੇ। ਇਹ ਕੀ ਮਤਲਬ, ਜਥੇ ਦੀ ਜਿਹੜੀ ਬੱਸ ਮਰਜ਼ੀ ਫੜ ਕੇ ਉਹਨੂੰ ਠਾਣੇ ਵਿਚ ਬੰਦ ਕਰ ਦਿਓ। ਖੁਸਰਿਆਂ ਦੀਆਂ ਬੱਸਾਂ ਐ? ਇਹੋ ਜਿਹਾ ਕੰਮ ਕੀਤਾ, ਜ਼ਰੂਰ ਟੱਕਰ ਹੋਵੇਗੀ। ਤੇ ਨਹੀਂ ਅਸੀਂ ਤਾਂ ਸ਼ਾਂਤਮਈ ਚਾਹੁੰਦੇ ਆਂ। ਸ਼ਾਤਮਈ ਢੰਗ ਨਾਲ ਸਾਡਾ ਮੋਰਚਾ ਚੱਲ ਰਿਹਾ ਐ। ਦੱਸੋ ਕਿਹੜੇ ਵਲੰਟੀਅਰ ਨੇ ਜਾ ਕੇ ਅੱਗ ਲਾਈ ਐ ਕਿਤੇ। ਜਥੇ ਜਾਂਦਿਆਂ ਹੋਇਆਂ ਤੇ ਜੇ ਬਾਹਰ ਕੋਈ ਲਾ ਦੇਵੇ ਤਾਂ ਠੇਕਾ ਲਿਆ ਐ ਸਾਡਾ ਇਥੇ ਬੈਠਿਆਂ ਦਾ ਚੁੱਕਣ ਦਾ। ਜੇ ਸ਼ਾਂਤਮਈ ਜਾਂਦਿਐ ਨੂੰ ਛੇੜੋਗੇ, ਗ਼ਲਤਫਹਿਮੀਆਂ ਪੈਦਾ ਕਰੋਗੇ, ਤੇ ਸਿੱਟਾ ਜ਼ਰੂਰ ਗੰਭੀਰ ਨਿਕਲੂ ਤੇ ਨਹੀਂ ਤੇ ਸੁੱਤੇ ਸਿੱਧ ਕੰਮ ਚੱਲੀ ਜਾਂਦਾ ਐ। ਇਧਰੋਂ ਤੁਰੀ ਜਾਂਦੇ ਐ। ਤੁਸੀਂ ਫੜੀ ਜਾਨੇ ਓ। ਲੰਗਰ ਛਕ ਕੇ ਮੁੜ ਆਉਂਨੇ ਆਂ। ਜਦੋਂ ਤੱਕ ਨਿਬੜੂਗਾ, ਨਿਬੜਦਾ ਰਹੂ। ਔਰ ਨੌਜਵਾਨੋ! ਤਤਪਰ ਜ਼ਰੂਰ ਰਹਿਣਾ ਐ। ਇਹ ਨਾ ਉਡੀਕਦੇ ਰਿਹੋ ਐਧਰੋਂ ਸੁਨੇਹਾ ਕੋਈ ਆ ਜਾਵੇ ਤੇ ਨਿਤ ਕਹਿਨੇ, ਜੀ ਕੋਈ ਗਰਮ ਪ੍ਰੋਗਰਾਮ ਗਰਮ ਪ੍ਰੋਗਰਾਮ। ਐਥੋਂ ਐਲਾਨ ਹੋ ਜਾਏ ਤੇ ਮੁੜ ਕੇ ਐਥੇ ਉਦਾਲੇ ਹੋਈ ਬੈਠੋਂ ਕਿ ਜੀ ਸਾਨੂੰ ਕੁਛ ਦਿਓ। ਓ ਕੋਈ ਖੀਸੇ 'ਚ ਨੀ ਪਾ ਕੇ ਰੱਖਿਆ। ਜੇਬ 'ਚ ਨੀ ਪਾ ਕੇ ਰੱਖਿਆਂ ਜਿਹੜਾ ਤੁਹਾਨੂੰ ਕੱਢ ਕੇ ਦੇ ਦੇਣਾ ਐ। ਉਹ ਆਪਣੀਆਂ ਬਾਹਾਂ ਦੇ ਨਾਲ, ਆਪਣੇ ਦਿਮਾਗ ਦੇ ਨਾਲ ਪੈਦਾ ਕਰੋ। ਆਪਣੀ ਤਾਕਤ ਨਾਲ ਪੈਦਾ ਕਰੋ ਤੇ ਚੱਲੋ ਮਿਲ ਕੇ। ਨਸ਼ਿਆਂ ਦਾ ਤਿਆਗ ਕਰਨਾ, ਪੰਥ ਦੀ ਡਟ ਕੇ ਹਮਾਇਤ ਕਰਨੀ ਐ ਤੇ ਵਿਰੋਧੀਆਂ ਤੋਂ ਸਾਵਧਾਨ ਰਹਿਣਾ ਐ ਤੇ ਦੇਹਧਾਰੀਆਂ ਨੂੰ ਪੂਰੀ ਸ਼ਿਕਸਤ ਦੇਣੀ ਐ ਤੇ ਜਿਹੜੇ ਗੁਰੂ ਕੇ ਨਿੰਦਕ ਐ, ਉਨ੍ਹਾਂ ਵੱਲ ਪੂਰਾ ਧਿਆਨ ਦੇਣਾ। ਜਿਹੜੇ ਧੀਆਂ ਭੈਣਾਂ ਦੀ ਇਜ਼ਤ ਲੁੱਟਦੇ ਐ, ਸਤਿਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਦੇ ਐ, ਉਹਨੂੰ ਵੀ ਚਾਹਟਾ ਪੂਰੇ ਤਰੀਕੇ ਨਾਲ ਛਕਾਉਣਾ ਐ। ਹੁਕਮਨਾਮੇ ਦੀ ਪਾਲਣਾ ਕਰਨੀ ਐ। ਹਰ ਯੋਗ ਤਰੀਕੇ ਨਾਲ ਨਰਕਧਾਰੀਆਂ ਵਲੋਂ ਜ਼ੁਲਮ ਰੋਕਣਾ ਐ ਤੇ ਮੈਂ ਨੀ ਕਹਿ ਰਿਹਾ ਹੁਕਮਨਾਮੇ ਵਿਚ ਲਿਖਿਆ ਐ। ਸੋ ਜੋ ਗੌਰਮਿੰਟ ਨੇ ਵਿਦਿਆਰਥੀਆਂ ਨੂੰ



Digitized by Panjab Digital Library / www.panjabdigilib.org

ਫੜਿਆ ਸੀ । ਭਾਈ ਅਮਰੀਕ ਸਿੰਘ, ਬਾਰਾ ਸਿੰਘ, ਉਨ੍ਹਾਂ ਦੇ ਨਾਲ ਦੇ ਵਿਦਿਆਰਥੀ ਪਹਿਲਾਂ ਕਾਫੀ ਆਏ ਐ । ਅੱਜ ਭਾਈ ਗੁਰਚਰਨ ਸਿੰਘ ਜੀ, ਜਿਹੜੇ ਏਥੇ ਕਮੇਟੀ ਵਿਚ ਵੀ ਪਹਿਲਾਂ ਮੁਲਾਜ਼ਮ ਸਨ, ਫੈਡਰੇਸ਼ਨ ਦੇ ਵਿਦਿਆਰਥੀ ਵੀ ਐ । ਮੇਰੇ ਨਾਲ ਵੀ ਉਨ੍ਹਾਂ ਦਾ ਗਾੜ੍ਹਾ ਪਿਆਰ ਐ । ਉਹ ਦਿੱਲੀ, ਜਿਸ ਵੇਲੇ ਖੇਡਾਂ ਹੋਈਆਂ, ਉਸ ਵੇਲੇ ਇਸ਼ਤਿਹਾਰਾਂ ਦੀ ਸੇਵਾ ਇਸ ਪ੍ਰੇਮੀ ਨੇ ਕੀਤੀ ਸੀ। ਗੌਰਮਿੰਟ ਨੇ ਇਹਨੂੰ ਫੜ ਲਿਆ। ਹੁਣ ਤੱਕ ਇਹਦਾ ਚਲਾਨ ਹੀ ਨੀ ਪੇਸ਼ ਕਰ ਸਕੇ । ਉਹ ਪ੍ਰੇਮੀ ਵੀ ਅੱਜ ਇਥੇ ਆਇਆ ਐ । ਏਸ ਗੱਲ ਦੀ ਵੀ ਪੰਥ ਮਹਾਰਾਜ ਨੂੰ ਵਧਾਈ ਦਿੰਦਾ ਆਂ । ਸੰਗਤ ਨੂੰ ਅਤੇ ਉਸ ਪ੍ਰੇਮੀ ਨੂੰ ਵੀ ਬੇਨਤੀ ਕਰਾਂਗਾ ਸਿਹਰੇ ਦੇ ਰੂਪ ਵਿਚ ਸਿਰੋਪਾਓ ਪ੍ਰਾਪਤ ਕਰਨ ਤੇ ਨਾਲੇ ਸੰਗਤ ਨੂੰ ਫਤਹਿ ਬੁਲਾ ਦੇਣ, ਭਾਈ ਗੁਰਚਰਨ ਸਿੰਘ ਜੀ। ਬਹੁਤ ਭਾਰੀ ਉਹਦੇ ਤੇ ਕੁੱਟ ਪਈ ਐ । ਉਹ ਏਸੇ ਗੱਲ ਵਿਚ ਕਿ ਤੂੰ ਇਹ ਇਸ਼ਤਿਹਾਰ ਸੁੱਟ ਕੇ ਕੰਮ ਕਿਉਂ ਵਿਗਾੜਿਆ ਐ? ਇਹ ਹਲਚਲੀ ਕਿਉਂ ਮਚਾਈ ਐ? ਜੇ ਕਾਗਜ਼ ਸਿੱਖ ਦਾ ਪੁੱਤ ਸੁੱਟ ਦੇਵੇ ਤਾਂ ਵੀ ਫਿਰਕਾਪ੍ਰਸਤੀ ਤੇ ਟੋਪੀ ਵਾਲਾ ਜਹਾਜ਼ ਲੈ ਜਾਵੇ ਤੇ ਤਾਂ ਵੀ ਦੇਸ਼ ਭਗਤੀ ਤੇ ਹੁਣ ਤੁਸੀਂ ਫੈਸਲਾ ਕਰਨਾ ਕਿ ਕਿਵੇਂ ਚੱਲਣਾ ਐ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥



Digitized by Panjab Digital Library | www.panjabdigilib.org

# ਭਿੰਡਰਾਂਵਾਲਾ ਨੇ ਸਿੱਖਾਂ ਨੂੰ ਹਰ ਕੀਮਤ ਤੇ ਆਜ਼ਾਦੀ ਹਾਸਲ ਕਰਨ ਦਾ ਸੱਦਾ ਦਿੱਤਾ ਸੀ ।

ਸਰਕਾਰ ਵਲੋਂ ਜਾਰੀ ਕੀਤੇ ਵਾਈਟ ਪੇਪਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਸਮੇਂ ਸਮੇਂ ਦਿੱਤੇ ਗਏ ਭਾਸ਼ਨ ਵੀ ਦਿੱਤੇ ਗਏ ਹਨ। ਇਹ ਭਾਸ਼ਨ ਕਸੈਟਾਂ ਦੇ ਰੂਪ ਵਿਚ ਹਨ ਤੇ ਵਾਈਟ ਪੇਪਰ ਵਿਚ ਇਨ੍ਹਾਂ ਦਾ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਪ੍ਰਕਾਸ਼ਤ ਕੀਤਾ ਗਿਆ ਹੈ।

## ਭਾਸ਼ਨਾਂ ਦਾ ਅੰਸ਼

"ਸਾਰੇ ਸਿੱਖ ਜੋ ਪਿੰਡਾਂ ਜਾਂ ਸ਼ਹਿਰਾਂ ਵਿਚ ਰਹਿੰਦੇ ਹਨ , ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅਸੀਂ ਗ਼ੁਲਾਮ ਹਾਂ ਅਤੇ ਹਰ ਕੀਮਤ ਤੇ ਮੁਕਤੀ ਚਾਹੁੰਦੇ ਹਾਂ। ਇਸ ਗ਼ੁਲਾਮੀ ਨੂੰ ਖਤਮ ਕਰਨ ਲਈ ਆਪਣੇ ਆਪ ਨੂੰ ਹਥਿਆਰਬੰਦ ਕਰੋ। "ਅਤੇ ਲੜਾਈ ਲਈ ਤਿਆਰ ਰਹੋ । ਇਸ ਲਈ ਹੁਕਮਾਂ ਦੀ ਉਡੀਕ ਕਰੋ । "

"ਇਹ ਗੱਲ ਚੰਗੀ ਤਰਾਂ ਨੋਟ ਕਰ ਲਓ ਕਿ , ਕਿਸੇ ਗੜਬੜ ਦੇ ਸਮੇਂ ਫੌਜ ਅਤੇ ਪੁਲਿਸ ਦੇ ਵਿਚ ਕੰਮ ਕਰਦੇ ਸਿੱਖ ਸਭ ਤੁਹਾਡੀ ਮਦਦ ਲਈ ਆਉਣਗੇ ਤਾਂ ਉਨ੍ਹਾਂ ਦਾ ਨਿਸ਼ਾਨਾ ਵੀ ਸਿੱਖਾਂ ਨੂੰ ਮੁਕਤ ਕਰਾਉਣਾ ਹੀ ਹੋਵੇਗਾ । "

ਸ੍ਰੀ ਆਨੰਦਪੁਰ ਸਾਹਿਬ ਮਤੇ ਵਿਚ ਇਹ ਗੱਲ ਬਿਲਕੁਲ ਸਪੱਸ਼ਟ ਰੂਪ ਵਿਚ ਲਿਖੀ ਗਈ ਹੈ ਕਿ 12 ਬੋਰ ਦੀ ਬੰਦੂਕ ਲਈ ਕੋਈ ਲਾਇਸੰਸ ਨਹੀਂ ਚਾਹੀਦਾ। ਜੇ ਤੁਹਾਨੂੰ ਕੋਈ 12 ਬੋਰ ਦੀ ਬੰਦੂਕ ਸਮੇਤ ਫੜਦਾ ਹੈ ਅਤੇ ਪੁੱਛਦਾ ਹੈ ਕਿ ਇਸ ਦਾ ਲਾਇਸੰਸ ਕਿੱਥੇ ਹੈ ਤਾਂ ਤੁਸੀਂ ਉਸਨੂੰ ਕਹੋ ਕਿ ਆਨੰਦਪੁਰ ਮਤੇ ਮੁਤਾਬਿਕ ਇਸ ਲਈ ਲਾਇਸੰਸ ਦੀ ਕੋਈ ਲੋੜ ਨਹੀਂ। "

ਮੈਂ ਸਿੱਖਾਂ ਨੂੰ ਕਹਾਂਗਾ ਕਿ ਉਹ ਹਰ ਕੀਮਤ ਤੇ ਚੌਕਸ ਰਹਿਣ ਅਤੇ ਆਪਣੀਆਂ ਤਿਆਰੀਆਂ ਮੁਕੰਮਲ ਕਰਨ ।"

"ਭਾਰਤ ਦੀ ਆਬਾਦੀ 66 ਕਰੋੜ ਹੈ। ਇਸ ਨੂੰ ਸਿੱਖਾਂ ਦੇ ਅਨੁਪਾਤ ਨਾਲ ਵੰਡੋ। ਹਰ ਇਕ ਸਿੱਖ ਦੇ ਹਿੱਸੇ 35 ਹਿੰਦੂ ਆਉਂਦੇ ਹਨ , 36 ਵੀ ਨਹੀਂ। ਫਿਰ ਤੁਸੀਂ ਕਿਵੇਂ ਕਹਿ ਸਕਦੇ ਹੋ ਕਿ ਤੁਸੀਂ ਕਮਜ਼ੋਰ ਹੋ ?

"ਮੈਂ ਇਹ ਹਦਾਇਤ ਪਹਿਲਾਂ ਹੀ ਕੀਤੀ ਹੋਈ ਹੈ ਕਿ ਹਰ ਪਿੰਡ ਵਿਚ 3-3 ਗਭਰੂ , 1-1 ਮੋਟਰ ਸਾਈਕਲ ਖਰੀਦਣ। ਮੇਰੀ ਇਸ ਹਦਾਇਤ ਤੇ ਕਿੰਨੇ ਪਿੰਡਾਂ ਵਿਚ ਅਮਲ ਕੀਤਾ ਗਿਆ ਹੈ ?"

"ਹਰ ਸਿੱਖ ਆਪਣੇ ਕੋਲ 200 ਬੰਬ ਰੱਖੇ । ਪਿੰਡਾਂ ਵਿਚ ਮੋਟਰ ਸਾਈਕਲ ਗਰੁੱਪ ਤਿਆਰ ਕਰਨ ਦੀ ਲੋੜ ਹੈ ਤਾਂ ਜੋ ਸਿੱਖਾਂ ਵਿਰੁੱਧ ਦਰਜ ਕੀਤੇ ਗਏ ਕੇਸਾਂ ਦਾ ਬਦਲਾ ਲਿਆ ਜਾ ਸਕੇ । "



Digitized by Panjab Digital Library | www.panjabdigilib.org

# ਹੱਥ ਖੜੇ ਕਰੋ

"ਤੁਹਾਡੇ ਵਿਚੋਂ ਜਿਹੜੇ ਅੱਤਵਾਦੀ ਬਨਣਾ ਚਾਹੁੰਦੇ ਹਨ , ਉਹ ਆਪਣੇ ਹੱਥ ਖੜ੍ਹੇ ਕਰੋ । ਤੁਹਾਡੇ ਵਿਚੋਂ ਜਿਹੜੇ ਇਹ ਸਮਝਦੇ ਹਨ ਕਿ ਉਹ ਗੁਰੂ ਦੇ ਸਿੱਖ ਹਨ , ਉਹ ਵੀ ਹੱਥ ਖੜ੍ਹੇ ਕਰਨ । ਜਿਹੜੇ ਆਪਣੇ ਆਪ ਨੂੰ ਅਜਿਹਾ ਕੁਝ ਵੀ ਨਹੀਂ ਸਮਝਦੇ , ਉਹ ਆਪਣੇ ਸਿਰ ਬੱਕਰਿਆਂ ਵਾਂਗ ਹੇਠਾਂ ਝੁਕਾ ਲੈਣ । "

# ਅਖਬਾਰਾਂ ਵਿਚ ਛਪੇ ਬਿਆਨ

ਸੰਤ ਭਿੰਡਰਾਂਵਾਲਾ ਦੇ ਕਈ ਬਿਆਨ ਸਮੇਂ ਸਮੇਂ ਤੇ ਅਖਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਰਹੇ ਅਤੇ ਇਨ੍ਹਾਂ ਬਿਆਨਾਂ ਦੇ ਵੀ ਅੰਸ਼ ਇਸ ਵਾਈਟ ਪੇਪਰ ਵਿਚ ਜਾਰੀ ਕੀਤੇ ਗਏ ਹਨ ।

"ਹਥਿਆਰਾਂ ਤੋਂ ਬਿਨਾਂ ਹਰ ਇਕ ਸਿੱਖ ਨੰਗਾ ਹੈ । ਇਸ ਲਈ ਤੁਸੀਂ ਹਥਿਆਰ ਖਰੀਦੋ , ਮੋਟਰ ਸਾਈਕਲ ਖਰੀਦੋ ਅਤੇ ਗ਼ੱਦਾਰਾਂ ਦਾ ਮੂੰਹ ਤੋੜ ਜਵਾਬ ਦਿਓ" (ਇੰਟਰ ਨੈਸ਼ਨਲ ਟ੍ਰਿਬਿਊਨ ਦੇ 24 ਅਪ੍ਰੈਲ 1984 ਦੇ ਅੰਕ ਵਿਚੋਂ )

"ਜਿਹੜਾ ਅਜਿਹੇ ਕੰਮ ਕਰਦਾ ਹੈ , ਉਸ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਹ ਸਨਮਾਨ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਕੀਤਾ ਜਾਣਾ ਚਾਹੀਦਾ ਹੈ । ਜੇ ਕੋਈ ਕਾਤਲ ਮੇਰੇ ਕੋਲ ਆਏਗਾ , ਮੈਂ ਉਸ ਨੂੰ ਸੋਨੇ ਨਾਲ ਤੋਲਾਂਗਾ । "(ਇੰਡੀਆਂ ਟੂ ਡੇ ਦੇ 30 ਅਪ੍ਰੈਲ 1983 ਦੇ ਅੰਕ ਚੋਂ )

"ਮੈਂ ਸਿੱਖਾਂ ਨੂੰ ਕਿਹਾ ਹੋਇਆ ਹੈ ਕਿ ਉਹ ਸਾਡੀ ਵੱਖ ਕੌਮ ਦੀ ਆਜ਼ਾਦੀ ਲਈ ਸੰਘਰਸ਼ ਕਰਨ ਅਤੇ ਇਸ ਲਈ ਤਿਆਰ ਵੀ ਰਹਿਣ । " (ਡੇਅਲੀ ਮਿਲਾਪ ਦੇ 12 ਅਪ੍ਰੈਲ 1984 ਦੇ ਅੰਕ ਚੋਂ )

"ਸਿੱਖ ਇਕ ਵੱਖ ਕੌਮ ਹਨ ਅਤੇ ਭਾਰਤ ਸਰਕਾਰ ਨੂੰ ਸਿੱਖਾਂ ਨੂੰ ਇਕ ਵੱਖ ਕੌਮ ਵਜੋਂ ਮਾਨਤਾ ਦੇਣੀ ਚਾਹੀਦੀ ਹੈ । ਪੰਜਾਬ ਨੂੰ ਜੰਮੂ ਕਸ਼ਮੀਰ ਵਰਗਾ ਦਰਜਾ ਦਿੱਤਾ ਜਾਏ । " (ਵੀਕ ਦੇ 27 ਮਾਰਚ 1984 ਦੇ ਅੰਕ ਵਿਚੋਂ )

"ਮੈਂ ਨਹੀਂ ਮਹਿਸੂਸ ਕਰਦਾ ਕਿ ਸਿੱਖ ਭਾਰਤ ਵਿਚ ਜਾਂ ਭਾਰਤ ਸਰਕਾਰ ਨਾਲ ਰਹਿ ਸਕਦੇ ਹਨ । " (10 ਜੂਨ 1984 ਦੀਆਂ ਕਈ ਅਖਬਾਰਾਂ ਵਿਚ ਛਪੇ ਭਾਸ਼ਨ ਚੋਂ )

ਇਹ ਪ੍ਰੋਗਰਾਮ ਮੈਂ ਬੁਧੀਜੀਵੀਆਂ ਦੀ ਮੀਟਿੰਗ ਵਿਚ ਵੀ ਦਿੱਤਾ ਸੀ ਤੇ ਤੁਹਾਡੇ ਵਿਚ ਵੀ ਦੇ ਦਿੱਤਾ ਐ । ਹੁਣ ਜਿਹੜੇ ਸਜਣ ਨੇ ਨਵਾਂ ਪ੍ਰੋਗਰਾਮ ਮੇਰੇ ਕੋਲੋਂ ਪੁਛਣਾ ਐ ਉਹ ਇਹ ਕੰਮ ਕਰਕੇ ਆ ਕੇ ਪੁਛਿਓ ਤੇ ਜਿਹੜਾ ਪੰਥਕ ਪ੍ਰੋਗਰਾਮ ਆਪਣਾ ਸਾਰਿਆਂ ਦਾ ਸਾਂਝਾ ਐ ਉਹ ਜਦੋਂ ਪੰਥਕ ਲੀਡਰ ਬੈਠ ਕੇ ਆਪਣੀ ਵਿਚਾਰ ਕਿਤੇ ਕਰਨਗੇ , ਉਦੋਂ ਤੁਹਾਨੂੰ ਦੱਸ ਦੇਣਗੇ । ਜਦੋਂ ਤਕ ਇਕ ਥਾਂ ਇਕੱਠੇ ਨਹੀਂ ਹੁੰਦੇ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਖੜੋਂਦੇ ਨਹੀਂ , ਗੁਰੂ ਗ੍ਰੰਥ ਸਾਹਿਬ ਦੇ ਅਡੋਲ ਨਿਸਚਾ ਨਹੀਂ ਹੁੰਦਾ ਤਦੋਂ ਖਾਲਸਾ ਜੀ ਕੁੱਟ ਜਰੂਰ ਪਵੇਗੀ । ਹਰਿਆਣੇ ਦੀਆਂ ਤੁਸੀਂ ਫੋਟੋਂ ਨੀਂ ਦੇਖੀਆਂ , ਇਕ ਅਖਬਾਰ ਚ ਥੋੜ੍ਹੀਆਂ ਜਿਹੀਆਂ ਵੇਖੀਆਂ ਮੈਂ । ਟੈਲੀਵੀਜਨ ਤੇ ਸ਼ਾਇਦ ਉਹ ਮੈਨੂੰ ਪਤਾ ਲੀਡਰਾਂ ਨੂੰ ਵੀ ਦੇ ਗਏ ਭਰ ਕੇ ਤੇ ਮੈਨੂੰ ਵੀ ਦੇ ਗਏ ਐ । ਉਹਦੇ ਵਿਚ ਐਨੀ ਦੁਰਦਸ਼ਾ ਕੀਤੀਐ ਸਿੱਖਾਂ ਨੂੰ ਜੂੰਡਿਆਂ ਤੋਂ ਕੇਸਾਂ ਤੋਂ ਫੜ ਕੇ ਥੱਲੇ ਸੁਟਿਆ ਐ ਮੁਆਫੀ ਦੇ ਦਿਓ ਜੂੰਡੇ ਅਖਰ ਕਿਹਾ ਕੇਸਾਂ ਨੂੰ , ਕੇਸਾਂ ਤੋਂ ਫੜ ਫੜ



Digitized by Panjab Digital Library | www.panjabdigilib.org

ਥੱਲੇ ਸੁਟਿਆ ਅੰਮ੍ਰਿਤਧਾਰੀਆਂ ਨੂੰ ਤੇ ਕਈ ਗੱਲਾਂ ਸਟੇਜ ਤੇ ਦੱਸਣ ਵਾਲੀਆਂ ਨੀ ਜਿਹੜੇ ਉਥੇ ਕੁਕਰਮ ਸਿੱਖਾਂ ਨਾਲ ਕੀਤੇ ਐ। ਤੇ ਮੈਂ ਬੇਨਤੀ ਕਰਾਂਗਾ ਜਿਥੇ ਏਕਤਾ ਦੀਆਂ ਗੱਲਾਂ ਐ ਉਹ ਵੀ ਰੱਖੋ, ਜਿਹੜਾ ਪ੍ਰੋਗਰਾਮ ਆਪਣਾ ਪੰਥਕ ਸਮੁੱਚੇ ਤੌਰ ਤੇ ਉਹਦੇ ਤੇ ਵੀ ਚੱਲੋ ਪਰ ਜੇ ਗੁਲਾਮੀ ਗਲੋਂ ਲਾਹੁਣੀ ਐ ਇਹ ਪ੍ਰੋਗਰਾਮ ਨੂੰ ਪੂਰੇ ਨਿਭਾਓ , ਚੜ੍ਹਦੀ ਕਲਾ ਵਿਚ ਰਹੋ ਤੇ ਇਕ ਜਿਹੜਾ ਸਭ ਤੋਂ ਪਹਿਲਾਂ ਬੋਲਣ ਦਾ ਟੈਮ ਤੇ ਆਪਣੇ ਜਨਰਲ ਭੁਲਰ ਸਾਹਿਬ ਨੇ ਇਕ ਗੱਲ ਕਹੀ ਸੀ ਆ ਹਿੰਦੀ ਪੰਜਾਬੀ ਬਾਰੇ , ਮੈਂ ਵੀ ਬੇਨਤੀ ਕਰਾਂਗਾ , ਮੈਂ ਬਾਹਰਨੇ ਸੂਬਿਆਂ ਚ ਜਾਂਦਾ ਰਿਹਾ ਆ। ਹੁਣ ਹੀ 14 ਕੁ ਮਹੀਨੇ ਹੋਏ ਨਹੀਂ ਜਾਇਆ ਗਿਆ। ਹਰ ਬੋਰਡ ਤੇ ਅੰਗਰੇਜੀ ਹਿੰਦੀ ਤੇ ਉਰਦੂ ਲਿਖਿਆ ਮਿਲੂ ਪੰਜਾਬੀ ਕਿਤੇ ਨੀ ਪਰ ਇਥੇ ਪੰਜਾਬੀ ਲਿਖੀ ਤਾਂ ਸੱਭ ਤੋਂ ਥੱਲੇ ਲਿਖੀ ਹਊ ਇਹ ਕੰਮ ਕਰਨਾ ਵੀ ਤੁਹਾਡਾ ਕੰਮ ਐ ਨੌਜਵਾਨਾਂ ਦਾ ਮੇਰੀ ਤਾਂ ਬੇ- ਵਸੀ ਤੇ ਮਜਬੂਰੀ ਦੇ ਕਾਰਣ ਮੈਂ ਇਥੇ ਬੈਠਾ ਅੱ,ਸਮਾਂ ਆ ਗਿਆ ਬਾਅਦ ਵਿਚ ਤੇ ਤੁਹਾਡੇ ਵਿਚ ਜਿੰਦਗੀ ਨੇ ਇਜਾਜਤ ਦਿਤੀ ਤੇ ਤੁਹਾਡੇ ਜੋੜੇ ਝਾੜਨ ਦਾ ਟੈਮ ਮਿਲਿਆ ਤੇ ਉਦੋਂ ਜਿਹੜੀ ਮੈਨੂੰ ਸੇਵਾ ਲਾਊਣੀ ਹੋਊ ਲਾ ਦਿਓ। ਮੈਂ ਹੁਣ ਬੇਨਤੀ ਕਰ ਦਿੱਤੀ ਐ ਇਕ ਐ ਚਰਚਾ ਮਾੜੀ ਜਿਹੀ ਚਲੀ ਸੀ ਕਿ ਇਹ ਕਹਿ ਕੇ ਸਮਾਪਤ ਕਰ ਦਿੰਨਾ ਐ ਕਹਿੰਦੇ ਜੀ ਅਖੇ ਭਿੰਡਰਾਂ ਵਾਲੇ ਨੇ ਸਟੇਜਾਂ ਤੇ ਖੜ੍ਹ ਕੇ ਕਈ ਵੇਰਾਂ ਕਿਹਾ ਐ ਤੇ ਝੂਠ ਬੋਲੀ ਜਾਂਦਾ ਐ , ਜਿੰਨ੍ਹਾਂ ਨੇ ਗੁਰਬਚਨੇ ਨੂੰ ਗੱਲੀ ਚਾੜ੍ਹਿਐ ਉਨ੍ਹਾਂ ਨੂੰ ਸੋਨੇ ਨਾਲ ਤੋਲੂੰਗਾ। ਮੈਂ ਅੱਜ ਵੀ ਕਹਿੰਨਾ ਬਈ ਤੋਲੂੰਗਾ ਪਰ ਤੋਲੂੰਗਾ ਕਦੋਂ ਜਦੋਂ ਬਰੀ ਹੋ ਗਏ। ਤੇ ਜੇ ਕੋਈ ਮਾਈ ਦਾ ਲਾਲ ਕਹਿੰਦਾ ਬਈ ਨਹੀਂ ਛੇਤੀ ਤੋਲਣੇ ਚਾਹੀਦੇ ਐ ਤੇ ਉਹ ਜਿੱਥੇ ਉਨ੍ਹਾਂ ਕੋਲ ਹੈਗੇ ਉਹ ਲੈ ਆਉਣ। ਤੇ ਮੈਂ ਆਪਣੇ ਪਿਉ ਦਾ ਪੁਤ ਨੀਂ ਹੋਊ ਜੇ ਸੱਤਾਂ ਦਿਨਾਂ ਦੇ ਵਿਚ ਵਿਚ ਨਾ ਸੋਨੇ ਨਾਲ ਤੋਲਾਂ ਮੈਨੂੰ ਮੇਰੇ ਪਿਤਾ ਦਾ ਪੁੱਤਰ ਨਾ ਗਿਣਿਓ ਰਲਵਾਂ ਮਿਲਵਾਂ ਜਿਹਾ ਗਿਣ ਲਿਓ। ਪਰ ਕੁਝ ਸਮੇਂ ਹੁੰਦੇ ਐ , ਮਜਬੂਰੀਆਂ ਹੁੰਦੀਆਂ ਐਂ। ਗੱਲਾਂ ਕਰਨੀਆਂ ਬਹੁਤ ਸੌਖੀਆਂ ਕਮਾਉਣੀਆਂ ਬਹੁਤ ਔਖੀਆਂ ਹੁੰਦੀਐ। ਮੈਂ ਨੌਜਵਾਨੋਂ, ਤੁਹਾਡਿਆਂ ਚਰਨਾਂ ਵਿਚ ਹੱਥ ਜੋੜ ਕੇ ਬੇਨਤੀ ਕਰਦਾ ਐ, ਰਾਤੀਂ ਤੁਸੀਂ ਟੈਮ ਮੰਗਿਆ ਸੀ, ਪਹਿਲੇ ਬੁਲਾਰਿਆਂ ਨੇ ਵੀ ਕਿਹਾ, ਮੈਂ ਵੀ ਹੱਥ ਜੋੜ ਕੇ ਬੇਨਤੀ ਕਰਦਾ ਐਂ ਜਦੋਂ ਤੱਕ ਆਪਣੇ ਘਰੇ ਨਾ ਵੜੇ, ਗਾਤਰੇ ਕ੍ਰਿਪਾਨ ਤੇ ਤੇੜ ਕਛਹਿਰਾ ਤੇ ਰਸਨਾ ਤੋਂ ਗੁਰਬਾਣੀ ਤੇ ਹੱਥ 'ਚ ਖੰਡਾ ਨਾ ਹੋਇਆ, ਉਦੋਂ ਤੱਕ ਆਪਣੇ ਕੁੱਟ ਪੈਣੀ ਐ। ਇਹ ਮਰਜ਼ੀ ਹੁਣ ਤੁਹਾਡੀ ਐ ਤੁਸੀਂ ਸੋਚੋ ਤਾਂ ਸਵੇਰੇ ਬਚਣਾ ਐ ਕਿ ਜਾਂ ਸਾਲ 6 ਮਹੀਨੇ ਕੁਟ ਖਾ ਕੇ ਫੇਰ ਸਿਧੇ ਰਸਤੇ ਪੈਣਾ ਐ। ਇਹ ਫੈਸਲਾ ਹੁਣ ਤੁਹਾਡੇ ਹੱਥ ਵਿਚ ਐ। ਮੈਂ ਆਪਣੇ ਵੱਲੋਂ ਜੋ ਫੈਡਰੇਸ਼ਨ ਦੀ ਅੱਜ ਚੋਣ ਹੋਈਐ ਇਹਦੇ ਬਾਰੇ ਇਕ ਪੰਗਤੀ ਪੜ੍ਹ ਦੇਵਾਂ ਕਿਤੇ ਇਹਦਾ ਅਰਥ ਹੋਰ ਨਾ ਕੱਢ ਲਿਓ ਪਰ ਮੇਰੇ ਨਾਲ ਬੀਤੀ ਕਰਕੇ ਤਾਂ ਕਹਿਣ ਲੱਗਾ ਜਿਹਦੇ ਨਾਲ ਬੀਤੀ ਹੁੰਦੀ ਉਹਨੂੰ ਜਿਆਦਾ ਪਤਾ ਹੁੰਦਾ ਐ ਫਰੀਦ ਜੀ ਨੇ ਬਚਨ ਕਹੇ ਐ "ਜਾਂ ਕੁਆਰੀ ਤਾਂ ਚਾਉ , ਵਿਵਾਹੀ ਤਾਂ ਮਾਮਲੇ। ਫਰੀਦਾ ਏਹੋ ਪਛੁਤਾਉ ਵਤ ਕੁਆਰੀ ਨਾ ਥੀਐ " ਮੈਂ ਵੀ ਜਦੋਂ ਸੰਤਾਂ ਨੂੰ ਬਾਪੂ ਬਾਪੂ ਕਹਿੰਦਾ ਪਈ ਮੌਜ ਕਰਦੇ ਐ ਫੜ੍ਹਾਂ ਮਾਰਦਾ ਸੀ ਤੇ ਜਿੱਦਣ ਇਸ ਆਹੁਦੇ ਤੇ ਆਉਣਾ ਪੈ ਗਿਆ ਬਦਕਿਸਮਤੀ ਨਾਲ ਰੋਂਦਾ ਤਾਂ ਹੁਣ ਵੀ ਨੀਂਗਾ ਪਰ ਇਨਾਂ ਨੂੰ ਵੀ ਟਿਕਟ ਦਿੰਦਾ ਦਿਨੇ ਰਾਤੇ ਇਹ ਜੁੰਮੇਵਾਰੀ ਮੈਂ ਭਾਈ ਅਮਰੀਕ ਸਿੰਘ ਨੂੰ ਜਰੂਰ ਕਹਾਂਗਾ। ਸਤਿਗੁਰੂ ਦੀ ਹਜੂਰੀ ਵਿਚ ਤੈਨੂੰ ਪੰਥ ਨੇ ਨਿਵਾਜਿਆਂ ਐ ਨੌਜਵਾਨਾਂ ਨੇ ਵਡਿਆਇਆ ਐ , ਸ਼ੱਕ ਮੈਨੂੰ ਅੱਗੇ ਈ ਕੋਈ ਨਹੀਂ ਤਾਂ ਮੇਰੀ ਜੁੰਮੇਵਾਰੀ ਐ, ਮਹਾਂ ਪੁਰਖਾਂ ਦੇ ਥਾਂ ਹੋਣ ਦੇ ਨਾਤੇ , ਜੇ ਇਥੇ ਇਹ ਜੁੰਮੇਵਾਰੀ ਚੁੱਕੀ ਐ ਫੇਰ , ਇਹ ਤਾਂ ਜਰੂਰ ਹੋ ਜਾਵੇ ਭਾਵੇ , ਸਿਰ ਜਾਵੇ ਤਾ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ। ਇਦੂ ਪਾਸੇ ਆਪਾਂ ਕਦੇ ਹੋਣਾ ਨਹੀਂ ਤੇ ਨੌਜਵਾਨੋਂ ਜਿਹੜੇ ਤੁਸੀਂ ਰਾਤ ਆਏ ਮੈਨੂੰ ਮਿਲੇ ਐ। ਬਹੁਮਤ ਮੈਂ ਉਨ੍ਹਾਂ ਵਿਚੋਂ ਵੇਖਿਆ ਐ ਉਨ੍ਹਾਂ ਦੀ ਇਹ ਹਾਲਤ ਬਣੀਂ ਐ ਜਿਹੜੇ ਆਮ ਲੋਕਾਂ ਤੋਂ ਸੁਣੀਦਾ ਐ ਉਹ ਕਹਿੰਦੇ ਧਰਮ ਜਾਵੇ ਤਾਂ ਜਾਵੇ ਦਾੜ੍ਹੀ ਸਾਡੇ ਮੂੰਹ ਤੇ ਨਾ



Digitized by Panjab Digital Library | www.panjabdigilib.org

ਆਵੇ। ਪਤਾ ਨਹੀਂ ਤੁਸੀਂ ਇਹ ਕੀਹਦੇ ਮੂੰਹ ਤੇ ਲਿਆਉਣੀ ਐ। ਮੈਂ ਬੇਨਤੀ ਕਰਦਾ ਹਾਂ ਅੱਜ ਆਏ ਐ ਕੇਸ ਦਾੜ੍ਹਾਂ ਰੱਖ ਕੇ ਜਾਉ। ਸ਼ਰਾਬ ਛਡ ਕੇ ਜਾਓ ਅੰਮ੍ਰਿਤ ਭਾਵੇਂ ਕੁਛ ਦਿਨ ਠਹਿਰ ਕੇ ਛਕ ਲਿਓ। ਸਮਾਪਤੀ ਵਿਚ ਮੈਂ ਫੈਡਰੇਸ਼ਨ ਨੂੰ ਵਧਾਈ ਦਿੰਦਾ ਹਾਂ ਤੇ ਮਹਿਤੇ ਵਾਲੇ ਸ਼ਹੀਦਾਂ ਨੂੰ ਤੇ ਉਨ੍ਹਾਂ ਗੁਰਮੁਖਾਂ ਦੀਆਂ ਰੂਹਾਂ ਬਾਰੇ ਸਤਿਗੁਰੂ ਦੇ ਚਰਨਾਂ ਵਿਚ ਬੇਨਤੀ ਤੇ ਤਹਿ ਦਿਲੋਂ ਸ਼ਰਧਾਂਜਲੀ ਭੇਟ ਕਰਦਾ ਐ ਪਰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਜਿਨ੍ਹਾਂ ਨੇ ਗੋਲੀਆਂ ਨਾਲ ਉਨ੍ਹਾਂ ਨੂੰ ਪੁੰਨਿਆ ਐਂ। ਉਨ੍ਹਾਂ ਨੂੰ ਜਿਸ ਵੇਲੇ ਗੱਡੀ ਚੜ੍ਹਾ ਕੇ ਸੁਰਖਰੂ ਹੋਵਾਂਗੇ ਮੈਂ ਸਮਝੂੰ ਉਦੇ ਸਹੀ ਸ਼ਰਧਾਂਜਲੀ ਹੋਊ। ਬੋਲਦਿਆਂ ਕੋਈ ਗ਼ਲਤੀ ਹੋ ਗਈ ਹੋਵੇ ਤਾਂ ਮਾਫ਼ੀ ਬਖਸ਼ੋ। ਧਰਮ ਯੁੱਧ ਬੋਲੋ... ਠਹਿਰ ਜਾਓ ਭਾਈ, ਸਿੰਘੋ ਠਹਿਰ ਜਾਓ ਜੈਕਾਰਾ ਨਹੀਂ। ਧਰਮ ਯੁੱਧ ਮੋਰਚਾ ਜਿਹੜਾ ਚੱਲ ਰਿਹਾ ਐ, ਇਹਦੇ ਚ ਢਿੱਲ ਨੀਂ ਕਿਸੇ ਪ੍ਰਕਾਰ ਦੀ ਆਉਣ ਦੇਣੀ। ਜਥੇ ਵੱਧ ਤੋਂ ਵੱਧ ਉਸੇ ਤਰ੍ਹਾਂ ਹੀ ਤੋਰੀ ਜਾਣੇ ਐ। ਗੁਰੂ ਨੂੰ ਭਾਵੇਂ ਚੜ੍ਹਦੀ ਕਲਾ ਹੋਵੇਗੀ। ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥



Digitized by Panjab Digital Library | www.panjabdigilib.org

# ਅਕਾਲੀ ਦੱਲ ਨਾਲ ਵਿਰੋਧ ਦਾ ਕਾਰਨ

ਇਹ ਸਮਝੌਤਾ ਉਹ ਹੀ ਕਰਾ ਸਕਦਾ ਸੀ ਜਿਹੜਾ ਦੋਹਾਂ ਸੰਤਾਂ ਨੂੰ ਉਨ੍ਹਾਂ ਦੇ ਮੂੰਹ ਤੇ ਸੱਚੀ ਸੱਚੀ ਗੱਲ ਕਹਿ ਸਕੇ। ਉਹ ਇਨ੍ਹਾਂ ਦੀਆਂ ਗਲਤੀਆਂ ਇਨ੍ਹਾਂ ਸਾਹਮਣੇ ਖੋਲ੍ਹ ਸਕੇ। ਐਸਾ ਕਰਨ ਦੀ ਬਾਬਾ ਨਿਹਾਲ ਸਿੰਘ ਹਰੀਆਂ ਵੇਲਾ ਵਾਲੇ ਤੇ ਬਾਬਾ ਖੜਕ ਸਿੰਘ ਜੀ ਕੋਲੋਂ ਆਸ ਸੀ ਜੋ ਗੱਲ ਖੜਕਾ ਕੇ ਕਰ ਸਕਦੇ ਹਨ। ਉਹ ਕੋਈ ਵੀ ਗੱਲ ਸਿਰੇ ਨਾ ਚੜ੍ਹਦੀ ਵੇਖ ਕੇ ਲਾਂਭੇ ਹੋ ਕੇ ਬੈਠ ਗਏ ਲਗਦੇ ਹਨ ਪਰ ਉਨ੍ਹਾਂ ਨੂੰ ਚੁਪ ਨਹੀਂ ਰਹਿਣਾ ਚਾਹੀਦਾ ਤੇ ਸਾਰੀ ਗਲਬਾਤ ਸਾਹਮਣੇ ਲਿਆਉਣੀ ਚਾਹੀਦੀ ਹੈ। ਜੋ ਪੰਥ ਦੀ ਖਾਤਰ ਆਪਣੇ ਗੁੱਸੇ ਗਿੱਲੇ ਭੁਲਾਉਣ ਨੂੰ ਤਿਆਰ ਨਹੀਂ ਉਸਦਾ ਸੰਗਤਾਂ ਨੂੰ ਪਤਾ ਹੋਣਾ ਚਾਹੀਦਾ ਹੈ। ਅਸਲ ਝਗੜਾ ਤੇ ਸ. ਸੁਰਿੰਦਰ ਸਿੰਘ ਸੋਢੀ ਦੇ ਕਤਲ ਤੋਂ ਵਧਿਆ ਹੋਇਆ ਹੈ। ਸ਼ਿੰਦਾ ਤੇ ਮਲਕ ਸਿੰਘ ਭਾਟੀਆਂ ਦੋਵੇਂ ਸੰਤ ਭਿੰਡਰਾਂ ਵਾਲਿਆਂ ਦੇ ਬੰਦੇ ਸਨ। ਉਹਨੇ ਇਹਦੇ ਵਿਚ ਲਿਖਿਆ ਹੈ। ਹੁਣ ਉਹ ਤਾਂ ਦੋਵੇ ਇਥੇ ਨਹੀਂ ਤੇ ਉਨ੍ਹਾਂ ਦੇ ਰਿਸ਼ਤੇਦਾਰ ਆਪਣੇ ਕੋਲੇ ਇਥੇ ਬੈਠੇ ਐ ਇਕ ਸਿੰਘ ਦੇ ਤੇ ਦੂਜਿਆਂ ਦਾ ਸਾਨੂੰ ਪਤਾ ਨਹੀਂ ਇਥੇ ਹੈਗੀ ਕਿ ਨਹੀਂ। ਕੋਈ ਇਕ ਬੰਦਾ ਵੀ ਦੱਸ ਸਕਦਾ ਐ ਕਿ ਮੇਰੇ ਜਥੇ ਚ ਉਹ ਭਰਤੀ ਹੋਇਆ ਹੋਵੇ ਤੇ ਜਾਂ ਮੇਰੇ ਕੋਲੇ ਰਿਹਾ ਹੋਵੇ ? ਜਿਸ ਤਰ੍ਹਾਂ ਤੁਸੀਂ ਮੇਰੇ ਕੋਲ ਬੈਠੇ ਐਂ ਏਸੇ ਤਰ੍ਹਾਂ ਈ ਉਹ ਉਹਨਾਂ ਵਿਚੋਂ ਮਲਕ ਸਿੰਘ ਭਾਟੀਆਂ ਇਸ ਤਰ੍ਹਾਂ ਆ ਜਾਂਦਾ ਸੀ। ਸ਼ਿੰਦੇ ਨਾਲ ਸਾਡਾ ਕੋਈ ਲੈਣ ਦੇਣ ਨਹੀਂ ਤੇ ਆਵਾਜਾਈ ਨਹੀਂ ਸੀ। ਸ਼ਿੰਦਾ ਜੇਲ੍ਹ ਵਿਚੋਂ ਆਉਂਦਿਆਂ ਪਹਿਲਾਂ ਆਇਆ ਸੀ ਗੁਰਚਰਨ ਕੋਲੇ ਅਤੇ ਗੁਰਚਰਨ ਕੋਲੇ ਉਹ ਰਹਿੰਦਾ ਰਿਹਾ ਐ। ਆਇਆ ਜਿਵੇਂ ਤੁਸੀਂ ਸੰਗਤ ਵਿਚ ਬੈਠੇ ਐ ਇਸ ਤਰਾਂ ਜਰੂਰ ਸੰਗਤ ਵਿਚ ਕਦੇ ਨਾ ਕਦੇ ਆ ਜਾਂਦਾ ਸੀ। ਇਕ ਬੰਦਾ ਕੋਈ ਦੱਸੋ ਮੈਂ ਉਹਨੂੰ ਬਾਡੀਗਾਰਡ ਬਣਾ ਕੇ ਰਖਿਆ ਜਾਂ ਉਹਨੂੰ ਮੈਂ ਆਪਣਾ ਹਥਿਆਰ ਦਿੱਤਾ ਹੋਵੇ? ਤੇ ਇਹ ਕਹਿੰਦੇ ਆਖੇ ਦੋਵੇਂ ਬੰਦੇ ਭਿੰਡਰਾਂ ਵਾਲਿਆਂ ਦੇ ਸੀ। ਅੱਗੇ ਚਲ ਕੇ ਹੋਰ ਵੀ ਲਿਖਿਆ ਐ, "ਅਖੇ ਸੰਤ ਭਿੰਡਰਾਂਵਾਲੇ ਦੇ ਕੈਂਪ ਵਾਲੇ ਸਰਦਾਰ ਗੁਰਚਰਨ ਸਿੰਘ ਸਾਬਕਾ ਸਕੱਤਰ ਸ਼੍ਰੋਮਣੀ ਅਕਾਲੀ ਦਲ ਦਾ ਨਾਮ ਸੋਢੀ ਨੂੰ ਮਾਰਨ ਦੀ ਸਾਜਿਸ਼ ਵਿਚ ਲੈਂਦੇ ਹਨ। ਅਗੇ ਲਿਖਦੀ ਐ ਅਖੇ ਇਕ ਮਿੰਟ ਮੰਨ ਵੀ ਲਵੋ ਕਿ ਗੁਰਚਰਨ ਸਿੰਘ ਸੋਢੀ ਦੇ ਕਤਲ ਵਿਚ ਸ਼ਾਮਲ ਸੀ। ਪਰ ਕੀ ਸੰਤ ਭਿੰਡਰਾਂ ਵਾਲੇ ਪੰਥ ਦੀ ਖਾਤਰ ਇਕ ਬੰਦੇ ਨੂੰ ਬਖਸ਼ ਨਹੀਂ ਸਕਦੇ ?" ਇਹ ਹੁਣ ਤੁਸੀਂ ਸੋਚ ਲਉ, ਮੇਰਾ ਉਹ ਕਾਤਲ ਹੋਵੇ ਤੇ ਮੇਰੇ ਜਥੇ ਦੇ ਮੈਂਬਰਾਂ ਦਾ ਕਾਤਲ ਹੋਵੇ, ਉਹਨੂੰ ਤਾਂ ਬਖਸ਼ ਦਿਓ। ਪਰ ਤੁਸੀਂ ਉਹਨੂੰ ਕੱਢ ਦੇ ਕੇ ਰਖ ਲਉ। ਇਕ ਪਾਸੇ ਡਿਕਟੇਟਰ ਦਾ ਬਿਆਨ ਛਪਿਆ ਉਦੋਂ ਜਦੋਂ ਬਿਆਨ ਦਿੱਤਾ ਐ ਮੇਰਾ ਬਿਆਨ ਤਾ ਇਹ ਹੈ ਕਿ ਪੰਥਕ ਏਕਤਾ ਰੱਖੋ ਮੈਂ ਕੋਈ ਵਖਰਾ ਅਕਾਲੀ ਦਲ ਨਹੀਂ ਬਣਾ ਰਿਹਾ। ਗੁਰੂ ਕੇ ਗੁਰੂ ਰਾਮਦਾਸ ਸਾਹਿਬ ਦੇ ਲੰਗਰ ਵਾਸਤੇ ਜੋ ਸੇਵਾ ਕਰ ਸਕਦੇ ਹੋ ਉਹ ਕਰੋ ਤੇ ਜਥੇ ਲਿਆਓ ਤੇ ਡਿਕਟੇਟਰ ਦਾ ਉਦੋਂ ਬਿਆਨ ਛਪਿਆ, ਏਥੇ ਅਖਬਾਰ ਪਈ ਹੈ ਇਕ ਵਿਅਕਤੀ ਉਪਰੋਂ ਪੰਥ ਕੁਰਬਾਨ ਨਹੀਂ ਕੀਤਾ ਜਾ ਸਕਦਾ। (ਭਾਵ ਸੰਤ ਭਿੰਡਰਾਂ ਤੋਂ) ਤੇ ਰਜਿੰਦਰ ਕੌਰ ਲਿਖਦੀ ਐ ਕਿ ਭਿੰਡਰਾਂਵਾਲਾ ਕੀ ਇਕ ਬੰਦੇ ਨੂੰ ਪੰਥ ਦੀ ਖਾਤਰ ਬਖਸ਼ ਨਹੀਂ ਸਕਦਾ ? ਕਿਹੋ ਜਿਹਾ ਅਕਾਲੀ ਦਲ ਐ ਕੀ ਪੰਥ ਦੀ ਬਾਬਤ ਇਕ ਬੰਦਾ ਜਿਹੜਾ ਸਾਰੀ ਕੌਮ ਨੂੰ ਮੌਤ ਦੇ ਭੱਠ 'ਚ ਸੁਟ ਰਿਹਾ ਐ, ਉਹਨੂੰ ਪੰਥ ਕੱਢ ਨੀਂ ਸਕਦਾ ਇਥੋਂ ? ਫੇਰ ਅੱਗੇ ਜਾ ਕੇ ਲਿਖਦੀ ਐ, "ਅਖੇ ਘਰੋਂ ਤਾਂ ਕੁੱਤੇ ਨੂੰ ਵੀ ਨਹੀਂ ਕੱਢਿਆ ਜਾ ਸਕਦਾ, ਇਹ ਤਾਂ ਫੇਰ ਆਖੇ



Digitized by Panjab Digital Library | www.panjabdigilib.org

ਸਕੱਤਰ ਰਿਹਾ ਐ। ਮੈਂ ਪੁਛਦਾ ਹਾਂ ਕਿ ਜਿਹੜਾ ਕੁੱਤਾ ਹਲਕ ਜਾਵੇ ਉਹਨੂੰ ਘਰ ਬੰਨ੍ਹਦੇ ਹੁੰਦੇ ਆ ਲੋਕ ? ਇਹ ਇੱਕ ਥਾਂ ਲਿਖਦੀ ਐ ਅਖੇ ਗੁਰਚਰਨ ਸਿੰਘ ਨੂੰ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਸਕਤਰੀ ਤੋਂ ਬਰਖਾਸਤ ਕੀਤਾ ਗਿਆ ਹੈ, ਉਹ ਸ਼੍ਰੋਮਣੀ ਅਕਾਲੀ ਦਲ ਨੂੰ ਸੋਭਦਾ ਨਹੀਂ। ਤੇ ਅੱਗੇ ਜਾ ਕੇ ਫੇਰ ਲਿਖਿਆ ਐ, "ਅਖੇ ਸ਼੍ਰੋਮਣੀ ਅਕਾਲੀ ਦਲ ਤਾਂ ਜੋ ਸਜ਼ਾ ਗੁਰਚਰਨ ਸਿੰਘ ਨੂੰ ਦੇ ਸਕਦਾ ਸੀ ਉਹ ਸਜਾ ਵੀ ਉਸਨੂੰ ਦਿਤੀ ਜਾ ਚੁਕੀ ਐ, ਇਸ ਤੋਂ ਵਧ ਸ਼੍ਰੋਮਣੀ ਅਕਾਲੀ ਦਲ ਕੀ ਕਰ ਸਕਦਾ ਹੈ ? ਬੀਬੀ ਹੋਣ ਕਰਕੇ ਮੈਨੂੰ ਕੋਈ ਬਹੁਤਾ ਇਹਦੇ ਬਾਰੇ ਕਹਿਣਾ ਸੋਭਦਾ ਨਹੀਂ ਜੇ ਮਰਦ ਹੋਵੇ ਤੇ ਇਹੋ ਜਿਹੀ ਗੱਲ ਕਿਤੇ ਲਿਖੀ ਮੈਨੂੰ ਮਿਲ ਜਾਵੇ ਤੇ ਮੈਂ ਉਹਦੇ ਬਾਰੇ ਜਵਾਬ ਦਿੰਦਾ ਚੰਗਾ ਲਗਦਾ ਹਾਂ।**ਸਾਰੀ ਕੌਮ ਨੂੰ ਮੌਤ ਦੇ ਭੱਠ ਵਿਚ ਪਾ ਦਿਤਾ ਐ, ਸਿੰਘਾਂ ਦਾ ਕਾਤਲ ਐ ਤੇ ਪੰਥ ਵਿਚ ਸਭ ਤੋਂ ਮੋਢੀ ਫੁੱਟ ਦਾ ਬਣ ਕੇ ਬਹਿ ਗਿਆ ਐ, ਉਹਨੂੰ ਆਪਦੀ ਛਾਤੀ ਨਾਲ ਲਾਈ ਬੈਠੇ ਐ, ਉਲਟਾ ਸੁਨੇਹੇ ਤੇ ਸਿਖਿਆ ਭਿੰਡਰਾਂਵਾਲੇ ਨੂੰ ਦਿੰਦੇ ਐ।**ਫੇਰ ਕਹਿੰਦੇ ਐ ਅਖੇ ਭਿੰਡਰਾਂਵਾਲੇ ਦੇ ਬੰਦੇ ਕਹਿੰਦੇ ਐ ਗੁਰਚਰਨ ਨੂੰ ਮਾਰਨਾ ਐ ਹੁਣ ਮੇਰੇ ਕੋਲੋਂ ਤਾਂ ਮੈਨੂੰ ਕਿਤੇ ਮਿਲ ਪਈ ਤਾਂ ਮੈਂ ਪੁਛੂੰਗਾ ਕਿ ਦੱਸ ਕਿਹੜੇ ਬੰਦੇ ਨੇ ਕਿਹਾ ਐ ? ਏਸੇ ਤਰਾਂ ਈ ਪਰਸੋਂ ਇਥੇ ਇਕ ਨਾਟਕ ਖੇਡਿਆ ਗਿਆ ਡਰਾਮਾ ਖੇਡਿਆ ਗਿਆ ਐ। ਟੇਪਾਂ ਭਰਵਾ ਕੇ ਕਿਸੇ ਮਨੁਖ ਤੋਂ ਤੇ ਮੰਜੀ ਸਾਹਿਬ ਵਿਚ ਅਕਾਲੀ ਦਲ ਦੀ ਸਟੇਜ ਤੇ ਬੁਲਾਇਆ ਗਿਆ ਐ ਕਿ ਭਿੰਡਰਾਂਵਾਲਾ ਸੁਖੇ ਨੂੰ ਅਖੇ ਮਾਰਨ ਵਾਸਤੇ ਸਾਜਿਸ਼ਾਂ ਘੜਦਾ ਹੈ ਸੁਖਦੇਵ ਸਿੰਘ ਉਹਦਾ ਨਾਂ ਐ ਤੇ ਸੁੱਖਾ ਸੁੱਖਾ ਕਰਕੇ ਉਹਨੂੰ ਕਹਿ ਦਿੰਦੇ ਐ। ਅਖੇ ਉਹਨੂੰ ਮਾਰਨ ਵਾਸਤੇ ਸਾਜਿਸ਼ ਘੜੀ ਐ। ਜੇ ਮੈਂ ਸਾਜਿਸ਼ ਘੜਨੀ ਹੋਊ ਤੇ ਚੱਜ ਦੇ ਬੰਦੇ ਨੂੰ ਮਾਰਨ ਵਾਸਤੇ ਘੜੂੰ। ਇਹ ਜਥੇਬੰਦੀ ਕਿਹੜੀ ਐ ਨਾ ਕੋਈ ਇਹ ਸੰਪਰਦਾ, ਨਾ ਕੋਈ ਇਹ ਜਥੇਬੰਦੀ, ਲੈਣ ਨੀ, ਦੇਣ ਨੀ, ਦਸ ਬੰਦੇ ਹੇਠੋਂ ਉੱਤੋ ਸਾਰੇ ਖਬਰਨੀ,

ਅਖੇ ਜੀ ਇਹਨੂੰ ਮਾਰਨ ਵਾਸਤੇ ਸਾਜਿਸ਼ ਘੜ ਲਈ। ਅੱਜ ਇਨ੍ਹਾਂ ਨੂੰ ਸਾਜਿਸ਼ਾਂ ਪ੍ਰਤੀਤ ਹੁੰਦੀਆਂ ਐ ਤੇ ਜਦੋਂ ਵਰੰਟ ਜਾਰੀ ਸੀ ਅਕਾਲੀ ਦਲ ਮਾਰ ਮਾਰ ਲੱਤਾਂ ਇਥੋਂ ਸਮੁੰਦਰੀ ਹਾਲ ਚੋਂ ਤੇ ਗੁਰੂ ਨਾਨਕ ਨਿਵਾਸ ਚ ਕਢਦਾ ਸੀ ਤੇ ਮੈਂ ਦਿੱਲੀ ਪ੍ਰਚਾਰ ਕਰਨ ਗਿਆ ਹੋਇਆ ਸਾਂ ਇਨ੍ਹਾਂ ਦੇ ਵਰੰਟ ਜਾਰੀ ਹੋ ਚੁੱਕੇ ਸੁਖੇ ਹੁਣਾਂ ਤੇ ਸਿਰ ਕੱਫਨ ਬੰਨ੍ਹ ਕੇ ਨਾਲ ਲੈ ਕੇ ਗਿਆ ਬੱਸ ਤੇ ਇਨ੍ਹਾਂ ਨੂੰ ਮੈਂ ਦਿਲੀ। ਦਸ ਦਿਨ ਨਾਲ ਰਖੇ ਐ। ਉਥੇ ਇਕ ਬੰਦੇ ਨੇ ਮੈਨੂੰ ਪੁੱਛਿਆ ਵੀ, ਆਖੇ ਸੰਤ ਜੀ ਅਖੇ ਵਰੰਟਡ ਨੀਂ, ਮੈਂ ਕਿਹਾ ਵਰੰਟਡ ਐਂ, ਤੂੰ ਕੀ ਲੈਣਾ ਐਂ ? ਉਹ ਬੰਦਾ ਕਮੇਟੀ (ਭਾਵ ਸ਼੍ਰੋਮਣੀ ਪ੍ਰਬੰਧਕ ਕਮੇਟੀ) ਦਾ ਸੀ। ਕਹਿੰਦਾ ਜੀ ਅਖੇ ਨਾਲ ਲਈ ਫਿਰਦੇ ਹੋ ਗੱਲ ਕੀ ਐ ? ਮੈਂ ਕਿਹਾ ਗੱਲ ਕੀ ਹੋਈ ਸੀ, ਜਿਹਨੂੰ ਸਰਕਾਰ ਨੇ ਭਗੋੜਾ ਕਰਾਰ ਦਿੱਤਾ ਐ ਸਿੱਖਾਂ ਨੂੰ ਮੈਂ ਤਾਂ ਸਾਂਭਣੇ ਐਂ। ਤੇ ਕਹਿੰਦੇ ਜੀ ਜੇ ਇਨ੍ਹਾਂ ਨੂੰ ਫੜਨ। ਮੈਂ ਕਿਹਾ ਜਦੋਂ ਤਕ ਮੇਰਾ ਸਿਰ ਐ ਮੈਂ ਨਹੀਂ ਦੇਣੇ ਤੇ ਜਦੋਂ ਮੈਂ ਮਰ ਗਿਆ, ਪਿਛੋਂ ਕੋਈ ਲੈ ਜਾਊ ਮੇਰੀ ਕੋਈ ਜ਼ੁਮੇਵਾਰੀ ਨਹੀਂ ਤੇ ਫੜਨਾ ਤਾਂ ਤਕੜੇ ਹੋ ਕੇ ਆਇਓ। ਦਿਲੀ ਦੇ ਵਿਚ ਨਾਲ ਲਈ ਫਿਰਦਾ ਰਿਹਾ ਇੰਨਾ ਰਿਸਕ ਲੈ ਕੇ ਵੀ ਤੇ ਅੱਜ ਦੁਆਨੀ ਦੁਆਨੀ ਦੇ ਬੰਦੇ ਉਠ ਕੇ ਤੇ ਇਥੇ ਪ੍ਰਾਪੇਗੰਡਾ ਕਰਦੇ ਐ ਅਕਾਲੀ ਦਲ ਦੀ ਸਟੇਜ ਉਤੇ (ਉਪਰੋਕਤ ਗਲ ਸੰਤਾਂ ਦੀ ਬਬਰ ਖਾਲਸੇ ਲਈ ਕਹੀ ਹੋਈ ਹੈ ਕਿਉਂ ਕਿ ਬਬਰ ਖਾਲਸਾ ਨੇ ਸੰਤਾਂ ਨੂੰ ਮਾਰਨ ਦੀ ਸਾਜਿਸ਼ ਘੜੀ ਸੀ ਜੋ ਫੜੀ ਗਈ ਸੀ ਸੰਪਾਦਕ)ਤੇ ਉਲਟਾ ਅਕਾਲੀ ਦਲ ਕਹਿੰਦਾ ਅਖੇ ਅਸੀਂ ਪੰਥਕ ਏਕਤਾ ਦੇ ਹੱਕ ਚ ਆਂ ਤੇ ਤੁਸੀਂ ਦੱਸੋ ਖਾਲਸਾ ਜੀ ਜਿੰਨੇ ਗੁਰੂ ਕੇ ਸਿੱਖ ਬੈਠੇ ਐ ਕੀ ਇਹ ਪੰਥਕ ਏਕਤਾ ਹੈ ਕਿ ਇਹ ਇਕ ਫੁਟ ਪਾਊ ਪ੍ਰੋਗਰਾਮ ਐ ? ਓ ਬਈ ਬੋਲਦੇ ਨੀਂ। ਪੜ੍ਹੇ ਲਿਖੇ ਬੈਠੇ ਐ ਦੱਸੋ ਹੁਣ ਤੇ ਜੇ ਫੁਟ ਪਾਊ ਪ੍ਰੋਗਰਾਮ ਐ ਇਹ ਬਾਹਰ ਗਾਲ੍ਹਾਂ ਕਢਦੇ ਐ ਤੇ ਐਥੋਂ ਤੁਸੀਂ ਦੋ ਦੋ ਹਜ਼ਾਰ ਦੇ ਜਥੇ ਲੈ ਤੁਰੇ ਆਉਂਨੇ ਐ ਤੇ ਮੁੜਕੇ ਮੈਨੂੰ ਆਣ ਕੇ ਪੁਛਦੇ ਐ ਕਿ ਸੰਤ ਜੀ ਕੀ ਕਰੀਏ। ਸੰਤ ਤੁਹਾਨੂੰ ਕੀ ਦੱਸੇ ਕਿ ਕੀ ਕਰੋ ਤੁਹਾਨੂੰ ਆਪੇ ਅਕਲ ਕੋਈ ਨੀਂ ਕਿਸੇ ਨੂੰ ? ਤੁਹਾਡੀ ਜ਼ੁਮੇਵਾਰੀ ਸੰਗਤ ਦੀ ਕੋਈ ਨਹੀਂ ? ਹੈਗੀ



Digitized by Panjab Digital Library | www.panjabdigilib.org

(ਸੰਗਤ ਤੋਂ ਅਵਾਜਾਂ)ਤੇ ਕੀ ਨਿਭਾਈ ਐ ? 14 ਅਪ੍ਰੈਲ ਦਾ ਮਾਰਿਆ ਸੋਢੀ , ਕਿੰਨਾ ਚਿਰ ਹੋ ਗਿਆ ਐ ? ਦੱਸੋ ਜਿੰਨੀ ਸੰਗਤ ਬੈਠੀ ਐਂ ਕਿਸੇ ਨੇ ਪ੍ਰੋਟੈਸਟ ਕੀਤਾ ਐਥੇ ? ਕਿਸੇ ਨੇ ਜਾ ਕੇ ਬੰਦੇ ਨੂੰ ਕਿਸੇ ਨੂੰ ਪੁਛਿਆ ਐ ? ਜੇ ਇਹ ਸੰਤਾਂ ਦਾ ਕਾਤਲ ਐ ਤੂੰ ਇਹਨੂੰ ਇਥੇ ਕਿਉਂ ਬਿਠਾਇਆ ਐ ? ਦੱਸੋ ਜਿਹਨੇ ਪੁਛਿਆ ਉਠ ਕੇ ਕਹੋ ਬਈ । ਮੇਰੇ ਕੋਲੇ ਆ ਕੇ ਕਹਿੰਦੇ ਸੰਤ ਜੀ ਫਿਕਰ ਨਾ ਕਰੋ । ਟੁਕੜੇ ਟੁਕੜੇ ਹੋ ਜਾਂਗੇ , ਅਸੀਂ ਮਰ ਜਾਵਾਂਗੇ ਸ਼ਹੀਦੀ ਪਾ ਜਾਵਾਂਗੇ ਤੇ ਤੁਹਾਨੂੰ ਤਕੜੇ ਰਹਿਣਾ ਚਾਹੀਦਾ ਐ । ਪੰਥਕ ਏਕਤਾ ਰਹਿਣੀ ਚਾਹੀਦੀ ਐ ।ਮੇਰੇ ਤੇ ਜੋਰ ਦੇਈ ਜਾਨੈ ਐ ਦਬਾਓ ਪਾਈ ਜਾਨੇ ਐਂ ਮੈਨੂੰ ਕੋਈ ਬੰਦਾ ਉਠ ਕੇ ਕਹੋ ਬਾਈਆਂ ਮਹੀਨਿਆਂ ਵਿਚ ਮੇਰੀ ਖਬਰ ਕੋਈ ਖਬਰ ਅਕਾਲੀ ਦਲ ਦੇ ਵਿਰੁਧ ਪੜ੍ਹੀ ਐ ? ਗਾਲਾਂ ਉਹ ਕੱਢੀ ਜਾਂਦੇ ਐ . ਮੇਰਾ ਬੋਲਣਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਉਨ੍ਹਾਂ ਨੇ ਬੰਦ ਕੀਤਾ ਹੋਇਆ ਹੈ ਲੌਂਗੋਵਾਲ ਦਾ ਆਪਣਾ ਬਿਆਨ ਐ ਤੇ ਆਹ ਉਠ ਕੇ ਰਜਿੰਦਰ ਕੌਰ ਵਰਗੀਆਂ ਵੀ ਲਿਖਣ ਲਗ ਪਈਆਂ ਰਸਾਲਿਆਂ ਵਿਚ ਹੁਣ ਤੇ ਅੱਗੇ ਜਾ ਕੇ ਹੋਰ ਲਿਖਿਆ ਐ . "ਅਖੇ ਜੀ ਭਿੰਡਰਾਂ ਵਾਲੇ, ਉਨ੍ਹਾਂ ਨੇ ਪ੍ਰਣ ਕੀਤਾ ਐ ਕਿ ਮੈਂ ਲੌਂਗੋਵਾਲ ਨਾਲ ਬੋਲਣਾ ਨਹੀਂ ਪਰ ਆਖੇ ਸਿੱਖ ਇਤਿਹਾਸ ਦੇ ਉਲਟ ਐ ਕਿਉਂ ਕਿ ਪੁਰਾਣੀਆਂ ਪ੍ਰੰਪਰਾਵਾਂ ਜਿਹੜੀਆਂ ਹਨ ਉਨ੍ਹਾਂ ਵਿਚ ਅਖੇ ਲਿਖਿਆ ਐ ਕਿ ਜਿਹੜਾ ਸਿੱਖ ਪਹਿਲਾਂ ਫਤਿਹ ਬੁਲਾਉਂਦਾ ਉਹਦੇ ਪਾਪ ਵੀ ਨਿਕਲ ਜਾਂਦੇ ਐ ਜਿਹੜਾ ਪਿਛੋਂ ਬੁਲਾਉਂਦਾ ਉਹਦੇ ਵੀ , ਅਖੇ ਪਾਪ ਟਕਰਾ ਕੇ ਖਤਮ ਹੋ ਜਾਂਦੇ ਐ ਤੇ ਭਿੰਡਰਾਂਵਾਲੇ ਨੇ ਅਖੇ ਪ੍ਰਣ ਕਰਨਾ ਸਿੱਖ ਪ੍ਰੰਪਰਾਵਾਂ ਦੇ ਅਖੇ ਉਲਟ ਐ । ਭਿੰਡਰਾਂਵਾਲੇ ਦਾ ਪ੍ਰਣ ਕਰਨਾ ਤਾ ਸਿੱਖ ਪ੍ਰੰਪਰਾਵਾਂ ਦੇ ਉਲਟ ਐ ਤੇ ਇਹਦੇ ਪਿਉ (ਭਾਵ ਮਾਸਟਰ ਤਾਰਾ ਸਿੰਘ ) ਦਾ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਸੀ, ਅਨੁਸਾਰ ਸੀ । ਇਹਨੂੰ ਪੁਛੋ ਪਈ ਤੇਰੇ ਪਿਤਾ ਨੇ ਮਰਨ ਵਰਤ ਰੱਖਿਆ ਸੀ । ਸਿੱਖਾਂ ਚ ਕਿੱਥੇ ਲਿਖਿਐ ਮਰਨ ਵਰਤ ਰੱਖਣਾ? ਫੇਰ ਇਹ ਪੂਰਾ ਕੀਤਾ ਐ ਜਿਨ੍ਹਾਂ ਦੀ ਬਾਬਤ ਲਿਖ ਰਹੀ ਐ । ਉਨ੍ਹਾਂ ਨੇ ਪ੍ਰਣ ਕਰਕੇ ਪੂਰਾ ਕੀਤਾ ਐ ? ਹੁਣ ਮੌਕੇ ਦੇ ਲੀਡਰਾਂ ਦੇ ਪ੍ਰਣ ਕੀ ਸਿੱਖ ਪ੍ਰੰਪਰਾਵਾਂ ਦੇ ਅਨੁਕੂਲ ਹੈ ? ਤੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ, ਮੇਰਾ , ਬਾਦਲ ਦਾ ਏਸੇ ਤਰ੍ਹਾਂ ਈ ਸੁਖਜਿੰਦਰ ਸਿੰਘ ਦਾ ਬਰਨਾਲੇ ਦਾ ਬਲਵੰਤ ਸਿਹੁੰ ਦਾ ਟੈਲੀਵੀਜਨਾਂ ਤੇ ਨੀਂ ਭਰਿਆ, ਤਲਵੰਡੀ ਉਦੋਂ ਜੇਲ੍ਹ ਵਿਚ ਸੀ ਜਦੋਂ ਪ੍ਰਣ ਦੀਆਂ ਗੱਲਾਂ ਹੋਈਆਂ ਐ। ਫੇਰ ਤਲਵੰਡੀ ਵੀ ਜਦੋਂ ਇਥੇ ਪਹੁੰਚਿਆਂ ਪ੍ਰਣ ਕੀਤਾ ਐ , ਸਾਰਿਆਂ ਪ੍ਰਣ ਕੀਤਾ ਕਿ ਅਸੀਂ ਦਿੱਲੀ ਨਹੀਂ ਜਾਣਾ ਅਸੀਂ ਸਪਸ਼ਟੀਕਰਣ ਬਹੁਤ ਵੇਰਾਂ ਦੇ ਚੁੱਕੇ ਐ , ਇਹ ਹੁਣ ਗੌਰਮਿੰਟ ਦੀ ਮਰਜ਼ੀ ਐ , ਜਾਂ ਤਾਂ ਐਲਾਨ ਕਰੇ ਤੇ ਜਾਂ ਏਥੇ ਆ ਕੇ ਸਾਨੂੰ ਜਵਾਬ ਦੇਵੇ , ਅਸੀਂ ਦਿਲੀ ਨੀ ਪਹੁੰਚਣਾ । ਇਹ ਖਾਲਸਾ ਜੀ ਟੈਲੀਵੀਯਨ ਤੇ ਭਰਿਆ ਹੋਇਆ ਐ । ਜੇ ਕਿਸੇ ਨੂੰ ਸ਼ਕ ਐ ਤਾਂ ਵੇਖ ਲਓ ਮੇਰੇ ਕੋਲ ਟੇਪਾਂ ਵੀ ਭਰੀਆਂ ਐਂ ਮੈਨੂੰ ਦੱਸੋ ਇਨ੍ਹਾਂ ਚੋਂ ਲੌਂਗੋਵਾਲ ਤਾਂ ਚਲੋ ਡਿਕਟੇਟਰ ਕਰਕੇ ਨਹੀਂ ਗਿਆ ਬਾਹਰ , ਬਾਕੀ ਜਿਨ੍ਹਾਂ ਨੇ ਪ੍ਰਣ ਕੀਤਾ ਕਿਹੜਾ ਜਿਹੜਾ ਦਿਲੀ ਜਾ ਕੇ ਮਿਲਿਆ ਨੀਂ ਉਨ੍ਹਾਂ ਨੂੰ, ਇਹ ਦੂਜਿਆਂ ਨੂੰ ਘਰੋਂ ਉਠ ਕੇ ਫਰਿਜ ਦਾ ਪਾਣੀ ਪੀਣ ਨੂੰ ਸਲਾਹਾਂ ਦੇਣ ਆ ਗਈਆ ਇਹੋ ਇੱਕ ਬੰਦਾ ਵੀ ਹੈ ਇਨ੍ਹਾਂ ਵਿਚ ਜਿਹੜਾ ਉਥੇ ਨਹੀਂ ਗਿਆ ਦਿੱਲੀ ? ਸਾਰੇ ਕਛਹਿਰੇ ਚੁਕ ਕੇ ਸਾੜ੍ਹੀ ਦੇ ਮਗਰ ਤੁਰੇ ਫਿਰਦੇ , ਦਲੀਲਾਂ ਮੈਨੂੰ ਦਿੰਦੇ ਹਨ। ਮੈਂ ਤਾਂ ਸੰਗਤ ਨੂੰ ਇਹੀ ਬੇਨਤੀ ਕਰੂੰਗਾ ਮੈਂ ਨਾਂ ਤਾਂ ਤੁਹਾਡਾ ਸੰਤ ਆਂ ਤੇ ਨਾਂ ਮੈਂ ਤੁਹਾਡਾ ਲੀਡਰ ਐਂ ਗੁਰੂ ਕੀ ਸਾਧ ਸੰਗਤ ਦਾ ਚੌਂਕੀਦਾਰ ਐਂ ਕੂਕਰ ਆਂ ਤੁਹਾਡਾ , ਕੰਮ ਜਿਹੜਾ ਕਰਾਉਣਾ ਧਰਮ ਦੇ ਨਾਂ ਤੇ , ਕਰਾ ਲਵੋਂ ਪਰ ਉਹਦੀ ਜੁੰਮੇਵਾਰੀ ਤੁਹਾਡੀ ਹੁਣ ਵਿਸ਼ੇਸ਼ ਐ ਪਟਕੇ ਵਾਲਿਆਂ ਨੂੰ ਖਾਸ ਕਰਕੇ ਅਜ ਕਹਾਂਗਾ ਸਿੰਘੋ ! ਪਹਿਲਾਂ ਤਾਂ ਦੋ ਗੱਲਾਂ ਦਾ ਜਵਾਬ ਲਓ । ਜੇ ਮੇਰੇ ਬਾਰੇ ਕੋਈ ਸ਼ਕ ਹੈ ਤਾਂ ਮੈਥੋਂ ਉਠ ਕੇ ਜਵਾਬ ਮੰਗੋ । ਕਿ ਭਿੰਡਰਾਂਵਾਲਿਆਂ ਤੈਨੂੰ ਕਾਂਗਰਸੀ ਕਹਿੰਦੇ ਐ , ਸਰਕਾਰ ਦਾ ਏਜੰਟ ਕਹਿੰਦੇ ਐ , ਇਹਦਾ ਜਵਾਬ ਦੇ ਤੈਨੂੰ ਪੰਥ ਦਾ ਗਦਾਰ ਕਹਿੰਦੇ ਐ , ਉਹ ਮੈਥੋਂ ਪੁਛੋ ਤੇ



Digitized by Panjab Digital Library | www.panjabdigilib.org

ਮੈਂ ਉਤਰ ਦੇਉਂਗਾ ।

ਤੇ ਹੁਣ ਜਿਹੜੀਆਂ ਮੈਂ ਗੱਲਾਂ ਕਹਿਨਾਂ ਆਂ ਉਹਦਾ ਜਾਂ ਤੁਸੀਂ ਉਤਰ ਦਿਓ ਤੇ ਜਾਂ ਉਹਦੇ ਲੀਡਰਾਂ ਤੋਂ ਉਤਰ ਲੈ ਕੇ ਦਿਓ ਜੇ ਤੁਸੀਂ ਵੀ ਉਤਰ ਨਹੀਂ ਦਿੰਦੇ ਤੇ ਲੀਡਰ ਵੀ ਉਤਰ ਨਹੀਂ ਦਿੰਦੇ ਤੇ ਫੇਰ ਤੁਸੀਂ ਸੋਚ ਲਿਓ ਫੇਰ ਕਿਸਦੇ ਦੇਣਦਾਰ ਹੋਵੋਗੇ । ਸਭ ਤੋਂ ਪਿਛਲੀਆਂ ਗੱਲਾਂ ਉਹਦੇ ਮੈਂ ਤੁਹਾਡੇ ਕੋਲ ਬਹੁਤੀਆਂ ਨੀਂ ਕਰਦਾ,ਪਹਿਲਾਂ ਦੋ ਗੱਲਾਂ ਦਾ ਮੈਨੂੰ ਜਵਾਬ ਲੈ ਕੇ ਦਿਓ । ਇਨ੍ਹਾਂ ਲੀਡਰਾਂ ਤੋਂ ਤੇ ਜੇ ਜਵਾਬ ਨਹੀਂ ਦਿੰਦੇ ਤੇ ਫੇਰ ਤੁਸੀਂ ਸੋਚੋ ਪਈ ਜਾਣਾ ਜਥੇ ਚ ਕਿ ਨਹੀਂ ਜਾਣਾ । ਮੈਨੂੰ ਕਈ ਕਹਿੰਦੇ ਹਨ ਅਖੇ ਜੀ ਤੁਸੀਂ ਕਹਿੰਦੇ ਫੇਰ ਨੀ ਅਸੀਂ ਜਾਂਦੇ , ਮੈਂ ਕਿਉਂ ਕਹਿ ਦਿਆ ? ਮੇਰੀ ਜ਼ੁਮੇਵਾਰੀ ਆ ਜੋ ਤੁਹਾਡੇ ਤੇ ਸੰਕਟ ਆਉਂਦਾ ਐ ਉਦੋਂ ਮੇਰੀ ਜ਼ੁੰਮੇਵਾਰੀ ਐ, ਮੈਂ ਤੁਹਾਡਾ ਸੰਕਟ ਕਿਵੇਂ ਟਾਲਣਾ ਐ ਤੁਹਾਡੀ ਸਹਾਇਤਾ ਕਿਵੇਂ ਕਰ ਸਕਦਾ ਹਾਂ । ਤੁਹਾਨੂੰ ਬਚਾਉਣਾ ਕਿਵੇਂ ਐ ? ਤੇ ਜਿਹੜੇ ਮੈਨੂੰ ਗਾਲਾਂ ਕਢਦੇ ਐ ਮੈਂ ਤੁਹਾਨੂੰ ਆਪਣੇ ਬਾਰੇ ਕਿਉਂ ਕਹਾਂ ਪਈ ਆਹ ਕੁਝ ਕਰੋ । ਤੁਸੀਂ ਸੋਚੋ ਕੀ ਕਰਨਾ ਐ ? ਪਹਿਲਾਂ ਤਾ ਇਹ ਦੱਸੋ , ਇਹਨਾਂ ਨੂੰ ਪੁੱਛੋਂ ਅਕਾਲੀ ਦਲ ਲੌਂਗੋਵਾਲ ਨੂੰ ਕਿ ਸਾਡਾ ਸੋਢੀ ਮਾਰਿਆ ਕਿਉਂ ਐ ? ਇਹਦਾ ਜਵਾਬ ਲੈ ਕੇ ਦਿਓ । ਤੇ ਦੂਜਾ ਜਿਹੜਾ ਪਰਸੋਂ ਇਥੇ (ਮੰਜੀ ਸਾਹਿਬ ਦੀਵਾਨ ਵਿਚ )ਡਰਾਮਾ ਖੇਲਿਆ ਐ , ਉਹ ਕਿਸ ਅਧਾਰ ਤੇ ਖੇਡਿਆਂ ਗਿਆ , ਸ਼੍ਰੋਮਣੀ ਅਕਾਲੀ ਦਲ ਦੀ ਸਟੇਜ ਤੇ ਜੋ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਨਹੀਂ ਹੈ ? ਜੇ ਹੱਥ ਆ ਤਾਂ ਇਕਬਾਲ ਹੋਵੇ ।



Digitized by Panjab Digital Library | www.panjabdigilib.org

# ਸਿੰਘ ਸਾਹਿਬਾਨ ਦੀ ਅਪੀਲ ਕਿਸ ਠੁਕਰਾਈ

ਟੌਹੜਾ ਸਾਹਿਬ ਮਿਲੇ ਸੀ ਕਲ੍ਹ ਮੈਨੂੰ ਉਹਨੂੰ ਮੈਂ ਪੁਛਿਆ ਮੈਂ ਕਿਹਾ ਪ੍ਰਧਾਨ ਜੀ ,ਉਥੇ ਤੁਹਾਡੇ ਸਾਹਮਣੇ ਨਾਚ ਹੋਇਐ , ਤੁਹਾਡੀ ਸਟੇਜ ਤੇ ਇਹ ਗੱਲ ਦਾ ਉਤਰ ਦੇਣ ਇਹ ਕਿਉਂ ਕੀਤਾ ਗਿਆ ਐ ? ਜੇ ਕੀਤਾ ਐ ਤੇ ਉਹਦੀ ਤਫਤੀਸ਼ ਕਰੋ ਤੇ ਮੈਥੋਂ ਪੜਤਾਲ ਕਰਕੇ ਪੁਛੋ ਜੇ ਉਹਦੇ ਚ ਮੈਨੂੰ ਤੁਸੀਂ ਦੋਸ਼ੀ ਠਹਿਰਾ ਕਿਉਂ ਤੇ ਮੈਂ ਸੰਤ ਨਹੀਂ ਰਹੂੰਗਾ , ਜਿਹੜੀ ਤੁਸੀਂ ਸਜ਼ਾ ਦੇਓਗੇ ਸਜ਼ਾ ਭੁਗਤੂੰ। ਨਹੀਂ ਛਡ ਕੇ ਬਾਹਰ ਨਿਕਲ ਜਾਊਂ । ਕਹਿੰਦੇ ਤੇਰਾ ਗੁਨਾਹ ਕੋਈ ਨਹੀਂ । ਮੈਂ ਕਿਹਾ ਜੇ ਗੁਨਾਹ ਕੋਈ ਨੀਂ ਮੈਂ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਐ ਕਿ ਤੁਹਾਡੀ ਸ਼ਰਮ ਈ ਲੱਥ ਗਈ ਸਾਰਿਆਂ ਦੀ । ਹੁਕਮਨਾਮਾ ਜਾਰੀ ਹੋਵੇ , ਕੌਮ ਹੁਕਮਨਾਮਾ ਮੰਨੇ , ਨਰਕਧਾਰੀਆਂ ਨਾਲ ਵਰਤਣਾ ਨਹੀਂ ਤੇ ਅਕਾਲੀ ਦਲ ਦੇ ਲੀਡਰ ਜਾ ਕੇ ਨਰਕਧਾਰੀਆਂ ਨੂੰ ਬਾਪੂ ਕਹਿ ਕੇ ਵੋਟਾਂ ਮੰਗਣ ਉਨ੍ਹਾਂ ਨੂੰ ਕੋਈ ਪੁਛਦਾ ਨਹੀਂ , ਪੰਜ ਸਿੰਘ ਸਾਹਿਬਾਨਾਂ ਦੀ ਅਪੀਲ ਹੋਵੇ , ਵੈਸੇ ਮੈਂ ਅਪੀਲ ਦੇ ਵਿਰੁਧ ਐਂ। ਤਖਤਾਂ ਤੇ ਕਦੇ ਅਪੀਲਾਂ ਨਹੀਂ ਹੋਈਆਂ ਤਖਤਾਂ ਤੋਂ ਹਮੇਸ਼ਾ ਹੁਕਮ ਹੋਇਆ ਕਰਦੇ ਐ। ਪਰ ਇਥੇ ਦਿਲ ਚ ਖੁਸ਼ਾਮਦ ਤੇ ਗੋਡਿਆਂ ਚ ਮੂੰਗੀ ਦੀ ਦਾਲ ਉਤਰੀ ਐ ਤਾਂ ਅਪੀਲਾਂ ਹੋਣੀਆਂ ਸ਼ੁਰੂ ਹੋ ਗਈਆਂ, ਤਖਤਾਂ ਤੋਂ , ਪਰ ਉਹ ਅਪੀਲ ਸ਼ੁਰੂ ਹੋਈ , ਅਪੀਲ ਦੀ ਉਲੰਘਣਾ ਭਿੰਡਰਾਂਵਾਲੇ ਨੇ ਕੀਤੀ ਐ ਕਿ ਡਿਕਟੇਟਰ ਨੇ ਕੀਤੀ ਐ ? ਇਹਦਾ ਜਵਾਬ ਦਿਓ। ਇਹਦਾ ਕੀ ਕਾਰਣ ਐਂ ਤਖਤ ਤੋਂ ਅਪੀਲ ਹੋਵੇ ਤੁਸੀਂ ਠੁਕਰਾਓ । ਤੁਹਾਨੂੰ ਕੋਈ ਸਜ਼ਾ ਨਹੀਂ ਹੁਕਮਨਾਮੇ ਇਥੋਂ ਜਾਰੀ ਹੋਵੇ ਤੇ ਤੁਸੀਂ ਉਹਦੀ ਉਲੰਘਣਾ ਕਰੋ। ਤੁਹਾਨੂੰ ਕੋਈ ਸਜ਼ਾ ਨਹੀਂ। ਜੇ ਤਲਵੰਡੀ ਮੀਟਿੰਗ ਸੱਦ ਲਵੇ ਤੇ ਉਹਨੂੰ ਵੀ ਇਸੇ ਤਰਫ ਲਵੋਂ ਤੇ ਭਿੰਡਰਾਂਵਾਲਾ ਮੀਟਿੰਗ ਸੱਦ ਲਵੇ ਤੇ ਉਹਦਾ ਬਾਈਕਾਟ ਕਰ ਦਿਓ ਤੇ ਹੋਰ ਕੋਈ ਸਿੱਖ ਸੱਚ ਦੀ ਗੱਲ ਕਰਨ ਦੀ ਜੁਰਅਤ ਕਰੇ ਉਹਨੂੰ ਵੀ ਏਥੇ ਬੁਲਾ ਲਵੋ ਇਹ ਤੁਸੀਂ ਮਾਫੀ ਮੰਗਾਉਣ ਦਾ ਪਟਾ ਲਿਖਾ ਕੇ ਲਿਆਏ ਓ ਦਰਗਾਹ ਚੋਂ । ਇਹ ਖਾਲਸਾ ਜੀ ਦਸੋ ਕੌਣ ਪੁਛ ਕੇ ਦੱਸੂਗਾ ਤੁਹਾਡੇ ਚੋਂ ਕੌਣ ਉੱਤਰ ਦੇਊ ਇਨ੍ਹਾਂ ਗੱਲਾਂ ਦਾ ? ਜੇ ਇਹਨਾਂ ਗੱਲਾਂ ਦਾ ਉਤਰ ਨਹੀਂ ਦਿੰਦੇ ਹੋ ਤੇ ਮੇਰਾ ਗੁੱਸਾ ਨਾ ਕਰਿਓ ਮੈਂ ਤੁਹਾਥੋਂ ਛੋਟਾ ਐ ਬਹੁਤ (ਭਾਵ ਨੀਵਾਂ ਹਾਂ) । ਪਰ ਮੈਥੋਂ ਰਿਹਾ ਨਹੀਂ ਜਾਣਾ , ਖੁਸਰੇ ਓ ਸਾਰੇ , ਮਰਦ ਨਹੀਂ ਤੁਹਾਡੇ ਚੋਂ ਫੇਰ ਕੋਈ। ਖੁਸਰੇ ਹੋ ਫਿਰ ਜਿੰਨੇ ਬੈਠੇ ਹੋ ਭਾਵੇਂ ਮੇਰਾ ਗਿੱਲਾ ਕਰ ਲਿਓ ਜਾਓ ਉਠ ਕੇ ਮੇਰਾ ਚੈਲਿੰਜ ਪ੍ਰਵਾਨ ਕਰੋ ਕੋਈ ਮਾਈ ਦਾ ਲਾਲ , ਬਾਈਆਂ ਮਹੀਨਿਆਂ ਚ ਮੇਰੀ ਇਕ ਖਬਰ ਅਕਾਲੀ ਦਲ ਦੇ ਵਿਰੁੱਧ ਕਢੋ । ਕਿਉਂ ਬਈ ਦਸੋ ਸਿੰਘੋ ? ਇਹ ਕੀ ਕਾਰਣ ਐਂ ਇਕ ਪਾਸੇ ਛਿੱਤਰ ਖੜਕੀ ਜਾਂਦਾ ਐ ਦੂਜਾ ਕੁਟ ਖਾਈ ਜਾਂਦਾ ਐਂ ਤੇ ਕੁਟ ਖਾਣ ਵਾਲੇ ਨੂੰ ਫੇਰ ਤੁਸੀਂ ਕਹੀ ਜਾਂਦੇ ਹੋ ਠੰਢਾ ਰਹੁ। ਕਿਉਂ ਬਈ ਜਵਾਬ ਨੀਂ ਦਿੰਦੇ ਸਾਰੇ ਸੌਂ ਗਏ ? ਕੀ ਗਲ ਹੋਈ ਸਾਰੇ ਇਕ ਦੂਜੇ ਦੇ ਮੂੰਹ ਵੱਲ ਝਾਕੀ ਜਾਂਦੇ ਐ ? ਜੇ ਮੇਰੀਆਂ ਗੱਲਾਂ ਗਲਤ ਐ ਤੇ ਆਰਾਮ ਕਰੋ ਜਾ ਕੇ , ਤੇ ਜੇ ਗੱਲਾਂ ਠੀਕ ਐ ਤੇ ਫੇਰ ਉਨ੍ਹਾਂ ਤੋਂ ਜਵਾਬ ਲੈ ਕਿ ਦਿਓ । ਜਦੋਂ ਮੈਂ ਕਿਸੇ ਮਾਈ ਭਾਈ ਦੇ ਉਲਟ ਨਹੀਂ ਬੋਲ ਰਿਹਾ , ਕਿਸੇ ਸਿਖ ਲੀਡਰ ਦੇ ਉਲਟ ਨਹੀਂ ਬੋਲ ਰਿਹਾ , ਕਿਸੇ ਵਰਕਰ ਦੇ ਬਾਰੇ ਕੁਝ ਨਹੀਂ ਕਹਿ ਰਿਹਾ , ਇਹ ਨਿੱਤ ਹੀ ਸਟੇਜਾਂ ਤੋਂ ਸ਼ੋਸ਼ੇ ਛਡਣੇ ਇਨ੍ਹਾਂ ਨੇ ਸ਼ੁਰੂ ਕਰ ਦਿਤੇ ਐ। ਮੇਰੇ ਕੋਲੇ ਆ ਕੇ ਤੁਸੀਂ ਰੋਨੇ ਓ,ਸੰਤ ਜੀ ! ਕੌਮ ਬਚਾ ਲਈ ਪੁਲਿਸ ਤੰਗ ਕਰਨੋ ਹਟੀ ਐ ਅੱਜ ਇਕ ਸੁਨੇਹਾ ਆਇਆ ਐ , ਉਹ ਵੀ ਹਟ ਜੂ ਉਹ ਹਟਾ ਲਾਂਗੇ । ਗੰਗਾ ਨਗਰ ਵਾਲਿਆਂ ਦਾ



Digitized by Panjab Digital Library / www.panjabdigilib.org

ਆਇਆ ਸੁਨੇਹਾ ਅੱਜ ਚਾਰ ਸੌ ਸਿੰਘਾਂ ਤੇ ਕੇਸ ਚਲਦਾ ਤੇ 375 ਸਿੰਘਾਂ ਦੇ ਕੇਸ ਮੈਂ ਕੱਲਾ ਲੜਦਾ ਹਾਂ । 25 ਕੇਸ ਸਾਰਾ ਅਕਾਲੀ ਦਲ ਤੇ ਕਮੇਟੀ ਨਹੀਂ ਲੜਦੀ ਤੇ ਫੇਰ ਵੀ ਕਹੀ ਜਾਂਦੇ ਕਿ ਭਿੰਡਰਾਂ ਵਾਲਾ ਕਾਂਗਰਸੀ ਐ । ਮੈਂ ਕਲ੍ਹ ਟੌਹੜਾ ਸਾਹਿਬ ਨੂੰ ਪੁਛਿਆ ਸੀ ਮੈਂ ਕਿਹਾ "ਪ੍ਰਧਾਨ ਜੀ ਤੂੰ ਵੀ ਅਕਾਲੀ , ਬਾਦਲ ਵੀ ਅਕਾਲੀ , ਦੋਵੇਂ ਬਲਵੰਤ ਸਿਊਂ ਵੀ ਅਕਾਲੀ , ਬਰਨਾਲਾ ਵੀ ਅਕਾਲੀ , ਚੀਮਾਂ ਵੀ ਅਕਾਲੀ ਤੇ ਯੂੱਥ ਵਿੰਗ ਵੀ ਅਕਾਲੀ , ਤੁਸੀਂ ਵਿਧਾਨ ਪਾੜ ਕੇ ਵੀ ਬਾਹਰ ਆ ਗਏ,, ਤੇ ਭਿੰਡਰਾ ਵਾਲਾ ਵੀ ਕਾਂਗਰਸੀ,ਫੈਡਰੇਸ਼ਨ ਵੀ ਕਾਂਗਰਸੀ,ਤਲਵੰਡੀ ਵੀ ਕਾਂਗਰਸੀ , ਸੁਖਜਿੰਦਰ ਸਿੰਘ ਵੀ ਕਾਂਗਰਸੀ, ਇਹ ਸਾਰੇ ਜੇਲ੍ਹਾਂ ਚ ਕਾਰਨ ਕੀ ਐ ? ਅਕਾਲੀ ਬਾਹਰ ਐ ਤੇ ਕਾਂਗਰਸ ਦੇ ਰਾਜ ਵਿਚ ਕਾਂਗਰਸੀ ਅੰਦਰ ਐ । ਪਹਿਲਾਂ ਤੁਸੀਂ ਸੋਚੋ ਪਈ ਇਹ ਗੱਲ ਕਿੱਧਰ ਨੂੰ ਜਾਂਦੀ ਐ । ਫੇਰ ਮੈਂ ਦੋ ਗੱਲਾਂ ਹੋਰ ਪੁਛੀਆਂ ਸੀ ਉਹਨੂੰ,ਉਹ ਸੀ ਪਹਿਲਾਂ ਤਾਂ ਇਹ ਦੱਸੋ ਪ੍ਰਧਾਨ ਜੀ ਸੈਂਤੀਆਂ ਸਾਲਾਂ ਚ ਕਿਸੇ ਇੱਕ ਸ਼ਹੀਦ ਦਾ ਬਦਲਾ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਵਰਕਰ ਨੇ ਲਿਆ ? ਉਠ ਕੇ ਤੁਹਾਡੇ ਚੋਂ ਕਹਿ ਦਿਓ ਅਕਾਲੀ ਦਲ ਦੇ ਵਰਕਰ ਐ ਸਾਰੇ । ਕਿਉਂ ਬਈ ਕੋਈ ਬੰਦਾ ਕਹੇ ਉਠ ਕੇ ਸੈਂਤੀਆਂ ਸਾਲਾਂ ਚ ਇੱਕ ਸ਼ਹੀਦ ਦਾ ਨਨਕਾਣਾ ਸਾਹਿਬ ਵਾਲੇ ਦਾ ਕਿਸੇ ਨੇ ਬਦਲਾ ਲਿਆ ਐ ? ਤੇ ਕਿਹੜੇ ਸ਼ਹੀਦਾਂ ਦੀ ਜਥੇਬੰਦੀ ਤੁਹਾਡੀ ? 14ਪ੍ਰਧਾਨ ਹੋ ਗਏ ਅਕਾਲੀ ਦਲ ਦੇ ਹੁਣ ਤੱਕ ਤੇ 14 ਚੋਂ ਪੰਥ ਵਾਸਤੇ ਇਕ ਸ਼ਹੀਦ ਨਹੀਂ ਹੋਇਆ । ਪ੍ਰਣ ਕਰਕੇ ਕਿਸੇ ਨੇ ਪੂਰਾ ਨੀ ਕੀਤਾ । ਦਸੋ ਬਈ 14 ਪ੍ਰਧਾਨਾਂ ਚੋਂ ਕੋਈ ਸ਼ਹੀਦ ਹੋਇਆ ? ਦੋ ਗੱਲਾਂ ਦਾ ਉਤਰ ਜੇ ਕਿਸੇ ਕੋਲ ਹੈਗਾ ਤਾਂ ਦਿਓ । ਤੇ ਗਾਲਾਂ ਨਿੱਤ ਕੱਢੀ ਜਾਨੇ ਐ ਕਿ ਜੀ ਭਿੰਡਰਾਂਵਾਲਾ ਕਾਂਗਰਸ ਨਾਲ ਰਲ ਗਿਆ ਉਹ ਕਾਂਗਰਸ ਨਾਲ ਮੈਂ ਰਲ ਗਿਆ ਰਿਸ਼ਤੇਦਾਰੀ ਤੁਹਾਡੀ ਪੈ ਗਈ ਕਾਂਗਰਸ ਨਾਲ । ਹੁਣ ਤਾਂ "ਕੁੜਮ ਕੁੜਮਾਈ ਆਇਆ ਬਲਰਾਮ ਜੀਓ " ਹੋ ਗਿਆ । ਹੁਣ ਕੀ ਕਹੋਗੇ ਲੋਕਾਂ ਨੂੰ ? ਹੁਣ ਜੇ ਤਾਂ ਕੈਰੋਂ ਹਾਰ ਗਿਆ ਤੇ ਜਵਾਈ ਹਾਰ ਗਿਆ ਐ ਤੇ ਜੇ ਬਾਦਲ ਹਾਰ ਗਿਆ ਤਾਂ ਸੋਹਰਾ ਹਾਰ ਗਿਆ ਐ , ਕੀ ਜਵਾਬ ਦੇਉਂਗੇ ਤੁਸੀਂ ? ਮੁੜ ਕੇ ਕਹਿੰਦੇ ਜੀ ਭਿੰਡਰਾਂਵਾਲਾ ਗੁੱਸੇ ਚ ਗੱਲਾਂ ਕਰਦਾ ਐ । 22ਮਹੀਨੇ ਹੋ ਗਏ ਕੁੱਟ ਖਾਂਦਿਆਂ ਨੂੰ ਤੇ ਪੰਥਕ ਏਕਤਾ ਵਾਸਤੇ ਤੁਰਿਆ ਫਿਰਦਾ ਐ ਤੇ ਫੇਰ ਵੀ ਉਠ ਕੇ ਦੂੱਕੀ ਦੂੱਕੀ ਦੇ ਬੰਦੇ ਗਾਲਾਂ ਕੱਢਣ ਤੇ ਤੁਸੀਂ ਕੰਨਾਂ ਚ ਰੂੰ ਦੇ ਕੇ ਬੈਠੇ ਰਹੋ, ਫੇਰ ਸੋਚ ਲਓ ਪਈ ਕੀ ਕਰਨਾ ਹੈ । ਇਹ ਪੱਟੀਆਂ ਵਾਲਿਓ (ਜਥੇ 'ਚ ਜਾ ਰਹੇ ਸਿੰਘ) ਤੁਹਾਡੀ ਜ਼ੁੰਮੇਵਾਰੀ ਅੱਜ ਜਿਆਦਾ ਇਹ ਮੈਂ ਨੀਂ ਕਿਸੇ ਨੂੰ ਕਹਿੰਦਾ, ਪੱਟੀ ਲਾਹੋ । ਤੁਹਾਡੀ ਜ਼ੁੰਮੇਵਾਰੀ ਐ ਮੇਰੀਂ ਨੀਂ । ਮੇਰੀ ਜ਼ੁੰਮੇਵਾਰੀ ਉਦੋਂ ਐ ਜੇ ਤੁਹਾਡੇ ਤੇ ਤਸ਼ਦਦ ਹੋਊ ਆਹ ਗੰਗਾ ਨਗਰ ਵਾਲਿਆਂ ਨੇ ਆ ਕੇ ਕਿਹਾ ਐ, ਇਨ੍ਹਾਂ ਦੀ ਜ਼ਿੰਮੇਵਾਰੀ ਮੈਂ ਸੰਭਾਲੂੰ ।

ਕੰਧ ਤੇ ਆ ਕੇ ਗੋਲੀ ਵੱਜੀ ਐ,ਸੀ. ਆਰ. ਪੀ. ਇਥੇ ਬੈਠੀ ਨਾਲ ਉਹਨੇ ਚਲਾਈ ਗੋਲੀ ਤੇ ਜਥੇ ਦਾ ਇਕ ਸਿੰਘ ਸੇਵਾਦਾਰ,ਉਹਦੀ ਆ ਪੱਗ ਦੇ ਵਿਚ ਦੀ ਲੰਘ ਕੇ ਪੱਗ ਦੇ ਪੇਚ ਛੇਕ ਵਿਚੋਂ ਇੱਕ ਪਾਸਿਉਂ ਗਲੀ ਜਿਹੀ ਹੋਈਐ ਤੇ ਉਹਦੀ ਪੱਗ ਵਿਚ ਦੀ ਲੰਘ ਕੇ ਤੇ ਇਥੇ ਆ ਕੇ ਕੰਧ'ਚ ਵੱਜੀ ਐ । ਤੇ ਆ ਜਿਹੜੀਆਂ ਢੇਰੀਆਂ ਲੱਗੀ ਜਾਂਦੀਆਂ ਪਰਸੋਂ ਚੌਥੇ ਦੀਆਂ ਇਹ ਅਖਬਾਰਾਂ ਚ ਇਹੀ ਆਇਆ ਐ ਕਿ ਇਹ ਜਿਹੜੀ ਲੰਗਰ ਦੀ ਇੱਟ ਤੇ ਗੋਲੀ ਵੱਜੀ ਐ ਇਹਦਾ ਇਹ ਹਰਜਾਨਾ ਐਂ। ਤੇ ਅਜੇ ਸ਼ੁਰੂ ਐ ਮੁਕਿਆ ਨੀ ਕੰਮ । ਇਹ ਸੀ. ਆਈ . ਡੀ. ਆਲਿਆਂ ਨੂੰ ਸੋਚ ਲੈਣਾ ਚਾਹੀਦਾ ਤੇ ਪੁਲਿਸ ਨੂੰ ਵੀ . ਜੇ ਲੰਗਰ ਦੀ ਇਮਾਰਤ ਦੀ ਵੱਜੀ ਹੋਈ ਇੱਟ ਤੇ ਗੋਲੀ ਦਾ ਇੰਨਾ ਦਰਦ ਐ ਕੌਮ ਨੂੰ ਤੇ ਜਦੋਂ ਏਸ ਇਮਾਰਤ ਵਿਚ ਬੈਠੀ ਸਾਧ ਸੰਗਤ ਦੇ ਗੋਲੀ ਚੱਲੀ ਤੇ ਉਹਦਾ ਫੇਰ ਆਪ ਅੰਦਾਜਾ ਲਾ ਲਿਓ ਪਈ ਕੀ ਭਾਅ ਪਊਗਾ ਤੇ ਮੈਂ ਬੇਨਤੀ ਵੀ ਕਰੂੰਗਾ , ਸੰਗਤ ਸਾਰੀ ਨੂੰ । ਜਦੋਂ ਪਤਾ ਲੱਗ ਜੇ ਤੁਹਾਨੂੰ ਪੁਲੀਸ ਦਰਬਾਰ ਸਾਹਿਬ ਅੰਦਰ ਵੜੀ ਐ ਉਦੋ ਪੰਜਾਬ ਚ ਛੱਲੀ ਰਾਮ ਤੇ ਗੁੱਲੀ ਰਾਮ ਤੇ ਪੂਰੀ ਪੂਰੀ ਨਿਗ੍ਹਾਂ ਰਖਣੀ ਚਾਹੀਦੀ ਐ । ਉਦੋ ਢਿੱਲ ਨਾ ਕਰਿਓ । ਬਜ਼ਾਰਾਂ ਚ ਪਹਿਲਾਂ ਕਿਸੇ ਨੂੰ ਕੁਛ



Digitized by Panjab Digital Library | www.panjabdigilib.org

ਕਹਿਣਾ ਨੀਂ । ਜਾਤੀ ਤੌਰ ਤੇ ਆਪਣਾ ਹਿੰਦੂ ਨਾਲ ਉਸ ਤਰ੍ਹਾਂ ਵੈਰ ਕੋਈਂ ਨੀ ਪਰ ਜੇ ਹਿੰਦੂ ਸਾਮਰਾਜ ਦੀ ਗੌਰਮਿੰਟ ਨੇ ਇਹ ਨਿਸ਼ਾਨੇ ਬਣਾ ਲਏ ਕਿ ਸਿੱਖਾਂ ਦਾ ਧਾਰਮਿਕ ਮਕਾਨ ਢਾਹੁਣਾ ਐਂ ਤੇ ਸਿੱਖਾਂ ਨੂੰ ਖਤਮ ਕਰਨਾ ਐਂ ਫੇਰ ਕੋਈ ਲੋੜ ਨੀਂ ਏਕਤਾ ਉਕਤਾ ਦੀ, ਫੇਰ ਉਸ ਦਿਨ ਖੰਡਾ ਖੜਕਾ ਦਿਓ । ਜਿਹੜਾ ਪ੍ਰਧਾਨ ਆਪਣਾ ਚਲਿਐ ਇਹਨੂੰ ਸੁਣ ਕੇ ਕਿਤੇ ਇਹ ਨਾ ਖਿਆਲ ਕਰ ਲਿਓ ਕਿ ਪੰਥ ਤੋਂ ਵਖਰੇ ਹੋ ਕੇ ਤੁਰਨਾ ਐਂ ਤੁਰਨਾ ਪੰਥ ਨਾਲ ਐ ਕੇਸਰੀ ਨਿਸ਼ਾਨ ਸਾਹਿਬ ਦੇ ਥੱਲੇ ਰਹਿਣਾ ਐ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੈ । ਜੇ ਤਾਂ ਮੈਂ ਨਰਕਧਾਰੀਆਂ ਦੇ ਘਰ ਗਿਆ ਐਂ ਤੇ ਦਵਾਰਾ ਤੁਹਾਡੇ ਚੋਂ ਮੇਰੇ ਕੋਲ ਕੋਈ ਨਾ ਆਇਓ ਤੇ ਜੇ ਕੋਈ ਹੋਰ ਪ੍ਰੇਮੀ ਗਿਆ ਐ ਤੇ ਉਹਦੇ ਬਾਰੇ ਤੁਸੀਂ ਤਫਤੀਸ਼ ਕਰੋ ਕਿ ਕਿਹੜੇ ਕਿਹੜੇ ਗਏ ਐ ਤੇ ਕਿਵੇਂ ਉਨ੍ਹਾਂ ਤੋਂ ਬਚਣਾ ਐ । ਮੇਰਾ ਫੈਸਲਾ ਤਾਂ ਇਹ ਹੈ ਬਾਕੀ ਔਹ ਜਿਹੜਾ ਜਥੇ ਵਾਲਾ ਐ ਉਹ ਸਿੰਘਾਂ ਨੇ ਦੱਸ ਈ ਦਿਤਾ ਐ ਉਹ ਤੁਸੀਂ ਆਪ ਦਾ ਫੈਸਲਾ ਬੈਠ ਕੇ ਕਰ ਲਿਓ । ਜੇ ਤਾਂ ਮੇਰੇ ਚ ਗੁਨਾਹ ਐ ਥਲੇ ਜਾ ਕੇ ਗੱਲਾਂ ਕਰਿਓ ਨਾ, ਏਥੇ ਉਠ ਕੇ ਮੇਰੇ ਮੂੰਹ ਤੇ ਸਵਾਲ ਪੁੱਛੋ । ਇਕ ਪ੍ਰੇਮੀ ਐਥੇ ਬੈਠਾ ਐ । ਉਹਨੇ ਕਿਹਾ ਕਿ ਤਾਲਬ ਸਿੰਘ ਸੰਧੂ ਨੂੰ ਲੁਧਿਆਣੇ ਜਿਲ੍ਹੇ ਵਾਲੇ ਪ੍ਰਧਾਨ ਨੂੰ ਅਕਾਲੀ ਦਲ ਨੂੰ ਪੁੱਛਿਆ ਐ ਕਿ ਤੁਸੀਂ ਭਿੰਡਰਾਂਵਾਲਿਆਂ ਨੂੰ ਪੰਥ ਦਾ ਗਦਾਰ ਕਿਵੇਂ ਕਿਹਾ ਐ ? ਤੇ ਉਹ ਅੱਗੋਂ ਇਨ੍ਹਾਂ ਨੂੰ ਕਹਿੰਦਾ ਅਖੇ ਮੈਂ ਪੂਰਾ ਭਿੰਡਰਾਂਵਾਲੇ ਨਾਲ ਹਾਂ ਅਖੇ ਵਿਖਾਉ ਕਿੱਥੇ ਐ ਤੇ ਮੈਂ ਇਕ ਸਿੰਘ ਨੂੰ ਦੱਸਿਆ ਮੈਂ ਤੈਨੂੰ ਸਬੂਤ ਵੀ ਦੇ ਦਿਆ । ਬਾਕੀ ਜਿਆਦਾ ਸਬੂਤ ਲੈਣੇ ਤੁਸੀਂ ਸ਼ਹਿਰਾਂ ਤੋਂ ਲੈ ਲਿਓ । ਲਾਇਬਰੇਰੀਆਂ ਚੋਂ ਕੱਢ ਲਿਓ । ਛੇ ਸਤੰਬਰ ਦੀ ਅਜੀਤ, 6 ਸਤੰਬਰ ਜਿਹੜਾ ਪਿਛਲੇ ਸਾਲ (1983) ਲੰਘ ਗਿਆ,

ਉਸ ਵਿਚ ਤਾਲਬ ਸਿੰਘ ਸੰਧੂ, ਹਰੀ ਸਿੰਘ ਜੀਰਾ, ਸੁੱਚਾ ਸਿੰਘ ਛੋਟੇਪੁਰ , ਜਸਵੰਤ ਸਿੰਘ ਐਡਵੋਕੇਟ ਬਠਿੰਡਾ ਇਨ੍ਹਾਂ 4 ਬੰਦਿਆਂ ਦੀ ਖਬਰ ਐ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਭਿੰਡਰਾਂਵਾਲੇ ਕਾਂਗਰਸ ਦੇ ਏਜੰਟ ਤੇ ਪੰਥ ਦੇ ਗਦਾਰ ਹਨ । ਇਕ ਸਿੰਘ ਨੇ ਮੈਥੋਂ ਕਟਿੰਗ ਮੰਗੀ ਐ ਉਹ ਮੈਂ ਉਹਨੂੰ ਕਹਿ ਤਾ ਤੈਨੂੰ ਮੈਂ ਲਾਇਬ੍ਰੇਰੀ ਚੋਂ ਕਢਾ ਕੇ ਦੇ ਦਊ ਸੰਧੂ ਦਾ ਨਾਂ ਐ ਅਖਬਾਰ ਵਿਚ । ਖੁਸ਼ੀਪੁਰ ਦਾ ਨਾਂ ਕਿਉਂ ਲੈਂਦਾ ਐ ? ਇੰਨਾ ਤੁਹਾਨੂੰ ਭੇਦ ਨੀ ਨਾ ਮੁੰਡੇ ਨਵੇਂ ਆਏ ਐਂ ਮੈਨੂੰ ਮਿਲੇ ਨੀਂ ਕਿਤੇ । ਖੁਸ਼ੀਪੁਰ ਦਾ ਨਾਂ ਪਤਾ ਕਿਉਂ ਲੈਂਦਾ ਐ, ਖੁਸ਼ੀਪੁਰ ਐ ਤਲਵੰਡੀ ਧੜੇ ਦਾ ਤੇ ਖੁਸ਼ੀਪੁਰ ਇਥੇ ਵਾਕਆਊਟ ਕਰਕੇ ਨਿਕਲ ਗਿਆ । ਕਮਰੇ 'ਚ ਜਦੋਂ ਉਹਨੇ ਗੱਲ ਕੀਤੀ ਐ ਉਹ ਵਾਕ ਆਊਟ ਨੂੰ ਛੁਪਾਉਣ ਵਾਸਤੇ ਤੇ ਉਲਟਾ ਨਾਂ ਖੁਸ਼ੀ ਪੁਰ ਦਾ ਲਾ ਦਿੱਤਾ ਐ । ਹੁਣ ਜਿਸ ਦਿਨ ਸੋਢੀ ਦਾ ਕਤਲ ਹੋਇਆ ਹੈ ਤੇ ਸੋਢੀ ਦੇ ਕਤਲ ਪਿਛੋਂ ਵਿਚਾਰਾ ਹੋਈਆਂ ਐਂ , ਚਰਚਾ ਚਲ ਪਈ , ਮੈਂ ਵੰਗਾਰ ਕੇ ਹੁਣ ਵੀ ਕਹਿੰਨਾ ਉਦੋਂ ਵੀ ਕਿਹਾ ਸੀ ਤਫਤੀਸ਼ ਕਰਨ ਤੋਂ ਪਤਾ ਲਗਾ ਕਿ ਸਾਡਾ ਕਾਤਲ ਗੁਰਚਰਨ ਸਿੰਘ ਸਕੱਤਰ ਹੈ । ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਧੜੇ ਦਾ । ਉਹ ਕਾਤਲ ਐ ਸਾਡਾ ਤੇ ਮਲਕ ਸਿੰਘ ਭਾਟੀਏ ਦਾ ਨਾਂ ਵਿਚ ਦਿੱਤਾ ਗਿਆ ਐ ਉਹ ਮੂੰਹ ਤੇ ਇਕਬਾਲ ਹੋ ਗਿਐ । ਪੰਜ ਮੈਂਬਰੀ ਕਮੇਟੀ ਆਈ , ਪੰਜ ਮੈਂਬਰੀ ਕਮੇਟੀ ਕੋਲ ਇਹ ਸਾਰੀ ਚੀਜ ਮੈਂ ਵਿਸਥਾਰ ਨਾਲ ਦੱਸੀ ਤੇ ਮੇਰੇ ਕੋਲ ਅਕਾਲ ਤਖਤ ਸਾਹਿਬ ਤੇ ਕਹਿ ਕੇ ਆਏ ਅਖੇ ਜੀ ਗੁਰਚਰਨ ਝੂਠਾ ਐ । ਮੈਂ ਕਿਹਾ ਫਿਰ ਫੈਸਲਾ ਕਰੋ । ਇਥੋਂ ਇਹ ਕਹਿ ਕੇ ਗਏ ਤੇ ਲੌਂਗੋਵਾਲ ਕੋਲੋਂ ਜਾ ਕੇ ਫੈਸਲਾ ਦਿੱਤਾ ਕਿ ਗੁਰਚਰਨ ਸਿੰਘ ਬਰੀ ਤੇ ਮਲਕ ਸਿੰਘ ਭਾਟੀਏ ਦਾ ਨਾਂ ਬਰੈਕਟ ਵਿਚ ਲਿਖਿਆ ਐ ਤਲਵੰਡੀ ਗਰੁਪ । ਆਹ ਤਲਵੰਡੀ ਗਰੁਪ ਬਰੈਕਟ ਵਿਚ ਲਿਖ ਦਿੱਤਾ ਐ ਤੇ ਗੁਰਚਰਨ ਦਾ ? ਅਖੇ ਜੀ ਇਹ ਤਲਵੰਡੀ ਗਰੁਪ ਬਾਰੇ ਭਾਟੀਏ ਬਾਰੇ ਤੁਸਾਂ ਕਿਹਾ ਸੀ । ਉਹ ਕਹਿੰਦੇ ਤਾਂ ਅਸੀਂ ਕਿਹਾ ਸੀ ਗੁਰਚਰਨ ਸਕੱਤਰ , ਗੁਰਚਰਨ ਸਕੱਤਰ ਬਾਰੇ ਸੰਤ ਆਪ ਕਹਿੰਦੇ ਐ, ਪੰਜਾਂ ਨੇ ਨੀਵੀਂ ਪਾ ਲਈ ਉਸ ਦਿਨ ਖੁਸ਼ੀਪੁਰ ਤੇ ਕੁਲਦੀਪ ਸਿੰਘ ਵਡਾਲਾ ਸੀ । ਇਕ ਕੁਲਦੀਪ ਵਡਾਲਾ ਸੀ ਜਿਸ ਵਿਰੋਧ ਕੀਤਾ ਉਸ ਦਿਨ ਉਸ ਮੀਟਿੰਗ ਵਿਚ 5ਸਤੰਬਰ ਦੀ ਮੀਟਿੰਗ ਵਿਚ ਕੁਲਦੀਪ



Digitized by Panjab Digital Library | www.panjabdigilib.org

ਸਿੰਘ ਵਡਾਲੇ ਨੇ ਰੋਕਿਆ ਐ,ਪਰ ਰੁਕੇ ਨਹੀਂ ਤੇ ਖੁਸ਼ੀਪੁਰ ਨੇ ਵਾਕਆਊਟ ਕੀਤਾ ਤੇ ਜਿਹਨੇ ਵਾਕ ਆਊਟ ਕੀਤਾ ਐਂ ਉਹਨੂੰ ਕਹਿੰਦੇ ਖੁਸ਼ੀਪੁਰ ਇਹ ਗੱਲ ਕਹਿੰਦਾ ਐ। ਤੇ ਸਰਾਸਰ ਝੂਠ ਬੋਲਦੇ , ਲੱਕ ਬੱਧਾ ਝੂਠ ਬੋਲਣ ਤੇ ਇਨਾਂ ਨੇ। ਖੁਸ਼ੀਪੁਰ ਦੀ ਖ਼ਬਰ ਦਿਖਾਓ ਕਿਥੇ ਅਖ਼ਬਾਰ ਚ ? ਇਨ੍ਹਾ ਦੀ ਖ਼ਬਰ ਮੈਂ ਦੇਊਂਗਾ ਤੁਹਾਨੂੰ। ਫੇਰ ਟੇਪਰਿਕਾਰਡ ਦੇਊਂਗਾ ਤੁਹਾਨੂੰ ਲੌਂਗੋਵਾਲ ਦੀ ਉਹ ਮੇਰੀ ਦੇਵੇ ਕੋਈ।ਅੱਗੋ ਤਾਂ ਮੈਂ ਇਹ ਰਮਤਾ ਅਖਤਿਆਰ ਨਹੀ ਸੀ ਕੀਤਾ ਹੁਣ ਕਰੂੰਗਾ। ਟੇਪ ਰਕਾਡ ਲੌਂਗੋਵਾਲ ਦੀ ਐ ਮੇਰੇ ਕੋਲ। ਨਾ ਮੇਰਾ ਉਹਦੇ ਵਿਚ ਅੱਖਰ ਨੀਂ ਮੇਰੇ ਨਾਂ ਦੇ। 22 ਤਰੀਕ ਦੀ ਯੂਥ ਵਿੰਗ ਦੇ ਕਾਨਫਰੰਸ ਤੇ ਇਕੱਥੇ ਇਕੱਠ ਸੀ। ਉਸ ਇਕੱਠ ਵਿਚ ਇਕਬਾਲ ਸਿੰਘ ਥਾਵਲਕੇ ਪਿੰਡ ਦਾ ਲੁਧਿਆਣੇ ਜਿਲ੍ਹੇ ਵਿਚੋਂ ਤਾਲਬ ਸਿੰਘ ਸੰਧੂ ਦੀ ਸੱਜੀ ਬਾਂਹ ਉਹੋ ਐਡਵੋਕੇਟ ਐ ਵਕੀਲ। ਉਹ ਸੱਤਾਂ ਪਿੰਡਾਂ ਦੀ ਸੰਗਤ ਨੇ ਕਿਹਾ ਇਹ ਯੂਥ ਵਿੰਗ ਵਿਚ ਇਥੇ ਤੇ ਉਹਨਾਂ ਕੋਲੇ ਇਕ ਚਿੱਟ ਸੀ। 5-6 ਪੁਆਇੰਟਾਂ ਦੀ ਮੈਂ ਨੀ ਸੀ ਇਹ ਪੜ੍ਹੀ। ਉਹਨਾਂ ਜਾ ਕੇ ਲੌਂਗੋਵਾਲ ਨੂੰ ਸਟੇਜ ਤੇ ਜਾ ਕੇ ਚਿੱਟ ਦਿਤੀ ਤੇ ਉਸ ਚਿਟ ਦੇ ਵਿਚ ਕੁਝ ਪੁਆਇੰਟ ਲਿਖੇ ਹੋਏ ਸੀ। ਉਨ੍ਹਾਂ ਮੰਗਿਆ ਜਵਾਬ ਤੇ ਲੌਂਗੋਵਾਲ ਤੋਂ ਜਵਾਬ ਮੰਗਿਆ, ਲੌਂਗੋਵਾਲ ਦਾ ਉਤਰ ਟੇਪ ਰਿਕਾਰਡ ਵਿਚ ਆਏਗਾ ਭਰਿਆ ਹੋਇਆ ਹੈ ਕਿ ਸਰਕਾਰ ਦੇ ਏਜੰਟਾਂ ਦਾ ਪਤਾ ਲੱਗ ਗਿਆ ਐ। ਇਹ ਸਰਕਾਰ ਦੇ ਭੇਜੇ ਹੋਏ ਬੰਦੇ ਐ ਉਹਨੂੰ ਇਹ ਪਤਾ ਨਹੀਂ ਸੀ ਪਈ ਇਹ ਯੂਥਵਿੰਗ ਦੇ ਐ। ਉਹ ਮੁੰਡੇ ਫੜ ਲਏ। ਫੜ ਕੇ ਉਨ੍ਹਾਂ ਨੂੰ ਬਬਰ ਜੱਥਾ ਕੁਟਣ ਲੱਗਾ ਤੇ ਤਾਲਬ ਸਿੰਘ ਸੰਧੂ ਨੇ ਸਮੁੰਦਰੀ ਹਾਲ ਦੇ ਦਰਵਾਜ਼ੇ ਅੱਗੇ ਜਾ ਕੇ ਫੜੇ ਕਿ ਇਹ ਬੰਦੇ ਮੇਰੇ ਐ,ਫੇਰ ਉਨ੍ਹਾਂ ਮੁੰਡਿਆਂ ਨੇ ਕਿਹਾ ਕਿ ਭਿੰਡਰਾਂਵਾਲੇ ਨੂੰ ਇਥੇ ਕਿਉਂ ਨੀਂ ਬੁਲਾਉਂਦੇ, ਕੀ ਕਾਰਨ ਐ? ਤੇ ਲੌਂਗੋਵਾਲ ਨੇ ਜਵਾਬ ਦਿੱਤਾ ਕਿ ਇਹ ਸਟੇਜ ਸ਼੍ਰੋਮਣੀ ਅਕਾਲੀ ਦਲ ਦੀ ਐ। ਇਥੇ ਸਰਕਾਰ ਦੇ ਬੰਦਿਆਂ ਨੂੰ ਨਹੀਂ ਬੋਲਣ ਦਿੱਤਾ ਜਾਵੇਗਾ। ਹੁਣ ਇਕ ਦੋ ਸਵਾਲ ਐ , ਦੋ ਨੁਕਤੇ ਐ ਜੇ ਤਾਂ ਇਹ ਯੂਥਵਿੰਗ ਦੇ ਮੁੰਡੇ ਸਰਕਾਰ ਦੇ ਏਜੰਟ ਐ ਤੇ ਲੌਂਗੋਵਾਲ ਜਵਾਬ ਦੇਵੇ ਕਿ ਯੂਥਵਿੰਗ ਨੂੰ ਜਨਮ ਕਿਹਨੇ ਦਿੱਤਾ ਐ? ਤੇ ਜੇ ਇਹ ਕਹਿੰਦੇ ਐ ਬਈ ਜਿਹਨੂੰ ਬੁਲੌਣ ਵਾਸਤੇ ਕਹਿ ਰਹੇ ਏਜੰਟਐ ਉਹ ਮੈਂ ਐਂ। ਫੇਰ ਮੇਰਾ ਨਾ ਲਵੇ ਘੁੰਡ ਕਿਉਂ ਕਢਦਾ ਐ ? ਟੌਹੜਾ ਸਾਹਿਬ ਨੂੰ ਵੀ ਸੁਣਾਈ ਐ ਮੈਂ ਟੇਪ ਤੇ ਬਲਵੰਤ ਸਿੰਘ ਵੱਡੇ ਨੂੰ ਵੀ ਸੁਣਾਈ ਐ। ਇਨ੍ਹਾਂ ਦੋ ਬੰਦਿਆਂ ਨੂੰ ਸੁਣਾਈ ਐ ਟੇਪ ਮੇਰੇ ਕੋਲ ਐ। ਜਾ ਕੋਈ ਮਾਈ ਦਾ ਲਾਲ ਤੁਹਾਡੇ ਚੋਂ ਮੇਰੀ ਟੇਪ ਦੇਵੇ ਜਿਹੜਾ ਮੈਨੂੰ ਕਵੇ ਕਿ ਉਹਦੇ ਵਿਰੁੱਧ ਪਰਚਾਰ ਕੀਤਾ ਐ (ਭਾਵ ਅਕਾਲੀ ਦਲ ਨੇ ) ਝੂਠ ਬੋਲਣ ਤੇ ਲੱਕ ਬੱਧਾ ਦਿਨੇ ਰਾਤ। ਪੰਜ ਮੈਂਬਰੀ ਕਮੇਟੀ ਬਣੀ ਐ ਅਕਾਲ ਤਖਤ ਸਾਹਿਬ ਤੇ ਮੇਰੇ ਕੋਲੇ ਮੰਨ ਕੇ ਆਈ ਐ ਕਿ ਤੇਰਾ ਕੋਈ ਗੁਨਾਹ ਨੀ ਤੇ ਉਥੇ ਜਾ ਕੇ ਕਿਹਾ ਗੁਰਚਰਨ ਦਾ ਕੋਈ ਗੁਨਾਹ ਨਹੀ ਜਥੇਦਾਰਾਂ ਦੀਪੰਜ ਮੈਂਬਰੀ ਕਮੇਟੀ ਬਣੀ , ਤਿੰਨ ਜਥੇਦਾਰ ਦੋਵੇ ਸਿੰਘ ਸਾਹਿਬਾਨ ਤੇ ਪੰਜਾਂ ਨੇ ਦਰਬਾਰ ਸਾਹਿਬ ਦੀ ਡੇੜ੍ਹੀ ਚ ਮੈਨੂੰ ਕਿਹਾ ਐ,ਤਿੰਨ ਘਟੇ ਮੀਟਿੰਗ ਇਕ ਦਿਨ ਹੋਈ ਐ ਤੇ ਢਾਈ ਘਟੇ ਇੱਕ ਦਿਨ। ਸਾਢੇ 5 ਘਟੇ ਮੀਟਿੰਗ ਮੇਰੀ ਉਨ੍ਹਾਂ ਨਾਲ ਹੋਈ ਐ।ਤੇ ਸਾਢੇ ਪੰਜਾਂ ਘੰਟਿਆਂ ਦੀ ਮੀਟਿੰਗ ਪਿਛੋਂ ਗੱਲਾਂ ਸੁਣ ਕੇ ਕਹਿੰਦੇ ਜੀ ਤੇਰਾ ਗੁਨਾਹ ਕੋਈ ਨਹੀਂ। ਮੈਂ ਕਿਹਾ ਜੀ ਜੇ ਮੇਰਾ ਗੁਨਾਹ ਕੋਈ ਨਹੀਂ ਤੇ ਮੰਜੀ ਸਾਹਿਬ ਤੇ ਕਹੋ ਚੱਲੋ, ਕਹਿੰਦੇ ਜੀ ਮੰਜੀ ਸਾਹਿਬ ਤੇ ਤਾਂ ਨਹੀਂ ਕਿਹਾ ਜਾਣਾ। ਜੇ ਤਖਤਾਂ ਦੇ ਜਥੇਦਾਰ ਇਹ ਕਹਿੰਦੇ ਨੇ ਉਥੇ ਕਿ ਤੂੰ ਸੱਚਾ ਪਰ ਮੰਜੀ ਸਾਹਿਬ ਵਿਚ ਨਹੀਂ ਤੇਰੇ ਵਾਸਤੇ ਕਿਹਾ ਜਾਣਾ ਪਈ ਤੂੰ ਸੱਚਾਂ। ਫੇਰ ਮੁਕਦਮਾ ਤੁਹਾਡੇ ਕੋਲੇ ਆਉਣਾ ਫੇਰ ਤੁਸੀਂ ਦੱਸੋ ? ਤੁਸੀਂ ਗੁਰੂ ਕੀ ਸੰਗਤੋ ਤੁਹਾਨੂੰ ਮੈਂ ਵਿਚੋਲੇ ਮੰਨਦਾ ਐਂ , ਸਾਲਸੀ ਮੰਨਦਾ ਐਂ ਤੁਸੀਂ ਆਪਣਾ ਫੈਸਲਾ ਦੇ ਦਿਓ ਅੱਜ। ਜੇ ਤਾਂ ਮੈਂ ਕਾਂਗਰਸੀ ਤਾਂ ਮੈਨੂੰ ਦੱਸੋ ਮੈਨੂੰ ਇਥੇ ਬਿਠਾਇਆ ਕਿਉਂ ਐ ? ਤੁਸੀਂ ਉਠ ਕੇ ਕਹਿ ਦਿਓ ਤੂੰ ਕਾਂਗਰਸ ਨਾਲ ਰਲਿਆ ਐ ਤੇ ਮੈਂ ਹੁਣ ਏਧਰ ਨਿਕਲ ਜਾਣਾ ਬਾਹਰ ਭਾਵੇਂ ਜਾਂਦਾ ਈ ਸ਼ਹੀਦ ਹੋ ਜਾ,ਅਸੀਂ 45000 ਨੂੰ ਇਕ ਮਹੀਨੇ ਚ ਅੰਮ੍ਰਿਤ ਛਕਾਇਆ ਰਜਿਸਟਰ ਦੇ ਵਿਚ ਲਿਖੇ ਹੋਏ ਹਨ ਨਾਂ ਤੇ ਪਿੰਡ



Digitized by Panjab Digital Library | www.panjabdigilib.org

45000 ਸਿੰਘਾਂ ਦੇ ਮਾਈਆਂ ਭਾਈਆਂ ਦੇ 12000 ਨੂੰ ਇਕੋ ਦਿਨ ਛਕਾਇਆ,ਵੈਸਾਖੀ ਵਾਲੇ ਦਿਨ ਤੇ ਅੰਮ੍ਰਿਤ ਛਕਾਉਣ ਦਾਹੜੀਆਂ ਰਖੱਣੀਆਂ , ਨਸ਼ੇ ਛਡਾਉਣੇ ਇਹ ਕੰਮ ਕਾਂਗਰਸੀ ਦਾ ਤੇ ਤੁਹਾਡਾ ਅਕਾਲੀਆਂ ਦਾ ਕੀ ਕੰਮ ਐ , ਮੈਨੂੰ ਜਵਾਬ ਦਿਓ ਦੱਸ ਮੈਂ ਅਕਾਲੀ ਐਂ ਕਿ ਕਾਂਗਰਸੀ ਐ ? (ਅਵਾਜਾਂ ਆਈਆਂ )ਅਕਾਲੀ ਅਕਾਲੀ ਅਕਾਲੀ ਤੇ ਜੇ ਅਕਾਲੀਆਂ ਤੇ ਜਿਹੜੇ ਕਾਂਗਰਸੀ ਕਹਿੰਦੇ ਐ ਉਨ੍ਹਾਂ ਨੂੰ ਪੁਛਦੇ ਨੀਂ ? ਨਹੀਂ ਮੇਰਾ ਇਹ ਕਹਿਣ ਦਾ ਮਤਲਬ ਨੀਂਗਾ । ਮੇਰਾ ਸਵਾਲ ਇਕ ਐ । ਪਈ ਜਦ ਮੈਂ ਕਿਸੇ ਨੂੰ ਕੁਝ ਨੀਂ ਕਹਿੰਦਾ ਤੇ ਮੇਰੇ ਬਾਰੇ ਕਿਉਂ ਅਕਾਲੀਆਂ ਦਾ ਇਹ ਪ੍ਰਾਪੇਗੰਡਾ ਹੋ ਰਿਹਾ ਐ ? ਮੇਰਾ ਤਾਂ ਸਵਾਲ ਕੇਵਲ ਇੰਨਾ ਐਂ ।

ਮੇਰੀ ਮੀਟਿੰਗ ਹੋਈ ਐ ਜਥੇਦਾਰਾਂ ਵਾਲੀ 5 ਮੈਂਬਰੀ ਕਮੇਟੀ ਨਾਲ । ਉਨ੍ਹਾਂ ਨੂੰ ਲਿਖ ਕੇ ਦਿੱਤਾ ਕਿ ਮੇਰੇ ਐਨੇ ਸਵਾਲਾਂ ਦੇ ਉਤਰ ਦਿਓ । ਉਨ੍ਹਾਂ ਉਤਰ ਦਿਤੇ ਇਨ੍ਹਾਂ ਸਵਾਲਾਂ ਦੇ ਇਕ ਸਵਾਲ ਦਾ ਜਵਾਬ ਨੀ ਪੂਰਾ ਦਿੱਤਾ । ਮੈਂ ਪੁਛਿਆ ਉਨ੍ਹਾਂ ਨੂੰ ਦੁਬਾਰਾ । ਮੈਂ ਕਿਹਾ ਆਹ ਤੁਸੀਂ ਉਤਰ ਆਹ ਲਿਆ ਸੀ, ਲਿਖ ਕੇ ਇਹ ਖਬਰ ਆ, ਇਹਦੇ ਨਾਲ ਮਿਲਾਓ ਇਹਨੂੰ ਤੇ ਮੈਨੂੰ ਜਵਾਬ ਕੀ ਮਿਲਿਆ ਕਿ ਹੁਣ ਖਹਿੜਾ ਛੱਡ ਦੇ । ਅੱਜ ਰਾਜਿੰਦਰ ਕੌਰ ਨੇ ਵੀ ਲਿਖ ਦਿੱਤਾ ਰਸਾਲੇ 'ਚ। ਆਹ ਪੜ੍ਹ ਲੈ ਇਹਦੇ 'ਚ । ਇਹਦੇ ਚ ਉਹਨੇ ਲਿਖਿਆ ਐ ਅਖੇ ਭਿੰਡਰਾਂਵਾਲਾ ਪੰਥ ਵਾਸਤੇ ਇਕ ਬੰਦੇ ਨੂੰ ਬਖਸ਼ ਨੀ ਸਕਦਾ । ਮੈਂ ਪੁਛਦਾ ਹਾਂ ਤੇ ਕੀ ਪੰਥ ਕੌਮ ਵਾਸਤੇ ਤੇ ਧਰਮ ਵਾਸ਼ਤੇ ਇੱਕ ਬੰਦੇ ਨੂੰ ਕੱਢ ਨਹੀਂ ਸਕਦਾ ? ਉਥੋਂ ਦਾ ਨੀ ਕੱਲਾ ਕਹਿੰਦਾ ਟੇਪਾਂ ਲੈ ਆਓ,ਦਵਾਰਾ ਲਾ ਕੇ ਭਰ ਦਿਨਾਂ 70 ਸਵਾਲ ਆ ਮੇਰੇ ਸੱਤਰ । ਹੈ ਤਾਂ ਉਨ੍ਹਾ ਵਿਚੋਂ ਬਹੁਤੇ ਗੌਰਮਿੰਟ ਦੇ ਪ੍ਰਥਾਏ ਐ ਕੁਝ ਸਵਾਲ,ਮੇਰੇ ਅਕਾਲੀ ਦਲ ਦੇ ਪ੍ਰਥਾਇ ਐ,ਉਨ੍ਹਾਂ ਵਿਚੋਂ ਇਕ ਸਵਾਲ ਵੀ ਝੂਠਾ ਕਰ ਦਿਓ । ਆਪਣਾ ਸਿਰ ਕ੍ਰਿਪਾਨ ਨਾਲ ਵੱਢ ਕੇ ਤੁਹਾਡੀ ਭੇਟਾ ਕਰ ਦਊ । ਪਹਿਲਾਂ ਸਵਾਲ ਤਾਂ ਇਹ ਐ , ਅਜ ਤੱਕ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਵਿਰੁਧ ਕਿਸੇ ਅਖਬਾਰ ਚ ਕੋਈ ਖਬਰ ਦਿਤੀ ਤਾਂ ਸਜ਼ਾ ਭੁਗਤੂੰ । ਦੂਜਾ ਅਕਾਲੀ ਦਲ ਦੀ ਕਿਸੇ ਇੱਕ ਵੀ ਮੀਟਿੰਗ ਦਾ ਮੈਂ ਅਖਬਾਰੀ ਕੋਈ ਵਿਰੋਧ ਕੀਤਾ ਤਾਂ ਮੈਨੂੰ ਦੱਸੋ ਜਿਹਦੇ ਚ ਮੈਂ ਸੰਗਤ ਨੂੰ ਰੋਕਿਆ ਹੋਵੇ । ਅੱਜ ਤਕ ਜਥੇ ਵਿਚ ਜਾਣ ਤੋਂ ਸੰਗਤ ਨੂੰ ਕਿਸੇ ਨੂੰ ਰੋਕਿਆ ਹੋਵੇ । ਅੱਜ ਵੀ ਤੁਸੀਂ ਕਹਿੰਨੇ ਐ ਕਿ ਅਸੀਂ ਨੀਂ ਜਾਣਾ ਮੈਂ ਨੀਂ ਤੁਹਾਨੂੰ ਕਿਹਾ ਕਿ ਜਾਣਾ ਕੇ ਨਹੀਂ । ਮੈਂ ਇਹ ਗੱਲ ਕਹੀ ਐ ਫਿਰ ਸਚ ਤੇ ਝੂਠ ਦਾ ਪਹਿਲਾਂ ਨਤਾਰਾ ਕਰੋ । ਫਿਰ ਤੁਸੀਂ ਜਿਹੜਾ ਸੋਚਣਾ ਸੋਚੋ । ਸ਼੍ਰੋਮਣੀ ਅਕਾਲੀ ਦਲ ਦੇ ਡਿਕਟੇਟਰ ਨੇ ਪ੍ਰਧਾਨ ਨੇ ਇਹ ਗਲ ਕਹੀ ਐ ਅਖਬਾਰ ਵਿਚ ਕਿ ਭਿੰਡਰਾਂਵਾਲੇ ਦੀ ਮੀਟਿੰਗ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਸਬੰਧ ਨਹੀਂ । ਮੈਂ ਕਦੇ ਕਿਹਾ ਅਕਾਲੀ ਦਲ ਨੂੰ ਕਿ ਮੇਰਾ ਕੋਈ ਸਬੰਧ ਨਹੀਂ । ਮੈਂ ਕਦੇ ਕਿਹਾ ਅਕਾਲੀ ਦਲ ਨੂੰ ਕਿ ਮੇਰਾ ਕੋਈ ਸਬੰਧ ਨਹੀਂ । ਜੇ ਅਕਾਲੀ ਦਲ ਦਾ ਮੇਰੇ ਨਾਲ ਸਬੰਧ ਨਹੀਂ ਤਾਂ ਮੈਨੂੰ ਦੱਸਣ ਪਈ ਕਿਉਂ ਤੋੜਿਆ ਐ ? ਦੂਜਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਲੌਂਗੋਵਾਲ ਦਾ ਬਿਆਨ ਐ ਕਿ ਮੈਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕਰਦਾ ਕਿ ਭਿੰਡਰਾਂ ਵਾਲੇ ਨੂੰ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਨਾ ਬੋਲਣ ਦਿੱਤਾ ਜਾਵੇ । ਤੁਸੀਂ ਕਿਸੇ ਸਿੱਖ ਨੇ ਪੁਛਿਆ ਆਣਕੇ ਕਿ ਕਿਉਂ ? 8 ਮਹੀਨੇ ਹੋ ਗਏ ਮੈਨੂੰ ਮੰਜੀ ਸਾਹਿਬ ਤੇ ਬੋਲੇ ਨੂੰ ਕਿਸੇ ਨੇ ਪੁਛਿਆ ਪਈ ਤੂੰ ਕਿਉਂ ਨੀਂ ਬੋਲਦਾ। ਇਹਦਾ ਜਵਾਬ ਦਿਉ ਕੋਈ ? ਫਿਰ ਲੌਂਗੋਵਾਲ ਦਾ ਆਪਣਾ ਬਿਆਨ ਐਂ ਕਿ ਨਿਰਲੇਪ ਕੌਰ ਨੂੰ 6 ਸਾਲ ਵਾਸਤੇ ਮੈਂ ਸ਼੍ਰੋਮਣੀ ਅਕਾਲੀ ਦਲ ਚੋਂ ਕਢਦਾ ਹਾਂ । ਦੀਵਾਨ ਹਾਲ ਮੰਜੀ ਸਾਹਿਬ ਸੰਗਤ ਵਿਚ ਪ੍ਰਣ ਕੀਤਾ ਐ ਤੇ ਦੂਜੇ ਦਿਨ ਬਿਆਨ ਆ ਗਿਆ ਕਿ ਮਤਭੇਦ ਹਨ। ਕਦੋਂ ਮੈਂ ਕਿਹਾ ਕਿ ਮੇਰੇ ਮਤਭੇਦ ਆ ਚਾਹੇ ਹੋਣ ਚਾਹੇ ਨਾ ਹੋਣ ਇਹ ਗੱਲ ਵੱਖਰੀ ਐ । ਮੇਰੀ ਜ਼ਬਾਨ ਚੋਂ ਸੁਣਿਆ ਐ ? ਡਿਕਟੇਟਰ ਨੇ ਕਿਹਾ ਐ ਕਿ ਮੇਰੇ ਮਤਭੇਦ ਹਨ ਫਿਰ ਡਿਕਟੇਟਰ ਨੇ ਇਹ ਕਿਹਾ ਐ ਕਿ ਭਿੰਡਰਾਂਵਾਲੇ ਨੇ ਮੋਟਰ ਸ਼ੈਕਲ ਅਤੇ ਪਸਤੌਲ ਖਰੀਦਣ ਵਾਸਤੇ ਸਲਾਹ ਮੈਥੋਂ ਪੁਛੀ ਮੇਰੇ ਨਾਲ ਕੀਤੀ ਤੇ ਨਾਲ ਇਹ ਖਬਰ ਵੀ ਦਿੱਤੀ ਐ ਕਿ ਇਕ ਫਿਰਕੇ ਦੇ ਲੋਕਾਂ ਨੂੰ ਮਾਰਨ ਵਾਸਤੇ ਮੈਨੂੰ ਕਿਹਾ ਐ । ਤੇ ਦੂਜੇ ਦਿਨ ਖਬਰ ਆ ਗਈ ਕਿ ਮੋਟਰ ਸਾਈਕਲ ਪਸਤੌਲ



Digitized by Panjab Digital Library / www.panjabdigilib.org

ਖਰੀਦਣ ਵਾਸਤੇ ਮੇਰੇ ਨਾਲ ਸਲਾਹ ਨਹੀਂ ਕੀਤੀ। ਜਦੋਂ ਕਿ ਮੈਂ ਮੰਨਦਾ ਕਿ ਕੀਤੀ ਐ। ਮੈਂ ਨਿੱਤ ਕਹਿਨਾ ਮੋਟਰ ਸਾਈਕਲ ਤੇ ਪਸਤੌਲ ਖਰੀਦੋ। ਜਿਹੜੀ ਗੱਲ ਮੈਂ ਕਹਿਨਾ ਐਂ ਉਹਦੇ ਤੋਂ ਡਿਕਟੇਟਰ ਮੁਕਰਿਆ ਐ ਤੇ ਜਿਹੜੀ ਗੱਲ ਮੈਂ ਅੱਜ ਤਕ ਸੁਪਨੇ ਵਿਚ ਵੀ ਨਹੀਂ ਕਹੀ ਕਿ ਇਕ ਫਿਰਕੇ ਦੇ ਲੋਕਾਂ ਨੂੰ ਆਪਾਂ ਮਾਰਨਾ ਐਂ ਉਹਦੀ ਤਰਦੀਦ ਨੀਂ ਕੀਤੀ ਡਿਕਟੇਟਰ ਨੇ ਕੀ ਇਹ ਡਿਕਟੇਟਰ ਦੀ ਮੇਰੇ ਤੇ ਗਵਾਹੀ ਨਹੀਂ ਭਗਤ ਸਿੰਘ ਵਾਲੀ ਜਿਹੜੀ ਗਾਂਧੀ ਨੇ ਦਿਤੀ ਸੀ ? ਜੇ ਇਨ੍ਹਾਂ ਨੂੰ ਕਿਹਾ ਨਹੀਂ ਤੇ ਉਹਨੇ ਖਬਰ ਦਿਤੀ ਕਿਉਂ ? ਜੇ ਦਿਤੀ ਤੇ ਤਰਦੀਦ ਕਿਉਂ ਨਹੀਂ ਕੀਤੀ ਤੇ ਤਰਦੀਦ ਨੀਂ ਕੀਤੀ ਤੇ ਮੇਰੇ ਤੇ ਗਵਾਹੀ ਦੇਵੇ ਚਲ ਕੇ ਅਦਾਲਤ ਵਿਚ ਕਿ ਭਿੰਡਰਾਂਵਾਲੇ ਨੇ ਮੈਨੂੰ ਇਹ ਸਲਾਹ ਦਿਤੀ ਐ। ਕਦੇ ਮੈਂ ਕੋਈ ਖਬਰ ਦਿਤੀ ਐ ਇਹੋ ਜਿਹੀ ? ਤੀਜੇ ਦਿਨ ਫੇਰ ਖਬਰ ਆ ਗਈ ਕਿ ਜਿਹੜੀ ਮੈਂ ਪਹਿਲੇ ਦਿਨ ਖਬਰ ਦਿਤੀ ਸੀ ਉਹ ਠੀਕ ਹੈ ਜਿਹੜੀ ਮੈਂ ਤਰਦੀਦ ਕੀਤੀ ਸੀ ਉਹ ਅਖਬਾਰਾਂ ਨੇ ਆਪ ਕਰ ਦਿੱਤੀ। ਤੇ ਇਹ ਤਿੰਨ ਖਬਰਾਂ ਲਗਾਤਾਰ ਐ ਡਿਕਟੇਟਰ ਦੀਆਂ ਮੇਰਾ ਚੈਲਿੰਜ ਐ ਤੁਹਾਨੂੰ 22ਮਹੀਨਿਆਂ ਚ ਮੇਰੀ ਇਕ ਖਬਰ ਦੀ ਤਰਦੀਦ ਵਿਖਾ ਦਿਓ ਲਿਆ ਕੇ। ਇਕ ਦੀ ਕੀਤੀ ਐ ਕਿਹੜੀ ਦੀ , ਜਿਹੜੀ ਖਬਰ ਮੈਂ ਆਪ ਨਹੀਂ ਦਿਤੀ , ਅਖਬਾਰਾਂ ਨੇ ਆਪਣੇ ਕੋਲੋਂ ਬਣਾ ਕੇ ਮੇਰੇ ਨਾਂ ਤੇ ਲਾ ਦਿਤੀ। ਐ ਉਹ ਇਸ ਖਬਰ ਦੀ ਮੈਂ ਤਰਦੀਦ ਕੀਤੀ ਐ ਕਿ ਖਾਲਸਾ ਜੀ ਇਹ ਖਬਰ ਮੇਰੀ ਨਹੀਂ। ਬਸ ਇੰਨਾ ਕਿਹਾ ਐ। ਮੈਂ ਤੇ 22 ਮਹੀਨਿਆਂ ਚ ਮੂੰਹ ਚੋਂ ਜਿਹੜੀ ਗੱਲ ਨਿਕਲ ਗਈ ਐ ਉਹ ਵਾਪਸ ਨੀ ਕਦੇ ਲਈ। ਆਹ ਹੁਣ ਇਕ ਖਬਰ ਦਿਤੀ ਐ ਮੈਂ ਸ਼ਾਇਦ, ਤੁਸੀਂ ਪੜ੍ਹੀ ਵੀ ਹੋਵੇ ਕਾਫੀ ਦਿਨ ਹੋ ਗਏ ਕਿ ਭਜਨ ਲਾਲ ਨੂੰ ਗੱਡੀ ਚੜ੍ਹਾਉਣਾ ਮੁਖ ਮੰਤਰੀ ਹਰਿਆਣੇ ਵਾਲੇ ਨੂੰ। ਮੈਂ ਇਹ ਖਬਰ ਦਿਤੀ ਐ ਇਹਤੋਂ ਮੁਨਕਰ ਨੀਂ ਹੁੰਦਾ। ਤੇ ਕਈਆਂ ਨੇ ਤੇ ਮੈਨੂੰ ਇਹ ਵੀ ਕਿਹਾ ਐ ਜੇ ਉਹਨੂੰ ਗੱਡੀ ਚੜ੍ਹਾਂ ਦਿੱਤਾ ਤੇਰੇ ਤੇ ਤਸ਼ੱਦਦ ਹੋਊ। ਤੁਸੀਂ ਗੱਡੀ ਚੜ੍ਹਾਂ ਦਿਓ ਤਸ਼ਦਦ ਹੋਊਗਾ ਮੈਂ ਝਲ ਲਊਂਗਾ। ਮੈਂ ਤਰਦੀਦ ਨੀਂ ਕੀਤੀ ਆਪਣੇ ਬਿਆਨ ਦੀ। 5000 ਹਿੰਦੂਆ ਬਾਰੇ ਮੈਂ ਕਿਹਾ ਸੀ। ਉਦੋਂ ਮੈਨੂੰ ਕਈਆਂ ਲੀਡਰਾਂ ਨੇ ਕਿਹਾ ਤੂੰ ਇਹਦੀ ਤਰਦੀਦ ਕਰ ਦਈਂ ਮੈਂ ਕਿਹਾ ਬਿਲਕੁਲ ਨੀਂ ਕਰਨੀ। ਕਹਿੰਦੇ ਕਿਉਂ ? ਮੈਂ ਕਿਹਾ ਉਤਰ ਦਿੱਤਾ ਐ। ਮੈਂ ਪਹਿਲਾ ਵਾਰ ਨੀਂ ਕਦੇ ਕੀਤਾ , ਕਦੇ ਵੀ ਨੀਂ ਕੀਤਾ ਨਾ ਕਰਦਾ ਨਾ ਕਰਨਾ ਐ ਤੇ ਪਿਛੋਂ ਉਧਾਰ ਮੈਂ ਭਾਜੀ ਤਾਂ ਰੱਖੀ ਨੀਂ ਕਦੇ ਉਹ ਮੋੜਦਾ ਜ਼ਰੂਰ ਆਂ। ਕਈ ਵਾਰੀ ਸਮਾਂ ਲਗ ਜਾਂਦਾ ਕਈ ਵਾਰੀ ਤਾਜ਼ੀ ਤਾਜ਼ੀ ਮੋੜ ਦੇਈਦੀ ਆ, ਜਿਵੇਂ ਸ਼ਿੰਦੇ ਵਾਲੀ ਮੋੜੀ ਐ। ਸ਼ਿੰਦੇ ਨੇ ਸੋਢੀ ਨੂੰ ਮਾਰਿਆ ਸੀ ਤੇਈਆਂ ਘੰਟਿਆਂ ਦੇ ਵਿਚ ਵਿਚ ਵੱਢ ਸਿਰ ਉਹਦੀਆਂ ਲੱਤਾਂ ਤੇ ਰਖਿਆ, ਨਾਲੇ ਉਹ ਅਸੀਂ ਰਖਿਆ ਐ, ਮਤਾਂ ਕੋਈ ਖਿਆਲ ਕਰੇ ਕਿਸੇ ਹੋਰ ਨੇ ਕੀਤਾ ਐ। ਉਹ ਲਿਆ ਬਦਲਾ ਅਸੀਂ ਭਰਾ ਆਪਦੇ ਦਾ। ਇਕ ਖਬਰ ਮੇਰੀ ਤਰਦੀਦ ਹੋਈ ਵਿਖਾਓ ਤੇ ਫੇਰ ਵੀ ਕਹੋ ਜੀ ਇਹਦਾ ਸਬੂਤ, ਹੁਣ ਸਬੂਤ ਇਹਦੋਂ ਵੱਧ ਕੀ ਦੇਵਾਂ। ਇਹ ਡਿਕਟੇਟਰ ਦੇ ਬਿਆਨ ਐਂ ਬਾਕੀ ਛਡ ਦਿਓ ਜਿਹੜੇ ਛੋਟੇ ਮੋਟਿਆਂ ਦੇ ਐ। ਤੇ ਮੇਰੇ ਵਲੋਂ ਡਿਕਟੇਟਰ ਦੇ ਵਿਰੁਧ ਇਕ ਵਿਖਾ ਦਿਓ ਮੈਂ ਸਜ਼ਾ ਭੁਗਤੂੰ। ਫੇਰ ਕੰਨਾਂ ਚ ਰੂੰ ਕਿਉਂ ਦਿਤਾ ਐ ਸਾਰਿਆਂ ਨੇ। ਪਹਿਲਾਂ ਹਥਿਆਰਾਂ ਤੇ ਪਾਬੰਦੀ ਲਾ ਦਿੱਤੀ ਮੁੜ ਕੇ ਕਹਿੰਦੇ ਅਸੀਂ ਲਾਈ ਨੀਂ। ਮੈਂ ਕਿਹਾ ਚੰਗਾ ਠੀਕ ਐ ਨਹੀਂ ਲਾਈ ਤੇ, ਇੰਨੇ ਸਬੂਤ ਤੁਹਾਨੂੰ ਦਿਤੇ ਐ ਏਦੋਂ ਵੱਧ ਹੋਰ ਕੀ ਕਰਾਂ ਨਿਰਲੇਪ ਕੌਰ ਦੇ ਤੁਸੀਂ ਬਿਆਨ ਕਿੰਨੀ ਵੇਰਾਂ ਪੜ੍ਹ ਚੁੱਕੇ ਹੋ ਹੁਣ ਤਾਂ ਹਟ ਗਈ ਐ ਥੋੜ੍ਹੀ, ਪਤਾ ਨੀਂ ਕੀ ਗੱਲ ਐ ? ਆ ਜਦੋਂ ਦਾ ਮਨਚੰਦਾ ਗੱਡੀ ਚੜ੍ਹਿਆ ਉਦੋਂ ਪਿਛੋਂ ਨੀਂ ਬਿਆਨ ਕੋਈ ਆਇਆ। ਤੁਸੀਂ ਇਹ ਦੱਸੋ ਜਿਹੜੇ ਆਹ ਬਿਆਨ ਆਏ ਐ। ਔਹ ਉਮਰਾਨੰਗਲ ਦੇ ਨਿੱਤ ਆਈ ਜਾਂਦੇ ਐ ਅਖੇ ਜੀ ਭਿੰਡਰਾਂਵਾਲੇ ਨੂੰ ਅਖੇ ਇਥੋਂ ਪਾਸੇ ਕਰਨਾ ਚਾਹੀਦਾ ਐ ਪਵਿਤਰਤਾ ਭੰਗ ਹੁੰਦੀ ਐ। ਇਹਨੇ ਨਿਰਲੇਪ ਕੌਰ ਨੂੰ ਪੁਛਿਆ ਪਈ ਤੇਰਾ ਪਿਉ ਇਥੇ ਹੁੰਦਾ ਸੀ ਰਾੜੇਵਾਲਾ ਉਦੋਂ ਪਵਿਤਰਤਾ



Digitized by Panjab Digital Library | www.panjabdigilib.org

ਭੰਗ ਨਾ ਹੋਈ ? ਜਦੋਂ ਜਥੇਦਾਰ ਮੋਹਨ ਸਿੰਘ ਤੁੜ ਇਸੇ ਕਮਰੇ ਚ ਈ ਰਿਹਾ ਜਿਹਦੇ ਚ ਮੈਂ ਰਹਿਨਾਂ ਉਦੋਂ ਪਵਿਤਰਤਾ ਭੰਗ ਨਾ ਹੋਈ ? ਸੰਤ ਫਤਿਹ ਸਿੰਘ ਦਾ ਮੰਜਾ ਰਿਹਾ ਇਸ ਕਮਰੇ ਵਿਚ ਮੈਂ ਥੱਲੇ ਹੁੰਨਾ ਐ , ਉਦੋਂ ਪਵਿਤਰਤਾ ਭੰਗ ਨਾ ਹੋਈ ? ਜਦੋਂ ਜਸਵੀਰ ਸਿੰਘ ਦਰਬਾਰ ਸਾਹਿਬ ਦਾ ਗ੍ਰੰਥੀ ਇਨ੍ਹਾਂ ਕਮਰਿਆਂ ਚ ਸਮੇਤ ਪ੍ਰਵਾਰ ਦੇ ਰਹਿੰਦਾ ਰਿਹਾ ਐ,ਪਵਿਤ੍ਰਤਾ ਭੰਗ ਨਾ ਹੋਈ ? 20 ਸਾਲ ਦੇ ਪੁਰਾਣੇ ਸੇਵਾਦਾਰ ਜਿਹੜੇ ਇਥੋਂ ਦੇ ਹਨ ਉਨ੍ਹਾਂ ਨੇ ਮੈਨੂੰ ਦੱਸਿਆਂ ਐ ਕਿ ਵੀਹਾਂ ਸਾਲਾ ਵਿਚ ਵਿਸਾਖੀ ਤੇ ਦੀਪਮਾਲਾ ਤੋਂ ਬਿਨਾ ਕਦੇ 400 ਬੰਦੇ ਨੇ ਇੱਥੇ ਇਕੱਠਿਆਂ ਅੰਮ੍ਰਿਤ ਨਹੀਂ ਛਕਿਆ ਐ । ਹੁਣ ਹਰ ਐਤਵਾਰ ਤੇ ਬੁਧਵਾਰ 400 ਹੋ ਜਾਂਦਾ ਹੈ । ਇਹ ਪਵਿਤਰਤਾ ਭੰਗ ਹੋ ਗਈ ਇਥੇ ? ਕਦੇ ਪੁਛਿਆ ਇਨ੍ਹਾਂ ਜ਼ਨਾਨੀਆਂ ਨੂੰ ਦਸੋ ਜੇ ਪੁਛਿਆ ਕਿਸੇ ਨੇ ਤੇ ਜਵਾਬ ਦਿਓ ? ਗੁਰਬਚਨਾ ਨਰਕਧਾਰੀਆਂ ਉਮਰਾਨੰਗਲ ਦੇ ਬਿਆਨਾਂ ਨਾਲ ਬਰੀ ਹੋਇਆ ਐ ਜਿਹਦਾ ਮੈਂ ਸਬੂਤ ਦਿੰਨਾ ਤੁਹਾਨੂੰ । ਜਾਉ ਸਮੁੰਦਰੀ ਹਾਲ ਚ ਵੜ ਜਾਉ ਦੋ ਮੁੰਡੇ ਪੜ੍ਹੇ ਲਿਖੇ , ਤੇਜਾ ਸਿੰਘ ਸਮੁੰਦਰੀ ਹਾਲ ਦੇ ਦਫਤਰ ਵਿਚ ਕਰਨਾਲ ਵਾਲੇ ਗੁਪਤੇ ਜੱਜ ਦਾ ਫੈਸਲਾ , ਉਹ ਰਜਿਸਟਰ ਕੱਢ ਕੇ ਪੜ੍ਹੋ ਜੇ ਉਹਦੇ ਵਿਚ ਉਮਰਾ ਨੰਗਲ ਦੀ ਗਵਾਹੀ ਨਾ ਹੋਵੇ , ਉਹਨੇ ਮੈਨੂੰ ਝੂਠਾ ਕਿਹਾ ਤੇ ਗੁਰਬਚਨੇ ਨੂੰ ਸੱਚਾ ਕਿਹਾ ਐ ਤੇ ਤਾਂ ਗੁਰਬਚਨਾ ਬਰੀ ਹੋਇਆ ਐ । ਜੇ ਇਹਨਾਂ ਬਿਆਨਾਂ ਦੇ ਆਧਾਰ ਦੇ ਗੁਰਬਚਨਾਂ ਬਰੀ ਨਾ ਹੋਇਆ ਹੋਵੇ ਮੈਂ ਆਪਣਾ ਸਿਰ ਦੇਊਗਾ ਸੰਗਤ ਵਿਚ ਪ੍ਰਣ ਕਰਦਾ । ਉਮਰਾ ਨੰਗਲ ਨਰਕਧਾਰੀਆਂ ਦੇ ਘਰੇ ਬਾਪੂ ਕਹਿ ਕੇ ਵੋਟਾਂ ਮੰਗਦੇ ਰਹੇ 1979 ਵਿਚ ਚੰਨਣਕੇ ਪਿੰਡ ਵਿਚ ਇੱਕ ਨਰਕਧਾਰੀਆਂ ਦੇ ਪ੍ਰਵਾਰ ਨੂੰ ਸਿਰੋਪਾਓ ਦੇ ਕੇ ਆਏ ਐ । ਉਹ ਬੰਦੇ ਦਾ ਅੱਜ ਤਕ ਅਕਾਲੀ ਦਲ ਨੇ ਐਕਸ਼ਨ ਲਿਆ ਐ ? ਹੁਣ ਕਹਿੰਦਾ ਐ ਅਖੇ ਜੀ ਮੈਨੂੰ ਮਰਨ ਵਾਸਤੇ ਆਗਿਆ ਦੇ ਦਿਓ , ਸੜਨ ਵਾਸਤੇ,ਇਕ ਪ੍ਰੇਮੀ ਨੇ ਕਿਹਾ ਵੀ ਐ ਅਖੇ ਜੀ ਇਹਨੂੰ ਸੜਨ ਦੀ ਆਗਿਆ ਮਿਲੇ, ਤੇ ਕਹਿੰਦੇ ਸੜ ਕੇ ਮਰ ਜਾਊਂ ਮੈਂ ਕਿਹਾ ਕੁਛ ਤੇ ਜ਼ਰੂਰ ਹੋਣਾ ਐ । ਜਾਂ ਸੜਕੇ ਮਰ ਜਾਊ ਜਾਂ ਮਰ ਕੇ ਸੜ ਜਾਊ,ਹੈ ਤਾਂ ਸੜਨਾ ਈ ਸਿੱਖਾਂ ਨੇ । ਇਨੂੰ ਪੁਛੋ ਪਈ ਸ਼ਰਮ ਆਉਣੀ ਚਾਹੀਦੀ ਐ ਤੂੰ ਬੁਢਾ ਹੋ ਗਿਆ ਐਂ ਤੁਹਾਡਾ ਸਿਵਿਆਂ ਵਾਲਾ ਥਾਂ ਤਾਂ ਸਾਨੂੰ ਢਾਅ ਕੇ ਦੋ ਕਮਰੇ ਪਾਉਣੇ ਪਏ ਐ ਅਕਾਲ ਤਖਤ ਸਾਹਿਬ ਤੇ । ਜਿਹੜੇ ਕੁੰਡ ਬਣੇ ਐਂ ਉਹ ਹੁਣ ਢਾਹੇ ਐ ਆਣ ਕੇ ਅਸੀਂ ਇਥੇ । (ਇਹ ਕੁੰਡ ਸੰਤ ਫਤਹਿ ਸਿੰਘ ਨੇ ਆਪਣੇ ਆਪ ਨੂੰ ਅਗਨ ਭੇਟ ਕਰਨ ਲਈ ਬਣਾਏ ਸੀ) 'ਸਤਿਆ ਕਿਉਂ ਨਾ ਉਹਦੇ ਵਿਚ ਪ੍ਰਣ ਕਰਕੇ ਲੰਮੇ ਚੋਲੇ ਕਾਲੇ ਰੰਗ ਦੇ ਪਾ ਕੇ ਬਾਲਟੀਆਂ ਭਰ ਕੇ ਦਹੀਂ ਦੀਆਂ ਰੱਖ ਛਡੀਆਂ ਅਸ਼ਨਾਨ ਕਰਕੇ ਸੜਨਾ ਐਂ ਦਸੋ ਕੌਣ ਮਰਿਆ ਇਹਨਾਂ ਚੋਂ ਪ੍ਰਣ ਕਰਕੇ ? ਗੱਲਾਂ ਕਹਿਣੀਆਂ ਸੌਖੀਆਂ ਐ ਜਵਾਬ ਦਿਓ ਜੇ ਕੋਈ ਦੇ ਸਕਦਾ ਤੇ ? ਤੇ ਮੈਨੂੰ ਨਿੱਤ ਕਹਿੰਦੇ ਕਿ ਕਾਂਗਰਸੀ ਐ । ਤੇ ਤੁਸੀਂ ਦੱਸੋ ਕਿ ਮੈਂ ਕੌਣ ਹਾਂ ? ਰਿਸ਼ਤਾ ਕੀਹਨੇ ਪਾਇਆ ਕਾਂਗਰਸੀਆਂ ਨਾਲ ? ਮੈਂ ਪਾਇਆ ਐ ? ਫੇਰ ਪਾਇਆ ਕਿਹੜੇ ਪਰਵਾਰ ਨਾਲ ਐ , ਇਹ ਕੈਰੋਂ ਪਰਵਾਰ ਉਹੋ ਐ ਜਿਹੜੇ ਪਰਵਾਰ ਨੇ ਜਥੇਦਾਰ ਮੋਹਨ ਸਿੰਘ ਤੁੜ ਨੂੰ ਬਰਫ ਤੇ ਪਾਇਆ ਸੀ । ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੁੰਦਾ ਸੀ ਉਦੋਂ ਉਹੋ । ਜਥੇਦਾਰ ਮੋਹਨ ਸਿੰਘ ਤੁੜ ਦੇ ਘਰ ਦੀ ਕੁਰਕੀ ਕੀਤੀ । ਟਪਰੀ ਵਾਸਾਂ ਦੀ ਤਰ੍ਹਾਂ ਪਰਵਾਰ ਨੇ ਦਿਨ ਕੱਟੇ । ਇੰਦਰਜੀਤ ਸਿੰਘ ਕਾਕੇ ਨੂੰ ਵੱਢ ਕੇ ਖੂਹ ਵਿਚ ਸੁਟਵਾਇਆ ਕਰਨਾਲ ਸ਼ਹਿਰ , ਹਰਿਆਣੇ ਵਿਚ ਚੈਂਚਲ ਸਿੰਘ ਦੀਆਂ ਹੱਡੀਆਂ ਨੀਂ ਦਿਤੀਆਂ , ਬਠਿੰਡੇ ਜੇਲ੍ਹ ਚ ਮਰੇ ਸੀ । ਸ਼ਹੀਦੀਆਂ ਤੇ ਉਹਨਾਂ ਪਾਈਆਂ ਤੇ 57000 ਪੱਗਾਂ ਵਾਲੇ ਅੰਦਰ ਗਏ ਐ । ਇਹ ਸਾਰੀ ਬਖਸ਼ਿਸ਼ ਤੁਹਾਡੇ ਤੇ ਕੈਰੋਂ ਪ੍ਰਵਾਰ ਦੀ ਸੀ ਅੱਜ ਉਹਦੇ ਨਾਲ ਤੁਹਾਡੇ ਸੀਨੀਅਰ ਲੀਡਰ ਨੇ ਨਾਤਾ ਨੀ ਜੁੜਿਆ ? ਕੀ ਇਨ੍ਹਾਂ ਨੇ ਐਮ. ਐਲ.ਏ, ਦਰਬਾਰੇ ਮੁੱਖ ਮੰਤਰੀ ਜਿਹੜਾ ਰਹਿ ਚੁਕਿਐ ਜ਼ਕਰੀਏ ਦੇ ਰੂਪ ਵਿਚ ਉਹਦੇ ਘਰੇ ਰੋਟੀ ਨਹੀਂ ਸੀ ਖਾਧੀ ਇਹਦਾ ਕੋਈ ਗੱਲਾਂ ਦਾ ਜਵਾਬ ਹੈ ਤਾਂ ਦੇ ਦਿਓ । ਜੇ ਮੇਰੇ ਬਾਰੇ ਇਨ੍ਹਾਂ ਕੋਲ ਹੈ ਤੇ ਜਾਂ ਉਨ੍ਹਾਂ ਤੋਂ ਪ੍ਰਸ਼ਨ ਲੈ ਆਉ ਉਤਰ ਮੈਂ ਦੇ ਦੇਊਂਗਾ ਭਾਵੇਂ 10 ਲੱਖ ਦੇ ਇੱਕਠ ਚ ਪੁੱਛ



Digitized by Panjab Digital Library | www.panjabdigilib.org

ਲਿਓ। ਇਹ ਲੀਡਰੀ ਐ। ਸਰਦਾਰੀ ਐ , ਚੌਧਰ ਪੁਣਾ ਐ , ਤਾਂ ਕਿ ਕੋਈ ਉਠਕੇ ਮੁੰਡਾ ਜਾਂ ਕੋਈ ਸੰਗਤ ਵਿਚੋਂ ਨੌਜਵਾਨ ਜਾਂ ਬਜ਼ੁਰਗ ਮਾਈ ਭਾਈ ਉਹ ਪ੍ਰਸ਼ਨ ਪੁਛੇ ਤੇ ਲੀਡਰ ਗਾਲੀਂ ਪੈ ਜਾਏ ਤੂੰ ਪੁਛਦਾ ਕਿਉਂ ਐ ਕਾਹਦੀ ਲੀਡਰੀ ਐ ? ਮੇਰਾ ਚੈਲਿੰਜ ਐ ਤੁਹਾਨੂੰ ਜੋ ਕੁਛ ਮਰਜ਼ੀ ਪੁਛੋ ? ਤੁਹਾਡੇ ਇਕ ਵੀ ਪ੍ਰਸ਼ਨ ਦਾ ਮੈਂ ਉਤਰਨਾ ਦੇ ਸਕਿਆ ਤਾਂ ਵੀ ਸਿਰ ਵਢਵਾ ਲਓ ਆਪਣਾ , ਪੁਛੋ ਜਿਹਨੇ ਪੁਛਣਾ ਐਂ । ਇਕ ਬੰਦਾ ਮਰਨ ਵਾਸਤੇ ਤੁਰਿਆ ਫਿਰਦਾ ਐ ਬੱਸਾਂ ਸਾਡੀਆਂ ਸਾੜ ਦਿਤੀਆਂ ਬੰਦੇ ਮੇਰੇ ਨਾਲ ਦੇ ਮਾਰ ਦਿਤੇ।ਘਰ ਸਿੰਘਾਂ ਦੇ ਉਜਾੜ ਦਿਤੇ। ਅੱਗ ਲਾ ਕੇ ਘਰ ਸਾੜ ਦਿਤੇ ਐ (19 ਨਵੰਬਰ 1981 ਨੂੰ ਪਿੰਡ ਦਾਹੇੜੂ ਵਿਚ ) ਤਿੰਨ ਤਿੰਨ ਸਾਲ ਹੋ ਗਏ ਸਿੰਘ ਘਰਾਂ ਚ ਨੀਂ ਵੜ ਸਕੇ। ਉਲਟਾ ਕਹੀ ਜਾਂਦੇ ਕਾਂਗਰਸ ਨਾਲ ਰਲਿਆ ਐ ਅੱਜ ਤੱਕ ਕੋਈ ਬੰਦਾ ਦੱਸੋ ਤੁਹਾਨੂੰ ਕਦੇ ਮੈਂ ਜਥੇ ਚ ਜਾਣ ਤੋਂ ਰੋਕਿਆ ਹੋਵੇ ? ਹੁਣ ਅੱਜ ਵੀ ਆ ਗੱਲ ਕੀਤੀ ਐ ਤੁਹਾਨੂੰ ਕਿਹੜੇ ਨੇ ਕਿਹਾ ਪਈ ਜਥੇ ਚ ਨੀ ਜਾਣਾ ਹਾਂ ਇਕ ਗੱਲ ਜ਼ਰੂਰ ਅੱਜ ਕਹੀ ਵੰਗਾਰ ਕੇ ਅੱਗੇ ਨੀਂ ਕਦੇ ਕਹੀ ਨਹੀਂ ਪਹਿਲਾਂ ਇਹ ਪੁਛੋਂ ਸੋਢੀ ਮਾਰਿਆਂ ਕਿਉਂ ਐ ? ਤੇ ਸੋਢੀ ਬਾਰੇ ਤੁਹਾਨੂੰ ਪਤਾ ਕੋਈ ਨੀਂ ਸੈਕਲ ਤੋਂ ਲੈ ਕੇ ਪਾਇਲਟ ਦਾ ਕੰਮ ਕਰਦਾ ਸੀ ਉਹ ਜਹਾਜ਼ ਤੱਕ, 3 ਮੀਲ ਰੇਲ ਦੀ ਲਾਈਨ ਤੇ ਸੈਕਲ ਚਲਾ ਲੈਂਦਾ ਸੀ ਤਿੰਨ ਮੀਲ!

। ਤੇ ਕਿਤੇ ਸੋਢੀ ਰਹਿ ਜਾਂਦਾ 15 ਦਿਨ ਹੋਰ ਤੇ ਭਜਨ ਲਾਲ ਨਰਕਾਂ ਚ ਹੁੰਦਾ ਹੁਣ ਨੂੰ ਇਨ੍ਹਾਂ ਲੱਕ ਤੋੜਿਆ ਸਾਡੀ ਬਾਂਹ ਵੱਢੀ ਐ। ਇਹ ਤੁਸੀਂ ਸੋਚ ਲਿਓ ਪਈ ਭਜਨ ਲਾਲ ਆਪਣਾ ਸਿੱਖਾਂ ਦਾ ਕਾਤਲ ਹੋਵੇ , ਇਸ਼ਟ ਆਪਣੇ ਦਾ ਵੈਰੀ ਹੋਵੇ ਉਸ ਬੰਦੇ ਤੋਂ ਬੰਦਾ ਹੱਕ ਲੈਣ ਵਾਲਾ ਜਿਹੜਾ ਹੋਵੇ ਤੇ ਉਹ ਬੰਦੇ ਨੂੰ ਅਕਾਲੀ ਦਲ ਦਾ ਸਕੱਤਰ ਮਰਵਾ ਦੇਵੇ ਤੇ ਅਕਾਲ ਦਲ ਦਾ ਪ੍ਰਧਾਨ ਉਹਨੂੰ ਛਾਤੀ ਨਾਲ ਲਾਵੇ ਤੇ ਉਲਟਾ ਮੈਨੂੰ ਕਹਿਣ ਕਿ ਸਾਨੂੰ ਮਾਰਨ ਦੀ ਸਾਜਿਸ਼ ਬਣਾਉਂਦਾ। ਸੁੱਖੇ (ਬਬਰ ਜੱਥੇ ਦਾ ਮੁਖੀ ਸੁਖਦੇਵ ਸਿੰਘ) ਬਾਰੇ ਕਿਹਾ ਨਾ ਪਰਸੋਂ ਰੌਲਾ ਪਾਇਆ ਤੁਸੀਂ ਪੜ੍ਹਿਆ ਹੁਣਾ ਅਖਬਾਰ ਅਖੇ ਸੁੱਖੇ ਨੂੰ ਮਾਰਨ ਵਾਸਤੇ ਭਿੰਡਰਾਂਵਾਲੇ ਨੇ ਸਜਿਸ਼ ਘੜ ਲਈ। ਉਹ ਜਿਹੜੇ ਬੰਦੇ ਨੂੰ ਹੱਥਾਂ ਤੇ ਚੁਕ ਕੇ ਖਿਡਾਇਆ ਤੇ ਮੂੰਹ ਚ ਬੁਰਕੀਆਂ ਪਾ ਕੇ ਸਾਂਭ ਕੇ ਰੱਖਿਆ ਪਾਲ ਕੇ ਗੌਰਮਿੰਟ ਤੋਂ ਬਚਾ ਕੇ ਅੱਜ ਉਹ ਕਹਿੰਦੇ ਤੇ ਉਠ ਕੇ ਮੇਰੇ ਵਿਰੁਧ ਬੋਲਦੇ ਫਿਰਦੇ ਐ। ਨਾ ਤਿੰਨਾਂ ਚ ਨਾ ਤੇਰ੍ਹਾਂ ਚ ਕਿਹੜੀ ਜਥੇਬੰਦੀ ਬਬਰਾਂ ਦੀ ?ਬਾਕੀ ਜਿਹੜੇ 15-16 ਨਾਲ ਲਈ ਫਿਰਦੈ ਐ ਕੀ ਇਨ੍ਹਾਂ ਨੇ ਲੱਤ ਤੋੜੀ ਐ ਕਿਸੇ ਦੀ , ਅਖਬਾਰਾਂ ਚ ਲਿਖ ਲਿਖ ਕੇ ਜਵਾਬ ਮੰਗਦੇ ਐ ।

ਨੋਟ:- ਸ਼੍ਰੋਮਣੀ ਅਕਾਲੀ ਦਲ ਦੇ ਢਹੇ ਚੜ੍ਹ ਕੇ ਸੰਤ ਭਿੰਡਰਾਂ ਨੂੰ ਕਤਲ ਕਰਾਉਣ ਦੀਆਂ ਕਈ ਵੇਰਾਂ ਬਬਰਾਂ ਨੇ ਸਾਜਸ਼ਾ ਕੀਤੀਆਂ ਸਨ ਜੋ ਕਾਮਯਾਬ ਨਾ ਹੋਈਆਂ ਕਨੇਡਾਂ ਤੋਂ ਇਸ ਜਥੇਬੰਦੀ ਨੂੰ ਪੈਸੇ ਜਾਂਦੇ ਰਹੇ ਹਨ ਤੇ ਤਲਵਿੰਦਰ ਸਿੰਘ ਪਰਮਾਰ ਜੋ ਬਰਨੇਬੀ ਵਿਚ ਰਹਿੰਦਾ ਹੈ ਤੇ ਆਪਣੇ ਆਪ ਨੂੰ ਬਬਰ ਕਹਾਉਂਦਾ ਹੈ ਇਸ ਜੱਥੇਬੰਦੀ ਨਾਲ ਸਬੰਧਤ ਹੈ। ਸੰਪਾਦਕ



Digitized by Panjab Digital Library | www.panjabdigilib.org

## ਹਥਿਆਰ ਰੱਖੋ:

ਹਥਿਆਰ ਰੱਖੋ। ਜੇ ਲਾਇਸੰਸ ਨਹੀਂ ਬਣਦਾ, ਤਾਂ ਵੀ ਕੋਈ ਗੱਲ ਨਹੀਂ ਕਿਉਂਕਿ ਜੇ ਪਵਨ ਕੁਮਾਰ (ਹਿੰਦੂ ਸੁਰੱਖਿਆ ਸੰਮਤੀ ਦਾ ਚੇਅਰਮੈਨ - ਪਟਿਆਲੇ ਵਿਚ) 230 ਗਰਨੇਡ ਰੱਖ ਸਕਦਾ ਹੈ ਤਾਂ ਸਿੱਖ, ਜਿਸ ਦਾ ਪਿਤਾ ਕਹਿ ਗਿਆ ਹੈ ਕਿ ਸ਼ਸ਼ਤਰ ਤੋਂ ਬਿਨਾਂ ਮਨੁੱਖ ਭੇਡਾਂ ਵਰਗਾ ਹੈ; ਉਹ ਕਿਉਂ ਨਹੀਂ ਰੱਖ ਸਕਦਾ। ਹਿੰਦੂ ਮਰਯਾਦਾ ਅਨੁਸਾਰ ਹਿੰਦੂਆਂ ਨੂੰ ਕੇਵਲ ਜੰਗ ਸਮੇਂ ਹਥਿਆਰ ਰੱਖਣ ਦੀ ਇਜਾਜ਼ਤ ਹੈ। ਪਿੱਛੋਂ ਜਨੇਊ ਕੁੰਜੀ ਬੰਨਣ ਲਈ ਹੈ। ਜਿਸ ਕੌਮ ਦਾ ਪਿਤਾ ਹੁਕਮ ਦੇ ਗਿਆ ਹੈ ਕਿ ਸ਼ਸਤਰ ਤੋਂ ਬਿਨਾਂ ਮੇਰੇ ਮੱਥੇ ਨਹੀਂ ਲੱਗਣਾ, ਉਹ ਕਿਉਂ ਨਾ ਹਥਿਆਰ ਰੱਖਣ? ਰਾਜ ਸਤਾ ਜਿਨ੍ਹਾਂ ਦੇ ਹੱਥ ਵਿਚ ਹੈ, ਉਨ੍ਹਾਂ ਜਦ ਤੁਹਾਡੇ ਤੇ ਵਾਰ ਕਰਨਾ ਹੈ ਤਾਂ ਹਥਿਆਰ ਉਨ੍ਹਾਂ ਖੋਹਣੇ ਹਨ ਤਾਂਕਿ ਭੇਡਾਂ ਦੀ ਤਰ੍ਹਾਂ ਤੁਹਾਨੂੰ ਹੱਕ ਕੇ ਲੈ ਜਾਈਏ। ਜਦ ਹਥਿਆਰ ਫੜਨ ਆਉਂਦੇ ਹਨ ਤਾਂ ਹਥਿਆਰ ਚੁੱਪ ਕਰਕੇ ਜਮ੍ਹਾਂ ਨਾ ਕਰਾ ਦਿਓ। ਇਹ ਹਥਿਆਰ ਥੋੜੀ ਦੇਰ ਪਿੱਛੋਂ ਹੋਣ ਵਾਲੀ ਲੜਾਈ ਲਈ ਚਾਹੀਦੇ ਹਨ। ਸਰਕਾਰ ਨੇ ਤੁਹਾਨੂੰ ਨਿਹੱਥੇ ਕਰਨਾ ਹੈ। ਮੇਰੀ ਗੱਲ ਯਾਦ ਰੱਖਿਓ। ਸ਼ਸ਼ਤਰ ਜ਼ਰੂਰ ਰੱਖੋ। ਆਨੰਦਪੁਰ ਦਾ ਮਤਾ ਜ਼ਰੂਰ ਲੈਣਾ। ਆਨੰਦਪੁਰ ਦੇ ਮਤੇ ਵਿਚ ਲਿਖਿਆ ਹੋਇਆ ਹੈ ਕਿ ਕਾਰਬੀਨ ਤੱਕ ਹਥਿਆਰ ਬਿਨਾਂ ਲਾਇਸੈਂਸ ਦੇ ਰੱਖ ਸਕਦਾ ਹੈ। ਜਦੋਂ ਕੋਈ ਲਾਇਸੰਸ ਬਾਰੇ ਪੁੱਛੇ ਤਾਂ ਦੱਸ ਦਿਓ ਕਿ ਆਨੰਦਪੁਰ ਦੇ ਮਤੇ ਵਿਚ ਦਰਜ਼ ਹੈ।

ਕਈ ਕਹਿੰਦੇ ਹਨ ਕਿ ਫਲਾਣਾ ਬੈਠ ਨਾ ਜਾਵੇ, ਵਿਕ ਨਾ ਜਾਵੇ। ਵਿਕਣ ਤੇ ਬੈਠਣ ਵਾਲੇ 5-6 ਹਨ। ਪਰ ਆਪਾਂ ਦੋ ਕਰੋੜ ਹਾਂ। ਆਪੇ ਸਿੱਝ ਲਵਾਂਗੇ। ਤਿਆਰ ਬਰ ਤਿਆਰ ਰਹੋ। ਆਪਸ ਵਿਚ ਚਿੱਕੜ ਨਹੀਂ ਸੁੱਟਣਾ। ਯਾਦ ਰੱਖੋ ਕਿ 1947 ਵਿਚ **ਅਸੀਂ ਟੋਪੀ ਤੇ ਜਨੇਊ ਆਜ਼ਾਦ ਕਰਾਇਆ। ਹੁਣ ਅਸੀਂ ਆਪਣੀ ਪੱਗ ਆਜ਼ਾਦ ਕਰਾਉਣੀ ਹੈ।** ਇਹ ਤਾਂ ਲੈ ਹੋਣੀ ਹੈ, ਪਹਿਲਾਂ ਗੁਰੂ ਵਾਲੇ ਬਣੋ। ਨਿੱਤ ਪੜ੍ਹਦੇ ਹੋ 'ਰਾਜ ਕਰੇਗਾ ਖਾਲਸਾ।" ਜੇ ਪੁੱਛੋ, ਕ੍ਰਿਪਾਨ ਕਿੱਥੇ ਹੈ? ਤਾਂ ਕਹਿੰਦੇ ਹਨ ਕਿ ਉਹ ਤਾਂ ਜੀ ਕਦੇ ਪਾਈ ਨਹੀਂ। ਫਿਰ ਰਾਜ ਕਾਹਦੇ ਨਾਲ ਲਵੋਂਗੇ? ਸ਼ਸ਼ਤਰ ਰੱਖੋ। ਰਾਜ ਸ਼ਸ਼ਤਰਾਂ ਨਾਲ ਹੀ ਮਿਲਦਾ ਹੈ।

ਇਕ ਹੋਰ ਨਵਾਂ ਸ਼ੋਸ਼ਾ ਨਿਕਲਿਆ ਹੈ। ਕਹਿੰਦੇ ਹਨ ਕਿ ਚਿੜੀਆਂ ਨੂੰ ਫੜਨ ਵਾਲਾ ਸ਼ਿਕਰਾ ਕੋਲ ਰੱਖ ਕੇ ਇਕ ਬੰਦੇ ਨੇ ਆਪਣੀ ਤੀਵੀਂ ਨਾਲ ਬਿਠਾ ਕੇ ਗੱਲ ਘੁਮਾ ਦਿੱਤੀ ਹੈ ਕਿ ਮੈਂ ਹੀ ਬਾਜਾਂ ਵਾਲਾ ਹਾਂ। ਨਰਕਧਾਰੀਆਂ ਤੋਂ ਮਸਾਂ ਹੀ ਪੱਲਾ ਛੁਡਾ ਹੋਇਆ ਹੈ, ਇਕ ਹੋਰ ਨਵਾਂ ਰੂਹ ਧਾਰ ਕੇ ਇਹ ਆ ਗਿਆ ਹੈ। ਬਾਜਾਂ ਵਾਲੇ ਦੇ ਹੱਥ ਤੇ ਬਾਜ ਬੈਠਾ ਸੀ। ਅਖੇ ਹੁਣ ਮੇਰੀ ਘਰ ਵਾਲੀ ਦੇ ਸਿਰ ਤੇ ਬੈਠਦਾ ਹੈ। ਜ਼ਰਾ ਸੋਚੋ, ਸਰਕਾਰ ਸਾਡੇ ਨਾਲ ਕਰਾ ਕੀ ਰਹੀ ਹੈ? ਕ੍ਰਿਪਾਨਾਂ ਗਲ੍ਹੀਂ ਪਵਾ ਕੇ ਕਛਹਿਰੇ ਪਵਾ ਕੇ ਮੁੜ ਆਪਣੇ ਆਪ ਨੂੰ ਬਾਜਾਂ ਵਾਲਾ ਕਹਾਵੇ! ਸਿੰਘੋ, ਜ਼ਰਾ ਸੋਚੋ ਕਿ ਸਰਕਾਰ ਕਿੱਥੋਂ ਤੱਕ ਗਿਰ ਚੁੱਕੀ ਹੈ, ਸਿੱਖੀ ਨੂੰ ਖਤਮ ਕਰਨ ਲਈ? ਪੰਜਾਬ ਵਿਚ ਕਿਸੇ ਦੀ ਜੁਰਅਤ ਕਿਵੇਂ ਪੈ ਜਾਵੇ, ਬਾਜਾਂ ਵਾਲਾ ਕਹਾਉਣ ਦੀ? ਸੋ ਖਾਲਸਾ ਜੀ, ਜਿਵੇਂ ਜਿਵੇਂ ਸਰਕਾਰ ਨਾਲ ਟੱਕਰ ਹੈ, ਤਿਵੇਂ ਤਿਵੇਂ ਸਰਕਾਰ ਦੇ ਪਾਲਤੂ ਕੁੱਤਿਆਂ ਨਾਲ ਵੀ ਟੱਕਰ ਹੈ। ਨਹੀਂ ਤਾਂ ਪੱਗ ਤੇ ਸ੍ਰੀ ਸਾਹਿਬ ਦੀ ਰੱਖਿਆ ਨਹੀਂ ਹੋ ਸਕਦੀ। ਆਪਸ ਵਿਚ ਮਿਲ ਕੇ ਰਹੋ। ਸਰਕਾਰ ਨਾਲ ਢਿੱਲ ਨਹੀਂ ਕਰਨਾ। ਜਿਵੇਂ ਚਮਕੌਰ ਦੀ ਗੜ੍ਹੀ ਵਿਚੋਂ 1-1 ਨਾਲ ਸਵਾ ਸਵਾ ਲੱਖ ਲੜਾਏ ਹਨ। ਇਸੇ ਤਰ੍ਹਾਂ ਹੀ ਅੱਜ ਬਾਜਾਂ ਵਾਲਿਓ! ਬੱਲ ਬਖਸ਼ੋ!

ਸੁਣਿਆ ਹੈ ਕਿ ਬੀਬੀ ਇੰਦਰਾ ਨੇ ਕਿਹਾ ਹੈ ਕਿ ਹਰਿਮੰਦਰ ਸਾਹਿਬ ਦੇ ਲਾਗਿਓਂ ਲਾਗਿਓਂ ਸ਼ਹਿਰ ਪਵਿੱਤਰ ਕਰਾਰ ਦੇ ਦਿੱਤਾ ਹੈ। ਪਤਾ ਨਹੀਂ, ਉਸ ਦਾ ਲਾਗਿਓਂ ਲਾਗਿਓਂ



Digitized by Panjab Digital Library | www.panjabdigilib.org

ਦਾ ਕੀ ਭਾਵ ਹੈ। ਕ੍ਰਿਪਾਨ ਤੇ, ਕਹਿੰਦੇ ਹਨ, 6 ਇੰਚ ਦੀ ਤੇ ਪਾਬੰਦੀ ਹਟਾ ਲਈ ਹੈ। ਕੋਈ ਵੀ ਧਾਰਮਿਕ ਆਗੂ ਆਪਣੇ ਪਵਿੱਤਰ ਚਿੰਨ੍ਹਾਂ ਤੇ ਪਾਬੰਦੀ ਸਹਿਣ ਨਹੀਂ ਕਰ ਸਕਦਾ। ਕ੍ਰਿਪਾਨ ਸਿੱਖਾਂ ਦਾ ਧਾਰਮਿਕ ਅੰਗ ਹੈ। ਸਿੱਖ ਨੂੰ ਘੱਟੋ ਘੱਟ 9 ਇੰਚ ਕ੍ਰਿਪਾਨ ਪਾਉਣ ਦੀ ਆਗਿਆ ਹੈ। ਉਹ ਇਸ ਕਰਕੇ ਕਿ, ਜੇ ਜ਼ਰੂਰਤ ਪਵੇ ਤਾਂ ਇਹ ਹਥਿਆਰ ਦਾ ਕੰਮ ਦੇਵੇ। ਸਰਕਾਰ ਨੇ ਇਹ ਨਹੀਂ ਦੱਸਣਾ ਕਿ ਕ੍ਰਿਪਾਨ ਕਿਤਨੀ ਵੱਡੀ ਚਾਹੀਦੀ ਹੈ। ਸਿੱਖ ਨੇ ਆਪ ਦੇਖਣਾ ਹੈ ਕਿ ਉਸ ਨੂੰ ਕਿਤਨੀ ਵੱਡੀ ਕ੍ਰਿਪਾਨ ਚਾਹੀਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਸ਼ਾਂਤਮਈ ਰਹਿ ਕੇ ਤੱਤੀ ਤਵੀ ਤੇ ਬੈਠ ਕੇ ਸ਼ਹਾਦਤ ਦਿੱਤੀ। ਜਹਾਂਗੀਰ ਨੇ ਸਿੱਖਾਂ ਤੇ ਪਾਬੰਦੀ ਲਾ ਦਿੱਤੀ ਕਿ ਸਿੱਖ ਸ਼ਸ਼ਤਰ ਨਹੀਂ ਰੱਖ ਸਕਦੇ, ਸਿੱਖ ਫੌਜਾਂ ਨਹੀਂ ਰੱਖ ਸਕਦੇ, ਸਿੱਖ ਨਗਾਰਾ ਨਹੀਂ ਵਜਾ ਸਕਦੇ, ਸਿੱਖ ਝੰਡੇ ਨਹੀਂ ਝੁਲਾ ਸਕਦੇ,ਸਿੱਖ ਧਾਤ ਦੇ ਬਰਤਨਾਂ ਵਿਚ ਰੋਟੀ ਨਹੀਂ ਖਾ ਸਕਦੇ (ਕੇਵਲ ਮਿੱਟੀ ਦੇ ਬਰਤਨਾਂ ਵਿਚ ਹੀ ਖਾਣ ਦੀ ਇਜਾਜ਼ਤ ਸੀ), ਸਿੱਖ ਘੋੜੇ ਤੇ ਨਹੀਂ ਚੜ੍ਹ ਸਕਦੇ। ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ, ਸਿੱਖ ਇਹ ਸਭ ਕੁਝ ਕਰਨਗੇ ਤੇ ਉਨ੍ਹਾਂ ਕੀਤਾ ਵੀ। ਗੁਲਾਮੀ ਦੀ ਜੰਜ਼ੀਰ ਇਹ ਗੁਰੂ ਹਰਗੋਬਿੰਦ ਸਾਹਿਬ ਨੇ ਤੋੜੀ। ਉਨ੍ਹਾਂ ਕਿਹਾ ਕਿ, ਅਸੀਂ ਗੁਰੂ ਪੰਚਮ ਪਾਤਸ਼ਾਹ ਦੀ ਸ਼ਹਾਦਤ ਦਾ ਬਦਲਾ ਲਵਾਂਗੇ ਤੇ ਕੁਕਰਮ ਕਰਨ ਵਾਲਿਆਂ ਦੇ ਨੱਕ ਵਿਚ ਨਕੇਲ ਪਾਵਾਂਗੇ।

ਉਸ ਸਮੇਂ ਸਿੱਖਾਂ ਕੋਲ ਕਿਹੜਾ ਪੈਸਾ ਸੀ, ਕਿਹੜੀ ਹਕੂਮਤ ਸਿੱਖਾਂ ਦੀ ਮਦਦ ਕਰਦੀ ਸੀ? ਉਸ ਸਮੇਂ ਵੀ ਚੌਧਰਾਂ ਦੇ ਭੁੱਖੇ ਲੋਕ, ਕੜਾਹ ਪ੍ਰਸ਼ਾਦਿ ਛਕਣ ਵਾਲੇ ਲੋਕ ਮਾਤਾ ਗੰਗੀ ਕੋਲ ਪੁੱਜੇ ਕਿ ਗੁਰੂ ਸਾਹਿਬ ਦੀ ਛੋਟੀ ਜਿਹੀ ਉਮਰ ਹੈ, ਜਹਾਂਗੀਰ ਬਾਦਸ਼ਾਹ ਦੇ ਵਜ਼ੀਰ ਦੀ ਨੱਕ ਵਿਚ ਨਕੇਲ ਪਾ ਕੇ ਸ਼ਹਿਰ ਵਿਚ ਫੇਰਨ ਦਾ ਐਲਾਨ ਕਰ ਦਿੱਤਾ ਹੈ। ਕੋਈ ਪੈਸਾ ਕੋਲ ਨਹੀਂ, ਫੌਜਾਂ ਨਹੀਂ। ਇਹ ਤਾਂ ਹਨੇਰ ਮੱਚ ਜਾਏਗਾ। ਬਾਦਸ਼ਾਹ ਸਭ ਨੂੰ ਤਬਾਹ ਕਰ ਦੇਵੇਗਾ। ਪਰ ਸਭ ਕੁਝ ਵਾਪਰ ਕੇ ਹਟਿਆ।

## ਸਰਕਾਰ ਤੇ ਭਰੋਸਾ ਨਹੀਂ:

ਜਦੋਂ ਤੱਕ ਸਰਕਾਰ ਕੋਈ ਗੱਲ ਲਿਖ ਕੇ ਸਾਨੂੰ ਨਹੀਂ ਦਿੰਦੀ ਤੇ ਐਲਾਨ ਕਰਕੇ ਲਾਗੂ ਨਹੀਂ ਕਰਦੀ, ਉਤਨੀ ਦੇਰ ਤੱਕ ਸਾਨੂੰ ਕੋਈ ਭਰੋਸਾ ਨਹੀਂ। ਅਸੀਂ ਮੰਗ ਕਰਦੇ ਹਾਂ ਕਿ, ਸਾਨੂੰ ਹਰਿਮੰਦਰ ਸਾਹਿਬ ਵਿਚ ਟਰਾਂਸਮੀਟਰ ਲਾਉਣ ਦੀ ਆਗਿਆ ਦਿੱਤੀ ਜਾਵੇ ਪਰ ਸਾਨੂੰ ਕਹਿੰਦੇ ਹਨ ਕਿ, ਜਲੰਧਰ ਰੇਡੀਓ ਸਟੇਸ਼ਨ ਤੋਂ ਅਸੀਂ 1 ਘੰਟਾ ਕੀਰਤਨ ਰੀਲੇਅ ਕਰ ਦਿਆਂਗੇ। ਇਨ੍ਹਾਂ ਨੂੰ ਕੋਈ ਪੁੱਛੇ ਕਿ, ਕੀਰਤਨ ਸੁਣ ਸਕਿਆ ਕਰੇਗਾ? ਫਿਰ ਸਰਕਾਰ ਤਾਂ ਜਦ ਮਰਜ਼ੀ ਹੈ, ਇਹ ਕੀਰਤਨ ਬੰਦ ਕਰ ਦਿਆ ਕਰੇਗੀ। ਸਾਨੂੰ ਸਰਕਾਰ ਤੇ ਕੋਈ ਭਰੋਸਾ ਨਹੀਂ ਹੈ। ਸਰਕਾਰ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੀ ਹੈ। ਸਰਕਾਰ ਛੋਟੀਆਂ ਛੋਟੀਆਂ ਗੱਲਾਂ ਨਾਲ ਸਿੱਖ ਕੌਮ ਨੂੰ ਪਾੜ ਰਹੀ ਹੈ। ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੇ ਖ਼ੂਨ ਪਸੀਨੇ ਦੀ ਕਮਾਈ ਨਾਲ ਪੈਸੇ ਇਕੱਠੇ ਕਰਕੇ ਟਰਾਂਸਮੀਟਰ ਲਾਉਣ ਲਈ ਬੇਨਤੀ ਕੀਤੀ ਹੈ ਤਾਂਕਿ ਉਹ ਉਥੇ ਬੈਠੇ ਵੀ ਆਪਣੇ ਕੇਂਦਰ ਨਾਲ ਜੁੜੇ ਰਹਿਣ ਪਰ ਸਰਕਾਰ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਅਸੀਂ ਜਲੰਧਰ ਤੋਂ ਕੀਰਤਨ ਚਾਲੂ ਕਰ ਦਿੱਤਾ ਹੈ। ਖਾਲਸਾ ਜੀ! ਕ੍ਰਿਪਾਨ ਤੇ ਪਾਬੰਦੀ ਲਾ ਦਿੱਤੀ ਹੈ ਕਿ 9 ਇੰਚ ਪਹਿਨਣ ਦੀ ਇਜਾਜ਼ਤ ਹੈ। ਉਹ ਕੌਣ ਹੁੰਦੇ ਹਨ, ਕ੍ਰਿਪਾਨ ਦੀ ਲੰਬਾਈ ਮਿਣਨ ਵਾਲੇ? ਇਹ ਖਾਲਸੇ ਦੀ ਮਰਜ਼ੀ ਹੈ, ਉਹ ਜਿੱਡੀ ਚਾਹੇ, ਪਾਵੇ। ਅਸੀਂ ਇਨ੍ਹਾਂ ਦੇ ਜਨੇਊ ਦੀ ਕੋਈ ਲੰਬਾਈ ਨਹੀਂ ਕਹਿੰਦੇ, ਭਾਵੇਂ 10 ਫੁੱਟ ਲੰਬਾ ਪਾਈ ਫਿਰਨ। ਖਾਲਸਾ ਜੀ, ਪੰਥ ਵਿਚ ਇਕੱਠ ਕਰੋ। ਨਹੀਂ ਤਾਂ ਸਰਕਾਰ ਤੁਹਾਨੂੰ ਖਤਮ ਕਰ ਦੇਵੇਗੀ।



Digitized by Panjab Digital Library | www.panjabdigilib.org

## ਮਰਜੀਵੜੇ ਕਿਸ ਲਈ ਹਨ?

ਸੰਤਾਂ ਨੇ ਕਿਹਾ ਕਿ, 1 ਲੱਖ ਮਰਜੀਵੜਿਆਂ ਦੀ ਭਰਤੀ ਇਸ ਕਰਕੇ ਕੀਤੀ ਗਈ ਹੈ ਕਿ, ਅਸੀਂ ਸੋਚੀਏ ਕਿ, ਕੀ ਅਸੀਂ ਗੁਲਾਮੀ ਦੀ ਜ਼ਿੰਦਗੀ ਬਤੀਤ ਕਰਨੀ ਹੈ ਕਿ ਆਜ਼ਾਦ ਹੋ ਕੇ ਜਿਊਣਾ ਹੈ। ਸੰਤਾਂ ਨੇ ਕਿਹਾ ਕਿ, ਸਰਕਾਰ ਵੱਖ ਵੱਖ ਤਰੀਕੇ ਵਰਤ ਕੇ ਪੁੱਛਦੀ ਹੈ ਕਿ, ਤੁਹਾਡਾ ਕੀ ਖਿਆਲ ਹੈ? ਅਗਲਾ ਪ੍ਰੋਗਰਾਮ ਕੀ ਹੈ, ਆਦਿ ... ਆਦਿ। ਮਤਲਬ ਸਿਰਫ ਇਹ ਹੁੰਦਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਵੱਖ ਵੱਖ ਬਿਆਨ ਦੁਆ ਕੇ ਪੰਥ ਵਿਚ ਦੁਫੇੜ ਪਾਈ ਜਾਵੇ। ਸੋ ਸਿਵਾਏ ਡਿਕਟੇਟਰ ਸਾਹਿਬ (ਸੰਤ ਲੌਂਗੋਵਾਲ) ਦੇ ਹੋਰ ਕੋਈ ਬਿਆਨ ਦੇਣ ਤੋਂ ਸੰਕੋਚ ਕਰੋ

ਸੁਬਰਾਮਨੀਅਮ ਨੇ ਮੈਨੂੰ ਪੁੱਛਿਆ ਕਿ, ਸਿੱਖ ਵੱਖਰੀ ਕੌਮ ਕਿਸ ਤਰ੍ਹਾਂ ਹੈ? ਮੈਂ ਦੱਸਿਆ ਕਿ ਸਾਡਾ ਇਸ਼ਟ (ਗੁਰੂ ਗਰੰਥ ਸਾਹਿਬ) ਲੋਕਾਂ ਨਾਲੋਂ ਵੱਖਰਾ, ਲੰਗਰ ਦੀ ਪ੍ਰਥਾ ਕੇਵਲ ਸਿੱਖ ਧਰਮ ਵਿਚ ਹੀ ਹੈ। ਮਿਸਟਰ ਚੇਤਵਲਾਨੀ ਨੇ ਕਿਹਾ ਕਿ, ਅਸੀਂ ਸਾਰੇ ਹਿੰਦੁਸਤਾਨ ਨੂੰ ਇਕ ਕੌਮ ਮੰਨਦੇ ਹਾਂ। ਮੈਂ ਉਤਰ ਦਿੱਤਾ ਕਿ, ਫਿਰ ਵਿਧਾਨ ਦੀ ਧਾਰਾ 25 ਵਿਚ ਜੈਨੀ, ਬੋਧੀ ਤੇ ਸਿੱਖ ਲਿਖਣ ਦੀ ਕੀ ਜਰੂਰਤ ਪੈ ਗਈ? ਜੇ ਹਰ ਦੇਸ਼ ਦੇ ਵਸਨੀਕ ਇਕ ਕੌਮ ਹੈ ਤਾਂ ਦੁਨੀਆਂ ਦੇ 188 ਦੇਸ਼ ਹਨ ਤੇ 118 ਕੌਮਾਂ ਹੋਈਆਂ ਤੇ ਹਿੰਦੁਸਤਾਨ ਵਿਚ ਮੁਸਲਮਾਨਾਂ ਨੂੰ ਵੱਖਰੀ ਕੌਮ ਕਿਸ ਤਰ੍ਹਾਂ ਮੰਨ ਲਿਆ? । ਕਹਿੰਦਾ, ਇਸ ਦਾ ਕੋਈ ਜਵਾਬ ਨਹੀਂ। ਮੈਂ ਕਿਹਾ ਕਿ, ਫਿਰ ਸਿੱਖ ਵੱਖਰੀ ਕੌਮ ਮੰਨਣ ਤੋਂ ਇਨਕਾਰ ਕਾਹਦਾ? ਕਹਿੰਦਾ, ਇਸ ਪਿੱਛੇ ਇਨ੍ਹਾਂ ਦੀ ਫਿਰਕੂ ਸੋਚਣੀ ਹੈ। ਮੈਂ ਪੁੱਛਿਆ ਕਿ, ਐਮਰਜੈਂਸੀ ਵਿਚ ਤੁਸੀਂ ਸਾਰੇ ਅੰਦਰ ਸੀ। ਤੁਹਾਨੂੰ ਕਿਸ ਨੇ ਫੜਿਆ ਸੀ? ਉਸ ਨੇ ਕਿਹਾ ਕਿ ਹਿੰਦੂਆਂ ਨੇ,ਤੇ ਫੜੇ ਕੌਣ ਗਏ? ਉਸ ਨੇ ਕਿਹਾ 'ਹਿੰਦੂ'। ਮੈਂ ਪੁੱਛਿਆ ਕਿ, ਬਾਦਲ, ਟੌਹੜਾ, ਲੌਂਗੋਵਾਲ ਜਾਂ ਹੋਰ ਕੋਈ ਸਿੱਖ ਲੀਡਰ ਵੀ ਫੜਿਆ ਗਿਆ ਸੀ? ਉਸ ਨੇ ਕਿਹਾ, ਨਹੀਂ। ਫਿਰ ਪਤਾ ਹੈ ਸਿੱਖਾਂ ਨੇ ਐਮਰਜੈਂਸੀ ਵਿਰੁੱਧ ਮੋਰਚਾ ਕਿਉਂ ਲਾਇਆ? ਉਸ ਨੇ ਕਿਹਾ, ਨਹੀਂ। ਮੈਂ ਦੱਸਿਆ, ਕਿਉਂਕਿ, ਸਿੱਖਾਂ ਨੇ ਮਹਿਸੂਸ ਕੀਤਾ ਕਿ, ਤੁਹਾਡੇ ਤੇ ਜ਼ਬਰ ਹੋਇਆ ਹੈ। ਜੇ ਅਸੀਂ ਫਿਰਕਾਪ੍ਰਸਤ ਹੁੰਦੇ ਤਾਂ ਅਸੀਂ ਤੁਹਾਡਾ ਤਮਾਸ਼ਾ ਵੇਖਦੇ। ਅਸੀਂ ਸਰਬੱਤ ਦਾ ਭਲਾ ਮੰਗਦੇ ਹਾਂ। ਅੱਜ ਅਸੀਂ ਹੱਕ ਲੈਣੇ ਹਨ, ਸਾਰੇ ਪੰਜਾਬੀਆਂ ਲਈ, ਭਾਵੇਂ ਕੁਤਰਾ ਕੁਤਰਾ ਹੋਣਾ ਪਵੇ। ਪਰ ਹੁਣ ਕਿੰਨੇ ਹਿੰਦੂ ਸਿੱਖਾਂ ਨਾਲ ਤੁਰੇ ਹਨ? ਕਿਸੇ ਨੇ ਆਨੰਦ ਕਾਰਜ ਕਰਾਇਆ ਗੁਰੂ ਦੀ ਹਜ਼ੂਰੀ ਵਿਚ ਪਰ ਜਿਸ ਨੇ ਵਿਦੇਸ਼ਾਂ ਵਿਚ ਜਾਣਾ ਹੈ, ਉਸ ਨੂੰ ਲਿਖਾਉਣਾ ਪੈਂਦਾ ਹੈ ਕਿ ਹਿੰਦੂ ਰੀਤੀ ਮੁਤਾਬਿਕ ਹੋਇਆ। ਪੱਗ ਵਾਲਾ ਹਿੰਦੂ ਨਹੀਂ ਜਾ ਸਕਦਾ ਪਰ ਜਨੇਊ ਵਾਲਾ ਜਾ ਸਕਦਾ ਹੈ। ਪੱਗ ਵਾਲਿਆਂ ਨੂੰ 17 ਏਕੜ ਤੋਂ ਵੱਧ ਨਹੀਂ ਰੱਖਣ ਦਿੰਦੇ ਪਰ ਕ੍ਰੋੜੀ ਮੱਲ ਦੀ ਭਾਵੇਂ 4 ਕ੍ਰੋੜ ਦੀ ਜਾਇਦਾਦ ਹੋਵੇ। ਪਿੰਡਾਂ ਵਿਚ ਜਾਓ ਤੇ ਸਭ ਨੂੰ ਦੱਸ ਦਿਓ ਕਿ, ਅਸੀਂ ਗੁਲਾਮ ਹਾਂ, ਗੁਲਾਮੀ ਦਾ ਜੂਲਾ ਗਲੋਂ ਲਾਹੁਣਾ ਹੈ। ਮੈਨੂੰ ਪੁੱਛਦੇ ਹਨ ਕਿ ਖਾਲਿਸਤਾਨ ਦੇ ਤੁਸੀਂ ਹੱਕ ਵਿਚ ਹੋ ਕਿ ਵਿਰੋਧ ਵਿਚ? ਮੈਂ ਕਿਹਾ ਕਿ ਜਿਸ ਕੌਮ ਨੇ ਦੇਸ਼ ਦੀ ਆਜ਼ਾਦੀ ਲਈ 93 ਫੀ ਸਦੀ ਕੁਰਬਾਨੀ ਕੀਤੀ ਹੋਵੇ, ਉਹ ਦੇਸ਼ ਦੇ ਟੁਕੜੇ ਕਰਾਉਣ ਦੇ ਹੱਕ ਵਿਚ ਕਿਸ ਤਰ੍ਹਾਂ ਹੋ ਜਾਵੇਗੀ ਪਰ ਅਸੀਂ ਨਾ ਤਾਂ ਖਾਲਿਸਤਾਨ ਦੇ ਹੱਕ ਵਿਚ ਹਾਂ ਨਾ ਵਿਰੋਧ ਵਿਚ। ਸੈਂਟਰ ਦੱਸੇ ਕਿ, ਸਾਨੂੰ ਨਾਲ ਰੱਖਣਾ ਹੈ ਕਿ ਨਹੀਂ। ਬਰਾਬਰ ਦੇ ਸ਼ਹਿਰੀ ਬਣ ਕੇ ਰਹਿਣਾ ਹੈ। ਪਰ ਜੇ ਸੈਂਟਰ ਨੇ ਦੇ ਦਿੱਤਾ ਤਾਂ ਲੈਣਾ ਹੈ, 1947 ਵਾਲੀ ਗਲਤੀ ਨਹੀਂ ਕਰਦੇ।

ਰੋਜ਼ ਕਹਿੰਦੇ ਹਨ ਕਿ ਸਿੱਖ ਅਤਿਵਾਦੀ ਹਨ, ਤਾਂ ਕਹੋ ਕਿ, ਸਿੱਖ ਵੱਖਰੀ ਕੌਮ ਹੈ। ਜੇ ਅਸੀਂ ਹਿੰਦੂ ਹਾਂ ਤਾਂ ਕਹੋ ਕਿ, ਹਿੰਦੂ ਅਤਿਵਾਦੀ ਹਨ। ਸਾਨੂੰ ਕਹਿੰਦੇ ਹਨ ਕਿ ਸਿੱਖ ਤਾਂ ਆਟੇ ਵਿਚ ਲੂਣ ਵੀ ਨਹੀਂ ਪਰ ਸਾਡੇ ਗੁਰੂ ਦਾ ਹੁਕਮ ਹੈ ਕਿ ਸਵਾ ਲੱਖ ਨਾਲ ਇਕ ਲੜਾਉਂ।



Digitized by Panjab Digital Library / www.panjabdigilib.org

ਇਹ ਹਿਸਾਬ ਨਾਲ ਅਸੀਂ ਬਹੁਤ ਹਾਂ। ਇਥੇ ਅੱਜ ਪ੍ਰਣ ਉਹ ਕਰੇ ਜੋ ਘਰ ਆਖਰੀ ਫਤਹਿ ਬੁਲਾ ਕੇ ਆਇਆ ਹੈ।

## ਸਿੱਖਾਂ ਵਿਰੁੱਧ ਨਾ ਬੋਲੋ:

ਜੇ ਕੋਈ ਅੰਮ੍ਰਿਤਧਾਰੀ ਸਿੱਖ ਦੂਸਰੇ ਨਾਲ ਵਾਧਾ ਕਰਦੇ ਰਹਿੰਦੇ ਹਨ ਤਾਂ ਕਹੋ ਕਿ ਸਰਦਾਰ ਸਾਹਿਬ, ਇਕ ਹੋਰ ਕਰ ਲਵੋ। ਪਰ ਨਰਕਧਾਰੀ ਜਾਂ ਪੁਲਿਸ ਨਾਲ ਨਰਮੀ ਨਾ ਵਰਤੋ।

## ਲੀਡਰੀ ਚਮਕਾਉਣ ਵਾਲਿਆਂ ਤੋਂ ਬਚੋ:

ਸੰਤਾਂ ਨੇ ਕਿਹਾ ਕਿ, ਜਿਸ ਦੇ ਮਨ ਵਿਚ ਆਪਣੀ ਲੀਡਰੀ ਚਮਕਾਉਣ ਦੀ ਭੁੱਖ ਹੈ, ਉਹ ਸਿੱਖ ਨਹੀਂ ਹੈ। ਸਿੱਖੀ ਦੇ ਖਿਲਾਫ ਹੈ ਉਹ ਬੰਦਾ। ਉਸ ਤੋਂ ਸਾਵਧਾਨ ਰਹੋ।

— • —

ਗੁਰੂ ਗੋਬਿੰਦ ਸਿੰਘ ਜੀ ਨੇ ਸਮਾਂ ਆਉਣ ਤੇ ਬੇਅੰਤ ਧੰਨ ਆਦਿ ਠੁੱਡੇ ਮਾਰ ਕੇ ਦਰਿਆ ਵਿਚ ਰੋੜ੍ਹ ਦਿੱਤਾ ਸੀ ਪਰ ਅੱਜ ਜੋ ਲੋਕ ਧੰਨ ਇਕੱਤਰ ਕਰਨ ਪਿੱਛੇ ਲੱਗੇ ਹੋਏ ਹਨ, ਉਨ੍ਹਾਂ ਨੂੰ ਕੀ ਤੁਸੀਂ ਸਿੱਖ ਕਹੋਗੇ? ਗੁਰੂ ਜੀ ਨੇ ਆਪਣੇ ਭਰ ਜੁਆਨੀ ਦੀ ਪੌੜੀ ਚੜ੍ਹਦੇ ਸਾਹਿਬ ਅਜੀਤ ਸਿੰਘ ਦੇ ਸ਼ਹੀਦ ਹੋਏ ਸਰੀਰ ਤੇ ਕੌਮ ਬਦਲੇ ਕਫਨ ਪਾਉਣ ਦਾ ਵੀ ਸਮਾਂ ਨਹੀਂ ਲਿਆ ਸੀ ਪਰ ਜੋ ਅੱਜ ਬੱਚਿਆਂ ਲਈ ਧੰਨ ਇਕੱਤਰ ਕਰਕੇ ਬੇਅਣਖੀ ਜ਼ਿੰਦਗੀ ਜੀਅ ਰਹੇ ਹਨ, ਕੀ ਉਹ ਸਿੱਖ ਹਨ? ਗੁਰੂ ਜੀ ਦੀ ਤਰ੍ਹਾਂ ਅਣਖ ਨਾਲ ਜਿਉਣਾ ਸਿੱਖੋ। ਸਮੇਂ ਨੇ ਇਜਾਜ਼ਤ ਦਿੱਤੀ, ਜੇ ਬਾਹਰ ਨਿਕਲਣ ਦਾ ਮੌਕਾ ਮਿਲਿਆ ਤਾਂ ਕੌਮ ਦਾ ਹੋਇਆ ਨੁਕਸਾਨ ਪੂਰਾ ਜ਼ਰੂਰ ਕਰਾਂਗੇ ਆਪਣੇ ਨੁਕਸਾਨ ਹੋਏ ਦੀ ਲਿਸਟ ਬਣਾ ਕੇ ਰੱਖੋ ਪਰ ਜੋ ਨੁਕਸਾਨ ਕਰ ਰਹੇ ਹਨ, ਉਸ ਦਾ ਵੀ ਨਾਂ, ਪਤਾ ਚੇਤੇ ਰੱਖਣਾ ਹੈ। ਇਹ ਲਿਸਟ ਇਤਨੀ ਵੱਡੀ ਹੋਈ ਜਾ ਰਹੀ ਹੈ ਕਿ, ਇਕ ਥਾਂ ਲਿਖਣੀ ਅਸੰਭਵ ਹੈ। ਪਰ ਮੇਰੇ ਪਾਸ ਲਿਸਟ ਹੈ ਕੋਈ ਨਹੀਂ। ਸਿੱਖ ਕੌਮ ਨੂੰ ਨੁਕਸਾਨ ਪਹੁੰਚਾਉਣ ਲਈ ਸਾਰੇ ਹਿੰਦੁਸਤਾਨ ਦਾ ਹਿੰਦੂ ਇਕ ਸਟੇਜ ਤੇ ਖੜ੍ਹਾ ਹੈ। ਕਰਨਾਲ ਦੇ ਸਿੰਘ ਇਥੇ ਆਏ ਸਨ, ਜਿਸ ਤਰ੍ਹਾਂ ਨਾਲ ਉਥੇ ਸਿੰਘਾਂ ਦੀ ਬੇਇਜ਼ਤੀ ਹੋਈ ਹੈ, ਉਹ ਬਹੁਤ ਹੀ ਗੰਭੀਰ ਹੈ। ਮੈਂ ਉਨ੍ਹਾਂ ਨੂੰ ਕਿਹਾ ਕਿ ਜਾਂ ਤਾਂ ਟੋਪੀਆਂ ਲੈ ਕੇ ਆਇਆ ਕਰੋ ਜਾਂ ਉਥੇ ਹੀ ਬਦਲਾ ਲਓ। ਮੇਰੇ ਕੋਲ ਕਿਹੜੀ ਭੰਗੀਆਂ ਵਾਲੀ ਤੋਪ ਬੀੜੀ ਹੋਈ ਹੈ। ਮੈਂ ਵੀ ਤਾਂ ਸੰਗਤ ਨੂੰ ਹੀ ਬੇਨਤੀ ਕਰਨੀ ਹੈ।

ਆਨੰਦਪੁਰ ਦੇ ਮਤੇ ਵਿਚ ਲਿਖਿਆ ਹੋਇਆ ਹੈ ਕਿ, ਗੰਗਾ ਨਗਰ ਦੀਆਂ 6 ਤਹਿਸੀਲਾਂ ਤੇ ਹੋਰ ਨਾਲ ਲਗਦੇ ਇਲਾਕੇ ਜ਼ਰੂਰ ਲੈਣੇ ਹਨ। ਹਿੰਦੁਸਤਾਨ ਦੇ ਸ਼ਹਿਰੀ ਬਣ ਕੇ ਰਹਿਣਾ ਚਾਹੁੰਦੇ ਹਾਂ ਪਰ ਜੇ ਕੇਂਦਰ ਨਾਲ ਨਹੀਂ ਰੱਖਣਾ ਚਾਹੁੰਦਾ ਤੇ ਜੇ ਖਾਲਿਸਤਾਨ ਦਿੰਦੇ ਹਨ ਤਾਂ ਹਰ ਹਾਲਤ ਵਿਚ ਲੈ ਲੈਣਾ ਹੈ। 1947 ਵਾਲੀ ਬਲਦੇਵ ਸਿੰਘ ਵਾਲੀ ਗਲਤੀ ਕਰਕੇ ਕੌਮ ਦਾ ਭੱਠਾ ਨਹੀਂ ਬਿਠਾਉਂਦੇ। ਕਈ ਕਹਿੰਦੇ ਹਨ ਕਿ, ਖਾਲਿਸਤਾਨ ਛੋਟਾ ਹੋਏਗਾ ਕਿ ਵੱਡਾ? ਸਿੱਖ ਦਾ ਕੰਮ ਹੈ ਕਿ ਖਲੋਣ ਲਈ ਥਾਂ ਦੇਣ। ਫਿਰ ਸਮਾਂ ਦੱਸੇਗਾ ਕਿ ਕਿਸ ਤਰ੍ਹਾਂ ਛੋਟੇ ਤੋਂ ਵੱਡਾ ਹੁੰਦਾ ਹੈ। ਇਹ ਦੇਣ ਤਾਂ ਸਹੀ ਚੱਪਾ ਥਾਂ ਖਾਲਿਸਤਾਨ ਦੇ ਨਾਂ 'ਤੇ!

ਸਿੱਖ ਧਰਮ ਨੂੰ ਖਤਮ ਕਰਨ ਦੀਆਂ ਕੋਝੀਆਂ ਹਰਕਤਾਂ ਸਰਕਾਰ ਵਲੋਂ ਕੀਤੀਆਂ ਜਾ ਰਹੀਆਂ ਹਨ ਪਰ ਸਾਡੇ ਲੀਡਰ ਇਹੀ ਕਹਿ ਰਹੇ ਹਨ ਕਿ ਇਸ ਦੇ ਸਿੱਟੇ ਗੰਭੀਰ ਨਿਕਲਣਗੇ



Digitized by Panjab Digital Library | www.panjabdigilib.org

ਜਾਂ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਤਰ੍ਹਾਂ ਦੀਆਂ ਵਾਰਨਿੰਗਾਂ ਦਾ ਹੁਣ ਕੋਈ ਅਸਰ ਨਹੀਂ ਹੋ ਰਿਹਾ। ਸਾਨੂੰ ਨਵਾਂ ਪ੍ਰੋਗਰਾਮ ਦੇਣਾ ਚਾਹੀਦਾ ਹੈ। ਮੇਰਠ ਵਿਚ ਤਿੰਨ ਸਿੰਘ ਇਸ ਕਰਕੇ ਮਾਰ ਦਿੱਤੇ, ਇਸ ਸ਼ੱਕ ਵਿਚ ਕਿ, ਇਨ੍ਹਾਂ ਕੋਲ ਮਿਲਟਰੀ ਦਾ ਅਸਲ੍ਹਾ ਹੈ। ਪਿਆਰਾ ਸਿੰਘ ਮਸਾਂ ਬਚਿਆ ਹੈ, ਉਸ ਦੀਆਂ ਅੱਖਾਂ ਵਿਚ ਮਿਰਚਾਂ ਪਾਈਆਂ ਗਈਆਂ। ਪਖਾਨੇ ਵਾਲੀ ਥਾਂ ਰਾਹੀਂ ਮਿਰਚਾਂ ਅੰਦਰ ਧੱਕੀਆਂ ਗਈਆਂ, ਮੂੰਹ ਰਾਹੀਂ ਪਖਾਨਾ ਅੰਦਰ ਸੁੱਟਿਆ ਗਿਆ। ਪਰ ਦੂਸਰੇ ਪਾਸੇ ਪਟਿਆਲੇ ਦੇ ਪਵਨ ਕੁਮਾਰ ਕੋਲੋਂ 230 ਗਰਨੇਡ ਫੜੇ ਗਏ, ਉਸ ਨੂੰ ਜ਼ਿਲ੍ਹੇ ਦੇ ਪਰਧਾਨ ਤੋਂ ਤਰੱਕੀ ਦੇ ਕੇ ਹਿੰਦੂ ਸੁਰੱਖਿਆ ਸੰਮਤੀ ਦਾ ਪੰਜਾਬ ਦਾ ਪਰਧਾਨ ਬਣਾ ਦਿੱਤਾ ਗਿਆ ਕਿਉਂਕਿ ਹਿੰਦੂ ਦਾ ਪੁੱਤਰ ਸੀ। ਇਸ ਤੋਂ ਵੱਡਾ ਵਿਤਕਰਾ ਤੇ ਸਬੂਤ ਤੁਹਾਡੇ ਸਾਹਮਣੇ ਰੱਖ ਸਕਦੇ ਹਾਂ। ਮੈਂ ਉਹਨਾਂ ਸਭ ਨੂੰ ਹੀ ਬੇਨਤੀ ਕਰਦਾ ਹਾਂ ਕਿ ਉਹ ਸਿੰਘ, ਜੋ ਕਹਿੰਦੇ, ਕੰਮ ਤੋਂ ਦਫਤਰ ਤੇ ਦਫਤਰ ਤੋਂ ਘਰ ਜਾਂਦੇ ਹਾਂ, ਹੋਰ ਕੁਝ ਨਹੀਂ ਸੋਚਦੇ, ਸਿਰਫ ਇਹੀ ਕਹੀ ਜਾਂਦੇ ਹਨ ਕਿ ਸ਼ਾਤੀ ਚਾਹੀਦੀ ਹੈ। ਹਿੰਦੂ - ਸਿੱਖ ਏਕਤਾ ਚਾਹੀਦੀ ਹੈ। ਉਨ੍ਹਾਂ ਨੂੰ ਜੇ ਪੁੱਛਦੇ ਹਾਂ ਕਿ ਤੁਹਾਡਾ ਕੋਈ ਰਿਸ਼ਤੇਦਾਰ ਪੁਲਿਸ ਨੇ ਮਾਰਿਆ? ਕੋਈ ਧੀ ਭੈਣ ਦੀ ਇੱਜ਼ਤ ਲੁੱਟੀ ਹੈ? ਕਿਸੇ ਦੇ ਕੋਈ ਜ਼ਖ਼ਮ ਆਇਆ? ਕਿਸੇ ਨੂੰ ਪੁਲਿਸ ਨੇ ਫੜ ਕੇ ਤਸੀਹੇ ਦਿੱਤੇ? ਤਾਂ ਕਹਿੰਦੇ ਹਨ ਕਿ ਨਹੀਂ। ਮੈਂ ਉਨ੍ਹਾਂ ਨੂੰ ਹਮੇਸ਼ਾਂ ਕਹਿੰਦਾ ਹਾਂ ਕਿ, ਜਾਓ ਉਨ੍ਹਾਂ ਨੂੰ ਪੁੱਛੋ, ਜਿਨ੍ਹਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਲੁੱਟੀ ਹੈ, ਜਿਨ੍ਹਾਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਗਿਆ ਹੈ, ਜਿਨ੍ਹਾਂ ਨੂੰ ਤਸੀਹੇ ਦਿੱਤੇ ਹਨ। ਫਿਰ ਆ ਕੇ ਗੱਲ ਕਰਿਓ ਕਿ ਸ਼ਾਂਤੀ ਚਾਹੀਦੀ ਹੈ ਕਿ ਨਹੀਂ। ਅਫਸੋਸ ਹੈ ਕਿ ਸਿੱਖਾਂ ਦੇ ਘਰਾਂ ਵਿਚ ਜੰਮੇ ਹਾਂ, ਤੁਹਾਨੂੰ ਆਪਣੀ ਰੋਟੀ ਤੇ ਕੰਮ ਤੋਂ ਬਿਨਾਂ ਪਤਾ ਹੀ ਕੋਈ ਨਹੀਂ। ਪੁਲਿਸ ਲੋਕਾਂ ਦੀ ਰਾਖੀ ਲਈ ਬਣੀ ਹੈ ਪਰ ਅੱਜ ਇਹ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੁਲਿਸ ਲੋਕਾਂ ਨੂੰ ਲੁੱਟਣ ਲਈ ਬਣ ਗਈ ਹੈ। ਕਿਤੇ ਬੈਂਕ ਦੇ ਡਾਕੇ ਦਾ ਕੇਸ ਹੋਵੇ, ਕੋਈ ਕਤਲ ਹੋਇਆ ਹੋਵੇ, ਕੁਝ ਹੋਰ ਮਾਰ ਧਾੜ ਹੋਵੇ, ਸਭ ਥਾਂ ਪੁਲਿਸ ਦੇ ਕਰਮਚਾਰੀਆਂ ਦਾ ਨਾਂ ਆਉਂਦਾ ਹੈ।

ਖਾਲਸਾ ਜੀ, ਸਰਕਾਰ ਨੇ ਇਕ ਖਬਰ ਦਿੱਤੀ ਸੀ ਕਿ, ਭਿੰਡਰਾਂਵਾਲੇ ਕੋਲ ਪਾਕਿਸਤਾਨ ਤੋਂ ਬੰਦੇ ਆਉਂਦੇ ਹਨ, ਜੋ ਪ੍ਰੋਗਰਾਮ ਦੇ ਕੇ ਫਿਰ ਪਾਕਿਸਤਾਨ ਨੂੰ ਚਲੇ ਜਾਂਦੇ ਹਨ। ਮੈਂ ਸਰਕਾਰ ਨੂੰ ਪੁੱਛਿਆ ਸੀ ਕਿ, ਜਦ ਤੁਹਾਡੇ ਪਾਸ ਪੁਲਿਸ ਹੈ ਤਾਂ ਜਦ ਉਹ ਇਥੇ ਆਉਂਦੇ ਹਨ ਤਾਂ ਫਿਰ ਫੜਦੇ ਕਿਉਂ ਨਹੀਂ ਅਤੇ ਜਦ ਫਿਰ ਇਥੋਂ ਵਾਪਸ ਜਾਂਦੇ ਹਨ ਤਾਂ ਫਿਰ ਕਿਉਂ ਨਹੀਂ ਫੜਦੇ? ਸਰਕਾਰ ਨੇ ਇਸ ਦਾ ਕੋਈ ਉਤਰ ਨਹੀਂ ਦਿੱਤਾ। ਹਿੰਦੁਸਤਾਨ ਦੀ ਪਰਧਾਨ ਮੰਤਰੀ ਨੇ ਸ਼ਰਮ ਹੀ ਲਾਹ ਦਿੱਤੀ ਹੈ। ਇਤਨੇ ਵੱਡੇ ਆਹੁਦੇ ਤੇ ਹੋ ਕੇ ਇਤਨਾ ਝੂਠ ਬੋਲ ਰਹੀ ਹੈ, ਜਿਸ ਦਾ ਕੋਈ ਹਿਸਾਬ ਨਹੀਂ। ਇੰਦਰਾ ਗਾਂਧੀ ਨੇ ਕਿਹਾ ਹੈ ਕਿ, ਮੁੱਠੀ ਭਰ ਲੋਕਾਂ ਦਾ ਦਲ ਹੈ, ਜੋ ਇਹ ਅਤਿਵਾਦੀ ਹਨ ਤੇ ਹਿੰਸਕ ਘਟਨਾਵਾਂ ਕਰ ਰਹੇ ਹਨ। ਪਹਿਲਾਂ ਉਹ ਕਹਿੰਦੀ ਹੁੰਦੀ ਸੀ ਕਿ, ਅਕਾਲੀਆਂ ਦੀ ਸ਼ਹਿ ਤੇ ਸਭ ਕੁਝ ਹੋ ਰਿਹਾ ਹੈ। ਜਦ ਇਹ ਚਾਲ ਸਫਲ ਨਾ ਹੋਈ ਤਾਂ ਹੁਣ ਅਤਿਵਾਦੀ ਹਿੰਸਾ ਕਰ ਰਹੇ ਹਨ, ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ। ਸ਼ਾਇਦ ਪਰਧਾਨ ਮੰਤਰੀ ਨੂੰ ਇਹ ਪਤਾ ਨਹੀਂ ਕਿ, ਸਿੱਖ ਹਮੇਸ਼ਾਂ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਕਹਿੰਦਾ ਹੈ। ਹਿੰਸਾ ਵਿਚ ਯਕੀਨ ਨਹੀਂ ਰੱਖਦਾ। ਇਹ ਬਦਨਾਮ ਕਰਨ ਦੀ ਕੋਸ਼ਿਸ਼ ਨਾਲ ਕਰ ਰਹੀ ਹੈ।

ਸਰਕਾਰ ਇਹ ਨਾ ਖਿਆਲ ਕਰੇ ਕਿ, ਦੋ ਚਾਰ ਸਿੱਖ ਲੀਡਰਾਂ ਨੂੰ ਮਾਰ ਕੇ ਸ਼ਾਇਦ ਸਿੱਖਾਂ ਦੀ ਇਹ ਮੰਗ ਖਤਮ ਕਰ ਦਿੱਤੀ ਜਾਏਗੀ। ਜਦ ਤੱਕ ਆਨੰਦਪੁਰ ਦਾ ਮਤਾ ਨਹੀਂ ਮੰਨਿਆ ਜਾਂਦਾ, ਇਹ ਲੜਾਈ ਖਤਮ ਨਹੀਂ ਹੋਏਗੀ।



Digitized by Panjab Digital Library | www.panjabdigilib.org

ਮੈਨੂੰ ਇਕ ਪੱਤਰਕਾਰ ਨੇ ਪੁੱਛਿਆ ਕਿ, ਜੇ ਡਾਕਟਰ ਜਗਜੀਤ ਸਿੰਘ ਇੰਗਲੈਂਡ ਤੇ ਅਮਰੀਕਾ ਦੀ ਮਦਦ ਨਾਲ ਹਿੰਦੁਸਤਾਨ ਤੇ ਹਮਲਾ ਕਰ ਦੇਵੇ ਤਾਂ ਤੁਸੀਂ ਕਿਸ ਦੀ ਸਹਾਇਤਾ ਕਰੋਗੇ? ਮੈਂ ਉਤਰ ਦਿੱਤਾ ਸੀ, ਕਿ ਸਿੱਖ ਸਰੂਪ ਤੇ ਮਜ਼ਲੂਮ ਦੀ। ਐਮਰਜੈਂਸੀ ਦੇ ਸਮੇਂ ਇੰਦਰਾ ਗਾਂਧੀ ਨੇ ਹਿੰਦੂ ਫੜ ਕੇ ਅੰਦਰ ਦਿੱਤੇ ਸਨ ਪਰ ਮੋਰਚਾ ਐਮਰਜੈਂਸੀ ਦੇ ਵਿਰੁੱਧ ਸਭ ਤੋਂ ਪਹਿਲਾਂ ਸਿੱਖਾਂ ਨੇ ਲਾਇਆ ਸੀ। ਇਸ ਕਰਕੇ ਕਿ, ਹਿੰਦੂ ਮਜ਼ਲੂਮ ਸਨ। ਸਿੱਖ ਹਮੇਸ਼ਾ ਸਰਬੱਤ ਦਾ ਭਲਾ ਮੰਗਦਾ ਹੈ। ਅੱਜ ਇਹ ਹਿੰਦੂ ਕਹਿ ਰਹੇ ਹਨ ਕਿ, ਅਕਾਲੀ ਦਲ ਤੇ ਬੈਨ ਲਾ ਦਿਓ। ਅੱਜ ਇਹ ਮੋਰਚਾ ਸਮੁੱਚੇ ਪੰਜਾਬ ਲਈ ਹੈ। 66 ਕਰੋੜ ਦੀ ਗਿਣਤੀ 'ਚੋਂ ਕੋਈ ਹਿੰਦੂ ਵੀ ਗਿਆ ਮੋਰਚੇ ਦੀ ਸਹਾਇਤਾ ਲਈ? ਐਮਰਜੈਂਸੀ ਸਮੇਂ ਇਨ੍ਹਾਂ ਦੀ ਸਹਾਇਤਾ ਲਈ ਅਕਾਲੀਆਂ ਨੇ ਮੋਰਚਾ ਲਾਇਆ ਸੀ। ਖਾਲਸਾ ਜੀ, ਸੋਚੋ ਕਿ ਫਿਰਕਾਪ੍ਰਸਤ ਸਿੱਖ ਹਨ ਕਿ ਹਿੰਦੂ? ਮੈਂ ਬੇਨਤੀ ਕਰਾਂਗਾ ਕਿ, ਪੰਥ ਦੀ ਨੰਗੇ ਧੜ ਹਮਾਇਤ ਕਰੋ। ਹੁਣ ਟੋਪੀਆਂ ਵਾਲਿਆਂ ਨੂੰ ਇਹ ਪੁੱਛਣਾ ਸ਼ੁਰੂ ਕਰੋ ਕਿ ਕੀ ਤੁਸੀਂ ਸਾਨੂੰ ਨਾਲ ਰੱਖਣਾ ਹੈ ਕਿ ਨਹੀਂ? 93 ਫੀ ਸਦੀ ਸਿਰ ਆਜ਼ਾਦੀ ਲਈ ਸਿੱਖਾਂ ਨੇ ਦਿੱਤੇ ਸਨ। ਇਸੇ ਹਿਸਾਬ ਨਾਲ ਹਿੰਦੁਸਤਾਨ 'ਚੋਂ ਹਿਸਾ ਲੈਣਾ ਹੈ।

ਭਾਈ ਕੁਲਵੰਤ ਸਿੰਘ ਨਾਗੋਕੇ ਵਾਲਿਆਂ ਨੂੰ ਜ਼ਾਲਮ ਹਕੂਮਤ ਨੇ ਜੋ ਬੇਰਹਿਮੀ ਤੇ ਬੇਸ਼ਰਮੀ ਨਾਲ ਸ਼ਹੀਦ ਕੀਤਾ ਹੈ, ਅੰਤਮ ਇਸ਼ਨਾਨ ਕਰਾਉਣ ਵੇਲੇ ਸਿੰਘਾਂ ਨੇ ਦੇਖਿਆ ਕਿ, ਕੋਈ ਵੀ ਅੰਗ ਉਨ੍ਹਾਂ ਦਾ ਸਾਬਤ ਨਹੀਂ ਸੀ। ਪੇਟ ਵਿਚ ਦੀ ਸੀਖਾਂ ਗਰਮ ਕਰਕੇ ਲੰਘਾਈਆਂ ਹੋਈਆਂ ਸਨ। ਮੱਥਾ ਤੇ ਖੋਪਰੀ ਸਾੜੀ ਹੋਈ ਸੀ। ਖਾਲਸਾ ਜੀ, ਭਾਈ ਕੁਲਵੰਤ ਸਿੰਘ ਨੂੰ ਸ਼ਹੀਦ ਕਰਨ ਤੋਂ ਇਕ ਦਿਨ ਪਹਿਲਾਂ ਉਸ ਨੂੰ ਪੁੱਠਾ ਲਟਕਾ ਕੇ ਉਸ ਦੇ ਸਰੀਰ ਨਾਲ ਇੱਟਾਂ ਬੰਨ੍ਹੀਆਂ ਹੋਈਆਂ ਸਨ ਤੇ ਇਕ ਪੁਲਿਸ ਵਾਲੇ ਨੇ ਤਾਹਨਾ ਮਾਰਿਆ ਕਿ 'ਦੱਸ ਦੇ ਗੁਰੂ ਗੋਬਿੰਦ ਸਿੰਘ ਕਿੱਥੇ ਹੈ!' ਸ਼ੇਰ ਭਾਵੇਂ ਪਿੰਜਰੇ ਵਿਚ ਬੰਦ ਹੋਵੇ ਪਰ ਜਦ ਮੌਕਾ ਮਿਲੇ ਤਾਂ ਵਾਰ ਜ਼ਰੂਰ ਕਰਦਾ ਹੈ। ਭਾਈ ਕੁਲਵੰਤ ਸਿੰਘ ਨੇ ਹਲੂਣਾ ਮਾਰ ਕੇ ਹੱਥਾਂ ਵਿਚ ਹੱਥਕੜੀ ਸਮੇਤ ਉਸ ਪੁਲਿਸ ਵਾਲੇ ਦੇ ਦੋਵੇਂ ਹੱਥ ਇਤਨੇ ਜ਼ੋਰ ਦੀ ਮਾਰੇ ਕਿ, ਉਸ ਦੀ ਪੱਗ ਲਹਿ ਕੇ ਜ਼ਮੀਨ ਤੇ ਡਿੱਗ ਪਈ। ਫਿਰ ਹੋਰ ਤਸੀਹੇ ਦਿੱਤੇ ਗਏ ਤੇ ਉਹ ਕਹਾਉਣਾ ਚਾਹੁੰਦੇ ਸਨ ਕਿ ਇਹ ਸਾਰੇ ਹਥਿਆਰ ਸੰਤ ਜਰਨੈਲ ਸਿੰਘ ਨੇ ਦਿੱਤੇ ਸਨ ਤੇ ਮੈਨੂੰ ਹੀ ਭੇਜਿਆ ਸੀ। ਭਾਈ ਕੁਲਵੰਤ ਸਿੰਘ ਨੇ ਕਿਹਾ ਸੀ ਕਿ, ਜੋ ਮਰਜ਼ੀ ਤਸੀਹੇ ਦੇ ਦਿਓ। ਜੇ ਮੈਂ ਬਚ ਗਿਆ ਤਾਂ ਤੁਹਾਥੋਂ ਛੇਆਂ ਤੋਂ ਬਦਲਾ ਲਵਾਂਗਾ ਤੇ ਜੇ ਸ਼ਹੀਦ ਹੋ ਗਿਆ ਤਾਂ ਖਾਲਸਾ ਕੌਮ ਬਦਲਾ ਲਵੇਗੀ। (ਉਨ੍ਹਾਂ ਤੋਂ ਬਦਲਾ ਲੈ ਲਿਆ ਹੈ) ਜਿਵੇਂ ਜਿਵੇਂ ਸਮਾਂ ਇਜਾਜ਼ਤ ਦੇਵੇਗਾ, ਸਿੰਘ ਸ਼ਹੀਦਾਂ ਦਾ ਹੱਕ ਜ਼ਰੂਰ ਲੈਣਗੇ। ਜੋ ਸਿੰਘ ਸ਼ਹੀਦ ਹੋਏ ਹਨ, ਉਨ੍ਹਾਂ ਦਾ ਮੇਰੇ ਸਿਰ ਭਾਰ ਹੈ। ਉਨ੍ਹਾਂ ਦੇ ਪਰਵਾਰਾਂ ਦੀ ਜ਼ਿੰਮੇਵਾਰੀ ਸਾਡੇ ਸਿਰ ਹੈ।

ਮੈਂ ਕਵੀਆਂ ਨੂੰ ਬੇਨਤੀ ਕਰਦਾ ਹਾਂ ਕਿ, ਮੇਰੇ ਨਾਂ ਨਾਲ ਕਈ ਬੰਦੇ 'ਬ੍ਰਹਮ ਗਿਆਨੀ' ਲਾ ਦਿੰਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ, ਮੇਰੇ ਨਾਂ ਨਾਲ ਇਹ ਅੱਖਰ ਨਾ ਲਾਉਣ। ਅਰਦਾਸ ਜ਼ਰੂਰ ਕਰੋ ਕਿ, ਮੈਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਜਾਵੇ। ਜੋ ਆਪਣੀ ਵਡਿਆਈ ਆਪ ਕਰਾਉਂਦੇ ਹਨ, ਉਹ ਖਾਲੀ ਭਾਂਡੇ ਹਨ। ਉਨ੍ਹਾਂ ਵਿਚ ਹੁੰਦਾ ਕੁਝ ਨਹੀਂ। ਐਵੇਂ ਹੀ ਆਪਣਾ ਆਪ ਵੱਡਾ ਕਹਾਉਣ ਲਈ ਲੋਕਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਬਟਾਲੇ ਦੀ ਦੁਖਦਾਈ ਘਟਨਾ ਨੂੰ ਦੇਖਦੇ ਹੋਏ ਹੁਣ ਕੇਵਲ ਨਿਖੇਧੀ ਨਾਲ ਹੀ ਕੰਮ ਨਹੀਂ ਸਰਨਾ। ਹੁਣ ਉਨ੍ਹਾਂ ਟਕਸਾਲਾਂ ਉਪਰ ਹਮਲੇ ਸ਼ੁਰੂ ਹੋ ਗਏ ਹਨ, ਜਿਨ੍ਹਾਂ ਦਾ ਕੰਮ ਕੇਵਲ ਧਾਰਮਿਕਤਾ ਵਾਲਾ ਹੈ। ਰੀਪੋਰਟ ਆਈ ਹੈ ਕਿ ਸ਼ਰਮਾ ਨਾਂ ਦਾ ਥਾਣੇਦਾਰ ਹੈ। ਉਸ ਨੇ ਆਉਂਦਿਆਂ ਹੀ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਹੈ। ਐਸ. ਡੀ. ਐਮ. ਨੇ ਆ ਕੇ ਪੁੱਛਿਆ



Digitized by Panjab Digital Library | www.panjabdigilib.org

ਕਿ, ਗੋਲੀ ਕਿਸ ਦੇ ਹੁਕਮ ਨਾਲ ਚਲਾਈ ਹੈ। ਸਾਰੇ ਚੁੱਪ ਰਹੇ। ਸਰਕਾਰ ਨੇ ਸਿੱਖਾਂ ਨੂੰ ਖਤਮ ਕਰਨ ਲਈ ਇਹ ਜ਼ਰੂਰੀ ਸਮਝਿਆ ਹੈ ਕਿ, ਸਾਰੀਆਂ ਸੰਪਰਦਾਵਾਂ ਖਤਮ ਕਰੋ। ਸਿੱਖਾਂ ਨੂੰ ਆਪਸ ਵਿਚ ਲੜਾਓ। ਸਿੱਖਾਂ ਦੀ ਪੱਗ ਸਿਰ ਤੇ ਤਾਂ ਰਹਿ ਸਕਦੀ ਹੈ, ਜੇ ਹਕੂਮਤ ਨੂੰ ਮੂੰਹ - ਤੋੜ ਉੱਤਰ ਦਿਓਗੇ।

ਬਲਵੰਤ ਸਿੰਘ ਰਾਮੂਵਾਲੀਏ ਨੇ ਬੋਲਦਿਆਂ ਕਿਹਾ ਹੈ ਕਿ 13 ਵਿਰੋਧੀ ਪਾਰਟੀਆਂ ਨੇ ਕਿਹਾ ਹੈ ਕਿ, ਅਕਾਲੀ ਦਲ ਦੀਆਂ ਮੰਗਾਂ ਠੀਕ ਹਨ। ਇਹ ਖ਼ੁਸ਼ੀ ਦੀ ਗੱਲ ਹੈ ਕਿ ਅਕਾਲੀ ਦਲ ਨਾਲ ਹੋਰ ਪਾਰਟੀਆਂ ਰਲਣ। ਪਰ ਖਾਲਸਾ ਜੀ, ਜੇ ਮੰਗਾਂ ਠੀਕ ਹਨ ਤਾਂ ਕੀ ਵਿਰੋਧੀ ਪਾਰਟੀਆਂ ਦਾ ਫਰਜ਼ ਨਹੀਂ ਕਿ, ਜਥੇ ਲੈ ਕੇ ਅਕਾਲੀ ਦਲ ਦੀਆਂ ਮੰਗਾਂ ਦੇ ਹੱਕ ਵਿਚ ਗ੍ਰਿਫਤਾਰੀ ਦੇਣ। ਤਾਂ ਅਸੀਂ ਸਮਝਾਂਗੇ ਕਿ, ਵਿਰੋਧੀ ਪਾਰਟੀਆਂ ਸਾਡੀਆਂ ਮੰਗਾਂ ਨੂੰ ਠੀਕ ਸਮਝਦੀਆਂ ਹਨ।

## ਹਿੰਦੂ - ਸਿੱਖ ਏਕਤਾ?

ਦੁਰਗਿਆਨਾ ਮੰਦਰ ਅੰਮ੍ਰਿਤਸਰ ਵਿਚ ਇਸੇ ਸ਼ਹਿਰ ਦੇ ਰਹਿਣ ਵਾਲੇ ਇਕ ਹਿੰਦੂ ਬਨਾਰਸੀ ਦਾਸ ਦੇ ਪੁੱਤਰ ਰੋਸ਼ਨ ਲਾਲ ਦੀ ਸ਼ਾਦੀ ਸੀ। ਬਨਾਰਸੀ ਦਾਸ ਦੇ ਦੋਸਤ ਅੰਮ੍ਰਿਤਸਰ ਦੇ ਹੀ ਰਹਿਣ ਵਾਲੇ 5 ਰਾਗੀ ਸਿੰਘ ਸਨ, ਜੋ ਮੰਦਰ ਵਿਚ ਸ਼ਾਦੀ ਵਿਚ ਸ਼ਾਮਲ ਹੋਣ ਲਈ ਗਏ ਦਰਵਾਜ਼ੇ ਤੋਂ ਹੀ ਮੰਦਰ ਦੇ ਪਹਿਰੇਦਾਰ ਨੇ ਕਿਹਾ ਕਿ, ਜੇ ਅੰਦਰ ਜਾਣਾ ਹੈ ਤਾਂ ਕ੍ਰਿਪਾਨਾਂ ਲਾਹ ਕੇ ਉੱਥੇ ਰੱਖ ਦਿਓ। ਇਹ ਰਾਗੀ ਸਿੰਘ ਸਨ, ਸੁਰਿੰਦਰਪਾਲ ਸਿੰਘ ਭਾਟੀਆ, ਕੁਲਦੀਪ ਸਿੰਘ ਭਾਟੀਆ, ਮੁਹਿੰਦਰ ਸਿੰਘ ਭਾਟੀਆ, ਤਰਲੋਕ ਸਿੰਘ ਭਾਟੀਆ ਤੇ ਸੁਰਜੀਤ ਸਿੰਘ। ਇਸ ਤੇ ਬਨਾਰਸੀ ਦਾਸ ਨੇ ਕਿਹਾ ਕਿ, ਮੇਰੇ ਦੋਸਤ ਹਨ। ਇਨ੍ਹਾਂ ਨੂੰ ਲੰਘ ਜਾਣ ਦਿਓ ਪਰ ਚੌਂਕੀਦਾਰ ਨੇ ਕਿਹਾ ਕਿ, ਇਨ੍ਹਾਂ ਦੇ ਮੂੰਹ ਤੇ ਦਾਹੜਾ ਹੈ ਤੇ ਕ੍ਰਿਪਾਨਾਂ ਪਾਈਆਂ ਹੋਈਆਂ ਹਨ, ਇਸ ਕਰਕੇ ਮੰਦਰ ਦੇ ਅੰਦਰ ਜਾਣ ਤੋਂ ਰੋਕ ਹੈ। ਖਾਲਸਾ ਜੀ, ਕਿਸੇ ਗੁਰੂਘਰ ਵਿਚ ਵੀ ਕਿਸੇ ਨੂੰ ਜਾਣ ਤੋਂ ਰੋਕ ਹੈ? ਮੈਨੂੰ ਇਹ ਰਾਗੀ ਸਿੰਘ ਘਟਨਾ ਦੱਸਣ ਆਏ ਪਰ ਮੈਂ ਵਧਾਈ ਦੇ ਕੇ ਕਿਹਾ ਕਿ, ਚੰਗਾ ਹੋਇਆ, ਤੁਹਾਡੀ ਵੀ ਅੱਖ ਖੁੱਲ੍ਹੀ। ਖਾਲਸਾ ਜੀ, ਪੰਜਵੇਂ ਪਾਤਸ਼ਾਹ ਨੂੰ ਤੱਤੀ ਤਵੀ ਤੇ ਬਿਠਾਉਣ ਵਾਲਾ, ਗੁਰੂ ਹਰਗੋਬਿੰਦ ਸਾਹਿਬ ਨੂੰ ਜ਼ਹਿਰ ਦੇਣ ਵਾਲਾ, ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲਾ ਇਨ੍ਹਾਂ 'ਚੋਂ ਤੇ ਇਨ੍ਹਾਂ ਦੇ ਜੰਞੂ ਤਿਲਕ ਖਾਤਰ ਕੁਰਬਾਨੀ ਦੇਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਇਹ ਕਹਿ ਰਹੇ ਹਨ ਕਿ ਉਨ੍ਹਾਂ ਦੀ ਮੌਤ ਘਰੇਲੂ ਕਾਰਨਾਂ ਕਰਕੇ ਸੀ, ਹਿੰਦੂਆਂ ਕਰਕੇ ਨਹੀਂ। ਏਨੀ ਅਕ੍ਰਿਤਘਣਤਾ ਜਿਸ ਕੌਮ ਵਿਚ ਆ ਜਾਵੇ, ਉਸ ਤੋਂ ਕੀ ਆਸ ਰੱਖੀ ਜਾ ਸਕਦੀ ਹੈ?

ਹਿੰਦੁਸਤਾਨ ਦਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਗੁਰਦਵਾਰਿਆਂ ਵਿਚੋਂ ਪ੍ਰਚਾਰ ਕਰਕੇ ਤੇ ਢੋਲਕੀ ਛੈਣੇ ਵਜਾ ਕੇ ਰੋਟੀ ਖਾਣ ਵਾਲਾ ਬੰਦਾ ਅੱਜ ਸਿੱਖਾਂ ਨੂੰ ਕੌਮ ਹੀ ਨਹੀਂ ਮੰਨਦਾ। ਸਾਰੀ ਦੁਨੀਆਂ ਸਿੱਖਾਂ ਨੂੰ ਕੌਮ ਮੰਨਦੀ ਹੈ ਪਰ ਇਹ ਚੱਪਲੀ - ਝਾੜ ਬੰਦਾ ਕਹਿੰਦਾ ਹੈ ਕਿ, ਸਿੱਖ ਕੌਮ ਨਹੀਂ ਹੈ। ਖਾਲਸਾ ਜੀ, ਦੁਨੀਆਂ ਵਿਚ ਉਸ ਮਨੁੱਖ ਦਾ ਮੂੰਹ ਕਾਲਾ ਕੀਤਾ ਜਾਂਦਾ ਹੈ, ਜਿਸ ਨੇ ਕੋਈ ਬਹੁਤ ਗੁਨਾਹ ਕੀਤਾ ਹੋਇਆ ਹੋਵੇ ਪਰ ਕਈਆਂ ਦੀ ਆਦਤ ਬਣ ਚੁੱਕੀ ਹੈ। ਉਹ ਆਪਣੇ ਆਪ ਹੀ ਆਪਣਾ ਮੂੰਹ ਕਾਲਾ ਕਰੀ ਫਿਰਦੇ ਹਨ।

ਖਾਲਸਾ ਜੀ, ਤੁਹਾਡਾ ਬਚਾਅ ਤਾਂ ਹੀ ਹੋ ਸਕਦਾ ਹੈ, ਜੇ ਹਥਿਆਰ ਕੋਲ ਹੋਣਗੇ। ਜੇ



Digitized by Panjab Digital Library | www.panjabdigilib.org

ਪੱਕੇ ਮਕਾਨਾਂ ਵਿਚ ਰਹਿੰਦੇ ਹੋ, ਤਾਂ ਕੱਚਿਆਂ ਵਿਚ ਰਹਿਣਾ ਸ਼ੁਰੂ ਕਰ ਦਿਓ। ਜੇ ਕੱਚਿਆਂ ਵਿਚ ਰਹਿੰਦੇ ਹੋ, ਤਾਂ ਕੁੱਲੀਆਂ ਵਿਚ ਰਹਿਣਾ ਸ਼ੁਰੂ ਕਰ ਦਿਓ, ਜੇ ਕੁੱਲੀਆਂ ਵਿਚ ਰਹਿੰਦੇ ਹੋ ਤਾਂ ਰੜੇ ਮੈਦਾਨ ਰਹਿਣਾ ਸ਼ੁਰੂ ਕਰ ਦਿਓ ਪਰ ਹਥਿਆਰ ਹਰ ਇਕ ਪਾਸ ਵਧੀਆ ਤੋਂ ਵਧੀਆ ਹੋਣਾ ਚਾਹੀਦਾ ਹੈ।

ਖਾਲਸਾ ਜੀ, ਮੈਂ ਪਹਿਲਾਂ ਵੀ ਕਈ ਵੇਰਾਂ ਬੇਨਤੀ ਕੀਤੀ ਸੀ ਕਿ ਪੰਜਾਬ ਕੇ ਮੁਖ ਮੰਤਰੀ ਜਕਰੀਆ ਖਾਨ ਨੂੰ ਬਦਲਿਆ ਜਾਏ। ਹੋਰ ਲੀਡਰ ਸਾਹਿਬਾਨ ਨੇ ਵੀ ਕਈ ਵਾਰ ਬੇਨਤੀਆਂ ਕੀਤੀਆਂ ਪਰ ਇੰਦਰਾ ਸਰਕਾਰ ਤੇ ਕੋਈ ਅਸਰ ਨਾ ਹੋਇਆ। ਪਤਾ ਹੈ ਕਿਉਂ? ਕਿਉਂਕਿ ਪੱਗ ਵਾਲੇ ਤੋਂ ਸਿੱਖਾਂ ਦੀਆਂ ਪੱਗਾਂ ਲੁਹਾਈਆਂ ਜਾ ਰਹੀਆਂ ਸਨ। ਪਰ ਜਦ ਹੁਣ ਕਿਸੇ ਨੇ ਸੱਤ ਗ਼ੈਰ - ਸਿੱਖਾਂ ਦਾ ਕਤਲ ਕਰ ਦਿੱਤਾ ਹੈ ਤਾਂ 24 ਘੰਟਿਆਂ ਵਿਚ ਮਨਿਸਟਰੀ ਤੋੜ ਦਿੱਤੀ ਹੈ। ਇਸ ਦਾ ਮਤਲਬ ਹੈ ਕਿ, ਹਿੰਦੂਆਂ ਦੇ ਖ਼ੂਨ ਦਾ ਦਰਦ ਹੈ ਪਰ ਸਿੱਖਾਂ ਦੇ 150 ਬੰਦਿਆਂ ਦੇ ਡੁੱਲ੍ਹੇ ਖ਼ੂਨ ਦਾ ਕੋਈ ਦਰਦ ਨਹੀਂ ਹੈ। ਇਸ ਦਾ ਮਤਲਬ ਸਿਰਫ ਇਹੀ ਹੈ ਕਿ, ਸਿੱਖੀ ਨੂੰ ਖਤਮ ਕਰਨਾ ਹੈ। ਬੀਬੀ ਇੰਦਰਾ ਕਹਿੰਦੀ ਹੈ ਕਿ, ਮੈਨੂੰ ਹਿੰਦੂ - ਸਿੱਖ ਇਕੋ ਜਿਹੇ ਹਨ ਪਰ ਜੇਕਰ ਉਸ ਨੂੰ ਇਕੋ ਜਿਹੇ ਹਨ ਤਾਂ ਸਰਕਾਰ ਦੱਸੇ ਕਿ, ਅਸ਼ੋਕ ਕੁਮਾਰ ਦੀ ਪਟਿਆਲੇ ਵਿਚ ਪੁਲਿਸ ਦੀ ਗੋਲੀ ਨਾਲ ਮੌਤ ਹੋ ਗਈ, 24 ਘੰਟਿਆਂ ਵਿਚ ਜੁਡੀਸ਼ੀਅਲ ਇਨਕੁਆਇਰੀ ਕਰਨ ਦਾ ਐਲਾਨ ਕਰ ਦਿੱਤਾ ਪਰ ਦੂਸਰੇ ਪਾਸੇ 150 ਤੋਂ ਵੱਧ ਸਿੰਘ ਮੋਰਚੇ ਦੁਰਾਨ ਪੁਲਿਸ ਨੇ ਝੂਠੇ ਮੁਕਾਬਲੇ ਬਣਾ ਕੇ ਮਾਰ ਦਿੱਤੇ ਹਨ। ਬਾਰ ਬਾਰ ਅਕਾਲੀ ਦਲ ਦੀ ਸਰਕਾਰ ਨੂੰ ਜੁਡੀਸ਼ੀਅਲ ਇਨਕੁਆਇਰੀ ਲਈ ਬੇਨਤੀ ਕਰਨ ਤੇ ਕੋਈ ਸੁਣਵਾਈ ਨਹੀਂ ਹੋਈ। ਜੇ ਬੀਬੀ ਇੰਦਰਾ ਕੋਲ ਇਸ ਗੱਲ ਦਾ ਉਤਰ ਹੈ ਤਾਂ ਅਖਬਾਰਾਂ ਵਿਚ ਦੇ ਦੇਵੇ। ਨਹੀਂ ਤਾਂ ਕਿਸ ਮੂੰਹ ਨਾਲ ਉਹ ਕਹਿੰਦੀ ਹੈ ਕਿ ਮੈਨੂੰ ਹਿੰਦੂ ਸਿੱਖ ਬਰਾਬਰ ਹਨ? ਚੌਕ ਮਹਿਤੇ ਦੀ ਇਨਕੁਆਇਰੀ ਜੁਡੀਸ਼ੀਅਲ ਹੋ ਚੁੱਕੀ ਹੈ ਪਰ ਉਸ ਨੂੰ ਲੋਕਾਂ ਵਿਚ ਨਹੀਂ ਲਿਆਉਂਦੀ ਕਿਉਂਕਿ ਉਹ ਸਰਕਾਰ ਦੇ ਖਿਲਾਫ ਜਾਂਦਾ ਹੈ। ਉਸ ਤਰ੍ਹਾਂ ਕਹਿੰਦੀ ਹੈ ਕਿ, ਮੇਰੇ ਮਨ ਵਿਚ ਸਿੱਖਾਂ ਲਈ ਦਰਦ ਹੈ। ਇਸ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਹਨ, ਜਿੱਥੇ ਸਿੱਖਾਂ ਨਾਲ ਸਰਕਾਰ ਦਾ ਸਿੱਧਾ ਵਿਤਕਰਾ ਹੈ। ਇਹ ਦਲੀਲਾਂ ਹਨ, ਭਾਵੁਕਤਾ ਦਾ ਲੈਕਚਰ ਨਹੀਂ। ਕੀ ਇੰਦਰਾ ਉਤਰ ਦੇਵੇਗੀ ਕਿ, ਗੁਰੂ ਗਰੰਥ ਸਾਹਿਬ ਦੇ ਜਾਲਣ ਦੀ ਜਾਂਚ ਕਿਉਂ ਨਹੀਂ ਹੋਈ? ਤੇ ਲ਼ਾਲਾ ਜਗਤ ਨਾਰਾਇਣ ਦੇ ਮਾਰ ਦੇਣ ਦੀ ਇਨਕੁਆਇਰੀ ਕਿਸ ਤਰ੍ਹਾਂ ਹੋ ਗਈ? ਕੀ ਇਹ ਦੱਸੇਗੀ ਕਿ, 1947 ਤੋਂ ਹੁਣ ਤੱਕ ਮਿਲਟਰੀ ਵਿਚ ਕਿਸੇ ਵੀ ਸਿੱਖ ਅਫਸਰ ਨੇ ਇਕ ਵੀ ਹਿੰਦੂ ਨੌਜਵਾਨਾਂ ਨੂੰ ਮਾਰਿਆ ਹੋਵੇ ਪਰ ਅਟਾਰੀ ਬਾਰਡਰ ਤੇ ਇਕ ਸਟੇਨ ਗੰਨ ਗੁਆਚ ਗਈ।

ਹਿੰਦੂ ਅਫਸਰ ਨੇ ਸੀਤਲ ਸਿੰਘ ਨੂੰ ਪਕੜਿਆ ਤੇ ਅਫਸਰ ਦੀ ਮਜੂਦਗੀ ਵਿਚ ਉਸ ਦੇ ਮੂੰਹ ਵਿਚ ਖਾਲਸਾ ਜੀ ਗੰਦਗੀ ਪਾਈ ਗਈ। ਅੱਖਾਂ ਵਿਚ ਮਿਰਚਾਂ ਪਾਈਆਂ , ਬਾਹਾਂ ਚੀਰ ਕੇ ਲੂਣ ਨਾਲ ਜਖਮ ਭਰ ਕੇ ਸੀਂ ਦਿਤੇ ਕਿਕਰ ਦੀਆਂ ਟਹਿਣੀਆਂ ਵਢ ਕੇ ਪਹਿਲੇ ਇਕ ਪਾਸਿਓ ਤੇ ਫਿਰ ਦੂਸਰੇ ਪਾਸਿਓ ਬਨ ਕੇ ਖਿਚਿਆ ਗਿਆ। ਕੀ ਉਸ ਦੀ ਇੰਨਕੁਆਰੀ ਹੋ ਗਈ ਹੈ। ਸਟੇਨ ਗੰਨ ਤਾਂ ਲਭ ਗਈ ਕਿਸੇ ਹੋਰ ਦੀ ਰਖੀ ਹੋਈ ਪਰ ਸੀਤਲ ਸਿੰਘ ਸਾਨੂੰ ਦਿਓ। ਮੇਰਠ ਵਿਚ ਦੋ ਬੈਰਲਾਂ ਗੁਆਚ ਗਈਆਂ ਹਿੰਦੂ ਤੋਂ ਪਰ ਕੁਟ ਕੇ ਮਾਰ ਦਿਤਾ ਫੀਰੋਜਪੁਰ ਜਿਲੇ ਦਾ, ਬੈਰਲਾ ਤਾਂ ਮਿਲ ਗਈਆਂ ਪਰ ਪਿਆਰਾ ਸਿੰਘ ਕਿਥੋਂ ਦੇਵੇਗੀ। ਇੰਦਰਾ ਕਹਿੰਦੀ ਹੈ ਕਿ ਮੈਂ ਹਿਟ ਲਿਸਟ ਬਣਾਈ ਹੈ ਜੇ ਸਾਬਤ ਕਰ ਦੇਵੇ ਕਿ ਮੈਂ ਕਿਸੇ ਨੂੰ ਕਿਹਾ ਹੈ ਕਿ ਹਿੰਦੂ ਮਾਰੋ ਤਾਂ ਮੈਂ ਆਪਣਾ ਸਿਰ ਵਢ ਕੇ ਦੀਵਾਨ ਵਿਚ ਰਖ ਦੇਵਾਂਗਾ। ਪਰ ਜੇ ਇਸ ਨੂੰ ਕੋਈ ਗੈਰਤ ਜਾਂ ਥੋੜੀ ਬਹੁਤ ਸ਼ਰਮ ਹੈ ਤਾਂ ਉਹਨਾ ਪਰਧਾਨ ਮੰਤਰੀ ਦਾ ਔਹਦਾ ਛੱਡ ਕੇ ਬਜ਼ਾਰਾ ਵਿਚ ਆ ਕੇ ਲੋਕਾਂ ਨੂੰ ਜਵਾਬ ਦੇਵੇ। ਜਿਸ ਨੇ ਇਸ ਨੂੰ ਕਿਹਾ ਹੈ ਕਿ ਲਿਸਟ



Digitized by Panjab Digital Library | www.panjabdigilib.org

ਬਣਾਈ ਹੈ ਉਹਨਾ ਨੂੰ ਇੰਟੈਰੋਗੇਟ ਕਰੇ ਕਿ ਲਿਸਟ ਕਿਥੇ ਹੈ ਜੇ ਲਿਸਟ ਸਾਬਤ ਕਰ ਦੇਵੇ ਮੈਂ ਗਰਿਫਤਾਰੀ ਦੇ ਦਿੰਦਾ ਹਾਂ। ਇਤਨਾਂ ਝੂਠ ਇਨਸਾਫ ਦੀ ਕੁਰਸੀ ਤੇ ਬੈਠ ਕੇ ਜੋ ਕਰਦਾ ਹੈ ਉਹ ਇਨਸਾਨ ਕਹਾਉਣ ਦਾ ਹੱਕਦਾਰ ਹੈ। ਇੰਦਰਾ ਕਹਿੰਦੀ ਹੈ ਕਿ "ਮੁਝੇ ਪਤਾ ਚਲਾ ਹੈ ਕਿ ਸਿੱਖ ਹਥਿਆਰ ਲੀਏ ਘੁੰਮ ਰਹੇ ਹੈ"। ਮੈਂ ਉਸ ਨੂੰ ਪੁਛਦਾ ਹਾਂ ਕਿ ਹਥਿਆਰ ਸਿੱਖਾਂ ਕੋਲ ਹੁੰਦੇ ਹਨ ਕਿ ਖੁਸਰਿਆ ਕੋਲ। ਅਸੀਂ ਇੰਦਰਾ ਨਾ ਤੇਰੇ ਸਿੱਖ ਹਾਂ ਨਾ ਤੇਰੇ ਪਿਓ ਦੇ। ਅਸੀਂ ਸਿੱਖ ਹਾ ਗੁਰੂ ਹਰ ਗੋਬਿੰਦ ਸਾਹਿਬ ਦੇ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ। ਸਾਡੇ ਪਿਤਾ ਦਾ ਹੁਕਮ ਹੈ ਕਿ :-

"ਬਿਨਾਂ ਸ਼ਸ਼ਤਰ ਕੇ ਸਿੰਘ ਨਰਨ ਭੇਡ ਜਾਣੋ  
ਗਹੇ ਕਾਲ ਤਾਪ ਕਿਤੇ ਨਾ ਸਧਾਨੋ  
ਇਹੀ ਮੋਰ ਆਗਿਆ ਹੇ ਸੁਣੋਰੇ ਪਿਆਰੇ  
ਬਿਨਾ ਸ਼ਸ਼ਤਰ ਕੇ ਸਿੰਘ ਨਾ ਦੇਣ ਦੀਦਾਰੇ"

ਤੂੰ ਦਿੱਲੀ ਬੈਠੀ ਮਸ਼ਕਰੀਆਂ ਕਰਦੀ ਹੈ। ਜੋ ਖਬਰ ਸਰਕਾਰ ਦੇ ਹੱਕ ਵਿਚ ਹਨ ਉਹ ਦਿੰਦੇ ਸਿੱਖਾਂ ਦੀ ਖਬਰ ਨਹੀਂ ਦਿੰਦੇ। ਹਿੰਦੂ ਕੋਲੋਂ 230 ਹਥਿਆਰ ਨਿਕਲਨ ਕੋਈ ਖਤਰਾ ਨਹੀਂ ਸਿੱਖ ਕੋਲ ਰਵਾਇਤੀ ਹਥਿਆਰ ਵੀ ਹੋਵੇ ਤਾਂ ਖਤਰਾ ਪੈਦਾ ਹੋ ਗਿਆ। ਹੈ ਕੋਈ ਜਵਾਬ ਇੰਦਰਾ ਕਹਿੰਦੀ ਹੈ ਕਿ "ਮੈਂ ਸੰਤ ਲੌਂਗੋਵਾਲ ਕੋ ਬੇਨਤੀ ਕਰਤੀ ਹੂੰ ਕਿ ਅਤਿਵਾਦੀਓ ਸੇ ਰਿਸ਼ਤਾ ਤੋੜ ਲੇ।" ਇਹ ਨਹੀਂ ਪਤਾ ਕਿ ਉਹ ਅਤਿਵਾਦੀ ਕਿਹਨੂੰ ਕਹਿੰਦੀ ਹੈ ਵੈਸੇ ਤਾਂ ਇੰਦਰਾ ਸਰਕਾਰ ਲਈ ਸਾਰੇ ਹੀ ਪੱਗ ਵਾਲੇ ਅਤਿਵਾਦੀ ਹਨ। ਮੈਂ ਸਰਕਾਰ ਨੂੰ ਚੈਲਿੰਜ ਕਰਦਾ ਹਾਂ ਸਰਕਾਰ ਦੇਵੇ ਆਪਣੀ ਪੁਲਿਸ ਨਾਲ,ਮੈਂ ਹਿੰਦੂ ਮੰਦਰਾਂ ਵਿਚੋਂ ਹਥਿਆਰ ਸਟੇਨਾਂ ਤੇ ਗਰਨੇਡ ਫੜਾਉਂਦਾ ਹਾਂ। ਦਸੋ ਕੀ ਸਜ਼ਾ ਦੇਵੇਗੀ। ਖਾਲਸਾ ਜੀ ਸਾਵਧਾਨ ਰਹੋ ਇਹ ਰਾਸ਼ਟਰ ਪਤੀ ਰਾਜ ਜੋ ਲਾਗੂ ਕੀਤਾ ਹੈ ਉਹ ਦਰਬਾਰ ਸਾਹਿਬ ਵਿਚ ਦਾਖਲ ਹੋਣ ਦਾ ਬਹਾਨਾ ਹੈ। ਕਿਤੇ ਬੰਬ ਸਟਾਉਣਾ, ਕਿਤੇ ਹਿੰਦੂ ਮਾਰ ਦੇਣਾ, ਮੰਦਰ ਵਿਚ ਬੰਬ ਸੁਟਾ ਦਿਤਾ ਕਿਤੇ ਸਿਪਾਹੀ ਮਾਰ ਦੇਣਾ, ਠਾਣੇਦਾਰ ਮਾਰ ਦਿਤਾ ਕਿਤੇ ਬੈਂਕ ਵਿਚ ਡਾਕਾ ਪੁਆ ਦੇਣਾ ਸਭ ਸਰਕਾਰ ਦੇ ਕਾਰੇਹਨ ਤੇ ਇਹ ਸਭ ਕੁਝ ਹਿੰਦੂਆ ਵਿਚ ਦਹਿਸ਼ਤ ਫੈਲਾਉਣ ਲਈ ਹੈ ਅਤੇ ਹਰਿਮੰਦਰ ਸਾਹਿਬ ਵਿਚ ਦਾਖਲ ਹੋਣ ਦੇ ਬਹਾਨੇ ਹਨ। ਅੱਜ ਤਾਂ ਸਾਰੇ ਅਖਬਾਰਾਂ ਵਾਲਿਆਂ ਨੇ ਵੀ ਲਿਖਿਆ ਹੈ ਕਿ ਮੰਦਰ ਵਿਚ ਬੰਬ ਸੁਟਣ ਵਾਲਾ ਵੀ ਹਿੰਦੂ ਹੀ ਸੀ। ਇਕ ਪਾਸੇ ਕਹਿੰਦੇ ਹਨ ਕਿ ਭਿੰਡਰਾਂ ਹਿੰਦੂਆਂ ਦਾ ਵੈਰੀ ਹੈ ਤੇ ਸਾਨੂੰ ਅਤਿਵਾਦੀ ਕਹਿੰਦੇ ਹੋ ਤੇ ਇਹ ਬੰਬ ਸੁਟਣ ਵਾਲੇ ਨੂੰ ਕੀ ਕਹੋਗੇ ? ਆਹ ਥਾਰਾ ਸਿੰਘ ਬੈਠਾ ਹੈ ਇਸ ਨੂੰ ਸਰਕਾਰ ਕਹਿੰਦੀ ਹੈ ਕਿ ਡਾਕੂ ਹੈ ਹਿੰਦੂਆਂ ਦਾ ਵੈਰੀ ਹੈ ਇਸ ਨੇ ਕੰਮ ਕੀ ਕੀਤਾ ਹੈ ਗੁਰਦਾਸਪੁਰ ਵਿਚ ਇਕ ਗੁਰਦਵਾਰਾ ਬਣਾਇਆ ਤੇ ਇਕ ਮੰਦਰ। ਇੰਦਰਾ ਕਹਿੰਦੀ ਹੈ ਕਿ ਭਿੰਡਰਾਂ ਹਿੰਦੂਆ ਦਾ ਵੈਰੀ ਹੈ ਤੇ ਮੰਦਰ ਢਾਹੁੰਦਾ ਹੈ ਪਰ ਮੇਰੇ ਨਾਲ ਦੇ ਜਿੰਮੇਵਾਰ ਸੱਜਣ ਮੰਦਰ ਬਣਾਉਂਦੇ ਹਨ। ਇਹ ਸਭ ਕੁਝ ਸਿੱਖਾਂ ਨੂੰ ਬਦਨਾਮ ਕਰਨ ਲਈ ਹੈ। ਤੁਸੀ ਅੰਦਾਜਾ ਆਪ ਲਾਓ ਕਿ ਮੈਂ ਮੰਦਰ ਢਾਉਣ ਦੇ ਹੱਕ ਵਿਚ ਹਾਂ। ਸਾਡੇ ਗੁਰੂ ਨੇ ਤਾਂ ਮੰਦਰਾਂ ਵਾਲਿਆਂ ਖਾਤਰ ਸਭ ਕੁਝ ਵਾਰ ਦਿੱਤਾ ਪਰ ਇਹ ਗੁਰਦਵਾਰੇ ਢਾਹੁਣ ਵਾਲਿਆਂ ਨੂੰ ਪੈਸੇ ਦਿੰਦੀ ਹੈ। ਨਰਕਧਾਰੀਆਂ ਨੂੰ ਤੇ ਦੇਹਧਾਰੀਆਂ ਨੂੰ ਪੈਸੇ ਦਿੰਦੀ ਹੈ। ਖਾਲਸਾ ਜੀ ਦਸੋ ਕਿ ਨਫਰਤ ਮੈਂ ਫੈਲਾ ਰਿਹਾ ਹਾਂ ਕਿ ਇੰਦਰਾ। ਜੋ ਸਿੱਖ ਖਰਾਬ ਕਰਦੇ ਹਨ ਤਾਂ ਜੁਦੇ ਕਰ ਦਿਓ। ਬਾਬਾ ਥਾਰਾ ਸਿੰਘ 6 ਹਜ਼ਾਰ ਰੁਪੈਏ ਦੀ ਮੰਦਰ ਵਿਚ ਮੂਰਤੀ ਲਾ ਆਇਆ ਮੈਂ ਪੁਛਿਆ ਕਿ ਇਹ ਕਾਹਦੇ ਲਈ ਲਾਈ ਹੈ ਕਹਿਣ ਲਗਾ ਕਿ ਕੁਝ ਹਿੰਦੂ ਜੇਲ ਵਿਚ ਮੇਰੇ ਨਾਲ ਸਨ ਜੋ ਕਿ ਰੋਣ ਲਗ ਪਏ ਕਿ ਮੂਰਤੀ ਲਵਾ ਦਿਓ ਮੈਂ ਲਵਾ ਦਿਤੀ। ਮੈਂ ਕਿਹਾ ਕਿ ਜੇ 6 ਹਜ਼ਾਰ ਦੀ 303 ਦੀ ਰਾਈਫਲ ਲਈ ਹੋਈ ਹੁੰਦੀ ਤਾਂ ਕਿਤੇ ਕੰਮ ਆਉਂਦੀ। ਗੁਰਦਵਾਰੇ ਤੇ ਮੰਦਰ ਬਣਾਓ ਤਾਂ ਵੀ ਅਤਿਵਾਦੀ। ਮੂਰਤੀ ਕੋਲੋਂ ਪੈਸੇ ਲਾ ਕੇ ਲਾ ਦਿਓ ਤਾਂ



Digitized by Panjab Digital Library | www.panjabdigilib.org

ਵੀ ਅਤਿਵਾਦੀ। ਇਹ ਖਿਆਲ ਰਖਿਓ ਕ੍ਰਿਪਾਨ ਏਕਤਾ ਦੀ ਪ੍ਰਤੀਕ ਹੈ ਤੇ ਕੈਂਚੀ ਦੁਬਾਸਾ ਦੀ ਪ੍ਰਤੀਕ ਹੈ।

## ਅਡੋਲ ਨਿਸਚਾ

ਮਾਨਾਵਾਲੇ ਕਾਂਡ ਵਿਚ ਸਿੰਘਾਂ ਦਾ ਕਲਗੀਧਰ ਤੇ ਅਡੋਲ ਨਿਸ਼ਚਾ ਸੀ ਇਸੇ ਕਰਕੇ ਪੁਲਸ ਵਲੋਂ ਹੱਥ ਗੋਲੇ ਸੁਟਣ ਦੇ ਬਾਵਜੂਦ ਅਨੇਕਾਂ ਫਾਇਰਿੰਗ ਕਰਨ ਤੇ ਵੀ , ਅਗਲਾ ਤੇ ਇਕ ਪਿਛਲਾ ਟਾਇਰ ਫਟਨ ਤੇ ਵੀ ਅਤੇ ਇਕ ਸ਼ਹੀਦ ਦੇ.ਬਾਕੀ ਫਟੜ ਹੋਣ ਦੇ ਬਾਵਜੂਦ ਇਜੰਨ ਨੂੰ ਅੱਗ ਲਗਣ ਤੇ ਵੀ ਜੀਪ ਸੁਰਖਿਅਤ ਥਾਂ ਵਾਪਸ ਪੁਜ ਜਾਏ,ਕੀ ਕੋਈ ਮਹਾਤਮਾਂ ਜਾਂ ਸੰਤ ਕਹਿ ਸਕਦਾ ਹੈ ਕਿ ਬਿਨਾਂ ਗੁਰੂ ਸਾਹਿਬ ਦੀ ਕ੍ਰਿਪਾ ਦੇ ਇਹ ਕ੍ਰਿਸ਼ਮਾ ਹੋ ਸਕਦਾ ਸੀ। ਗਲ ਸਿਰਫ ਅਡੋਲ ਭਰੋਸੇ ਦੀ ਹੈ। ਨਿਸ਼ਚਾ ਹੋਵੇਗੀ ਤਾਂ ਕਾਰਜ ਵੀ ਪੂਰਾ ਹੋਇਗਾ। ਹਿਰਸ ਤੇ ਲਾਲਸਾ ਮਿਟਾ ਕੇ ਪੂਰੇ ਨਿਸ਼ਚੇ ਨਾਲ ਕੰਮ ਕਰੋ। ਨਿਸ਼ਾਨ ਹਮੇਸ਼ਾ ਉਹਨਾਂ ਲੋਕਾਂ ਦੇ ਝੁੱਲਦੇ ਹਨ ਜਿਨਾਂ ਨਿਸ਼ਾਂਨ ਨੂੰ ਮੰਜ਼ਲ ਸਮਝਿਆ ਹੋਵੇ ਜਿਨਾਂ ਨੇ ਕੁਰਸੀ ਨੂੰ ਮੰਜਲ ਸਮਝਿਆ ਹੋਵੇ ਉਹਨਾਂ ਦੇ ਨਿਸ਼ਾਨ ਨਹੀਂ ਝੁਲਦੇ। ਜੋ ਜਾਤੀ ਲਾਲਚ ਬਦਲੇ ਕੌਮ ਦਾ ਧਾਨ ਖਾਈ ਜਾਣ ਉਹਨਾਂ ਦੇ ਨਿਸ਼ਾਂਨ ਨਹੀਂ ਝੁਲਦੇ। ਜਿਨਾਂ ਨੇ ਮੌਤ ਨੂੰ ਆਪਣੀ ਖਿਡਾਵੀ ਸਮਝਦੇ ਹਨ ਉਹਨਾਂ ਦੇ ਨਿਸ਼ਾਂਨ ਝੂਲਦੇ ਹਨ। ਨਿਸ਼ਾਂਨ ਸਾਹਿਬ ਹਮੇਸ਼ਾ ਲਹਿਰਾਇਆ ਜਾਂਦਾ ਹੈ।

ਕਿਸੇ ਵੀ ਰਾਜ ਦੀ ਜਦੋਂ ਸਥਾਪਨਾ ਹੋਈ ਹੈ ਤਾਂ ਤਲਵਾਰ ਦੇ ਜੋਰ ਹੋਈ ਹੈ। ਸ਼ਾਂਤ ਮਈ ਨਾਲ ਨਹੀਂ ਹੋਇਆ। ਰਾਜ ਦੀ ਸਿਰਜਨਾ ਹਮੇਸ਼ਾ ਹੀ ਖੰਡੇ , ਤਲਵਾਰ ਜਾਂ ਤਾਕਤ ਨਾਲ ਹੋਈ ਹੈ ਜ਼ਾਲਮ ਹਮੇਸ਼ਾ ਡੰਡੇ ਨਾਲ ਸੂਤ ਆਇਆ ਹੈ।

## ਗੁਰੂ ਦੇ ਸਿੱਖ ਕਿ ਬਾਹਮਣੀ ਦੇ

ਮੈਂ ਸਭ ਨੂੰ ਇਹੀ ਕਹਾਂਗਾ ਕਿ ਸਾਰੇ ਹਥਿਆਰ ਰਖੋ। ਪਸਤੌਲ ਤੋਂ ਲੈ ਕੇ ਕਾਰਬੀਨ ਤੱਕ ਦੇ ਹਥਿਆਰ ਆਨੰਦਪੁਰ ਦੇ ਮਤੇ ਅਨੁਸਾਰ ਰਖਣੇ ਜਾਇਜ਼ ਹਨ। ਜੇ ਕੋਈ ਪੁਲਿਸ ਵਾਲਾ ਪੁਛਦਾ ਹੈ ਤਾਂ ਆਨੰਦਪੁਰ ਦਾ ਮਤਾ ਦਿਖਾ ਦਿਓ ਜੇ ਫੇਰ ਵੀ ਨਹੀਂ ਹਟਦਾ ਤਾਂ ਤਿੰਨ ਬੱਖੀ ਵਿਚ ਦੀ ਲੰਘਾ ਕੇ ਅਗੇ ਤੁਰ ਜਾਓ। ਜੇ ਤਾਂ ਗੁਰੂ ਦੇ ਸਿੱਖ ਹੋ ਤਾਂ ਤੇ ਗੁਰੂ ਦੀ ਗਲ ਮੰਨੋ ਜੇ ਬਾਹਮਣੀ ਦੇ ਸਿੱਖ ਹੋ ਤਾਂ ਬਾਹਮਣੀ ਦੀ ਗਲ ਮੰਨੋ। ਹਿੰਦਸਤਾਨ ਦੇ ਵਿਧਾਨ ਤੇ ਸਿੱਖਾਂ ਨੇ ਦਸਖਤ ਨਹੀਂ ਕੀਤੇ। ਇਸ ਕਰਕੇ ਅਸੀਂ ਇਸ ਨੂੰ ਮੰਨਦੇ ਨਹੀਂ ਪਰ ਕੀ ਕਿਸੇ ਸਿੱਖ ਵਜ਼ੀਰ ਨੇ ਅਜ ਤੱਕ ਇਹ ਕਿਹਾ ਕਿ ਮੈਂ ਇਸ ਵਿਧਾਨ ਦੀ ਸੌਂਹ ਨਹੀਂ ਖਾਂਦਾ। ਅਸੀਂ ਤਾਂ ਪੂਰੇ ਸਿੱਖ ਨਹੀਂ ਹਾਂ ਤੇ ਰਾਜ ਕਿਵੇਂ ਮਿਲੇਗਾ। ਆਪਾਂ ਗੁਲਾਮ ਹਾਂ ਤਾਂ ਲਾਲਚੀ ਲੀਡਰਾਂ ਕਾਰਨ ਹਾਂ ਜੋ ਧਰਮ ਨਾਲੋਂ ਕੁਰਸੀ ਨੂੰ ਪਹਿਲ ਦਿੰਦੇ ਹਨ।



Digitized by Panjab Digital Library | www.panjabdigilib.org

## ਸ਼ਹੀਦਾਂ ਦੀ ਸੇਵਾ:

ਸੰਤਾਂ ਦਾ ਕਹਿਣਾ ਸੀ ਕਿ, ਜੇ ਕੋਈ ਸ਼ਹੀਦਾਂ ਦੇ ਪਰਵਾਰਾਂ ਦੀ ਸੇਵਾ ਕਰਨੀ ਚਾਹੁੰਦਾ ਹੈ ਤਾਂ ਇਸ ਕੰਮ ਲਈ ਫਾਲ ਇਕੱਠੀ ਕਰਨ ਆਏ ਕਿਸੇ ਜਥੇ ਨੂੰ ਕੋਈ ਪੈਸਾ ਨਾ ਦਿਓ। ਅਸੀਂ ਸ਼ਹੀਦਾਂ ਦੇ ਪਰਵਾਰਾਂ ਦੀ ਲਿਸਟ ਭੇਜ ਦਿੰਦੇ ਹਾਂ। ਪੈਸੇ ਸਿੱਧੇ ਉਨ੍ਹਾਂ ਨੂੰ ਭੇਜੋ। ਜਾਂ ਜੇ ਇਥੇ ਆ ਕੇ ਆਪ ਪੈਸੇ ਦੇਣੇ ਚਾਹੋ ਤਾਂ ਜਥੇ ਦੀ ਜੀਪ ਅਤੇ ਡਰਾਈਵਰ ਨਾਲ ਜਾਏਗਾ। ਸ਼ਹੀਦਾਂ ਦੇ ਘਰੀਂ ਤੁਹਾਨੂੰ ਉਪੜਾਏਗਾ ਤੇ ਆਪ ਜਾ ਕੇ ਸੇਵਾ ਕਰੋ। ਉਨ੍ਹਾਂ ਕਿਹਾ ਸੀ ਕਿ, ਅਸੀਂ ਪੈਸੇ ਕਿਸੇ ਤੋਂ ਮੰਗਦੇ ਨਹੀਂ। ਜੇ ਤੁਹਾਨੂੰ ਜਥੇ ਤੇ ਇਤਬਾਰ ਹੈ ਤਾਂ ਪੈਸੇ ਜਥੇ ਨੂੰ ਭੇਜ ਦਿਓ, ਉਹ ਸ਼ਹੀਦਾਂ ਦੀ ਸੇਵਾ ਵਿਚ ਪੁੱਜ ਜਾਣਗੇ। ਉਨ੍ਹਾਂ ਕਿਹਾ ਸੀ ਕਿ, ਮੈਨੂੰ ਪਤਾ ਲੱਗਾ ਹੈ ਕਿ, ਵਿਦੇਸ਼ਾਂ ਵਿਚ ਕਈ ਜਥੇ ਸ਼ਹੀਦਾਂ ਦੇ ਪਰਵਾਰਾਂ ਲਈ ਪੈਸੇ ਇਕੱਤਰ ਕਰ ਰਹੇ ਹਨ ਪਰ ਇਥੇ ਕਿਸੇ ਸ਼ਹੀਦ ਦੇ ਪਰਵਾਰ ਨੂੰ ਕੋਈ ਪੈਸਾ ਪੁੱਜਣ ਦੀ ਖਬਰ ਸਾਨੂੰ ਨਹੀਂ ਮਿਲੀ।

## ਹਿੰਦੂ ਭਰਾ ਹਨ:

ਸੰਤਾਂ ਦਾ ਕਹਿਣਾ ਸੀ ਕਿ, ਹਿੰਦੂ ਸਾਡੇ ਭਰਾ ਹਨ। ਮੈਂ ਚਾਹੁੰਦਾ ਹਾਂ ਕਿ ਹਿੰਦੂ ਸੱਚਾ ਹਿੰਦੂ ਬਣੇ ਤੇ ਸਿੱਖ ਸੱਚਾ ਸਿੱਖ ਬਣੇ।

## ਅਕਾਲੀ ਦਲ ਜ਼ਿੰਮੇਵਾਰੀ ਨਹੀਂ ਲੈਂਦਾ:

ਸੰਤਾਂ ਨੇ ਜ਼ੋਰਦਾਰ ਸ਼ਬਦਾਂ ਵਿਚ ਗਿਲਾ ਕੀਤਾ ਸੀ ਕਿ, ਕੋਈ ਹਵਾਈ ਜਹਾਜ਼ ਅਗਵਾਹ ਹੋਵੇ, ਕੋਈ ਹਿੰਦੂ ਮਾਰਿਆ ਜਾਏ, ਕੋਈ ਖਾਲਿਸਤਾਨ ਦੀ ਮੰਗ ਕਰੇ ਜਾਂ ਕੋਈ ਪੰਥਕ ਕੰਮ ਕਰੇ, ਅਕਾਲੀ ਦਲ ਦਾ ਇਕੋ ਹੀ ਘੜਿਆ ਘੜਾਇਆ ਉਤਰ ਹੁੰਦਾ ਹੈ ਕਿ, ਸਾਡਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਸੰਤ ਕਹਿੰਦੇ ਸਨ ਕਿ ਸਿੱਖਾਂ ਦਾ ਧਾਰਮਿਕ ਹਥਿਆਰ ਕ੍ਰਿਪਾਨ ਏਕਤਾ ਦਾ ਪ੍ਰਤੀਕ ਹੈ ਜਦ ਕਿ ਕੈਂਚੀ ਫਿਰਕਾਪ੍ਰਸਤੀ ਦੀ ਪ੍ਰਤੀਕ ਹੈ।

ਸਿੱਖ ਧਰਮ ਬਾਰੇ ਉਨ੍ਹਾਂ ਬਾਰ ਬਾਰ ਕਿਹਾ ਕਿ, ਸਿੱਖਾਂ ਦੇ ਗੁਰਦਵਾਰਿਆਂ ਦੇ ਚਾਰ ਦਰਵਾਜ਼ੇ ਹੁੰਦੇ ਹਨ। ਇਸ ਦਾ ਭਾਵ ਹੈ ਕਿ, ਸਭ ਮਜ਼ੁਬਾਂ, ਧਰਮਾਂ ਅਤੇ ਹਰ ਥਾਂ ਦੇ ਲੋਕਾਂ ਲਈ ਇਹ ਦਰਵਾਜ਼ਾ ਖੁੱਲ੍ਹਾ ਹੈ ਪਰ ਕਿਸੇ ਮੰਦਰ ਜਾਂ ਮਸਜਦ ਦੇ ਚਾਰ ਦਰਵਾਜ਼ੇ ਨਹੀਂ ਹੁੰਦੇ। ਮਸੀਤ ਤੇ ਮੰਦਰ ਵਿਚ ਗ਼ੈਰ - ਮੁਸਲਮਾਨ ਨਹੀਂ ਜਾ ਸਕਦਾ ਪਰ ਗੁਰੂਘਰ ਸਭ ਮਨੁੱਖਤਾ ਲਈ ਖੁੱਲ੍ਹੇ ਹਨ।

ਉਨ੍ਹਾਂ ਕਿਹਾ ਸੀ ਕਿ, ਸਿੱਖ ਧਰਮ ਵਿਚ ਸਭ ਔਰਤਾਂ ਤੇ ਮਰਦ ਬਰਾਬਰ ਹਨ ਜਦ ਕਿ ਹੋਰ ਕਿਸੇ ਧਰਮ ਵਿਚ ਨਹੀਂ ਹਨ। ਹਿੰਦੂ ਔਰਤ ਜਨੇਊ ਨਹੀਂ ਪਾ ਸਕਦੀ, ਤਿਲਕ ਨਹੀਂ ਲਾ ਸਕਦੀ, ਟੋਪੀ ਨਹੀਂ ਰੱਖ ਸਕਦੀ। ਇਸੇ ਤਰ੍ਹਾਂ ਹੀ ਮੁਸਲਮਾਨ ਔਰਤਾਂ ਮਸਜਦ ਵਿਚ ਨਮਾਜ਼ ਅਲੱਗ ਪੜ੍ਹ ਸਕਦੀਆਂ ਹਨ, ਰਲ ਕੇ ਨਹੀਂ। ਪਰ ਸਿੱਖ ਔਰਤਾਂ ਵਿਚ ਬਰਾਬਰਤਾ ਹੈ। ਉਹ ਵੀ ਸਿੰਘਾਂ ਦੀ ਤਰ੍ਹਾਂ ਅੰਮ੍ਰਿਤ ਛਕ ਸਕਦੀਆਂ ਹਨ।



Digitized by Panjab Digital Library | www.panjabdigilib.org

ਸੰਤ ਭਿੰਡਰਾਂ ਅਕਾਲੀ ਦਲ ਦੀ ਸ਼ਾਂਤਮਈ ਦੀ ਪਾਲਿਸੀ ਦੀ ਬੁਰੀ ਤਰ੍ਹਾਂ ਨਿਖੇਧੀ ਕਰਦੇ ਹਨ। ਉਹ ਕਹਿੰਦੇ ਹਨ ਕਿ 12-13 ਪੀੜ੍ਹੀਆਂ ਹੋ ਗਈਆਂ ਹਨ, ਕੁੱਟ ਖਾਈ ਜਾਂਦੇ ਹਾਂ। ਆਖਰ ਕਿਸੇ ਗੱਲ ਦੀ ਹੱਦ ਹੁੰਦੀ ਹੈ। ਮਸਲੇ ਕੇਵਲ ਸ਼ਾਂਤਮਈ ਨਾਲ ਹੀ ਹੱਲ ਨਹੀਂ ਹੁੰਦੇ ਤਲਵਾਰ ਵੀ ਚੁੱਕਣੀ ਪੈਂਦੀ ਹੈ।

ਸੰਤ ਕਹਿੰਦੇ ਸਨ ਕਿ ਪਹਿਲਾਂ ਕਿਸੇ ਤੇ ਵਾਰ ਨਾ ਕਰੋ, ਪਰ ਕੀਤੇ ਹੋਏ ਵਾਰ ਦਾ ਉਤਰ ਜ਼ਰੂਰ ਦਿਓ। ਜਿਤਨਾ ਵਾਰ ਕਰਨਾ ਮਾੜਾ ਹੈ, ਉਤਨਾ ਹੀ ਵਾਰ ਦਾ ਉਤਰ ਨਾ ਦੇਣਾ ਮਾੜਾ ਹੈ। ਕੌਮ ਤੇ ਕੀਤੇ ਹੋਏ ਜ਼ੁਲਮ ਦਾ ਬਦਲਾ ਜ਼ਰੂਰ ਲਓ।

ਸੰਤ ਕਹਿੰਦੇ ਸਨ ਕਿ, ਇਤਿਹਾਸ ਵਿਚ ਕਿੱਥੇ ਲਿਖਿਆ ਹੋਇਆ ਹੈ ਕਿ ਕੇਵਲ ਸ਼ਾਂਤਮਈ ਰਹਿ ਕੇ ਕੁੱਟ ਖਾਈ ਜਾਓ? ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਹੋਈ, ਗੁਰੂ ਹਰਗੋਬਿੰਦ ਸਾਹਿਬ ਨੇ ਤਲਵਾਰ ਉਠਾਈ। ਫੌਜਾਂ ਰੱਖੀਆਂ, ਅਕਾਲ ਤਖਤ ਬਣਾਇਆ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਹਕੂਮਤ ਨੂੰ ਨੱਕ ਰਾਹੀਂ ਚਣੇ ਚੁਬਾਏ। ਸਾਹਿਬਜ਼ਾਦੇ ਸ਼ਹੀਦ ਹੋਏ, ਬਾਬਾ ਬੰਦਾ ਬਹਾਦਰ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਸੰਤਾਂ ਨੇ ਅਕਾਲੀ ਦਲ ਤੇ ਭਾਰੀ ਗਿਲਾ ਕਰਦਿਆਂ ਬਾਰ ਬਾਰ ਕਿਹਾ ਹੈ ਕਿ, ਜੇ ਅਕਾਲੀ ਦਲ ਨੇ ਗੁਰੂ ਇਤਿਹਾਸ ਨਹੀਂ ਮੰਨਣਾ, ਸਿੱਖ ਇਤਿਹਾਸ ਨਹੀਂ ਮੰਨਣਾ ਤਾਂ ਫਿਰ ਕੀ ਮੰਨਣਾ ਹੈ? ਗੁਰੂ ਇਤਿਹਾਸ ਵਿਚ ਕਿਤੇ ਕੋਈ ਸ਼ਾਂਤੀ ਨਹੀਂ ਹੈ, ਸਿੱਖ ਇਤਿਹਾਸ ਵਿਚ ਕੋਈ ਸ਼ਾਂਤੀ ਨਹੀਂ ਹੈ। ਸਿਰਫ ਪਹਿਲ ਨਹੀਂ ਕਰਨੀ ਹੈ ਤੇ ਬਦਲਾ ਜ਼ਰੂਰ ਲੈਣਾ ਹੈ।

## ਨੌਜਵਾਨਾਂ ਦਾ ਸੁਰੱਖਿਅਕ:

ਸੰਤਾਂ ਨੇ ਕਿਹਾ ਕਿ, ਨੌਜਵਾਨ ਕਹਿੰਦੇ ਹਨ ਕਿ, ਸਾਨੂੰ ਕੋਈ ਸਾਂਭਦਾ ਨਹੀਂ ਹੈ। ਸਾਨੂੰ ਕੋਈ ਕੰਮ ਨਹੀਂ ਦੱਸਦਾ ਕਿ ਕੀ ਕਰੀਏ। ਸੰਤਾਂ ਨੇ ਕਿਹਾ ਕਿ ਮੈਂ ਪਹਿਲਾਂ ਵੀ ਬਹੁਤ ਵੇਰਾਂ ਕਹਿ ਚੁੱਕਾ ਹਾਂ। ਅੱਜ ਅਕਾਲ ਤਖਤ ਸਾਹਿਬ ਵਿਚ ਫਿਰ ਕਹਿ ਰਿਹਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਹੇਠ ਲਿਖੇ ਕੰਮ ਕੀਤੇ ਹਨ:

- ਗੁਰੂ ਗਰੰਥ ਸਾਹਿਬ ਦੇ ਸਰੂਪ ਜਾਲੇ ਹਨ,
- ਗੁਰੂ ਗਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ,
- ਕੇਸਰੀ ਨਿਸ਼ਾਨ ਸਾਹਿਬ ਨੂੰ ਅੱਗਾਂ ਲਾਈਆਂ,
- ਕੇਸਰੀ ਨਿਸ਼ਾਨ ਸਾਹਿਬ ਪੁੱਟ ਕੇ ਸੁੱਟੇ,
- ਗੁਰਦਵਾਰਿਆਂ ਦੀ ਪਵਿੱਤ੍ਰਤਾ ਭੰਗ ਕੀਤੀ,
- ਬੀਬੀਆਂ ਨੂੰ ਨੰਗੀਆਂ ਕਰਕੇ ਪਿੰਡ ਵਿਚ ਫੇਰਿਆ,
- ਬੇਦੋਸ਼ੇ ਤੇ ਮਜ਼ਲੂਮ ਸਿੱਖਾਂ ਦਾ ਖ਼ੂਨ ਕੀਤਾ,

ਇਨ੍ਹਾਂ ਪ੍ਰਤੀ ਸਰਕਾਰ ਨੇ, ਕਿਉਂ , ਕੁਝ ਨਹੀਂ ਕੀਤਾ, ਇਸ ਕਰਕੇ ਸਾਡਾ ਫਰਜ਼ ਬਣ ਜਾਂਦਾ ਹੈ ਕਿ, ਅਸੀਂ ਇਨ੍ਹਾਂ ਤੋਂ ਬਦਲਾ ਲਈਏ। ਇਨ੍ਹਾਂ ਨੂੰ ਜੋ ਗੱਡੀ ਚੜ੍ਹਾ ਕੇ ਆਏਗਾ, ਮੈਂ ਉਨ੍ਹਾਂ ਨੂੰ ਸਾਂਭਾਂਗਾ। ਪਰ ਖਿਆਲ ਰੱਖਣਾ ਚਾਹੀਦਾ ਹੈ ਕਿ, ਆਪਣੀ ਜ਼ਾਤੀ ਲਾਗ ਡਾਟ ਕਰਕੇ ਜੇ ਕਿਸੇ ਨੇ ਖ਼ੂਨ ਖਰਾਬਾ ਕੀਤਾ ਤਾਂ ਉਸ ਨੂੰ ਵੀ ਗੱਡੀ ਚੜ੍ਹਾ ਦਿੱਤਾ ਜਾਏਗਾ। ਖਿਆਲ ਰੱਖਣਾ ਚਾਹੀਦਾ ਹੈ ਕਿ, ਕਿਸੇ ਨੂੰ ਨਾਜਾਇਜ਼ ਤੰਗ ਕਰਨਾ ਸਿੱਖ ਧਰਮ ਦਾ ਕੰਮ ਨਹੀਂ ਹੈ।



Digitized by Panjab Digital Library | www.panjabdigilib.org

## ਸੰਤ ਭਿੰਡਰਾਂ ਦੀ ਸ਼ਖਸੀਅਤ:

ਭਾਵੇਂ ਇਹ ਸਾਰੀ ਕਿਤਾਬ ਵਿਚੋਂ ਸੰਤ ਭਿੰਡਰਾਂ ਦੀ ਸ਼ਖਸੀਅਤ, ਸੁਭਾਅ ਤੇ ਕਰਮ ਆਪਣੇ ਆਪ ਹੀ ਝਲਕ ਰਹੇ ਹਨ ਪਰ ਫਿਰ ਵੀ ਸੰਖੇਪ ਵਿਚ ਉਨ੍ਹਾਂ ਪ੍ਰਤੀ ਵੱਖਰੇ ਤੌਰ ਤੇ ਲਿਖ ਦੇਣਾ ਜ਼ਰੂਰੀ ਹੈ ।

ਵਿਸ਼ਵ ਦੇ ਜਿੰਨੇ ਵੀ ਵੱਡੇ ਵੱਡੇ ਪੱਤਰਕਾਰ ਉਨ੍ਹਾਂ ਨੂੰ ਮਿਲੇ, ਸਭ ਦੀ ਹੀ ਰਾਏ ਹੈ ਕਿ, ਸੰਤ ਭਿੰਡਰਾਂ ਦੀ ਸ਼ਖਸੀਅਤ ਬੜੀ ਦਿਲ ਖਿੱਚਵੀਂ ਸੀ। ਇਕ ਖਾਸ ਕਿਸਮ ਦੀ ਕਸ਼ਿਸ਼ ਤੇ ਨੂਰ ਉਨ੍ਹਾਂ ਦੇ ਚਿਹਰੇ ਤੇ ਚਮਕਦਾ ਸੀ। ਉਨ੍ਹਾਂ ਦੀ ਯਾਦਦਾਸ਼ਤ ਬੜੀ ਤੇਜ਼ ਸੀ ਤੇ ਗੁਰਬਾਣੀ ਪੂਰੀ ਤਰ੍ਹਾਂ ਕੰਠ ਸੀ। ਹਰ ਮੌਕੇ ਤੇ ਦਿੱਤੇ ਉਤਰ, ਪ੍ਰਸ਼ਨ ਕਰਨ ਵਾਲੇ ਨੂੰ ਨਿਰੁਤਰ ਕਰ ਦਿੰਦੇ ਸਨ ।

ਉਹ ਸਮਾਜਿਕ ਤੌਰ ਤੇ ਬੜੇ ਚੰਗੇ ਪੁਰਸ਼ ਸਨ। ਭਾਵੇਂ ਸਕੂਲ ਦੀ ਵਿਦਿਆ ਗ੍ਰਹਿਣ ਕਰਨ ਦਾ ਉਨ੍ਹਾਂ ਨੂੰ ਮੌਕਾ ਬਹੁਤ ਹੀ ਘੱਟ ਮਿਲਿਆ ਪਰ ਦਮਦਮੀ ਟਕਸਾਲ, ਜੋ ਆਪਣੇ ਆਪ ਵਿਚ ਇਕ ਮਹਾਂ ਵਿਦਿਆਲਾ ਹੈ, ਉਥੋਂ ਦੀ ਪੂਰੀ ਵਿਦਿਆ ਉਨ੍ਹਾਂ ਪ੍ਰਾਪਤ ਕੀਤੀ ਹੋਈ ਸੀ। ਜਿਸ ਗੁਰੂ ਗ੍ਰੰਥ ਸਾਹਿਬ ਜੀ ਦੇ ਕੁਝ ਹਿੱਸੇ ਦੀ ਖੋਜ ਕਰਕੇ ਬੜੇ ਬੜੇ ਬੁਧੀਜੀਵੀ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਦੇ ਹਨ, ਉਸ ਵਿਚ ਉਨ੍ਹਾਂ ਦੀ ਮੁਹਾਰਤਾ ਸੀ। ਉਨ੍ਹਾਂ ਦੇ ਸੰਗ ਹਰ ਸਮੇਂ ਮਿਲਟਰੀ ਦੇ ਜਰਨੈਲ, ਆਈ. ਏ. ਐਸ. ਦੀ ਪਦਵੀ ਨੂੰ ਠੋਕਰ ਮਾਰ ਕੇ ਆਏ ਨੌਜਵਾਨ, ਪ੍ਰੋਫੈਸਰ, ਲੇਖਕ, ਵਕੀਲ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਬੁਧੀਜੀਵੀ ਰਹਿੰਦੇ ਸਨ। ਇਹੀ ਕਾਰਨ ਸੀ ਕਿ, ਉਨ੍ਹਾਂ ਨੇ ਜੋ ਵੀ ਬਿਆਨ ਕਦੇ ਦਿੱਤਾ, ਉਸ ਦੀ ਮੁੜ ਕੇ ਤਰਦੀਦ ਕਰਨ ਦੀ ਜ਼ਰੂਰਤ ਨਹੀਂ ਪਈ । ਉਹ ਵਿਦਵਾਨਾਂ 'ਚੋਂ ਵੀ ਵਿਦਵਾਨ ਸਨ ।

ਉਨ੍ਹਾਂ ਆਪਣੇ ਛੋਟੇ ਜਿਹੇ ਜੀਵਨ ਵਿਚ ਬੜੀ ਈਮਾਨਦਾਰੀ ਨਾਲ ਮਿਹਨਤ ਕੀਤੀ, ਹਰ ਲੋੜਵੰਦ ਰਿਸ਼ਤੇਦਾਰ ਦੀ ਸਹਾਇਤਾ ਕੀਤੀ; ਹਰ ਲੋੜਵੰਦ ਦੀ ਚਾਹੇ ਉਹ ਕਿਸੇ ਵੀ ਧਰਮ ਦਾ ਸੀ, ਦੀ ਸਹਾਇਤਾ ਕੀਤੀ । ਹਰ ਕਿਸੇ ਆਏ ਫਰਿਆਦੀ ਦੀ ਸਹਾਇਤਾ ਕੀਤੀ। 1983 ਦੇ ਅਖੀਰ ਅਤੇ 1984 ਦੇ ਸ਼ੁਰੂ ਵਿਚ ਉਹ ਹਰ ਰੋਜ਼ ਹੀ ਦਰਬਾਰ ਲਗਾਇਆ ਕਰਦੇ ਸਨ । ਜਿਥੇ ਹਰ ਦੁਖੀ ਆਪਣੀ ਫਰਿਆਦ ਕਰ ਸਕਦਾ ਸੀ । ਜਿਸ ਕੰਮ ਨੂੰ ਸਰਕਾਰ ਨਹੀਂ ਕਰਦੀ ਸੀ, ਉਹ ਤੁਰੰਤ ਹੀ ਸੰਤ ਭਿੰਡਰਾਂਵਾਲੇ ਆਪਣੇ ਜਥੇ ਦੇ ਬੰਦਿਆਂ ਤੋਂ ਕਰਾ ਦਿੰਦੇ ਸਨ ।

ਆਪਣੇ ਪਰਵਾਰ ਨੂੰ ਹਰ ਤਰ੍ਹਾਂ ਨਾਲ ਯੋਗ ਸਮਾਂ ਦਿੰਦੇ ਸਨ । ਮਾਤਾ ਪਿਤਾ ਲਈ ਆਦਰ, ਪਤਨੀ ਤੇ ਬੱਚਿਆਂ ਲਈ ਪੂਰਨ ਪਿਆਰ ਦਿੰਦੇ ਸਨ ।

ਥੋੜੇ ਸਮੇਂ ਵਿਚ ਹੀ ਲੱਖਾਂ ਸਿੰਘਾਂ ਦੇ ਨਸ਼ੇ ਛੁਡਾ ਕੇ ਤਿਆਰ ਬਰ ਤਿਆਰ ਸਿੰਘ ਸਜਾ ਦੇਣਾ ਸੰਤ ਭਿੰਡਰਾਂ ਦਾ ਹੀ ਕ੍ਰਿਸ਼ਮਾ ਸੀ । ਸੁੱਤੀ ਹੋਈ ਕੌਮ ਨੂੰ ਜਗਾ ਕੇ ਅਣਖ ਨਾਲ ਜਿਊਣ ਦਾ ਰਾਹ ਦਿਖਾਉਣ ਵਾਲਾ ਸੰਤ ਜਰਨੈਲ ਸਿੰਘ ਖਾਲਸਾ ਸਿੱਖ ਕੌਮ ਲਈ ਬੰਦਾ ਬਹਾਦਰ ਤੋਂ ਪਿੱਛੋਂ ਸਭ ਤੋਂ ਵਧ ਹਰਮਨ ਪਿਆਰਾ ਹੋਇਆ ਹੈ। ਜਿਸ ਦੇ ਇਕ ਇਸ਼ਾਰੇ ਤੇ ਹਜ਼ਾਰਾਂ ਨੌਜਵਾਨ ਜਾਨ ਦੇਣ ਲਈ ਤਤਪਰ ਸਨ ।

ਉਹ ਮਾਇਆ ਨੂੰ ਪਰਛਾਵਾਂ ਸਮਝਦੇ ਸਨ ਤੇ ਭਾਵੇਂ ਬਚਪਨ ਵਿਚ ਕਿਤਨੀ ਗਰੀਬੀ ਦੇ ਦਿਨ ਦੇਖੇ, ਪਰ ਫਿਰ ਵੀ ਈਮਾਨਦਾਰੀ ਨਹੀਂ ਛੱਡੀ। ਮਾਇਆ ਦੀ ਕਦੇ ਉਨ੍ਹਾਂ ਨੂੰ ਕੋਈ ਘਾਟ ਵੀ ਨਹੀਂ ਆਈ ਸੀ ।



Digitized by Panjab Digital Library | www.panjabdigilib.org

ਨੌਜਵਾਨ ਸ਼ਕਤੀ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਸੰਗਠਤ ਕਰਨਾ, ਉਨ੍ਹਾਂ ਦੀ ਸਿੱਖ ਕੌਮ ਨੂੰ ਮਹਾਨ ਦੇਣ ਹੈ।

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਉਹ ਅਦੁਤੀ ਸ਼ਖਸੀਅਤ ਸਨ, ਜਿਸ ਅੱਗੇ ਹਰ ਸੂਝਵਾਨ ਸਿੱਖ ਸਤਿਕਾਰ ਨਾਲ ਸਿਰ ਝੁਕਾਉਂਦਾ ਹੈ।

## ਪੰਜਾਬ ਵਿਚ ਫੌਜੀ ਹਮਲੇ ਤੋਂ ਮਗਰੋਂ:

ਖਾਲਿਸਤਾਨ ਵੱਖ ਰਾਜ ਦੀ ਮੰਗ ਜ਼ੋਰ ਫੜ ਗਈ। ਜੋ ਸਿੱਖ ਹਿੰਦੁਸਤਾਨ ਦੇ ਵਿਚ ਹੀ ਵਧ ਅਧਿਕਾਰਾਂ ਵਾਲਾ ਪ੍ਰਾਂਤ ਲੈ ਕੇ ਸੰਤੁਸ਼ਟ ਸਨ, ਉਹ ਵੀ ਖਾਲਿਸਤਾਨ ਦੀ ਮੰਗ ਵਿਚ ਸ਼ਾਮਲ ਹੋ ਗਏ। ਭਾਰਤੀ ਵਿਧਾਨ, ਜੋ ਸਿੱਖ ਕੌਮ ਨੇ 1950 ਵਿਚ ਹੀ ਨਹੀਂ ਮੰਨਿਆ ਸੀ, ਤੇ ਭਾਰਤੀ ਝੰਡਾ ਜਾਲ ਕੇ ਖਾਲਸਾ ਰਾਜ ਦਾ ਝੰਡਾ ਝੁਲਾ ਦਿੱਤਾ। ਤਕਰੀਬਨ ਹਰ ਗੁਰੂ ਘਰ ਵਿਚ ਹੀ ਇਸ ਤਰ੍ਹਾਂ ਦੇ ਸਮਾਗਮ ਹੋਏ। ਸਰਕਾਰ ਵਲੋਂ ਅੰਮ੍ਰਿਤਸਰ ਦੇ ਘੱਲੂਘਾਰੇ ਦੇ ਸੰਬੰਧ ਵਿਚ ਪ੍ਰਕਾਸ਼ ਕੀਤਾ ਗਿਆ ਵਾਈਟ ਪੇਪਰ ਝੂਠ ਦਾ ਪਲੰਦਾ ਦੱਸਿਆ। ਇਸ ਦੇ ਮੁਕਾਬਲੇ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਵਾਈਟ ਪੇਪਰ ਪ੍ਰਕਾਸ਼ਤ ਕਰਨ ਵਾਲੀ ਪ੍ਰੈਸ ਤੇ ਹਿੰਦ ਸਰਕਾਰ ਨੇ ਛਾਪਾ ਮਾਰ ਕੇ ਛਪਣ ਤੇ ਰੋਕ ਲਾ ਦਿੱਤੀ। ਵਰਲਡ ਸਿੱਖ ਔਰਗੇਨਾਈਜ਼ੇਸ਼ਨ ਵਲੋਂ ਤੀਸਰੇ ਘੱਲੂਘਾਰੇ ਦੇ ਸੰਬੰਧ ਵਿਚ ਸਚਾਈ ਦਰਸਾਉਂਦਾ ਹੋਇਆ ਇਕ ਪੇਪਰ ਕੱਢਿਆ ਗਿਆ। ਵਰਲਡ ਸਿੱਖ ਔਰਗੇਨਾਈਜ਼ੇਸ਼ਨ ਨੇ ਸਮੂਹ ਸਿੰਘਾਂ ਨੂੰ ਕੇਸਰੀ ਨਿਸ਼ਾਨ ਸਾਹਿਬ ਹੇਠ ਇਕੱਠੇ ਕਰਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਦੇ ਪਹਿਲੇ ਸਕੱਤਰ ਜਨਰਲ ਜਸਵੰਤ ਸਿੰਘ ਭੁੱਲਰ ਥਾਪੇ ਗਏ ਹਨ ਜੋਕਿ ਭਾਰਤੀ ਫੌਜ ਤੋਂ ਮੇਜਰ ਜਨਰਲ ਦੇ ਤੌਰ ਤੇ ਰੀਟਾਇਰ ਹੋਏ ਹਨ। ਜਿਨ੍ਹਾਂ ਸੰਤ ਭਿੰਡਰਾਂ ਨਾਲ ਦੋ ਸਾਲ ਮੋਰਚੇ ਵਿਚ ਕੰਮ ਕੀਤਾ ਤੇ ਮਈ 1984 ਦੇ ਅਖੀਰ ਵਿਚ ਸੰਤ ਭਿੰਡਰਾਂ ਵਲੋਂ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਖਾਲਿਸਤਾਨ ਦੀ ਪ੍ਰਾਪਤੀ ਦੀ ਲੜਾਈ ਲੜਨ ਲਈ ਸਿੱਖਾਂ ਨੂੰ ਜਥੇਬੰਦ ਕਰਨ ਲਈ ਭੇਜਿਆ ਗਿਆ ਸੀ। ਇਸ ਦੇ ਪਹਿਲੇ ਪਰਧਾਨ ਸ. ਦੀਦਾਰ ਸਿੰਘ ਬੈਂਸ - ਯੂਬਾ ਸਿਟੀ - ਕੈਲੇਫੋਰਨੀਆ ਦੇ ਹਨ।

ਡਾਕਟਰ ਜਗਜੀਤ ਸਿੰਘ ਚੌਹਾਨ ਦੀ ਪਰਧਾਨਗੀ ਹੇਠ ਇੰਗਲੈਂਡ ਵਿਚ 5 ਮੈਂਬਰੀ ਕੌਂਸਲ ਥਾਪੀ ਗਈ ਜੋ ਖਾਲਿਸਤਾਨ ਦੀ ਜਲਾਵਤਨ ਸਰਕਾਰ ਦੇ ਤੌਰ ਤੇ ਕੰਮ ਕਰ ਰਹੀ ਹੈ।


Prof. Dr. Harnam Singh Shan
Principal Project Investigator
U.G.C. Research Professor Sikhism
605, Sector 16, Chandigarh.



Digitized by Panjab Digital Library | www.panjabdigilib.org

"ਆਪਣੇ ਆਪ ਨੂੰ ਸ਼ਸਤਰਧਾਰੀ ਕਰੋ!
ਜਦੋਂ ਹੋ ਰਹੇ ਜ਼ੁਲਮ ਦੀ ਸੁਣਵਾਈ ਕਿਤੇ ਨਾ ਹੋਵੇ ਤਾਂ ਹਥਿਆਰ ਚੁੱਕ ਕੇ ਜ਼ੁਲਮ ਦਾ ਟਾਕਰਾ ਕਰਨਾ ਕੋਈ ਗੁਨਾਹ ਨਹੀਂ!"

- ਭਿੰਡਰਾਂ ਵਾਲਾ



www.PunjabiLibrary.com

Digitized by Panjab Digital Library | www.panjabdigilib.org